# ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ) ਦੀ ਸਿੱਖ ਸਾਹਿਤ ਨੂੰ ਦੇਣ: ਸਿਧਾਂਤਕ ਤੇ ਇਤਿਹਾਸਕ ਪਰਿਪੇਖ

## (ਨਿਰਮਲ ਸਾਹਿਤ ਦੇ ਵਿਸ਼ੇਸ਼ ਹਵਾਲੇ ਨਾਲ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ
ਸ਼ੋਸਲ-ਸਾਇੰਸਜ਼ ਫ਼ੈਕਲਟੀ ਅਧੀਨ ਧਰਮ ਅਧਿਐਨ
ਵਿਭਾਗ ਵਿਚ ਪੀਐਚ.ਡੀ ਦੀ ਉਪਾਧੀ ਲਈ ਪੇਸ਼ ਕੀਤਾ

**ਖੋਜ-ਪ੍ਰਬੰਧ**

**2021**


**ਨਿਗਰਾਨ**

ਡਾ. ਮੁਹੰਮਦ ਹਬੀਬ
ਪ੍ਰੋਫ਼ੈਸਰ ਅਤੇ ਮੁਖੀ
ਧਰਮ ਅਧਿਐਨ ਵਿਭਾਗ

**ਖੋਜਾਰਥਣ**

ਜਸਪ੍ਰੀਤ ਕੌਰ


PUNJABI UNIVERSITY PATIALA

**(Established Under Punjab Act No. 35 of 1961)**


**ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਤਤਕਰਾ


**ਪੰਨਾ ਨੰ.**

ਭੂਮਿਕਾ **i-xi**

*ਅਧਿਆਇ ਪਹਿਲਾ*

**ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ): ਜੀਵਨ ਅਤੇ ਸ਼ਖ਼ਸੀਅਤ** **1-34**

*ਅਧਿਆਇ ਦੂਜਾ*

**ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ) ਦਾ ਰਚਨਾ ਸੰਸਾਰ: ਵਰਗੀਕਰਨ ਤੇ ਸਰਵੇਖਣ** **35-96**

*ਅਧਿਆਇ ਤੀਜਾ*

**ਰਚਨਾ- ਵਿਸ਼ਲੇਸ਼ਣ** **97-266**

*ਅਧਿਆਇ ਚੌਥਾ*

**ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ) ਦੀਆਂ ਅਪ੍ਰਕਾਸ਼ਿਤ ਰਚਨਾਵਾਂ ਦਾ ਸੰਪਾਦਨ** **267-402**

**ਸਾਰ** **403-406**

**ਅੰਤਿਕਾਵਾਂ** **407-422**

**ਪੁਸਤਕ ਸੂਚੀ** **423-429**

# ਪ੍ਰਮਾਣ ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਖੋਜਾਰਥਣ ਜਸਪ੍ਰੀਤ ਕੌਰ ਨੇ ਖੋਜ-ਪ੍ਰਬੰਧ *ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ) ਦੀ ਸਿੱਖ ਸਾਹਿਤ ਨੂੰ ਦੇਣ: ਸਿਧਾਂਤਕ ਤੇ ਇਤਿਹਾਸਕ ਪਰਿਪੇਖ (ਨਿਰਮਲ ਸਾਹਿਤ ਦੇ ਵਿਸ਼ੇਸ਼ ਹਵਾਲੇ ਨਾਲ)* ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਖੋਜ ਕਾਰਜ ਖੋਜਾਰਥੀ ਦੀ ਮੌਲਿਕ ਖੋਜ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀਐਚ.ਡੀ (ਧਰਮ ਅਧਿਐਨ) ਦੇ ਕੋਰਸ ਦੀ ਪੂਰਤੀ ਹਿਤ ਪੇਸ਼ ਕਰਨ ਦੀ ਸਿਫਾਰਸ਼ ਕਰਦਾ ਹਾਂ।

ਮਿਤੀ: 26/6/22

ਨਿਗਰਾਨ

ਡਾ. ਮੁਹੰਮਦ ਹਬੀਬ
ਪ੍ਰੋਫ਼ੈਸਰ ਅਤੇ ਮੁਖੀ
ਧਰਮ ਅਧਿਐਨ ਵਿਭਾਗ

# ਘੋਸ਼ਣਾ ਪੱਤਰ

ਮੈਂ ਇਹ ਬਿਆਨ ਕਰਦੀ ਹਾਂ ਕਿ ***ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ) ਦੀ ਸਿੱਖ ਸਾਹਿਤ ਨੂੰ ਦੇਣ: ਸਿਧਾਂਤਕ ਤੇ ਇਤਿਹਾਸਕ ਪਰਿਪੇਖ (ਨਿਰਮਲ ਸਾਹਿਤ ਦੇ ਵਿਸ਼ੇਸ਼ ਹਵਾਲੇ ਨਾਲ)*** ਵਿਸ਼ੇ ਉਤੇ ਲਿਖੇ ਖੋਜ-ਪ੍ਰਬੰਧ ਵਿਚਲਾ ਖੋਜ ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਅਜਿਹਾ ਖੋਜ ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿਤਾ ਗਿਆ ਹੋਵੇ।

**ਖੋਜਾਰਥਣ**

ਜਸਪ੍ਰੀਤ ਕੌਰ

**(ਪ੍ਰਤੀ ਹਸਤਾਖਰ)**

**ਨਿਗਰਾਨ**

ਡਾ. ਮੁਹੰਮਦ ਹਬੀਬ

ਪ੍ਰੋਫ਼ੈਸਰ ਅਤੇ ਮੁਖੀ

ਧਰਮ ਅਧਿਐਨ ਵਿਭਾਗ

**ਮਿਤੀ:** 26/6/22

# ਭੂਮਿਕਾ

ਸਿੱਖ ਧਰਮ ਦੀਆਂ ਸੰਪ੍ਰਦਾਵਾਂ ਵਿਚ ਨਿਰਮਲ ਸੰਪ੍ਰਦਾਇ ਦਾ ਵਿਸ਼ੇਸ਼ ਸਥਾਨ ਹੈ। ਨਿਰਮਲ ਸੰਪ੍ਰਦਾਇ ਵਿਦਵਾਨਾਂ ਦੀ ਸੰਪ੍ਰਦਾਇ ਹੈ। ਇਸ ਸੰਪ੍ਰਦਾਇ ਦੇ ਵਿਦਵਾਨਾਂ ਨੇ ਸਾਹਿਤ ਸਿਰਜਣਾ ਰਾਹੀਂ ਸਿੱਖ ਸਾਹਿਤ ਅਤੇ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਸਿੱਖ ਇਤਿਹਾਸ ਨੂੰ ਲਿਖਣ ਵਾਲੇ ਵਿਦਵਾਨ ਨਿਰਮਲ ਸੰਪ੍ਰਦਾਇ ਦੀ ਹੀ ਦੇਣ ਹਨ, ਜਿਨ੍ਹਾਂ ਵਿਚੋਂ ਭਾਈ ਸੰਤੋਖ ਸਿੰਘ, ਪੰਡਿਤ ਗੁਲਾਬ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ, ਗਿਆਨੀ ਗਿਆਨ ਸਿੰਘ, ਮਹੰਤ ਗਣੇਸ਼ਾ ਸਿੰਘ, ਪੰਡਿਤ ਈਸ਼ਰ ਸਿੰਘ ਪ੍ਰਸਿਧ ਵਿਦਵਾਨ ਹੋਏ ਹਨ। ਨਿਰਮਲੇ ਵਿਦਵਾਨਾਂ ਨੇ ਸਿੱਖ ਇਤਿਹਾਸਕਾਰੀ, ਟੀਕਾਕਾਰੀ ਅਤੇ ਕੋਸ਼ਕਾਰੀ ਵਿਚ ਭਰਪੂਰ ਯੋਗਦਾਨ ਪਾਇਆ। ਵੀਹਵੀਂ ਸਦੀ ਵਿਚ ਅਜਿਹੇ ਅਨੇਕਾਂ ਸਤਿਕਾਰਤ ਪੁਰਸ਼ ਪੈਦਾ ਹੋਏ, ਜਿਨ੍ਹਾਂ ਨੇ ਇਤਿਹਾਸ ਦੇ ਸਫਿਆਂ ਉਤੇ ਆਪਣੀਆਂ ਡੂੰਘੀਆਂ ਪੈੜਾਂ ਛੱਡੀਆਂ। ਇਨ੍ਹਾਂ ਵਿਚੋਂ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਪ੍ਰਸਿਧ ਨਿਰਮਲੇ ਵਿਦਵਾਨ ਹੋਏ ਹਨ ਜਿਨ੍ਹਾਂ ਦਾ ਨਾਂ ਨਿਰਮਲ ਭੇਖ ਵਿਚ ਬਹੁਤ ਮਾਣ ਨਾਲ ਲਿਆ ਜਾਂਦਾ ਹੈ। ਸਿੱਖ ਜਗਤ ਵਿਚ ਗਿਆਨੀ ਜੀ ਇਕ ਉੱਘੇ ਇਤਿਹਾਸਕਾਰ, ਸਾਹਿਤਕਾਰ ਅਤੇ ਦਾਰਸ਼ਨਿਕ ਵਜੋਂ ਜਾਣੇ ਜਾਂਦੇ ਹਨ। ਉਹ ਜਿਥੇ ਮਹਾਨ ਵਿਦਵਾਨ ਸਨ ਉਥੇ ਨਿਮਰ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਕੋਈ ਵੀ ਸੰਸਥਾ ਜਾਂ ਸਾਹਿਤਕਾਰ ਆਪਣੇ ਆਲੇ-ਦੁਆਲੇ, ਆਪਣੇ ਸਮੇਂ ਜਾਂ ਆਪਣੇ ਪੂਰਬਲਿਆਂ ਦੇ ਪ੍ਰਭਾਵ ਤੋਂ ਅਭਿੱਜ ਨਹੀਂ ਰਹਿ ਸਕਦਾ। ਇਸ ਲਈ ਕਿਸੇ ਸਾਹਿਤਕਾਰ ਜਾਂ ਸਾਹਿਤਕ ਰਚਨਾ ਦਾ ਮੁਲੰਕਣ ਕਰਨ ਲਈ ਜਰੂਰੀ ਹੈ ਉਸ ਦੇ ਰਚਨਾਕਾਲ ਜਾਂ ਹੋਂਦ ਦੇ ਸਮੇਂ ਦੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਸਾਹਿਤਕ ਪ੍ਰਸਥਿਤੀਆਂ ਦਾ ਅਧਿਐਨ ਕੀਤਾ ਜਾਵੇ। ਜਦੋਂ ਗਿਆਨੀ ਜੀ ਦਾ ਜਨਮ ਹੋਇਆ ਉਸ ਸਮੇਂ ਭਾਰਤ ’ਤੇ ਅੰਗਰੇਜ਼ਾਂ ਦਾ ਰਾਜ ਸੀ। ਪੰਜਾਬ ਵਿਚ ਕਈ ਲਹਿਰਾਂ ਜਨਮ ਲੈ ਚੁੱਕੀਆਂ ਸਨ। ਇਨ੍ਹਾਂ ਲਹਿਰਾਂ ਦੀ ਉਤਪਤੀ ਦੇ ਕਈ ਕਾਰਨ ਸਨ। ਅੰਗਰੇਜ਼ਾਂ ਦਾ ਪੰਜਾਬ ਵਿਚ ਲਗਭਗ ਸੌ ਸਾਲ (1849-1947) ਤਕ ਰਾਜ ਰਿਹਾ। ਇਸ ਕਾਲ ਵਿਚ ਪੰਜਾਬ ਨੇ ਭਾਵੇਂ ਵਖ-ਵਖ ਖੇਤਰਾਂ ਵਿਚ ਬਹੁਤ ਤਰੱਕੀ ਕੀਤੀ ਪਰ ਆਰਥਿਕ ਅਤੇ ਧਾਰਮਿਕ ਤੌਰ ’ਤੇ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਅੰਗਰੇਜ਼ਾਂ ਨੇ ਜਿਥੇ ਦੇਸ਼ ਨੂੰ ਆਰਥਿਕ ਤੌਰ ’ਤੇ ਗੁਲਾਮ ਬਣਾਇਆ ਉਥੇ ਈਸਾਈ ਸਕੂਲਾਂ ਤੇ ਕਾਲਜਾਂ ਦੀ ਸਥਾਪਨਾ ਰਾਹੀਂ ਈਸਾਈ ਧਰਮ ਦਾ ਪ੍ਰਚਾਰ ਕੀਤਾ। ਈਸਾਈ ਧਰਮ ਦੇ ਪ੍ਰਚਾਰ ਕਾਰਨ ਸਿੱਖ, ਹਿੰਦੂ ਅਤੇ ਇਸਲਾਮ ਦੇ ਆਗੂ ਆਪਣੇ-ਆਪਣੇ ਧਰਮ ਦੀ ਰੱਖਿਆ ਬਾਰੇ ਸੋਚਣ ਲੱਗੇ। ਜਿਸ ਦੇ ਫਲਸਰੂਪ ਪੰਜਾਬ ਵਿਚ ਕਈ ਲੋਕ ਲਹਿਰਾਂ ਦਾ ਜਨਮ ਹੋਇਆ। ਇਨ੍ਹਾਂ ਵਿਚੋਂ ਕੁਝ ਧਾਰਮਿਕ, ਸਮਾਜ ਸੁਧਾਰਕ, ਰਾਜਨੀਤਿਕ ਤੇ ਕੌਮੀ ਲਹਿਰਾਂ ਸਨ।

ਸਿੱਖਾਂ ਵਿਚ ਧਾਰਮਿਕ ਤੇ ਸਮਾਜਿਕ ਲਹਿਰਾਂ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ ਅਤੇ ਸਿੰਘ ਸਭਾ ਸਨ। ਇਨ੍ਹਾਂ ਦੇ ਆਗੂਆਂ ਨੇ ਧਰਮ ਵਿਚ ਪ੍ਰਚਲਿਤ ਕੁਰੀਤੀਆਂ ਦਾ ਖੰਡਨ ਕੀਤਾ ਅਤੇ ਧਰਮ ਦੇ

ਸਿਧਾਂਤਾਂ ’ਤੇ ਜ਼ੋਰ ਦਿਤਾ। ਸੰਨ 1850 ਈ. ਵਿਚ ਨਿਰੰਕਾਰੀ ਲਹਿਰ ਦਾ ਜਨਮ ਹੋਇਆ। ਇਸਦੇ ਮੋਢੀ ਬਾਬਾ ਦਿਆਲ ਜੀ ਸਨ। ਇਸ ਲਹਿਰ ਦਾ ਸਮਾਂ 1850 ਈ. ਤੋਂ 1871 ਈ. ਤੱਕ ਦਾ ਹੈ। ਇਸ ਲਹਿਰ ਨੇ ਸਿੱਖਾਂ ਵਿਚ ਆਈਆਂ ਸਮਾਜਿਕ ਅਤੇ ਧਾਰਮਿਕ ਬੁਰਾਈਆਂ ਨੂੰ ਦੂਰ ਕਰਨ ਦੇ ਯਤਨ ਕੀਤੇ। ਸਿੱਖਾਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ’ਤੇ ਚੱਲਣ ਦਾ ਅਤੇ ਇਕ ਨਿਰੰਕਾਰ ਨੂੰ ਮੰਨਣ ਦਾ ਉਪਦੇਸ਼ ਦਿਤਾ।

ਨਿਰੰਕਾਰੀ ਲਹਿਰ ਤੋਂ ਬਾਅਦ 1857 ਈ. ਵਿਚ ਨਾਮਧਾਰੀ ਲਹਿਰ ਸ਼ੁਰੂ ਹੋਈ। ਇਸਨੂੰ ਕੂਕਾ ਲਹਿਰ ਵੀ ਕਿਹਾ ਜਾਂਦਾ ਹੈ। ਇਸ ਲਹਿਰ ਦੇ ਮੋਢੀ ਬਾਬਾ ਰਾਮ ਸਿੰਘ ਜੀ ਸਨ ਜਿਨ੍ਹਾਂ ਨੇ ਪਰਮਾਤਮਾ ਦਾ ਨਾਮ ਜਪਣ ’ਤੇ ਜ਼ੋਰ ਦਿਤਾ। ਭਾਵੇਂ ਇਹ ਲਹਿਰ ਸਮਾਜਿਕ ਅਤੇ ਧਾਰਮਿਕ ਸੀ ਪਰ ਇਸਨੇ ਰਾਜਨੀਤਿਕ ਸਰਗਰਮੀਆਂ ਨੂੰ ਵੀ ਪ੍ਰਭਾਵਿਤ ਕੀਤਾ। ਨਾਮਧਾਰੀ ਲਹਿਰ ਨੂੰ ਬ੍ਰਿਟਿਸ਼ ਰਾਜ ਦੇ ਵਿਰੁਧ ਪਹਿਲੀ ਲਹਿਰ ਮੰਨਿਆ ਜਾਂਦਾ ਹੈ। ਨਾਮਧਾਰੀਆਂ ਨੇ ਅੰਗਰੇਜ਼ਾਂ ਦੀ ਡਾਕ ਵਿਵਸਥਾ ਦਾ ਬਾਈਕਾਟ ਕੀਤਾ। ਇਸ ਲਹਿਰ ਨੇ ਲੋਕਾਂ ਨੂੰ ਸਮਾਜਿਕ ਕੁਰਤੀਆਂ ਦੀ ਦਲਦਲ ਵਿਚੋਂ ਕੱਢਣ ਲਈ ਯਤਨ ਕੀਤੇ। ਜਾਤ-ਪਾਤ, ਸਤੀ ਪ੍ਰਥਾ, ਪਰਦਾਦਾਰੀ, ਬਾਲ ਵਿਆਹ ਆਦਿ ਦੇ ਵਿਰੁਧ ਆਵਾਜ਼ ਉਠਾਈ।

ਇਸ ਲਹਿਰ ਤੋਂ ਬਾਅਦ 1873 ਈ. ਵਿਚ ਸਿੰਘ ਸਭਾ ਲਹਿਰ ਆਰੰਭ ਹੋਈ। ਇਸ ਲਹਿਰ ਦਾ ਉਦੇਸ਼ ਸਿੱਖਾਂ ਵਿਚ ਧਾਰਮਿਕ, ਸਮਾਜਿਕ ਅਤੇ ਸਾਹਿਤਕ ਰੁਚੀਆਂ ਨੂੰ ਪੈਦਾ ਕਰਨਾ ਸੀ। ਇਸ ਲਹਿਰ ਦੇ ਮੋਢੀਆਂ ਵਿਚੋਂ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਮੁਖ ਹਨ, ਜਿਨ੍ਹਾਂ ਨੇ ਊਚ-ਨੀਚ, ਜਾਤ-ਪਾਤ, ਵਹਿਮਾਂ ਭਰਮਾਂ, ਕਰਮ-ਕਾਂਡ ਅਤੇ ਪਾਖੰਡ ਦੇ ਵਿਰੁਧ ਆਵਾਜ਼ ਉਠਾਈ। ਇਸ ਲਹਿਰ ਨੇ ਸਿੱਖਾਂ ਵਿਚ ਪੜ੍ਹਨ ਦੀ ਰੁਚੀ ਨੂੰ ਪੈਦਾ ਕੀਤਾ। ਪੰਜਾਬ ਦੇ ਬ੍ਰਿਟਿਸ਼ ਰਾਜ ਵਿਚ ਮਿਲ ਜਾਣ ਬਾਅਦ ਈਸਾਈ ਧਰਮ ਦੇ ਪ੍ਰਚਾਰਕਾਂ ਵਲੋਂ ਸਿੱਖਾਂ ਨੂੰ ਆਪਣੇ ਧਰਮ ਵਿਚ ਲਿਆਉਣ ਵਾਸਤੇ ਭਰਪੂਰ ਯਤਨ ਕੀਤੇ ਜਾ ਰਹੇ ਸਨ। 1873 ਈ. ਵਿਚ ਅੰਮ੍ਰਿਤਸਰ ਦੇ ਇਕ ਸਕੂਲ ਦੇ ਚਾਰ ਵਿਦਿਆਰਥੀਆਂ ਅਤਰ ਸਿੰਘ, ਆਇਆ ਸਿੰਘ, ਸੰਤੋਖ ਸਿੰਘ ਅਤੇ ਸਾਧੂ ਸਿੰਘ ਨੇ ਈਸਾਈ ਮੱਤ ਵਿਚ ਸ਼ਾਮਿਲ ਹੋਣ ਦੀ ਇੱਛਾ ਪ੍ਰਗਟ ਕੀਤੀ। ਇਹ ਖ਼ਬਰ ਸੁਣ ਕੇ ਅੰਮ੍ਰਿਤਸਰ ਵਿਚ ਹਲਚਲ ਮੱਚ ਗਈ। ਇਨ੍ਹਾਂ ਚਾਰ ਵਿਦਿਆਰਥੀਆਂ ਨੂੰ ਈਸਾਈ ਮੱਤ ਨੂੰ ਧਾਰਨ ਕਰਨ ਤੋਂ ਵਰਜਿਆ ਗਿਆ ਅਤੇ ਸਿੱਖ ਧਰਮ ਦੇ ਪ੍ਰਚਾਰ ਲਈ ਸਿੰਘ ਸਭਾ ਦੀ ਸਥਾਪਨਾ ਦੀ ਲੋੜ ਸਮਝੀ ਗਈ। ਈਸਾਈ ਮੱਤ ਦੇ ਪ੍ਰਚਾਰ ਲਈ ਅੰਗਰੇਜ਼ਾਂ ਨੇ ਥਾਂ-ਥਾਂ ’ਤੇ ਮਿਸ਼ਨਰੀ ਕਾਲਜ ਖੋਲ੍ਹੇ ਤਾਂ ਜੋ ਵਧ ਤੋਂ ਵਧ ਈਸਾਈ ਮੱਤ ਦਾ ਪ੍ਰਚਾਰ ਹੋ ਸਕੇ। ਸਿੱਖ ਧਰਮ ਨੂੰ ਈਸਾਈਆਂ ਤੋਂ ਬਚਾਉਣ ਲਈ ਇਹ ਲਹਿਰ ਦਾ ਜਨਮ ਹੋਇਆ।

ਸਿੱਖ ਸਮਾਜ ਵਿਚੋਂ ਅਨਪੜ੍ਹਤਾ ਨੂੰ ਦੂਰ ਕਰਨ ਲਈ ਸਿੰਘ ਸਭਾ ਦੁਆਰਾ ਸਕੂਲਾਂ ਅਤੇ ਕਾਲਜਾਂ ਦੀ ਸਥਾਪਨਾ ਕੀਤੀ ਗਈ। ਗੁਰਬਾਣੀ ਦੀ ਕਸਵਟੀ ’ਤੇ ਸਿੱਖ ਸਾਹਿਤ ਦੀ ਸਿਰਜਣਾ ਵੱਲ ਵਿਸ਼ੇਸ਼ ਧਿਆਨ ਦਿਤਾ ਗਿਆ। ਜਿਨ੍ਹਾਂ ਸਿੱਖਾਂ ਨੇ ਈਸਾਈ ਧਰਮ ਨੂੰ ਗ੍ਰਹਿਣ ਕਰ ਲਿਆ ਸੀ ਉਨ੍ਹਾਂ ਨੂੰ ਵਾਪਿਸ ਸਿੱਖੀ ਵਿਚ ਲਿਆਂਦਾ ਗਿਆ। ਸਿੰਘ ਸਭਾ ਨੇ ਸਿੱਖਾਂ ਨੂੰ ਗੁਰਮਤਿ ਅਨੁਸਾਰ ਜੀਵਨ ਜੀਉਣ ਦੀ ਪ੍ਰੇਰਨਾ ਦਿਤੀ। ਸਿੰਘ ਸਭਾ ਨੇ ਯਤੀਮਖਾਨੇ, ਸਕੂਲ, ਕਾਲਜ ਖੋਲ੍ਹੇ ਅਤੇ ਸਿੱਖ ਧਰਮ ਨੂੰ ਮੁੜ ਸੁਰਜੀਤ ਕੀਤਾ। ਸਿੰਘ ਸਭਾ ਲਹਿਰ

ਦਾ ਅੰਤ ਇਸ ਤਰ੍ਹਾਂ ਹੋਇਆ ਕਿ ਇਹ ਖਾਲਸਾ ਦੀਵਾਨਾਂ ਦੀ ਸ਼ਕਲ ਵਿਚ ਬਦਲ ਗਈ। ਪਹਿਲਾਂ ਖਾਲਸਾ ਦੀਵਾਨ ਅੰਮ੍ਰਿਤਸਰ ਫਿਰ ਖਾਲਸਾ ਦੀਵਾਨ ਲਾਹੌਰ ਅਤੇ 1902 ਈ. ਚੀਫ ਖ਼ਾਲਸਾ ਦੀਵਾਨ ਬਣਿਆ। ਚੀਫ ਖ਼ਾਲਸਾ ਦੀਵਾਨ ਨੇ ਸਿੱਖ ਸਮਾਜ ਵਿਚ ਵਿਦਿਅਕ ਜਾਗ੍ਰਿਤੀ ਪੈਦਾ ਕਰਨ ਲਈ 1908 ਈ. ਵਿਚ ਸਿੱਖ ਵਿਦਿਅਕ ਕਾਨਫਰੰਸ ਦੀ ਸਥਾਪਨਾ ਕੀਤੀ। ਇਸ ਕਾਨਫਰੰਸ ਦਾ ਪਹਿਲਾਂ ਸ਼ੈਸ਼ਨ ਗੁਜ਼ਰਾਂਵਾਲ ਵਿਚ 17 ਤੋਂ 19 ਅਪ੍ਰੈਲ 1908 ਨੂੰ ਹੋਇਆ ਜਿਸ ਦੀ ਪ੍ਰਧਾਨਗੀ ਸ. ਬਘੇਲ ਸਿੰਘ ਨੇ ਕੀਤੀ। ਇਸ ਤੋਂ ਬਾਅਦ ਹਰ ਸਾਲ ਹੋਏ ਇਸ ਦੇ ਸ਼ੈਸ਼ਨਾਂ ਦੀ ਪ੍ਰਧਾਨਗੀ ਸਿੱਖ ਕੌਮ ਦੀਆਂ ਮਹਾਨ ਸ਼ਖ਼ਸੀਅਤਾਂ ਨੇ ਕੀਤੀ। ਇਨ੍ਹਾਂ ਵਿਦਿਅਕ ਕਾਨਫਰੰਸਾਂ ਨੇ ਸਕੂਲਾਂ ਕਾਲਜਾਂ ਦੀ ਸਥਾਪਨਾ ਕੀਤੀ ਅਤੇ ਪੰਜਾਬੀ ਭਾਸ਼ਾ ਦੇ ਪ੍ਰਸਾਰ ਵਿਚ ਅਹਿਮ ਯੋਗਦਾਨ ਪਾਇਆ। ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਸਿੱਖ ਵਿਦਿਅਕ ਕਾਨਫਰੰਸਾਂ ਵਿਚ ਭਾਗ ਲੈਂਦੇ ਰਹੇ। 56ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ ਜੋ ਮਲੋਟ ਵਿਚ 19-11-1988 ਨੂੰ ਹੋਈ ਵਿਚ ਗਿਆਨੀ ਜੀ ਦੁਆਰਾ ਉਦਘਾਟਨੀ ਭਾਸ਼ਣ ਦਿਤਾ ਗਿਆ। ਲੁਧਿਆਣਾ ਵਿਖੇ 1990 ਵਿਚ 57 ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ ਸਮੇਂ ਹੋਏ ਸੰਤ ਸੰਮੇਲਨ ਦੇ ਆਪ ਕਨਵੀਨਰ ਸਨ। ਇਸ ਤਰ੍ਹਾਂ ਸਿੰਘ ਸਭਾ ਲਹਿਰ ਅਤੇ ਪਿਛੋਂ ਖ਼ਾਲਸਾ ਦੀਵਾਨ ਅਤੇ ਚੀਫ ਖ਼ਾਲਸਾ ਦੀਵਾਨ ਨੇ ਸਿੱਖ ਧਰਮ ਦੇ ਪ੍ਰਚਾਰ ਵਿਚ ਵਡਮੁਲਾ ਯੋਗਦਾਨ ਪਾਇਆ।

1906 ਈ. ਵਿਚ ਬਾਬੂ ਤੇਜਾ ਸਿੰਘ ਨੇ ਨਵਾਂ ਦੀਵਾਨ ਬਣਾ ਕੇ ਇਸਦਾ ਨਾਂ 'ਪੰਚ ਖਾਲਸਾ ਦੀਵਾਨ ਭਸੌੜ' ਰਖਿਆ ਗਿਆ। ਪੰਚ ਖਾਲਸਾ ਦੀਵਾਨ ਭਸੌੜ ਸਿੰਘ ਸਭਾ ਲਹਿਰ ਦੀ ਵਿਦਿਅਕ, ਧਾਰਮਿਕ ਅਤੇ ਰਾਜਨੀਤਿਕ ਸ਼ਾਖਾ ਸੀ। ਇਸ ਦੀਵਾਨ ਦੇ ਵਿਕਾਸ ਕਾਰਜਾਂ ਵਿਚ ਬਾਬੂ ਤੇਜਾ ਸਿੰਘ ਨੇ ਇਨੀ ਰੁਚੀ ਦਿਖਾਈ ਕਿ ਉਨ੍ਹਾਂ ਦਾ ਆਪਣਾ ਪਿੰਡ ਹੀ ਪੰਚ ਖਾਲਸਾ ਦੀਵਾਨ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਗਿਆ। ਇਸ ਦੀਵਾਨ ਦਾ ਉਦੇਸ਼ ਵਿਦਿਆ ਪ੍ਰਚਾਰ, ਸਿੱਖ ਸਿਧਾਂਤਾਂ ਦਾ ਪ੍ਰਚਾਰ, ਗੁਰਮੁਖੀ ਦਾ ਪ੍ਰਚਾਰ ਅਤੇ ਸਿੱਖਾਂ ਵਿਚੋਂ ਭੇਦ-ਭਾਵ ਨੂੰ ਖਤਮ ਕਰਨਾ ਸੀ। ਇਸ ਦੀਵਾਨ ਨੇ ਇਸਤਰੀ ਵਿਦਿਆ ਲਈ 1909 ਈ. ਵਿਚ 'ਵਿਦਿਆ ਭੰਡਾਰ ਆਸ਼ਰਮ' ਸ਼ੁਰੂ ਕੀਤਾ। *ਖ਼ਾਲਸਾ ਪਾਰਲੀਮੈਂਟ ਗਜ਼ਟ, ਪੰਚ ਖ਼ਾਲਸਾ ਸਮਾਚਾਰ* ਅਤੇ *ਕਕਾਰ ਬਹਾਦਰ* ਨਾਂ ਦੀਆਂ ਪਤ੍ਰਿਕਾਵਾਂ ਸ਼ੁਰੂ ਕੀਤੀਆਂ। ਬਾਬੂ ਤੇਜਾ ਸਿੰਘ ਤੋਂ ਬਾਅਦ ਬਾਬੂ ਚੰਦਾ ਸਿੰਘ ਨੇ ਪੰਚ ਖਾਲਸਾ ਦੀਵਾਨ ਦੀ ਸੇਵਾ ਕੀਤੀ। *ਖ਼ਾਲਸਾ ਪਾਰਲੀਮੈਂਟ ਗਜ਼ਟ* ਦੁਬਾਰਾ ਆਰੰਭ ਕੀਤਾ। ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਬਾਬੂ ਚੰਦਾ ਸਿੰਘ ਨਾਲ 20-25 ਸਾਲ ਸੰਪਰਕ ਵਿਚ ਰਹੇ। ਗਿਆਨੀ ਜੀ ਬਾਬੂ ਚੰਦਾ ਸਿੰਘ ਦੇ ਸਮੇਂ 'ਪੰਚ ਖਾਲਸਾ ਦੀਵਾਨ ਪੰਚ ਖੰਡ' ਦੇ ਮੀਤ ਸਕੱਤਰ ਰਹੇ ਅਤੇ *ਖ਼ਾਲਸਾ ਪਾਰਲੀਮੈਂਟ ਗਜ਼ਟ* ਦੇ ਸੰਪਾਦਕ ਵੀ ਰਹੇ।

ਸਿੰਘ ਸਭਾ ਲਹਿਰ ਤੋਂ ਬਾਅਦ ਅਕਾਲੀ ਪਾਰਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਗੁਰਦੁਆਰਾ ਸੁਧਾਰ ਲਹਿਰ ਚੱਲੀ। ਇਸਨੂੰ ਅਕਾਲੀ ਲਹਿਰ ਵੀ ਕਿਹਾ ਜਾਂਦਾ ਹੈ। ਇਸਦੇ ਤਹਿਤ ਗੁਰਦੁਆਰਿਆਂ ਦਾ ਪ੍ਰਬੰਧ ਪੰਥਕ ਅਸੂਲਾਂ ਅਨੁਸਾਰ ਕਰਨ ਲਈ 15 ਨਵੰਬਰ 1920 ਈ. ਨੂੰ

'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਬਣਾਈ ਗਈ। 20 ਸਤੰਬਰ 1920 ਈ. ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ ਜਿਸ ਦਾ ਮੰਤਵ ਗੁਰਦੁਆਰਿਆਂ ਨੂੰ ਨੈਤਿਕ ਦਬਾਅ ਰਾਹੀਂ ਪੰਥਕ ਕੰਟਰੋਲ ਵਿਚ ਲਿਆਉਣਾ ਸੀ। ਇਸ ਅੰਦੋਲਨ ਨੇ ਸਿੱਖਾਂ ਵਿਚ ਐਸ. ਜੀ. ਪੀ. ਸੀ ਅਤੇ ਅਕਾਲੀ ਦਲ ਦੀ ਤਾਕਤ ਨੂੰ ਬਹੁਤ ਵਧਾ ਦਿਤਾ। ਐਸ. ਜੀ. ਪੀ. ਸੀ ਉਨ੍ਹਾਂ ਲਈ ਇਕ ਧਾਰਮਿਕ ਕੇਂਦਰੀ ਸੰਸਥਾ ਬਣ ਕੇ ਰਹਿ ਗਈ। ਅਕਾਲੀ ਦਲ ਨੇ ਹੁਣ ਧਾਰਮਿਕ ਮੰਤਵਾਂ ਦੇ ਇਲਾਵਾ ਸਿੱਖਾਂ ਦੀਆਂ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਸਮੱਸਿਆਵਾਂ ਨੂੰ ਵੀ ਲੈਣਾ ਸ਼ੁਰੂ ਕਰ ਦਿਤਾ। ਹੌਲੀ-ਹੌਲੀ ਅਕਾਲੀ ਦਲ ਇਕ ਰਾਜਨੀਤਿਕ ਸੰਸਥਾ ਬਣ ਗਈ ਅਤੇ ਇਸਨੇ ਪੰਜਾਬ ਦੀ ਰਾਜਨੀਤੀ ਵਿਚ ਸਿੱਖਾਂ ਦੇ ਪ੍ਰਤੀਨਿਧ-ਦਲ ਵਜੋਂ ਮਹੱਤਵਪੂਰਨ ਰੋਲ ਅਦਾ ਕੀਤਾ। ਅਕਾਲੀ ਲਹਿਰ 1920 ਈ. ਤੋਂ 1947 ਤੱਕ ਚੱਲੀ। ਅਕਾਲੀ ਲਹਿਰ ਵਿਚੋਂ ਹੀ ਬੱਬਰ ਅਕਾਲੀ ਲਹਿਰ ਦਾ ਜਨਮ ਹੋਇਆ। ਅਕਾਲੀ ਲਹਿਰ ਨੇ ਗੁਰਦੁਆਰਿਆਂ ਨੂੰ ਮਹੰਤਾਂ ਦੇ ਚੁੰਗਲ ਵਿਚੋਂ ਅਜ਼ਾਦ ਕਰਾਉਣ ਲਈ ਸ਼ਾਂਤਮਈ ਸ਼ੰਘਰਸ਼ ਕੀਤਾ ਪਰ ਕੁਝ ਅਕਾਲੀ ਇਸ ਸ਼ਾਂਤਮਈ ਨੀਤੀ ਤੋਂ ਸੰਤੁਸ਼ਟ ਨਹੀਂ ਸਨ ਅਤੇ ਵਿਰੋਧੀਆਂ ਨਾਲ ਤਾਕਤ ਦੀ ਵਰਤੋਂ ਜਾਇਜ਼ ਮੰਨਦੇ ਸਨ ਅਜਿਹੇ ਅਕਾਲੀ ਬੱਬਰ ਅਕਾਲੀ ਲਹਿਰ ਦੇ ਸੰਚਾਲਕ ਸਨ। ਬੱਬਰ ਅਕਾਲੀ ਲਹਿਰ ਕਿਉਂਕਿ ਅਕਾਲੀ ਲਹਿਰ ਦੀ ਹੀ ਦੇਣ ਸੀ, ਇਸਦਾ ਪਹਿਲਾ ਉਦੇਸ਼ ਗੁਰਦੁਆਰਿਆਂ ਦੀ ਸੁਤੰਤਰਤਾ ਅਤੇ ਦੂਜਾ ਮੰਤਵ ਦੇਸ਼ ਦੀ ਸੁੰਤਤਰਤਾ ਸੀ। ਬੱਬਰ ਲਹਿਰ ਦਾ ਸਾਹਿਤ, ਸੁਤੰਤਰਤਾ ਸੰਗਰਾਮ, ਸਿੱਖ ਰਾਜਨੀਤੀ ਤੇ ਪੰਜਾਬੀ ਜਨ ਜੀਵਨ 'ਤੇ ਪ੍ਰਭਾਵ ਪਿਆ।

ਇਸੇ ਤਰ੍ਹਾਂ ਹਿੰਦੂਆਂ ਵਿਚ ਬ੍ਰਹਮੋ ਸਮਾਜ, ਆਰੀਆ ਸਮਾਜ ਆਦਿ ਲਹਿਰਾਂ ਦਾ ਜਨਮ ਹੋਇਆ। ਬ੍ਰਹਮੋ ਸਮਾਜ ਦੇ ਮੋਢੀ ਰਾਮ ਮੋਹਨ ਰਾਏ ਸਨ। ਇਸਦੀ ਸਥਾਪਨਾ 1828 ਈ. ਵਿਚ ਕੀਤੀ ਗਈ। ਪੰਜਾਬ ਵਿਚ ਇਸਦੀ ਸ਼ਾਖਾ 1864 ਈ. ਵਿਚ ਲਾਹੌਰ ਵਿਖੇ ਸਥਾਪਿਤ ਹੋਈ। ਬ੍ਰਹਮੋ ਸਮਾਜ ਨੇ ਹਿੰਦੂਆਂ ਵਿਚ ਬੁੱਤ ਪੂਜਾ, ਜਾਤੀ ਭੇਦ ਭਾਵ, ਸਤੀ ਅਤੇ ਕੰਨਿਆ ਹਤਿਆ ਵਰਗੀਆਂ ਕੁਰੀਤੀਆਂ ਦਾ ਵਿਰੋਧ ਕੀਤਾ।

ਸਵਾਮੀ ਦਇਆਨੰਦ ਨੇ ਭਾਰਤ ਦੀਆਂ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਬੁਰਾਈਆਂ ਨੂੰ ਖਤਮ ਕਰਨ ਲਈ 1875 ਈ. ਵਿਚ 'ਆਰੀਆ ਸਮਾਜ' ਨਾਂ ਦੀ ਸੰਸਥਾ ਦਾ ਆਰੰਭ ਕੀਤਾ। ਇਸ ਸੰਸਥਾ ਦੀਆਂ ਸ਼ਾਖਾਵਾਂ ਸਾਰੇ ਭਾਰਤ ਵਿਚ ਫੈਲ ਗਈਆ। ਪੰਜਾਬ ਵਿਚ 1877 ਈ. ਵਿਚ ਪਹਿਲੇ ਆਰੀਆ ਸਮਾਜ ਦੀ ਸਥਾਪਨਾ ਹੋਈ ਅਤੇ ਮੂਲ ਰਾਜ ਨੂੰ ਇਸ ਦਾ ਪ੍ਰਧਾਨ ਬਣਾਇਆ ਗਿਆ। ਪੰਜਾਬ ਵਿਚ ਆਰੀਆ ਸਮਾਜ ਨੂੰ ਬਹੁਤ ਸਫਲਤਾ ਮਿਲੀ। ਇਸ ਲਹਿਰ ਨੇ ਸਿੱਖਿਆ ਦੇ ਖੇਤਰ ਵਿਚ ਸਕੂਲਾਂ, ਕਾਲਜਾਂ ਦੀ ਸਥਾਪਨਾ ਦੁਆਰਾ ਵਿਸ਼ੇਸ਼ ਯੋਗਦਾਨ ਪਾਇਆ। ਕਈ ਸਮਾਜਿਕ ਕੁਰੀਤੀਆਂ ਜਿਵੇਂ ਔਰਤ ਦਾ ਤ੍ਰਿਸਕਾਰ, ਬਾਲ ਵਿਆਹ, ਵਿਧਵਾ ਵਿਆਹ, ਪਰਦਾ, ਦਹੇਜ਼ ਪ੍ਰਥਾ, ਜਾਤੀ ਪ੍ਰਥਾ ਅਤੇ ਛੂਤ-ਛਾਤ ਦੇ ਵਿਰੁੱਧ ਕਈ ਅਮਲੀ ਕਦਮ ਉਠਾਏ। ਆਰੀਆ ਸਮਾਜ ਲਹਿਰ ਦਾ ਪੰਜਾਬ ਦੇ ਸਮਾਜਿਕ ਤੇ ਧਾਰਮਿਕ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹੈ। ਜੇ ਇਸ ਲਹਿਰ ਨੇ ਇਥੋਂ ਦੇ ਸਮਾਜਿਕ ਢਾਂਚੇ ਵਿਚ ਖਾਸ ਤਬਦੀਲੀ ਲਿਆਉਣ ਦੀ

ਕੋਸ਼ਿਸ਼ ਕੀਤੀ ਤਾਂ ਇਸ ਦੀਆਂ ਸਿਖਿਆ ਸੰਸਥਾਵਾਂ ਨੇ ਅਜਿਹੇ ਦੇਸ਼ ਭਗਤਾਂ ਨੂੰ ਜਨਮ ਦਿਤਾ ਜਿਨ੍ਹਾਂ ਨੇ ਭਾਰਤ ਦੀ ਅਜ਼ਾਦੀ ਲਈ ਕਿਸੇ ਤਰ੍ਹਾਂ ਦੀ ਕੁਰਬਾਨੀ ਦੇਣ ਤੋਂ ਸੰਕੋਚ ਨਾ ਕੀਤੀ।

ਪੰਜਾਬ ਦੇ ਮੁਸਲਮਾਨਾਂ ਵਿਚ ਪੈਦਾ ਹੋਈਆਂ ਧਾਰਮਿਕ, ਸਮਾਜਿਕ ਤੇ ਸਾਹਿਤਕ ਲੋਕ ਲਹਿਰਾਂ ਵਿਚੋਂ ਦਿੱਤੇ ਸ਼ਾਹੀ, ਅੰਜੁਮਨ-ਏ-ਇਸਲਾਮੀਆਂ, ਅੰਜੁਮਨ-ਏ-ਹਿਮਾਯਤ ਇਸਲਾਮ ਅਤੇ ਖਾਕਸਾਰ ਲਹਿਰਾਂ ਦੇ ਨਾਂ ਵਰਣਨਯੋਗ ਹਨ। ਦਿੱਤੇ ਸ਼ਾਹੀ ਲਹਿਰ ਦੇ ਬਾਨੀ ਦਿੱਤੇ ਸ਼ਾਹ ਸੀ। ਦਿੱਤੇਸ਼ਾਹੀ ਭਲੇ ਕੰਮਾਂ ਵਿਚ ਵਿਸ਼ਵਾਸ ਕਰਦੇ ਸਨ ਅਤੇ ਬਾਹਰੀ ਰੀਤੀ-ਰਿਵਾਜਾਂ ਦਾ ਵਿਰੋਧ ਕਰਦੇ ਸਨ। ਅੰਜੁਮਨ-ਏ-ਇਸਲਾਮੀਆਂ ਦੀ ਲਾਹੌਰ ਵਿਖੇ 1869 ਈ. ਵਿਚ ਸਥਾਪਨਾ ਹੋਈ। ਇਸਦਾ ਮੰਤਵ ਮੁਸਲਮਾਨਾਂ ਦੇ ਹੱਕਾਂ ਲਈ ਲੜਨਾ ਸੀ। ਅੰਜੁਮਨ-ਏ-ਹਿਮਾਯਤ ਇਸਲਾਮ ਲਾਹੌਰ ਵਿਖੇ 1866 ਈ. ਵਿਚ ਬਣੀ। ਇਸ ਦਾ ਉਦੇਸ਼ ਇਸਲਾਮ ਅਤੇ ਧਰਮ ਨਿਰਪਖਤਾ ਦਾ ਪ੍ਰਚਾਰ ਕਰਨਾ ਸੀ। ਖ਼ਾਕਸਾਰ ਲਹਿਰ ਦਾ ਮੋਢੀ ਇਨਾਇਤ ਉਲ੍ਹਾ ਖਾਂ ਮਸ਼ਰਿਕੀ ਸੀ। ਇਸ ਲਹਿਰ ਦਾ ਉਦੇਸ਼ ਦੇਸ਼ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਵਾਉਣਾ ਸੀ।

ਪੰਜਾਬ ਵਿਚ ਵੀ ਭਾਰਤ ਦੇ ਦੂਜੇ ਪ੍ਰਾਂਤਾਂ ਦੀ ਤਰ੍ਹਾਂ ਦੇਸ਼ ਦੀ ਸੁਤੰਤਰਤਾ ਲਈ ਕਈ ਲਹਿਰਾਂ ਦਾ ਉਥਾਨ ਹੋਇਆ। ਕਾਂਗਰਸ ਤੋਂ ਇਲਾਵਾ ਗਦਰ ਪਾਰਟੀ, ਬਬਰ ਅਕਾਲੀ ਲਹਿਰ, ਕਿਰਤੀ ਕਿਸਾਨ ਪਾਰਟੀ, ਨੌਜਵਾਨ ਭਾਰਤ ਸਭਾ ਅਤੇ ਅਕਾਲੀ ਦਲ ਨੇ ਦੇਸ਼ ਦੇ ਸੁਤੰਤਰਤਾ ਅੰਦੋਲਨ ਵਿਚ ਭਾਗ ਲਿਆ। ਸੁਤੰਤਰਤਾ ਸੰਘਰਸ਼ ਵਿਚ ਪੰਜਾਬੀਆਂ ਨੇ ਸਭ ਤੋਂ ਵਧ ਕੁਰਬਾਨੀਆਂ ਕੀਤੀਆਂ। ਲਾਲਾ ਲਜਪਤ ਰਾਏ, ਸਰਦਾਰ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਊਧਮ ਸਿੰਘ ਉਨ੍ਹਾਂ ਸੁਤੰਤਰਤਾ ਸੰਗਰਾਮੀਆਂ ਵਿਚੋਂ ਸਨ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ ਜਾਨਾਂ ਵਾਰ ਦਿਤੀਆਂ। 1947 ਈ. ਵਿਚ ਦੇਸ਼ ਅਜ਼ਾਦ ਹੋਇਆ ਅਤੇ ਪੰਜਾਬ ਦੀ ਵੰਡ ਹੋਈ।

ਗਿਆਨੀ ਜੀ ਦਾ ਸਮਾਂ 1933 ਤੋਂ 2019 ਤਕ ਦਾ ਹੈ। ਇਸ ਸਮੇਂ ਦੌਰਾਨ ਦੇਸ਼ ਵਿਚ ਕਈ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ ਲੋਕ ਲਹਿਰਾਂ ਦਾ ਉਥਾਨ, ਸੁਤੰਤਰਤਾ ਸੰਗਰਾਮ, ਦੇਸ਼ ਦੀ ਵੰਡ, ਪੰਜਾਬੀ ਸੂਬਾ ਮੋਰਚਾ, ਅਪਰੇਸ਼ਨ ਬਲੂ ਸਟਾਰ ਆਦਿ ਮੁਖ ਘਟਨਾਵਾਂ ਹਨ।

ਦੇਸ਼ ਦੀ ਅਜ਼ਾਦੀ ਤੋਂ ਬਾਅਦ ਭਾਸ਼ਾ ਦੇ ਅਧਾਰ ’ਤੇ ਸੂਬਿਆਂ ਦੇ ਪੁਨਰਗਠਨ ਦੀ ਮੰਗ ਹੋਣ ਲੱਗੀ। ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਭਾਸ਼ਾ ਦੇ ਅਧਾਰ ’ਤੇ ਵੱਖਰਾ ਪ੍ਰਾਂਤ ਬਣਾਉਣ ਦੀ ਮੰਗ ਕੀਤੀ। ਕਾਂਗਰਸ ਸਰਕਾਰ ਵਲੋਂ ਇਹ ਮੰਗ ਨਾ ਮੰਨੇ ਜਾਣ ਦੇ ਸਿੱਟੇ ਵਜੋਂ ਸ਼੍ਰੋਮਣੀ ਅਕਾਲੀ ਦਲ ਵਲੋਂ ਜਲੂਸ, ਜਲਸੇ ਅਤੇ ਮੁਜ਼ਾਹਰੇ ਕਰਨੇ ਸ਼ੁਰੂ ਕਰ ਦਿਤੇ। ਇਸੇ ਸੰਬੰਧ ਵਿਚ ਮੋਰਚਾ ਲਗਾਇਆ ਗਿਆ ਜਿਸ ਨੂੰ ਪੰਜਾਬੀ ਸੂਬਾ ਮੋਰਚਾ ਕਿਹਾ ਜਾਂਦਾ ਹੈ। ਭਾਸ਼ਾ ਦੇ ਅਧਾਰ ’ਤੇ ਪੰਜਾਬ ਨੂੰ ਵਖਰਾ ਸੂਬਾ ਬਣਾਉਣ ਲਈ ਮਾਸਟਰ ਤਾਰਾ ਸਿੰਘ ਨੇ ਆਪਣੇ ਜੱਥੇ ਸਮੇਤ 10 ਮਈ 1954 ਈ. ਨੂੰ ਅੰਮ੍ਰਿਤਸਰ ਵਿਚ ਗ੍ਰਿਫਤਾਰੀ ਦਿਤੀ। ਇਥੋਂ ਹੀ ਪੰਜਾਬੀ ਸੂਬਾ ਮੋਰਚਾ ਸ਼ੁਰੂ ਹੋਇਆ। ਸਰਕਾਰ ਵਲੋਂ ਮੋਰਚਾ ਅਸਫਲ ਕਰਨ ਲਈ ਕਈ ਹਥਕੰਡੇ ਅਪਣਾਏ ਗਏ। ਸਿੱਖਾਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹਾਂ ਵਿਚ ਭੇਜਿਆ ਗਿਆ। ਗਿਆਨੀ ਬਲਵੰਤ ਸਿੰਘ ਜੀ ਨੇ ਦਸਿਆ ਕਿ

ਉਨ੍ਹਾਂ ਨੂੰ ਵੀ ਪੰਜਾਬੀ ਸੂਬਾ ਮੋਰਚਾ ਦੇ ਸੰਬੰਧ ਵਿਚ 1960 ਈ. ਵਿਚ ਘਰੋਂ ਗ੍ਰਿਫਤਾਰ ਕੀਤਾ ਗਿਆ ਅਤੇ ਹਿਸਾਰ ਜੇਲ੍ਹ ਵਿਚ ਲਗਭਗ ਤਿੰਨ ਮਹੀਨੇ ਰਹੇ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਗਿਆਨੀ ਜੀ ਇਨ੍ਹਾਂ ਲਹਿਰਾਂ ਨੂੰ ਮਾਨਸਿਕ ਅਤੇ ਨੈਤਿਕ ਸਮਰਥਨ ਦਿੰਦੇ ਰਹੇ ਪਰ ਇਨ੍ਹਾਂ ਲਹਿਰਾਂ ਵਿਚ ਸ਼ਾਮਲ ਨਹੀਂ ਹੋਏ। ਇਨ੍ਹਾਂ ਲਹਿਰਾਂ ਨੇ ਉਸ ਸਮੇਂ ਦੇ ਸਾਹਿਤਕਾਰਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਿਤ ਕੀਤਾ। ਸਿੰਘ ਸਭਾ ਲਹਿਰ ਦੇ ਉਥਾਨ ਤੋਂ ਬਾਅਦ ਰਚੇ ਸਿੱਖ ਸਾਹਿਤ ਵਿਚ ਵਡੀ ਤਬਦੀਲੀ ਆਈ। ਇਸ ਤੋਂ ਪਹਿਲਾਂ ਰਚਿਆ ਸਾਹਿਤ ਸ਼ਰਧਾ, ਕਰਾਮਾਤਾਂ ਅਤੇ ਵੇਦਾਂਤਕ ਪ੍ਰਭਾਵ ਅਧੀਨ ਰਚਿਆ ਗਿਆ। ਸਿੰਘ ਸਭਾ ਲਹਿਰ ਦਾ ਉਦੇਸ਼ ਗੁਰਬਾਣੀ ਦੀ ਕਸੱਵਟੀ ਨਾਲ ਸਿੱਖ ਸਾਹਿਤ ਨੂੰ ਪਰਖਣਾ ਅਤੇ ਨਵੀਨ ਚੇਤਨਤਾ ਤੇ ਵਿਗਿਆਨਕ ਢੰਗ ਨਾਲ ਪ੍ਰਚਾਰਨਾ ਸੀ। ਇਸ ਆਸ਼ੇ ਨੂੰ ਮੁਖ ਰਖ ਕੇ ਗੁਰਮਤਿ ਸਾਹਿਤ ਅਤੇ ਸਿੱਖ ਇਤਿਹਾਸ ਦੀ ਨਵੇਂ ਸਿਰੇ ਤੋਂ ਪੜਚੋਲ ਆਰੰਭ ਹੋਈ। ਗੁਰਮਤਿ ਆਸ਼ੇ ਨੂੰ ਮੁਖ ਰੱਖ ਕੇ ਇਤਿਹਾਸ ਅਤੇ ਗੁਰਬਾਣੀ ਦੀ ਖੋਜ ਸ਼ੁਰੂ ਕੀਤੀ ਤਾਂ ਕਿ ਗੁਰਬਾਣੀ ਅਤੇ ਇਤਿਹਾਸ ਵਿਚੋਂ ਰਲਾ ਨੂੰ ਨਿਖੇੜਿਆ ਜਾ ਸਕੇ। ਧਾਰਮਿਕ, ਦਾਰਸ਼ਨਿਕ ਅਤੇ ਇਤਿਹਾਸਕ ਵਿਸ਼ਿਆਂ 'ਤੇ ਪੁਸਤਕਾਂ ਲਿਖੀਆਂ ਗਈਆਂ। ਇਨ੍ਹਾਂ ਵਿਚ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਗਿਆਨੀ ਗਿਆਨ ਸਿੰਘ, ਭਾਈ ਵੀਰ ਸਿੰਘ, ਡਾ. ਚਰਨ ਸਿੰਘ, ਮੋਹਨ ਸਿੰਘ ਵੈਦ, ਗਿਆਨੀ ਲਾਲ ਸਿੰਘ ਸੰਗਰੂਰ, ਕਰਮ ਸਿੰਘ ਹਿਸਟੋਰੀਅਨ, ਪ੍ਰੋ. ਪੂਰਨ ਸਿੰਘ, ਡਾ. ਬਲਬੀਰ ਸਿੰਘ, ਕਪੂਰ ਸਿੰਘ, ਪ੍ਰੋ. ਸਾਹਿਬ ਸਿੰਘ, ਪਿਆਰਾ ਸਿੰਘ ਪਦਮ, ਡਾ. ਸ਼ੇਰ ਸਿੰਘ ਭਾਈ ਜੋਧ ਸਿੰਘ, ਗੰਡਾ ਸਿੰਘ, ਭਾਈ ਰਣਧੀਰ ਸਿੰਘ, ਪ੍ਰਿੰ. ਤੇਜਾ ਸਿੰਘ, ਡਾ ਤਾਰਨ ਸਿੰਘ, ਗੁਰਬਚਨ ਸਿੰਘ ਤਾਲਿਬ ਆਦਿ ਕਿੰਨੇ ਹੀ ਵਿਦਵਾਨਾਂ ਦੇ ਨਾਂ ਗਿਣਾਏ ਜਾ ਸਕਦੇ ਹਨ। ਇਨ੍ਹਾਂ ਵਿਦਵਾਨਾਂ ਨੇ ਸਿੱਖ ਸਾਹਿਤ ਦੀ ਪੁਨਰ ਸੁਰਜੀਤੀ ਦਾ ਕੰਮ ਜ਼ੋਰ ਸ਼ੋਰ ਨਾਲ ਸ਼ੁਰੂ ਕੀਤਾ।

1947 ਈ. ਵਿਚ ਪੰਜਾਬ ਦੀ ਵੰਡ ਹੋਈ। ਜਿਸ ਦਾ ਵਡਾ ਨੁਕਸਾਨ ਸਿੱਖਾਂ ਨੂੰ ਹੋਇਆ। ਉਨ੍ਹਾਂ ਦੇ ਗੁਰਧਾਮ, ਅਦਾਰੇ, ਸਰਮਾਇਆ ਅਤੇ ਲਾਇਬ੍ਰੇਰੀਆਂ ਪਾਕਿਸਤਾਨ ਵਿਚ ਰਹਿ ਗਈਆਂ। ਪੂਰਬੀ ਪੰਜਾਬ ਵਿਚ ਸਿੰਘ ਸਭਾਈ ਵਿਦਵਾਨਾਂ ਨੇ ਆਪਣੇ ਕਾਰਜਾਂ ਨੂੰ ਨਿਰੰਤਰਤਾ ਦਿਤੀ। ਪ੍ਰੋ. ਸਾਹਿਬ ਸਿੰਘ, ਭਾਈ ਜੋਧ ਸਿੰਘ, ਭਾਈ ਵੀਰ ਸਿੰਘ, ਪ੍ਰਿੰ. ਤੇਜਾ ਸਿੰਘ ਆਦਿ ਨੇ ਹੋਰ ਸਾਹਿਤਕ ਕਿਰਤਾਂ ਤੋਂ ਇਲਾਵਾ ਗੁਰਬਾਣੀ ਵਿਆਖਿਆਕਾਰੀ ਨੂੰ ਆਪਣੇ ਅਧਿਐਨ ਦਾ ਖੇਤਰ ਬਣਾਇਆ। ਡਾ. ਗੰਡਾ ਸਿੰਘ, ਕਰਮ ਸਿੰਘ ਹਿਸਟੋਰੀਅਨ ਆਦਿ ਨੇ ਇਤਿਹਾਸਕਾਰੀ ਨੂੰ ਚੁਣਿਆ। ਭਾਈ ਕਾਨ੍ਹ ਸਿੰਘ ਨਾਭਾ ਨੇ ਕੋਸ਼ਕਾਰੀ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾਇਆ।

ਉਪਰੋਕਤ ਵਿਦਵਾਨਾਂ ਤੋਂ ਬਾਅਦ ਇਸ ਲਹਿਰ ਤੋਂ ਪ੍ਰੇਰਿਤ ਨਵੀਂ ਪੀੜ੍ਹੀ ਦਾ ਆਗਮਨ ਵਿਦਵਤਾ ਦੇ ਖੇਤਰ ਵਿਚ ਹੋਇਆ। ਇਸ ਪੀੜ੍ਹੀ ਵਿਚ ਪ੍ਰੋ. ਪ੍ਰੀਤਮ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਪ੍ਰੋ. ਪਿਆਰਾ ਸਿੰਘ ਪਦਮ, ਡਾ. ਭਗਤ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਡਾ. ਰਤਨ ਸਿੰਘ ਜੱਗੀ, ਗਿਆਨੀ ਹਰਬੰਸ ਸਿੰਘ ਆਦਿ ਪ੍ਰਸਿਧ ਨਾਮ ਹਨ। ਇਸੇ ਲੜੀ ਵਿਚ ਪ੍ਰਸਿਧ ਨਿਰਮਲੇ ਵਿਦਵਾਨ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਦਾ ਨਾਂ ਆਉਂਦਾ ਹੈ। ਗਿਆਨੀ ਜੀ ਵੀਹਵੀਂ ਸਦੀ ਅਤੇ ਇਕਵੀਂ ਸਦੀ ਦੇ ਸਿੱਖ ਧਰਮ ਚਿੰਤਕਾਂ ਵਿਚ ਵਿਸ਼ੇਸ਼

ਥਾਂ ਰਖਦੇ ਹਨ। ਇਨ੍ਹਾਂ ਨੇ ਸਾਹਿਤ ਦੇ ਕਈ ਰੂਪਾਂ ਟੀਕਾਕਾਰੀ, ਇਤਿਹਾਸਕਾਰੀ, ਸਿਧਾਂਤਕਾਰੀ, ਸੰਪਾਦਨਾ, ਜੀਵਨੀ ਆਦਿ ਵਿਚ ਆਪਣੀ ਰਚਨਾਵਾਂ ਦੁਆਰਾ ਭਰਪੂਰ ਯੋਗਦਾਨ ਪਾਇਆ।

ਗਿਆਨੀ ਬਲਵੰਤ ਸਿੰਘ ਦਾ ਜੀਵਨ ਸਾਹਿਤਕ ਸੇਵਾ ਨੂੰ ਸਮਰਪਿਤ ਸੀ। ਉਨ੍ਹਾਂ ਨੇ ਧਰਮ, ਇਤਿਹਾਸ, ਦਰਸ਼ਨ, ਵੇਦਾਂਤ, ਟੀਕਾਕਾਰੀ ਅਤੇ ਸੰਤਾਂ ਮਹਾਂਪੁਰਖਾਂ ਦੇ ਜੀਵਨ ਨਾਲ ਸੰਬੰਧਿਤ ਸਾਹਿਤ ਦੀ ਸਿਰਜਣਾ ਕੀਤੀ। ਨਿਰਮਲ ਸੰਪ੍ਰਦਾਇ ਅਤੇ ਮਾਲਵੇ ਦੇ ਗੁਰਦੁਆਰਿਆਂ ਦਾ ਇਤਿਹਾਸ ਲਿਖਣ ਵਿਚ ਉਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਦੁਆਰਾ ਰਚਿਤ ਗ੍ਰੰਥ *ਸ੍ਰੀ ਨਿਰਮਲ ਪੰਥ ਬੋਧ* ਸਿੱਖ ਸਾਹਿਤ ਨੂੰ ਵਡਮੁਲੀ ਦੇਣ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਤਖ਼ਤ ਦਮਦਮਾ ਸਾਹਿਬ ਦਾ ਇਤਿਹਾਸ ਅੰਕਿਤ ਕੀਤਾ ਹੈ। ਉਨ੍ਹਾਂ ਦੀਆਂ ਰਚਨਾਵਾਂ ਅਕਾਦਮਿਕ ਦ੍ਰਿਸ਼ਟੀ ਦੀਆਂ ਧਾਰਨੀ ਤੇ ਵਿਵੇਕਪੂਰਨ ਹਨ। ਗਿਆਨੀ ਜੀ ਨੇ ਲਗਪਗ 18 ਪੁਸਤਕਾਂ ਅਤੇ 13 ਕਿਤਾਬਚਿਆਂ ਦੀ ਰਚਨਾ ਕੀਤੀ। ਉਨ੍ਹਾਂ ਦੇ ਵਖ-ਵਖ ਅਖ਼ਬਾਰਾਂ, ਪਤ੍ਰਿਕਾਵਾਂ, ਪੁਸਤਕਾਂ ਅਤੇ ਕੋਸ਼ਾਂ ਵਿਚ ਛਪੇ ਲੇਖਾਂ ਦੀ ਗਿਣਤੀ 50 ਦੇ ਕਰੀਬ ਹੈ।

**ਪੂਰਵ ਅਧਿਐਨ ਦਾ ਸਰਵੇਖਣ**: ਸਾਡੇ ਖੋਜ ਕਾਰਜ ਦਾ ਵਿਸ਼ਾ ***ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ) ਦੀ ਸਿੱਖ ਸਾਹਿਤ ਨੂੰ ਦੇਣ: ਸਿਧਾਂਤਕ ਤੇ ਇਤਿਹਾਸਕ ਪਰਿਪੇਖ (ਨਿਰਮਲ ਸਾਹਿਤ ਦੇ ਵਿਸ਼ੇਸ਼ ਹਵਾਲੇ ਨਾਲ)*** ਹੈ। ਗਿਆਨੀ ਬਲਵੰਤ ਸਿੰਘ ਜੀ ਨਿਰਮਲੇ ਵਿਦਵਾਨ ਸਨ। ਨਿਰਮਲੇ ਸੰਪ੍ਰਦਾਇ ਸੰਬੰਧੀ ਕਈ ਅਕਾਦਮਿਕ ਕਾਰਜ ਮਿਲਦੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ 'ਗੁਰੂ ਨਾਨਕ ਅਧਿਐਨ ਵਿਭਾਗ' ਦੇ ਮੁਖੀ ਪ੍ਰੋ. ਪ੍ਰੀਤਮ ਸਿੰਘ ਨੇ 'ਨਿਰਮਲ ਪੰਥ ਦੀ ਪੰਜਾਬ ਦੇ ਧਰਮ ਦਰਸ਼ਨ ਤੇ ਸਾਹਿਤ ਨੂੰ ਦੇਣ' ਵਿਸ਼ੇ ਤੇ 28-29-30 ਮਾਰਚ 1976 ਈ. ਨੂੰ ਸੈਮੀਨਾਰ ਕਰਵਾਇਆ। ਇਸ ਸੈਮੀਨਾਰ ਵਿਚ ਪੜ੍ਹੇ ਗਏ ਪਰਚਿਆਂ ਨੂੰ *ਨਿਰਮਲ ਸੰਪ੍ਰਦਾਇ* ਪੁਸਤਕ ਵਿਚ ਛਾਪਿਆ ਗਿਆ। ਇਸ ਸੈਮੀਨਾਰ ਵਿਚ ਗਿਆਨੀ ਬਲਵੰਤ ਸਿੰਘ ਜੀ ਦੁਆਰਾ ਵੀ ਪੇਪਰ ਪੜ੍ਹਿਆ ਗਿਆ। 1976 ਈ. ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਵਲੋਂ 29-30 ਅਕਤੂਬਰ 2009 ਨੂੰ ਨਿਰਮਲਿਆਂ 'ਤੇ ਕਰਵਾਏ ਸੈਮੀਨਾਰ ਵਿਚ ਪੜ੍ਹੇ ਗਏ ਪਰਚਿਆਂ ਨੂੰ *ਨਾਨਕ ਪ੍ਰਕਾਸ਼ ਪਤ੍ਰਿਕਾ* ਵਿਚ 'ਨਿਰਮਲ ਸੰਪ੍ਰਦਾਇ' ਦੇ ਸਿਰਲੇਖ ਹੇਠ ਛਾਪਿਆ ਗਿਆ ਜਿਸ ਵਿਚ ਗਿਆਨੀ ਜੀ ਦਾ ਪੇਪਰ ਵੀ ਦਰਜ ਹੈ। ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਦੇਹਰਾਦੂਨ ਵਲੋਂ *ਨਿਰਮਲ ਸੰਪ੍ਰਦਾਇ ਦੀ ਗੁਰਬਾਣੀ ਵਿਆਖਿਆਕਾਰੀ* ਪੁਸਤਕ ਅਗਸਤ 2009 ਵਿਚ ਛਾਪੀ ਗਈ, ਇਸਦੇ ਸੰਪਾਦਕ ਮੁਹੱਬਤ ਸਿੰਘ ਅਤੇ ਡਾ. ਕੁਲਵਿੰਦਰ ਸਿੰਘ ਸਨ। *ਨਿਰਮਲ ਪੰਥ ਦਾ ਸਮਾਜ ਨੂੰ ਬਹੁਪੱਖੀ ਯੋਗਦਾਨ* ਪੁਸਤਕ ਦਸੰਬਰ 2011 ਵਿਚ ਨਿਰਮਲ ਆਸ਼ਰਮ ਰਿਸ਼ੀਕੇਸ਼ ਵਲੋਂ ਪ੍ਰਕਾਸ਼ਿਤ ਕੀਤੀ ਗਈ ਜਿਸ ਵਿਚ ਵਖ-ਵਖ ਵਿਦਵਾਨਾਂ ਵਲੋਂ ਪੜ੍ਹੇ ਪਰਚਿਆਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਸ ਵਿਚ ਗਿਆਨੀ ਜੀ ਦੁਆਰਾ ਪੜ੍ਹਿਆ ਪੇਪਰ ਵੀ ਛਾਪਿਆ ਗਿਆ ਹੈ। ਇਸਦੇ ਸੰਪਾਦਕ ਡਾ. ਕੁਲਵਿੰਦਰ ਸਿੰਘ ਸਨ। ਇਨ੍ਹਾਂ ਤੋਂ ਇਲਾਵਾ ਨਿਰਮਲ ਸੰਪ੍ਰਦਾਇ 'ਤੇ ਪੀਐਚ.ਡੀ ਦੇ ਖੋਜ ਪ੍ਰਬੰਧ ਵੀ ਮਿਲਦੇ ਹਨ। ਗੁਰੂ ਨਾਨਕ ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਖੋਜਾਰਥਣ ਜਮੀਤ ਕੌਰ ਦਾ *ਨਿਰਮਲ ਸੰਪ੍ਰਦਾਇ ਦਾ ਇਤਿਹਾਸਕ, ਸਿਧਾਂਤਕ*

*ਸਮਾਜਕ ਤੇ ਸਾਹਿਤਕ ਸੰਦਰਭ (ਪੰਜਾਬ ਦੇ ਪ੍ਰਸੰਗ)* ਵਿਸ਼ੇ ’ਤੇ ਡਾ. ਜਸਪਾਲ ਕੌਰ ਕਾਂਗ ਦੀ ਨਿਗਰਾਨੀ ਹੇਠ 2019 ਵਿਚ ਕੀਤਾ ਖੋਜ ਕਾਰਜ ਮਿਲਦਾ ਹੈ। ਇਸ ਖੋਜਾਰਥਣ ਨੇ ਆਪਣੇ ਖੋਜ ਕਾਰਜ ਵਿਚ ਗਿਆਨੀ ਜੀ ਦੀਆਂ ਪੁਸਤਕਾਂ ਨੂੰ ਵੀ ਅਧਾਰ ਬਣਾਇਆ ਹੈ ਅਤੇ ਉਨ੍ਹਾਂ ਤੋਂ ਮੌਖਿਕ ਰੂਪ ਵਿਚ ਵੀ ਜਾਣਕਾਰੀ ਪ੍ਰਾਪਤ ਕੀਤੀ ਹੈ। ਸਿੱਖ ਵਿਸ਼ਵ ਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੋਜਾਰਥੀ ਗੁਰਜਿੰਦਰ ਸਿੰਘ ਦਾ *ਨਿਰਮਲ ਸੰਪ੍ਰਦਾਇ ਦੀ ਵਰਤਮਾਨ ਸਥਿਤੀ ਅਤੇ ਯੋਗਦਾਨ: ਇਕ ਮੁਲਾਂਕਣ (1910-2020)* ਵਿਸ਼ੇ ’ਤੇ ਡਾ. ਪਰਮਵੀਰ ਸਿੰਘ ਦੀ ਅਗਵਾਈ ਹੇਠ ਸਤੰਬਰ 2020 ਵਿਚ ਕੀਤਾ ਖੋਜ ਕਾਰਜ ਪ੍ਰਾਪਤ ਹੁੰਦਾ ਹੈ। ਇਸ ਖੋਜ ਕਾਰਜ ਵਿਚ ਵੀ ਗਿਆਨੀ ਜੀ ਦੀਆਂ ਰਚਨਾਵਾਂ ਦੇ ਹਵਾਲੇ ਮਿਲਦੇ ਹਨ। ਨਿਰਮਲ ਸੰਪ੍ਰਦਾਇ ’ਤੇ ਹੋਏ ਉਪਰੋਕਤ ਅਕਾਦਮਿਕ ਕਾਰਜਾਂ ਵਿਚ ਨਿਰਮਲ ਸੰਪ੍ਰਦਾਇ ਦੇ ਆਰੰਭ, ਵਿਕਾਸ, ਨਿਰਮਲ ਪੰਚਾਇਤੀ ਅਖਾੜੇ ਦੀ ਸਥਾਪਨਾ, ਨਿਰਮਲ ਭੇਖ ਦੀਆਂ ਉਪ ਸੰਪ੍ਰਦਾਵਾਂ ਅਤੇ ਵਖ-ਵਖ ਖੇਤਰਾਂ ਵਿਚ ਨਿਰਮਲਿਆਂ ਦੇ ਯੋਗਦਾਨ ਬਾਰੇ ਖੋਜ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪ੍ਰਸਿਧ ਨਿਰਮਲੇ ਵਿਦਵਾਨ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਬਾਰੇ ਕੋਈ ਅਕਾਦਮਿਕ ਕਾਰਜ ਪ੍ਰਾਪਤ ਨਹੀਂ ਹੁੰਦਾ। ਉਨ੍ਹਾਂ ਦੇ ਜੀਵਨ, ਸ਼ਖ਼ਸੀਅਤ ਅਤੇ ਰਚਨਾਵਾਂ ਬਾਰੇ ਵਖ-ਵਖ ਅਖ਼ਬਾਰਾਂ, ਪਤ੍ਰਿਕਾਵਾਂ ਅਤੇ ਪੁਸਤਕਾਂ ਵਿਚ ਕੇਵਲ ਲੇਖ ਛਪੇ ਮਿਲਦੇ ਹਨ। ਡਾ. ਤੇਜਵੰਤ ਮਾਨ ਦੀ ਪੁਸਤਕ *ਪੰਚ ਖ਼ਾਲਸਾ ਦੀਵਾਨ ਭਸੌੜ ਦੀ ਪੰਜਾਬੀ ਸਾਹਿਤ ਨੂੰ ਦੇਣ* ਪੁਸਤਕ ਵਿਚ ‘ਪੰਚ ਖਾਲਸਾ ਦੀਵਾਨ ਦੇ ਪ੍ਰਸਿਧ ਸਾਹਿਤਕਾਰ’ ਲੇਖ ਵਿਚ ਗਿਆਨੀ ਜੀ ਬਾਰੇ ਸੰਖੇਪ ਵਿਚ ਜ਼ਿਕਰ ਆਇਆ ਹੈ। ਪ੍ਰੋ. ਪ੍ਰੀਤਮ ਸਿੰਘ ਦੇ *ਪੰਜਾਬੀ ਲੇਖਕ ਕੋਸ਼* ਵਿਚ ਵੀ ਗਿਆਨੀ ਜੀ ਬਾਰੇ ਛਪਿਆ ਹੈ। *ਆਸ਼ਿਆਨਾ* ਅਖ਼ਬਾਰ ਵਿਚ ‘ਨੇਕ ਸੀਰਤ ਅਤੇ ਸੱਚੀਸੁਚੀ ਸੰਤ ਆਤਮਾ-ਗਿਆਨੀ ਬਲਵੰਤ ਸਿੰਘ ਕੋਠਾ ਗੁਰੂ’ ਸਿਰਲੇਖ ਹੇਠ ਗਿਆਨੀ ਜੀ ’ਤੇ ਵਿਸ਼ੇਸ਼ ਅੰਕ 30 ਜਨਵਰੀ 2003 ਨੂੰ ਛਪਿਆ। *ਅਜੀਤ* ਅਖ਼ਬਾਰ ਵਿਚ 26 ਜੁਲਾਈ 2016 ਨੂੰ ਮਾਸਟਰ ਬੋਹੜ ਸਿੰਘ ਮੱਲਣ ਦਾ ਗਿਆਨੀ ਜੀ ’ਤੇ ਲੇਖ ਛਪਿਆ। *ਪਹਿਰੇਦਾਰ* ਅਖ਼ਬਾਰ ਵਿਚ ਸਵਰਨਦੀਪ ਸਿੰਘ ਨੂਰ ਦਾ 17 ਨਵੰਬਰ 2016 ਨੂੰ ਛਪਿਆ ਲੇਖ ‘ਸ੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ ਪੁਰਸਕਾਰ ਜੇਤੂ’ ਮਿਲਦਾ ਹੈ। ਹਰਵਿੰਦਰ ਸਿੰਘ ਖ਼ਾਲਸਾ ਵਲੋਂ ਗਿਆਨੀ ਜੀ ਦੇ ਭੋਗ ’ਤੇ ਵਿਸ਼ੇਸ਼ *ਅਜੀਤ* ਅਖ਼ਬਾਰ ਵਿਚ 8 ਮਾਰਚ 2019 ਨੂੰ ਲੇਖ ਛਪਿਆ। ਗਿਆਨੀ ਜੀ ਦੀ ਪੁਸਤਕ *ਕੋਠਾ ਗੁਰੂ ਦੀ ਗੌਰਵ ਗਾਥਾ* ਵਿਚ ਗਿਆਨੀ ਬਲਵੰਤ ਸਿੰਘ ਜੀ ਬਾਰੇ ਅਜਮੇਰ ਸਿੰਘ ਐਮ. ਏ ਲੋਹਗੜ੍ਹ ਦਾ ਛਪਿਆ ਲੇਖ ਪ੍ਰਾਪਤ ਹੁੰਦਾ ਹੈ। ਉਪਰੋਕਤ ਲੇਖਾਂ ਵਿਚ ਗਿਆਨੀ ਜੀ ਦੇ ਜੀਵਨ, ਸ਼ਖ਼ਸੀਅਤ ਅਤੇ ਉਨ੍ਹਾਂ ਦੁਆਰਾ ਰਚਿਤ ਗੁਰਮਤਿ ਸਾਹਿਤ ਬਾਰੇ ਸੰਖੇਪਿਤ ਜਾਣਕਾਰੀ ਮਿਲਦੀ ਹੈ ਪ੍ਰੰਤੂ ਗਿਆਨੀ ਜੀ ਦੁਆਰਾ ਰਚਿਤ ਸਾਹਿਤ ਅਤੇ ਉਨ੍ਹਾਂ ਦੇ ਜੀਵਨ ਅਤੇ ਵਿਅਕਤੀਤਵ ਨੂੰ ਉਜਾਗਰ ਕਰਨ ਹਿੱਤ ਅਜੇ ਤੱਕ ਕੋਈ ਅਕਾਦਮਿਕ ਕਾਰਜ ਨਹੀਂ ਹੋਇਆ। ਇਸ ਹਵਾਲੇ ਨਾਲ ਹਥਲੇ ਖੋਜ ਕਾਰਜ ਵਿਚ ਗਿਆਨੀ ਜੀ ਦੀ ਦੇਣ ਨੂੰ ਖੋਜ ਵਿਸ਼ੇ ਲਈ ਚੁਣਿਆ ਗਿਆ। ਸਾਡੇ ਖੋਜ ਕਾਰਜ ਦਾ ਉਦੇਸ਼ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੇ ਸਿੱਖ

ਸਾਹਿਤ ਵਿਸ਼ੇਸ਼ ਕਰਕੇ ਨਿਰਮਲ ਸਾਹਿਤ ਵਿਚ ਪਾਏ ਯੋਗਦਾਨ ਦਾ ਵੇਰਵਾ ਦੇਣਾ ਅਤੇ ਉਸ ਦਾ ਯੋਗ ਮੁਲੰਕਣ ਕਰਨਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਬਹੁਮੁੱਲੇ ਅਪ੍ਰਕਾਸ਼ਿਤ ਕਾਰਜ ਦਾ ਸੰਪਾਦਨ ਕਰਨਾ ਵੀ ਹੈ।

**ਅਧਿਆਇ ਵੰਡ**: ਗਿਆਨੀ ਜੀ ਦੇ ਜੀਵਨ ਅਤੇ ਉਨ੍ਹਾਂ ਦੇ ਸਿੱਖ ਸਾਹਿਤ ਵਿਚ ਪਾਏ ਯੋਗਦਾਨ ਦਾ ਅਧਿਐਨ ਕਰਨ ਲਈ ਖੋਜ ਪ੍ਰਬੰਧ ਨੂੰ ਚਾਰ ਅਧਿਆਇਆਂ ਵਿਚ ਵੰਡਿਆਂ ਗਿਆ ਹੈ।

**ਅਧਿਆਇ ਪਹਿਲਾ**: ਇਸ ਅਧਿਆਇ ਦਾ ਸਿਰਲੇਖ ***ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ): ਜੀਵਨ ਤੇ ਸ਼ਖ਼ਸੀਅਤ*** ਹੈ। ਇਸ ਵਿਚ ਗਿਆਨੀ ਜੀ ਬਾਰੇ ਵਖ-ਵਖ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਵਿਦਵਾਨਾਂ ਵਲੋਂ ਛਪੇ ਲੇਖ, ਪਰਿਵਾਰਕ ਮੈਂਬਰਾਂ ਤੋਂ ਪ੍ਰਾਪਤ ਜਾਣਕਾਰੀ, ਚਿੱਠੀ-ਪੱਤਰ ਅਤੇ ਗਿਆਨੀ ਜੀ ਨਾਲ ਕੀਤੀਆਂ ਇੰਟਰਵਿਊਜ਼ ਦੇ ਅਧਾਰ ’ਤੇ ਉਨ੍ਹਾਂ ਦੇ ਜੀਵਨ ਅਤੇ ਸ਼ਖ਼ਸੀਅਤ ’ਤੇ ਚਾਨਣਾ ਪਾਉਣ ਦਾ ਯਤਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਉਨ੍ਹਾਂ ਦੀਆਂ ਰਚਨਾਵਾਂ ਦਾ ਵੇਰਵਾ ਵੀ ਦਿਤਾ ਗਿਆ ਹੈ।

**ਅਧਿਆਇ ਦੂਜਾ**: ਦੂਜਾ ਅਧਿਆਇ ***ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ) ਦਾ ਰਚਨਾ ਸੰਸਾਰ: ਵਰਗੀਕਰਣ ਅਤੇ ਸਰਵੇਖਣ*** ਹੈ। ਇਸ ਵਿਚ ਉਨ੍ਹਾਂ ਦੀਆਂ ਪ੍ਰਕਾਸ਼ਿਤ, ਅਪ੍ਰਕਾਸ਼ਿਤ, ਸੰਪਾਦਿਤ ਰਚਨਾਵਾਂ ਅਤੇ ਕਿਤਾਬਚਿਆਂ ਦੀ ਸੂਚੀ ਦਿਤੀ ਗਈ ਹੈ। ਵਖ-ਵਖ ਅਖ਼ਬਾਰਾਂ, ਰਸਾਲਿਆਂ, ਪੁਸਤਕਾਂ ਅਤੇ ਕੋਸ਼ਾਂ ਵਿਚ ਛਪੇ ਲੇਖਾਂ ਦਾ ਵੇਰਵਾ ਦਿਤਾ ਗਿਆ ਹੈ। ਰਚਨਾਵਾਂ ਦਾ ਵਰਗੀਕਰਣ ਕਰਨ ਉਪਰੰਤ ਪ੍ਰਕਾਸ਼ਿਤ ਰਚਨਾਵਾਂ ਅਤੇ ਕਿਤਾਬਚਿਆਂ ਦਾ ਸਰਵੇਖਣ ਕੀਤਾ ਗਿਆ ਹੈ ਜਿਸ ਵਿਚ 18 ਪੁਸਤਕਾਂ ਅਤੇ 13 ਕਿਤਾਬਚੇ ਸ਼ਾਮਲ ਕੀਤੇ ਗਏ ਹਨ।

**ਅਧਿਆਇ ਤੀਜਾ**: ਇਸ ਅਧਿਆਇ ਦਾ ਸਿਰਲੇਖ ***ਰਚਨਾ-ਵਿਸ਼ਲੇਸ਼ਣ*** ਹੈ ਜਿਸ ਵਿਚ ਉਨ੍ਹਾਂ ਦੁਆਰਾ ਰਚੇ ਸਿੱਖ ਸਾਹਿਤ ਦਾ ਮੁਲੰਕਣ ਕੀਤਾ ਗਿਆ ਹੈ। ਇਸ ਨੂੰ ਚਾਰ ਭਾਗਾਂ ਇਤਿਹਾਸਕਾਰੀ, ਵਿਆਖਿਆਕਾਰੀ, ਸਿਧਾਂਤਕਾਰੀ ਵਿਚ ਵੰਡਿਆ ਗਿਆ ਹੈ। ਇਤਿਹਾਸਕਾਰੀ ਵਿਚ ਉਨ੍ਹਾਂ ਦੀਆਂ ਇਤਿਹਾਸਕ ਰਚਨਾਵਾਂ ਨੂੰ ਅਧਾਰ ਬਣਾ ਕੇ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਉਨ੍ਹਾਂ ਦੇ ਸਿੱਖ ਇਤਿਹਾਸਕਾਰੀ ਵਿਚ ਪਾਏ ਯੋਗਦਾਨ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ। ਇਸ ਵਿਚ ਉਨ੍ਹਾਂ ਦੁਆਰਾ ਰਚਿਤ ਵਿਅਕਤੀਆਂ ਦੇ ਜੀਵਨ, ਨਿਰਮਲ ਸੰਪ੍ਰਦਾਇ, ਡੇਰਿਆਂ, ਸਥਾਨਾਂ, ਜਾਤਾਂ-ਗੋਤਾਂ ਦੇ ਇਤਿਹਾਸ ਬਾਰੇ ਮਹਤਵਪੂਰਨ ਜਾਣਕਾਰੀ ਦਿਤੀ ਗਈ ਹੈ। ਵਿਆਖਿਆਕਾਰੀ ਵਿਚ ਗਿਆਨੀ ਜੀ ਦੁਆਰਾ ਰਚਿਤ *ਜਪੁ ਜੀ ਸਾਹਿਬ ਸਟੀਕ* ਨੂੰ ਅਧਾਰ ਬਣਾ ਕੇ ਉਨ੍ਹਾਂ ਦੀ ਵਿਆਖਿਆਕਾਰੀ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਜਿਸ ਵਿਚ *ਜਪੁ ਸਾਹਿਬ ਜੀ ਸਟੀਕ* ਵਿਚੋਂ ਤਕਨੀਕੀ ਸ਼ਬਦਾਵਲੀ, ਵਖ-ਵਖ ਵਿਦਵਾਨਾਂ ਵਲੋਂ ਕੀਤੀ ਜਪੁ ਜੀ ਦੀ ਵਿਆਖਿਆ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਸਿਧਾਂਤਕਾਰੀ ਵਿਚ ਗਿਆਨੀ ਜੀ ਦੁਆਰਾ ਉਸਾਰੇ ਸਿਧਾਂਤਾਂ (ਦਾਰਸ਼ਨਿਕ, ਧਾਰਮਿਕ, ਸੰਸਾਥਾਗਤ) ਦੀ ਵਿਆਖਿਆ ਨੂੰ ਪੇਸ਼ ਕੀਤਾ ਗਿਆ ਹੈ।

**ਅਧਿਆਇ ਚੌਥਾ**: ਇਸ ਅਧਿਆਇ ਦਾ ਸਿਰਲੇਖ ***ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਦਾ ਸੰਪਾਦਨ*** ਹੈ। ਇਸ ਅਧਿਆਇ ਵਿਚ ਗਿਆਨੀ ਜੀ ਦੇ ਬਹੁਮੱਲੇ ਅਪ੍ਰਕਾਸ਼ਿਤ ਕਾਰਜ ਦਾ ਵਿਧੀਵਧ ਤਰੀਕੇ ਨਾਲ ਸੰਪਾਦਨ ਕੀਤਾ ਗਿਆ ਹੈ ਜਿਸ ਵਿਚ ਉਨ੍ਹਾਂ ਦੇ ਸਿੱਖ ਧਰਮ ਨਾਲ

ਸੰਬੰਧਿਤ ਚਾਰ ਨਿਬੰਧ (*ਗੁਰ ਅੰਗਦ ਦੀ ਦੋਹੀ ਫਿਰੀ, ਬਾਲਾ ਠਾਕਰ, ਧਰਮ ਪ੍ਰਭਾਕਰ ਜਯੋਤੀ, ਦੇਗ ਦੇ ਧਨੀ*) ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਰਚਨਾਵਾਂ ਬਾਰੇ ਮੁਢਲੀ ਜਾਣਕਾਰੀ ਅਤੇ ਸੰਪਾਦਨ ਵਿਧੀ ਦਸਣ ਉਪਰੰਤ ਇਨ੍ਹਾਂ ਦਾ ਮੂਲ ਪਾਠ ਅੰਕਿਤ ਕੀਤਾ ਗਿਆ ਹੈ। ਇਸ ਉਪਰੰਤ ਅੰਤਿਕਾ ਹੈ ਜਿਸ ਵਿਚ ਗਿਆਨੀ ਜੀ ਦੀਆਂ ਰਚਨਾਵਾਂ ਵਿਚ ਆਏ ਔਖੇ ਸ਼ਬਦਾਂ ਦੇ ਅਰਥ ਦਸਣ ਲਈ ਸ਼ਬਦ ਕੋਸ਼ ਅੰਕਿਤ ਕੀਤਾ ਹੈ। ਇਸ ਤੋਂ ਇਲਾਵਾ ਗਿਆਨੀ ਜੀ ਦੀਆਂ ਤਸਵੀਰਾਂ, ਹਥਲਿਖਤ ਦੇ ਨਮੂਨੇ, ਸਰਟੀਫਿਕੇਟ ਆਦਿ ਲਗਾਏ ਗਏ ਹਨ।
ਖੋਜ-ਕਾਰਜ ਦੇ ਅੰਤ ਵਿਚ ***ਸਾਰ*** ਸਿਰਲੇਖ ਅਧੀਨ ਖੋਜ-ਕਾਰਜ ਵਿਚ ਕੀਤੇ ਅਧਿਐਨ ਦੌਰਾਨ ਬਣੀਆਂ ਧਾਰਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਅੰਤਿਕਾ ਉਪਰੰਤ ਖੋਜ ਕਾਰਜ ਵਿਚ ਹਵਾਲੇ ਅਤੇ ਟਿਪਣੀਆਂ ਲਈ ਵਰਤੀਆਂ ਪੁਸਤਕਾਂ ਦੀ ਸੂਚੀ ਦਰਜ ਕੀਤੀ ਗਈ ਹੈ।

**ਵਿਧੀ**: ਇਸ ਖੋਜ-ਕਾਰਜ ਵਿਚ ਧਰਮ-ਸ਼ਾਸ਼ਤਰੀ ਵਿਧੀ ਦਾ ਸਹਾਰਾ ਲਿਆ ਗਿਆ ਹੈ। ਇਸ ਤੋਂ ਇਲਾਵਾ ਤੁਲਨਾਤਮਕ ਵਿਧੀ ਦੀ ਵਰਤੋਂ ਕੀਤੀ ਗਈ ਹੈ। ਇਤਿਹਾਸਕਾਰੀ ਅਤੇ ਸਿਧਾਂਤਕਾਰੀ ਦਾ ਅਧਿਐਨ ਕਰਦੇ ਸਮੇਂ ਵਿਆਖਿਆਤਮਕ ਅਤੇ ਇਤਿਹਾਸਕ ਵਿਧੀਆਂ ਦੀ ਵਰਤੋਂ ਕੀਤੀ ਗਈ ਹੈ। ਗਿਆਨੀ ਜੀ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਨੂੰ ਸੰਪਾਦਿਤ ਕਰਨ ਲਈ ਪਾਠ-ਸੰਪਾਦਨ ਵਿਧੀ ਦੀ ਵਰਤੋਂ ਕੀਤੀ ਗਈ ਹੈ।

ਇਥੇ ਇਹ ਉਲੇਖ ਕਰਨਾ ਵੀ ਜਰੂਰੀ ਹੈ ਕਿ ਗਿਆਨੀ ਬਲਵੰਤ ਸਿੰਘ ਜੀ ਦੀਆਂ ਰਚਨਾਵਾਂ, ਅਖ਼ਬਾਰਾਂ ਅਤੇ ਪਤ੍ਰਿਕਾਵਾਂ ਵਿਚੋਂ ਜਿਹੜੇ ਹਵਾਲੇ ਦਿਤੇ ਗਏ ਹਨ ਉਨ੍ਹਾਂ ਦੇ ਸ਼ਬਦ-ਜੋੜਾਂ ਨੂੰ ਮੂਲ ਰੂਪ ਵਿਚ ਹੀ ਰਖਿਆ ਗਿਆ ਹੈ। ਖੋਜ ਨਿਬੰਧ ਦੇ ਤੀਜੇ ਅਧਿਆਇ ਵਿਚ ਤਕਨੀਕੀ ਸ਼ਬਦਾਵਲੀ ਦੇਣ ਲਈ ਫੁਟਨੋਟ ਬਰੈਕਟ ਵਿਚ ਦਿਤੇ ਗਏ ਹਨ ਕਿਉਂਕਿ ਫੁਟਨੋਟਾਂ ਦੀ ਬਹੁਤਾਤ ਹੋਣ ਕਰਕੇ ਉਲਝਨ ਪੈਦਾ ਹੋ ਰਹੀ ਸੀ। ਚੌਥੇ ਅਧਿਆਇ ਵਿਚ ਗਿਆਨੀ ਜੀ ਦੀਆਂ ਰਚਨਾਵਾਂ ਨੂੰ ਮੂਲ ਰੂਪ ਵਿਚ ਛਾਪਿਆ ਗਿਆ ਹੈ। ਇਸ ਵਿਚ ਸ਼ਬਦ-ਜੋੜ ਗਿਆਨੀ ਜੀ ਦੀਆਂ ਹਥ ਲਿਖਤਾਂ ਅਨੁਸਾਰ ਰਖੇ ਗਏ ਹਨ।

ਸਭ ਤੋਂ ਪਹਿਲਾਂ ਮੈਂ ਅਕਾਲਪੁਰਖ ਵਾਹਿਗੁਰੂ ਜੀ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਦੀ ਕਿਰਪਾ ਸਦਕਾ ਇਹ ਕਾਰਜ ਮੁਕੰਮਲ ਹੋਇਆ। ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲੇ ਅਤੇ ਬ੍ਰਹਮ ਗਿਆਨੀ ਸੰਤ ਬਾਬਾ ਰਾਮ ਸਿੰਘ ਜੀ ਗੰਢੂਆਂ ਵਾਲਿਆਂ ਦਾ ਧੰਨਵਾਦ ਜਿਨ੍ਹਾਂ ਦੇ ਅਸ਼ੀਰਵਾਦ ਸਦਕਾ ਵਿਦਿਆ ਦੀ ਲਗਨ ਲੱਗੀ। ਮੇਰੇ ਧੰਨਵਾਦ ਦੇ ਵਿਸ਼ੇਸ਼ ਪਾਤਰ ਡਾ. ਮੁਹੰਮਦ ਹਬੀਬ ਜੀ ਹਨ, ਜੋ ਨਾ ਕੇਵਲ ਮੇਰੇ ਨਿਗਰਾਨ ਹੀ ਹਨ, ਬਲਕਿ ਰਾਹ ਦਸੇਰੇ ਵੀ ਹਨ। ਡਾ. ਗੁਰਮੇਲ ਸਿੰਘ ਜੀ ਦਾ ਵਿਸ਼ੇਸ਼ ਧੰਨਵਾਦ ਜਿਨ੍ਹਾਂ ਨੇ ਵਿਸ਼ੇ ਦੀ ਚੋਣ ਤੋਂ ਲੈ ਕੇ ਖੋਜ ਪ੍ਰਬੰਧ ਦੇ ਸੰਪੂਰਨ ਹੋਣ ਤਕ ਮੇਰੀ ਅਗਵਾਈ ਕਰਦੇ ਰਹੇ। ਮਾਨਯੋਗ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਉਚੇਚੇ ਧੰਨਵਾਦ ਦੇ ਹੱਕਦਾਰ ਹਨ ਜੋ ਮੈਨੂੰ ਸਮੇਂ-ਸਮੇਂ ’ਤੇ ਖੋਜ ਸਮੱਗਰੀ ਉਪਲਬਧ ਕਰਵਾਉਂਦੇ ਰਹੇ, ਮੈਨੂੰ ਇਸ ਗੱਲ ਦਾ ਸਦਾ ਖੇਦ ਰਹੇਗਾ ਕਿ ਮੇਰੀ ਘਰੇਲੂ ਮਜਬੂਰੀ ਕਰਕੇ ਖੋਜ ਪ੍ਰਬੰਧ ਲੇਟ ਹੋ ਗਿਆ ਅਤੇ ਉਹ ਇਸ ਨੂੰ ਨਹੀਂ ਦੇਖ ਸਕੇ। ਗਿਆਨੀ ਜੀ ਦੇ ਸਪੁੱਤਰ ਗਿਆਨੀ ਕੌਰ ਸਿੰਘ ਜੀ ਕੋਠਾ ਗੁਰੂ ਦਾ ਤਹਿ ਦਿਲੋਂ ਧੰਨਵਾਦ ਜੋ ਇਸ ਕਾਰਜ ਲਈ ਮੈਨੂੰ ਸਮੇਂ-ਸਮੇਂ ਤੇ ਸੇਧ ਦਿੰਦੇ ਰਹੇ

ਅਤੇ ਖੋਜ ਸਮੱਗਰੀ ਉਪਲੱਬਧ ਕਰਵਾਉਂਦੇ ਰਹੇ। ਮੈਂ ਆਪਣੇ ਵਿਭਾਗ ਦੀ ਲਾਇਬਰੇਰੀ ਅਤੇ ਭਾਈ ਕਾਨ੍ਹ ਸਿੰਘ ਨਾਭਾ ਲਾਇਬਰੇਰੀ ਦੇ ਅਮਲੇ ਦੀ ਅਹਿਸਾਨਮੰਦ ਹਾਂ, ਜਿਨ੍ਹਾਂ ਨੇ ਸਮੇਂ ਸਿਰ ਪੁਸਤਕਾਂ ਲੱਭ ਕੇ ਦਿਤੀਆਂ ਅਤੇ ਖੋਜ ਕਾਰਜ ਨੂੰ ਸੰਪੂਰਨ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਮੈਂ ਆਪਣੇ ਪਿਤਾ ਸ. ਅਵਤਾਰ ਸਿੰਘ ਅਤੇ ਮਾਤਾ ਸਰਦਾਰਨੀ ਗੁਰਮੀਤ ਕੌਰ ਦਾ ਧੰਨਵਾਦ ਕਰਦੀ ਹਾਂ ਜਿਨ੍ਹਾ ਨੇ ਉਂਗਲ ਫੜ ਕੇ ਸਕੂਲ ਦੇ ਰਾਹ ਪਾਇਆ। ਮੇਰੇ ਭਰਾ ਸ. ਸਤਵੰਤ ਸਿੰਘ ਅਤੇ ਭਰਜਾਈ ਦਵਿੰਦਰ ਕੌਰ ਦਾ ਧੰਨਵਾਦ ਜੋ ਮੈਨੂੰ ਸਦਾ ਹੀ ਕੰਮ ਕਰਨ ਲਈ ਹੱਲਾਸ਼ੇਰੀ ਦਿੰਦੇ ਰਹੇ। ਮੈਂ ਆਪਣੇ ਮਾਤਾ-ਪਿਤਾ ਸਮਾਨ ਸੱਸ-ਸਹੁਰਾ ਸ. ਦਲੇਰ ਸਿੰਘ ਅਤੇ ਸਰਦਾਰਨੀ ਸਰਬਜੀਤ ਕੌਰ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਮੈਨੂੰ ਪਰਿਵਾਰਕ ਜਿੰਮੇਵਾਰੀਆਂ ਤੋਂ ਮੁਕਤ ਰਖਿਆ ਅਤੇ ਮੈਨੂੰ ਖੋਜ ਕਾਰਜ ਲਈ ਸਮਾਂ ਦਿਤਾ। ਮੈਂ ਆਪਣੇ ਜੀਵਨ ਸਾਥੀ ਸ. ਸਤਵੰਤ ਸਿੰਘ ਜੀ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਆਉਂਦੀਆਂ ਮੁਸ਼ਕਿਲਾਂ ਵਿਚ ਮੇਰਾ ਸਾਥ ਦਿਤਾ ਅਤੇ ਮੇਰਾ ਮਨੋਬਲ ਵਧਾਇਆ। ਮੈਂ ਆਪਣੀਆਂ ਸਹੇਲੀਆਂ ਪੂਜਾ ਠਾਕੁਰ, ਡਾ. ਪਰਦੀਪ ਕੌਰ, ਮਨਦੀਪ ਕੌਰ, ਹਰਪ੍ਰੀਤ ਕੌਰ ਕਲੇਰ ਅਤੇ ਹਰਪ੍ਰੀਤ ਕੌਰ ਦਾ ਧੰਨਵਾਦ ਕਰਦੀ ਹਾਂ ਜੋ ਕਿਸੇ ਨਾ ਕਿਸੇ ਰੂਪ ਵਿਚ ਮੇਰੀ ਮਦਦ ਕਰਦੀਆਂ ਰਹੀਆਂ।

ਆਸ ਹੈ ਕਿ ਇਹ ਕਾਰਜ ਗਿਆਨੀ ਜੀ ਦੀ ਸ਼ਖ਼ਸੀਅਤ ਤੇ ਦੇਣ ਨੂੰ ਅਦਬ ਦੁਨੀਆ ਵਿਚ ਯੋਗ ਤਰੀਕੇ ਨਾਲ ਪੇਸ਼ ਕਰੇਗਾ ਅਤੇ ਅਜਿਹੀਆਂ ਸ਼ਖ਼ਸੀਅਤਾਂ ਬਾਰੇ ਅਜਿਹੇ ਕਾਰਜ ਕਰਨ ਲਈ ਹੋਰਨਾਂ ਨੂੰ ਪ੍ਰੇਰੇਗਾ।

ਜਸਪ੍ਰੀਤ ਕੌਰ

ਮਿਤੀ 26/6/22 (ਜਸਪ੍ਰੀਤ ਕੌਰ)

# ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ): ਜੀਵਨ ਤੇ ਸ਼ਖ਼ਸੀਅਤ

**ਵਿਸ਼ਾ ਪ੍ਰਵੇਸ਼:** ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਪ੍ਰਸਿਧ ਇਤਿਹਾਸਕਾਰ, ਵਿਆਖਿਆਕਾਰ ਅਤੇ ਦਾਰਸ਼ਨਿਕ ਸਨ। ਉਨ੍ਹਾਂ ਨੇ ਸਿੱਖ ਚਿੰਤਨ, ਗੁਰਬਾਣੀ ਵਿਆਖਿਆ, ਸਿੱਖ ਇਤਿਹਾਸ, ਵਿਸ਼ੇਸ਼ ਕਰਕੇ ਨਿਰਮਲ ਸੰਪ੍ਰਦਾਇ ਦੇ ਇਤਿਹਾਸ ਦੇ ਖੇਤਰ ਵਿਚ ਪਾਠਕ ਜਗਤ ਨੂੰ ਆਪਣੀਆਂ ਉਚ ਪੱਧਰੀ ਰਚਨਾਵਾਂ ਦਾ ਵਡਮੁਲਾ ਖਜ਼ਾਨਾ ਪ੍ਰਦਾਨ ਕੀਤਾ। ਗਿਆਨੀ ਜੀ ਦੀ ਬਹੁਪੱਖੀ ਪ੍ਰਤਿਭਾ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਉਹ ਵਿਅਕਤੀ ਨਾ ਹੋ ਕੇ ਇਕ ਸੰਸਥਾ ਰੂਪ ਸਨ। ਉਹ ਧਰਮ, ਇਤਿਹਾਸ, ਦਰਸ਼ਨ, ਵੇਦਾਂਤ, ਕਾਵਿ ਅਤੇ ਸਾਹਿਤ ਦੇ ਪ੍ਰਸਿਧ ਵਿਦਵਾਨ ਸਨ। ਉਨ੍ਹਾਂ ਨੇ ਨਿਰਮਲ ਭੇਖ ਦਾ ਡੂੰਘਾ ਅਧਿਐਨ ਕੀਤਾ ਅਤੇ ਸਿੱਖ ਜਗਤ ਵਿਚ ਇਕ ਨਿਰਮਲੇ ਵਿਦਵਾਨ ਕਰਕੇ ਪ੍ਰਸਿਧ ਹੋਏ। ਗਿਆਨੀ ਜੀ ਨਿਰਮਲ ਸੰਪ੍ਰਦਾਇ ਦੀ ਠਾਕੁਰ ਦਿਆਲ ਸਿੰਘ ਸੰਪ੍ਰਦਾਇ[1] ਨਾਲ ਸੰਬੰਧ ਰਖਦੇ ਸਨ। ਆਪ ਪੰਡਿਤ ਸੁੱਚਾ ਸਿੰਘ ਪਿੰਡੀਘੇਬ ਵਾਲਿਆਂ ਦੇ ਸ਼ਿਸ਼ ਸਨ।[2] ਗਿਆਨੀ ਜੀ ਨੇ ਸੰਸਕ੍ਰਿਤ, ਹਿੰਦੀ, ਪੰਜਾਬੀ, ਬ੍ਰਿਜ ਭਾਸ਼ਾ ਵਿਚ ਮੁਹਾਰਤ ਹਾਸਿਲ ਕੀਤੀ ਅਤੇ ਨਾਲ ਹੀ ਉਰਦੂ ਦਾ ਵੀ ਲੋੜੀਂਦਾ ਅਧਿਐਨ ਕੀਤਾ। ਉਨ੍ਹਾਂ ਦਾ ਜੀਵਨ ਸਾਹਿਤਕ ਸੇਵਾ ਨੂੰ ਸਮਰਪਿਤ ਸੀ। ਆਪਣੀ ਜ਼ਿੰਦਗੀ ਦੇ ਲਗਪਗ ਅੱਠ ਦਹਾਕੇ ਅਧਿਐਨ ਦੇ ਖੇਤਰ ਨਾਲ ਜੁੜੇ ਰਹੇ। ਨਿਰਮਲ ਸੰਪ੍ਰਦਾਇ, ਤਖਤ ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਅਤੇ ਸੰਤਾਂ ਮਹਾਂਪੁਰਖਾਂ ਦੇ ਜੀਵਨ ਲਿਖਣ ਵਿਚ ਉਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਨੇ ਗੁਰਮਤਿ ਸਾਹਿਤ ਦਾ ਕੇਵਲ ਅਧਿਐਨ ਹੀ ਨਹੀਂ ਕੀਤਾ ਸਗੋਂ ਗੁਰਮਤਿ ਉਨ੍ਹਾਂ ਦੇ ਸੁਆਸ-ਸੁਆਸ ਵਿਚ ਰਮੀ ਹੋਈ ਸੀ। ਉਨ੍ਹਾਂ ਦੀ ਰਹਿਣੀ-ਬਹਿਣੀ, ਖਾਣ-ਪਹਿਰਾਣ ਸਿੱਖ ਧਰਮ ਅਤੇ ਸਿੱਖ ਮਰਿਯਾਦਾ ਦੇ ਅਨਕੂਲ ਸੀ। ਉਚੇ ਸੁਚੇ ਜੀਵਨ ਵਾਲੇ ਨਿਰਮਲ ਆਤਮਾ, ਸਾਧੂ-ਪੁਰਸ਼, ਨਾਮ ਬਾਣੀ ਦੇ ਅਭਿਆਸੀ, ਪੰਜ ਬਾਣੀਆਂ ਦੇ ਨਿਤਨੇਮੀ ਸਨ। ਪ੍ਰਸਿਧ ਵਿਦਵਾਨ ਹੁੰਦੇ ਹੋਏ ਵੀ ਅਤੀ ਨਿਮਰਤਾ ਵਾਲੇ ਸਨ।

ਇਸ ਅਧਿਆਇ ਵਿਚ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੇ ਜੀਵਨ ਅਤੇ ਵਿਅਕਤੀਤਵ ਬਾਰੇ ਜਾਣਕਾਰੀ ਦਿਤੀ ਜਾਵੇਗੀ ਜਿਸ ਵਿਚ ਗਿਆਨੀ ਜੀ ਨਾਲ ਸੰਬੰਧਿਤ ਵਖ-ਵਖ ਅਖ਼ਬਾਰਾਂ, ਪਤ੍ਰਿਕਾਵਾਂ ਅਤੇ ਪੁਸਤਕਾਂ ਵਿਚ ਛਪੇ ਲੇਖ, ਉਨ੍ਹਾਂ ਨਾਲ ਕੀਤੀਆਂ ਇੰਟਰਵਿਊਜ਼, ਪਰਿਵਾਰਕ ਮੈਂਬਰਾਂ ਤੋਂ ਪ੍ਰਾਪਤ ਜਾਣਕਾਰੀ, ਗਿਆਨੀ ਜੀ ਦੀਆਂ ਲਿਖਤਾਂ, ਚਿੱਠੀ ਪੱਤਰ ਆਦਿ ਨੂੰ ਅਧਾਰ ਬਣਾਇਆ ਗਿਆ ਹੈ। ਇਸ ਅਧਿਆਇ ਨੂੰ ਨਿਮਨਲਿਖਤ ਦੋ ਭਾਗਾਂ ਵਿਚ ਵੰਡਿਆਂ ਗਿਆ ਹੈ:

1.1 ਜੀਵਨ 1.2 ਸ਼ਖ਼ਸੀਅਤ

---

1 ਠਾਕੁਰ ਦਿਆਲ ਸਿੰਘ ਸੰਪ੍ਰਦਾਇ ਦਾ ਨਿਰਮਲ ਭੇਖ ਵਿਚ ਸਤਿਕਾਰਯੋਗ ਸਥਾਨ ਹੈ। ਇਸ ਸੰਪ੍ਰਦਾਇ ਦੀ ਲੜੀ ਪਿਆਰੇ ਧਰਮ ਸਿੰਘ ਤੋਂ ਆਰੰਭ ਹੁੰਦੀ ਹੈ। ਠਾਕੁਰ ਦਿਆਲ ਸਿੰਘ ਇਸ ਸੰਪ੍ਰਦਾਇ ਦੇ ਪ੍ਰਸਿਧ ਮਹਾਂਪੁਰਖ ਹੋਏ ਹਨ ਜਿਨ੍ਹਾਂ ਦੇ ਨਾਂ ਤੇ ਇਹ ਸੰਪ੍ਰਦਾਇ ਪ੍ਰਸਿਧ ਹੋਈ। (ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਸ੍ਰੀ ਨਿਰਮਲ ਪੰਥ ਬੋਧ,* ਪੰਨਾ 724.)

2 ਉਹੀ, ਪੰਨਾ 727.

**1.1 ਜੀਵਨ**: ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਜੀ ਦੇ ਜੀਵਨ ਨੂੰ ਹੇਠਲੇ ਬਿੰਦੂਆਂ ਉਤੇ ਕੇਂਦਰਿਤ ਕੀਤਾ ਗਿਆ ਹੈ:

**ਵੰਸ਼-ਪਿਛੋਕੜ**

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੇ ਪੁਰਖੇ, ਮਾਨ ਗੋਤ ਦੇ ਇਕ ਬਜ਼ੁਰਗ 'ਬਾਬਾ ਖਮਾਰੀ' ਨਾਲ ਸੰਬੰਧ ਰਖਦੇ ਸਨ। ਉਨ੍ਹਾਂ ਦੀ ਵੰਸ਼ (ਮਾਨ ਵੰਸ਼) ਨੂੰ ਇਹ ਮਾਣ ਪ੍ਰਾਪਤ ਸੀ ਕਿ ਇਹ ਵੰਸ਼ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਿੱਖੀ ਨਾਲ ਜੁੜ ਗਿਆ ਸੀ। 'ਭਾਈ ਖਮਾਰੀ' ਨੂੰ 1515 ਈ. ਵਿਚ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ। ਇਸ ਸਮੇਂ ਭਾਈ ਖਮਾਰੀ ਨੇ ਗੁਰੂ ਜੀ ਤੋਂ ਸਿੱਖੀ ਧਾਰਨ ਕੀਤੀ ਸੀ। (ਚੌਥੇ ਥਾਂ) ਭਾਈ ਖਮਾਰੀ ਦਾ ਪੋਤ੍ਰਾ ਭਾਈ ਭਾਗਾ[3] ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੂਰਮਿਆਂ ਵਿਚੋਂ ਇਕ ਸੀ ਜਿਸ ਨੇ ਮੁਗਲਾਂ (ਲਾਲ ਬੇਗ, ਕਮਰ ਬੇਗ ਦੀਆਂ ਫੌਜਾਂ) ਨਾਲ ਜੂਝ ਕੇ ਮਰਾਝ (ਜ਼ਿਲ੍ਹਾ ਬਠਿੰਡਾ) ਦੀ ਜੰਗ ਵਿਚ ਸ਼ਹੀਦੀ ਪਾਈ ਸੀ। ਭਾਈ ਭਾਗਾ ਜੀ ਨੇ ਛੇਵੇਂ ਸਤਿਗੁਰੂ ਨਾਲ ਗੁਰੂਸਰ ਮਰਾਝ ਦੀ ਜੰਗ ਵਿਚ ਵੀ ਹਿੱਸਾ ਲਿਆ। ਸਤਿਗੁਰੂ ਜੀ ਨੇ ਆਪ ਜੀ ਨੂੰ 'ਭਾਈ ਭਾਗਾ ਗੁਰੂ ਕਾ ਸੁਹਾਗਾ' 'ਭਾਗਮਾਨ ਗੁਰੂ ਕੀ ਜਾਨ' ਕਹਿਕੇ ਸਨਮਾਨਿਆ ਤੇ 'ਭਾਈ' ਦਾ ਖਤਾਬ ਦਿਤਾ।[4]

ਭਾਈ ਭਾਗਾ ਜੀ ਦੇ ਸਪੁੱਤਰ ਭਾਈ ਧਰਮ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਭਾਈ ਧਰਮ ਸਿੰਘ ਜੀ ਦੇ ਸਪੁੱਤਰ ਭਾਈ ਦਇਆ ਸਿੰਘ ਜੀ ਨੇ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਬਾਬਾ ਦੀਪ ਸਿੰਘ ਜੀ ਦੇ ਜੱਥੇ ਤੋਂ ਅੰਮ੍ਰਿਤਪਾਨ ਕੀਤਾ। ਸਿੰਘਾਂ ਦੇ ਸੰਕਟ ਕਾਲ (1710 ਤੋਂ 1799) ਸਮੇਂ ਕਾਹਨੂੰਵਾਲ ਦੇ ਛੋਟੇ ਘਲੂਘਾਰੇ ਦੇ ਕਾਰਣ 1746 ਈ. ਵਿਚ ਸਿੰਘ ਮਾਲਵੇ ਵਿਚ ਆਏ। ਦੋ-ਤਿੰਨ ਸੋ ਸਿੰਘਾਂ ਦਾ ਜੱਥਾ ਭਾਈ ਦਇਆ ਸਿੰਘ ਜੀ ਨੇ ਕੋਠਾ ਗੁਰੂ ਦੇ ਜੰਗਲਾਂ ਵਿਚ ਉਤਾਰ ਕੇ ਸੇਵਾ ਸੰਭਾਲ ਕੀਤੀ ਸੀ। ਇਸ ਥਾਂ ਦਾ ਨਾਮ ਅਜ ਵੀ ਖਾਲਸੇ ਵਾਲਾ ਹੈ।[5] ਭਾਈ ਦਇਆ ਸਿੰਘ ਦੇ ਤਿੰਨ ਸਪੁੱਤਰ ਬੁਧ ਸਿੰਘ, ਸਰਦੂਲ ਸਿੰਘ, ਬਾਜਾ ਸਿੰਘ ਹੋਏ। ਬੁਧ ਸਿੰਘ ਦੇ ਘਰ ਇਕ ਪੁੱਤਰ ਸਾਹਿਬ ਸਿੰਘ ਨੇ ਜਨਮ ਲਿਆ। ਸਾਹਿਬ ਸਿੰਘ ਦਾ ਪੁੱਤਰ ਅਤਰ ਸਿੰਘ ਸੀ। ਅਤਰ ਸਿੰਘ ਦੇ ਤਿੰਨ ਪੁੱਤਰ ਹੀਰਾ ਸਿੰਘ (ਗਿਆਨੀ ਜੀ ਦੇ ਦਾਦਾ ਜੀ), ਵਜ਼ੀਰ ਸਿੰਘ, ਜਵਾਹਿਰ ਸਿੰਘ ਹੋਏ। ਸ. ਹੀਰਾ ਸਿੰਘ ਦੇ ਘਰ ਇਕ ਸਪੁੱਤਰ ਬੁੱਘਾ ਸਿੰਘ (ਗਿਆਨੀ ਜੀ ਦੇ ਪਿਤਾ ਜੀ) ਨੇ ਜਨਮ ਲਿਆ। ਸ. ਬੁੱਘਾ ਸਿੰਘ ਆਪਣੇ ਸਮੇਂ ਦਾ 'ਸੌਂਚੀ ਪੱਕੀ' ਦੇ ਪ੍ਰਸਿਧ ਸਨ। ਆਪ ਦੀ ਖੇਡ ਦਾ ਘੇਰਾ ਸਾਰਾ ਉਤਰੀ

3 ਬਾਬਾ ਭਾਗਾ ਮਾਨ ਜੀ ਛੇਵੇਂ ਸਤਿਗੁਰੂ ਦੇ ਅਨਿਨ ਸਿਖ ਤੇ ਪ੍ਰਸਿਧ ਬ੍ਰਹਮ ਗਿਆਨੀ ਸੰਤ ਹੋਏ ਹਨ। ਆਪ ਜਿਸ ਜੰਗਲ ਵਿਚ ਭਜਨ ਤਪਸਿਆ ਨਾਮ ਸਿਮਰਨ ਦਾ ਅਭਿਆਸ ਕਰਦੇ ਸਨ ਉਸ ਦਾ ਨਾਮ ਆਪ ਜੀ ਦੇ ਨਾਮ ਤੇ ਹੁਣ ਤਕ 'ਭਾਗਿਆਣਾ' ਪ੍ਰਸਿਧ ਹੈ। ਜੋ ਕੋਠਾ ਗੁਰੂ ਤੋਂ ਦੋ ਮੀਲ ਪਿੰਡ ਹਮੀਰ ਗੜ੍ਹ ਦੀ ਜੂਹ ਵਿਚ ਹੈ। (ਉਹੀ, *ਕੌਲਸਰ,* ਪੰਨਾ 3).

4 ਉਹੀ, *ਨਿਰਮਲ ਪੰਥ ਦੀ ਗੌਰਵ ਗਾਥਾ,* ਪੰਨਾ 9.

5 ਉਹੀ, ਪੰਨਾ 10.

ਭਾਰਤ ਸੀ। ਆਪ ਸਤਰੰਜ ਦੇ ਵੀ ਮਹਾਨ ਖਿਡਾਰੀ ਸਨ। ਸ. ਬੁੱਘਾ ਸਿੰਘ ਦੇ ਘਰ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਜਨਮ ਲਿਆ।

ਇਸ ਤਰ੍ਹਾਂ ਗਿਆਨੀ ਬਲਵੰਤ ਸਿੰਘ ਜੀ ਬਾਬਾ ਖਮਾਰੀ ਦੀ ਗਿਆਰ੍ਹਵੀ ਵੰਸ਼ ਸਨ। ਬਾਬਾ ਖਮਾਰੀ ਮਾਨ ਗੋਤ ਨਾਲ ਸੰਬੰਧ ਰਖਦੇ ਸਨ। ਮਾਨ ਗੋਤ ਦਾ ਇਤਿਹਾਸ ਗੌਰਵਸ਼ਾਲੀ ਹੈ। ਗਿਆਨੀ ਜੀ ਮਾਨ ਗੋਤ ਨਾਲ ਸੰਬੰਧਿਤ ਹੋਣ ਕਰਕੇ ਬੜਾ ਮਾਣ ਅਨੁਭਵ ਕਰਦੇ ਸਨ। ਗਿਆਨੀ ਜੀ ਨੇ ਮਾਨ ਗੋਤ ਦਾ ਇਤਿਹਾਸ *ਕੋਠਾ ਗੁਰੂ ਦੀ ਗੌਰਵ ਗਾਥਾ* ਪੁਸਕਤ ਵਿਚ ਅੰਕਿਤ ਕੀਤਾ ਹੈ।

ਮਾਨ ਜਗਤ ਪ੍ਰਸਿਧ ਗੋਤ ਹੈ। ਮੱਧ ਏਸ਼ੀਆਂ ਤੋਂ ਮਾਨ ਜਾਤੀ ਦੇ ਕੁਝ ਲੋਕ ਯੂਨਾਨ ਅਤੇ ਯੂਰਪ ਵੱਲ ਚਲੇ ਗਏ। ਜਰਮਨ ਵਿਚ ਵੀ ਮਾਨ, ਭੁੱਲਰ ਅਤੇ ਹੇਅਰ ਗੋਤਾਂ ਦੇ ਲੋਕ ਵਸਦੇ ਸਨ। ਥਾਮਸ ਮਾਨ ਯੂਰਪ ਦਾ ਮਹਾਨ ਸਾਹਿਤਕਾਰ ਸੀ। ਕਨਿਸ਼ਕ ਦੇ ਸਮੇਂ ਵੀ ਪੰਜਾਬ ਵਿਚੋਂ ਮਾਨ ਤੇ ਪਵਾਰ ਵੰਸ਼ ਦੇ ਲੋਕ ਵਸਦੇ ਸਨ।[6]

ਸ਼ੁਰੂ-ਸ਼ੁਰੂ ਵਿਚ ਜੱਟ ਕਬੀਲੇ ਸੂਰਜ, ਚੰਦ ਅਤੇ ਸ਼ਿਵ ਜੀ ਦੀ ਪੂਜਾ ਕਰਦੇ ਸਨ ਇਸ ਕਾਰਨ ਹੀ ਮਾਨ, ਭੁੱਲਰ ਅਤੇ ਹੇਅਰਾਂ ਨੂੰ ਸ਼ਿਵ-ਗੋਤਰੀ ਜੱਟ ਕਿਹਾ ਜਾਂਦਾ ਹੈ। ਮੌੜ ਖਾਨਦਾਨ ਦੇ ਮਾਨ ਮੋਰ ਨੂੰ ਸਤਿਕਾਰ ਦਿੰਦੇ ਸਨ ਕਿਉਂਕਿ ਇਸ ਖਾਨਦਾਨ ਦੇ ਵਡੇਰੇ ਨੂੰ ਬਚਪਨ ਵਿਚ ਮੋਰ ਨੇ ਸੱਪ ਤੋਂ ਬਚਾਇਆ ਸੀ। ਮਾਨ ਭੁੱਲਰ ਤੇ ਹੇਅਰ ਅੱਕ ਨੂੰ ਵੱਢਣਾ ਪਾਪ ਸਮਝਦੇ ਹਨ ਕਿਉਂਕਿ ਅੱਕ ਦੇ ਪੱਤੇ ਸ਼ਿਵਜੀ ਮਹਾਰਾਜ ਨੂੰ ਸ਼ਿਵ ਮੰਦਰ ਵਿਚ ਸ਼ਰਧਾ ਨਾਲ ਭੇਟ ਕੀਤੇ ਜਾਂਦੇ ਸਨ। ਇਹੀ ਕਾਰਨ ਹੈ ਕਿ ਇਹ ਲੋਕ ਸ਼ਿਵ ਜੀ ਨੂੰ ਮਹਾਂਦੇਵ ਮੰਨਦੇ ਹਨ।[7]

ਗਿਆਨੀ ਬਲਵੰਤ ਸਿੰਘ ਮਾਨ ਗੋਤ ਬਾਰੇ ਲਿਖਦੇ ਹਨ, ਬ੍ਰਹਮਾ ਦਾ ਪੋਤਰਾ ਮਨੂ ਸੀ ਜਿਸਨੇ *ਮਨੂ ਸਿਮ੍ਰਤੀ* ਗ੍ਰੰਥ ਦੀ ਰਚਨਾ ਕੀਤੀ ਹੈ। ਭਗਵਾਨ ਮਨੂ ਤੋਂ ਹੀ ਮੈਥਿਨੀ ਸ੍ਰਿਸ਼ਟੀ ਚੱਲੀ। ਮਨੂ ਦੀ ਸੰਤਾਨ ਹੀ ਮਾਨ ਹੈ। ਮਨੂ ਦੀ ਸੰਤਾਨ ਹੋਣ ਕਾਰਨ ਹੀ ਵਿਅਕਤੀ ਨੂੰ ਮਾਨਵ ਕਿਹਾ ਜਾਂਦਾ ਹੈ। ਮਨੁਖ ਸ਼ਬਦ ਹੀ ਮਨੂ ਦੀ ਸੰਤਾਨ ਹੋਣ ਕਰਕੇ ਹੀ ਬਣਿਆ ਹੈ।[8]

ਮਾਲਵੇ ਵਿਚ ਅਨੇਕ ਵੰਸ਼ ਆਪਣਾ ਰਾਜ ਸਥਾਪਿਤ ਕਰਦੇ ਰਹੇ। ਇਨ੍ਹਾਂ ਵਿਚ ਅਗਨੀ ਕੁਲ, ਰਾਜਪੂਤ, ਬਿਕ੍ਰਮ ਵੰਸ਼, ਵਿਸ਼ਨੂਰਾਤ, ਨੰਦ ਵੰਸ਼, ਮੌਰੀਯ ਵੰਸ਼, ਗੁਪਤ ਰਾਜੇ, ਵਰਧਨ ਵੰਸ਼, ਹੂਣ, ਸ਼ਕ, ਸਥੀਅਨ ਆਦਿ ਸ਼ਾਮਿਲ ਹਨ। ਸੰਨ ਈਸਵੀ ਤੋਂ 150 ਸਾਲ ਪਹਿਲਾਂ ਸ਼ਕ ਜਾਤੀ ਦੇ ਆਰੀਆ ਲੋਕ ਅਤੇ ਮਾਨ ਵੰਸ਼ ਕਸ਼ਪਿਅਨ ਸਾਗਰ ਤੋਂ ਸੌਰਾਸ਼ਟਰ, ਮੱਧ ਪ੍ਰਦੇਸ਼, ਰਾਜਸਥਾਨ ਵਿਚ ਦੀ ਮਾਲਵੇ ਵਿਚ ਆਏ। ਇਹ ਉਹੀ ਮਨੂ ਅਤੇ ਤੁਸ਼ਟਾ ਰਿਸ਼ੀ ਦੀ ਸੰਤਾਨ ਸੀ ਜੋ ਦੇਵਾ-ਅਸੁਰ ਸੰਗ੍ਰਾਮ ਸਮੇਂ ਇੰਦਰ ਨੇ ਸਾਰਸ੍ਰਤ ਦੇਸ਼ ਵਿਚੋਂ ਪੱਛਮ ਵੱਲ ਕੱਢ ਦਿਤੀ ਸੀ। ਪਿਤਰੀ ਭੂਮੀ ਦਾ ਮੋਹ ਇਨ੍ਹਾਂ ਦੇ ਹੱਡਾਂ ਵਿਚ ਰਚਿਆ ਹੋਇਆ ਸੀ। ਇਨ੍ਹਾਂ ਦੇ ਵਡਾਰੂਆਂ ਦੁਆਰਾ ਪੁਸ਼ਤ-ਦਰ-

---

6 ਹੁਸ਼ਿਆਰ ਸਿੰਘ ਦਲੇਹ, *ਜੱਟਾਂ ਦਾ ਇਤਿਹਾਸ*, ਪੰਨਾ 148.

7 ਉਹੀ, ਪੰਨਾ 151.

8 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨਾ 23.

ਪ੍ਰਸ਼ਤ ਇਹੀ ਉਪਦੇਸ਼ ਦ੍ਰਿੜ੍ਹ ਕਰਵਾਇਆ ਜਾਂਦਾ ਕਿ ਸ਼ਕਤੀ ਸੰਪੰਨ ਹੋ ਕੇ ਆਪਣੀ ਪਿਤਰੀ ਭੂਮੀ ’ਤੇ ਅਧਿਕਾਰ ਸਥਾਪਿਤ ਕਰਨ।[9] ਨਤੀਜਾ ਇਹ ਨਿਕਲਿਆ ਕਿ ਤੁਸ਼ਟਾ ਰਿਸ਼ੀ ਦੀ ਸੰਤਾਨ ਨੇ ਹਮਲਾ ਕਰ ਕੇ ਆਪਣੀ ਪਿਤ੍ਰ ਭੂਮੀ ਮਾਲਵੇ ’ਤੇ ਅਧਿਕਾਰ ਕਰ ਲਿਆ ਅਤੇ ‘ਮਾਨ ਸੰਘ’ ਦਾ ਸੁਤੰਤਰ ਰਾਜ ਸਥਾਪਿਤ ਕੀਤਾ। ਅਸਲ ਵਿਚ ਮਾਲਵਾ ਮਾਨਾਂ ਦੀ ਜਿੱਤ ਨਾਲ ਹੀ ਮਾਨਵਾ/ਮਾਲਵਾ ਬਣਿਆ। ਵਰਤਮਾਨ ਸਮੇਂ ਵਿਚ ਇਹ ਲਕੋਕਤੀ ਪ੍ਰਚਲਿਤ ਹੈ ਕਿ ‘ਧਰਤੀ ਮਾਨਾਂ ਦੀ’। ਆਕੜਾ ਨਦੀ ਦੇ ਕਿਨਾਰੇ ਉਪਰ ਦੋ ਨਗਰ ‘ਮਾਨ ਵਾਲਾ’ ਅਤੇ ‘ਮਾਨੇਂਦਰਾਪੁਰੀ’ ਮਾਨ ਵੰਸ਼ ਨੇ ਆਬਾਦ ਕੀਤੇ। ਮਾਨੇਂਦਰਾਪੁਰੀ ਵਰਤਮਾਨ ਕੋਠਾ ਗੁਰੂ ਦੇ ਸਥਾਨ ‘ਤੇ ਆਕੜਾ ਨਦੀ ਦੇ ਕਿਨਾਰੇ ’ਤੇ ਸਥਿਤ ਸੀ ਜਿਥੇ ਮਾਨ ਸੰਘ ਦੇ ਰਾਜਿਆਂ ਨੇ ਕਈ ਸਦੀਆਂ ਰਾਜ ਭੋਗਿਆ।[10]

ਗਿਆਨੀ ਬਲਵੰਤ ਸਿੰਘ ਅਨੁਸਾਰ, ‘ਮਾਲਵੇ ਦਾ ਪ੍ਰਸਿਧ ਨਗਰ ਮਾਨੇਂਦਰਾਪੁਰੀ ਬੀਮਾਰੀਆਂ, ਕੁਦਰਤੀ ਆਫਤਾਂ ਅਤੇ ਇਸਲਾਮੀ ਹਮਲਿਆਂ ਕਰਕੇ ਖ਼ਤਮ ਹੋ ਗਿਆ, ਜਿਸਦਾ ਥੇਹ ਕੋਠਾ ਗੁਰੂ ਤੋਂ ਦੋ ਕਿਲੋਮੀਟਰ ਪੂਰਵ ਵਲ ਹੈ ਜਿਸਨੂੰ ਹੁਣ ਮਣਹਾ ਕਹਿੰਦੇ ਹਨ। ਮਾਨੇਂਦਰਾਪੁਰੀ ਦੇ ਖੰਡਰ ‘ਚ ‘ਮਣਹਾ ਨਾਮ ਦੀ ਬਸਤੀ ਕੁਝ ਝੁੱਗੀਆਂ ਦਾ ਸਮੂਹ ਸੀ। ਇਸ ਬਸਤੀ ਵਿਚ ਰਹਿਣ ਵਾਲੇ ਲੋਕ ਜੰਗਲੀ ਜੀਵਨ ਬਤੀਤ ਕਰ ਰਹੇ ਸਨ। ਇਹ ਲੋਕ ਵਿਦਿਆ, ਸਾਹਿਤ ਅਤੇ ਧਰਮ ਪਖੋਂ ਪਛੜੇ ਹੋਏ ਸਨ। ਜਿਵੇਂ ਜਿਵੇਂ ਸਮਾਂ ਲੰਘਦਾ ਗਿਆ ਇਸ ਬਸਤੀ ਦਾ ਵਿਕਾਸ ਹੁੰਦਾ ਗਿਆ ਅਤੇ ਇਹ 40-50 ਘਰਾਂ ਵਾਲਾ ਪਿੰਡ ਬਣ ਗਈ। ਮਾਨ ਵੰਸ਼ ਦੇ ਲੋਕਾਂ ਦੀ ਸ਼ਕਤੀ ਅਤੇ ਆਬਾਦੀ ਵਧਦੀ ਗਈ। ਇਹ (ਮਾਨ ਵੰਸ਼) ਵੰਸ਼ ਬਹੁਤ ਪ੍ਰਸਿਧ ਅਤੇ ਸ਼ਕਤੀ ਸੰਪੰਨ ਹੋਇਆ। ਪਿੰਡ ਕੋਠਾ ਗੁਰੂ ਉਤਰੀ ਭਾਰਤ ਦੇ ਪ੍ਰਸਿਧ ਰਾਜਕੀ ਮਾਰਗ ਉਪਰ ਸੀ, ਜਿਸ ਰਾਹੀਂ ਰਾਜਕੀ ਕਰਮਚਾਰੀ ਅਤੇ ਵਪਾਰੀ ਇਸ ਰਸਤੇ ’ਤੇ ਆਉਂਦੇ ਜਾਂਦੇ ਰਹਿੰਦੇ ਸਨ। ਕਦੀ-ਕਦੀ ਸਾਧੂਆਂ ਦੀਆਂ ਜਮਾਤਾਂ ਵੀ ਲੰਘ ਦੀਆਂ ਰਹਿੰਦੀਆਂ ਸਨ। ਨਵੰਬਰ 1515 ਈ. ਨੂੰ ਗੁਰੂ ਨਾਨਕ ਦੇਵ ਜੀ ਸਰਸੇ ਤੋਂ ਸੁਲਤਾਨਪੁਰ ਜਾਂਦੇ ਹੋਏ ਇਸ ਪਿੰਡ ਵਿਚ ਆਏ ਸਨ। ਇਥੇ ਹੀ ਬਾਬਾ ਖਮਾਰੀ ਜੀ ਨੇ ਗੁਰੂ ਨਾਨਕ ਸਾਹਿਬ ਤੋਂ ਸਿੱਖੀ ਧਾਰਨ ਕੀਤੀ।’[11] ਇਸ ਤਰ੍ਹਾਂ ਗਿਆਨੀ ਜੀ ਦਾ ਸੰਬੰਧ ਉਸ ਇਤਿਹਾਸਕ ਵੰਸ਼ ਨਾਲ ਹੈ, ਜਿਸਦਾ ਇਤਿਹਾਸ ਵਿਚ ਗੁਰੂ ਕੀ ਸੇਵਾ ਕਰਨ ਵਿਚ ਸਤਿਕਾਰਯੋਗ ਸਥਾਨ ਹੈ। ਗਿਆਨੀ ਜੀ ਵਿਚ

---


9 ਭਗਵਾਨ ਮਨੂ ਦੇ ਸਮੇਂ ਵਿਚ ਸਮਰਾਟ ਇੰਦਰ ਨੇ ਕਸ਼ਪਯ ਗੋਤ੍ਰੀ ਮਨੂਬੰਸ ਦੇ ਤੁਸ਼ਟਾ ਰਿਸ਼ੀ ਦੇ ਪੁੱਤਰ ਵਿਸ਼੍ਵਰੂਪ ਨੂੰ ਸੋਮ ਰਸਦੇ ਝਗੜੇ ਦੇ ਕਾਰਣ ਸਰਸ੍ਵਤੀ ਨਦੀ ਦੇ ਕਿਨਾਰੇ ਤੇ ਮਾਰ ਦਿੱਤਾ ਸੀ ਜਿਸ ਕਰਕੇ ਤੁਸ਼ਟਾ ਰਿਸ਼ੀ ਦੇ ਪੁੱਤਰਾਂ ਵ੍ਰਿਤ੍ਰ, ਦਨੂ ਅਤੇ ਦਨਿਯੂ ਇਨ੍ਹਾਂ ਦੇ ਪਾਲਕ ਪੁਤ੍ਰ ਦਾਨਵ ਅਤੇ ਦਾਨਵੀ ਆਦਿਕ ਦਾ 16 ਭਰਾਵਾਂ ਸਹਿਤ ਯੁਧ ਹੋਇਆ। ਯੁੱਧ ਵਿਚ ਇੰਦਰ ਨੇ ਵ੍ਰਿਤ੍ਰ ਨੂੰ ਵੀ ਮਾਰ ਕੇ ਸਦਾ ਲਈ ਤੁਸ਼ਟਾ ਰਿਸ਼ੀ ਦੇ ਵੰਸ਼ ਨੂੰ ਸਾਰਸ੍ਵਤ ਦੇਸ਼ ਵਿਚੋਂ ਕੱਢ ਦਿਤਾ। (ਉਹੀ, *ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨਾ 24.)

10 ਉਹੀ, *ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨਾ 30.

11 ਉਹੀ, ਪੰਨਾ 35.

ਆਪਣੀ ਵੰਸ਼ ਵਾਲੇ ਸਾਰੇ ਗੁਣ ਮੌਜੂਦ ਹਨ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਇਸੇ ਇਤਿਹਾਸਕ ਵੰਸ਼ (ਮਾਨ ਵੰਸ਼) ਵਿਚ ਪੈਦਾ ਹੋਏ।

ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਦੀ ਵੰਸਾਵਲੀ[12]




12 ਉਹੀ, ਪੰਨਾ 223.

**ਜਨਮ ਅਤੇ ਮਾਤਾ ਪਿਤਾ**

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦਾ ਜਨਮ ਇਤਿਹਾਸਕ ਪਿੰਡ ਕੋਠਾ ਗੁਰੂ[13] (ਸਾਬਕਾ ਰਿਆਸਤ ਪਟਿਆਲਾ- ਹੁਣ ਜ਼ਿਲ੍ਹਾ ਬਠਿੰਡਾ) ਵਿਚ 25 ਜੂਨ 1933 ਈ. ਨੂੰ ਸ. ਬੁੱਘਾ ਸਿੰਘ ਮਾਨ ਦੇ ਘਰ ਮਾਤਾ ਵੀਰ ਕੌਰ ਦੀ ਕੁਖੋਂ ਹੋਇਆ। ਇਸ ਇਲਾਕੇ ਨੂੰ ਸਾਰਸ੍ਰਤ ਦੇਸ਼ ਗੁਰੂ ਕਾ ਮਾਲਵਾ ਕਿਹਾ ਜਾਂਦਾ ਸੀ। ਪ੍ਰਾਚੀਨ ਸਮੇਂ ਵਿਚ ਇਹ ਸਾਰੀ ਧਰਤੀ ਜੰਗਲ ਸੀ, ਜਿਵੇਂ-ਜਿਵੇਂ ਮਨੁਖੀ ਸਭਿਅਤਾ ਦਾ ਵਿਕਾਸ ਹੋਇਆ ਮਨੁਖ ਨੇ ਇਨ੍ਹਾਂ ਥਾਵਾਂ ਦੇ ਨਾਂ ਵੀ ਕਲਪ ਲਏ। ਪੁਰਾਤਨ ਗ੍ਰੰਥਾਂ (ਜਿਵੇਂ ਰਾਮਾਯਣ) ਵਿਚ ਜੰਗਲਾਂ ਦੇ ਨਾਮ ਵੀ ਮਿਲਦੇ ਹਨ ਜਿਵੇਂ ਪ੍ਰਯਾਗਰਾਜ ਦਾ ਜੰਗਲ, ਦੰਡਕ ਵਣ, ਸੁੰਦਰ ਵਣ, ਪੰਚਵਟੀ ਵਣ, ਕੁਰੂਕਸ਼ੇਤਰ ਦਾ ਵਣ, ਲੱਖੀ ਜੰਗਲ ਆਦਿ। ਕੁਰੂਕਸ਼ੇਤਰ ਦੇ ਵਣ ਅਤੇ ਲੱਖੀ ਜੰਗਲ ਨੂੰ ਮਾਲਵਾ ਵੀ ਕਿਹਾ ਜਾਂਦਾ ਹੈ। ਮਾਲਵੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗੁਰੂ ਕਾ ਮਾਲਵਾ ਕਹਿ ਕੇ ਵਡਿਆਇਆ ਗਿਆ। ਪ੍ਰਾਚੀਨ ਸਮੇਂ ਤੋਂ ਇਹ ਧਰਤੀ ਸਾਹਿਤ, ਸਭਿਆਚਾਰ, ਸੰਸਕ੍ਰਿਤੀ, ਧਰਮ ਅਤੇ ਵਿਦਿਆ ਦਾ ਕੇਂਦਰ ਰਹੀ ਹੈ। ਸਾਰਸ੍ਰਤੀ ਵਿਦਿਆ ਦੀ ਪ੍ਰਧਾਨ ਨਦੀ ਹੋਣ ਕਰਕੇ ਵਿਦਿਆ ਨੂੰ ਸਰਸ੍ਰਤੀ ਅਤੇ ਇਸ ਦੇਸ਼ ਨੂੰ ਸਾਰਸ੍ਰਤ ਦੇਸ਼ ਵੀ ਕਿਹਾ ਜਾਂਦਾ ਹੈ।[14]

ਗਿਆਨੀ ਜੀ ਦੇ ਪਿਤਾ ਸ. ਬੁੱਘਾ ਸਿੰਘ ਮਾਲਵੇ ਦੇ ਪ੍ਰਸਿਧ ਪਹਿਲਵਾਨ ਸਨ। ਉਨ੍ਹਾਂ ਨੇ ਸੌਂਚੀ ਪੱਕੀ ਦੀ ਖੇਡ ਵਿਚ ਮੁਹਾਰਤ ਹਾਸਿਲ ਕੀਤੀ। ਉਨ੍ਹਾਂ ਦੀ ਖੇਡ ਦਾ ਘੇਰਾ ਸਾਰਾ ਉਤਰੀ ਭਾਰਤ ਸੀ। ਸ. ਬੁੱਘਾ ਸਿੰਘ ਪਹਿਲਵਾਨ ਦਾ ਪਟਿਆਲਾ ਅਤੇ ਫਰੀਦਕੋਟ ਦੇ ਰਾਜ ਦਰਬਾਰਾਂ ਵਿਚ ਸਨਮਾਨਯੋਗ ਸਥਾਨ ਸੀ। ਉਨ੍ਹਾਂ ਦੀ ਖੇਡ ਦਾ ਸਮਾਂ ਸੰਨ 1897 ਈ. ਤੋਂ 1926 ਈ. ਦੇ ਵਿਚਕਾਰ ਦਾ ਹੈ। ਉਹ ਸ਼ਤਰੰਜ ਦੀ ਖੇਡ ਦੇ ਵੀ ਮਹਾਨ ਖਿਡਾਰੀ ਸਨ। ਪਿੰਡ ਦੇ ਲੋਕ 'ਮੱਲ' ਜਾਂ 'ਮੱਲਾ' ਕਹਿ ਕੇ ਬੁਲਾਉਂਦੇ ਸਨ। ਸ਼ਤਰੰਜ ਬਿਰਧ ਅਵਸਥਾ ਵਿਚ ਵੀ ਖੇਡਦੇ ਰਹੇ। 1941 ਈ. ਨੂੰ ਗੁਰਪੁਰੀ ਸਿਧਾਰ ਗਏ।[15]

ਗਿਆਨੀ ਬਲਵੰਤ ਸਿੰਘ ਦੇ ਮਾਤਾ ਵੀਰ ਕੌਰ ਤਖਤ ਮੱਲ ਦੇ ਨਿਵਾਸੀ ਸ. ਕਟਾਰ ਸਿੰਘ ਦੀ ਪੁੱਤਰੀ ਸੀ। ਗਿਆਨੀ ਜੀ ਦੇ ਨਾਨਕਿਆਂ ਦਾ ਪਿਛੋਕੜ ਇਤਿਹਾਸਕ ਪਿੰਡ ਮਰਾਝ ਨਾਲ ਸੰਬੰਧ ਰਖਦਾ ਹੈ। ਉਨ੍ਹਾਂ ਨੇ ਪਿੰਡ ਮਰਾਝ ਤੋਂ ਉਠ ਕੇ ਪਿੰਡ ਤਖਤ ਮੱਲ ਵਸਾਇਆ। ਇਸ ਤਰ੍ਹਾਂ ਗਿਆਨੀ ਜੀ ਦਾ ਨਾਨਕਾ ਪਿੰਡ ਤਖਤ ਮੱਲ ਹੈ। ਤਖਤ ਮੱਲ ਹਰਿਆਣੇ ਵਿਚ ਪੈਂਦਾ ਹੈ ਜੋ ਤਲਵੰਡੀ ਸਾਬੋ ਤੋਂ ਵੀਹ ਕੁ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਨਾਨਕਿਆਂ ਦਾ ਪਰਿਵਾਰ ਸਿੱਧੂ ਗੋਤ ਨਾਲ ਸੰਬੰਧ ਰਖਦਾ ਹੈ। ਗਿਆਨੀ ਜੀ ਦੇ ਨਾਨਾ ਜੀ

---

13 ਇਸ ਪਿੰਡ ਦਾ ਨਾਮਕਰਣ ਦਸਮ ਪਾਤਸ਼ਾਹ ਨੇ ਕੀਤਾ। 1706 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਕੋਠਾ ਗੁਰੂ ਆਏ, ਪਿੰਡ ਦੇ ਬਾਹਰ ਇਕ ਬਾਲਕ ਖੜ੍ਹਾ ਸੀ, ਜੋ ਗੂੰਗਾ ਸੀ। ਗੁਰੂ ਜੀ ਨੇ ਉਸ ਬਾਲਕ ਨੂੰ ਪੁਛਿਆ ਕਿ ਇਸ ਪਿੰਡ ਦਾ ਨਾਮ ਕੀ ਹੈ? ਬਾਲਕ ਗੂੰਗਾ ਹੋਣ ਕਰਕੇ ਬੋਲਣ ਵਿਚ ਅਸਮਰਥ ਸੀ। ਗੁਰੂ ਜੀ ਦੀ ਕਿਰਪਾ ਸਦਕਾ ਉਸ ਵਿਚ ਬੋਲਣ ਦੀ ਸ਼ਕਤੀ ਆ ਗਈ ਅਤੇ ਉਸਨੇ ਕਿਹਾ 'ਕੋਠਾ ਸੋਢੀਆਂ ਦਾ' ਹੈ। ਦਸਮ ਗੁਰੂ ਜੀ ਨੇ ਕਿਹਾ 'ਕੋਠਾ ਸੋਢੀਆਂ ਦਾ' ਨਹੀਂ 'ਕੋਠਾ ਗੁਰੂ ਕਾ ਹੈ। (ਉਹੀ, *ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨਾ 118).

14 ਉਹੀ, *ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨੇ 18-19.

15 ਉਹੀ, ਪੰਨਾ 234.

ਸ. ਕਟਾਰ ਸਿੰਘ ਸਿੱਧੂ ਨੇਕ ਤੇ ਗੁਰਮੁਖ ਬਿਰਤੀ ਦੇ ਇਨਸਾਨ ਸਨ। ਗੁਰਬਾਣੀ ਦੇ ਨਿਤਨੇਮੀ ਤੇ ਚੜ੍ਹਦੀਕਲਾ ਵਿਚ ਰਹਿਣ ਵਾਲੇ ਸਨ। ਗਿਆਨੀ ਜੀ ਦੇ ਚਾਰ ਮਾਮੇ ਸ. ਫੁੰਮਣ ਸਿੰਘ[16], ਉਜਾਗਰ ਸਿੰਘ , ਕਰਮ ਸਿੰਘ ਅਤੇ ਚੰਨਣ ਸਿੰਘ ਸਨ। ਇਸ ਤਰ੍ਹਾਂ ਗਿਆਨੀ ਜੀ ਦਾ ਨਾਨਕਾ ਪਰਿਵਾਰ ਧਾਰਮਿਕ ਪਿਛੋਕੜ ਵਾਲਾ ਸੀ ਜਿਸ ਦਾ ਪ੍ਰਭਾਵ ਉਨ੍ਹਾਂ ਦੀ ਮਾਤਾ ਤੇ ਪੈਣਾ ਸੁਭਾਵਿਕ ਸੀ।

ਗਿਆਨੀ ਜੀ ਦੇ ਮਾਤਾ ਵੀਰ ਕੌਰ ਧਰਮਾਤਮਾ ਅਤੇ ਸੱਚੀ ਸੁੱਚੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ, ਹਿੰਦੂ ਧਰਮ ਗ੍ਰੰਥਾਂ ਅਤੇ ਸੰਤਾਂ ਮਹਾਂਪੁਰਖਾਂ ’ਤੇ ਨਿਸ਼ਚਾ ਰੱਖਣ ਵਾਲੇ ਸਨ। ਪਿੰਡ ਕੋਠਾ ਗੁਰੂ ਵਿਚ ਉਦਾਸੀ ਸੰਤਾਂ ਮਹਾਂਪੁਰਖਾਂ ਦੇ ਡੇਰੇ ਸਨ। ਸੰਤ ਮਹਾਂਪੁਰਖ ਜੋ ਵੀ ਉਪਦੇਸ਼ ਦਿੰਦੇ ਮਾਤਾ ਜੀ ਉਸਨੂੰ ਧਾਰਨ ਕਰ ਲੈਂਦੇ ਸਨ ਜਿਸਦਾ ਪ੍ਰਭਾਵ ਗਿਆਨੀ ਜੀ ਦੀ ਸ਼ਖ਼ਸੀਅਤ ’ਤੇ ਵੀ ਪਿਆ।

ਗਿਆਨੀ ਬਲਵੰਤ ਸਿੰਘ ਸੱਤ ਸਾਲ ਦੇ ਸਨ ਕਿ ਉਨ੍ਹਾਂ ਦੇ ਪਿਤਾ ਅਕਾਲ ਚਲਾਣਾ ਕਰ ਗਏ। ਹੁਣ ਘਰ ਦੀ ਸਾਰੀ ਜਿੰਮੇਵਾਰੀ ਗਿਆਨੀ ਜੀ ਦੀ ਮਾਤਾ ਦੇ ਸਿਰ ’ਤੇ ਆ ਗਈ। ਪਿਤਾ ਦੇ ਅਕਾਲ ਚਲਾਣੇ ਉਪਰੰਤ ਗਿਆਨੀ ਜੀ ਦੇ ਮਾਤਾ ਨੇ ਆਪਣੇ ਭਰਾ ਸ. ਕਰਮ ਸਿੰਘ ਨੂੰ ਕੋਠਾ ਗੁਰੂ ਹੀ ਸੱਦ ਲਿਆ ਜੋ ਗਿਆਨੀ ਜੀ ਦੇ ਜਵਾਨ ਹੋਣ ਤਕ ਇਥੇ ਹੀ ਰਹੇ। ਗਿਆਨੀ ਜੀ ਦੇ ਮਾਤਾ ਨੇ ਪਤੀ ਦੇ ਅਕਾਲ ਚਲਾਣੇ ਨੂੰ ਅਕਾਲ ਪੁਰਖ ਦਾ ਭਾਣਾ ਮੰਨਿਆ ਅਤੇ ਅਡੋਲ ਰਹੇ। ਮਾਤਾ ਜੀ ਦ੍ਰਿੜ੍ਹ ਇਰਾਦੇ ਵਾਲੇ ਸਨ, ਘਬਰਾਏ ਨਹੀਂ ਅਤੇ ਉਨ੍ਹਾਂ ਗਿਆਨੀ ਜੀ ਦੀ ਸਰੀਰਕ ਅਤੇ ਧਾਰਮਿਕ ਪ੍ਰਪਕਤਾ ਵਲ ਪੂਰਾ ਧਿਆਨ ਦਿਤਾ। ਗਿਆਨੀ ਜੀ ਦੇ ਮਾਮਾ ਸ. ਕਰਮ ਸਿੰਘ ਦਿਆਲੂ ਤੇ ਨੇਕ ਇਨਸਾਨ ਸਨ। ਉਹ ਸਾਧੂ ਸੁਭਾ ਵਾਲੇ ਗੁਰਬਾਣੀ ਦੇ ਪ੍ਰੇਮੀ ਤੇ ਨਾਮ ਦੇ ਰਸੀਏ ਗੁਰਮੁਖ ਵਿਅਕਤੀ ਸਨ। ਬਚਪਨ ਦਾ ਕਾਫੀ ਸਮਾਂ ਗਿਆਨੀ ਜੀ ਨੇ ਆਪਣੇ ਮਾਮਾ ਜੀ ਨਾਲ ਹੀ ਗੁਜ਼ਾਰਿਆ। ਸ. ਕਰਮ ਸਿੰਘ ਬਾਲਕ ਬਲਵੰਤ ਸਿੰਘ ਨੂੰ ਗੁਰਮਤਿ ਦੀ ਸਿਖਿਆ ਦਿੰਦੇ ਰਹਿੰਦੇ। ਇਸ ਤਰ੍ਹਾਂ ਗਿਆਨੀ ਜੀ ਨੂੰ ਬਚਪਨ ਵਿਚ ਅਜਿਹੀ ਮਾਨਵਵਾਦੀ ਸੋਚ ਪ੍ਰਾਪਤ ਹੋਈ ਕਿ ਉਨ੍ਹਾਂ ਨੇ ਸਾਰੀ ਜ਼ਿੰਦਗੀ ਲੋਕ ਭਲਾਈ ਦੇ ਕੰਮਾਂ ਵਿਚ ਲਗਾ ਦਿਤੀ।

**ਵਿਦਿਆ**

ਗਿਆਨੀ ਜੀ ਦੇ ਅੰਦਰ ਨਿੱਕੇ ਹੁੰਦਿਆਂ ਹੀ ਵਿਦਿਆ ਗ੍ਰਹਿਣ ਕਰਨ ਦੀ ਲਗਨ ਸੀ। ਉਨ੍ਹਾਂ ਨੇ ਕਦੇ ਆਪਣੇ ਪਿਤਾ ਜੀ ਵਾਂਗ ਪਹਿਲਵਾਨੀ ਕਰਨ ਬਾਰੇ ਨਹੀਂ ਸੋਚਿਆ। ਉਨ੍ਹਾਂ ਸਮਿਆਂ ਵਿਚ ਸਕੂਲ ਬਹੁਤ ਘੱਟ ਹੁੰਦੇ ਸਨ। ਵਿਦਿਆ ਡੇਰਿਆਂ, ਮੰਦਰਾਂ, ਮਸੀਤਾਂ ਵਿਚ ਦਿਤੀ ਜਾਂਦੀ ਸੀ। ਪੰਜਾਬ ਵਿਚ ਡੇਰਿਆਂ ਦੇ ਨਿਰਮਲੇ ਅਤੇ ਉਦਾਸੀ ਸੰਤ ਗੁਰਮੁਖੀ ਪੜ੍ਹਾਉਂਦੇ ਸਨ। ਮਸੀਤਾਂ ਵਿਚ ਉਰਦੂ, ਫ਼ਾਰਸੀ ਅਰਬੀ ਅਤੇ ਕੁਰਾਨ

---

16 ਗਿਆਨੀ ਜੀ ਦੇ ਮਾਮੇ ਸ. ਫੁੰਮਣ ਸਿੰਘ ਦਾ ਪੁਤਰ ਸ. ਕਰਨੈਲ ਸਿੰਘ ਉਦਾਸੀਨ ਸੰਤ ਸਵਾਮੀ ਕੇਵਲਾਨੰਦ ਦੇ ਨਾਮ ਨਾਲ ਪ੍ਰਸਿਧ ਹੋਇਆ। ਸਵਾਮੀ ਕੇਵਲਾਨੰਦ ਸੰਸਕ੍ਰਿਤ ਦੇ ਵਿਦਵਾਨ ਸਨ ਅਤੇ ਉਨ੍ਹਾਂ ਨੂੰ ਗੀਤਾ ਜੁਬਾਨੀ ਯਾਦ ਸੀ। ਉਨ੍ਹਾਂ ਨੇ ਆਪਣੇ ਜੀਵਨ ਦਾ ਵਧੇਰੇ ਸਮਾਂ ਗੀਤਾ ਭਵਨ ਨਵਾਂ ਸ਼ਹਿਰ ਵਿਖੇ ਬਤਾਇਆ। (3-11-2014 ਦੀ ਇੰਟਰਵਿਊ ਦੌਰਾਨ ਪ੍ਰਾਪਤ ਜਾਣਕਾਰੀ ਅਨੁਸਾਰ)

ਪੜ੍ਹਾਇਆ ਜਾਂਦਾ ਸੀ। ਗੁਰਮੁਖੀ ਦੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾਇਆ ਜਾਂਦਾ ਸੀ। ਸ਼ਹਿਰਾਂ ਵਿਚ ਉੱਚ ਵਿਦਿਆ ਦੀ ਪ੍ਰਾਪਤੀ ਲਈ ਵਿਦਿਆਲੇ ਸਨ। ਗੁਰਮੁਖੀ ਦੀ ਉੱਚ ਵਿਦਿਆ ਦਮਦਮਾ ਸਾਹਿਬ, ਗੁਰੂ ਕੀ ਕਾਸ਼ੀ ਅਤੇ ਅੰਮ੍ਰਿਤਸਰ ਵਿਚ ਪੜ੍ਹਾਈ ਜਾਂਦੀ ਸੀ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਸਕੂਲ, ਕਾਲਜ ਖੁਲ੍ਹਣੇ ਆਰੰਭ ਹੋਏ। ਲੋਕਾਂ ਦੀ ਵੀ ਪੜ੍ਹਾਈ ਵੱਲ ਰੁਚੀ ਹੋਈ। ਲੋਕ ਸਰਕਾਰੀ ਸਕੂਲਾਂ ਦੀ ਮੰਗ ਕਰਨ ਲਗੇ। ਪਿੰਡ ਕੋਠਾ ਗੁਰੂ ਰਿਆਸਤ ਪਟਿਆਲਾ ਵਿਚ ਹੋਣ ਕਰਕੇ ਰਿਆਸਤ ਵਲੋਂ ਇਥੇ ਉਨੀਵੀਂ ਸਦੀ ਦੇ ਅੰਤਿਮ ਦਹਾਕੇ ਵਿਚ ਪ੍ਰਾਇਮਰੀ ਸਕੂਲ ਸ਼ੁਰੂ ਹੋ ਗਿਆ ਸੀ। ਆਰਜ਼ੀ ਤੌਰ 'ਤੇ ਸਕੂਲ ਬਜ਼ਾਰ ਵਿਚ ਆਰੰਭ ਕੀਤਾ ਗਿਆ। ਉਸ ਸਮੇਂ ਸਕੂਲ ਨੂੰ ਮਦਰੱਸਾ ਕਹਿੰਦੇ ਸਨ। ਪਹਿਲੀ ਤੋਂ ਉਰਦੂ ਵਿਚ ਵਿਦਿਆ ਪੜ੍ਹਾਈ ਜਾਂਦੀ ਸੀ।[17]

ਗਿਆਨੀ ਜੀ ਰਸਮੀ ਸਿੱਖਿਆ ਪਖੋਂ ਲਗਭਗ ਕੋਰੇ ਹੀ ਰਹੇ। ਸਾਰੀ ਵਿਦਿਆ ਸਾਧੂ-ਸੰਤਾਂ ਦੇ ਡੇਰਿਆਂ ਵਿਚੋਂ ਪ੍ਰਾਪਤ ਕੀਤੀ। ਗਿਆਨੀ ਜੀ ਨੂੰ ਰਸਮੀ ਸਿਖਿਆ ਲਈ ਪਿੰਡ ਦੇ ਸਕੂਲ ਵਿਚ ਦਾਖ਼ਲ ਕਰਵਾਇਆ ਗਿਆ। ਸਕੂਲ ਵਿਚ ਦਸ-ਪੰਦਰਾਂ ਦਿਨ ਹੀ ਗਏ ਸਨ ਕਿ ਗਿਆਨੀ ਜੀ ਦੇ ਮਾਤਾ ਜੀ ਨੇ ਸਕੂਲ ਤੋਂ ਹਟਾ ਕੇ ਪਿੰਡ ਕੋਠਾ ਗੁਰੂ ਦੇ ਡੇਰੇ 'ਡੇਰਾ ਬਣਾ ਵਾਲਾ'[18] ਵਿਚ ਵਿਦਿਆ ਹਾਸਿਲ ਕਰਨ ਲਈ ਭੇਜਿਆ। ਜਿਵੇਂ ਅਸੀਂ ਉਪਰ ਜ਼ਿਕਰ ਕੀਤਾ ਹੈ ਕਿ ਗਿਆਨੀ ਜੀ ਦੇ ਮਾਤਾ ਜੀ ਧਾਰਮਿਕ ਬਿਰਤੀ ਵਾਲੇ ਅਤੇ ਧਰਮ ਗ੍ਰੰਥਾਂ ਵਿਚ ਨਿਸ਼ਚਾ ਰੱਖਣ ਵਾਲੇ ਸਨ। ਗਿਆਨੀ ਜੀ ਨੇ 3-11-2014 ਨੂੰ ਇੰਟਰਵਿਊ ਦੌਰਾਨ ਦਸਿਆ ਕਿ ਇਕ ਵਾਰ ਉਹ ਆਪਣੇ ਮਾਤਾ ਜੀ ਅਤੇ ਹੋਰ ਗੁਆਂਢ ਦੀਆਂ ਔਰਤਾਂ ਨਾਲ ਘਰ ਦੇ ਬਾਹਰ ਗਲੀ ਵਿਚ ਬੈਠੇ ਸਨ ਕਿ ਇਕ ਪਾਂਡਾ (ਪੰਡਿਤ) ਆਇਆ। ਸਾਰੀਆਂ ਔਰਤਾਂ ਉਸ ਨੂੰ ਹੱਥ ਵਿਖਾਉਣ ਲੱਗੀਆਂ। ਗਿਆਨੀ ਜੀ ਦੇ ਮਾਤਾ ਜੀ ਨੇ ਪਾਂਡੇ ਨੂੰ ਕਿਹਾ, 'ਪੰਡਿਤ ਜੀ ਮੇਰੇ ਮੁੰਡੇ ਦਾ ਵੀ ਹੱਥ ਦੇਖੋ'। ਪੰਡਿਤ ਨੇ ਗਿਆਨੀ ਬਲਵੰਤ ਸਿੰਘ ਦਾ ਹੱਥ ਵੇਖ ਕੇ ਮਾਤਾ ਜੀ ਨੂੰ ਕਿਹਾ ਕਿ ਇਸ ਬਾਲਕ ਨੂੰ 'ਧਾਰਮਿਕ ਇਲਮ' ਪੜ੍ਹਾਇਆ ਜਾਵੇ। ਇਸ ਤਰ੍ਹਾਂ ਮਾਤਾ ਜੀ ਨੇ ਆਪਣੇ ਪੁੱਤਰ ਨੂੰ ਸਕੂਲੋਂ ਹਟਾ ਕੇ ਪਿੰਡ ਵਿਚ ਹੀ ਡੇਰਾ ਬਣਾ ਵਾਲਾ ਵਿਚ ਸੰਤ ਵੈਰਾਗ ਪੁਰੀ ਜੀ ਕੋਲ ਵਿਦਿਆ ਪ੍ਰਾਪਤੀ ਲਈ ਭੇਜਿਆ।[19] ਸੰਤ ਵੈਰਾਗ ਪੁਰੀ ਜੀ[20] ਕੋਲੋਂ ਗਿਆਨੀ ਜੀ ਨੇ ਪੌਰਾਣਿਕ ਹਿੰਦੀ ਸਾਹਿਤ ਦਾ ਅਧਿਐਨ ਕੀਤਾ ਜਿਸ ਵਿਚ 10 ਪ੍ਰਕਾਰ ਦੀ ਰਾਮਾਇਣ,

---

17 ਗਿਆਨੀ ਬਲਵੰਤ ਸਿੰਘ, *ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨਾ 175.

18 ਇਹ ਡੇਰਾ ਪਿੰਡ ਕੋਠਾ ਗੁਰੂ ਤੋਂ ਇਕ ਕਿਲੋਮੀਟਰ ਪੂਰਵ ਵਲ ਹੈ। ਇਸ ਡੇਰੇ ਨੂੰ ਸੰਤ ਨਿਸ਼ਚਲ ਦਾਸ ਜੀ ਨੇ ਕਾਇਮ ਕੀਤਾ। ਇਥੇ ਰਹਿੰਦੇ ਹੋਏ ਆਪਣੀ ਸ੍ਵੈ-ਇੱਛਾ ਨਾਲ ਹਰਿਦ੍ਵਾਰ ਨੂੰ ਚਲੇ ਗਏ ਅਤੇ ਗੰਗਾ ਵਿਚ ਜਲ ਸਮਾਧੀ ਲੈ ਲਈ। ਕੁਝ ਸਮਾਂ ਡੇਰਾ ਖਾਲੀ ਪਿਆ ਰਿਹਾ। ਸੰਨ 1915-16 ਈ. ਵਿਚ ਸੰਤ ਵੈਰਾਗਪੁਰੀ ਜੀ ਇਥੇ ਆਣ ਰਹੇ ਅਤੇ ਅੰਤਮ ਸਵਾਸਾਂ (1948 ਈ.) ਤਕ ਰਹੇ। (ਉਹੀ, *ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨਾ 187).

19 3-11-2014 ਨੂੰ ਕੀਤੀ ਇੰਟਰਵਿਊ ਦੌਰਾਨ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਤੋਂ ਮਿਲੀ ਜਾਣਕਾਰੀ।

20 ਸੰਤ ਵੈਰਾਗ ਪੁਰੀ ਜੀ 1857 ਦੇ ਗਦਰੀ ਸਨ ਜੋ ਗਦਰ ਦੇ ਅਸਫਲ ਹੋ ਜਾਣ ਕਾਰਨ ਪੰਜਾਬ ਵਿਚ ਆ ਗਏ ਅਤੇ ਅੰਤਿਮ ਸਮੇਂ ਤਕ ਕੋਠਾ ਗੁਰੂ ਹੀ ਰਹੇ। ਸੰਤ ਵੈਰਾਗ ਪੁਰੀ ਸੰਸਕ੍ਰਿਤ, ਬ੍ਰਜ ਭਾਸ਼ਾ, ਵੇਦਾਂਤ, ਇਤਿਹਾਸ, ਮਿਥਿਹਾਸ ਦੇ ਪੂਰਨ ਵਿਦਵਾਨ ਸਨ। (ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨਾ 187).

ਮਹਾਂਭਾਰਤ, 18 ਪੁਰਾਣ, ਚੰਦਰ ਪ੍ਰਬੋਧ, ਹਨੂੰਮਾਨ ਨਾਟਕ, ਵਿਚਾਰਮਾਲਾ ਆਦਿ ਅਨੇਕ ਗ੍ਰੰਥ ਸ਼ਾਮਲ ਸਨ। ਪੜ੍ਹਾਈ ਦੇ ਨਾਲ-ਨਾਲ ਗਿਆਨੀ ਜੀ ਆਪਣੇ ਮਾਮਾ ਕਰਮ ਸਿੰਘ ਨਾਲ ਘਰ ਦੇ ਕੰਮ-ਕਾਰ ਵਿਚ ਵੀ ਹੱਥ ਵਟਾਉਂਦੇ ਸਨ। ਸਵੇਰੇ ਵਿਦਿਆ ਅਧਿਐਨ ਲਈ ਡੇਰੇ ਚਲੇ ਜਾਂਦੇ ਅਤੇ ਸ਼ਾਮ ਨੂੰ ਆਉਣ ਸਮੇਂ ਖੇਤਾਂ ਵਿਚੋਂ ਪੱਠੇ ਵੱਢ ਕੇ ਲਿਆਉਂਦੇ। ਘਰ ਵਿਚ ਪਸ਼ੂ ਰੱਖੇ ਹੋਏ ਸਨ ਜਿਨ੍ਹਾਂ ਦੀ ਸਾਂਭ-ਸੰਭਾਲ ਗਿਆਨੀ ਬਲਵੰਤ ਸਿੰਘ ਦੇ ਮਾਮਾ ਜੀ ਕਰਦੇ ਸਨ। ਘਰ ਦੇ ਆਰਥਿਕ ਹਾਲਾਤ ਬਹੁਤੇ ਚੰਗੇ ਨਹੀਂ ਸਨ। ਅਜਿਹੇ ਹਾਲਾਤਾਂ ਵਿਚ ਵੀ ਗਿਆਨੀ ਜੀ ਨੇ ਆਪਣੀ ਵਿਦਿਅਕ ਰੁਚੀ ਨੂੰ ਘਟ ਨਾ ਹੋਣ ਦਿਤਾ ਸਗੋਂ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ ਵਿਦਿਆ ਪ੍ਰਾਪਤੀ ਦੀ ਲਗਨ ਹੋਰ ਵਧਦੀ ਗਈ। 'ਡੇਰਾ ਬਣਾ ਵਾਲਾ' ਵਿਚ ਭਗਤ ਕਾਕੂ[21] ਜੀ ਜੋ ਕੋਠਾ ਗੁਰੂ ਦੇ ਵਸਨੀਕ ਸਨ ਸੰਤ ਵੈਰਾਗਪੁਰੀ ਜੀ ਕੋਲ ਰਹਿੰਦੇ ਸਨ। ਇਨ੍ਹਾਂ ਕੋਲੋ ਗਿਆਨੀ ਜੀ ਨੇ ਗੁਰਮੁਖੀ ਅਤੇ ਗੁਰਬਾਣੀ ਦਾ ਅਧਿਐਨ ਕੀਤਾ। ਗਿਆਨੀ ਜੀ ਉਸ ਸਮੇਂ ਸੰਤ ਵੈਰਾਗਪੁਰੀ ਜੀ ਦੇ ਡੇਰੇ ਵਿਦਿਆ ਪ੍ਰਾਪਤੀ ਲਈ ਜਾਂਦੇ ਸਨ ਕਿ 1947 ਦਾ ਦੁਖਾਂਤ ਵਾਪਰ ਗਿਆ। ਗਿਆਨੀ ਜੀ ਦੇ ਮਾਤਾ ਜੀ ਨੇ ਇਕਲੌਤਾ ਪੁੱਤਰ ਹੋਣ ਕਰਕੇ ਗਿਆਨੀ ਜੀ ਨੂੰ ਡੇਰੇ ਵਿਚੋਂ ਹਟਾ ਲਿਆ।

ਮਾਹੌਲ ਥੋੜ੍ਹਾ ਠੀਕ ਹੋ ਜਾਣ ਉਪਰੰਤ ਗਿਆਨੀ ਜੀ ਨੂੰ ਕੋਠਾ ਗੁਰੂ ਵਿਚ ਹੀ ਉਦਾਸੀਨ ਸੰਪ੍ਰਦਾਇ ਦੇ ਡੇਰੇ ਵਿਚ ਸੰਤ ਧਰਮ ਦਾਸ ਜੀ ਕੋਲ ਪੜ੍ਹਨ ਲਈ ਭੇਜਿਆ ਗਿਆ। ਉਦਾਸੀਆਂ ਦਾ ਇਹ ਡੇਰਾ ਕੋਠਾ ਗੁਰੂ ਦੇ ਪ੍ਰਾਚੀਨ ਸਥਾਨਾਂ ਵਿਚੋਂ ਇਕ ਹੈ। ਸੰਤ ਧਰਮ ਦਾਸ ਜੀ ਗੁਰਮੁਖੀ, ਬ੍ਰਜ ਭਾਸ਼ਾ ਦੇ ਵਿਦਵਾਨ ਸਨ ਅਤੇ ਗੁਰਬਾਣੀ ਦਾ ਪਾਠ ਬਹੁਤ ਸ਼ੁਧ ਕਰਦੇ ਸਨ। ਗਿਆਨੀ ਜੀ ਨੇ ਇਨ੍ਹਾਂ ਪਾਸੋਂ ਬ੍ਰਜ ਭਾਸ਼ਾ ਦੇ ਗ੍ਰੰਥਾਂ ਦਾ ਅਧਿਐਨ ਕੀਤਾ।[22]

ਗਿਆਨੀ ਜੀ ਨੇ ਪਿੰਗਲ ਦੀ ਵਿਦਿਆ ਸੰਤ ਸ਼ੁੱਧ ਪ੍ਰਕਾਸ਼ ਪਾਸੋਂ ਹਾਸਲ ਕੀਤੀ। ਸੰਤ ਸ਼ੁੱਧ ਪ੍ਰਕਾਸ਼ ਇਕ ਵਿਰੱਤਕ ਸਾਧੂ ਸਨ ਜੋ ਕੋਠਾ ਗੁਰੂ ਵਿਚ ਛੇ-ਸੱਤ ਮਹੀਨੇ ਰਹੇ। ਗਿਆਨੀ ਜੀ ਨੇ ਦਸਿਆ ਕਿ ਅਸਲ ਵਿਚ ਪਿੰਗਲ ਇਕ ਰਿਸ਼ੀ ਦਾ ਨਾਂ ਸੀ। ਕਾਵਿਕ ਵਿਦਿਆ ਦਾ ਅਸਲੀ ਨਾਂ ਛੰਦ ਸ਼ਾਸ਼ਤਰ ਹੈ ਪਰ ਸਮੇਂ ਦੇ ਗੇੜ ਨਾਲ ਲੇਖਕਾਂ ਤੇ ਕਵੀਆਂ ਨੇ ਪਿੰਗਲ ਰਿਸ਼ੀ ਦੇ ਨਾਂ 'ਤੇ ਹੀ ਇਸ ਵਿਦਿਆ ਨੂੰ ਛੰਦ ਸ਼ਾਸ਼ਤਰ ਦੀ ਬਜਾਏ ਪਿੰਗਲ ਦਾ ਗਿਆਨ ਕਹਿਣਾ ਸ਼ੁਰੂ ਕਰ ਦਿਤਾ।[23] ਇਥੇ ਗਿਆਨੀ ਜੀ ਪਿੰਗਲ ਕਾਵਯ ਦੇ ਗ੍ਰੰਥਾਂ ਦਾ ਅਧਿਐਨ ਕਰਦੇ ਰਹੇ। ਕਵਿਤਾ ਬਹੁਤ ਸੋਹਣੀ ਲਿਖਣ ਲਗ ਗਏ ਸਨ। ਗਿਆਨੀ ਜੀ ਨੇ 14 ਸਾਲ ਦੀ ਉਮਰ ਵਿਚ ਪਹਿਲੀ ਕਵਿਤਾ 'ਸਿੰਘ ਨੂੰ ਹਲੂਣਾ' ਲਿਖੀ ਜੋ *ਨਿਹੰਗ ਸਿੰਘ ਸੰਦੇਸ਼* ਪਤ੍ਰਿਕਾ ਵਿਚ ਛਪੀ।

---

21 ਭਗਤ ਕਾਕੂ ਜੀ ਆਪਣੇ ਸਮੇਂ ਦੇ ਪੰਜਾਬੀ, ਹਿੰਦੀ, ਬ੍ਰਜ ਭਾਸ਼ਾ ਦੇ ਵਿਦਵਾਨ ਸਨ। ਤੁਲਸੀ ਰਾਮਾਇਣ ਨੂੰ ਰਾਗ ਵਿਚ ਪੜ੍ਹਦੇ ਸਨ। ਸੁਖਮਨੀ ਸਾਹਿਬ ਅਤੇ ਨੌਵੇਂ ਮਹਲੇ ਦੇ ਸਲੋਕਾਂ ਦਾ ਨਿਤਨੇਮ ਨਾਲ ਪਾਠ ਕਰਦੇ ਸਨ। ਵਿਚਾਰਸਾਗਰ ਅਤੇ ਹੋਰ ਅਨੇਕਾਂ ਗ੍ਰੰਥਾਂ ਦਾ ਅਧਿਐਨ ਕੀਤਾ ਹੋਇਆ ਸੀ। (ਉਹੀ, *ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨਾ 187).

22 ਉਹੀ, *ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨਾ 184.

23 ਬਲਵਿੰਦਰ ਸਿੰਘ (ਸੰਪਾ), *ਪਹਿਰੇਦਾਰ*, ਅੰਕ 41, ਲੁਧਿਆਣਾ, 17 ਨਵੰਬਰ 2016 ਪੰਨਾ 5.

ਗਿਆਨੀ ਜੀ ਨੇ 1953 ਈ. ਵਿਚ ਧਾਰਮਿਕ ਮਹਾਂ ਵਿਦਿਆਲਯ ਅਮਰਗੜ੍ਹ (ਬਠਿੰਡਾ) ਤੋਂ ਗਿਆਨੀ ਕੀਤੀ।[24] ਇਥੇ ਗਿਆਨੀ ਜੀ ਦੋ ਸਾਲ (1-4-1951 ਤੋਂ 31-3-1953) ਪੜ੍ਹੇ। ਦਸਮ ਬਾਣੀ ਦਾ ਅਰਥ ਬੋਧ ਬਾਬੂ ਚੰਦਾ ਸਿੰਘ ਜੀ ਪਾਸੋਂ ਪੜ੍ਹਿਆ। ਬਾਬੂ ਚੰਦਾ ਸਿੰਘ ਨੇ ਬਾਬੂ ਤੇਜਾ ਸਿੰਘ ਜੀ ਤੋਂ ਬਾਅਦ ਪੰਚ ਖੰਡ ਖ਼ਾਲਸਾ ਦੀਵਾਨ ਦੀ ਸੇਵਾ ਕੀਤੀ। ਪੰਚ ਖ਼ਾਲਸਾ ਦੀਵਾਨ ਦੇ ਸਿਧਾਂਤਾ, ਗ੍ਰੰਥਾਂ ਅਤੇ ਅਖ਼ਬਾਰਾਂ ਦਾ ਪ੍ਰਚਾਰ ਕਰਦੇ ਸਨ। ਆਪ ਨੇ ਪੰਚ ਖ਼ਾਲਸਾ ਦੀਵਾਨ ਦੇ ਸਕੱਤਰ ਦੇ ਤੌਰ ਤੇ ਸੇਵਾ ਨਿਭਾਈ। 1948 ਈ. ਵਿਚ ਮੁੜ *ਖ਼ਾਲਸਾ ਪਾਰਲੀਮੈਂਟ ਗਜ਼ਟ* ਮਾਸਿਕ ਪਤ੍ਰ ਆਰੰਭ ਕੀਤਾ ਅਤੇ 'ਖ਼ਾਲਸਾ ਕੁਆਰੀ ਕਾਲਜ' ਦੁਬਾਰਾ ਸ਼ੁਰੂ ਕੀਤਾ। ਗਿਆਨੀ ਜੀ 20-25 ਸਾਲ ਬਾਬੂ ਚੰਦਾ ਸਿੰਘ ਜੀ ਦੇ ਸੰਪਰਕ ਵਿਚ ਰਹੇ ਅਤੇ ਪੰਥਕ ਸਰਗਰਮੀਆਂ ਵਿਚ ਅਹਿਮ ਭੂਮਿਕਾ ਨਿਭਾਉਂਦੇ ਰਹੇ।[25]

ਇਸ ਤੋਂ ਉਪਰੰਤ ਗਿਆਨੀ ਜੀ ਵਿਦਿਆ ਪ੍ਰਾਪਤੀ ਲਈ ਬੁੰਗਾ ਮਸਤੂਆਣਾ, ਤਲਵੰਡੀ ਸਾਬੋ ਚਲੇ ਗਏ। ਇਥੇ ਗਿਆਨੀ ਜੀ ਦੇ ਵਿਦਿਆ ਗੁਰੂ ਗਿਆਨੀ ਚੰਨਣ ਸਿੰਘ ਗੁਰਨੇ ਕਲਾਂ ਵਾਲੇ[26] ਅਤੇ ਪੰਡਿਤ ਕਰਤਾਰ ਸਿੰਘ ਦਾਖਾ ਸਨ। ਇਥੇ ਸੂਰਜ ਪ੍ਰਕਾਸ਼, ਪ੍ਰਾਚੀਨ ਪੰਥ ਪ੍ਰਕਾਸ਼, ਵਾਰਾਂ ਭਾਈ ਗੁਰਦਾਸ, ਨਿਰਮਲ ਪੰਥ ਦਾ ਇਤਿਹਾਸ ਅਤੇ ਹੋਰ ਪੁਰਾਤਨ ਗ੍ਰੰਥਾਂ ਦਾ ਅਧਿਐਨ ਕੀਤਾ। ਗਿਆਨੀ ਜੀ ਨੇ ਆਪਣੇ ਜੀਵਨ ਕਾਲ ਦਾ ਕਾਫੀ ਸਮਾਂ ਗਿਆਨੀ ਚੰਨਣ ਸਿੰਘ ਜੀ ਨਾਲ ਬਤਾਇਆ। ਜਦੋਂ ਗਿਆਨੀ ਚੰਨਣ ਸਿੰਘ ਜੀ ਤਖ਼ਤ ਦਮਦਮਾ ਸਾਹਿਬ ਨੂੰ ਤਖ਼ਤ ਦੇ ਰੂਪ ਵਿਚ ਮਾਨਤਾ ਦਵਾਉਣ ਲਈ ਯਤਨਸ਼ੀਲ ਸਨ ਤਾਂ ਉਸ ਸਮੇਂ ਗਿਆਨੀ ਬਲਵੰਤ ਸਿੰਘ ਵੀ ਆਪ ਦੇ ਨਾਲ ਸਰਗਰਮੀ ਨਾਲ ਭੂਮਿਕਾ ਨਿਭਾ ਰਹੇ ਸਨ। ਗਿਆਨੀ ਜੀ ਨੇ ਆਪਣੇ ਵਿਦਿਆ ਗੁਰੂ ਗਿਆਨੀ ਚੰਨਣ ਸਿੰਘ ਗੁਰਨੇ ਕਲਾਂ ਵਾਲਿਆਂ ਦੇ ਸਚਖੰਡ ਚਲੇ ਜਾਣ ਉਪਰੰਤ ਸ਼ਰਧਾਂਜਲੀ ਵਜੋਂ ਇਕ ਕਵਿਤਾ ਲਿਖੀ ਜੋ *ਖ਼ਾਲਸਾ ਪਾਰਲੀਮੈਂਟ ਗਜ਼ਟ* ਅਕਤੂਬਰ 1965 ਈ. ਵਿਚ 'ਗਿਆਨੀ ਚੰਨਣ ਸਿੰਘ ਵਿਸ਼ੇਸ਼ ਅੰਕ' ਦੇ ਮੁਖ ਪੰਨੇ 'ਤੇ 'ਸਮਰਪਣ' ਸਿਰਲੇਖ ਹੇਠ ਦਰਜ ਹੈ। ਕਵਿਤਾ ਨਿਮਨਲਿਖਤ ਹੈ:

ਵਿਦਿਆ ਦੇ ਦਾਤੇ ਤੇ ਗਿਆਤੇ ਸੀ ਧਰਮ ਦੇ ਉਹ,
ਰਾਗ, ਕਾਵਿ, ਸਾਹਿਤ ਪੜ੍ਹਾਉਣ ਗੁਰਬਾਣੀ ਜੀ।
ਗੁਰਮਤਿ ਚੰਦਨ ਮਹਿਕ ਵੰਡ ਰਹੇ ਭਾਰਤ ਨੂੰ,
ਉੱਜੜੇ ਵਸਾ ਕੇ ਤੇ ਬਣਾਇਆ ਮਹਾਂ ਦਾਨੀ ਜੀ।
ਪਿਆਰ ਦੇ ਖਜ਼ਾਨੇ ਵੰਡ, ਖੰਡ ਮਨ ਮਤਿ ਤਾਈਂ,
ਕਾਫਰ ਹਨੇਰੇ ਦਿਲ ਕਰਤੇ ਰੂਹਾਨੀ ਜੀ।

---

24 ਜਿਸਦਾ ਪ੍ਰਮਾਣ ਪਤਰ (ਸਰਟੀਫਿਕੇਟ) ਖੋਜ ਨਿਬੰਧ ਦੀ ਅੰਤਿਕਾ ਵਿਚ ਛਪਿਆ ਹੈ।

25 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਵਿਦਿਆਸਰ ਦਾ ਵਿਦਿਆਸਾਗਰ*, ਪੰਨਾ 138.

26 ਗਿਆਨੀ ਚੰਨਣ ਸਿੰਘ ਗੁਰਨੇ ਕਲਾਂ ਵਾਲੇ ਗੁਰਬਾਣੀ, ਗੁਰਇਤਿਹਾਸ, ਵੇਦਾਂਤ, ਨਯਾਯ, ਸਾਹਿਤ, ਕਾਵਿ, ਬੋਧ, ਜੈਨ, ਹਿੰਦੂ ਇਤਹਾਸ, ਮਿਥਿਹਾਸ ਦੇ ਗਿਆਤਾ ਸਨ। ਆਪ 12 ਸਾਲ ਬੁੰਗਾ ਮਸਤੂਆਣਾ ਪੜ੍ਹਾਉਂਦੇ ਰਹੇ। ਕਾਫੀ ਸਮਾਂ ਮਹਾਂਵਿਦਿਆਲਯ ਵਿਦਿਆਸਾਗਰ ਅਮਰਗੜ੍ਹ ਵੀ ਪੜ੍ਹਾਉਂਦੇ ਰਹੇ। (ਉਹੀ, *ਵਿਦਿਆਸਰ ਦਾ ਵਿਦਿਆਸਾਗਰ*, ਪੰਨਾ 135).

ਸ਼ਰਧਾ ਦੇ ਫੁੱਲ ਏਸ ਅੰਕ ਵਿਚ ਇੱਕਠੇ ਕਰ,

ਭਿੱਜੀ ਅੱਖੀਂ ਸਮਰਪਣ ਨੇ ਚੰਨਣ ਸਿੰਘ ਗਿਆਨੀ ਜੀ।[27]

ਗਿਆਨੀ ਜੀ ਵਿਚ ਬੜੇ ਮਾਣ ਨਾਲ ਦਸਦੇ ਹਨ ਕਿ ਉਨ੍ਹਾਂ ਨੂੰ ਪੰਡਿਤ ਕਰਤਾਰ ਸਿੰਘ ਦਾਖਾ ਕੋਲੋ ਸੰਸਕ੍ਰਿਤ ਪੜ੍ਹਨ ਦਾ ਅਵਸਰ ਪ੍ਰਾਪਤ ਹੋਇਆ। ਪੰਡਿਤ ਕਰਤਾਰ ਸਿੰਘ ਦਾਖਾ ਸੰਸਕ੍ਰਿਤ ਦੇ ਪ੍ਰਸਿਧ ਵਿਦਵਾਨ ਸਨ। ਗਿਆਨੀ ਜੀ ਨੇ ਆਪਣੇ ਵਿਦਿਆ ਗੁਰੂ ਪੰਡਿਤ ਕਰਤਾਰ ਸਿੰਘ ਦਾਖਾ ਦੀ ਉਸਤਤ ਵਿਚ ਕਵਿਤਾ ਲਿਖੀ ਜੋ ਹਫਤੇਵਾਰ *ਪੰਜਾਬੀ ਰਤਨ* ਵਿਚ ਛਪੀ ਹੈ ਕਵਿਤਾ ਨਿਮਨਲਿਖਤ ਹੈ:

**ਪੰਡਿਤ ਰਾਜ ਕਰਤਾਰ ਸਿੰਘ ਜੀ ਦਾਖਾ ਦੀ ਯਾਦ ਵਿਚ**

ਪੰਜਾਬੀ ਸਾਹਿਤ ਦਾ ਸੈਂ ਸ਼ਾਹਿਨਸ਼ਾਹ ਆਜ਼ਮ, ਰਹਿਬਰ ਆਲਮ ਕਵੀ ਸਾਹਿਤਯਕਾਰ ਸੈਂ ਤੂੰ।

ਸ਼ਾਂਤੀ, ਨਿਮ੍ਰਤਾ, ਪ੍ਰੇਮ ਮਿਸਾਲ ਆਪੇ, ਭਾਸ਼ਾ ਵਿਗਿਆਨੀਆਂ 'ਚ ਪੂਰਾ ਮਾਹਰ ਸੈਂ ਤੂੰ।

ਕਮਾਲ ਕਾਮਲ ਕਲਾਕਾਰ ਪੂਰਾ, ਗੁਰਮਤਿ ਖੋਜੀਆਂ ਲਈ 'ਲਾਈਟ ਮੀਨਾਰ' ਸੈਂ ਤੂੰ।

ਦੂਰ ਅੰਦੇਸ਼ ਵਿਸ਼ੇਸ਼ ਗੁਰਮਤਿ ਸੰਦੇ, ਮਸਲੇ ਹੱਲ ਕਰਦਾ ਵਾਰ ਵਾਰ ਸੈਂ ਤੂੰ।

ਸਿਖ ਕੌਮ ਦਾ 'ਕਾਲੀ' 'ਵਿਆਸ' ਸੈਂ ਤੂੰ, ਸ਼ਾਸ਼ਤ੍ਰਾਰਥ ਵਿਚ ਮੂਲ ਨ ਹਾਰਦਾ ਸੈਂ ਤੂੰ।

ਵਿਕਟਰ, ਟਾਲਸਟਾਏ, ਸੁਕਰਾਤ, ਗੈਟੇ, ਟੈਗੋਰ, ਫੈਜ਼ੀ; ਅਕਬਰ, ਸ਼ੈਕਸਪੀਅਰ ਸੈਂ ਤੂੰ।

'ਮੇਰੇ' ਜੇਹੇ ਅੰਧ ਅਗਿਆਨੀਆਂ ਨੂੰ, ਤੇਰੀ ਦਰਸ਼ ਛੋਹ ਨੇ ਤਾਰ ਦਿਤਾ।

ਕਰ ਕ੍ਰਿਪਾ ਕਰਨਾ 'ਕਰਤਾਰ' ਆ ਕੇ, 'ਕਰਤਾਰ ਹਰ' ਦੇ ਕਰ-ਤਾਰ ਦਿਤਾ।[28]

ਗਿਆਨੀ ਜੀ ਨੇ 1966 ਈ. ਵਿਚ 'ਗਿਆਨੀ' ਦੀ ਪ੍ਰੀਖਿਆ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੱਤਰ ਵਿਹਾਰ ਰਾਹੀਂ ਪਾਸ ਕੀਤੀ। ਕਾਸ਼ੀ ਸੰਸਕ੍ਰਿਤ ਮਹਾਂਵਿਦਿਆਲਾ, ਲਾਹੌਰੀ ਟੋਲਾ (ਬਨਾਰਸ) ਵਿਖੇ ਵੀ ਵਿਦਿਆ ਪ੍ਰਾਪਤੀ ਲਈ ਗਏ। ਇਥੇ ਗੁਰਦੀਪ ਸਿੰਘ ਕੇਸਰੀ ਆਪ ਦੇ ਵਿਦਿਆ ਗੁਰੂ ਸਨ। ਇਥੇ ਆਪ ਨੇ ਨੀਤੀ ਸਾਹਿਤ, ਵੇਦਾਂਤ, ਕਾਵਿ, ਹਿੰਦੂ ਧਰਮ ਦਰਸ਼ਨ, ਬੁੱਧ ਧਰਮ, ਸਿਖ ਧਰਮ ਦਰਸ਼ਨ ਅਤੇ ਪ੍ਰਚਲਿਤ ਸਭ ਧਰਮਾਂ ਦੇ ਇਤਿਹਾਸ ਤੇ ਮਿਥਿਹਾਸ ਦਾ ਗਹਿਰਾ ਅਧਿਐਨ ਕੀਤਾ। ਗਿਆਨੀ ਜੀ ਕੀਰਤਨ ਵੀ ਕਰ ਲੈਂਦੇ ਸਨ। ਉਨ੍ਹਾਂ ਨੇ ਭਾਈ ਜਵਾਹਿਰ ਸਿੰਘ ਪਾਸੋਂ ਗੁਰਮਤਿ ਸੰਗੀਤ ਦੀ ਵਿਦਿਆ ਹਾਸਲ ਕੀਤੀ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਗਿਆਨੀ ਜੀ ਨੂੰ ਵਿਦਿਆ ਪ੍ਰਾਪਤੀ ਦੀ ਲਗਨ ਬਚਪਨ ਤੋਂ ਹੀ ਸੀ। ਉਨ੍ਹਾਂ ਨੇ ਨਿਰਮਲੇ ਅਤੇ ਉਦਾਸੀ ਸਾਧੂਆਂ ਦੇ ਡੇਰਿਆਂ ਵਿਚੋਂ ਵਿਦਿਆ ਪ੍ਰਾਪਤ ਕੀਤੀ। ਆਪਣੇ ਜੀਵਨ ਕਾਲ ਦਾ ਜ਼ਿਆਦਾ ਸਮਾਂ ਉਨ੍ਹਾਂ ਨੇ ਸਾਹਿਤਕ ਸੇਵਾ ਨੂੰ ਸਮਰਪਿਤ ਕੀਤਾ। ਵਿਦਿਆ ਪ੍ਰਾਪਤੀ ਸਮੇਂ ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਪਰ ਉਨ੍ਹਾਂ ਨੇ ਕਦੇ ਵੀ ਆਪਣੀ ਵਿਦਿਅਕ ਰੁਚੀ ਨੂੰ ਘੱਟ ਨਹੀਂ ਹੋਣ

---

27 ਪ੍ਰਿੰ. ਜਗਜੀਤ ਸਿੰਘ, *ਚੰਦਨ ਰੁੱਖ,* ਪੰਨਾ 327.

28 ਹਫਤੇਵਾਰ '*ਪੰਜਾਬੀ ਰਤਨ*', 26 ਨਵੰਬਰ 1958, ਪੰਨਾ 2.

ਦਿਤਾ ਸਗੋਂ ਮਿਹਨਤ ਅਤੇ ਦ੍ਰਿੜ੍ਹਤਾ ਨਾਲ ਸਾਹਿਤਕ ਕਾਰਜਾਂ ਵਿਚ ਲੱਗੇ ਰਹੇ। ਉਹ ਸਾਰੀ ਜ਼ਿੰਦਗੀ ਕੋਠਾ ਗੁਰੂ ਵਿਚ ਹੀ ਰਹੇ ਅਤੇ ਸਾਰੀ ਸਾਹਿਤ ਰਚਨਾ ਇਥੇ ਹੀ ਕੀਤੀ।

**ਪਰਿਵਾਰ**

ਗਿਆਨੀ ਬਲਵੰਤ ਸਿੰਘ ਦਾ ਵਿਆਹ ਪਿੰਡ ਝੰਡੂਕੇ ਜ਼ਿਲ੍ਹਾ ਬਠਿੰਡਾ ਦੇ ਵਸਨੀਕ ਸ. ਪ੍ਰਤਾਪ ਸਿੰਘ ਦੀ ਪੁੱਤਰੀ ਜਾਗੀਰ ਕੌਰ ਨਾਲ 1950 ਈ. ਵਿਚ ਹੋਇਆ। ਜਾਗੀਰ ਕੌਰ ਬਹੁਤ ਸੁਸ਼ੀਲ, ਨੇਕ, ਧਾਰਮਿਕ ਅਤੇ ਸੇਵਾ ਭਾਵਨਾ ਵਾਲੀ ਔਰਤ ਸੀ। ਜਾਗੀਰ ਕੌਰ ਦੇ ਮਾਤਾ ਪਿਤਾ ਗੁਰਸਿੱਖ, ਅੰਮ੍ਰਿਤਧਾਰੀ, ਧਾਰਮਿਕ ਵਿਚਾਰਾਂ ਦੇ ਧਾਰਨੀ ਸਨ। ਮਾਤਾ ਜਾਗੀਰ ਕੌਰ ਦਾ ਨਾਨਕਾ ਪਿੰਡ ਭੁਚੋਂ ਕਲ੍ਹਾਂ ਸੀ। ਜਿਥੇ ਸੰਤ ਨੰਦ ਸਿੰਘ ਜੀ ਡੇਰਾ ਰੂੰਮੀ ਵਾਲਿਆ ਦਾ ਨਿਵਾਸ ਸੀ। ਮਾਤਾ ਜੀ ਦੇ ਨਾਨਾ-ਨਾਨੀ ਉਨ੍ਹਾਂ ਦੇ ਸ਼ਰਧਾਲੂ ਸਨ ਜਿਸ ਕਰਕੇ ਮਾਤਾ ਜੀ ਦਾ ਬਚਪਨ ਵਿਚ ਡੇਰਾ ਰੂੰਮੀ ਵਿਖੇ ਆਉਣਾ-ਜਾਣਾ ਸੀ। ਇਕ ਦਿਨ ਅਚਾਨਕ ਹੀ ਸੰਤ ਬਾਬਾ ਹਰਨਾਮ ਸਿੰਘ ਜੀ ਵਲੋਂ ਮਾਤਾ ਜੀ ਨੂੰ ਆਸ਼ੀਰਵਾਦ ਮਿਲਿਆ ਕਿ ਇਸ ਬੱਚੀ ਦਾ ਵਿਆਹ ਇਕ ਧਾਰਮਿਕ ਬਿਰਤੀ ਵਾਲੇ ਵਿਦਵਾਨ ਵਿਅਕਤੀ ਨਾਲ ਹੋਵੇਗਾ ਅਤੇ ਉਮਰ ਭਰ ਸੁਖ ਮਾਣੇਗੀ। ਸੰਤ ਬਾਬਾ ਜੀ ਦਾ ਇਹ ਭਵਿੱਖਤ ਵਾਕ ਸਚ ਸਾਬਿਤ ਹੋਇਆ।

ਮਾਤਾ ਜੀ ਦਾ ਬਚਪਨ ਦਾ ਨਾਂ ਪੁੰਨਿਆ ਸੀ ਅਤੇ ਵਿਆਹ ਤੋਂ ਬਾਅਦ ਸਹੁਰੇ ਪਰਿਵਾਰ ਵਲੋਂ ਨਾਮਕਰਣ ਜਾਗੀਰ ਕੌਰ ਹੋਇਆ। ਇਥੇ ਮਾਤਾ ਜੀ ਦਾ ਜੀਵਨ ਬੜਾ ਸੰਘਰਸ਼ ਭਰਿਆ ਰਹਿਆ ਕਿਉਂਕਿ ਗਿਆਨੀ ਜੀ ਤਾਂ ਖੋਜੀ ਸੁਭਾਅ ਦੇ ਸਨ ਅਤੇ ਖੋਜ ਲਈ ਜਾਂਦੇ ਤਾਂ ਕਈ-ਕਈ ਦਿਨ ਘਰ ਵਾਪਿਸ ਨਹੀਂ ਸਨ ਆਉਦੇਂ ਜਿਸ ਕਰਕੇ ਘਰ ਦੀ ਸਾਰੀ ਜ਼ਿੰਮੇਵਾਰੀ ਮਾਤਾ ਜੀ ਦੇ ਉਪਰ ਆ ਗਈ। ਗਿਆਨੀ ਜੀ ਇਕ ਪ੍ਰਸਿਧ ਵਿਦਵਾਨ ਸਨ ਜਿਸ ਕਰਕੇ ਘਰ ਵਿਚ ਸੰਤਾਂ ਮਹਾਂਪੁਰਖਾਂ, ਵਿਦਵਾਨਾਂ ਦਾ ਆਉਣਾ-ਜਾਣਾ ਆਮ ਸੀ, ਜਿਨ੍ਹਾਂ ਦੀ ਸੇਵਾ-ਸੰਭਾਲ ਮਾਤਾ ਜਾਗੀਰ ਕੌਰ ਵਲੋਂ ਕੀਤੀ ਜਾਂਦੀ ਸੀ। ਮਾਤਾ ਜੀ ਸਭ ਆਉਣ ਜਾਣ ਵਾਲਿਆਂ ਲਈ ਚਾਹ-ਪਾਣੀ, ਲੰਗਰ ਤਿਆਰ ਕਰਕੇ ਛਕਾਉਣ ਵਿਚ ਖੁਸ਼ੀ ਅਨੁਭਵ ਕਰਦੇ। ਮਾਤਾ ਜਾਗੀਰ ਕੌਰ ਬਹੁਤ ਹੀ ਨਿਮਰ ਅਤੇ ਮਿਲਣਸਾਰ ਸੁਭਾਅ ਦੇ ਸਨ। ਆਪ 3 ਫਰਵਰੀ 2015 ਨੂੰ ਗੁਰਪੁਰੀ ਚਲੇ ਗਏ।[29] ਮਾਤਾ ਜਾਗੀਰ ਕੌਰ ਨੇ ਗਿਆਨੀ ਜੀ ਨੂੰ ਜੀਵਨ ਭਰ ਸਹਿਯੋਗ ਦਿਤਾ। ਜਿਸ ਸਦਕਾ ਗਿਆਨੀ ਜੀ ਨੇ ਸਾਹਿਤਕ ਖੇਤਰ ਵਿਚ ਵਡੀਆਂ ਪ੍ਰਾਪਤੀਆਂ ਕੀਤੀਆਂ। ਗਿਆਨੀ ਜੀ ਸਾਹਿਤਕ ਕਾਰਜਾਂ ਵਿਚ ਜੁਟੇ ਰਹਿੰਦੇ ਅਤੇ ਮਾਤਾ ਜੀ ਘਰ ਦੀ ਜਿੰਮੇਵਾਰੀ ਸੰਭਾਲਦੇ।

ਗਿਆਨੀ ਜੀ ਦੇ ਘਰ ਪੰਜ ਪੁੱਤਰਾਂ ਸ. ਜਗਰੂਪ ਸਿੰਘ, ਸ. ਰਣਬੀਰ ਸਿੰਘ, ਗਿਆਨੀ ਕੌਰ ਸਿੰਘ, ਸ. ਨਰਪਾਲ ਸਿੰਘ, ਡਾ. ਬਰਜਿੰਦਰ ਸਿੰਘ ਨੇ ਜਨਮ ਲਿਆ। ਸਭ ਤੋਂ ਵੱਡੇ ਪੁਤਰ ਸ. ਜਗਰੂਪ ਸਿੰਘ ਸੀ ਜੋ ਬਲਾਕ ਸੰਮਤੀ ਰਾਮਪੁਰਾ ਫੂਲ ਵਿਚ ਨੌਕਰੀ ਕਰਦੇ ਸਨ। ਜਗਰੂਪ ਸਿੰਘ ਨੇ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਉਪਰੰਤ ਬਠਿੰਡੇ ਰਹਿ ਕੇ ਹਿੰਦੀ ਪ੍ਰਭਾਕਰ ਫਸਟ ਡਵੀਜ਼ਨ ਵਿਚ ਪਾਸ ਕੀਤੀ।

29 ਮਾਤਾ ਜਾਗੀਰ ਕੌਰ ਦੇ ਭਤੀਜੇ ਮਾਸਟਰ ਅਮਰਜੀਤ ਸਿੰਘ ਝੰਡੂਕੇ ਦੀ ਚਿੱਠੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ।

1971 ਵਿਚ ਉੱਚ ਵਿਦਿਆ ਲਈ ਦਿੱਲੀ ਚਲੇ ਗਏ ਤੀਮਾਰਪੁਰ ਦੇ ਕਾਲਜ ਵਿਚ ਹਾਇਰ ਸੈਕੰਡਰੀ ਪਾਸ ਕੀਤੀ, ਪਰ ਧਾਰਮਿਕ ਵਿਚਾਰ ਹੋਣ ਕਰਕੇ ਧਾਰਮਿਕ ਵਿਦਿਆ ਵਲ ਰੁਚਿਤ ਹੋ ਗਏ। ਸੰਤ ਬਲਵੀਰ ਸਿੰਘ ਵਿਯੋਗੀ ਸੰਤਪੁਰਾ ਮਾਡਲ ਟਾਊਨ ਦਿੱਲੀ ਵਾਲਿਆਂ ਕੋਲੋਂ ਵਿਦਿਆ ਪ੍ਰਾਪਤ ਕਰਕੇ ਸ਼ੁੱਧ ਪਾਠੀ ਅਤੇ ਗੁਰਮਤਿ ਦੇ ਗਿਆਨੀ ਬਣੇ। ਭਾਸ਼ਾ ਦੇ ਗ੍ਰੰਥਾਂ  ਨੂੰ ਪੜ੍ਹਿਆ ਤੇ ਵਿਚਾਰਿਆ। ਅੰਗ੍ਰੇਜ਼ੀ ਦੇ ਵਿਸ਼ੇਸ਼ਗਣ ਅਤੇ ਪੰਜਾਬੀ ਹਿੰਦੀ ਦੇ ਲੇਖਕ ਸ. ਤ੍ਰਿਲੋਕਾ ਸਿੰਘ ਜੀ ਫੁੱਲ ਤੋਂ ਅੰਗਰੇਜ਼ੀ ਦਾ ਅਧਿਐਨ ਕੀਤਾ। ਰਾਮਪੁਰਾ ਫੂਲ ਤੋਂ ਬੀ.ਏ ਦੀ ਡਿਗਰੀ ਕੀਤੀ। ਉਚੇਰੀ ਵਿਦਿਆ ਹੋਣ ਕਰਕੇ ਚੰਗੀ ਨੌਕਰੀ ਕਰ ਸਕਦੇ ਸਨ ਪਰ ਉਨ੍ਹਾਂ ਨੇ ਸਮਾਜ ਸੇਵਾ, ਕਿਰਸਾਨੀ, ਸਮਾਜ ਸੁਧਾਰ, ਲੋਕ ਸੇਵਾ, ਲੋਕ ਭਲਾਈ ਨੂੰ ਮੁੱਖ ਰਖ ਕੇ ਪੇਂਡੂ ਵਿਕਾਸ ਵਿਭਾਗ ਗਰਾਮਸੇਵਕ ਦੀ ਅਸਾਮੀ ਨੂੰ ਵਿਸ਼ੇਸ਼ਤਾ ਦਿਤੀ।[30] 2 ਮਈ 1994 ਈ. ਨੂੰ ਜਗਰੂਪ ਸਿੰਘ ਇਕ ਸੜਕ ਹਾਦਸੇ ਵਿਚ ਅਕਾਲ ਚਲਾਣਾ ਕਰ ਗਏ। ਹੁਣ ਉਨ੍ਹਾਂ ਦੀ ਧਰਮ ਪਤਨੀ ਬਲਵੀਰ ਕੌਰ ਬਲਾਕ ਸੰਮਤੀ ਫੂਲ ਵਿਚ ਅਕਾਉਟੈਂਟ ਹੈ। ਉਨ੍ਹਾਂ ਦਾ ਇਕ ਬੇਟਾ ਕੁਲਦੀਪ ਸਿੰਘ ਅਤੇ ਦੋ ਬੇਟੀਆਂ ਸਰਬਜੀਤ ਕੌਰ ਅਤੇ ਸੁਖਜੀਤ ਕੌਰ ਹਨ।

ਗਿਆਨੀ ਜੀ ਦਾ ਦੂਜੇ ਸਪੁਤਰ ਸ. ਰਣਬੀਰ ਸਿੰਘ ਹਨ ਜੋ ਧਾਰਮਿਕ ਬਿਰਤੀ ਦੇ ਹੋਣ ਕਰਕੇ ਮਹੰਤ ਰਣਬੀਰ ਸਿੰਘ ਡੇਰਾ ਜਲਾਲ ਦਾ ਕੰਮਕਾਜ ਸੰਭਾਲਦੇ ਹਨ। ਇਨ੍ਹਾਂ ਦੀ ਪਤਨੀ ਬੀਬੀ ਰਣਜੀਤ ਕੌਰ ਹੈ ਅਤੇ ਦੋ ਬੇਟੇ ਰਵਿੰਦਰ ਸਿੰਘ ਅਤੇ ਸਤਵਿੰਦਰ ਸਿੰਘ ਹਨ।

ਤੀਜੇ ਸਪੁੱਤਰ ਗਿਆਨੀ ਕੌਰ ਸਿੰਘ ਕੋਠਾ ਗੁਰੂ ਹਨ ਜੋ ਵਿਕਾਸ ਵਿਭਾਗ ਬਲਾਕ ਸੰਮਤੀ ਭਗਤਾ ਭਾਈ ਤੋਂ ਸੇਵਾ ਮੁਕਤ ਹੋਏ ਹਨ। ਇਹ ਗ੍ਰਹਿਸਤੀ ਨਹੀਂ ਹਨ। ਆਪ ਸਾਰੀ ਜ਼ਿੰਦਗੀ ਆਪਣੇ ਮਾਤਾ-ਪਿਤਾ ਦੀ ਸੇਵਾ ਕਰਦੇ ਰਹੇ। ਆਪ ਗਿਆਨੀ ਜੀ ਦੀ ਉਨ੍ਹਾਂ ਦੇ ਸਾਹਿਤਕ ਕਾਰਜ ਵਿਚ ਵੀ ਮਦਦ ਕਰਦੇ। ਇਨ੍ਹਾਂ ਨੇ ਇਲਾਹਾਬਾਦ ਯੂਨੀਵਰਸਿਟੀ ਤੋਂ ਆਯੂਰਵੈਦਿਕ ਰਤਨ ਦੀ ਡਿਗਰੀ ਹਾਸਲ ਕੀਤੀ। ਹਿੰਦੀ ਅਤੇ ਸੰਸਕ੍ਰਿਤ ਭਾਸ਼ਾਵਾਂ ਦਾ ਗਿਆਨ ਰੱਖਦੇ ਹਨ। ਆਪ ਗਿਆਨੀ ਜੀ ਦੀਆਂ ਰਚਨਾਵਾਂ ਦੀ ਪਰੂਫ ਰੀਡਿੰਗ ਵੀ ਕਰਦੇ। ਵਖ-ਵਖ ਅਖਬਾਰਾਂ ਅਤੇ ਮੈਗਜ਼ੀਨਾਂ ਵਿਚ ਇਨ੍ਹਾਂ ਦੇ ਲੇਖ ਛਪਦੇ ਰਹਿੰਦੇ ਹਨ। ਧਾਰਮਿਕ ਭਾਵਨਾ ਕਰਕੇ ਸੇਵਾ ਭਾਵਨਾ ਅਤੇ ਮਿੱਠ ਬੋਲੜੇ ਸੁਭਾ ਦੇ ਹਨ। ਗਿਆਨੀ ਜੀ ਦੇ ਜਾਣ ਮਗਰੋਂ ਗਿਆਨੀ ਕੌਰ ਸਿੰਘ ਜੀ ਉਨ੍ਹਾਂ ਦੀ ਵਿਰਾਸਤ ਨੂੰ ਸੰਭਾਲ ਰਹੇ ਹਨ ਅਤੇ ਗਿਆਨੀ ਜੀ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਵਿਚ ਲੱਗੇ ਹੋਏ ਹਨ। ਆਪ ਆਪਣੇ ਪਿਤਾ ਵਾਂਗ ਨਿਮਰ, ਮਿੱਠ ਬੋਲੜੇ ਸੁਭਾਅ ਦੇ ਮਾਲਕ ਹਨ।

ਚੌਥੇ ਪੁਤਰ ਸ. ਨਰਪਾਲ ਸਿੰਘ ਹਨ ਜੋ ਖੇਤੀ ਕਰਦੇ ਹਨ। ਇਨ੍ਹਾਂ ਦੀ ਪਤਨੀ ਬੀਬੀ ਰਜਿੰਦਰ ਕੌਰ ਹੈ। ਇਨ੍ਹਾਂ ਦੇ ਇਕ ਬੇਟਾ ਹਰਸ਼ਦੀਪ ਸਿੰਘ (ਹੈਪੀ) ਅਤੇ ਚਾਰ ਬੇਟੀਆਂ ਕਮਲਜੀਤ ਕੌਰ, ਕਿਰਨਜੀਤ ਕੌਰ, ਸਿਮਰਜੀਤ ਕੌਰ, ਵੀਰਪਾਲ ਕੌਰ ਹਨ। ਸ. ਨਰਪਾਲ ਸਿੰਘ ਅਤੇ ਉਨ੍ਹਾਂ ਦਾ ਪਰਿਵਾਰ ਗਿਆਨੀ ਜੀ ਦੇ ਜੱਦੀ ਘਰ ਵਿਚ ਉਨ੍ਹਾਂ ਦੇ ਨਾਲ ਰਹੇ। ਇਸੇ ਘਰ ਵਿਚ ਰਹਿ ਕੇ ਹੀ ਗਿਆਨੀ ਜੀ ਅਧਿਐਨ ਕਰਦੇ ਰਹੇ ਅਤੇ ਵੱਡੇ-ਵੱਡੇ ਗ੍ਰੰਥਾਂ ਦੀ ਰਚਨਾ ਕੀਤੀ। ਗਿਆਨੀ ਜੀ ਦੇ ਵਿਦਵਾਨ ਹੋਣ ਕਰਕੇ ਘਰ ਸੰਤ-ਮਹਾਂਪੁਰਖ, ਵਿਦਵਾਨ,

---

30 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨਾ 235.

ਵਿਦਿਆਰਥੀ ਆਉਂਦੇ ਰਹਿੰਦੇ। ਨਰਪਾਲ ਸਿੰਘ ਅਤੇ ਉਨ੍ਹਾਂ ਦਾ ਪਰਿਵਾਰ ਘਰ ਆਏ ਮਹਿਮਾਨਾਂ ਦੀ ਸੇਵਾ ਵਿਚ ਹਰ ਸਮੇਂ ਤਤਪਰ ਰਹਿੰਦਾ। ਗਿਆਨੀ ਜੀ ਦਾ ਪੰਜਵਾ ਬੇਟਾ ਡਾ. ਬਰਜਿੰਦਰ ਸਿੰਘ ਵੈਟਰਨੀ ਇੰਸਪੈਕਟਰ ਹੈ। ਇਨ੍ਹਾਂ ਦੀ ਪਤਨੀ ਪਰਮਜੀਤ ਕੌਰ ਹੈ। ਇਨ੍ਹਾਂ ਦਾ ਇਕ ਬੇਟਾ ਹਰਕ੍ਰਿਸ਼ਨਦੀਪ ਸਿੰਘ ਦੋ ਬੇਟੀਆਂ ਰਮਨਦੀਪ ਕੌਰ ਅਤੇ ਨਵਨੀਤ ਕੌਰ ਹਨ।

**ਸਾਹਿਤਕ ਕਾਰਜ**

ਗਿਆਨੀ ਜੀ ਨੇ ਆਪਣੇ ਸਾਹਿਤਕ ਕਾਰਜ ਦੀ ਸ਼ੁਰੂਆਤ 14 ਸਾਲ ਦੀ ਉਮਰ ਵਿਚ 'ਸਿੰਘ ਨੂੰ ਹਲੂਣਾ' ਨਾਮੀ ਕਵਿਤਾ ਨਾਲ ਕੀਤੀ। ਇਹ ਕਵਿਤਾ ਸਭ ਤੋਂ ਪਹਿਲਾਂ *ਨਿਹੰਗ ਸਿੰਘ ਸੰਦੇਸ਼* ਮਾਸਕ ਪੱਤਰ ਵਿਚ ਛਪੀ ਪਰ ਸਾਨੂੰ ਪ੍ਰਾਪਤ ਇਹ ਕਵਿਤਾ *ਪੰਜਾਬੀ ਪਰਵਾਨਾ* ਮਾਸਕ ਪੱਤਰ ਵਿਚ ਛਪੀ ਮਿਲੀ। ਕਵਿਤਾ ਵਿਚ ਗਿਆਨੀ ਜੀ ਸਿੰਘਾਂ ਨੂੰ ਉਨ੍ਹਾਂ ਦੀ ਤਾਕਤ ਤੋਂ ਜਾਣੂ ਕਰਵਾਉਂਦੇ ਹੋਏ ਫਿਰ ਤੋਂ ਕੁਰਬਾਨੀਆਂ ਲਈ ਤਿਆਰ ਹੋਣ ਲਈ ਕਹਿੰਦੇ ਹਨ। ਕਵਿਤਾ ਨਿਮਨਲਿਖਤ ਹੈ:

**ਸਿੰਘ ਨੂੰ ਹਲੂਣਾ**

ਖਾਲਸਾ ਜੀ ! ਤੇਰੀ ਤੇਗ ਕੋਲੋਂ ਦਿਲ ਕੰਬਦਾ ਸਭ ਪਰਾਨੀਆਂ ਦਾ।
ਪੱਛਮੀ, ਪੂਰਬੀ, ਬੰਗਾਲੀ, ਬਿਹਾਰੀਆਂ ਦਾ, ਮਦਰਾਸੀ, ਗੁਜਰਾਤੀ, ਈਰਾਨੀਆਂ ਦਾ।
ਰੂਸੀ, ਅਰਬੀ, ਪਠਾਨੀਆਂ ਦਾ, ਯੂਰਪੀ, ਯਹੂਦੀ, ਖੁਰਾ-ਸਾਨੀਆਂ ਦਾ।
ਬੇਫ਼ਿਕਰ ਕਿਉਂ ਪਿਐਂ ਉਠ ਸਿੰਘਾਂ, ਹੁਣ ਵੇਲਾ ਹੈ ਫੇਰ ਕੁਰਬਾਨੀਆਂ ਦਾ।
ਫਰਾਂਸੀ, ਇਟਲੀ, ਅਮਰੀਕਨਾਂ ਦਾ, ਕਾਬਲ, ਕੰਧਾਰੀਆਂ ਅਤੇ ਜਪਾਨੀਆਂ ਦਾ।
ਤਿੱਬਤ, ਖੋ-ਸਤਾਨੀਆਂ ਦਾ, ਮਿਸਰ, ਬਾਲ, ਜ਼ਾਬਾ, ਇੰਗਲਸਤਾਨੀਆਂ ਦਾ।
ਇਕ ਜੈਕਾਰਾ 'ਬਲਵੰਤ ਸਿੰਘ' ਦਿਲ ਕੰਬਦਾ ਪਿਆ ਬਰਤਾਨੀਆਂ ਦਾ।
ਬੇਫਿਕਰ ਕਿਉਂ ਪਿਐਂ ਉਠ ਸਿੰਘਾਂ, ਹੁਣ ਵੇਲਾ ਹੈ ਫੇਰ ਕੁਰਬਾਨੀਆਂ ਦਾ।[31]

ਇਸ ਕਵਿਤਾ ਤੋਂ ਬਾਅਦ ਗਿਆਨੀ ਜੀ ਦੀ ਕਲਮ ਅਰੁਕ ਚਲਦੀ ਰਹੀ। ਉਨ੍ਹਾਂ ਦੁਆਰਾ ਰਚਿਤ ਪੁਸਤਕਾਂ ਧਰਮ, ਇਤਿਹਾਸ, ਗੁਰਬਾਣੀ ਅਤੇ ਸੰਤਾਂ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ ਨਾਲ ਸੰਬੰਧਿਤ ਹਨ। ਸਾਰੀਆਂ ਰਚਨਾਵਾਂ ਅਕਾਦਮਿਕ ਦ੍ਰਿਸ਼ਟੀ ਦੀਆਂ ਧਾਰਨੀ ਤੇ ਵਿਵੇਕਪੂਰਨ ਹਨ। ਉਨ੍ਹਾਂ ਨੇ ਲਗਭਗ 18 ਪੁਸਤਕਾਂ ਅਤੇ 13 ਕਿਤਾਬਚਿਆਂ ਦੀ ਰਚਨਾ ਕੀਤੀ। ਇਸ ਤੋਂ ਇਲਾਵਾ ਕਈ ਪੁਸਤਕਾਂ ਦਾ ਸੰਪਾਦਨ ਵੀ ਕੀਤਾ। ਗਿਆਨੀ ਜੀ ਦੇ ਲੇਖ ਵਖ-ਵਖ ਮੈਗਜ਼ੀਨਾਂ ਵਿਚ ਪ੍ਰਕਾਸ਼ਿਤ ਹੁੰਦੇ ਰਹੇ। ਗਿਆਨੀ ਜੀ ਦੀਆਂ ਪੁਸਤਕਾਂ ਦੀ ਛਾਪੇ ਦੇ ਕ੍ਰਮ ਅਨੁਸਾਰ ਸੂਚੀ ਇਸ ਪ੍ਰਕਾਰ ਹੈ:

*ਅਦੁਤੀ ਸੇਵਕ (1956), ਅਗਮ ਅਗਾਧ ਪੁਰਖ (1983), ਏਕ ਪੁਰਖ ਅਪਾਰ (1983), ਰੂਪ ਦੀਪ ਸਟੀਕ (1993), ਸੰਤ ਮਹਾਰਾਜ ਬਾਬਾ ਬਲਵੰਤ ਸਿੰਘ ਜੀ (1994), ਸ੍ਰੀ ਦਮਦਮਾ ਗੁਰੂ ਕੀ ਕਾਸ਼ੀ*

31 *ਮਾਸਿਕ ਪੰਜਾਬੀ ਪਰਵਾਨਾ*, ਕੋਟਕਪੂਰਾ, ਅਕਤੂਬਰ-ਨਵੰਬਰ, ਅੰਕ 11, 1954, ਪੰਨਾ 54.

*(1997), ਸ੍ਰੀ ਨਿਰਮਲ ਪੰਥ ਬੋਧ (1998), ਗੁਰੂ ਵੰਸ਼-ਖਾਲਸਾ ਪੰਥ (1999), ਵਿਦਿਆਸਰ ਦਾ ਵਿਦਿਆਸਾਗਰ (2000), ਸੁਧਾਸਰ ਕੇ ਰਤਨ (2001), ਕੋਠਾ ਗੁਰੂ ਦੀ ਗੌਰਵ ਗਾਥਾ (2004), ਨਿਰਮਲ ਪੰਥ ਦੀ ਗੌਰਵ ਗਾਥਾ (2009), ਸੂਰਬੀਰ ਬਚਨ ਕੇ ਬਲੀ (2010), ਕਲਾਧਾਰੀ ਪੁਰਖ (2012), ਸੰਪ੍ਰਦਾਇ ਮਸਤੂਆਣਾ (2015), ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਅਤੇ ਸ੍ਰੀਮਾਨ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਉਪਕਾਰ (2017), ਗੁਰਬਾਣੀ-ਵੇਦਾਂਤ ਨਿਰਣੈ (2017), ਜਪੁ ਜੀ ਸਾਹਿਬ ਸਟੀਕ (2020)*

ਗਿਆਨੀ ਜੀ ਨੇ ਕਈ ਗੁਰਦੁਆਰਿਆਂ ਦਾ ਇਤਿਹਾਸ ਵੀ ਲਿਖਿਆ ਹੈ ਜਿਸ ਵਿਚ ਗੁਰਦੁਆਰਾ ਦੀਨਾ ਕਾਂਗੜ, ਗੁਰਦੁਆਰਾ ਤਖਤੂਪੁਰਾ, ਗੁਰਦੁਆਰਾ ਕੌਲਸਰ, ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਗੁਰਦੁਆਰਾ ਗੁਰੂਸਰ ਨਥਾਣਾ, ਲੋਹਗੜ੍ਹ ਸਾਹਿਬ ਦੀਨਾ, ਗੁਰਦੁਆਰਾ ਗੁੰਗਸਰ ਸਾਹਿਬ ਆਦਿ ਸ਼ਾਮਲ ਹਨ।

**ਸੰਪਾਦਿਤ ਰਚਨਾਵਾਂ**

ਗਿਆਨੀ ਜੀ ਨੇ ਜਿਥੇ ਕਈ ਪੁਸਤਕਾਂ ਦੀ ਰਚਨਾ ਕੀਤੀ ਹੈ ਉਥੇ ਕਈ ਪੁਰਾਤਨ ਅਤੇ ਦੁਰਲਭ ਗ੍ਰੰਥ ਸੰਪਾਦਿਤ ਵੀ ਕੀਤੇ ਹਨ ਜਿਵੇਂ *ਹਸਦਾ ਬਾਦਸ਼ਾਹ (1981), ਸ਼ਾਂਤ ਸੰਗੀਤ (1982), ਆਤਮ ਬੋਧ (2005), ਅਧਿਯਾਤਮ ਅਨੁਭਵ ਵਿਵੇਕ (2007), ਪੰਡਿਤ ਈਸ਼ਵਰ ਸਿੰਘ ਗ੍ਰੰਥਾਵਲੀ (2010), ਗੁਰੂ ਗਿਰਾਰਥ ਕੋਸ਼ (2012), ਮਹਾਨ ਤਪਸਵੀ ਬਾਬਾ ਕਾਲੂ ਨਾਥ ਜੀ (2014)* ।

ਉਪਰੋਕਤ ਗ੍ਰੰਥਾਂ ਦੀ ਭੂਮਿਕਾ ਵਿਚ ਗਿਆਨੀ ਜੀ ਸੰਬੰਧਿਤ ਲੇਖਕ ਦੇ ਜੀਵਨ, ਰਚਨਾ ਅਤੇ ਸ਼ੈਲੀ ਬਾਰੇ ਖੋਜ ਭਰਪੂਰ ਜਾਣਕਾਰੀ ਮੁਹੱਈਆਂ ਕਰਵਾਉਂਦੇ ਹਨ ਜਿਸ ਤੋਂ ਪਤਾ ਚਲਦਾ ਹੈ ਕਿ ਗਿਆਨੀ ਜੀ ਇਕ ਸੁਘੜ ਸੰਪਾਦਕ ਹਨ। ਇਸ ਤਰ੍ਹਾਂ ਗਿਆਨੀ ਜੀ ਨੇ ਅਨੇਕਾਂ ਗ੍ਰੰਥਾਂ ਦੀ ਸੰਪਾਦਨਾ ਕਰ ਕੇ ਦੁਰਲਭ ਸਾਹਿਤ ਨੂੰ ਸੰਭਾਲਿਆ ਵੀ ਹੈ।

**ਅਪ੍ਰਕਾਸ਼ਿਤ ਰਚਨਾਵਾਂ**

ਗਿਆਨੀ ਜੀ ਨੇ ਜਿਥੇ ਅਨੇਕ ਰਚਨਾਵਾਂ ਦੀ ਸਿਰਜਣਾ ਰਾਹੀਂ ਸਿੱਖ ਸਾਹਿਤ ਵਿਚ ਵਿਸ਼ੇਸ਼ ਯੋਗਦਾਨ ਪਾਇਆ ਉਥੇ ਉਨ੍ਹਾਂ ਦੀਆਂ ਕਈ ਰਚਨਾਵਾਂ ਪ੍ਰਕਾਸ਼ਿਤ ਨਾ ਹੋ ਸਕੀਆਂ। ਇਨ੍ਹਾਂ ਰਚਨਾਵਾਂ ਦੀ ਭੂਮਿਕਾ ਤੋਂ ਪਤਾ ਲਗਦਾ ਹੈ ਕਿ ਗਿਆਨੀ ਜੀ ਇਨ੍ਹਾਂ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਨਾ ਚਾਹੁੰਦੇ ਸਨ ਪਰ ਸਮੇਂ ਤੇ ਸਾਧਨਾਂ ਦੀ ਘਾਟ ਕਰਕੇ ਇਨ੍ਹਾਂ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਨ ਦਾ ਸਬੱਬ ਨਾ ਬਣ ਸਕਿਆ। ਇਨ੍ਹਾਂ ਅਪ੍ਰਕਾਸ਼ਿਤ ਰਚਨਾਵਾਂ ਦੀ ਸੂਚੀ ਨਿਮਨਲਿਖਤ ਹੈ:

*ਬਾਲਾ ਠਾਕੁਰ (ਲਘੂ ਉਪਨਿਆਸ, 1966), ਕੁਮਾਰ ਕੁਣਾਲ (ਨਾਟਕ, 1968), ਗੁਰਦ੍ਰੋਹੀ (ਨਾਟਕ, 1968), ਭਗਵਾਨ ਬੁਧ ਦਾ ਮਹਾਂ ਪਰਿ ਨਿਰਬਾਣ (ਲੇਖ, 1968), ਭਗਵਾਨ ਬੁਧ ਦੀ ਅੰਤਮ ਕ੍ਰਿਆ (ਲੇਖ, 1968), ਗੁਰ ਅੰਗਦ ਦੀ ਦੋਹੀ ਫਿਰੀ (ਕਿਤਾਬਚਾ, 1969), ਧੱਮਪਦ ਦਾ ਗੁਰਮੁਖੀ ਅਨੁਵਾਦ (1969), ਆਚਾਰਯ ਦੀਪੰਕਰ ਸ੍ਰੀ ਗਿਆਨ (ਲੇਖ, 1974), ਧਰਮ ਪ੍ਰਭਾਕਰ ਜਯੋਤੀ (ਕਿਤਾਬਚਾ,*

*1975), ਕਵਿਤਾਵਾਂ (1970-1976), ਦੇਗ ਦੇ ਧਨੀ (ਕਿਤਾਬਚਾ, ਮਿਤੀਹੀਣ), ਮਹਾਂ ਕਵੀ ਗੁਣਾਢਯ (ਲੇਖ, ਮਿਤੀਹੀਣ), ਇਤਿਹਾਸ ਗੁਰਦੁਆਰਾ ਗੰਢੂ ਸਾਹਿਬ (ਮਿਤੀਹੀਣ)*

ਮੇਰੇ ਖੋਜ ਕਾਰਜ ਦਾ ਮੰਤਵ ਜਿਥੇ ਗਿਆਨੀ ਜੀ ਦੇ ਸਿੱਖ ਸਾਹਿਤ ਵਿਚ ਵਿਸ਼ੇਸ਼ ਕਰਕੇ ਨਿਰਮਲ ਸਾਹਿਤ ਵਿਚ ਪਾਏ ਯੋਗਦਾਨ ਦਾ ਵੇਰਵਾ ਦੇਣਾ ਹੈ ਉਥੇ ਉਨ੍ਹਾਂ ਦੇ ਬਹੁਮੁੱਲੇ ਅਪ੍ਰਕਾਸ਼ਿਤ ਕਾਰਜ ਦਾ ਵਿਧੀ ਬਧ ਤਰੀਕੇ ਨਾਲ ਸੰਪਾਦਨ ਕਰਨਾ ਵੀ ਹੈ। ਚੌਥੇ ਅਧਿਆਇ ਵਿਚ ਅਪ੍ਰਕਾਸ਼ਿਤ ਰਚਨਾਵਾਂ ਬਾਰੇ ਜਾਣਕਾਰੀ ਦਿਤੀ ਜਾਵੇਗੀ ਅਤੇ ਉਨ੍ਹਾਂ ਨੂੰ ਸੰਪਾਦਿਤ ਕਰਕੇ ਮੂਲ ਰੂਪ ਵਿਚ ਛਾਪਿਆ ਜਾਵੇਗਾ।

**ਪਤ੍ਰਕਾਰੀ**

ਗਿਆਨੀ ਜੀ ਦਾ ਪਤ੍ਰਕਾਰੀ ਵਿਚ ਪਾਇਆ ਯੋਗਦਾਨ ਵੀ ਉਲੇਖਨੀਯ ਹੈ। ਆਪ ਕਈ ਸਪਤਾਹਿਕ ਅਤੇ ਮਾਸਿਕ ਪਤ੍ਰਾਂ ਦੀ ਸੰਪਾਦਨਾ ਕਰਦੇ ਰਹੇ ਹਨ ਜਿਨ੍ਹਾਂ ਵਿਚੋਂ *ਪੰਜਾਬੀ ਪਰਵਾਨਾ ਕੋਟਕਪੂਰਾ, ਖਾਲਸਾ ਪਾਰਲੀਮੈਂਟ ਗਜ਼ਟ ਪੰਚ ਖੰਡ ਭਸੌੜ, ਸਿੱਧੂ ਬਰਾੜ ਬਠਿੰਡਾ* ਪ੍ਰਸਿਧ ਹਨ। ਇਹ ਸਾਰੇ ਮਾਸਕ ਪਤ੍ਰ ਆਪਣੇ ਸਮੇਂ ਵਿਚ ਪੰਜਾਬੀ ਸਾਹਿਤ, ਧਰਮ, ਦਰਸ਼ਨ, ਇਤਿਹਾਸ, ਗੁਰਬਾਣੀ ਸੰਬੰਧੀ ਮਹਾਨ ਸੇਵਾ ਕਰਦੇ ਰਹੇ ਹਨ ਜਿਨ੍ਹਾਂ ਵਿਚ ਸਮਾਜ ਸੁਧਾਰ, ਸਿੱਖੀ ਪ੍ਰਚਾਰ, ਅੰਮ੍ਰਿਤ ਸੰਚਾਰ, ਇਤਿਹਾਸ, ਮਿਥਿਹਾਸ ਸੰਬੰਧੀ ਖੋਜਪੂਰਤ ਲੇਖ ਛਪਦੇ ਸਨ। ਸਪਤਾਹਿਕ ਪਤ੍ਰਕਾ 'ਨਿਰਮਲ ਚਿੰਤਾਮਣੀ' ਨੂੰ ਗਿਆਨੀ ਜੀ ਦੋ ਸਾਲ ਸੰਪਾਦਤ ਕਰਕੇ ਨਿਰਮਲ ਭੇਖ ਦੀ ਅਖਬਾਰ ਰਾਹੀਂ ਸੇਵਾ ਕਰਦੇ ਰਹੇ।

ਇਸ ਤੋਂ ਇਲਾਵਾ ਗਿਆਨੀ ਜੀ ਦੇ ਖੋਜਪੂਰਤ ਇਤਿਹਾਸਕ ਲੇਖ ਦੇਸ਼ ਦੇ ਪੰਜਾਬੀ, ਹਿੰਦੀ ਪਤ੍ਰਿਕਾਵਾਂ ਵਿਚ ਛਪਦੇ ਰਹੇ। ਇਨ੍ਹਾਂ ਲੇਖਾਂ ਦੀ ਗਿਣਤੀ ਲਗਭਗ 50 ਦੇ ਕਰੀਬ ਹੈ। ਵਾਰਾਣਸੀ ਕਾਸ਼ੀ ਤੋਂ ਛਪਣ ਵਾਲੇ ਸੰਸਕ੍ਰਿਤ ਦੇ ਸਪਤਾਹਿਕ ਪਤ੍ਰ *ਗੰਡੀਵ* ਵਿਚ ਗਿਆਨੀ ਜੀ ਦੇ ਲੇਖ ਪ੍ਰਕਾਸ਼ਤ ਹੁੰਦੇ ਰਹੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ *ਇਨਸਾਇਕਲੋਪੀਡੀਆ ਆਫ ਸਿੱਖਇਜ਼ਮ* ਵਿਚ ਗਿਆਨੀ ਜੀ ਦੇ ਲੇਖ ਸ਼ਾਮਲ ਹਨ। ਇਸ ਤੋਂ ਇਲਾਵਾ *ਖਾਲਸਾ ਪਾਰਲੀਮੈਂਟ ਗਜ਼ਟ, ਪੈਨਸ਼ਨਰ ਬੁਢਲਾਡਾ, ਪੰਜਾਬੀ ਪਰਵਾਨਾ, ਸਿੰਘ ਸਭਾ ਪਤ੍ਰਿਕਾ, ਨਿਰਮਲ ਉਦੇਸ਼, ਨਿਰਮਲ ਚਿੰਤਾਮਣੀ, ਗੁਰਮਤਿ ਪ੍ਰਕਾਸ਼, ਗੁਰਮਤਿ ਗਿਆਨ, ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਰਤਨ* ਆਦਿ ਮੈਗਜ਼ੀਨਾਂ ਵਿਚ ਖੋਜ ਭਰੇ ਵਿਸਤਾਰ ਪੂਰਬਕ ਲੇਖ ਛਪਦੇ ਰਹੇ। *ਪੰਜਾਬੀ ਟ੍ਰਿਬਿਊਨ, ਦੇਸ਼ ਸੇਵਕ, ਮਹਾਤਮਾ, ਰੋਜ਼ਾਨਾ ਕੌਮੀ ਦਰਦ, ਰੋਜ਼ਾਨਾ ਅਜੀਤ, ਅਕਾਲੀ ਪਤ੍ਰਿਕਾ* ਆਦਿ ਅਖ਼ਬਾਰਾਂ ਵਿਚ ਵੀ ਗਿਆਨੀ ਜੀ ਦੇ ਲੇਖ ਛਪੇ ਮਿਲਦੇ ਹਨ।

**ਸੈਮੀਨਾਰ**

ਗਿਆਨੀ ਜੀ ਨੇ ਆਪਣੇ ਜੀਵਨ ਕਾਲ ਵਿਚ ਬਹੁਤ ਸਾਰੇ ਸੈਮੀਨਾਰਾਂ ਵਿਚ ਹਿੱਸਾ ਲਿਆ ਅਤੇ ਪੇਪਰ ਪੜ੍ਹੇ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ 'ਗੁਰੂ ਨਾਨਕ ਅਧਿਐਨ ਵਿਭਾਗ' ਦੇ ਮੁਖੀ ਪ੍ਰੋ. ਪ੍ਰੀਤਮ ਸਿੰਘ ਨੇ 'ਨਿਰਮਲ ਪੰਥ ਦੀ ਪੰਜਾਬ ਦੇ ਧਰਮ ਦਰਸ਼ਨ ਤੇ ਸਾਹਿਤ ਨੂੰ ਦੇਣ' ਵਿਸ਼ੇ ਤੇ 28-29-30 ਮਾਰਚ 1976 ਈ. ਨੂੰ ਸੈਮੀਨਾਰ ਕਰਵਾਇਆ ਜਿਸ ਵਿਚ ਗਿਆਨੀ ਜੀ ਨੇ 'ਨਿਰਮਲ ਸੰਪ੍ਰਦਾਇ:

ਸਾਹਿੱਤ ਤੇ ਵਿਦਵਤਾ ਦਾ ਪੁੰਜ' ਵਿਸ਼ੇ 'ਤੇ ਪੇਪਰ ਪੜ੍ਹਿਆ ਜੋ *ਨਿਰਮਲ ਸੰਪ੍ਰਦਾਇ* ਪੁਸਤਕ ਵਿਚ 225 ਪੰਨੇ ਤੇ ਛਪਿਆ ਹੈ। ਗਿਆਨੀ ਜੀ ਨੇ ਭਾਸ਼ਾ ਵਿਭਾਗ, ਪੰਜਾਬ ਵਲੋਂ 17 ਨਵੰਬਰ 2014 ਨੂੰ ਕਰਵਾਈ ਗਈ ਪੰਜਾਬੀ ਸਾਹਿਤ ਗੋਸ਼ਟੀ ਵਿਚ ਉਦਾਸੀਨ ਸੰਪ੍ਰਦਾਇ ਤੇ ਪੇਪਰ ਪੜ੍ਹਿਆ। ਇਸ ਤੋਂ ਇਲਾਵਾ ਸਿੰਘ ਸਭਾ ਸ਼ਤਾਬਦੀ ਦੇ ਸਮਾਗਮਾਂ ਵਿਚ ਹਰਿਦੁਆਰ, ਦੇਹਰਾਦੂਨ, ਲੁਧਿਆਣਾ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੈਮੀਨਾਰਾਂ ਵਿਚ ਵੀ ਵਿਚ ਵੀ ਪੇਪਰ ਪੜ੍ਹਦੇ ਰਹੇ।

**ਮਾਨ-ਸਨਮਾਨ**

ਗਿਆਨੀ ਬਲਵੰਤ ਸਿੰਘ ਦੁਆਰਾ ਸਿੱਖ ਸਾਹਿਤ ਵਿਚ ਪਾਏ ਯੋਗਦਾਨ ਲਈ ਉਨ੍ਹਾਂ ਨੂੰ ਵਖ-ਵਖ ਸੰਸਥਾਵਾਂ ਵਲੋਂ ਸਨਮਾਨਿਤ ਕੀਤਾ ਗਿਆ। ਕੁਝ ਵਿਸ਼ੇਸ਼ ਸਨਮਾਨਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ:

1. ਤਖ਼ਤ ਦਮਦਮਾ ਸਾਹਿਬ ਤੋਂ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਚੰਨਣ ਸਿੰਘ ਜੀ ਸ੍ਰੀ ਖੰਡ ਦੁਆਰਾ ਵੈਸਾਖੀ ਦੇ ਤਿਉਹਾਰ 'ਤੇ 13 ਅਪ੍ਰੈਲ 1967 ਈ. ਨੂੰ ਸਿਰਪਾਉ ਅਤੇ ਸਾਹਿਤਯ ਸ਼ਾਸਤ੍ਰੀ ਪੁਰਸਕਾਰ ਦੀ ਬਖਸ਼ਸ਼।
2. ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵਲੋਂ 19 ਅਪ੍ਰੈਲ 1997 ਈ. ਨੂੰ (ਪੰਜਾਬ ਦੇ ਪਹਿਲੇ ਸੁਤੰਤਰਤਾ ਸੰਗਰਾਮੀ ਬਾਬਾ ਮਹਾਰਾਜ ਸਿੰਘ ਜੀ ਦੀ ਸਿਮ੍ਰਤੀ ਵਿਚ) ਮਹਾਰਾਜਾ ਪੁਰਸਕਾਰ।
3. ਸਬ ਡਵੀਜ਼ਨ ਰਾਮਪੁਰਾ ਫੂਲ ਵਲੋਂ 15 ਅਗਸਤ 2001 ਈ. ਨੂੰ ਸਾਹਿਤਕ ਸੇਵਾ ਪ੍ਰਸੰਸਾ ਪਤ੍ਰ।
4. ਮਾਲਵਾ ਹੈਰੀਟੇਜ ਫਾਊਂਡੇਸ਼ਨ ਬਠਿੰਡਾ ਵਲੋਂ 6 ਨਵੰਬਰ 2005 ਨੂੰ ਸਾਹਿਤਯ ਰਤਨ ਪੁਰਸਕਾਰ।
5. ਸਿਰਜਣ ਧਾਰਾ ਲੁਧਿਆਣਾ ਵਲੋਂ ਭਾਈ ਕ੍ਰਿਪਾਲ ਸਿੰਘ ਖਾਲਸਾ ਪੁਰਸਕਾਰ।
6. ਤਖ਼ਤ ਸੱਚਖੰਡ ਹਜ਼ੂਰ ਸਾਹਿਬ (ਨਾਂਦੇੜ) ਤੋਂ 5 ਅਪ੍ਰੈਲ 2005 ਨੂੰ ਸਿਰੋਪਾਉ ਪਤ੍ਰ ਅਤੇ ਸਿਮ੍ਰਤੀ ਚਿੰਨ੍ਹ ਦੀ ਬਖਸ਼ਸ਼।
7. ਬਾਬਾ ਵਿਰਸਾ ਸਿੰਘ ਮਹਾਰਾਜ ਮੈਮੋਰੀਅਲ ਟਰੱਸਟ ਗੋਬਿੰਦ ਸਦਨ ਨਵੀਂ ਦਿੱਲੀ ਵਲੋਂ 19 ਅਕਤੂਬਰ 2008 ਨੂੰ ਹਿਸਟੋਰੀਅਨ ਅਵਾਰਡ।
8. ਪੰਜਾਬੀ ਯੂਨੀਵਰਸਿਟੀ ਲੇਬਰ ਹੁੱਡ ਕੈਂਪਸ ਰਾਮਪੁਰਾ ਫੂਲ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸੌ ਸਾਲ ਗੁਰਤਾ ਗੱਦੀ ਪਰਵ 'ਤੇ ਵਿਸ਼ੇਸ਼ ਸਨਮਾਨ।
9. ਲੇਖਕ ਪਾਠਕ ਮੰਚ ਮਾਨਸਾ ਵਲੋਂ 26 ਅਕਤੂਬਰ 2008 ਨੂੰ ਸਨਮਾਨ ਅਤੇ ਸੰਤ ਦੀ ਉਪਾਧੀ।
10. ਮਲਵਈ ਪੰਜਾਬੀ ਸੱਥ ਲਾਂਬੜਾਂ (ਜਲੰਧਰ) ਦੀ ਇਕਾਈ ਪਿੰਡ ਮੰਡੀ ਕਲ੍ਹਾਂ (ਬਠਿੰਡਾ) ਵਲੋਂ 2 ਫਰਵਰੀ 2009 ਨੂੰ ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ।[32]
11. ਪੰਜਾਬੀ ਯੂਨੀਵਰਸਿਟੀ ਦੀ ਸਿਲਵਰ ਜੁਬਲੀ ਅਤੇ ਪੰਜਾਬੀ ਕਾਨਫਰੰਸ ਸਮੇਂ 30 ਅਪ੍ਰੈਲ 2012 ਨੂੰ ਟਕਸਾਲੀ ਵਿਦਵਾਨ ਦਾ ਖਿਤਾਬ ਅਤੇ ਯਾਦਗਾਰੀ ਚਿੰਨ੍ਹ।

---

32 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨੇ 11-12.

12. ਮਾਲਵਾ ਰਿਸਰਚ ਸੈਂਟਰ ਪਟਿਆਲਾ ਅਤੇ ਜਾਗੋ ਇੰਟਰਨੈਸ਼ਨਲ ਵਲੋਂ 30 ਨਵੰਬਰ 2014 ਨੂੰ ਪੰਡਿਤ ਕਰਤਾਰ ਸਿੰਘ ਦਾਖਾ ਐਵਾਰਡ।
13. 12 ਮਾਰਚ 2016 ਨੂੰ ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਵਲੋਂ ਪ੍ਰਸ਼ੰਸ਼ਾ ਪਤ੍ਰ, ਸਨਮਾਨ ਚਿੰਨ੍ਹ ਅਤੇ ਪੰਜ ਲੱਖ ਰੁਪਏ ਦਾ ਨਗਦ ਇਨਾਮ।
14. 10 ਸਤੰਬਰ 2017 ਨੂੰ ਗਊਸ਼ਾਲਾ ਕਮੇਟੀ ਬੱਧਨੀ ਕਲ੍ਹਾਂ ਵੱਲੋਂ ਕਰਵਾਏ ਸਲਾਨਾ ਸਮਾਗਮ ’ਤੇ ਗਿਆਨੀ ਜੀ ਨੂੰ ਸਾਹਿਤਕਾਰ ਅਵਾਰਡ ਅਤੇ ਇੱਕ ਲੱਖ ਰੁਪਏ ਦੀ ਨਗਦ ਰਾਸ਼ੀ।

**ਸੇਵਾਵਾਂ ਅਤੇ ਅਹੁਦੇ:**

ਆਪਣੇ ਜੀਵਨ ਕਾਲ ਦੌਰਾਨ ਗਿਆਨੀ ਜੀ ਵਖ-ਵਖ ਅਹੁਦਿਆਂ ’ਤੇ ਨਿਸ਼ਕਾਮ ਸੇਵਾਵਾਂ ਨਿਭਾਉਂਦੇ ਰਹੇ। ਇਕ ਸਾਹਿਤਕਾਰ ਦੇ ਤੌਰ ’ਤੇ ਜਿਥੇ ਉਨ੍ਹਾਂ ਵੱਡੀ ਗਿਣਤੀ ਵਿਚ ਪੁਸਤਕਾਂ ਲਿਖ ਕੇ ਸਿੱਖ ਸਾਹਿਤ ਵਿਚ ਯੋਗਦਾਨ ਪਾਇਆ ਉਥੇ ਗੁਰਮਤਿ ਪ੍ਰਚਾਰ ਅਤੇ ਸਮਾਜਿਕ ਭਲਾਈ ਲਈ ਵੀ ਤਤਪਰ ਰਹੇ। ਗੁਰਬਾਣੀ ਦੇ ਪ੍ਰਚਾਰ ਲਈ ਸਮੇਂ-ਸਮੇਂ ਤੇ ਵਖ-ਵਖ ਸੰਸਥਾਵਾਂ ਵਿਚ ਨਿਸ਼ਕਾਮ ਸੇਵਾ ਕਰਦੇ ਰਹੇ।

ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਜਥੇਦਾਰ ਦਿਆਲ ਸਿੰਘ ਪਰਵਾਨਾ ਦੇ ਯਤਨਾਂ ਸਦਕਾ ‘ਸ੍ਰੋਮਣੀ ਗੁਰਮਤਿ ਪ੍ਰਚਾਰਕ ਸਭਾ ਕੋਠਾ ਗੁਰੂ’ ਦੀ ਸਥਾਪਨਾ 10 ਨਵੰਬਰ 1958 ਈ. ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ’ਤੇ ਕੀਤੀ ਗਈ। ਗਿਆਨੀ ਬਲਵੰਤ ਸਿੰਘ ਨੂੰ ਇਸ ਸਭਾ ਦੇ ਪ੍ਰਧਾਨ ਨਿਯਤ ਕੀਤਾ ਗਿਆ। ਇਸ ਸਭਾ ਦਾ ਉਦੇਸ਼ ਮਨਮਤ ਨੂੰ ਦੂਰ ਕਰਨਾ ਅਤੇ ਲੋਕਾਂ ਨੂੰ ਸਿੱਖੀ ਅਸੂਲਾਂ ਤੋਂ ਜਾਣੂ ਕਰਵਾਉਣਾ ਸੀ। ਇਸ ਸਭਾ ਵਲੋਂ 7-8-9 ਚੇਤਰ ਵਦੀ ਨੂੰ ਹਰ ਸਾਲ ਧਾਰਮਿਕ ਸਮਾਗਮ ਕਰਵਾਇਆ ਜਾਂਦਾ ਜਿਸ ਵਿਚ ਪ੍ਰਸਿਧ ਕਥਾਵਾਚਕ, ਰਾਗੀ, ਢਾਢੀ ਗੁਰਮਤਿ ਵਿਚਾਰਾਂ ਕਰਦੇ। ਇਹ ਸਭਾ ਸਿੱਖ ਧਰਮ ਦੇ ਪ੍ਰਚਾਰ ਲਈ ਕਾਫ਼ੀ ਯਤਨਸ਼ੀਲ ਰਹੀ।[33]

5 ਜੂਨ 1963 ਈ. ਨੂੰ ਗਿਆਨੀ ਜੀ ਸਰਬ ਸੰਮਤੀ ਨਾਲ ਪਿੰਡ ਕੋਠਾ ਗੁਰੂ ਦੇ ਸਰਪੰਚ ਚੁਣੇ ਗਏ। ਉਨ੍ਹਾਂ ਨੇ ਸਰਪੰਚੀ ਦੇ ਕਾਰਜਕਾਲ ਦੌਰਾਨ ਪਿੰਡ ਕੋਠਾ ਗੁਰੂ ਦੇ ਵਿਕਾਸ ਕਾਰਜਾਂ ਵਿਚ ਯੋਗਦਾਨ ਪਾਇਆ। ਪਿੰਡ ਵੱਡਾ ਹੋਣ ਕਰਕੇ ਅਤੇ ਲੋਕਾਂ ਦੀ ਜ਼ਰੂਰਤ ਨੂੰ ਧਿਆਨ ਵਿਚ ਰਖਦੇ ਹੋਏ ਅੱਠ ਆਧੁਨਿਕ ਮਾਹੌਲ ਵਾਲੀਆਂ ਧਰਮਸ਼ਾਲਾਵਾਂ ਦੀ ਉਸਾਰੀ ਕਰਵਾਈ। ਪਹਿਲੀ ਧਰਮਸ਼ਾਲਾ ਦੀ ਨੀਂਹ ਰਾਮਦਾਸੀਆਂ ਦੇ ਛੋਟੇ ਮੁਹੱਲੇ ਵਿਚ 14 ਦਸੰਬਰ 1963 ਨੂੰ ਗਿਆਨੀ ਜੀ ਨੇ ਆਪਣੇ ਕਰ-ਕਮਲਾਂ ਨਾਲ ਰੱਖੀ। ਦੂਸਰੀ ਧਰਮਸ਼ਾਲਾ ਦੀ ਨੀਂਹ ਬੌਰੀਆਂ ਸਿੱਖਾਂ ਦੇ ਮੁਹੱਲੇ ਵਿਚ ਸਰਦਾਰ ਸੁਰਜਨ ਸਿੰਘ ਅਕਾਲੀ ਮੈਂਬਰ ਪੰਚਾਇਤ ਨੇ 18 ਦਸੰਬਰ 1963 ਨੂੰ ਰੱਖੀ। ਤੀਸਰੀ ਧਰਮਸ਼ਾਲਾਂ 18 ਦਸੰਬਰ 1963 ਨੂੰ ਹੀ ਮਜ਼ਬੀ ਸਿੱਖਾਂ ਦੇ ਵੱਡੇ ਮੁਹੱਲੇ ਵਿਚ ਆਰੰਭ ਕੀਤੀ ਗਈ। 6 ਅਪ੍ਰੈਲ 1964 ਨੂੰ ਰਾਮਦਾਸੀਆਂ ਦੇ ਵੱਡੇ ਮੁਹੱਲੇ ਵਿਚ ਧਰਮਸ਼ਾਲ ਦੀ ਨੀਂਹ ਸ. ਪ੍ਰਤਾਪ ਸਿੰਘ ਨੇ ਰੱਖੀ। 4 ਫਰਵਰੀ 1964 ਨੂੰ ਵੱਡੇ ਅਗਵਾੜ ਵਿਚ ਸ੍ਰੀ ਮਾਨ ਮਹੰਤ ਧਰਮ ਦਾਸ

33 ਉਹੀ, *ਅਦੁੱਤੀ ਸੇਵਕ*, ਪੰਨਾ 57.

ਜੀ ਦੇ ਪਾਵਨ ਕਰ-ਕਮਲਾਂ ਦੁਆਰਾ ਪੰਜਵੀਂ ਧਰਮਸ਼ਾਲਾ ਦੀ ਨੀਂਹ ਰਖਵਾਈ ਗਈ। ਰਾਮਾਇਆਂ ਦੇ ਅਗਵਾੜ ਦੀ ਧਰਮਸ਼ਾਲਾ ਅਤੇ ਮਜ਼੍ਹਬੀ ਸਿੱਖਾਂ ਦੇ ਛੋਟੇ ਮੁਹੱਲੇ ਦੀ ਧਰਮਸ਼ਾਲਾ ਦੀ ਮੁਰੰਮਤ ਕੀਤੀ ਗਈ। ਹਰ ਇਕ ਧਰਮਸ਼ਾਲਾ ਦੀ ਨੀਂਹ ਰਖਣ ਸਮੇਂ ਅਰਦਾਸ ਗਿਆਨੀ ਬਲਵੰਤ ਸਿੰਘ ਆਪ ਕਰਦੇ ਸਨ। ਸਾਰੀਆਂ ਧਰਮਸ਼ਾਲਾਂ ਜਲਦੀ ਹੀ ਬਣ ਕੇ ਤਿਆਰ ਹੋ ਗਈਆਂ ਅਤੇ ਵਰਤੋਂ ਵਿਚ ਲਿਆਦੀਆਂ ਗਈਆਂ। ਸਾਰੀਆਂ ਧਰਮਸ਼ਾਲਾਂ ਦੀਆਂ ਇਮਾਰਤਾਂ ਸੁੰਦਰ, ਵਿਸ਼ਾਲ ਅਤੇ ਵੇਖਣਯੋਗ ਹਨ ਜੋ ਪਿੰਡ ਦੇ ਸੁਹਪਣ ਅਤੇ ਮਾਣ ਵਿਚ ਵਾਧਾ ਕਰ ਰਹੀਆਂ ਹਨ। ਜਿਸ ਸਮੇਂ ਗਿਆਨੀ ਜੀ ਸਰਪੰਚ ਬਣੇ ਉਨ੍ਹਾਂ ਸਮਿਆਂ ਵਿਚ ਅਜ ਦੀ ਤਰ੍ਹਾਂ ਪਿੰਡਾਂ ਦੇ ਵਿਕਾਸ ਲਈ ਗ੍ਰਾਂਟਾਂ ਨਹੀਂ ਮਿਲਦੀਆਂ ਸਨ। ਪੈਸਾ ਪਿੰਡ ਵਿਚੋਂ ਉਗਰਾਹਿਆ ਜਾਂਦਾ ਸੀ। ਹਰ ਇਕ ਧਰਮਸ਼ਾਲਾ ਦੀ ਇਕ-ਇਕ ਕਮੇਟੀ ਬਣਾਈ ਗਈ ਸੀ ਜੋ ਨਿਸ਼ਕਾਮ ਸੇਵਾ ਕਰਦੀ ਸੀ ਅਤੇ ਹਿਸਾਬ ਰੱਖਦੀ ਸੀ।[34]

ਗਿਆਨੀ ਜੀ ਨੇ ਆਪਣੇ ਸਰਪੰਚੀ ਦੇ ਕਾਰਜਕਾਲ ਦੌਰਾਨ ਸਿੱਖਿਆ ਦੇ ਪ੍ਰਸਾਰ ਲਈ ਵੀ ਕਾਰਜਸ਼ੀਲ ਰਹੇ। ਬਾਲਗ ਵਿਦਿਆ ਵਾਸਤੇ ਕੋਠਾ ਗੁਰੂ ਵਿਚ ਦੋ ਸੈਂਟਰ ਖੋਲ੍ਹੇ ਗਏ ਸਨ। ਬਾਲਗ ਵਿਅਕਤੀਆਂ ਵਾਸਤੇ ਵੱਡੇ ਅਗਵਾੜ ਦੀ ਧਰਮਸ਼ਾਲਾ ਵਿਚ ਅਤੇ ਔਰਤਾਂ ਵਾਸਤੇ ਜੱਸੜਾਂ ਦੇ ਅਗਵਾੜ ਦੀ ਧਰਮਸ਼ਾਲਾਂ ਵਿਚ ਸਿੱਖਿਆ ਦਿਤੀ ਜਾਣ ਲਗੀ। ਇਥੇ ਵੱਡੀ ਆਯੂ ਦੇ ਵਿਅਕਤੀਆਂ ਨੂੰ ਪੜ੍ਹਾਇਆ ਜਾਂਦਾ ਸੀ। ਗਿਆਨੀ ਜੀ ਦੇ ਜਤਨਾਂ ਸਦਕਾ ਕੋਠਾ ਗੁਰੂ ਦੇ ਮਿਡਲ ਸਕੂਲ ਨੂੰ ਹਾਈ ਸਕੂਲ ਬਣਵਾਇਆ। ਹੁਣ ਉਥੇ ਦੋ ਹਾਇਰ ਸੈਕਡੰਰੀ ਤੇ +2 ਲੜਕਿਆਂ ਤੇ ਮਿਡਲ ਸਕੂਲ ਲੜਕਿਆਂ ਤੇ ਹਾਈ ਸਕੂਲ ਲੜਕੀਆਂ ਦਾ ਸਥਾਪਤ ਹੋਣ ਦੇ ਨਾਲ-ਨਾਲ ਪ੍ਰਾਇਮਰੀ ਸਕੂਲ ਵੀ ਖੁਲ੍ਹੇ ਹੋਏ ਹਨ।

ਇਸ ਤੋਂ ਇਲਾਵਾ ਗਿਆਨੀ ਜੀ ਨੇ ਜਨ ਸਧਾਰਣ ਦੇ ਲਾਭ ਵਾਸਤੇ ਪਿੰਡ ਵਿਚ ਅਤੇ ਪਿੰਡ ਤੋਂ ਬਾਹਰ ਪਾਣੀ ਲਈ ਨਲਕੇ ਲਗਵਾਏ। ਪਿੰਡ ਵਿਚ ਗਰੀਬ ਪਰਿਵਾਰਾਂ ਵਿਚ ਸਿਲਾਈ ਮਸ਼ੀਨਾਂ, ਸਕੂਲ ਦੇ ਵਿਦਿਆਰਥੀਆਂ ਨੂੰ ਕਿਤਾਬਾਂ, ਕੱਪੜੇ, ਬੂਟ ਅਤੇ ਦਵਾਈਆਂ ਪੰਚਾਇਤ ਵਲੋਂ 28 ਜਨਵਰੀ 1964 ਨੂੰ ਗਿਆਨੀ ਜੀ ਨੇ ਵੰਡੀਆਂ। ਪਿੰਡ ਵਿਚ ਬਾਢ ਸਮੇਂ ਸਰਕਾਰ ਨਾਲ ਗਰੀਬਾਂ ਵਿਚ ਰਾਸ਼ਨ ਵੰਡਿਆਂ ਗਿਆ।[35] ਪੰਜਾਬ ਵਿਚ ਜਦੋਂ ਪਿੰਡਾਂ ਵਿਚ ਸਬ ਯਾਰਡ ਮੰਡੀਆਂ ਬਣੀਆਂ ਤਾਂ ਸਭ ਤੋਂ ਪਹਿਲਾਂ ਤੇ ਸਭ ਤੋਂ ਪਹਿਲੀ ਮੰਡੀ ਕੋਠਾ ਗੁਰੂ ਵਿਖੇ ਗਿਆਨੀ ਜੀ ਦੇ ਕਾਰਜਕਾਲ ਦੌਰਾਨ ਬਣੀ।

ਗਿਆਨੀ ਜੀ ਗੁਰਮਤਿ ਅਤੇ ਵਿਦਿਆ ਪ੍ਰਚਾਰ ਲਈ ਹਮੇਸ਼ਾ ਤਤਪਰ ਰਹਿੰਦੇ। ਆਪ ਅਜਿਹੀਆਂ ਕਈ ਸੰਸਥਾਵਾਂ ਨਾਲ ਜੁੜੇ ਹੋਏ ਸਨ ਜਿਨ੍ਹਾਂ ਦਾ ਗੁਰਬਾਣੀ ਅਤੇ ਵਿਦਿਆ ਪ੍ਰਚਾਰ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਸੀ। ਗਿਆਨੀ ਜੀ 'ਮਾਲਵਾ ਚਕਰਵਰਤੀ ਖਾਲਸਾ ਦੀਵਾਨ ਬਿੰਙੂਕੇ (ਅਮਰਗੜ੍ਹ)' ਦੇ ਪ੍ਰਧਾਨ ਵਜੋਂ ਵੀ ਸੇਵਾ ਨਿਭਾਉਂਦੇ ਰਹੇ। ਇਸ ਦੀਵਾਨ ਦਾ ਉਦੇਸ਼ ਮਾਲਵੇ ਵਿਚ ਗੁਰਮਤਿ ਅਤੇ ਵਿਦਿਆ ਦਾ ਪ੍ਰਚਾਰ

34 ਉਹੀ, *ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨਾ 173.

35 ਉਹੀ, ਪੰਨਾ 174.

ਕਰਨਾ ਸੀ। ਇਸ ਦੀਵਾਨ ਦੀ ਸਥਾਪਨਾ ਪਹਿਲੀ ਚੇਤਰ 1974 ਬਿ. ਨੂੰ ਭਾਈ ਫੁੰਮਨ ਸਿੰਘ ਅਮਰਗੜ੍ਹ ਵਾਲਿਆਂ ਵਲੋਂ ਕੀਤੀ ਗਈ ਸੀ।

ਗਿਆਨੀ ਜੀ 'ਮਾਲਵਾ ਇਤਿਹਾਸ ਖੋਜ ਕੇਂਦਰ ਬਠਿੰਡਾ' ਦੇ ਪ੍ਰਧਾਨ ਵੀ ਰਹੇ। ਇਸ ਸੰਸਥਾ ਦਾ ਉਦੇਸ਼ ਇਤਿਹਾਸ ਦੀ ਖੋਜ ਅਤੇ ਧਰਮ ਪ੍ਰਚਾਰ ਕਰਨਾ ਸੀ। ਇਸ ਤੋਂ ਇਲਾਵਾ 'ਨਿਰਮਲ ਮਹਾਂ ਮੰਡਲ (ਰਜਿ:) ਅੰਮ੍ਰਿਤਸਰ' ਦੇ ਜਨਰਲ ਸਕੱਤਰ ਅਤੇ ਮੀਤ ਪ੍ਰਧਾਨ ਦੇ ਅਹੁਦੇ 'ਤੇ ਸੇਵਾ ਨਿਭਾਉਂਦੇ ਰਹੇ। ਨਿਰਮਲ ਮਹਾਂ ਮੰਡਲ ਨਿਰਮਲੇ ਸੰਤਾਂ ਦੀ ਰਾਜਨੀਤਿਕ ਸੰਸਥਾ ਹੈ ਜਿਸਦੀ ਸਥਾਪਨਾ 1925 ਈ. ਵਿਚ ਹੋਈ। ਇਸ ਸੰਸਥਾ ਦਾ ਉਦੇਸ਼ ਧਰਮ ਅਤੇ ਵਿਦਿਆ ਦਾ ਪ੍ਰਚਾਰ ਕਰਨਾ ਅਤੇ ਨਿਰਮਲ ਭੇਖ ਦੀ ਉੱਨਤੀ ਕਰਨਾ ਹੈ। ਗਿਆਨੀ ਜੀ 17 ਮਾਰਚ 2009 ਨੂੰ 'ਨਿਰਮਲ ਮਹਾਂ ਮੰਡਲ' ਦੇ ਜਨਰਲ ਸਕੱਤਰ ਬਣੇ ਅਤੇ ਲਗਭਗ ਅੱਠ ਸਾਲ ਇਸ ਅਹੁਦੇ 'ਤੇ ਸੇਵਾ ਨਿਭਾਉਂਦੇ ਰਹੇ। ਉਨ੍ਹਾਂ ਨੇ 17 ਨਵੰਬਰ 2017 ਨੂੰ ਜਨਰਲ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦਿਤਾ। ਇਸ ਸੰਸਥਾ ਦਾ ਕੰਮ ਨਿਰਮਲ ਪੰਚਾਇਤੀ ਅਖਾੜੇ ਅਤੇ ਨਿਰਮਲ ਭੇਖ ਦੇ ਸਮੂਹ ਅਸਥਾਨਾਂ, ਜਾਗੀਰਾਂ, ਜਾਇਦਾਦਾਂ ਦਾ ਨਿਰਮਲ ਭੇਖ ਦੀ ਮਰਿਯਾਦਾ ਅਨੁਸਾਰ ਪ੍ਰਬੰਧ ਕਰਨਾ ਹੈ।

ਇਸ ਤੋਂ ਇਲਾਵਾ ਗਿਆਨੀ ਜੀ 'ਪੰਚ ਖਾਲਸਾ ਦੀਵਾਨ ਪੰਚ ਖੰਡ' ਦੇ ਮੀਤ ਸਕੱਤਰ ਰਹੇ। 'ਸਿਹਤ ਸਿੱਖਿਆ ਸੱਭਿਆਚਾਰ ਸਮਾਜ ਸੇਵਾ ਸਾਹਿਤ ਸਭਾ ਦਮਦਮਾ ਸਾਹਿਬ[36] (ਤਲਵੰਡੀ ਸਾਬੋ)' ਦੇ ਸਰਪ੍ਰਸਤ ਸਨ। ਗਿਆਨੀ ਜੀ ਸਿੱਖ ਵਿਦਿਅਕ ਕਾਨਫਰੰਸਾਂ ਵਿਚ ਅਹਿਮ ਭੂਮਿਕਾ ਨਿਭਾਉਂਦੇ ਰਹੇ। 56ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ ਮਲੋਟ ਵਿਚ ਗਿਆਨੀ ਜੀ ਦੁਆਰਾ ਉਦਘਾਟਨੀ ਭਾਸ਼ਣ ਦਿਤਾ ਗਿਆ। ਲੁਧਿਆਣਾ ਵਿਖੇ 1990 ਵਿਚ 57 ਵੀਂ ਸਰਬ ਹਿੰਦ ਸਿੱਖ ਐਜੂਕੇਸ਼ਨਲ ਕਾਨਫਰੰਸ ਸਮੇਂ ਹੋਏ ਸੰਤ ਸੰਮੇਲਨ ਦੇ ਕਨਵੀਨਰ ਸਨ। ਗਿਆਨੀ ਜੀ ਹਰਿਦਵਾਰ, ਪ੍ਰਯਾਗਰਾਜ, ਉਜੈਨ ਅਤੇ ਨਾਸਿਕ ਦੇ ਕੁੰਭ ਮੇਲਿਆਂ ਤੇ ਨਿਰਮਲ ਭੇਖ ਦੇ ਸੰਮੇਲਨਾਂ ਦੇ ਸਟੇਜ ਸੈਕਟਰੀ ਹੁੰਦੇ ਸਨ। ਬੁੰਗਾ ਮਸਤੂਆਣਾ ਵਿਖੇ ਹੁੰਦੇ ਹਰ ਛੋਟੇ ਵੱਡੇ ਸਮਾਗਮਾਂ ਵਿਚ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦੇ।

**ਅੰਤਿਮ ਸਮਾਂ**

ਗਿਆਨੀ ਜੀ ਨੇ ਆਪਣਾ ਅੰਤਿਮ ਸਮਾਂ ਆਪਣੇ ਪਿੰਡ ਕੋਠਾ ਗੁਰੂ ਵਿਖੇ ਬਤੀਤ ਕੀਤਾ। ਲਗਭਗ ਦੋ ਮਹੀਨੇ (ਜਨਵਰੀ 2019 ਤੋਂ ਫਰਵਰੀ 2019) ਬਿਮਾਰ ਰਹੇ। ਸਿੱਖ ਪੰਥ ਦੀ ਸੇਵਾ ਕਰਦੇ ਤੇ ਲੋਕਾਈ ਨੂੰ ਗੁਰਮਤਿ ਦੀ ਰੋਸ਼ਨੀ ਦਿੰਦੇ ਹੋਏ ਜੀਵਨ ਦੀ ਅਟਲ ਸਚਾਈ 'ਸਭਨਾ ਮਰਣਾ ਆਇਆ ਵੇਛੋੜਾ ਸਭਨਾਹ' ਅਨੁਸਾਰ 27 ਫਰਵਰੀ, 2019 ਈ. ਨੂੰ ਗੁਰਪੁਰੀ ਸਿਧਾਰ ਗਏ। ਉਨ੍ਹਾਂ ਦੇ ਵਿਛੋੜੇ ਕਾਰਨ ਸਿੱਖ ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ।

---

36 ਹਰਗੋਬਿੰਦ ਸਿੰਘ ਸ਼ੇਖਪੁਰੀਆ ਵਲੋਂ 26 ਸਤੰਬਰ 2017 ਨੂੰ ਪੰਜ ਸੱਸਿਆਂ ਨੂੰ ਸਮਰਪਿਤ ਸਿਹਤ-ਸਿੱਖਿਆ-ਸੱਭਿਆਚਾਰ-ਸਮਾਜ ਸੇਵਾ-ਸਾਹਿਤ ਸਭਾ ਦਮਦਮਾ ਸਾਹਿਬ ਦਾ ਗਠਨ ਕੀਤਾ ਗਿਆ। ਇਸਦੇ ਸਰਪ੍ਰਸਤ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਜੀ ਨੂੰ ਨਿਯਤ ਕੀਤਾ ਗਿਆ।

**ਸ਼ਖ਼ਸੀਅਤ**

ਗਿਆਨੀ ਬਲਵੰਤ ਸਿੰਘ ਜੀ ਬੜੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦਾ ਕੱਦ ਲੰਮਾ, ਚਿੱਟਾ ਖੁਲ੍ਹਾ ਬੀਬਾ ਦਾੜ੍ਹਾ, ਰੰਗ ਸਾਂਵਲਾ, ਹਲਕਾ ਸਰੀਰ ਅਤੇ ਨਜ਼ਰ ਦੀਆਂ ਐਨਕਾਂ ਲੱਗੀਆਂ ਹੋਈਆਂ ਸਨ। ਪਹਿਰਾਵਾ ਬੜਾ ਸਾਦਾ ਪਰ ਪ੍ਰਭਾਵਸ਼ਾਲੀ ਹੁੰਦਾ। ਉਹ ਸਾਦਾ ਕੁੜ੍ਹਤਾ ਪਜਾਮਾ, ਸਿਰ ’ਤੇ ਗੇਰੂਏ ਰੰਗ ਦੀ ਦਸਤਾਰ ਧਾਰਨ ਕਰਦੇ ਸਨ ਅਤੇ ਗਲ ਵਿਚ ਹਜ਼ੂਰੀਆ ਪਾ ਕੇ ਰਖਦੇ ਸਨ। ਆਪ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੇ।

ਸਾਦਗੀ ਗਿਆਨੀ ਜੀ ਸ਼ਖ਼ਸੀਅਤ ਦਾ ਵਿਸ਼ੇਸ਼ ਗੁਣ ਸੀ। ਦਿਖਾਵੇ ਵਾਲੀ ਜ਼ਿੰਦਗੀ ਤੋਂ ਕੋਹਾਂ ਦੂਰ ਸਨ। ਖੋਜ ਕਾਰਜ ਦੇ ਸੰਬੰਧ ਵਿਚ ਉਨ੍ਹਾਂ ਨੂੰ ਵਖ-ਵਖ ਥਾਵਾਂ ਤੇ ਜਾਣਾ ਪੈਂਦਾ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਵਧੇਰੇ ਸਫਰ ਬੱਸਾਂ ਰਾਹੀਂ ਤਹਿ ਕੀਤਾ। ਪਿੰਡ ਕੋਠਾ ਗੁਰੂ ਦੇ ਬੱਸ ਅੱਡੇ ਤੋਂ ਘਰ ਤਕ ਦਾ ਪੈਂਡਾ ਕਰੀਬ ਡੇਢ ਕਿਲੋ ਮੀਟਰ ਦਾ ਹੈ। ਗਿਆਨੀ ਜੀ ਅਕਸਰ ਬੱਸ ਸਟੈਂਡ ਤੋਂ ਘਰ ਤੁਰ ਕੇ ਹੀ ਆ ਜਾਇਆ ਕਰਦੇ। ਗਿਆਨੀ ਜੀ ਬਹੁਤੇ ਸੁਖ-ਆਰਾਮ ਨੂੰ ਪਸੰਦ ਨਹੀਂ ਕਰਦੇ ਸਨ। 2017 ਵਿਚ ਗਰਮੀ ਦੀ ਰੁੱਤ ਵਿਚ ਗਿਆਨੀ ਜੀ ਦੇ ਪਰਿਵਾਰ ਨੇ ਉਨ੍ਹਾਂ ਦੇ ਕਮਰੇ ਵਿਚ ਏ.ਸੀ ਲਗਵਾ ਦਿਤਾ ਪਰ ਗਿਆਨੀ ਜੀ ਨੇ ਅਗਲੇ ਹੀ ਦਿਨ ਆਪਣੇ ਕਮਰੇ ਵਿਚੋਂ ਏ.ਸੀ ਉਤਰਵਾ ਦਿਤਾ। ਉਹ ਕਹਿੰਦੇ ‘ਮੇਰਾ ਇਸ ਵਿਚ ਦਮ ਘੁੱਟਦਾ ਹੈ’। ਉਨ੍ਹਾਂ ਨੇ ਸਾਰੀ ਜ਼ਿੰਦਗੀ ਸਾਦਾ ਜੀਵਨ ਬਤੀਤ ਕੀਤਾ।

ਜਿਥੇ ਗਿਆਨੀ ਜੀ ਦੇ ਪਹਿਰਾਵੇ ਅਤੇ ਸੁਭਾਅ ਵਿਚ ਸਾਦਗੀ ਸੀ ਉਥੇ ਉਨ੍ਹਾਂ ਦੇ ਖਾਣ-ਪੀਣ ਵਿਚ ਵੀ ਪੂਰਣ ਸੰਜਮ, ਸੰਕੋਚ ਤੇ ਸਾਦਗੀ ਸੀ। ਗਿਆਨੀ ਜੀ ਸਾਦੀ ਸ਼ਾਕਾਹਾਰੀ ਖੁਰਾਕ ਖਾਂਦੇ ਸਨ। ਉਹ ਘਰ ਬਣਾਏ ਹੋਏ ਸਾਦੇ ਖਾਣੇ ਨੂੰ ਤਰਜੀਹ ਦਿੰਦੇ ਸਨ। ਵਿਆਹ-ਸ਼ਾਦੀ ਤੇ ਜਾਣ ਸਮੇਂ ਖਾਣਾ ਘਰ ਤੋਂ ਲੈ ਕੇ ਜਾਂਦੇ ਸਨ। ਸਮੁਚੀ ਜ਼ਿੰਦਗੀ ਵਿਚ ਉਨ੍ਹਾਂ ਨੇ ਕਦੇ ਕਿਸੇ ਪ੍ਰਕਾਰ ਦੇ ਨਸ਼ੇ ਦੀ ਵਰਤੋਂ ਨਹੀਂ ਕੀਤੀ।

ਗਿਆਨੀ ਜੀ ਰਸਮੀ ਵਿਦਿਆ ਪੱਖੋਂ ਲਗਭਗ ਬਾਂਝੇ ਰਹੇ ਪਰ ਰਸਮੀ ਵਿਦਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਅਕਸਰ ਉਨ੍ਹਾਂ ਕੋਲ ਸਿਖਣ ਲਈ ਆਉਂਦੇ ਰਹਿੰਦੇ। ਪ੍ਰੋ. ਪ੍ਰੀਤਮ ਸਿੰਘ ਜੀ ਲਿਖਦੇ ਹਨ ਕਿ ‘ਭਾਈ ਵੀਰ ਸਿੰਘ ਜੀ ਦਸ ਜਮਾਤਾਂ ਤੋਂ ਅਗੇ ਨਹੀਂ ਸਨ ਟੱਪੇ। ਭਾਈ ਕਾਨ੍ਹ ਸਿੰਘ ਜੀ ਦਸ ਵੀ ਨਹੀਂ ਸਨ ਪੜ੍ਹੇ। ਸ. ਸਮਸ਼ੇਰ ਸਿੰਘ ਅਸ਼ੋਕ, ਗਿਆਨੀ ਗੁਰਦਿੱਤ ਸਿੰਘ, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਵਰਗੇ ਅਨੇਕ ਵਿਦਵਾਨਾਂ ਨੂੰ ਯੂਨੀਵਰਸਿਟੀ ਦੀ ਹਵਾ ਨਹੀਂ ਲੱਗੀ, ਪਰ ਕਿਹੜੀ ਯੂਨੀਵਰਸਿਟੀ ਹੈ ਜਿਸ ਦੇ ਨੌਜਵਾਨ ਖੋਜੀ, ਆਪਣੇ ਖੋਜ-ਪ੍ਰਬੰਧਾਂ ਦੀ ਸਮੱਗਰੀ ਪ੍ਰਾਪਤ ਕਰਨ ਤੇ ਅਗਵਾਈ ਲਈ, ਇਨ੍ਹਾਂ ਵਰਗੇ ਹੋਰ ਵਿਦਵਾਨਾਂ ਪਾਸ ਨਹੀਂ ਪਹੁੰਚਦੇ ਰਹੇ?[37]

ਗਿਆਨੀ ਜੀ ਸੁਭਾਅ ਪਖੋਂ ਬੜੇ ਮਿਲਾਪੜੇ, ਸਬਰ-ਸੰਤੋਖ, ਧੀਰਜ, ਸ਼ਾਂਤ ਚਿਤ ਤੇ ਹਲੀਮੀ ਵਾਲੇ ਸਨ। ਬੜੇ ਮਿਠ ਬੋਲੜੇ ਤੇ ਮਿਤਰਾਂ ਸਨੇਹੀਆਂ ਨਾਲ ਡੂੰਘਾ ਪਿਆਰ ਕਰਦੇ ਸਨ। ਬਿਨਾਂ ਲੋੜ ਦੇ ਨਾ ਬੋਲਦੇ। ਕਿਸੇ ਕਿਸਮ ਦਾ ਉਪਦੇਸ਼ ਦੇਣ ਨਾਲੋਂ ਆਦਰਸ਼ ਪੇਸ਼ ਕਰਨ ਵਿਚ ਜ਼ਿਆਦਾ ਵਿਸ਼ਵਾਸ ਰਖਦੇ ਸਨ।

---

37 *ਪੰਜਾਬੀ ਦੁਨੀਆ*, ਨਵੰਬਰ 2001 ਤੋਂ ਅਪ੍ਰੈਲ 2002, ਪੰਨਾ 11.

ਗਿਆਨੀ ਜੀ ਭਾਈ ਵੀਰ ਸਿੰਘ ਵਾਂਗ 'ਮੇਰੀ ਛੁਪੇ ਰਹਿਣ ਦੀ ਚਾਹ' ਅਨੁਸਾਰ ਲੋਕਾਂ ਦੇ ਸਾਹਮਣੇ ਨਹੀਂ ਆਏ। ਉਨ੍ਹਾਂ ਦਾ ਵਿਚਾਰ ਸੀ, 'ਚੁੱਪ-ਚਾਪ ਕੰਮ ਕਰਦੇ ਰਹਿਣ ਵਿਚ ਆਪਣੇ ਆਪ ਵਾਕਫੀ ਹੋ ਜਾਂਦੀ ਹੈ। ਵਾਹਿਗੁਰੂ ਸੱਚੇ ਪਾਤਸ਼ਾਹ ਨੇ ਜਿੰਨੀਆਂ ਘੜੀਆਂ ਸੁਖਾਵੀਂਆ ਲਿਖ ਦਿਤੀਆਂ ਹਨ, ਉਹ ਪ੍ਰਾਪਤ ਹੋ ਜਾਂਦੀਆਂ ਹਨ। ਸਬਰ ਅੰਦਰ ਹੀ ਸਬੂਰੀ ਸ਼ਾਮਲ ਹੁੰਦੀ ਹੈ। ਨੇਕ ਕੰਮਾਂ ਤੇ ਸੋਧ ਭਰੇ ਬੋਲਾਂ ਨਾਲ ਤੁਸੀਂ ਸਭਨਾਂ ਦੇ ਹਿਰਦਿਆਂ ਵਿਚ ਨਿਵਾਸ ਕਰ ਸਕਦੇ ਹੋ।[38]

ਉਨ੍ਹਾਂ ਦਾ ਹਰ ਰੋਜ਼ ਦਾ ਕਾਰ-ਵਿਹਾਰ ਬੜਾ ਨਿਯਮਬੱਧ ਸੀ। ਨਿਤਨੇਮ ਵਿਚ ਪਰਪੱਕ ਸਨ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰ ਕੇ ਪੰਜ ਬਾਣੀਆਂ ਦਾ ਨਿਤਨੇਮ ਜ਼ੁਬਾਨੀ ਕਰਦੇ। ਹਰ ਰੋਜ਼ ਅਖ਼ਬਾਰ ਪੜ੍ਹਦੇ ਅਤੇ ਫਿਰ ਧਰਮ ਗ੍ਰੰਥਾਂ ਦੇ ਅਧਿਐਨ ਵਿਚ ਜੁਟ ਜਾਂਦੇ ਸਨ। ਉਨ੍ਹਾਂ ਦਾ ਪੜ੍ਹਾਈ ਦਾ ਕਮਰਾ ਬੜਾ ਸਾਫ-ਸੁਥਰਾ ਹੁੰਦਾ। ਉਹ ਚੁਬਾਰੇ ਵਿਚ ਰਹਿੰਦੇ ਸਨ, ਉਥੇ ਹੀ ਉਨ੍ਹਾਂ ਦੀ ਲਾਇਬਰੇਰੀ ਸੀ। ਪੜ੍ਹਾਈ ਸਮੇਂ ਉਹ ਇਕਾਗਰ ਹੋ ਜਾਂਦੇ ਅਤੇ ਆਪਣਾ ਆਲਾ-ਦੁਆਲਾ ਭੁੱਲ ਜਾਂਦੇ ਸਨ।

ਗਿਆਨੀ ਬਲਵੰਤ ਸਿੰਘ ਜੀ ਐਸੇ ਵਿਦਵਾਨ ਸਨ ਜਿਨ੍ਹਾਂ ਨੇ ਜਸ ਜਾਂ ਧਨ ਲਈ ਨਹੀਂ ਸਗੋਂ ਆਤਮ ਸੁਖ ਅਤੇ ਲੋਕ-ਹਿਤ ਲਈ ਸਾਹਿਤ ਰਚਨਾ ਕੀਤੀ। ਉਨ੍ਹਾਂ ਦਾ ਸਮੁਚਾ ਜੀਵਨ ਸਾਹਿਤਕ ਸੇਵਾ ਨੂੰ ਸਮਰਪਿਤ ਸੀ। ਗਿਆਨੀ ਜੀ ਨੇ ਕਈ ਗ੍ਰੰਥ ਸਿੱਖ ਪੰਥ ਦੀ ਝੋਲੀ ਪਾਏ ਅਤੇ ਕਈ ਦੁਰਲਭ ਗ੍ਰੰਥਾਂ ਨੂੰ ਸੰਪਾਦਤ ਵੀ ਕੀਤਾ। ਗਿਆਨੀ ਜੀ ਦੀ ਇਹ ਸਾਰੀ ਸੇਵਾ ਨਿਸ਼ਕਾਮ ਸੀ। ਵਿਦਵਾਨ ਹੋਣ ਦੇ ਨਾਲ-ਨਾਲ ਉਹ ਹਿੰਮਤੀ, ਪਰਿਸ਼ਰਮੀ, ਉਦਾਰ, ਨਿਮਰ, ਨਿਆਂ ਪ੍ਰੇਮੀ, ਸਮਦਰਸ਼ੀ, ਤਿਆਗਸ਼ੀਲ ਤੇ ਪਰਉਪਕਾਰੀ ਵਿਅਕਤੀ ਸਨ। ਗਿਆਨੀ ਜੀ ਦਾ ਅਧਿਐਨ ਗੰਭੀਰ ਅਤੇ ਵਿਸ਼ਾਲ ਸੀ। ਉਨ੍ਹਾਂ ਨੇ ਪੁਰਾਤਨ ਗ੍ਰੰਥਾਂ ਜਿਵੇਂ ਮਹਾਂਭਾਰਤ, ਰਾਮਾਇਣ, ਪੁਰਾਣਾਂ ਆਦਿ ਦਾ ਬੜੀ ਗੰਭੀਰਤਾ ਨਾਲ ਅਧਿਐਨ ਕੀਤਾ।

ਗਿਆਨੀ ਬਲਵੰਤ ਸਿੰਘ ਬਚਪਨ ਤੋਂ ਹੀ ਧਾਰਮਿਕ ਬਿਰਤੀ ਦੇ ਮਾਲਿਕ ਸਨ। ਉਨ੍ਹਾਂ ਨੇ ਛੋਟੀ ਉਮਰ ਵਿਚ ਹੀ ਬੁੱਢਾ ਦਲ ਦੇ ਸਿੰਘਾਂ ਪਾਸੋਂ 1944 ਈ. ਵਿਚ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਗਿਆਨੀ ਜੀ ਨੇ ਦਸਿਆ ਕਿ ਉਸ ਸਮੇਂ ਅੰਮ੍ਰਿਤ ਛਕਾਉਣ ਦੇ ਅੱਠ ਰੁਪਏ ਲਗਦੇ ਸਨ। ਗਿਆਨੀ ਜੀ ਦਾ ਇਕ ਅਕਾਲਪੁਰਖ ਅਤੇ ਗੁਰੂ ਸਾਹਿਬਾਨ ਤੇ ਦ੍ਰਿੜ੍ਹ ਨਿਸ਼ਚਾ ਸੀ। ਉਨ੍ਹਾਂ ਵਿਚ ਕਿਸੇ ਪ੍ਰਕਾਰ ਦੀ ਕੱਟੜਤਾ ਦਿਖਾਈ ਨਾ ਦਿੰਦੀ।

ਗਿਆਨੀ ਜੀ ਉਤਮ ਵਕਤਾ ਸਨ। ਉਨ੍ਹਾਂ ਦੇ ਵਿਖਿਆਨ ਬੜੇ ਸਰਲ ਤੇ ਸਪੱਸ਼ਟ ਹੁੰਦੇ ਸਨ। ਸਧਾਰਨ ਵਿਅਕਤੀ ਵੀ ਉਨ੍ਹਾਂ ਦੇ ਵਿਖਿਆਨ ਸਮਝ ਸਕਦਾ ਸੀ। ਉਹ ਯੂਨੀਵਰਸਿਟੀਆਂ ਵਿਚ ਵੀ ਆਪਣੇ ਵਿਦਵਤਾ ਭਰੇ ਵਿਖਿਆਨ ਦੇਣ ਜਾਂਦੇ ਸਨ। ਜਿਸ ਸਿਧਾਂਤ ਦੀ ਵਿਆਖਿਆ ਕਰਦੇ ਸਨ ਉਸਦੇ ਸਾਰੇ ਪੱਖਾਂ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਪ੍ਰਦਾਨ ਕਰਦੇ। ਉਨ੍ਹਾਂ ਦੇ ਮਿਠੇ ਬੋਲ ਸਭ ਦਾ ਮਨਮੋਹਨ ਵਾਲੇ ਹੁੰਦੇ।

ਗਿਆਨੀ ਬਲਵੰਤ ਸਿੰਘ ਜੀ ਉੱਘੇ ਵਿਦਵਾਨ ਹੋਣ ਦੇ ਨਾਲ-ਨਾਲ ਇਕ ਪ੍ਰਬੀਨ ਕਥਾ ਵਾਚਕ ਵੀ ਸਨ। ਵਖ-ਵਖ ਡੇਰਿਆਂ ਦੇ ਸਲਾਨਾ ਸਮਾਗਮਾਂ ਵਿਚ ਕਥਾ ਕਰਨ ਜਾਂਦੇ। ਗਿਆਨੀ ਜੀ ਡੇਰਾ ਬਾਬਾ ਮਿਸ਼ਰਾ

---

38 ਜਸਵੰਤ ਕੌਰ (ਸੰਪਾ.), *ਆਸ਼ਿਆਨਾ*, 30 ਜਨਵਰੀ, 2003, ਪੰਨਾ 1.

ਸਿੰਘ ਅੰਮ੍ਰਿਤਸਰ, ਡੇਰਾ ਤਪੋ ਬਣ ਭੂਰੀ ਵਾਲਾ ਅੰਮ੍ਰਿਤਸਰ, ਡੇਰਾ ਬਾਬਾ ਗਾਂਧਾ ਸਿੰਘ ਜੀ ਬਰਨਾਲਾ, ਅਖਾੜਾ ਮਹੰਤ ਮੂਲ ਸਿੰਘ ਅੰਮ੍ਰਿਤਸਰ, ਡੇਰਾ ਮੰਨਣਹਣ ਹੁਸ਼ਿਆਰਪੁਰ, ਪਿੰਡ ਬੱਡੋ ਜ਼ਿਲ੍ਹਾ ਹੁਸ਼ਿਆਰਪੁਰ, ਬੂਥਗੜ੍ਹ ਬਾਬਾ ਭੋਲਾ ਦਾਸ ਕਬੀਰ ਪੰਥੀ, ਡੇਰਾ ਭਾਰ ਸਿੰਘ ਪੁਰਾ ਨਵਾਂ ਸ਼ਹਿਰ ਅਤੇ ਆਪਣੇ ਪਿੰਡ ਕੋਠਾ ਗੁਰੂ ਵਿਚ ਵਿਸ਼ੇਸ਼ ਸਮਾਗਮਾਂ 'ਤੇ ਕਥਾ ਕਰਨ ਜਾਂਦੇ।

ਗਿਆਨੀ ਜੀ ਵਿਚ ਵਿਦਵਤਾ ਦੇ ਨਾਲ-ਨਾਲ ਖੋਜ-ਪ੍ਰਵਿਰਤੀ ਵੀ ਮੌਜੂਦ ਸੀ। ਉਨ੍ਹਾਂ ਨੇ *ਸ੍ਰੀ ਨਿਰਮਲ ਪੰਥ ਬੋਧ* ਗ੍ਰੰਥ ਲਿਖਣ ਸਮੇਂ ਪੂਰੇ ਭਾਰਤ ਵਿਚ ਵਖ-ਵਖ ਸਥਾਨਾਂ 'ਤੇ ਜਾ ਕੇ ਨਿਰਮਲੇ ਮਹਾਂਪੁਰਖਾਂ ਦੇ ਜੀਵਨ ਅਤੇ ਪਰਉਪਕਾਰੀ ਕਾਰਜ ਅੰਕਿਤ ਕੀਤੇ। ਇਸ ਕਾਰਜ ਦੌਰਾਨ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਮਾਨ-ਅਪਮਾਨ ਵੀ ਸਹਿਣ ਕਰਨੇ ਪਏ। ਖੋਜ ਵਿਚ ਦਿਨ ਰਾਤ ਸਖਤ ਮਿਹਨਤ ਕੀਤੀ, ਲੰਬੇ ਸਫਰ ਝਾਗੇ, ਦੂਰ-ਦੂਰ ਤਕ ਪਹੁੰਚ ਕੇ ਪੁਰਾਤਨ ਬਜ਼ੁਰਗਾਂ ਨਾਲ ਮੁਲਾਕਾਤਾਂ ਕੀਤੀਆਂ। ਜਿਸ ਕਿਸੇ ਸਜਣ ਕੋਲ ਨਿਰਮਲੇ ਸੰਤਾਂ ਮਹੰਤਾਂ ਸੰਬੰਧੀ ਕੋਈ ਜਾਣਕਾਰੀ ਹੁੰਦੀ ਗਿਆਨੀ ਜੀ ਨੇ ਉਸ ਨੂੰ ਨਿੱਜੀ ਰੂਪ ਵਿਚ ਮਿਲ ਕੇ ਅਸਲੀਅਤ ਨੂੰ ਲੱਭਣ ਦਾ ਤੇ ਅੰਕਿਤ ਕਰਨ ਦਾ ਉਦਮ ਕੀਤਾ। ਉਨ੍ਹਾਂ ਨੇ ਆਪਣੇ ਸੁੱਖ ਅਤੇ ਪਰਿਵਾਰਕ ਜਿੰਮੇਵਾਰੀਆਂ ਨੂੰ ਪਿੱਛੇ ਰਖਿਆ ਅਤੇ ਪਹਿਲ ਆਪਣੀ ਖੋਜ ਨੂੰ ਦਿਤੀ। ਗਿਆਨੀ ਜੀ ਨੇ ਬੜੀ ਮਿਹਨਤ ਨਾਲ ਇਤਿਹਾਸਕ ਘਟਨਾਵਾਂ ਨੂੰ ਇੱਕਠਾ ਕੀਤਾ ਅਤੇ ਫਿਰ ਇਨ੍ਹਾਂ ਘਟਨਾਵਾਂ ਦੀ ਯਥਾਰਥਤਾ ਦੀ ਪੁਣ-ਛਾਣ ਕਰਕੇ ਇਤਿਹਾਸ ਅੰਕਿਤ ਕੀਤਾ। ਕੋਈ ਵੀ ਮੁਸ਼ਕਲ ਉਨ੍ਹਾਂ ਨੂੰ ਆਪਣੇ ਨਿਸ਼ਚੇ ਤੋਂ ਡੁਲਾ ਨਾ ਸਕੀ। ਉਹ ਸਾਹਸ, ਆਤਮ ਵਿਸ਼ਵਾਸ ਅਤੇ ਧੀਰਜ ਨਾਲ ਆਪਣੇ ਖੋਜ ਕਾਰਜ ਵਿਚ ਲਗੇ ਰਹੇ ਅਤੇ ਉਸਨੂੰ ਸੰਪੂਰਨ ਕੀਤਾ।

ਗਿਆਨੀ ਜੀ ਦਾ ਪਰਮਾਤਮਾ ਵਿਚ ਅਟੁਟ ਵਿਸ਼ਵਾਸ ਸੀ। ਉਨ੍ਹਾਂ ਦੇ ਜੀਵਨ ਵਿਚ ਅਨੇਕ ਔਕੜਾਂ ਆਈਆਂ ਪਰ ਉਹ ਅਡੋਲ ਰਹੇ। ਚਾਹੇ ਉਹ ਬਚਪਨ ਵਿਚ ਪਿਤਾ ਦੇ ਅਕਾਲ ਚਲਾਣੇ ਦੀ ਗੱਲ ਹੋਵੇ, ਸਾਹਿਤਕ ਕਾਰਜ ਦੌਰਾਨ ਔਕੜਾਂ ਦੀ ਜਾਂ ਉਨ੍ਹਾਂ ਦੇ ਬੇਟੇ ਦੇ ਅਕਾਲ ਚਲਾਣੇ ਦੀ, ਹਰ ਸਮੇਂ ਵਾਹਿਗੁਰੂ ਨੂੰ ਅੰਗ-ਸੰਗ ਅਨੁਭਵ ਕਰਦੇ ਅਤੇ ਰਜ਼ਾ ਵਿਚ ਰਾਜੀ ਰਹਿੰਦੇ। ਕਿਸੇ ਵੀ ਕਠਿਨ ਸਥਿਤੀ ਵਿਚ ਉਤੇਜਿਤ ਨਹੀਂ ਹੁੰਦੇ ਸਗੋਂ ਉਸਦਾ ਸਾਹਮਣਾ ਸ਼ਾਂਤੀ ਨਾਲ ਕਰਦੇ ਸਨ। ਉਨ੍ਹਾਂ ਨੇ 1960 ਈ. ਵਿਚ ਹਿਸਾਰ ਵਿਖੇ ਜੇਲ੍ਹ ਵੀ ਕੱਟੀ ਜੋ ਪੰਜਾਬੀ ਸੂਬੇ ਮੋਰਚੇ ਨਾਲ ਸੰਬੰਧਿਤ ਸੀ ਅਤੇ 1973 ਈ. ਵਿਚ ਕਮਿਊਨਿਸਟ ਪਾਰਟੀ ਵਲੋਂ ਮਹਿੰਗਾਈ ਦੇ ਸੰਬੰਧ ਵਿਚ 20 ਦਿਨ ਬਠਿੰਡੇ ਜੇਲ੍ਹ ਵਿਚ ਰਹੇ। ਉਨ੍ਹਾਂ ਨੇ ਹਰ ਹਲਾਤ ਦਾ ਸਾਹਮਣਾ ਦ੍ਰਿੜ੍ਹਤਾ ਨਾਲ ਕੀਤਾ।

ਗਿਆਨੀ ਜੀ ਸਰੀਰਕ, ਮਾਨਸਿਕ ਅਤੇ ਬੌਧਿਕ ਤੌਰ ਤੇ ਸਿਹਤਮੰਦ ਵਿਅਕਤੀ ਸਨ। ਉਹ ਅਣਥਕ ਤੇ ਮਿਹਨਤੀ ਇਨਸਾਨ ਸਨ। ਮਿਹਨਤ ਕਾਰਨ ਹੀ ਉਨ੍ਹਾਂ ਨੇ *ਸ੍ਰੀ ਨਿਰਮਲ ਪੰਥ ਬੋਧ* ਵਰਗੀ ਰਚਨਾ ਪੰਥ ਦੀ ਝੋਲੀ ਪਾਈ।

ਗਿਆਨੀ ਜੀ ਸ਼ਖ਼ਸੀਅਤ ਦਾ ਮੁਢਲਾ ਗੁਣ ਇਹ ਸੀ ਕਿ ਉਹ ਨਿਮਰਤਾ ਦੇ ਧਾਰਨੀ ਸਨ। ਉਹ ਹਰੇਕ ਵਿਅਕਤੀ ਨਾਲ ਉਸ ਦੇ ਬੌਧਿਕ ਪਧਰ 'ਤੇ ਹੋ ਕੇ ਵਿਚਰਦੇ। ਕੋਈ ਵੀ ਉਨ੍ਹਾਂ ਨੂੰ ਮਿਲਣ ਜਾਂਦਾ ਤਾਂ ਉਹ ਆਪਣੀ ਵਿਦਵਤਾ ਦਾ ਦਿਖਾਵਾ ਨਾ ਕਰਦੇ। ਕਦੇ ਵੀ ਅਹੰਕਾਰ ਵਾਲੀ ਗੱਲ ਨਾ ਕਰਦੇ ਸਗੋਂ ਸਤਿ

ਬਚਨ ਕਹਿ ਕੇ ਦੂਜੇ ਦੀ ਗੱਲ ਨੂੰ ਧਿਆਨ ਨਾਲ ਸੁਣਦੇ। ਆਪਣੇ ਆਪ ਨੂੰ ਇਕ ਸੇਵਕ ਅਤੇ ਗੁਰਮਤਿ ਖੋਜੀ ਤੋਂ ਵਧ ਕੁਝ ਨਹੀਂ ਸਮਝਦੇ ਸਨ।

ਗ੍ਰਹਿਸਥੀ ਹੁੰਦੇ ਹੋਏ ਵੀ ਸੰਤ-ਸੁਭਾਅ, ਕੋਮਲ ਚਿਤ ਅਤੇ ਪਰਉਪਕਾਰੀ ਬਿਰਤੀ ਵਾਲੇ ਵਿਅਕਤੀ ਸਨ। ਉਹ ਹਰ ਵੇਲੇ ਲੋਕਾਂ ਦਾ ਭਲਾ ਲੋਚਦੇ ਸਨ। ਉਹ ਪਿੰਡ ਕੋਠਾ ਗੁਰੂ ਦੇ ਸਰਪੰਚ ਅਤੇ ਪਿੰਡ ਦੀ ਪੰਚਾਇਤ ਦੇ ਮੈਂਬਰ ਰਹਿਣ ’ਤੇ ਵੀ ਸਿਆਸਤ ਤੋਂ ਉਪਰਾਮ ਹੋ ਕੇ ਸਾਹਿਤਕ ਤੇ ਧਾਰਮਿਕ ਕਾਰਜਾਂ ਵਲ ਰੁਚਿਤ ਰਹੇ। ਲੋਕ ਭਲਾਈ ਦੇ ਕਾਰਜ ਕਰਨਾ ਉਨ੍ਹਾਂ ਦੀ ਸ਼ਖ਼ਸੀਅਤ ਦਾ ਵਿਸ਼ੇਸ਼ ਗੁਣ ਸੀ ਜਿਸਦੇ ਹਵਾਲੇ ਉਨ੍ਹਾਂ ਦੀ ਸਰਪੰਚੀ ਦੇ ਕਾਰਜਕਾਲ ਦੌਰਾਨ ਦੇਖੇ ਜਾ ਸਕਦੇ ਹਨ। ਉਨ੍ਹਾਂ ਨੇ ਆਪਣੇ ਸਰਪੰਚੀ ਦੇ ਕਾਰਜਕਾਲ ਦੌਰਾਨ ਅਨੇਕਾਂ ਉਸਾਰੂ ਕੰਮ ਕੀਤੇ ਮਿਸਾਲ ਵਜੋਂ, ਅੱਠ ਆਧੁਨਿਕ ਮਾਹੌਲ ਵਾਲੀਆਂ ਧਰਮਸ਼ਾਲਾਵਾਂ ਦੀ ਉਸਾਰੀ ਕਰਵਾਈ। ਬਾਲ ਸਿੱਖਿਆ ਅਤੇ ਬਾਲਗ ਸਿੱਖਿਆ ਲਈ ਵਿਸ਼ੇਸ਼ ਪ੍ਰਬੰਧ ਕੀਤੇ। ਗਿਆਨੀ ਜੀ ਨੇ ਬਾਲ ਸਿੱਖਿਆ ਅਤੇ ਬਾਲਗ ਸਿੱਖਿਆ ਦੇ ਨਾਲ-ਨਾਲ ਵਡੇਰੀ ਉਮਰ ਦੇ ਵਿਅਕਤੀਆਂ ਦੀ ਸਿਖਿਆ ਨੂੰ ਵੀ ਤਰਜੀਹ ਦਿਤੀ ਤੇ ਲੋਕਾਂ ਨੂੰ ਸਿਖਿਆ ਪ੍ਰਤੀ ਜਾਗਰੂਕ ਕੀਤਾ।

ਗਿਆਨੀ ਜੀ ਸੁਲਝੇ ਹੋਏ ਵਿਅਕਤੀ ਸਨ। ਉਨ੍ਹਾਂ ਦੀ ਸਿਆਣਪ ਦਾ ਨਤੀਜਾ ਸੀ ਕਿ ਉਨ੍ਹਾਂ ਦੇ ਸਰਪੰਚੀ ਦੇ ਕਾਰਜਕਾਲ ਦੌਰਾਨ ਕਦੀ ਵੀ ਪੁਲਿਸ ਪਿੰਡ ਵਿਚ ਨਹੀਂ ਆਈ ਸੀ। ਪਿੰਡ ਦੇ ਲੋਕਾਂ ਵਿਚ ਹੋਏ ਦੋ ਧਿਰਾਂ ਵਿਚ ਮਤ-ਭੇਦ ਨੂੰ ਪੰਚਾਇਤ ਬੁਲਾ ਕੇ ਤੁਰੰਤ ਮਿਟਾ ਦਿੰਦੇ ਸਨ। ਥਾਣੇ ਅਤੇ ਅਦਾਲਤਾਂ ਵਿਚ ਲੋਕਾਂ ਨੂੰ ਅਪਮਾਨਤ ਨਹੀਂ ਹੋਣ ਦਿਤਾ ਜਾਂਦਾ ਸੀ।[39]

ਗੁਰਮਤਿ ਨੂੰ ਸਮਝਣਾ, ਉਸ ਅਨੁਸਾਰ ਜੀਵਨ ਬਤੀਤ ਕਰਨ ਅਤੇ ਗੁਰਬਾਣੀ ਦਾ ਸਿਧਾਂਤਕ ਪ੍ਰਚਾਰ ਕਰਨਾ ਗਿਆਨੀ ਜੀ ਦੇ ਜੀਵਨ ਦਾ ਮੁਖ ਮਨੋਰਥ ਸੀ। ਗੁਰਬਾਣੀ ਦਾ ਅਧਿਐਨ ਅਤੇ ਭਾਰਤੀ ਅਧਿਆਤਮਕ ਪਰੰਪਰਾ ਨੂੰ ਸਮਝਣ ਲਈ ਉਨ੍ਹਾਂ ਨੇ ਵੇਦ, ਸ਼ਾਸਤ੍ਰ, ਪੁਰਾਣ , ਉਪਨਿਸ਼ਦ ਆਦਿ ਦਾ ਵਿਸ਼ੇਸ਼ ਤੌਰ ਤੇ ਗਿਆਨ ਪ੍ਰਾਪਤ ਕੀਤਾ। ਉਹ  ਗੁਰਮਤਿ ਦੇ ਪ੍ਰੇਮੀ ਸਨ। ਭਾਵੇਂ ਉਨ੍ਹਾਂ ਨੂੰ ਖਟ ਸ਼ਾਸਤਰਾਂ ਦਾ ਗਿਆਨ ਪ੍ਰਾਪਤ ਸੀ ਪਰ ਫਿਰ ਵੀ ਗੁਰਮਤਿ ਵਿਚ ਵਿਸ਼ਵਾਸ ਰਖਦੇ ਸਨ। ਉਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਵੀ ਗੁਰਮਤਿ ਨੂੰ ਸਰਬੋਤਮ ਦਸਿਆ ਹੈ। ਗਿਆਨੀ ਜੀ ਪ੍ਰਭਾਵਸ਼ਾਲੀ ਤੇ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਆਪ ਗੰਭੀਰ ਅਧਿਐਨ ਵਾਲੇ ਬਿਬੇਕ ਬੁੱਧੀ ਦੇ ਧਾਰਨੀ ਸਨ। ਨਿਰਮਲ ਪੰਥ ਦੇ ਪ੍ਰਮੁਖ ਵਿਦਵਾਨਾਂ ਵਿਚ ਗਿਆਨੀ ਜੀ ਦਾ ਵਿਸ਼ੇਸ਼ ਸਥਾਨ ਹੈ। ਉਹ ਵੀਂਹਵੀ ਸਦੀ ਦੇ ਚੌਥੇ ਦਹਾਕੇ ਤੋਂ ਬਾਅਦ ਦੇ ਉਚਕੋਟੀ ਦੇ ਨਿਰਮਲੇ ਵਿਦਵਾਨ ਹਨ।

ਗਿਆਨੀ ਜੀ ਮਿਲਣ ਆਏ ਵਿਅਕਤੀਆਂ ਦਾ ਬਹੁਤ ਸਤਿਕਾਰ ਕਰਦੇ ਹਨ। ਜੋ ਵਿਅਕਤੀ ਪਹਿਲੀ ਵਾਰ ਮਿਲਦੇ ਉਨ੍ਹਾਂ ਨੂੰ ਅਜਿਹਾ ਅਨੁਭਵ ਹੁੰਦਾ ਹੈ ਜਿਵੇਂ ਗਿਆਨੀ ਜੀ ਨੂੰ ਬਹੁਤ ਚਿਰ ਤੋਂ ਜਾਣਦੇ ਹੋਣ। ਉਨ੍ਹਾਂ ਦੀ ਵਿਦਵਤਾ ਅਤੇ ਬ੍ਰਜ ਭਾਸ਼ਾ ਵਿਚ ਮੁਹਾਰਤ ਹਾਸਲ ਹੋਣ ਕਰਕੇ ਯੂਨੀਵਰਸਿਟੀਆਂ ਤੋਂ ਪੀਐਚ.ਡੀ ਕਰਨ

39 ਉਹੀ, ਪੰਨਾ 175.

ਵਾਲੇ ਖੋਜਾਰਥੀ ਅਕਸਰ ਉਨ੍ਹਾਂ ਕੋਲ ਆਉਂਦੇ ਰਹਿੰਦੇ। ਆਪ ਖੋਜਾਰਥੀਆਂ ਨੂੰ ਖੋਜ ਸਮੱਗਰੀ ਉਲਬਧ ਕਰਵਾਉਂਦੇ ਅਤੇ ਹਰ ਸੰਭਵ ਸਹਾਇਤਾ ਕਰਦੇ। ਆਪ ਇਕ ਸਾਧਾਰਨ, ਸਰਲ ਅਤੇ ਭੋਲੇ ਭਾਲੇ ਸੁਭਾਅ ਵਾਲੇ ਗੁਰਮੁਖ ਸਜਣ ਸਨ। ਸੰਸਾਰ ਵਿਚ ਪਸਰ ਰਹੇ ਲੋਭ ਲਾਲਚ, ਸ਼ਰੀਕਾ, ਈਰਖਾ, ਉਸਤਤ, ਨਿੰਦਾ, ਚੰਗਾ ਖਾਣ ਪਹਿਨਣ ਦੀ ਲਾਲਸਾ ਐਸ਼ ਕਰਨ ਦਾ ਸ਼ੋਕ ਆਦਿ ਤੋਂ ਉਕਾ ਨਿਰਲੇਪ ਸਨ।

ਗਿਆਨੀ ਬਲਵੰਤ ਸਿੰਘ ਜੀ ਇੰਨੇ ਕੋਮਲ ਦਿਲ ਵਾਲੇ ਸਨ ਕਿ ਦੇਸ਼ ਦੇ ਬਟਵਾਰੇ ਸਮੇਂ ਵਰਤੇ ਦੁਖਾਂਤ ਨੂੰ ਯਾਦ ਕਰਦਿਆਂ ਭਾਵੁਕ ਹੋ ਜਾਂਦੇ ਅਤੇ ਖ਼ੂਨੀ ਸੰਤਾਲੀ ਕਹਿੰਦੇ। ਥੋੜ੍ਹੇ ਸਮੇਂ ਪਿਛੋਂ 1984 ਨੂੰ ਵੀ ਸਿੱਖੀ ਤੇ ਗੁਰਸਿੱਖਾਂ ਲਈ ਕਸ਼ਟਮਈ ਤੇ ਮਾਰੂ ਚੁਰਾਸੀ ਗਰਦਾਨਦਿਆਂ ਦਸਦੇ ਕਿ 'ਦੰਗਿਆਂ ਵਿਚ ਅਸੀਂ ਚਾਰ ਸਿੱਖ ਦਿੱਲੀ ਘਿਰ ਗਏ, ਉਥੇ ਸੰਤਪੁਰਾ ਮਾਡਲ ਟਾਊਨ ਵਿਖੇ ਗੁਰਦੁਆਰਾ ਸਾਹਿਬ ਦੀ ਉਪਰਲੀ ਮੰਜ਼ਲ ਵਿਚ ਠਹਿਰੇ ਹੋਏ ਸਾਂ ਕਿ ਪੰਜ ਸੌ ਅੱਤਵਾਦੀਆਂ ਨੇ ਹਮਲਾ ਬੋਲ ਦਿਤਾ। ਦੇਖਦਿਆਂ ਹੀ ਦੰਗਈਆਂ ਨੇ ਹੇਠਲੀ ਮੰਜ਼ਲ ਨੂੰ ਅੱਗ ਲਗਾ ਦਿਤੀ ਅਤੇ ਹੇਠਲੀ ਮੰਜ਼ਲ ਹੱਥ ਘੜੀਆਂ ਬਣਾਉਣ ਵਾਲਿਆਂ ਕੋਲ ਹੋਣ ਕਰਕੇ, ਸਾਰੀ ਮੰਜ਼ਲ ਮੱਚ ਉਠੀ। ਪਲਾਂ ਵਿਚ ਹੀ ਅੱਗ ਉਪਰ ਦਰਬਾਰ ਸਾਹਿਬ ਵਾਲੇ ਹਾਲ ਵਿਚ ਪਹੁੰਚਣ ਲੱਗੀ। ਸਾਗਵਾਨ ਵਾਲਾ ਕੀਮਤੀ ਸਮਾਨ ਝੁਲਸਣ ਲੱਗਾ। ਅਸੀਂ ਜਲਦੀ ਨਾਲ ਦਰਬਾਰ ਸਾਹਿਬ ਦਾ ਸੁਖਆਸਨ ਕੀਤਾ, ਕੀਮਤੀ ਗਲੀਚਿਆਂ ਨੂੰ ਵਲ੍ਹੇਟਿਆ। ਜਦੋਂ ਅੱਗ ਦੇ ਭੜਮੱਚੇ ਮਚਣ ਲਗੇ ਤਾਂ ਦੰਗਈਆਂ ਨੇ ਇਹ ਸੋਚ ਕੇ ਅੱਗੇ ਵਲ ਚਲੇ ਗਏ ਕਿ ਇਸ ਭਿਆਨਕ ਅੱਗ ਵਿਚ ਸਿੱਖ ਬਚ ਨਹੀਂ ਸਕਦੇ। ਗੁਰਦੁਆਰਾ ਹੇਠਲੀ ਮੰਜ਼ਲ ਸਮੇਤ ਤਿੰਨ ਦਿਨ ਤਕ ਜਲਦਾ ਰਿਹਾ। ਅਸੀਂ ਲੁਕੇ ਛਿਪੇ ਰਹੇ, ਪਰ ਸਾਡਾ ਰਸੋਈਆ ਸੋਵਨ ਸਿੰਘ ਬੜਾ ਨੇਕ ਦਿਲ ਤੇ ਸੱਚਾ ਸੇਵਾਦਾਰ ਸੀ, ਜੋ ਟੀਹਰੀ ਗੜਵਾਲ ਦਾ ਸੀ, ਉਸ ਨੇ ਸਾਡੀ ਪੂਰੀ ਸਾਂਭ-ਸੰਭਾਲ ਕੀਤੀ ਅਤੇ ਰੋਟੀ ਟੁਕ ਬਣਾ ਕੇ ਦਿੰਦਾ ਰਿਹਾ। ਕੈਰੀ ਅੱਖ ਰੱਖਣ ਵਾਲਿਆਂ ਨਾਲ ਰਲ ਕੇ ਇਧਰ ਉਧਰ ਦੀ ਖ਼ਬਰਸਾਰ ਵੀ ਸਾਨੂੰ ਲਿਆ ਕੇ ਦਿੰਦਾ ਰਿਹਾ। ਉਸਦੀ ਨਿਸ਼ਕਾਮ ਸੇਵਾ ਕਾਰਨ ਸਾਡੀ ਜਾਨ ਬਚ ਗਈ।'[40]

ਗਿਆਨੀ ਜੀ ਅਨੁਸ਼ਾਸਨ-ਪਸੰਦ ਇਨਸਾਨ ਸਨ, ਉਨ੍ਹਾਂ ਨੇ ਆਪਣੀ ਸਮੁਚੀ ਜ਼ਿੰਦਗੀ ਅਨੁਸ਼ਾਸਨ ਵਿਚ ਰਹਿ ਕੇ ਬਤੀਤ ਕੀਤੀ। ਗਿਆਨੀ ਜੀ ਸਮੇਂ ਦੇ ਬਹੁਤ ਪਾਬੰਦ ਸਨ। ਕਿਸੇ ਵੀ ਥਾਂ ਤੇ ਜਾਣਾ ਹੋਵੇ ਸਮੇਂ ਤੋਂ ਪਹਿਲਾਂ ਹੀ ਪਹੁੰਚ ਜਾਂਦੇ ਹਨ ਪਰ ਕਦੀ ਲੇਟ ਨਹੀਂ ਹੁੰਦੇ।

ਗਿਆਨੀ ਜੀ ਆਪਣੇ ਸਮਕਾਲੀ ਵਿਦਵਾਨਾਂ ਵਿਚ ਉਚਕੋਟੀ ਦੇ ਨਿਰਮਲੇ ਵਿਦਵਾਨ ਸਨ। ਉਨ੍ਹਾਂ ਨੇ ਨਿਰਮਲ ਭੇਖ ਦਾ ਇਤਿਹਾਸ ਅੰਕਿਤ ਕਰ ਕੇ ਸਿੱਖ ਸਾਹਿਤ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਵਰਤਮਾਨ ਸਮੇਂ ਵਿਚ ਜੇਕਰ ਕਿਸੇ ਨੇ ਨਿਰਮਲਸ ਸੰਪ੍ਰਦਾਇ 'ਤੇ ਖੋਜ ਕਰਨੀ ਹੋਵੇ ਤਾਂ ਗਿਆਨੀ ਜੀ ਦੀਆਂ ਲਿਖਤਾਂ ਨੂੰ ਛੂਹੇ ਬਿਨਾ ਲਿਖਣਾ ਅਸੰਭਵ ਜਾਪਦਾ ਹੈ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਗਿਆਨੀ ਜੀ ਬਹੁਤ ਹੀ ਨਿਮਰ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ। ਸਾਰੀ ਜ਼ਿੰਦਗੀ ਦ੍ਰਿੜ੍ਹਤਾ ਅਤੇ ਲਗਨ ਨਾਲ ਵਿਦਿਆ ਅਧਿਐਨ ਅਤੇ ਸਾਹਿਤ ਸਿਰਜਣਾ

---

40 ਜਸਵੰਤ ਕੌਰ (ਸੰਪਾ.), *ਆਸ਼ਿਆਨਾ*, 30 ਜਨਵਰੀ 2003, ਪੰਨਾ 6.

ਕਰਦੇ ਰਹੇ। ਗਿਆਨੀ ਜੀ ਇਤਿਹਾਸਕ ਖੋਜ ਦੀ ਲਗਨ ਰੱਖਣ ਵਾਲੇ ਵਿਦਵਾਨ ਸੱਜਣ, ਸਮਾਜ ਸੇਵੀ, ਮਨੁਖੀ ਹਮਦਰਦੀ ਨਾਲ ਭਰਪੂਰ ਇਨਸਾਨ ਸਨ।

**ਸਮਕਾਲੀਆਂ ਦੀ ਨਜ਼ਰ ਵਿਚ**

ਗਿਆਨੀ ਜੀ ਦੇ ਸਮਕਾਲੀ ਵਿਦਵਾਨਾਂ, ਸੰਤਾਂ, ਮਹਾਂਪੁਰਖਾਂ ਨੇ ਗਿਆਨੀ ਬਲਵੰਤ ਸਿੰਘ ਜੀ ਬਾਰੇ ਆਪਣੀਆਂ ਰਚਨਾਵਾਂ, ਮਾਸਿਕ ਪਤ੍ਰਾਂ ਅਤੇ ਵਿਖਿਆਨਾਂ ਵਿਚ ਬੜੇ ਸਤਿਕਾਰ ਨਾਲ ਵਰਣਨ ਕੀਤਾ ਹੈ। ਕੁਝ ਵਿਦਵਾਨਾਂ ਦੇ ਸਾਰ ਸ਼ਬਦ ਹੇਠ ਲਿਖੇ ਅਨੁਸਾਰ ਹਨ:

ਸ੍ਰੀ ਮਹੰਤ ਸਵਾਮੀ ਗਿਆਨਦੇਵ ਸਿੰਘ (ਨਿਰਮਲ ਪੰਚਾਇਤੀ ਅਖਾੜਾ, ਕਨਖਲ ਹਰਿਦਵਾਰ)

ਪ੍ਰਸੰਨਤਾ ਦੀ ਗੱਲ ਹੈ ਨਿਰਮਲ ਭੇਖ ਦੇ ਇਤਿਹਾਸ ਨੂੰ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਵਾਲਿਆਂ ਨੇ ਅਤਿਅੰਤ ਸੁੰਦਰ ਸ਼ੈਲੀ ਵਿਚ ਲਿਖਿਆ ਹੈ। ਨਿਰਮਲ ਭੇਖ ਦੀ ਤਿੰਨ ਸੌ ਵਰਸ਼ ਦੀ ਕਰਣੀ, ਕਮਾਈ, ਤਪ, ਤਿਆਗ, ਕਾਰਨਾਮੇ ਸੁਨਹਿਰੀ ਅੱਖਰਾਂ ਵਿਚ ਲਿਖਣਯੋਗ ਹਨ। ਗਿਆਨੀ ਬਲਵੰਤ ਸਿੰਘ ਜੀ ਇਤਿਹਾਸ ਦੇ ਵਿਦਵਾਨ ਹਨ ਜਿਨ੍ਹਾਂ ਨੇ ਇਤਿਹਾਸਕ ਤੱਥਾਂ ਅਨੁਸਾਰ ਖੋਜ ਕੀਤੀ ਹੈ। 1100 ਪੰਨੇ ਦਾ ਵਡ-ਆਕਾਰੀ ਗ੍ਰੰਥ ਨਿਰਮਲ ਪੰਥ ਬੋਧ ਸਾਹਿਤਕ ਗੁਣਾਂ ਨਾਲ ਭਰਪੂਰ ਹੈ। ਇਹ ਇਕ ਕੋਸ਼ ਹੈ ਜੋ ਨਿਰਮਲ ਭੇਖ ਦੇ ਸਾਰੇ ਪਦ-ਪਦਾਰਥਾਂ ਨਾਲ ਭਰਿਆ ਹੋਇਆ ਹੈ।

ਸੰਤ ਤੀਰਥ ਸਿੰਘ ਸੇਵਾ ਪੰਥੀ (ਪ੍ਰਧਾਨ, ਅੱਡਣਸ਼ਾਹੀ ਸਭਾ, ਅੰਮ੍ਰਿਤਸਰ)

ਗਿਆਨੀ ਬਲਵੰਤ ਸਿੰਘ ਨੇ ਨਿਰਮਲ ਭੇਖ ਦੇ ਮਹਾਨ ਇਤਿਹਾਸ ਨੂੰ ਅਤਿਅੰਤ ਲਗਨ ਨਾਲ ਲਿਖਿਆ ਹੈ। ਖੋਜ ਕਰਨ ਵਿਚ ਅਣਥਕ ਮਿਹਨਤ ਕੀਤੀ। ਅਜਿਹੇ ਸੇਵਾ ਪੰਥੀਆਂ ਦੀ ਸੇਵਾ ਧਰਮ ਪ੍ਰਚਾਰ, ਤਪ, ਤਿਆਗ ਤੋਂ ਜਾਣੂ ਕਰਵਾਉਣ ਵਾਸਤੇ ਪੁਰਾਤਨ ਮਹਾਂਪੁਰਖਾਂ ਦੇ ਉਪਕਾਰ ਨੂੰ ਅੱਜ ਦੇ ਸਮੇਂ ਵਿਚ ਦਸਣ ਦੀ ਅਤਿ ਲੋੜ ਹੈ। ਗਿਆਨੀ ਜੀ ਨੇ ਵਿਸ਼ੇਸ਼ ਉਦਮ ਕੀਤਾ ਹੈ। ਅਸੀਂ ਗਿਆਨੀ ਜੀ ਦੇ ਉੱਦਮ ਦਾ ਸਵਾਗਤ ਕਰਦੇ ਹਾਂ।

ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ (ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ )

ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਦਾ ਗ੍ਰੰਥ 'ਸ੍ਰੀਮਾਨ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ' ਪੰਜਾਬੀ ਭਾਸ਼ਾ ਦੇ ਜੀਵਨ ਸਾਹਿਤ ਵਿਚ ਇਕ ਅਨਮੋਲ ਵਾਧਾ ਹੈ। ਪੰਥ ਪ੍ਰਸਿਧ ਹਸਤੀ ਪੂਰਨ ਬ੍ਰਹਮ ਗਿਆਨੀ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਜੀਵਨ ਨਾਲ ਸੰਬੰਧਤ ਹੁਣ ਤਕ ਲਿਖੀਆਂ ਜਾ ਚੁੱਕੀਆਂ ਸਾਰੀਆਂ ਪੁਸਤਕਾਂ, ਸਮਾਚਾਰ ਪਤ੍ਰ ਅਤੇ ਮਾਸਕ ਪਤ੍ਰਾਂ ਆਦਿ ਦਾ ਨਿਚੋੜ ਅਤੇ ਨਵੀਨ ਸ਼ੈਲੀ ਰਾਹੀਂ ਲਿਖ ਕੇ ਤੇ ਹੋਰ ਲੋੜੀਂਦੇ ਵਾਧੇ ਕਰ ਕੇ ਲੇਖਕ ਨੇ ਮਹਾਂਪੁਰਖਾਂ ਦੇ ਪਵਿਤਰ ਜੀਵਨ ਨੂੰ ਪਾਠਕਾਂ ਲਈ ਦਿਲਚਸਪ ਬਣਾ ਦਿਤਾ ਹੈ।

ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ (ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ)

ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਪ੍ਰੋਢ ਵਿਦਵਾਨ ਹਨ, ਜਿਨ੍ਹਾਂ ਨੂੰ ਪ੍ਰਸਿਧ ਵਿਦਵਾਨਾਂ ਦੀ ਨੇੜਤਾ ਪ੍ਰਾਪਤ ਰਹੀ ਹੈ। ਆਪ ਗੁਰਮਤਿ ਦੇ ਧਾਰਨੀ, ਸੁਘੜ, ਸਿਆਣੇ, ਮਿਠ-ਬੋਲੜੇ, ਅਤੀ ਨਿਮਰਤਾ ਵਾਲੇ, ਗੁਰੂ ਘਰ ਦੇ ਸ਼ਰਧਾਲੂ, ਗੁਰਬਾਣੀ, ਸੰਸਕ੍ਰਿਤ, ਬ੍ਰਜ ਭਾਸ਼ਾ, ਪਿੰਗਲ, ਵੇਦਾਂਤ ਆਦਿ ਗ੍ਰੰਥਾਂ ਦੀ ਸੋਝੀ ਰਖਦੇ ਹਨ।

ਸਿੰਘ ਸਾਹਿਬ ਗਿਆਨੀ ਪੂਰਨ ਸਿੰਘ (ਹੈਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ ,ਅੰਮ੍ਰਿਤਸਰ)

ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਵਾਲੇ ਗੁਰਮਤਿ ਗੁਰ ਇਤਿਹਾਸ ਦੇ ਸੁਲਝੇ ਵਿਦਵਾਨ ਸਨ। ਆਪ ਜੀ ਨੇ ਕਈ ਗ੍ਰੰਥ ਲਿਖੇ ਹਨ ਜੋ ਗੁਰਮਤਿ ਪ੍ਰਚਾਰ ਵਿਚ ਸਹਾਇਕ ਸਿਧ ਹੋ ਰਹੇ ਹਨ। ਇਸ ਗ੍ਰੰਥ (ਵਿਦਿਆਸਰ ਦਾ ਵਿਦਿਆਸਾਗਰ) ਤੋਂ ਵੀ ਗੁਰਮਤਿ ਦੇ ਧਾਰਨੀ ਪਾਂਧੀਆਂ ਨੂੰ ਗੁਰਮੁਖ ਗਾਡੀ ਰਾਹ ਤੇ ਚਲਣ ਦੀ ਸੇਧ ਮਿਲੇਗੀ।

ਪ੍ਰੋਫੈਸਰ ਹਰਬੰਸ ਸਿੰਘ (ਪ੍ਰਮੁੱਖ ਸੰਪਾਦਕ, ਇਨਸਾਇਕਲੋਪੀਡੀਆ ਆਫ ਸਿਖਇਜ਼ਮ, ਗੁਰੂ ਗੋਬਿੰਦ ਸਿੰਘ ਭਵਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ)

ਪਿਆਰੇ ਗਿਆਨੀ ਬਲਵੰਤ ਸਿੰਘ ਜੀ, ਬਾਬਾ ਕੌਲ ਸਾਹਿਬ ਜੀ ਵਾਲਾ ਲਿਖਿਆ ਆਪ ਜੀ ਦਾ ਲੇਖ ਇਹ ਇਕ ਬੜੀ ਉਤਮ ਕ੍ਰਿਤ ਹੈ। ਬਾਬਾ ਕੌਲ ਜੀ ਦੇ ਜੀਵਨ ਸਬੰਧੀ ਤਾਰੀਖਾਂ ਜੋ ਤੁਸੀਂ ਇੰਨੀ ਖੇਚਲ ਉਪਰੰਤ ਪ੍ਰਾਪਤ ਕੀਤੀਆਂ ਹਨ, ਉਹ ਸਾਡੇ ਲਈ ਬਹੁਤ ਲਾਭਕਾਰੀ ਹੋਣਗੀਆਂ। ਮੇਰਾ ਧੰਨਵਾਦ ਸਵੀਕਾਰ ਕਰਨਾ।

ਪ੍ਰੋਫੈਸਰ ਪ੍ਰੀਤਮ ਸਿੰਘ (ਭੂਤਪੂਰਵ ਮੁਖੀ, ਗੁਰੂ ਨਾਨਕ ਦੇਵ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ)

ਜੋ ਲਗਨ ਅਤੇ ਘਾਲ ਨਾਲ ਸਿਰਕੱਢ ਵਿਦਵਾਨਾਂ ਦੀ ਸੰਗਤ ਵਿਚ ਸਿਰ ਉਚਾ ਕਰ ਕੇ ਬੈਠਣ ਯੋਗ ਬਣੇ। ਭਾਈ ਵੀਰ ਸਿੰਘ ਜੀ ਦਸ ਜਮਾਤਾਂ ਤੋਂ ਅਗੇ ਨਹੀਂ ਪੜ੍ਹੇ ਸਨ। ਭਾਈ ਕਾਨ੍ਹ ਸਿੰਘ ਨਾਭਾ ਜੀ ਵੀ ਦਸ ਨਹੀਂ ਸਨ ਪੜ੍ਹੇ। ਸ਼ਮਸ਼ੇਰ ਸਿੰਘ ਅਸ਼ੋਕ, ਗਿਆਨੀ ਗੁਰਦਿਤ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ, ਗਿਆਨੀ ਬਲਵੰਤ ਸਿੰਘ ਵਰਗੇ ਅਨੇਕਾਂ ਵਿਦਵਾਨਾਂ ਨੂੰ ਯੂਨੀਵਰਸਿਟੀਆਂ ਦੀ ਹਵਾ ਵੀ ਨਹੀਂ ਲਗੀ ਸੀ, ਪਰ ਕਿਹੜੀ ਯੂਨੀਵਰਸਿਟੀ ਹੈ, ਜਿਸ ਦੇ ਨੌਜਵਾਨ ਖੋਜੀ ਆਪਣੇ ਖੋਜ ਪ੍ਰਬੰਧਾਂ ਦੀ ਸਮੱਗਰੀ ਪ੍ਰਾਪਤ ਕਰਨ ਅਤੇ ਅਗਵਾਈ ਲਈ ਇਨ੍ਹਾਂ ਪਾਸ ਪਹੁੰਚ ਕੇ ਪ੍ਰਾਪਤੀ ਨਹੀਂ ਕਰਦੇ।

ਪ੍ਰੋ. ਪਿਆਰਾ ਸਿੰਘ ਪਦਮ, ਪਟਿਆਲਾ

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਮਾਲਵੇ ਦੇ ਵਿਦਵਾਨ ਹਨ ਜਿਨ੍ਹਾਂ ਨੇ ਗੁਰੂ ਕਲਗੀਧਰ ਦੀਆਂ ਦਮਦਮਾ ਸਾਹਿਬ ਦੇ ਲਿਖਣਸਰ ਵਿਖੇ ਖਿਲਰੀਆਂ ਕਲਮਾਂ ਵਿਚੋਂ ਇਕ ਭਾਗਵਾਨ ਕਲਮ ਉਠਾਈ ਹੈ। ਜਿਨ੍ਹਾਂ ਮਸਤੂਆਣੇ ਵਾਲੇ ਮਹਾਂਪੁਰਖ ਸ੍ਰੀਮਾਨ ਸੰਤ ਅਤਰ ਸਿੰਘ ਜੀ ਦਾ ਸਾਲ ਵਾਰ ਸਵਿਸਤਾਰ ਜੀਵਨ ਬਿਰਤਾਂਤ ਅਤੇ ਦਮਦਮਾ ਸਾਹਿਬ ਗੁਰੂ ਕਾਸ਼ੀ ਦਾ ਇਤਿਹਾਸ ਵੀ ਕਲਮ ਬੰਦ ਕੀਤਾ ਹੈ। ਇਹ ਨਿਰਮਲ ਪੰਥ ਬੋਧ ਗ੍ਰੰਥ ਲਿਖ ਕੇ ਜਿਥੇ ਨਿਰਮਲ ਭੇਖ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕੀਤਾ ਹੈ ਉਥੇ ਨਾਲ-ਨਾਲ ਇਹ ਵੀ ਸਪਸ਼ਟ ਕੀਤਾ ਹੈ ਕਿ ਇਹ ਸਿੱਖ ਪੰਥ ਦੇ ਵਡੇ ਬਿਰਛ ਦੀ ਨਰੋਈ ਸ਼ਾਖ਼ ਹੈ, ਜਿਸ ਨੂੰ ਹਰਾ ਭਰਾ ਰਖਣਾ ਹਰ ਗੁਰੂ

ਨਾਨਕ ਨਾਮ ਲੇਵਾ ਦਾ ਕਰਤਵ ਹੈ। ਮੈਂ ਗਿਆਨੀ ਜੀ ਨੂੰ ਇਸ ਮਹਾਨ ਕੰਮ ਲਈ ਵਧਾਈ ਪੇਸ਼ ਕਰਦਾ ਹੋਇਆ ਆਸ ਕਰਦਾ ਹਾਂ ਕਿ ਉਹ ਸਿੱਖ ਪੰਥ ਦੀਆਂ ਹੋਰ ਸਾਧੂ ਮੰਡਲੀਆਂ ਦੇ ਬਿਰਤਾਂਤ ਲਿਖ ਕੇ ਇਸ ਇਤਿਹਾਸਕ ਲੜੀ ਨੂੰ ਜਾਰੀ ਰਖਣਗੇ।

ਸੰਤ ਜੰਗ ਸਿੰਘ ਰਾਗੀ (ਬੁੰਗਾ ਮਸਤੂਆਣਾ, ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ )

ਸ੍ਰੀਮਾਨ 111 ਸੰਤ ਅਤਰ ਸਿੰਘ ਜੀ ਮਹਾਰਾਜ ਦੀ ਜੀਵਨ ਕਥਾ ਲਿਖਣ ਦਾ ਸ਼ੁਭ ਉੱਦਮ ਵਿਦਿਆ ਮਾਰਤੰਡ, ਵਿਦਿਆਲੰਕਾਰ, ਸ਼ਾਂਤ ਚਿਤ, ਗੰਭੀਰ ਆਸ਼ੇ ਵਾਲੇ, ਗੁਰਬਾਣੀ ਦੇ ਰਸੀਏ, ਸੰਤ ਸੇਵੀ, ਸ੍ਰੀਮਾਨ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਵਾਲਿਆਂ ਨੇ ਪਰਮ ਸ਼ਰਧਾ, ਸਤਿਕਾਰ ਅਤੇ ਪਿਆਰ ਨਾਲ ਕੀਤਾ ਹੈ। ਉਸ ਉਦਮ ਦੀ ਜਿੰਨੀ ਪ੍ਰਸ਼ੰਸ਼ਾ ਕੀਤੀ ਜਾਵੇ ਥੋੜ੍ਹੀ ਹੈ। ਗਿਆਨੀ ਜੀ ਨੇ ਸ੍ਰੀ ਸੰਤ ਜੀ ਮਹਾਰਾਜ ਦਾ ਅਮੋਲਕ ਰਤਨ ਜੀਵਨ ਆਪਣੀ ਕਲਮ ਨਾਲ ਲਿਖ ਕੇ ਆਪਣਾ ਹੀ ਜੀਵਨ ਸਫਲ ਨਹੀਂ ਕੀਤਾ, ਬਲਕਿ ਸ੍ਰੀ ਸੰਤ ਜੀ ਮਾਹਾਰਾਜ ਦੇ ਪ੍ਰੇਮੀਆਂ ਅਤੇ ਜਗਿਆਸੂਆਂ ਸੇਵਕਾਂ ਦੇ ਵਾਸਤੇ ਅੰਮ੍ਰਿਤ ਬਚਨ ਸਾਧ ਕੀ ਬਾਣੀ ਦੇ ਭੰਡਾਰ ਨੂੰ ਪ੍ਰਕਾਸ਼ਤ ਕਰ ਕੇ ਮਹਾਨ ਉਪਕਾਰ ਕੀਤਾ ਹੈ। ਅਸੀਂ ਸੰਤ ਸੇਵਕ ਜਥੇ ਵਲੋਂ ਗਿਆਨੀ ਜੀ ਦੇ ਹਾਰਦਿਕ ਧੰਨਵਾਦੀ ਹਾਂ।

ਜਥੇਦਾਰ ਦਿਆਲ ਸਿੰਘ ਪਰਵਾਨਾ ਨੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਵਾਲਿਆਂ ਦੀ ਉਸਤਤ ਵਿਚ ਕਵਿਤਾ ਲਿਖੀ ਜੋ ਇਸ ਤਰ੍ਹਾਂ ਹੈ:

ਸੁੰਦਰ ਸ਼ਬਦ ਸੋਚ ਤੇ ਵਿਚਾਰ ਵਾਲੇ,
ਡੂੰਘੇ ਨੇ ਖਿਆਲ ਤੂੰ ਉਚੀਆਂ ਉਡਾਰੀਆਂ।
ਭਾਵ ਭਰਭੂਰ ਅਤੇ ਭਰੇ ਨੇ ਪਦਾਰਥਾਂ ਦੇ,
ਮਛਲੀ ਦੇ ਵਾਂਗ ਪਏ ਲਾਂਵਦੇ ਨੇ ਤਾਰੀਆਂ।
ਖੋਜ ਭਰੀ ਲੇਖਣੀ ਜਿਉਂ ਚਿਤ੍ਰੇ ਚਿਤ੍ਰਕਾਰ,
ਸੋਨੇ ਤੇ ਸੁਨਿਆਰ ਜਿਵੇਂ ਕਰੇ ਮੀਨਾਂਕਾਰੀਆਂ।
ਸਾਹਿਤ ਵਿਚ ਉਸਰਿਆ ਇਹ ਸੁਨਹਿਰੀ ਬੁਰਜ,
ਜਿਵੇਂ ਕਿਸੇ ਮੰਜ਼ਲਾਂ ਨੇ ਉਚੀਆਂ ਉਸਾਰੀਆਂ।
ਛੋਟੀ ਜੇਹੀ ਉਮਰ ਤੇ ਸੋਚ ਹੈ ਘਨੇਰੀ ਤੇਰੀ,
ਵਡਿਆਂ ਲਿਖਾਰੀਆਂ ਨੂੰ ਤੂੰ ਕੀਤਾ ਹੈਰਾਨ ਹੈ।
ਬਲਵੰਤ ਸਿੰਘ ! ਤੇਰੀ ਲੇਖਣੀ ਦੇ ਲੇਖਾਂ ਉਤੇ,
ਕਹੇ 'ਪਰਵਾਨਾ' ਮੇਰੇ ਮਾਲਵੇ ਨੂੰ ਮਾਣ ਹੈ।[41]

ਇਸ ਤਰ੍ਹਾਂ ਗਿਆਨੀ ਜੀ ਲਈ ਉਨ੍ਹਾਂ ਦੇ ਸਮਕਾਲੀ ਵਿਦਵਾਨਾਂ ਵਲੋਂ ਲਿਖੇ ਪ੍ਰਸ਼ੰਸ਼ਾ ਪੱਤਰਾਂ ਤੋਂ ਗਿਆਨੀ ਜੀ ਦੀ ਸ਼ਖ਼ਸੀਅਤ ਬਾਰੇ ਪਤਾ ਲਗਦਾ ਹੈ।

---

41 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਬਾਬਾ ਕੌਲ ਸਾਹਿਬ*, 1965, ਪੰਨਾ 3

**ਚਿੱਠੀ ਪੱਤਰ:** ਗਿਆਨੀ ਬਲਵੰਤ ਸਿੰਘ ਜੀ ਦਾ ਉਨ੍ਹਾਂ ਦੇ ਸਮਕਾਲੀ ਵਿਦਵਾਨਾਂ ਅਤੇ ਸੰਤਾਂ ਮਹਾਂਪੁਰਖਾਂ ਨਾਲ ਬਹੁਤ ਸਨੇਹ ਸੀ। ਇਹ ਮਹਾਂਪੁਰਖ ਸੰਤ ਬਾਬਾ ਵਿਸਾਖਾ ਸਿੰਘ ਜੀ ਕਿਸ਼ਨਪੁਰ ਕਲਾ ਵਾਲੇ, ਸ੍ਰੀ ਮਹੰਤ ਸਵਾਮੀ ਸੁੱਚਾ ਸਿੰਘ ਜੀ ਨਿਰਮਲ ਪੰਚਾਇਤੀ ਅਖਾੜਾ ਹਰਿਦੁਆਰ ਵਾਲੇ, ਸੰਤ ਮੋਹਨ ਸਿੰਘ ਭਿੰਡਰਾਂ ਵਾਲੇ, ਪੰਡਿਤ ਕਰਤਾਰ ਸਿੰਘ ਦਾਖਾ, ਗਿਆਨੀ ਚੰਨਣ ਸਿੰਘ ਗੁਰਨੇਕਲਾਂ, ਭਾਈ ਫੁੰਮਨ ਸਿੰਘ ਅਮਰਗੜ੍ਹ, ਜਥੇਦਾਰ ਦਿਆਲ ਸਿੰਘ ਪਰਵਾਨਾ, ਸ਼ਮਸ਼ੇਰ ਸਿੰਘ ਅਸ਼ੋਕ, ਡਾ. ਗੁਰਮੁਖ ਸਿੰਘ ਪਟਿਆਲਾ (ਭਾਸ਼ਾ ਵਿਭਾਗ), ਗਿਆਨੀ ਕ੍ਰਿਪਾਲ ਸਿੰਘ, ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ, ਪ੍ਰੋ. ਪ੍ਰੀਤਮ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ, ਪ੍ਰੋ. ਹਰਬੰਸ ਸਿੰਘ ਆਦਿ ਸਨ। ਇਨ੍ਹਾਂ ਵਿਚੋਂ ਕਈ ਵਿਦਵਾਨਾਂ ਜਿਵੇਂ ਪ੍ਰੋ. ਪ੍ਰੀਤਮ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ, ਪ੍ਰੋ.ਹਰਬੰਸ ਸਿੰਘ ਦੇ ਗਿਆਨੀ ਜੀ ਨੂੰ ਲਿਖੇ ਚਿੱਠੀ ਪੱਤਰ ਵੀ ਸਾਨੂੰ ਪ੍ਰਾਪਤ ਹੋਏ ਹਨ ਜਿਨ੍ਹਾਂ ਦਾ ਉਤਾਰਾ ਹੇਠ ਲਿਖੇ ਅਨੁਸਾਰ ਹੈ:

**ਪ੍ਰੋ. ਪਿਆਰਾ ਸਿੰਘ ਪਦਮ ਦੇ ਪੱਤਰ**

ਜਦੋਂ ਗਿਆਨੀ ਬਲਵੰਤ ਸਿੰਘ ਨੂੰ 'ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ' ਦੁਆਰਾ 'ਸ੍ਰੀ ਦਮਦਮਾ ਗੁਰੂ ਕੀ ਕਾਸ਼ੀ' ਪੁਸਤਕ ਲਈ 4 ਮਈ 1997 ਨੂੰ 'ਮਹਾਰਾਜ ਪੁਰਸਕਾਰ' ਨਾਲ ਸਨਮਾਨਿਤ ਕੀਤਾ ਤਾਂ ਕੁਝ ਦਿਨਾਂ ਮਗਰੋਂ ਪ੍ਰੋ. ਪਿਆਰਾ ਸਿੰਘ ਪਦਮ ਦੀ ਚਿੱਠੀ ਆਈ, ਇਸ ਦਾ ਉਤਾਰਾ ਇਸ ਤਰ੍ਹਾਂ ਹੈ:

ਪਟਿਆਲਾ

04.05.97

ਪਿਆਰੇ ਗਿ. ਬਲਵੰਤ ਸਿੰਘ ਜੀ,

ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਤੁਸੀਂ ਸਨਮਾਨ ਪ੍ਰਾਪਤ ਕਰਨ ਲਈ ਸਮੇਂ ਸਿਰ ਲੁਧਿਆਣੇ ਤਸ਼ਰੀਫ ਲੈ ਗਏ ਸੀ, ਬਹੁਤ-ਬਹੁਤ ਵਧਾਈ। ਮੈਂ ਉਸ ਦਿਨ ਕਿਤੇ ਹੋਰ ਜਾਣਾ ਸੀ, ਜਿਸ ਲਈ ਹਾਜਰੀ ਨਹੀਂ ਭਰ ਸਕਿਆ। ਤੁਸੀਂ ਮੈਨੂੰ ਕਿਤੇ ਇੱਕ ਕਾਪੀ ਇਸਦੀ ਦੇ ਗਏ ਸੀ। ਉਹੋ ਸਾਰੀ ਕਾਰਵਾਈ ਲਈ ਕੰਮ ਆਈ। ਕਰਨ ਕਰਾਵਨਹਾਰ ਤਾਂ ਉਹ ਆਪ ਹੈ ਪਰ ਸਿਹਰਾ ਮਨੁੱਖਾਂ ਦੇ ਸਿਰ ਬੰਨਦਾ ਰਹਿੰਦਾ ਹੈ। ਨਿਰਮਲਿਆਂ ਵਾਲਾ ਗ੍ਰੰਥ ਸਿਰੇ ਲਗਣ ਵਾਲਾ ਹੋਵੇਗਾ, ਐਸੀ ਮੈਨੂੰ ਆਸ ਹੈ। ਫਤਿਹ।

ਆਪ ਦਾ

ਪਿਆਰਾ ਸਿੰਘ ਪਦਮ

ਗਿਆਨੀ ਜੀ ਜਦੋਂ ਕੋਈ ਗ੍ਰੰਥ ਲਿਖਣ ਦਾ ਵਿਚਾਰ ਬਣਾਉਂਦੇ ਤਾਂ ਪਦਮ ਜੀ ਕਹਿੰਦੇ, 'ਇਸ ਗ੍ਰੰਥ ਨਾਲ ਸੰਬੰਧਤ ਸਹਾਇਕ ਗ੍ਰੰਥ ਲੈ ਜਾਇਉ'। ਜਦੋਂ ਗਿਆਨੀ ਜੀ ਨੇ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਜੀਵਨੀ ਲਿਖਣੀ ਆਰੰਭ ਕੀਤੀ ਤਾਂ ਇਸ ਬਾਰੇ ਪਦਮ ਜੀ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ 20 ਜੂਨ 1993 ਨੂੰ ਗਿਆਨੀ ਜੀ ਨੂੰ ਪੱਤਰ ਭੇਜਿਆ ਜਿਸਦਾ ਉਤਾਰਾ ਇਸ ਤਰ੍ਹਾਂ ਹੈ:

20.06.93

ਪਿਆਰੇ ਗਿ. ਬਲਵੰਤ ਸਿੰਘ ਜੀ,

ਆਸ ਹੈ, ਨਿਰਮਲ ਇਤਿਹਾਸ ਵਿਚ ਸੰਲਗਨ ਹੋਵੋਗੇਂ। ਤੁਸੀ ਜੋ ਸੰਤ ਅਤਰ ਸਿੰਘ ਜੀ ਬਾਰੇ ਗ੍ਰੰਥ ਤਿਆਰ ਕਰਨ ਦਾ ਬੀੜਾ ਉਠਾਇਆ ਹੈ, ਉਹ ਵੀ ਬਹੁਤ ਸ਼ਲਾਘਾਯੋਗ ਹੈ। 'ਅਕਾਲੀ' ਦਾ ਸਪੈਸ਼ਲ ਅੰਕ ਸੰਤਾਂ ਬਾਰੇ ਮਾਸਟਰ ਜੀ ਨੇ ਕੱਢਿਆ ਸੀ ਲਾਹੌਰ ਤੋਂ। ਉਸ ਵਿਚ ਕਈ ਕੀਮਤੀ ਲੇਖ ਹਨ, ਜੇ ਕਦੀ ਪਟਿਆਲੇ ਆਏ ਤਾਂ ਤੁਹਾਡੇ ਦਰਸ਼ਨਾਂ ਦਾ ਮੌਕਾ ਬਣਾਇਆ ਜਾਵੇਗਾ।

ਆਪ ਦਾ

ਪਿਆਰਾ ਸਿੰਘ ਪਦਮ

ਕਲਮ ਮੰਦਿਰ

ਲੋਯਰ ਮਾਲ, ਪਟਿਆਲਾ।

ਗਿਆਨੀ ਜੀ ਨੇ 19 ਜੁਲਾਈ 2018 ਨੂੰ ਕੀਤੀ ਇੰਟਰਵਿਊ ਦੌਰਾਨ ਦਸਿਆ ਕਿ 'ਇਕ ਵਾਰ ਪ੍ਰੋ. ਪਿਆਰਾ ਸਿੰਘ ਪਦਮ ਜੀ ਨੇ ਮੈਨੂੰ ਮਿਲਣ ਦਾ ਯਤਨ ਕੀਤਾ ਪਰ ਸੰਪਰਕ ਨਾ ਬਣ ਸਕਿਆ। ਕਈ ਥਾਵਾਂ ਤੋਂ ਪਤਾ ਮੰਗਵਾਇਆ ਪਰ ਮੇਲ ਨਾ ਹੋਇਆ। ਅੰਤ ਪਦਮ ਜੀ ਨੇ ਕਵਿਤਾ ਵਿਚ ਪੱਤ੍ਰਕਾ ਲਿਖ ਕੇ ਭੇਜੀ ਜੋ ਰੋਚਕ ਅਤੇ ਹਾਸਰਸ ਭਰਭੂਰ ਹੈ। ਇਸ ਕਵਿਤਾ ਦੇ ਅਰਥ ਤਾਂ ਵਿਸਥਾਰ ਭੈਅ ਦੇ ਕਾਰਣ ਮੈਂ ਵੀ ਨਹੀਂ ਕਰ ਸਕਦਾ ਕਿਉਕਿ ਪਦਮ ਜੀ ਨੇ ਆਪ ਲਿਖਿਆ ਹੈ ਕਿ ਖੁਦ ਗਿਆਨੀ ਜੀ ਅਰਥ ਸਮਝ ਲੈਣਗੇ'। ਚਿੱਠੀ ਦਾ ਉਤਾਰਾ ਇਸ ਤਰ੍ਹਾਂ ਹੈ:

ਪਟਿਆਲਾ 12.09.1998

ੴ

ਗੁਰੂ ਕੇ ਕੋਠੇ ਆਣ ਚੜ੍ਹੀ ਜੇ, ਗੰਗਾ ਦੀ ਤੁਗ ਯਾਨੀ।
ਪਟਿਆਲੇ ਦੀ ਧਰਮ ਧੁਜਾ ਦਾ ਬਿਸਰ ਗਿਆ ਅੰਨ ਪਾਣੀ।
ਇਸ ਬਾਮ੍ਹਣੀ ਤੋਂ ਕਿਵੇਂ ਬਚਾਈਏ ਨਿਰਮਲ ਮਾਲ ਵਿਮਾਣੀ।
ਕਹਿਤ ਕਬੀਰ ਸੁਣੋ ਭਾਈ ਸਾਧੋ, ਉਲਝ ਗਈ ਸਭ ਤਾਣੀ।
ਦਮਦਮੇ ਬੈਠ ਵਿਚਾਰਾਂ ਕਰਦੀ, ਨਿਹੰਗ ਸਿੰਘਾਂ ਦੀ ਢਾਣੀ।
ਅਸੀਂ ਕਾਸ ਨੂੰ ਪਾਈ ਰੱਖੀਏ, ਪਾਣੀ ਵਿਚ ਮਧਾਣੀ।
ਕੰਵਰ ਸਿੰਘ ਤੇ ਸਿੰਘਣੀ ਤਾਈ, ਗੱਜਕੇ ਫਤਿਹ ਬੁਲਾਣੀ।
ਅੰਦਰ ਦੀ ਗੱਲ ਖੁਦ ਸਮਝਣਗੇ, ਬਲਵੰਤ ਸਿੰਘ ਜੀ ਗਿਆਨੀ।
ਟੈਲੀਫੋਨ ਤਾਂ ਆਉਂਦੇ ਜਾਂਦੇ ਪਰ ਆਏ ਨੀ ਸੈਲਾਨੀ।
ਬਚਨ ਸੰਤਾਂ ਨੇ ਏਦਾਂ ਕੀਤਾ 'ਚਲਦੀ ਰਹੂ ਕਹਾਣੀ'।

ਹਿਤੂ

ਪਿਆਰਾ ਸਿੰਘ ਪਦਮ, ਕਲਮ ਮੰਦਰ,

ਲੋਯਰ ਮਾਲ, ਪਟਿਆਲਾ।

## ਪ੍ਰੋ. ਪ੍ਰੀਤਮ ਸਿੰਘ ਦੇ ਪੱਤਰ

ਪ੍ਰੋ. ਪ੍ਰੀਤਮ ਸਿੰਘ ਨੇ ਗੁਰੂ ਨਾਨਕ ਅਧਿਐਨ ਵਿਭਾਗ ਵਿਚ 'ਨਿਰਮਲ ਪੰਥੀਆਂ ਦੀ ਪੰਜਾਬ ਦੇ ਦਰਸ਼ਨ ਤੇ ਧਰਮ ਨੂੰ ਦੇਣ' ਵਿਸ਼ੇ 'ਤੇ ਸੈਮੀਨਾਰ ਉਲੀਕਿਆ ਅਤੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੂੰ ਵੀ ਇਸ ਸੈਮੀਨਾਰ 'ਤੇ ਪੇਪਰ ਪੜ੍ਹਨ ਲਈ ਸਦਾ-ਪੱਤਰ ਭੇਜਿਆ। ਜੋ ਅਸੀਂ ਹੇਠ ਲਿਖੇ ਅਨੁਸਾਰ ਦਰਜ ਕਰ ਰਹੇ ਹਾਂ।

ਪ੍ਰੀਤਮ ਸਿੰਘ

ਪ੍ਰੋਫੈਸਰ ਤੇ ਮੁਖੀ 12.12.75

ਪਿਆਰੇ ਗਿਆਨੀ ਜੀ,

ਯੂ.ਜੀ.ਸੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ 'ਨਿਰਮਲ ਪੰਥੀਆਂ ਦੀ ਪੰਜਾਬ ਦੇ ਦਰਸ਼ਨ ਤੇ ਧਰਮ ਨੂੰ ਦੇਣ' ਬਾਰੇ ਇਕ ਸੈਮੀਨਾਰ ਕਰਾਉਣ ਦੀ ਮਨਜ਼ੂਰੀ ਦਿਤੀ ਹੈ। ਵਿਚਾਰ ਇਹ ਹੈ ਕਿ ਇਸ ਸੈਮੀਨਾਰ ਵਿਚ ਦਰਸ਼ਨ ਤੇ ਧਰਮ ਵਾਲੀ ਦੇਣ ਦੇ ਨਾਲ-ਨਾਲ ਨਿਰਮਲ ਪੰਥ ਦੀ ਸਮੁਚੀ ਦੇਣ ਨੂੰ ਵੀ ਵਿਚਾਰ-ਅਧੀਨ ਲਿਆਂਦਾ ਜਾਵੇ; ਨਿਰਮਲ ਪੰਥ ਦਾ ਆਰੰਭ ਤੇ ਵਿਕਾਸ; ਉਨ੍ਹਾਂ ਦੇ ਡੇਰਿਆਂ ਦਾ ਇਤਿਹਾਸ ਅਤੇ ਕੇਂਦਰੀ ਤੇ ਸਥਾਨਿਕ ਪ੍ਰਬੰਧ; ਉਨ੍ਹਾਂ ਦਾ ਸਿੱਖਿਆ-ਪ੍ਰਬੰਧ; ਉਨ੍ਹਾਂ ਦੀ ਹਿੰਦੀ, ਸੰਸਕ੍ਰਿਤ ਤੇ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਦੇਣ; ਕੋਸ਼, ਟੀਕਾ, ਪਰਮਾਰਥ-ਵਿਆਖਿਆ, ਕਾਵਿ-ਸ਼ਾਸਤਰ ਅਤੇ ਸੰਸਕ੍ਰਿਤ ਤੋਂ ਅਨੁਵਾਦ ਕਰਨ ਵਿਚ ਨਿਰਮਲ ਪੰਥੀਆਂ ਦਾ ਯੋਗਦਾਨ; ਸਿੱਖ ਧਰਮ ਦੇ ਪ੍ਰਚਾਰ ਸੰਬੰਧੀ ਸੇਵਾ; ਦਰਸ਼ਨ, ਧਰਮ, ਤੇ ਸੰਸਕ੍ਰਿਤ ਨੂੰ ਦੇਣ ਅਤੇ ਵਰਤਮਾਨ ਹਾਲਾਤ ਵਰਗੇ ਵਿਸ਼ੇ ਅਸੀਂ ਇਸ ਸੈਮੀਨਾਰ ਵਿਚ ਵਿਚਾਰੇ ਜਾ ਸਕਦੇ ਹਨ। ਕੁਝ ਪ੍ਰਸਿੱਧ ਨਿਰਮਲੇ ਵਿਦਵਾਨਾਂ, ਜਿਵੇਂ ਸੰਤ ਕਰਮ ਸਿੰਘ, ਸੰਤ ਗੁਲਾਬ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ, ਸੰਤ ਨਿਹਾਲ ਸਿੰਘ ਕਵੀਂਦਰ, ਸੰਤ ਸਾਧੂ ਸਿੰਘ, ਸੰਤ ਬੁਧ ਸਿੰਘ 'ਸ਼ੇਸ਼ ਮ੍ਰਿਗਿੰਦ' , ਸੰਤ ਨਰਾਇਣ ਸਿੰਘ ਆਦਿ ਬਾਰੇ ਸੁਤੰਤਰ ਖੋਜ-ਪੱਤਰ ਵੀ ਪੇਸ਼ ਕੀਤੇ ਜਾ ਸਕਣਗੇ। ਜਤਨ ਇਹ ਹੈ ਕਿ ਇਸ ਸੈਮੀਨਾਰ ਰਾਹੀਂ ਵਿਦਵਾਨਾਂ ਪਾਸੋਂ ਨਿਰਮਲ ਪੰਥ ਦਾ ਪੂਰਾ ਲੇਖਾ-ਜੋਖਾ ਕਰਵਾਇਆ ਜਾਵੇ। ਕਿਰਪਾ ਕਰਕੇ ਆਪ ਇਹ ਦੱਸਣ ਦੀ ਖੇਚਲ ਕਰੋ, ਕਿ:

1. ਆਪ ਕਿਸ ਮਜ਼ਮੂਨ ਉੱਤੇ ਖੋਜ-ਨਿਬੰਧ ਲਿਖੋਗੇ?
2. ਆਪ ਦੇ ਵਿਚਾਰ ਵਿਚ ਹੋਰ ਕਿਹੜੇ ਵਿਦਵਾਨ ਇਸ ਸੈਮੀਨਾਰ ਵਿਚ ਖੋਜ-ਪੇਪਰ ਪੜ੍ਹਨ ਲਈ ਸੱਦੇ ਜਾਣੇ ਚਾਹੀਦੇ ਹਨ?
3. ਨਿਰਮਲ ਪੰਥ ਦੇ ਇਤਿਹਾਸ ਤੇ ਸਾਹਿਤ-ਰਚਨਾ ਬਾਰੇ ਕੋਈ ਸੂਚੀ ਭੇਜ ਸਕੋਗੇ?
4. ਐਸੇ ਨਿਰਮਲ ਪੰਥੀ ਵਿਦਵਾਨਾਂ ਬਾਰੇ ਕੋਈ ਸੂਚਨਾ ਜੋ ਇਸ ਸੈਮੀਨਾਰ ਵਿਚ ਭਾਗ ਲੈ ਸਕਦੇ ਹੋਣ।

ਬੜੇ ਆਦਰ ਨਾਲ,

ਗਿਆਨੀ ਬਲਵੰਤ ਸਿੰਘ — ਆਪ ਦਾ ਹਿਤੂ

ਪਿੰਡ ਤੇ ਡਾਕਖਾਨਾ ਕੋਠਾ ਗੁਰੂ ਕਾ, — ਪ੍ਰੀਤਮ ਸਿੰਘ

ਜ਼ਿਲ੍ਹਾ ਬਠਿੰਡਾ। — ਪ੍ਰੋਫੈਸਰ ਤੇ ਮੁਖੀ

ਅਗੇ ਅਸੀਂ ਉਸ ਪੱਤਰ ਦਾ ਉਤਾਰਾ ਦੇ ਰਹੇ ਹਾਂ ਜੋ ਪ੍ਰੋ. ਪ੍ਰੀਤਮ ਸਿੰਘ ਨੇ ਗਿਆਨੀ ਜੀ ਦਾ ਲੇਖ ਪ੍ਰਾਪਤ ਹੋਣ ਤੋਂ ਮਗਰੋਂ ਲਿਖਿਆ।

ਪ੍ਰੀਤਮ ਸਿੰਘ — 13.2.76

ਮੁਖੀ, ਗੁਰੂ ਨਾਨਕ ਅਧਿਐਨ ਵਿਭਾਗ

ਪਰਮ ਆਦਰਯੋਗ ਗਿਆਨੀ ਜੀ,

ਮੈਂ ਅੱਜ ਹੀ ਆਪ ਦਾ ਅਪਾਰ ਮਿਹਨਤ ਨਾਲ ਤਿਆਰ ਕੀਤਾ ਹੋਇਆ ਮਜ਼ਮੂਨ ਪੜ੍ਹ ਕੇ ਵਿਹਲਾ ਹੋਇਆ ਹਾਂ। ਤੁਸੀਂ ਬਹੁਤ ਸਾਰੇ ਵਿਸ਼ਿਆਂ ਉੱਤੇ ਬਹੁਤ ਵੇਰਵੇ ਨਾਲ ਚਾਨਣਾ ਪਾਇਆ ਹੈ। ਮੈਂ ਤੁਹਾਡੀ ਵਾਕਫੀਅਤ ਅਤੇ ਮਿਹਨਤ ਦੀ ਜਿੰਨੀ ਵੀ ਦਾਦ ਦਿਆਂ ਥੋੜੀ ਹੈ ਪਰ ਜਿਵੇਂ ਕਿ ਸ਼ਾਇਦ ਮੈਂ ਆਪਣੇ ਪਹਿਲੇ ਪੱਤਰ ਵਿਚ ਇਸ਼ਾਰਾ ਕੀਤਾ ਸੀ ਇਸ ਲੇਖ ਵਿਚ ਤੁਸੀਂ ਕੁੱਝ ਐਸੇ ਵਿਸ਼ੇ ਵੀ ਛੋਹ ਲਏ ਹਨ ਜੋ ਅਸੀਂ ਹੋਰਨਾਂ ਨੂੰ ਕਰਨ ਲਈ ਦਿਤੇ ਹੋਏ ਹਨ ਇਸ ਲਈ ਇਹੀ ਯੋਗ ਸਮਝਿਆ ਗਿਆ ਹੈ ਕਿ ਤੁਹਾਡੇ ਲੇਖ ਵਿਚ ਉਹ ਭਾਗ ਜਿਹੜਾ ਨਿਰਮਲਿਆਂ ਦੀ ਵਿਦਵਿਤਾ ਸਾਹਿਤ ਸੇਵਾ, ਗੁਰਬਾਣੀ ਸੇਵਾ ਤੇ ਸੰਸਕ੍ਰਿਤ ਦੇ ਪ੍ਰਸਾਰ ਨਾਲ ਸੰਬੰਧਿਤ ਉਸ ਨੂੰ ਅੱਡ ਕਰ ਕੇ ਸਾਇਕਲੋਸਟਾਇਲ ਕਰਵਾਇਆ ਜਾ ਰਿਹਾ ਹੈ। ਅਸੀਂ ਗੁਰੂ ਸਥਾਨਾਂ ਦੀ ਸੇਵਾ ਨਿਰਮਲ ਪੰਚਾਇਤੀ ਅਖਾੜੇ ਦੇ ਇਤਿਹਾਸ ਤੇ ਦੇਸ਼ ਭਗਤੀ ਵਾਲੇ ਭਾਗ ਨੂੰ ਅਤੇ ਕੁੱਝ ਮੁੱਢਲੇ ਬਿਆਨ ਵਾਲੇ ਪੱਤਰੇ ਅਜੇ ਨਹੀਂ ਵਰਤ ਰਹੇ। ਬਹੁਤ ਛੇਤੀ ਆਪ ਦੇ ਸਾਇਕਲੋਸਟਾਇਲ ਹੋਏ ਲੇਖ ਦਾ ਨਮੂਨਾ ਭੇਜ ਦਿਤਾ ਜਾਵੇਗਾ।

ਆਪ ਦਾ ਹਿਤੂ,

ਪ੍ਰੀਤਮ ਸਿੰਘ

ਗਿਆਨੀ ਬਲਵੰਤ ਸਿੰਘ,

ਪਿੰਡ ਤੇ ਡਾ: ਗੁਰੂ ਕੋਠਾ

ਵਾਇਆ ਭਗਤਾ ਭਾਈ, ਜ਼ਿਲਾ ਬਠਿੰਡਾ।

### ਪ੍ਰੋ. ਹਰਬੰਸ ਸਿੰਘ ਦੇ ਪੱਤਰ

ਇਹ ਪੱਤਰ ਪ੍ਰੋ. ਹਰਬੰਸ ਸਿੰਘ ਵਲੋਂ ਗਿਆਨੀ ਜੀ ਨੂੰ ਲਿਖਿਆ ਗਿਆ। ਜਿਸ ਵਿਚ ਉਨ੍ਹਾਂ ਨੇ ਗਿਆਨੀ ਜੀ ਦੁਆਰਾ ਇਨਸਾਇਕਲੋਪੀਡੀਆ ਆਪ ਸਿੱਖਇਜ਼ਮ ਲਈ ਪ੍ਰਾਪਤ ਹੋਏ ਲੇਖ 'ਬਾਬਾ ਕੌਲ ਸਾਹਿਬ' ਬਾਰੇ ਦਸਿਆ ਹੈ। ਪੱਤਰ ਨਿਮਨਲਿਖਤ ਹੈ:

30 ਨਵੰਬਰ 1984

ਪਰਮ ਪਿਆਰੇ ਸਰਦਾਰ ਬਲਵੰਤ ਸਿੰਘ ਜੀ,

ਬਾਬਾ ਕੌਲ ਜੀ ਵਾਲਾ ਲਿਖਿਆ ਆਪ ਦਾ ਲੇਖ ਪੁਜ ਗਿਆ ਹੈ। ਇਹ ਇੱਕ ਬੜੀ ਉਤਮ ਕ੍ਰਿਤ ਹੈ। ਮੇਰਾ ਧੰਨਵਾਦ ਸਵੀਕਾਰ ਕਰਨਾ। ਬਾਬਾ ਜੀ ਦੇ ਜੀਵਨ ਸੰਬੰਧੀ ਤਾਰੀਖਾਂ ਜੋ ਤੁਸੀਂ ਇੰਨੀ ਖੇਚਲ ਉਪਰੰਤ ਪ੍ਰਾਪਤ ਕੀਤੀਆਂ ਹਨ ਉਹ ਸਾਡੇ ਲਈ ਬਹੁਤ ਲਾਭਕਾਰੀ ਹੋਣਗੀਆਂ। ਪੰਡਿਤ ਬਸੰਤ ਸਿੰਘ ਵਾਲਾ ਲੇਖ ਵੀ ਆਪ ਭੇਜ ਦੇਣਾ। ਉਸ ਚਿੱਟ ਦੀ ਹੁਣ ਕੋਈ ਲੋੜ ਨਹੀਂ ਹੋਵੇਗੀ।

ਤੁਹਾਡਾ ਲੇਖ ਪੜ੍ਹਨ ਉਪਰੰਤ ਮਨ ਵਿਚ ਇੱਕ ਦੋ ਪ੍ਰਸ਼ਨ ਉਤਪੰਨ ਹੋਏ ਹਨ। ਆਪਣੇ ਜੀਵਨ ਦੇ ਕਿਸੇ ਸਮੇਂ ਬਾਬਾ ਕੌਲ ਕੋਠਾ ਗੁਰੂ ਵਿੱਚ ਰਹੇ ਹਨ? ਆਪ ਨੇ ਲਿਖਿਆ ਹੈ: 'ਬਾਬਾ ਹਰਿਜੀ ਇਸ ਨਵ-ਜਨਮੇ ਬੱਚੇ ਨੂੰ ਚੁੱਕ ਕੇ ਬਾਬਾ ਮਿਹਰਬਾਨ ਜੀ ਦੀ ਹਜ਼ੂਰੀ ਵਿਚ ਲਿਆਏ'। ਕਿੱਥੇ? ਬਾਬਾ ਮਿਹਰਵਾਨ ਉਸ ਸਮੇਂ ਕਿਸ ਨਗਰ ਵਿਚ ਸਨ? ਮੇਰੀ ਜਾਚੇ ਇਹ ਮੁਹੱਮਦੀਪੁਰ ਹੀ ਹੋਵੇਗਾ। ਬਾਬਾ ਮਿਹਰਵਾਨ ਅਤੇ ਬਾਬਾ ਪ੍ਰਿਥੀਚੰਦ ਕਿਨ੍ਹਾਂ ਸਾਲਾਂ ਵਿਚ ਕੋਠਾ ਗੁਰੂ ਰਹੇ ਸਿੱਧ ਹੁੰਦੇ ਹਨ? ਬਾਬਾ ਜੀ ਦਾ ਦੇਹਾਂਤ ਕਿਸ ਸਥਾਨ ਤੇ ਹੋਇਆ? ਇਹ ਜਾਣਕਾਰੀ ਦੇ ਸਕੋ ਤਾਂ ਅਸੀਂ ਆਪ ਦੇ ਅਤਿ ਕ੍ਰਿਤਗਯ ਹੋਵਾਂਗੇ।

ਦਿੱਲੀ ਵਿਚ ਜੋ ਘਟਨਾ ਆਪ ਨਾਲ ਵਾਪਰੀ ਹੈ, ਉਸ ਨੂੰ ਪੜ੍ਹ ਕੇ ਮਨ ਨੂੰ ਬੜਾ ਖੇਦ ਹੋਇਆ। ਅਕਾਲ ਪੁਰਖ ਦਾ ਸ਼ੁਕਰ ਹੈ ਆਪ ਠੀਕ ਠਾਕ ਵਾਪਸ ਪਿੰਡ ਪਰਤ ਆਏ ਹੋ। ਅਮਰ ਸਿੰਘ ਦੇ ਭੋਗ ਦੇ ਅਵਸਰ ਤੇ ਜੋ ਤੁਸੀਂ ਪਹੁੰਚਣ ਦੀ ਖੇਚਲ ਕੀਤੀ ਅਤੇ ਜੋ ਸੁੰਦਰ ਸ਼ਬਦ ਤੁਸੀਂ ਕਹੇ ਉਨ੍ਹਾਂ ਤੋਂ ਸਾਨੂੰ ਬੜਾ ਧਰਵਾਸ ਮਿਲਿਆ। ਬਠਿੰਡੇ ਸਕੂਲ ਵਿਚ ਅਮਰ ਸਿੰਘ ਦੀ ਯਾਦ ਵਿਚ ਜੋ ਲਾਇਬਰੇਰੀ ਖੋਲ੍ਹੀ ਗਈ ਹੈ ਉਸ ਦਾ ਉਦਘਾਟਨ ਮਹਾਰਾਜਾ ਸਾਹਿਬ ਪਟਿਆਲਾ, 15 ਦਸੰਬਰ, ਦਿਨ ਸਨਿੱਚਰਵਾਰ ਨੂੰ ਸਵੇਰੇ 11 ਵਜੇ ਕਰਨਗੇ।

ਡੂੰਘੇ ਸਨੇਹ ਸਹਿਤ,

ਤੁਹਾਡਾ ਹਿਤੂ,

ਹਰਬੰਸ ਸਿੰਘ

ਪ੍ਰੋ. ਹਰਬੰਸ ਸਿੰਘ ਪਿੰਡ ਕੋਠਾ ਗੁਰੂ ਵਿਚ ਪੈਦਾ ਹੋਏ। ਜਿਸ ਕੋਠਾ ਗੁਰੂ ਦੀ ਮਿੱਟੀ ਵਿਚ ਪੈਦਾ ਹੋਏ, ਜਿਸ ਮਿੱਟੀ ਵਿਚ ਖੇਡੇ ਪਲੇ, ਬਚਪਨ ਹੰਢਾਇਆ, ਪਰਵਾਨ ਚੜ੍ਹੇ, ਜਿਥੇ ਪ੍ਰਾਇਮਰੀ ਤਕ ਬੋਰਿਆਂ 'ਤੇ ਭੁੰਜੇ ਧਰਤੀ 'ਤੇ ਬੈਠ ਕੇ ਪੜ੍ਹੇ ਉਸ ਧਰਤੀ ਨਾਲ ਆਪ ਜੀ ਦਾ ਅਥਾਹ ਪਿਆਰ ਸੀ। ਪ੍ਰੋ. ਹਰਬੰਸ ਸਿੰਘ ਦੇ ਕੋਠਾ ਗੁਰੂ ਪ੍ਰਤੀ ਪਿਆਰ ਦਾ ਗਿਆਨੀ ਜੀ ਨੂੰ ਲਿਖੇ ਇਸ ਪੱਤਰ ਤੋਂ ਪਤਾ ਲਗਦਾ ਹੈ:

8.11.1993

ਪਿਆਰੇ ਗਿਆਨੀ ਜੀ,

ਆਪ ਦਾ ਪੱਤਰ ਪ੍ਰਾਪਤ ਹੋਇਆ ਹੈ। ਲੇਖ ਬਾਰੇ ਜੋ ਸਨੇਹ-ਭਰਪੂਰ ਸ਼ਬਦ ਆਪ ਨੇ ਕਹੇ ਹਨ, ਉਨ੍ਹਾਂ ਲਈ ਧੰਨਵਾਦ। ਇਹ ਲੇਖ ਤੁਹਾਡਾ ਹੀ ਹੈ, ਤੁਹਾਡੇ ਕਹਿਣ ਤੋਂ ਹੀ ਮੈਨੂੰ ਖ਼ਿਆਲ ਆਇਆ। ਉਸੇ ਦਿਨ

ਤੋਂ ਮੇਰੇ ਮਨ ਵਿਚ ਇਹ ਗੱਲ ਟਿਕੀ ਹੋਈ ਸੀ। ਮੇਰਾ ਪਹਿਲਾ ਸਿਰਲੇਖ 'ਕੋਠਾ ਗੁਰੂ' ਹੀ ਸੀ। ਤੁਸੀਂ ਜਿਸ ਸ਼ਕਲ ਵਿਚ ਚਾਹੋ, ਵਰਤ ਸਕਦੇ ਹੋ। ਆਪਣੇ ਅਧਿਕਾਰ ਨੂੰ ਜਿਸ ਤਰ੍ਹਾਂ ਚਾਹੋ ਵਰਤ ਲਉ।

ਕੋਠਾ ਗੁਰੂ ਆਉਣ ਨੂੰ ਮੇਰਾ ਮਨ ਸਦਾ ਹੀ ਲੋਚਦਾ ਹੈ। ਕੀ ਕਰਾਂ, ਮੇਰੀ ਸਿਹਤ ਆਗਿਆ ਨਹੀਂ ਦਿੰਦੀ। ਦੂਜੇ ਮੈਂ ਇੱਕਲਾ ਰਹਿ ਗਿਆ। ਮੈਂ ਤਾਂ ਰੋ-ਰੋ ਕੇ ਹੀ ਮਰ ਜਾਵਾਂਗਾ।

ਆਪ ਦਾ ਹਿਤਕਾਰੀ,

ਹਰਬੰਸ ਸਿੰਘ

ਐਡੀਟਰ-ਇਨ-ਚੀਫ

ਮੈਂ ਅਜੇ ਵੀ ਚਿੱਠੀ 'ਤੇ ਆਪਣੇ ਹਸਤਾਖ਼ਰ ਕਰਨ ਤੋਂ ਅਸਮਰੱਥ ਹਾਂ।

ਇਸ ਤਰ੍ਹਾਂ ਉਪਰੋਕਤ ਚਿੱਠੀ-ਪੱਤਰਾਂ ਤੋਂ ਪਤਾ ਚਲਦਾ ਹੈ ਕਿ ਗਿਆਨੀ ਜੀ ਨਾਲ ਉਪਰੋਕਤ ਵਿਦਵਾਨਾਂ ਨਾਲ ਬੇਹੱਦ ਸਨੇਹ ਸੀ।

ਉਕਤ ਦੇ ਸਾਰ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਇਕ ਵਿਲੱਖਣ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਨੇ ਆਪਣਾ ਸਮੁਚਾ ਜੀਵਨ ਨਿਮਰਤਾ ਅਤੇ ਸੰਜਮ ਨਾਲ ਬਿਤਾਇਆ। ਭਾਵੇਂ ਉਹ ਉਚਕੋਟੀ ਦੇ ਵਿਦਵਾਨ ਸਨ, ਪਰ ਉਨ੍ਹਾਂ ਦੇ ਅੰਦਰ ਕਦੇ ਵੀ ਇਸ ਗੱਲ ਦੀ ਹਉਮੈਂ ਨਹੀਂ ਆਈ। ਆਪ ਸਾਧੂ ਸੁਭਾਅ ਦੇ ਮਾਲਕ ਨਿਮਰਤਾ ਦੇ ਧਾਰਨੀ ਸਨ। ਸਮਝਦਾਰੀ ਨਾਲ ਚਲਣਾ ਉਨ੍ਹਾਂ ਦੀ ਸ਼ਖ਼ਸੀਅਤ ਦਾ ਇਕ ਵਡਾ ਲਛਣ ਸੀ। ਅਨੇਕ ਵਿਦਿਆਰਥੀਆਂ ਅਤੇ ਵਿਦਵਾਨਾਂ ਤੇ ਉਨ੍ਹਾਂ ਦੇ ਸੁਭਾਅ ਦਾ ਅਸਰ ਪਿਆ। ਉਨ੍ਹਾਂ ਦੀਆਂ ਸੇਵਾਵਾਂ, ਰਚਨਾਵਾਂ ਅਤੇ ਕੰਮਾਂ ਵਿਚੋਂ ਉਨ੍ਹਾਂ ਦੀ ਪਵਿਤਰ ਆਤਮਾ ਦੀ ਝਲਕ ਵਜਦੀ ਰਹੇਗੀ। ਜਿਨ੍ਹਾਂ-ਜਿਨ੍ਹਾਂ ਸੰਸਥਾਵਾਂ ਵਿਚ ਉਹ ਗਏ, ਉਨ੍ਹਾਂ ਵਿਚ ਅਜ ਵੀ ਉਨ੍ਹਾਂ ਦੀ ਯਾਦ ਸਜਰੀ ਰਹੇਗੀ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਸਿੱਖ ਪੰਥ ਦੇ ਨਾਲ-ਨਾਲ ਮਨੁਖ ਮਾਤਰ ਨੂੰ ਸਮਰਪਿਤ ਕੀਤਾ ਹੋਇਆ ਸੀ।

ਅਗਲੇ ਅਧਿਆਇ ਵਿਚ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੀਆਂ ਰਚਨਾਵਾਂ ਦਾ ਸਰਵੇਖਣ ਕੀਤਾ ਜਾਵੇਗਾ ਅਤੇ ਵਖ-ਵਖ ਪੁਸਤਕਾਂ, ਅਖ਼ਬਾਰਾਂ, ਪਤ੍ਰਿਕਾਵਾਂ ਵਿਚ ਛਪੇ ਲੇਖਾਂ ਦੇ ਵੇਰਵੇ ਅੰਕਿਤ ਕੀਤੇ ਜਾਣਗੇ।

# ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ) ਦਾ ਰਚਨਾ ਸੰਸਾਰ: ਵਰਗੀਕਰਨ ਤੇ ਸਰਵੇਖਣ

**ਵਿਸ਼ਾ ਪ੍ਰਵੇਸ਼:** ਇਸ ਅਧਿਆਇ ਦਾ ਉਦੇਸ਼ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੀਆਂ ਸਿਰਜਣਾਵਾਂ ਦੀ ਮੁਢਲੀ ਜਾਣਕਾਰੀ ਕਰਵਾਉਣਾ ਹੈ ਤਾਂ ਕਿ ਉਨ੍ਹਾਂ ਦੀਆਂ ਰਚਨਾਵਾਂ ਦੇ ਵਿਸ਼ਲੇਸ਼ਣ ਲਈ ਭਾਵ-ਜਗਤ ਗ੍ਰਹਿਣ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਗਿਆਨੀ ਬਲਵੰਤ ਸਿੰਘ ਨੇ ਛੋਟੀ ਉਮਰ ਵਿਚ ਹੀ ਅਧਿਐਨ ਨੂੰ ਆਪਣੀ ਜ਼ਿੰਦਗੀ ਦਾ ਲਕਸ਼ ਬਣਾ ਲਿਆ। ਫਲਸਰੂਪ, ਉਨ੍ਹਾਂ ਨੇ ਜਿਥੇ ਇਤਿਹਾਸਕ ਖੋਜ ਦੇ ਖੇਤਰ ਵਿਚ ਮੱਲ੍ਹਾਂ ਮਾਰੀਆਂ ਉਥੇ ਖੋਜ ਦੇ ਹੋਰ ਖੇਤਰ ਜਿਵੇਂ ਦਰਸ਼ਨ, ਵੇਦਾਂਤ, ਵਿਆਖਿਆ, ਕਾਵਿ ਆਦਿ ਦੀ ਸਾਹਿਤ ਸਿਰਜਣਾ ਵੀ ਕੀਤੀ। ਨਿਰਮਲ ਸੰਪ੍ਰਦਾਇ ਦਾ ਇਤਿਹਾਸ ਲਿਖ ਕੇ ਨਿਰਮਲੇ ਵਿਦਵਾਨਾਂ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ। ਗਿਆਨੀ ਜੀ ਦੀ ਪੰਜਾਬੀ ਭਾਸ਼ਾ ਦੇ ਨਾਲ-ਨਾਲ ਹਿੰਦੀ, ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ’ਤੇ ਵੀ ਡੂੰਘੀ ਪਕੜ ਸੀ, ਜਿਸ ਸਦਕਾ ਉਨ੍ਹਾਂ ਨੇ ਪੰਜਾਬੀ ਤੋਂ ਇਲਾਵਾ ਹਿੰਦੀ ਵਿਚ ਵੀ ਪੁਸਤਕਾਂ ਲਿਖੀਆਂ। ਇਸ ਅਧਿਆਇ ਵਿਚ ਗਿਆਨੀ ਬਲਵੰਤ ਸਿੰਘ ਦੀਆਂ ਰਚਨਾਵਾਂ ਦੀ ਸੂਚੀ, ਵਖ-ਵਖ ਅਖ਼ਬਾਰਾਂ, ਮੈਗਜ਼ੀਨਾਂ ਅਤੇ ਪੁਸਤਕਾਂ ਵਿਚ ਛਪੇ ਲੇਖਾਂ ਦੀ ਸੂਚੀ ਦੇਣ ਉਪਰੰਤ ਉਨ੍ਹਾਂ ਰਚਨਾਵਾਂ ਦਾ ਵਰਗੀਕਰਨ ਅਤੇ ਸਰਵੇਖਣ ਕੀਤਾ ਜਾਵੇਗਾ। ਅਸੀਂ ਨਿਮਨਲਿਖਤ ਬਿੰਦੂਆਂ ਦੇ ਅਧਾਰ ‘ਤੇ ਗਿਆਨੀ ਜੀ ਦੀਆਂ ਸਿਰਜਣਾਵਾਂ ਬਾਰੇ ਮੁਢਲੀ ਜਾਣਕਾਰੀ ਦੇਵਾਂਗੇ।

**2.1 ਰਚਨਾਵਾਂ ਦੀ ਸੂਚੀ**

2.1.1 ਪ੍ਰਕਾਸ਼ਿਤ ਰਚਨਾਵਾਂ

2.1.2 ਅਪ੍ਰਕਾਸ਼ਿਤ ਰਚਨਾਵਾਂ

2.1.3 ਸੰਪਾਦਿਤ ਰਚਨਾਵਾਂ

2.1.4 ਲੇਖ ਸੰਗ੍ਰਹਿ

2.1.5 ਰਸਾਲੇ ਅਤੇ ਪਤ੍ਰਿਕਾਵਾਂ

**2.2 ਵਰਗੀਕਰਨ**

**2.3 ਸਰਵੇਖਣ**

## 2.1 ਰਚਨਾਵਾਂ ਦੀ ਸੂਚੀ

### 2.1.1 ਪ੍ਰਕਾਸ਼ਿਤ ਰਚਨਾਵਾਂ

**(ੳ) ਪੁਸਤਕਾਂ**

1. *ਅਦੁਤੀ ਸੇਵਕ,* ਪੰਜਾਬੀ ਪਰਵਾਨਾ ਪੁਸਤਕ ਭੰਡਾਰ, ਕੋਟਕਪੂਰਾ (ਬਠਿੰਡਾ), 1956.
2. *ਅਗਮ ਅਗਾਧ ਪੁਰਖ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 1983.
3. *ਏਕ ਪੁਰਖ ਅਪਾਰ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 1983.

4. *ਰੂਪ ਦੀਪ ਸਟੀਕ,* ਭਾਈ ਕੰਵਰ ਕੌਰ ਸਿੰਘ, ਕੋਠਾ ਗੁਰੂ (ਬਠਿੰਡਾ), 1993.
5. *ਸੰਤ ਮਹਾਰਾਜ ਬਾਬਾ ਬਲਵੰਤ ਸਿੰਘ ਜੀ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 1994.
6. *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 1997.
7. *ਸ੍ਰੀ ਨਿਰਮਲ ਪੰਥ ਬੋਧ,* ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ (ਹਰਿਦੁਆਰ), 1998.
8. *ਗੁਰੂ ਵੰਸ਼-ਖਾਲਸਾ ਪੰਥ,* ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ (ਹਰਿਦੁਆਰ), 1999.
9. *ਵਿਦਿਆਸਰ ਦਾ ਵਿਦਿਆਸਾਗਰ,* ਭਾਈ ਸਾਹਿਬ ਭਾਈ ਅਮਰਜੀਤ ਸਿੰਘ, ਅਮਰਗੜ੍ਹ (ਬਠਿੰਡਾ), 2000.
10. *ਸੁਧਾਸਰ ਕੇ ਰਤਨ,* ਸ੍ਰੀਮਾਨ ਮਹੰਤ ਭੁਪਿੰਦਰ ਸਿੰਘ, ਅੰਮ੍ਰਿਤਸਰ, 2001.
11. *ਕੋਠਾ ਗੁਰੂ ਦੀ ਗੌਰਵ ਗਾਥਾ,* ਗਿਆਨੀ ਕੌਰ ਸਿੰਘ, ਕੋਠਾ ਗੁਰੂ (ਬਠਿੰਡਾ), 2004.
12. *ਨਿਰਮਲ ਪੰਥ ਦੀ ਗੌਰਵ ਗਾਥਾ,* ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ, ਕਨਖਲ (ਹਰਿਦੁਆਰ), 2009.
13. *ਸੂਰਬੀਰ ਬਚਨ ਕੇ ਬਲੀ,* ਮਹੰਤ ਬਲਵੰਤ ਸਿੰਘ ਸੈਕਟਰੀ, ਕਨਖਲ (ਹਰਿਦੁਆਰ), 2010.
14. *ਕਲਾਧਾਰੀ ਪੁਰਖ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 2012.
15. *ਸੰਪ੍ਰਦਾਇ ਮਸਤੂਆਣਾ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 2015.
16. *ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਅਤੇ ਸ੍ਰੀਮਾਨ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਉਪਕਾਰ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 2017.
17. *ਗੁਰਬਾਣੀ-ਵੇਦਾਂਤ ਨਿਰਣੈ,* ਗਿਆਨੀ ਕੌਰ ਸਿੰਘ ਵੈਦਯ ਵਿਸ਼ਾਰਦ, ਕੋਠਾ ਗੁਰੂ (ਬਠਿੰਡਾ), 2017.
18. *ਜਪੁ ਜੀ ਸਾਹਿਬ ਸਟੀਕ,* ਗਿਆਨੀ ਕੌਰ ਸਿੰਘ ਵੈਦਯ ਵਿਸ਼ਾਰਦ, ਕੋਠਾ ਗੁਰੂ (ਬਠਿੰਡਾ), 2020.

**(ਅ) ਕਿਤਾਬਚੇ ਜਾਂ ਟਰੈਕਟ:**

1. *ਤਖਤ ਦਮਦਮਾ ਸਾਹਿਬ,* ਆਲ ਇੰਡੀਆ ਸ੍ਰੋਮਣੀ ਨਿਆਰਾ ਖਾਲਸਾ ਦਲ, ਕੋਟਕਪੂਰਾ (ਬਠਿੰਡਾ), 1959.
2. *ਬਾਬਾ ਕੌਲ ਸਾਹਿਬ,* ਸਕੱਤਰ ਗੁਰਦਵਾਰਾ ਕੌਲਸਰ ਸਾਹਿਬ, ਕੋਠਾ ਗੁਰੂ (ਬਠਿੰਡਾ) 1965.
3. *ਲੋਹਗੜ੍ਹ ਸਾਹਿਬ ਦੀਨਾ,* ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਲੋਹਗੜ੍ਹ ਦੀਨਾ, ਮੋਗਾ, 1968.
4. *ਪੂਜਯ ਸੰਤ ਅਤਰ ਸਿੰਘ ਜੀ (ਹਿੰਦੀ),* ਗੰਭੀਰ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ, 1987.
5. *ਗੁਰਦੁਆਰਾ ਗੁਰੂਸਰ ਨਥਾਣਾ,* ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ, ਨਥਾਣਾ (ਬਠਿੰਡਾ), 2000.
6. *ਗੁਰੂ ਗ੍ਰੰਥ ਸਾਹਿਬ ਜੀ ਦੀ ਤ੍ਰਿਤੀਯਾ ਸ਼ਤਾਬਦੀ ਪੂਰਣਤਾ ਦਿਵਸ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 2000.

7. *ਸੰਖੇਪ ਇਤਿਹਾਸ ਸ੍ਰੀ ਦਮਦਮਾ ਸਾਹਿਬ ਗੁਰੂ ਕਾਸ਼ੀ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 2003.
8. *ਡੇਰਾ ਬਾਬਾ ਦਲ ਸਿੰਘ ਜੀ ਭੁਚੋ ਕਲਾਂ,* ਗੁਰਦੁਆਰਾ ਡੇਰਾ ਬਾਬਾ ਦਲ ਸਿੰਘ ਜੀ, ਭੁਚੋ ਕਲਾਂ (ਬਠਿੰਡਾ), 2007.
9. *ਨਿਰਮਲ ਭੇਖ ਭਾਸ਼ਕਰ,* ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ, ਕਨਖਲ (ਹਰਿਦੁਆਰ), 2009.
10. *ਨਿਰਭੈ ਯੋਧਾ ਬਾਬਾ ਬੰਦਾ ਸਿੰਘ,* ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ, ਕਨਖਲ (ਹਰਿਦੁਆਰ), 2009.
11. *ਗੁਰਦਵਾਰਾ ਗੁੰਗਸਰ ਸਾਹਿਬ,* ਗਿਆਨੀ ਕੌਰ ਸਿੰਘ ਵੈਦਯਵਿਸ਼ਾਰਦ, ਕੋਠਾ ਗੁਰੂ (ਬਠਿੰਡਾ), 2018.
12. *ਸਤਿਨਾਮ ਵਾਹਿਗੁਰੂ,* ਗਿਆਨੀ ਕੌਰ ਸਿੰਘ ਵੈਦਯਵਿਸ਼ਾਰਦ, ਕੋਠਾ ਗੁਰੂ (ਬਠਿੰਡਾ), 2018.

### 2.1.2 ਅਪ੍ਰਕਾਸ਼ਿਤ ਰਚਨਾਵਾਂ

(1) *ਬਾਲਾ ਠਾਕੁਰ* (ਲਘੂ ਉਪਨਿਆਸ, 1966)

(2) *ਕੁਮਾਰ ਕੁਣਾਲ* (ਨਾਟਕ, 1968)

(3) *ਗੁਰਦ੍ਰੋਹੀ* (ਨਾਟਕ, 1968)

(4) *ਭਗਵਾਨ ਬੁਧ ਦਾ ਮਹਾਂ ਪਰਿ ਨਿਰਬਾਣ* (ਲੇਖ, 1968)

(5) *ਭਗਵਾਨ ਬੁਧ ਦੀ ਅੰਤਮ ਕ੍ਰਿਆ* (ਲੇਖ, 1968)

(6) *ਗੁਰ ਅੰਗਦ ਦੀ ਦੋਹੀ ਫਿਰੀ* (ਕਿਤਾਬਚਾ, 1969)

(7) *ਧੱਮਪਦ ਦਾ ਗੁਰਮੁਖੀ ਅਨੁਵਾਦ* (1969)

(8) *ਆਚਾਰਯ ਦੀਪੰਕਰ ਸ੍ਰੀ ਗਿਆਨ* (ਲੇਖ, 1974)

(9) *ਧਰਮ ਪ੍ਰਭਾਕਰ ਜਯੋਤੀ* (ਕਿਤਾਬਚਾ, 1975)

(10) *ਦੇਗ ਦੇ ਧਨੀ* (ਕਿਤਾਬਚਾ, ਮਿਤੀਹੀਣ)

(11) *ਮਹਾਂ ਕਵੀ ਗੁਣਾਢਯ* (ਲੇਖ, ਮਿਤੀਹੀਣ)

(12) *ਇਤਿਹਾਸ ਗੁਰਦੁਆਰਾ ਗੰਢੂ ਸਾਹਿਬ* (ਮਿਤੀਹੀਣ)

(13) *ਕਵਿਤਾਵਾਂ* (1970-1976)

### 2.1.3 ਸੰਪਾਦਿਤ ਰਚਨਾਵਾਂ

1. ਦਿਆਲ ਸਿੰਘ ਪਰਵਾਨਾ, *ਹਸਦਾ ਬਾਦਸ਼ਾਹ,* ਭੁੱਲਰ ਏਕਤਾ ਪ੍ਰਕਾਸ਼ਨ, ਗੋਨਿਆਣਾ ਮੰਡੀ, 1981.
2. ਭਾਈ ਮੱਘਰ ਸਿੰਘ ਜੀ ਸ਼ਾਂਤ, *ਸ਼ਾਂਤ ਸੰਗੀਤ,* ਭੁੱਲਰ ਏਕਤਾ ਪ੍ਰਕਾਸ਼ਨ, ਗੋਨਿਆਣਾ ਮੰਡੀ, 1982.
3. ਸ੍ਰੀਮਾਨ ਸੰਤ ਬਾਬਾ ਧਰਮ ਸਿੰਘ ਕੋਠਾ ਗੁਰੂ, *ਆਤਮ ਬੋਧ,* ਜਥੇਦਾਰ ਭਾਈ ਹਾਕਮ ਸਿੰਘ, ਕੋਠਾ ਗੁਰੂ (ਬਠਿੰਡਾ), 2005.

4. ਪੰਡਿਤ ਦੇਵਾ ਸਿੰਘ, *ਅਧਯਾਤਮ ਅਨੁਭਵ ਵਿਵੇਕ,* ਮਹੰਤ ਪ੍ਰਧਾਨ ਸਿੰਘ ਨਿਰਮਲ ਆਸ਼੍ਰਮ, ਬਡੋਂ (ਹੁਸ਼ਿਆਰਪੁਰ), 2007.
5. *ਪੰਡਿਤ ਈਸ਼ਵਰ ਸਿੰਘ ਗ੍ਰੰਥਾਵਲੀ,* ਮਹੰਤ ਪ੍ਰੀਤਮ ਸਿੰਘ ਡੇਰਾ ਪ੍ਰੇਮਸਰ, ਬਾੜੀਆਂ ਕਲਾਂ (ਹੁਸ਼ਿਆਰਪੁਰ), 2010 (ਦੂਜੀ ਵਾਰ).
6. ਪੰਡਿਤ ਤਾਰਾ ਸਿੰਘ ਨਰੋਤਮ, *ਗੁਰਗਿਰਾਰਥ ਕੋਸ਼,* ਸ੍ਰੀਮਾਨ 108 ਮਹੰਤ ਬਲਵੰਤ ਸਿੰਘ ਜੀ ਸੈਕਟਰੀ, ਕਨਖਲ (ਹਰਿਦਵਾਰ), 2012.
7. ਠਾਣਾ ਸਿੰਘ ਨਥਾਣਾ, *ਬਾਬਾ ਕਾਲੂ ਨਾਥ ਜੀ,* ਜਸਵੀਰ ਸਿੰਘ ਉਰਫ ਠਾਣਾ ਸਿੰਘ, ਨਥਾਣਾ (ਬਠਿੰਡਾ), 2014.

### 2.1.4 ਲੇਖ ਸੰਗ੍ਰਹਿ

*ਪਰਮ ਰੂਪ ਪੁਨੀਤ ਮੂਰਤਿ,* ਮਹੰਤ ਭੁਪਿੰਦਰ ਸਿੰਘ ਜੀ, ਅੰਮ੍ਰਿਤਸਰ, 1995.

*ਮਾਤਾ ਦੇਸਾਂ ਦਾ ਬੁਰਜ,* ਬਾਬਾ ਜਸਵੀਰ ਸਿੰਘ, ਬਠਿੰਡਾ, 2005.

*ਸੰਤ ਅਤਰ ਸਿੰਘ ਅਭਿਨੰਦਨ ਗ੍ਰੰਥ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, 2006.

### 2.1.5 ਅਖਬਾਰ ਅਤੇ ਪਤ੍ਰਿਕਾਵਾਂ:

ਗਿਆਨੀ ਬਲਵੰਤ ਸਿੰਘ ਜੀ ਦੇ ਵਖ-ਵਖ ਪਤ੍ਰਿਕਾਵਾਂ, ਅਖਬਾਰਾਂ ਅਤੇ ਪੁਸਤਕਾਂ ਵਿਚ ਪ੍ਰਕਾਸ਼ਿਤ ਲੇਖਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

**_ਖਾਲਸਾ ਪਾਰਲੀਮੈਂਟ ਗਜ਼ਟ,_ ਪੰਚਖੰਡ**

ਤਖਤ ਦਮਦਮਾ ਸਾਹਿਬ ਜੀ, ਦਸੰਬਰ, 1959.

ਚੌਥਾ ਤਖ਼ਤ (ਕਵਿਤਾ), ਦਸੰਬਰ, 1959.

ਤਖ਼ਤ ਦਮਦਮਾ ਸਾਹਿਬ ਅਤੇ 'ਪੰਚ ਖਾਲਸਾ ਦੀਵਾਨ', ਦਸੰਬਰ, 1959.

**_ਗੁਰਮਤਿ ਪ੍ਰਕਾਸ਼,_ ਅੰਮ੍ਰਿਤਸਰ**

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ, ਜੂਨ, 1961.

ਮਨ ਤੂੰ ਜੋਤਿ ਸਰੂਪ ਹੈ....', ਦਸੰਬਰ, 1962.

ੴ ਗੁਰਬਾਣੀ ਦਾ ਮੂਲ ਅਧਾਰ, ਫਰਵਰੀ, 2008.

**_ਪੈਨਸ਼ਨਰ,_ ਬੁਢਲਾਡਾ**

ਪੰਜਵਾਂ ਤਖ਼ਤ, ਅਕਤੂਬਰ, 1958.

**_ਪੰਜਾਬੀ ਪਰਵਾਨਾ,_ ਕੋਟਕਪੂਰਾ (ਬਠਿੰਡਾ)**

ਜਨ ਨਾਨਕ ਗੁਰ ਪਾਰ ਬ੍ਰਹਮ, ਅਕਤੂਬਰ-ਨਵੰਬਰ, 1954.

ਸਿੰਘ ਨੂੰ ਹਲੂਣਾ (ਕਵਿਤਾ), ਅਕਤੂਬਰ-ਨਵੰਬਰ, 1954.

ਸੰਤ ਦੇ ਲੱਛਣ, ਜਨਵਰੀ, 1955.

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਕਿਸ ਦਿਨ ਧਾਰਿਆ, ਮਿਤੀਹੀਣ.

ਸ੍ਰੀ ਦਸ਼ਮੇਸ਼ ਜੀ ਕਵੀ ਦੇ ਰੂਪ ਵਿਚ, ਮਿਤੀਹੀਣ.

**_ਪੰਜਾਬੀ ਟ੍ਰਿਬਿਊਨ,_ ਚੰਡੀਗੜ੍ਹ**

ਸਬ ਡਵੀਜ਼ਨ ਰਾਮਪੁਰਾ ਫੂਲ ਦੀ ਧਾਰਮਿਕ ਮਹਾਨਤਾ, 26 ਫਰਵਰੀ, 1988.

ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਵਾਲਾ ਕੌਣ ਹੈ?, 19 ਦਸੰਬਰ 1994.

ਗੁਰਦੁਆਰਾ ਹੇਮਕੁੰਟ ਸਾਹਿਬ ਨੂੰ ਭਾਲਣ ਵਾਲਾ ਕੌਣ ਹੈ?, ਮਿਤੀਹੀਣ.

ਵੇਦਕ ਅਤੇ ਗੁਰਮਤਿ ਇਤਿਹਾਸ ਦਾ ਸੁਮੇਲ ਕੁਰੂਕਸ਼ੇਤਰ, ਮਿਤੀਹੀਣ.

**_ਸਿੰਘ ਸਭਾ ਪਤ੍ਰਿਕਾ,_ ਸ੍ਰੀ ਅੰਮ੍ਰਿਤਸਰ**

ਹਰਿ ਕੀਰਤਨ, ਮਾਰਚ, 1978.

**_ਪੰਜਾਬੀ ਰਤਨ_**

ਪੰਡਿਤ ਰਾਜ ਕਰਤਾਰ ਸਿੰਘ ਜੀ ਦਾਖਾ ਦੀ ਯਾਦ ਵਿਚ (ਕਵਿਤਾ), 25 ਦਸੰਬਰ 1958.

**_ਨਾਨਕ ਪ੍ਰਕਾਸ਼ ਪਤ੍ਰਿਕਾ,_ ਪੰਜਾਬੀ ਯੂਨੀਵਰਸਿਟੀ, ਪਟਿਆਲਾ**

ਗਿਆਨੀ ਗਿਆਨ ਸਿੰਘ, ਜੂਨ, 2005.

ਨਿਰਮਲ ਸੰਪ੍ਰਦਾਇ, ਦਸੰਬਰ, 2005.

ਸ੍ਰੀ ਗੁਰੂ ਨਾਨਕ ਦੇਵ ਜੀ, ਦਸੰਬਰ, 2006.

ਭਾਈ ਸੰਤੋਖ ਸਿੰਘ, ਜੂਨ, 2007.

ਗੁਰੂ ਗੋਬਿੰਦ ਸਿੰਘ ਜੀ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਦੀ ਦ੍ਰਿਸ਼ਟੀ ਵਿਚ, ਦਸੰਬਰ, 2007.

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ, ਜੂਨ, 2008.

ਨਿਰਮਲ ਸੰਪ੍ਰਦਾਇ, ਜੂਨ-ਦਸੰਬਰ, 2009.

**_ਨਿਰਮਲ ਉਦੇਸ਼,_ ਅੰਮ੍ਰਿਤਸਰ**

ਨਿਰਮਲ ਪੰਥ ਦਾ ਗੁਰਮਤਿ ਪ੍ਰਚਾਰ, 17 ਦਸੰਬਰ, 1980.

**_ਨਿਰਮਲ ਚਿੰਤਾਮਣੀ,_ ਕੋਠਾ ਗੁਰੂ**

ਡੇਰਾ ਬਾਬਾ ਮਿਸ਼ਰਾ ਸਿੰਘ, ਮਿਤੀਹੀਣ

ਸ੍ਰੀਮਾਨ 108 ਮਹੰਤ ਮਨਜੀਤ ਸਿੰਘ ਮਹਾਰਾਜ, ਮਿਤੀਹੀਣ

ਬਾਬਾ ਪ੍ਰੇਮ ਸਿੰਘ ਜੀ ਝਾੜੀ ਰਿਸ਼ੀਕੇਸ਼ ਵਾਲੇ, ਮਈ, 1996.

ਸ੍ਰੀਮਾਨ ਮਹੰਤ ਦੇਵਾ ਸਿੰਘ ਜੀ ਗਿਆਨੀ, ਜੁਲਾਈ 1996.

ਸ੍ਰੋਮਣੀ ਉਦਾਸੀਨਾਚਾਰਯ ਭਗਵਾਨ ਸ੍ਰੀ ਚੰਦ੍ਰ ਜੀ ਮਹਾਰਾਜ, ਜੁਲਾਈ 1996.

ਪੰਡਿਤ ਹਰੀ ਸਿੰਘ ਵਿਰਕਤ ਕਥਾ ਵਾਲੇ ਰਿਸ਼ੀਕੇਸ਼, ਜੁਲਾਈ 1996.

ਸਿੱਖ ਅਤੇ ਹਰਿਦ੍ਵਾਰ, 1998.

ਤੀਰਥ ਬਡਾ ਕਿ ਹਰਿ ਕਾ ਦਾਸ, 1998.

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਮਰ ਦਾਸ ਜੀ ਦੀ ਕਨਖਲ-ਹਰਿਦ੍ਵਾਰ ਯਾਤਰਾ ਦਾ ਵਰਣਨ, 1998.

ਗੰਗਾ ਹਰਿਦ੍ਵਾਰ ਅਤੇ ਕੁੰਭ ਪਰਵ, 1998.

## *ਮਹਾਤਮਾ*, ਅੰਮ੍ਰਿਤਸਰ

ਅਗੰਮੜੇ ਵਹਿਣ (ਕਵਿਤਾ), 19 ਫਰਵਰੀ, 1959.

## *ਰੋਜ਼ਾਨਾ ਕੌਮੀ ਦਰਦ*, ਜਲੰਧਰ

ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰੂ ਨਾਨਕ ਕੀ ਵਡਿਆਈ, 1 ਨਵੰਬਰ, 1971.

## *ਰੋਜ਼ਾਨਾ ਅਜੀਤ*, ਜਲੰਧਰ

ਸੰਤ ਅਤਰ ਸਿੰਘ ਜੀ ਮਸਤੂਆਣਾ, 31 ਜਨਵਰੀ, 1985.

ਕੁਰੂਕਸ਼ੇਤਰ ਵੈਦਿਕ ਕਾਲ ਤੋਂ ਗੁਰਮਤਿ ਕਾਲ ਤਕ, 23 ਸਤੰਬਰ, 1987.

ਸਬ-ਡਵੀਜ਼ਨ ਫੂਲ ਦਾ ਧਰਮ ਅਤੇ ਇਤਿਹਾਸ ਵਿਚ ਸਥਾਨ, 7 ਜਨਵਰੀ, 1995.

## *ਰੋਜ਼ਾਨਾ ਅਕਾਲੀ-ਪੱਤ੍ਰਕਾ*, ਜਲੰਧਰ

ਸੰਤ ਅਤਰ ਸਿੰਘ ਜੀ ਮਸਤੂਆਣਾ, 1 ਫਰਵਰੀ 1983.

## *Encyclopedia of Sikhism*, Punjabi university Patiala

Basant Singh, Pandit, Harbans Singh (ed.), vol.1, Punjabi university Patiala, 2012, p 295.

Bhagauti, Harbans Singh (ed.), vol.1, Punjabi university Patiala, 2012, p 319.

Mahitab Singh, Mahant, Harbans Singh (ed.), vol.3, Punjabi university Patiala, 2012, p 19.

Nirmal Panchaiti Akhara, Harbans Singh (ed.), vol.3, Punjabi university Patiala, 2012, p 237.

Kaul, Sodhi, Harbans Singh (ed.), vol.2, Punjabi university Patiala, 2012, p 461.

Kothaguru, Harbans Singh (ed.), vol.2, Punjabi university Patiala, 2012, p 529.

Visakha Singh, Sant, Malva Itihas, Harbans Singh (ed.), vol.4, Punjabi university Patiala, 2012, p 432.

**ਕਿਤਾਬਾਂ**

'ਗੁਰਬਾਣੀ ਦਾ ਅਨੁਭਵੀ ਚਿੰਤਕ: ਡਾ. ਤਾਰਨ ਸਿੰਘ', *ਡਾ. ਤਾਰਨ ਸਿੰਘ ਸਿਮਰਤੀ ਗ੍ਰੰਥ,* (ਸੰਪਾ.) ਡਾ. ਮਲਕਿੰਦਰ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017, ਪੰਨੇ 61-64.

'ਨਿਰਮਲ ਸੰਪ੍ਰਦਾਇ: ਸਾਹਿਤ ਤੇ ਵਿਦਵਤਾ ਦਾ ਪੁੰਜ', *ਨਿਰਮਲ ਸੰਪ੍ਰਦਾਇ,* (ਸੰਪਾ.) ਪ੍ਰੀਤਮ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981, ਪੰਨੇ 225-238.

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ', *ਗੁਰਮਤਿ ਕਾਵਿ-ਸਿਧਾਂਤ,* (ਸੰਪਾ.) ਡਾ. ਜਸਵਿੰਦਰ ਸਿੰਘ ਸੈਣੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017, ਪੰਨੇ 173-195.

## 2.2 ਵਰਗੀਕਰਨ

ਕਿਸੇ ਵੀ ਰਚਨਾਕਾਰ ਦੀਆਂ ਰਚਨਾਵਾਂ ਦਾ ਵਰਗੀਕਰਨ ਕਰਨਾ, ਉਸ ਦੀ ਸਾਹਿਤਕ ਰੁਚੀ ਤੇ ਪ੍ਰਤਿਭਾ ਨੂੰ ਦੇਖਣ ਵਿਚ ਸਹਾਈ ਹੁੰਦਾ ਹੈ। ਵਿਗਿਆਨਿਕ ਵਿਧੀ ਅਨੁਸਾਰ ਵਰਗੀਕਰਨ ਕਰਨ ਦੇ ਚਾਰ ਮੁਖ ਅਧਾਰ ਹਨ: ਕਾਲ ਕ੍ਰਮਨੁਸਾਰ, ਵਿਸ਼ਾ ਕ੍ਰਮਨੁਸਾਰ, ਲਿੰਗ ਅਨੁਸਾਰ, ਭੂਗੋਲ ਅਨੁਸਾਰ। ਗਿਆਨੀ ਬਲਵੰਤ ਸਿੰਘ ਦੇ ਸਮੁਚੇ ਸਿਰਜਣਾਤਮਕ ਕਾਰਜ ਨੂੰ ਸੌਖੀ ਤਰ੍ਹਾਂ ਸਮਝਣ ਲਈ ਅਸੀਂ ਉਨ੍ਹਾਂ ਦੀਆਂ ਰਚਨਾਵਾਂ ਦਾ ਵਰਗੀਕਰਨ ਮੁਖ ਤੌਰ 'ਤੇ ਵਿਸ਼ਾ ਕ੍ਰਮ ਅਨੁਸਾਰ ਕਰ ਰਹੇ ਹਾਂ। ਇਸ ਤਹਿਤ ਉਨ੍ਹਾਂ ਦੀਆਂ ਲਿਖਤਾਂ ਨੂੰ ਮੋਟੇ ਤੌਰ ਉੱਤੇ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:

**(ੳ) ਇਤਿਹਾਸਕ ਰਚਨਾਵਾਂ**

**(1) ਪੁਸਤਕਾਂ**

1. *ਅਦੁਤੀ ਸੇਵਕ*
2. *ਅਗਮ ਅਗਾਧ ਪੁਰਖ*
3. *ਏਕ ਪੁਰਖ ਅਪਾਰ*
4. *ਸੰਤ ਮਹਾਰਾਜ ਬਾਬਾ ਬਲਵੰਤ ਸਿੰਘ ਜੀ*
5. *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ*
6. *ਸ੍ਰੀ ਨਿਰਮਲ ਪੰਥ ਬੋਧ*
7. *ਗੁਰੂ ਵੰਸ਼-ਖਾਲਸਾ ਪੰਥ*
8. *ਵਿਦਿਆਸਰ ਦਾ ਵਿਦਿਆਸਾਗਰ*
9. *ਸੁਧਾਸਰ ਕੇ ਰਤਨ*
10. *ਕੋਠਾ ਗੁਰੂ ਦੀ ਗੌਰਵ ਗਾਥਾ*
11. *ਨਿਰਮਲ ਪੰਥ ਦੀ ਗੌਰਵ ਗਾਥਾ*
12. *ਸੂਰਬੀਰ ਬਚਨ ਕੇ ਬਲੀ*

13. *ਕਲਾਧਾਰੀ ਪੁਰਖ*

14. *ਸੰਪ੍ਰਦਾਇ ਮਸਤੂਆਣਾ*

15. *ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਅਤੇ ਸ੍ਰੀਮਾਨ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਉਪਕਾਰ*

16. *ਗੁਰਬਾਣੀ ਵੇਦਾਂਤ ਨਿਰਣੈ*

**(2) ਕਿਤਾਬਚੇ**

1. *ਤਖ਼ਤ ਦਮਦਮਾ ਸਾਹਿਬ*
2. *ਬਾਬਾ ਕੌਲ ਸਾਹਿਬ*
3. *ਲੋਹਗੜ੍ਹ ਦੀਨਾ*
4. *ਗੁਰਦੁਆਰਾ ਨਾਨਕਸਰ ਤਖਤੂਪੁਰਾ*
5. *ਪੂਜਯ ਸੰਤ ਅਤਰ ਸਿੰਘ ਜੀ (ਹਿੰਦੀ)*
6. *ਗੁਰਦੁਆਰਾ ਗੁਰੂਸਰ ਨਥਾਣਾ*
7. *ਗੁਰੂ ਗ੍ਰੰਥ ਸਾਹਿਬ ਜੀ ਦੀ ਤ੍ਰਿਤੀਯਾ ਸ਼ਤਾਬਦੀ ਪੂਰਣਤਾ ਦਿਵਸ*
8. *ਸੰਖੇਪ ਇਤਿਹਾਸ ਸ੍ਰੀ ਦਮਦਮਾ ਸਾਹਿਬ ਗੁਰੂ ਕਾਸ਼ੀ*
9. *ਡੇਰਾ ਬਾਬਾ ਦਲ ਸਿੰਘ ਜੀ ਭੁਚੋ ਕਲਾਂ*
10. *ਨਿਰਮਲ ਭੇਖ ਭਾਸ਼ਕਰ*
11. *ਨਿਰਭੈ ਯੋਧਾ ਬਾਬਾ ਬੰਦਾ ਸਿੰਘ*
12. *ਗੁਰਦਵਾਰਾ ਗੁੰਗਸਰ ਸਾਹਿਬ*
13. *ਸਤਿਨਾਮ ਵਾਹਿਗੁਰੂ*

**(ਅ) ਦਾਰਸ਼ਨਿਕ ਰਚਨਾਵਾਂ**

1. *ਗੁਰਬਾਣੀ-ਵੇਦਾਂਤ ਨਿਰਣੈ*

**(ੲ) ਵਿਆਖਿਆਕਾਰੀ**

1. *ਜਪੁ ਜੀ ਸਾਹਿਬ ਸਟੀਕ*
2. *ਰੂਪ ਦੀਪ ਸਟੀਕ*

**2.3 ਸਰਵੇਖਣ**:

ਉਪਰੋਕਤ ਦਿਤੀ ਸੂਚੀ ਵਿਚੋਂ ਪੁਸਤਕਾਂ ਦੇ ਛਾਪੇ ਕ੍ਰਮ ਅਨੁਸਾਰ ਸਰਵੇਖਣ ਕਰਨ ਉਪਰੰਤ ਕਿਤਾਬਚਿਆਂ ਦਾ ਸਰਵੇਖਣ ਕੀਤਾ ਜਾਵੇਗਾ।

**1. *ਅਦੁੱਤੀ ਸੇਵਕ:*** 88 ਪੰਨਿਆਂ ਦੀ ਇਹ ਪੁਸਤਕ ਪੰਜਾਬੀ ਪਰਵਾਨਾ ਪੁਸਤਕ ਭੰਡਾਰ ਕੋਟਕਪੂਰਾ (ਬਠਿੰਡਾ) ਵਲੋਂ 1956 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਗਿਆਨੀ ਜੀ ਦੀ ਇਹ ਸਭ ਤੋਂ ਪਹਿਲੀ ਪੁਸਤਕ

ਹੈ ਜਿਸ ਵਿਚ ਉਨ੍ਹਾਂ ਨੇ ਜਥੇਦਾਰ ਦਿਆਲ ਸਿੰਘ ਪਰਵਾਨਾ ਦੇ ਜੀਵਨ ਅਤੇ ਉਨ੍ਹਾਂ ਦੁਆਰਾ ਗੁਰਮਤਿ ਪ੍ਰਚਾਰ ਵਿਚ ਪਾਏ ਯੋਗਦਾਨ ਬਾਰੇ ਵਰਣਨ ਕੀਤਾ ਹੈ। ਇਸ ਪੁਸਤਕ ਵਿਚ ਗਿਆਨੀ ਜੀ ਨੇ ਜਥੇਦਾਰ ਦਿਆਲ ਸਿੰਘ ਪਰਵਾਨਾ ਦੇ ਜੀਵਨ ਨਾਲ ਸੰਬੰਧਿਤ ਕੁਲ 58 ਲੇਖ ਦਰਜ ਕੀਤੇ ਹਨ।

ਭੂਮਿਕਾ ਵਿਚ ਗਿਆਨੀ ਜੀ ਨੇ ਦਸਿਆ ਹੈ ਕਿ ਲੇਖਕ ਨੇ ਪਰਵਾਨਾ ਜੀ ਨਾਲ ਆਪਣੀ ਜ਼ਿੰਦਗੀ ਦਾ ਕਾਫੀ ਸਮਾਂ ਬਤੀਤ ਕੀਤਾ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਦੀ ਜੀਵਨੀ ਲਿਖਣ ਦਾ ਮਨ ਬਣਾ ਲਿਆ। ਗਿਆਨੀ ਜੀ ਨੇ ਪਰਵਾਨਾ ਜੀ ਦੇ ਜੀਵਨ ਨਾਲ ਸੰਬੰਧਿਤ ਹੋਰ ਘਟਨਾਵਾਂ ਦਾ ਵੇਰਵਾ ਉਨ੍ਹਾਂ ਦੇ ਪਿੰਡ ਪੰਜ ਗਰਾਈ ਕਲਾਂ ਦੇ ਬਜ਼ੁਰਗਾਂ ਕੋਲੋਂ, ਉਨ੍ਹਾਂ ਦੇ ਮਿੱਤਰਾ ਕੋਲੋਂ ਅਤੇ ਅਖ਼ਬਾਰਾਂ ਤੇ ਟਰੈਕਟਾਂ ਵਿਚੋਂ ਲੱਭ ਕੇ ਇਕੱਤਰ ਕੀਤਾ।

ਪਹਿਲੇ ਲੇਖ ਵਿਚ ਕਰਤਾ ਨੇ ਦਿਆਲ ਸਿੰਘ ਪਰਵਾਨਾ ਦੇ ਪਰਿਵਾਰਕ ਪਿਛੋਕੜ ਅਤੇ ਜਨਮ ਬਾਰੇ ਜਾਣਕਾਰੀ ਦਿਤੀ ਹੈ। ਜਥੇਦਾਰ ਦਿਆਲ ਸਿੰਘ ਪਰਵਾਨਾ ਦਾ ਜਨਮ ਪਿੰਡ ਪੰਜ ਗਰਾਈਂ ਕਲ੍ਹਾਂ ਵਿਚ 14 ਹਾੜ ਸੰਮਤ 1970 ਨੂੰ ਪਿਤਾ ਸ. ਭਾਗ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁਖੋਂ ਹੋਇਆ। ਕਰਤਾ ਨੇ ਪੁਸਤਕ ਵਿਚ ਪਰਵਾਨਾ ਜੀ ਦੇ ਮਾਤਾ-ਪਿਤਾ ਦੀ ਤਸਵੀਰ ਵੀ ਦਰਜ ਕੀਤੀ ਹੈ।

ਦੂਜੇ ਲੇਖ ਵਿਚ ਪਰਵਾਨਾ ਜੀ ਦੇ ਬਚਪਨ ਅਤੇ ਵਿਦਿਆ ਦਾ ਵਰਣਨ ਕੀਤਾ ਹੈ। ਗਿਆਨੀ ਜੀ ਲਿਖਦੇ ਹਨ ਕਿ ਤਕਰੀਬਨ 7 ਸਾਲ ਦੀ ਉਮਰ ਵਿਚ ਇਕ ਅਜਿਹੀ ਨਾਮੁਰਾਦ ਬੀਮਾਰੀ ਆਈ ਜਿਹੜੀ ਦੋਹਾਂ ਅੱਖਾਂ ਦਾ ਨੁਕਸਾਨ ਕਰ ਗਈ। ਲਗਾਤਾਰ ਡਾਕਟਰਾਂ ਦੇ ਇਲਾਜ ਕਰਨ ਨਾਲ ਇਕ ਅੱਖ ਦੀ ਨਿਗ੍ਹਾ ਠੀਕ ਹੋ ਗਈ ਜਿਸ ਨਾਲ ਪਰਵਾਨਾ ਜੀ ਨੇ ਛੇਵੀਂ ਤੱਕ ਵਿਦਿਆ ਪ੍ਰਾਪਤ ਕੀਤੀ।[1] ਪਿੰਡ ਔਲਖਾਂ ਦੇ ਭਾਈ ਕਾਨ੍ਹ ਸਿੰਘ ਜੀ ਕੋਲ ਰਹਿ ਕੇ ਸੁਖਮਨੀ, ਆਸਾ ਦੀ ਵਾਰ, ਜਪੁ ਜੀ, ਰਹਿਰਾਸ ਸਾਹਿਬ ਆਦਿ ਬਾਣੀਆਂ ਕੰਠ ਕੀਤੀਆਂ ਅਤੇ ਗੁਰਮਤਿ ਸਾਹਿਤ ਦਾ ਅਧਿਐਨ ਕੀਤਾ। ਭਾਈ ਮਾਹਲ ਸਿੰਘ ਰਾਗੀ (ਫਰੀਦਕੋਟ) ਪਾਸੋਂ ਹਰਮੋਨੀਅਮ ਸਿਖਿਆ।

ਅਗਲੇ ਲੇਖ ਵਿਚ ਲੇਖਕ ਨੇ ਗੁਰਦੁਆਰਾ ਗੁਦਾਵਰੀ ਸਾਹਿਬ[2] ਦੀ ਇਤਿਹਾਸਕ ਮਹੱਤਤਾ ਬਾਰੇ ਬਿਆਨ ਕੀਤਾ ਹੈ। ਇਸ ਸਥਾਨ ’ਤੇ ਪਰਵਾਨਾ ਜੀ ਨੇ ਦੋ ਸਾਲ ਕੀਰਤਨ ਦੀ ਸੇਵਾ ਕੀਤੀ ਅਤੇ ਸੰਗਤਾਂ ਨੂੰ ਪ੍ਰੇਰਕੇ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਸੰਪੂਰਨ ਕਰਵਾਈ। ਇਥੇ ਰਹਿ ਕੇ ਹੀ ਆਪ ਦਿਨ ਰਾਤ ਪੰਥਕ ਸੇਵਾ ਵਿਚ ਜੁਟੇ ਰਹਿੰਦੇ।[3]

---

1 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਅਦੁੱਤੀ ਸੇਵਕ*, ਪੰਨਾ 4.

2 ਗੁਰਦੁਆਰਾ ਗੁਦਾਵਰੀ ਸਾਹਿਬ ਪਿੰਡ ਢਿਲਵਾਂ ਵਿਖੇ ਉਹ ਪਵਿਤਰ ਯਾਦਗਾਰ ਹੈ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਵਾਰ ਕੇ ਸੁਰਖ਼ਰੂ ਹੋ ਕੇ ਇਹ ਮਹਾਂਵਾਕ ਉਚਾਰਨ ਕੀਤਾ ਸੀ ‘ਨੀਲ ਬਸਤਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥’ ਇਥੇ ਹੀ ਦਸਮ ਪਿਤਾ ਨੇ ਸੋਢੀ ਕੌਲ ਜੀ ਦਾ ਸਰਾਧਾਂ ਤੋਂ ਖੰਡਨ ਕਰ ਕੇ ਵੈਦਿਕ ਦ੍ਰਮ ਤੋਂ ਲੜ ਛਡਾਇਆ ਅਤੇ ਗੁਰਮਤਿ ਮਾਰਗ ਦਾ ਰਸਤਾ ਦਸਿਆ (ਉਹੀ, *ਅਦੁੱਤੀ ਸੇਵਕ*, ਪੰਨਾ 9).

3 ਉਹੀ, ਪੰਨਾ 7.

ਕਰਤਾ ਨੇ ਦਿਆਲ ਸਿੰਘ ਪਰਵਾਨਾ ਨੂੰ ਜਥੇਦਾਰ ਬਣਾਉਣ ਅਤੇ ਉਨ੍ਹਾਂ ਦੁਆਰਾ ਕੀਤੇ ਗੁਰਮਤਿ ਪ੍ਰਚਾਰ ਦਾ ਜ਼ਿਕਰ ਕੀਤਾ ਹੈ। ਪਰਵਾਨਾ ਜੀ ਨੂੰ 18 ਫੱਗਣ ਸੰਮਤ 2003 ਨੂੰ ਸਰਬ ਸੰਮਤੀ ਨਾਲ ਰਿਆਸਤ ਫਰੀਦਕੋਟ ਦਾ ਜਥੇਦਾਰ ਨਿਯਤ ਕੀਤਾ ਗਿਆ। ਪਰਵਾਨਾ ਜੀ ਨੇ ਗੁਰਮਤਿ ਪ੍ਰਚਾਰ ਕਰਕੇ ਸਿੱਖਾਂ ਨੂੰ ਅੰਮ੍ਰਿਤਪਾਨ ਕਰਨ ਲਈ ਪ੍ਰੇਰਿਆ ਜਿਸਦੇ ਫਲਸਰੂਪ ਇਕ ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ।

ਗਿਆਨੀ ਜੀ ਨੇ ਗੁਰਦੁਆਰਾ ਸੁਰਗਾਪੁਰੀ[4] ਦਾ ਇਤਿਹਾਸ ਅਤੇ ਗੁਰਦੁਆਰੇ ਦੀ ਉਸਾਰੀ ਕਰਵਾਉਣ ਦਾ ਵਰਣਨ ਕੀਤਾ ਹੈ। ਲੇਖਕ ਅਨੁਸਾਰ ਜਥੇਦਾਰ ਦਿਆਲ ਸਿੰਘ ਪਰਵਾਨਾ ਨੇ ਗੁਰਦੁਆਰਾ ਸੁਰਗਾਪੁਰੀ ਵਿਖੇ ਕਈ ਸਾਲ ਸੇਵਾ ਕੀਤੀ। ਜਦੋਂ 3 ਜੂਨ 1947 ਨੂੰ ਪਾਕਿਸਤਾਨ ਦੇ ਕਾਇਮ ਹੋ ਜਾਣ ਦਾ ਐਲਾਨ ਹੋ ਗਿਆ ਹਜ਼ਾਰਾਂ ਹਿੰਦੂ ਸਿੱਖ ਰੋਜ਼ਾਨਾ ਜੁਲਮੀ ਤਲਵਾਰ ਤੋਂ ਤੰਗ ਆ ਕੇ ਹਿੰਦੁਸਤਾਨ ਵਲ ਆਉਣ ਲੱਗੇ, ਅਜਿਹੇ ਨਾਜ਼ੁਕ ਸਮੇਂ ਵਿਚ ਪਰਵਾਨਾ ਜੀ ਨੇ ਗੁਰਦੁਆਰਾ ਸੁਰਗਾਪੁਰੀ ਵਿਚ ਲੰਗਰ ਲਗਾਇਆ ਅਤੇ ਰਹਾਇਸ਼ ਵਾਸਤੇ ਬਹੁਤ ਸਾਰੇ ਮਕਾਨਾਂ ਦਾ ਪ੍ਰਬੰਧ ਕੀਤਾ। ਕਈ ਹਜ਼ਾਰ ਵਿਅਕਤੀਆਂ ਦਾ ਲੰਗਰ ਰੋਜ਼ਾਨਾ ਤਿਆਰ ਹੁੰਦਾ ਅਤੇ ਬਿਨਾਂ ਪਖਪਾਤ ਦੇ ਹਿੰਦੂ ਮੁਸਲਮਾਨ ਅਤੇ ਸਿੱਖ ਇਥੋਂ ਪਰਸ਼ਾਦਾ ਛਕਦੇ। ਇਸ ਸਮੇਂ ਜਥੇਦਾਰ ਦਿਆਲ ਸਿੰਘ ਪਰਵਾਨਾ ਨੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਹੋਣ ਦਾ ਸਬੂਤ ਦਿਤਾ।[5]

ਕਰਤਾ ਨੇ ਜਥੇਦਾਰ ਦਿਆਲ ਸਿੰਘ ਪਰਵਾਨਾ ਜੀ ਦੁਆਰਾ ਸਿੱਖ ਰਿਆਸਤਾਂ ਦੀ ਯੂਨੀਅਨ ਬਣਾਉਣ ਦੇ ਸੰਬੰਧ ਵਿਚ ਕੀਤੀ ਜੇਲ੍ਹ ਯਾਤਰਾ ਬਾਰੇ ਵੀ ਜਾਣਕਾਰੀ ਦਿਤੀ ਹੈ। ਪਰਵਾਨਾ ਜੀ 14 ਜੂਨ 1950 ਈ. ਨੂੰ ਫਰੀਦਕੋਟ ਜੇਲ੍ਹ ਵਿਚ ਗਏ ਅਤੇ ਤਿੰਨ ਮਹੀਨੇ ਜੇਲ੍ਹ ਵਿਚ ਰਹੇ।

ਅਗਲੇ ਲੇਖ ਵਿਚ ਲੇਖਕ ਨੇ ਪਰਵਾਨਾ ਜੀ ਦੇ 'ਸ਼੍ਰੋਮਣੀ ਕਵੀ ਪ੍ਰਚਾਰਕ ਸਭਾ' ਦੇ ਪ੍ਰਧਾਨ ਦੇ ਰੂਪ ਵਿਚ ਕੀਤੇ ਗਏ ਕਾਰਜਾਂ ਦਾ ਵੇਰਵਾ ਦਿਤਾ ਹੈ। ਸ਼੍ਰੋਮਣੀ ਕਵੀ ਪ੍ਰਚਾਰਕ ਸਭਾ ਦੀ ਛਤਰ ਛਾਇਆ ਹੇਠ ਆਪ ਨੇ ਲਗਭਗ ਇਕ ਦਰਜਨ ਕਾਨਫਰੰਸਾਂ ਕੀਤੀਆਂ ਜਿਨ੍ਹਾਂ ਵਿਚੋਂ ਪੰਜ ਗਰਾਈ ਕਲਾਂ, ਫਤਿਹਗੜ੍ਹ ਸਾਹਿਬ, ਮੁਕਤਸਰ ਸਾਹਿਬ ਅਤੇ ਜਗਰਾਂਓ ਦੀਆਂ ਕਾਨਫਰੰਸਾਂ ਪ੍ਰਸਿਧ ਹਨ।[6] ਪਰਵਾਨਾ ਜੀ ਦੇ ਦਿਲ ਵਿਚ ਪੰਜਾਬੀ

---

4 ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਚੌਧਰੀ ਕਪੂਰ ਸਿੰਘ ਨੇ ਆਪਣਾ ਕਿਲ੍ਹਾ ਦੇਣ ਤੋਂ ਨਾਂਹ ਕਰ ਦਿਤੀ ਸੀ ਤਾਂ ਦਸਮ ਗੁਰੂ ਜੀ ਇਸ ਥਾਂ ਤੇ ਆਣ ਬੈਠ ਗਏ ਸਨ, ਇਥੇ ਸਮੂਹ ਦੇਵਤਾ ਗਣ (ਵਿਸ਼ਨੂੰ, ਸ਼ਿਵ, ਬ੍ਰਹਮਾ, ਇੰਦਰ) ਅਤੇ ਰਿਖੀ ਜਨਾਂ ਨੇ ਪ੍ਰਗਟ ਹੋ ਕੇ ਬੇਨਤੀ ਕੀਤੀ ਕਿ ਹੇ ਸਚੇ ਪਾਤਸ਼ਾਹ ਅਸੀਂ ਆਪ ਜੀ ਦੀ ਸੇਵਾ 'ਚ ਹਾਜ਼ਰ ਹੋ ਕੇ ਜ਼ਾਲਮ ਯਵਨਾਂ ਦੀਆਂ ਜ਼ੁਲਮੀ ਫੌਜਾਂ ਨਾਲ ਟਾਕਰਾ ਕਰਨਾ  ਚਾਹੁੰਦੇ ਹਾਂ। ਸਾਡਾ ਉਦੇਸ਼ ਹੈ ਕਿ ਅਸੀਂ ਮਨੁੱਖੀ ਤਨ ਧਾਰਨ ਕਰਕੇ ਆਪ ਜੀ ਦੀ ਪਵਿਤਰ ਸਿੱਖੀ ਗ੍ਰਹਿਣ ਕਰੀਏ ਤਾਂ ਕਿ ਸਦਾ ਵਾਸਤੇ ਜਨਮ ਮਰਨ ਦੇ ਬੰਦਨ ਤੋਂ ਛੁਟਕਾਰਾ ਪਾ ਕੇ ਮੋਕਸ਼ ਪਦਵੀਂ ਪ੍ਰਾਪਤ ਕਰ ਸਕੀਏ। ਇਹ ਬੇਨਤੀ ਸੁਣ ਕੇ ਦਸਮ ਪਿਤਾ ਕਹਿਣ ਲਗੇ, ਹੇ ਦੇਵਤਾ ਜਨੋਂ ਅਜ ਤੋਂ ਤੁਸੀਂ ਸਾਡੇ ਗੁਰਸਿੱਖਾਂ ਦੇ ਜਨਮ ਧਾਰਨ ਕਰੋਗੇ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਸਚਖੰਡ ਵਿਖੇ ਪ੍ਰਾਪਤ ਹੋਵੋਗੇ, ਜਿਸ ਜਗ੍ਹਾ ਵਿਖੇ ਤੁਸੀਂ ਅਜ ਗੁਰੂ ਘਰ ਦੀ ਸੇਵਾ ਕਰਨ ਵਾਸਤੇ ਹਾਜ਼ਰ ਹੋਏ ਹੋ ਏਥੇ ਬੜਾ ਭਾਰੀ ਲੰਗਰ ਚਲੇਗਾ। ਇਸ ਜਗ੍ਹਾ ਦਾ ਨਾਂ ਤੁਹਾਡੇ ਨਾਂ ਉਤੇ 'ਸੁਰਗਾਪੁਰੀ' ਹੋਵੇਗਾ। (ਉਹੀ, *ਅਦੁੱਤੀ ਸੇਵਕ*, ਪੰਨੇ 17-19)

5 ਉਹੀ, ਪੰਨਾ 24.

6 ਉਹੀ ਪੰਨਾ, 32.

ਭਾਸ਼ਾ ਲਈ ਬਹੁਤ ਅਦਬ ਸੀ। ਉਨ੍ਹਾਂ ਨੇ ਪੰਜਾਬੀ ਭਾਸ਼ਾ ਵਿਚ ਕਈ ਪੁਸਤਕਾਂ, ਟਰੈਕਟ ਅਤੇ ਅਖਬਾਰ ਕੱਢੇ। ਉਹ *ਪਰਵਾਨਾ ਟਰੈਕਟ, ਸ਼ਹੀਦ ਪਰਵਾਨਾ, ਪੰਜਾਬੀ ਪਰਵਾਨਾ* ਆਦਿ ਪਤ੍ਰਿਕਾਵਾਂ ਦੇ ਸੰਪਾਦਕ ਰਹੇ।

ਕਰਤਾ ਨੇ ਪਰਵਾਨਾ ਜੀ ਦੁਆਰਾ ਕੀਤੇ ਗੁਰਮਤਿ ਪ੍ਰਚਾਰ ਦੀ ਵੀ ਜਾਣਕਾਰੀ ਦਿਤੀ ਹੈ। ਪਰਵਾਨਾ ਜੀ ਨੇ ਵਖ-ਵਖ ਇਲਾਕਿਆਂ ਵਿਚ ਜਾ ਕੇ ਗੁਰਮਤਿ ਪ੍ਰਚਾਰ ਕੀਤਾ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਅਤੇ ਪਰਵਾਨਾ ਜੀ ਨੇ ਗੁਰਮਤਿ ਪ੍ਰਚਾਰ ਨੂੰ ਮੁਖ ਰਖਦੇ ਹੋਏ 19 ਨਵੰਬਰ 1954 ਈ. ਨੂੰ 'ਸ਼੍ਰੋਮਣੀ ਗੁਰਮਤਿ ਪ੍ਰਚਾਰ ਸਭਾ ਕੋਠਾ ਗੁਰੂ' ਦੀ ਸਥਾਪਨਾ ਕੀਤੀ ਜਿਸ ਦਾ ਮੁਖ ਉਦੇਸ਼ ਗੁਰਮਤਿ ਦਾ ਪ੍ਰਚਾਰ ਕਰਨਾ ਸੀ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੂੰ 'ਸ਼੍ਰੋਮਣੀ ਗੁਰਮਤਿ ਪ੍ਰਚਾਰ ਸਭਾ ਕੋਠਾ ਗੁਰੂ' ਦਾ ਪ੍ਰਧਾਨ ਨਿਯਤ ਕੀਤਾ ਗਿਆ।

ਗਿਆਨੀ ਜੀ ਨੇ ਪਰਵਾਨਾ ਜੀ ਦੁਆਰਾ ਕੀਤੀ ਸਮਾਜਿਕ ਸੇਵਾ ਦਾ ਵੀ ਵਰਣਨ ਕੀਤਾ ਹੈ। 5 ਅਕਤੂਬਰ 1955 ਈ. ਨੂੰ ਭਾਰੀ ਬਾਰਸ਼ ਨਾਲ ਹੜ੍ਹ ਆ ਜਾਣ ਕਰਕੇ ਬਹੁਤ ਸਾਰੇ ਲੋਕ ਬੇਘਰ ਹੋ ਗਏ। ਪਰਵਾਨਾ ਜੀ ਨੇ ਪਿੰਡ-ਪਿੰਡ ਜਾ ਕੇ ਲੋਕਾਂ ਦੀ ਮਦਦ ਕੀਤੀ।

ਲੇਖਕ ਨੇ ਪਰਵਾਨਾ ਜੀ ਦੇ ਕਵੀ ਪੱਖ ਨੂੰ ਉਜਾਗਰ ਕੀਤਾ ਹੈ। ਪਰਵਾਨਾ ਜੀ ਦੁਆਰਾ ਰਚਿਤ ਕਵਿਤਾਵਾਂ ਸਿੱਖੀ ਪਿਆਰ, ਦੇਸ਼ ਪਿਆਰ ਤੇ ਹਾਸ ਰਸ ਭਰਪੂਰ ਹਨ। ਉਨ੍ਹਾਂ ਦਾ ਕਾਵਿ ਸੰਗ੍ਰਹਿ *ਹਸਦਾ ਬਾਦਸ਼ਾਹ* ਗਿਆਨੀ ਜੀ ਦੁਆਰਾ ਸੰਪਾਦਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪਰਵਾਨਾ ਜੀ ਦੁਆਰਾ *ਨਹਿਰੂ ਵਿਤਕਰਾ, ਸਿਆਸੀ ਝਲਕ, ਜਗਦੀਆਂ ਜੋਤਾਂ* ਆਦਿ ਟਰੈਕਟ ਵੀ ਪ੍ਰਕਾਸ਼ਿਤ ਕੀਤੇ ਗਏ। ਕਰਤਾ ਨੇ ਇਸ ਪੁਸਤਕ ਵਿਚ ਪਰਵਾਨਾ ਜੀ ਦੀਆਂ ਕੁਝ ਕਵਿਤਾਵਾਂ ਜਿਵੇਂ ਮੇਰਾ ਚੋਜੀ ਸਤਿਗੁਰ, ਹੱਡ ਬੀਤੀ, ਬਾਪੂ ਦੀਆਂ ਨਿਸ਼ਾਨੀਆਂ, ਬੀ. ਕਲਾਸ ਦੀ ਮੰਜੀ ਆਦਿ ਵੀ ਦਰਜ ਕੀਤੀਆਂ ਹਨ।

ਅਖ਼ੀਰ ਵਿਚ ਲੇਖਕ ਨੇ ਦਿਆਲ ਸਿੰਘ ਪਰਵਾਨਾ ਦੇ ਹਿਤਕਾਰੀ ਅਤੇ ਸ਼ੁਭਚਿੰਤਕਾਂ ਬਾਰੇ ਜਾਣਕਾਰੀ ਦਿਤੀ ਹੈ ਜਿਸ ਵਿਚ ਮਾਸਟਰ ਤਾਰਾ ਸਿੰਘ, ਪੰਡਿਤ ਕਰਤਾਰ ਸਿੰਘ ਦਾਖਾ, ਸ. ਗਿਆਨ ਸਿੰਘ ਰਾੜੇ ਵਾਲੇ, ਗਿਆਨੀ ਕਰਤਾਰ ਸਿੰਘ ਜੀ, ਗਿਆਨੀ ਜਾਗੀਰ ਸਿੰਘ ਰੋਡੇ, ਸ. ਅਮਰ ਸਿੰਘ ਦੁਸਾਂਝ, ਸ. ਭੁਪਿੰਦਰ ਸਿੰਘ ਮਾਨ, ਰਾਜਾ ਨਰਿੰਦਰ ਸਿੰਘ ਨਾਭਾ, ਗਿਆਨੀ ਚੰਨਣ ਸਿੰਘ ਮਸਤੂਆਣਾ, ਸੰਤ ਵਿਸਾਖਾ ਸਿੰਘ ਕਿਸ਼ਨਪੁਰਾ, ਸੰਤ ਨਿਰੰਜਨ ਸਿੰਘ ਜੀ ਮੋਹੀ, ਗਿਆਨੀ ਲਛਮਣ ਸਿੰਘ ਜੀ, ਸ. ਜਗਮੀਤ ਸਿੰਘ ਗੰਦਾਰਾ, ਸ. ਪ੍ਰੀਤਮ ਸਿੰਘ, ਸ. ਪ੍ਰੀਤਮ ਸਿੰਘ ਸਿੱਧੂ, ਮਾਸਟਰ ਬਲਬੀਰ ਸਿੰਘ, ਸ. ਗੁਰਮੀਤ ਸਿੰਘ, ਸ. ਜੋਗਾ ਸਿੰਘ ਦਲੇਰ, ਸ. ਸੁਚਾ ਸਿੰਘ ਰੋਡੇ, ਸ. ਦੁਲਾ ਸਿੰਘ ਰੋਡੇ, ਕਵੀਸ਼ਰ ਮੋਹਨ ਸਿੰਘ ਰੋਡੇ, ਗਿਆਨੀ ਚੰਨਣ ਸਿੰਘ ਤਲਵੰਡੀ ਮਲੀਆਂ, ਸੰਤ ਨਿਰੰਜਨ ਸਿੰਘ ਮਰਾੜ, ਭਾਈ ਫੁੰਮਣ ਸਿੰਘ, ਅਕਾਲੀ ਹਰਚੰਦ ਸਿੰਘ ਕੋਠਾ ਗੁਰੂ, ਬਾਬਾ ਅਰਜਨ ਸਿੰਘ ਸੋਢੀ, ਸ. ਗੁਰਦੇਵ ਸਿੰਘ ਭਾਗੂ, ਅਕਾਲੀ ਮਨਮੋਹਨ ਸਿੰਘ ਦਿੱਲੀ, ਸੰਤ ਚੰਨਣ ਸਿੰਘ ਅਤੇ ਸੰਤ ਫਤਿਹ ਸਿੰਘ ਦੇ ਨਾਂ ਸ਼ਾਮਲ ਹਨ।

ਸਮੁਚੇ ਰੂਪ ਵਿਚ ਇਹ ਪੁਸਤਕ ਜਥੇਦਾਰ ਦਿਆਲ ਸਿੰਘ ਪਰਵਾਨਾ ਦੇ ਜੀਵਨ, ਸ਼ਖ਼ਸੀਅਤ ਅਤੇ ਉਨ੍ਹਾਂ ਦੁਆਰਾ ਕੀਤੇ ਪਰਉਪਕਾਰੀ ਕਾਰਜਾਂ 'ਤੇ ਚਾਨਣਾ ਪਾਉਂਦੀ ਹੈ।

**2. *ਅਗਮ ਅਗਾਧ ਪੁਰਖ:*** ਇਹ ਪੁਸਤਕ ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ ਗੁਰੂ ਕਾਸ਼ੀ, ਤਲਵੰਡੀ ਸਾਬੋ (ਬਠਿੰਡਾ) ਦੁਆਰਾ ਪਹਿਲੀ ਵਾਰ 1983 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਸਦਾ ਦੂਸਰਾ ਸੰਸਕਰਣ 1994 ਈ. ਵਿਚ ਅਤੇ ਤੀਜਾ ਸੰਸਕਰਣ 2019 ਈ. ਵਿਚ ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ ਗੁਰੂ ਕਾਸ਼ੀ, ਤਲਵੰਡੀ ਸਾਬੋ (ਬਠਿੰਡਾ) ਦੁਆਰਾ ਪ੍ਰਕਾਸ਼ਿਤ ਕੀਤਾ ਗਿਆ। 563 ਪੰਨਿਆਂ (ਦੂਜੇ ਸੰਸਕਰਣ ਅਨੁਸਾਰ) ਦੀ ਇਸ ਪੁਸਤਕ ਵਿਚ ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਪਰਉਪਕਾਰੀ ਜੀਵਨ ਬਾਰੇ ਵਿਸਤਾਰ ਨਾਲ ਵਰਣਨ ਕੀਤਾ ਹੈ। ਇਸ ਪੁਸਤਕ ਨੂੰ ਸੰਤ ਅਤਰ ਸਿੰਘ ਜੀ ਦੀ ਉਮਰ ਦੇ ਅਧਾਰ 'ਤੇ ਚਾਲੀ ਭਾਗਾਂ ਵਿਚ ਵੰਡਿਆਂ ਹੈ। ਆਰੰਭ ਵਿਚ ਗਿਆਨੀ ਜੀ ਨੇ 64 ਪੰਨਿਆਂ ਦੀ ਭੂਮਿਕਾ ਦਰਜ ਕੀਤੀ ਹੈ। ਸੰਤ ਜੀ ਦੇ ਜਨਮ, ਵੰਸ਼, ਨਾਮਕਰਨ, ਬਚਪਨ, ਵਿਦਿਆ ਅਧਿਐਨ, ਫੌਜ ਵਿਚ ਭਰਤੀ, ਅੰਮ੍ਰਿਤਪਾਨ ਆਦਿ ਬਾਰੇ ਵਿਸਤਾਰ ਨਾਲ ਜ਼ਿਕਰ ਕਰਨ ਉਪਰੰਤ ਸਾਲ ਬਾਈਵੇ ਤੋਂ ਸਾਲ ਇਕਾਨਵੇਂ ਤੱਕ ਸਾਲਾਂ ਨੂੰ ਮੁਖ ਬਿੰਦੂ ਬਣਾ ਕੇ ਉਸਦੇ ਅੰਤਰਗਤ ਉਪ ਬਿੰਦੂਆਂ ਦੇ ਅਧੀਨ ਸੰਤ ਜੀ ਦੇ ਜੀਵਨ, ਸ਼ਖ਼ਸੀਅਤ ਅਤੇ ਸਿਧਾਂਤਾਂ ਨੂੰ ਬਿਆਨ ਕੀਤਾ ਹੈ।

ਪ੍ਰਾਕਥਨ ਵਿਚ ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਦੇ ਜਨਮ ਤੋਂ ਪਹਿਲਾਂ ਦੀਆਂ ਪ੍ਰਸਥਿਤੀਆਂ ਬਾਰੇ ਵਰਣਨ ਕੀਤਾ ਹੈ ਅਤੇ ਸੰਤ ਜੀ ਦੇ ਜੀਵਨ ਬਾਰੇ ਮੁਢਲੀ ਜਾਣਕਾਰੀ ਦਿਤੀ ਹੈ। ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਦੀ ਵੰਸ਼ ਅਤੇ ਜਨਮ ਬਾਰੇ ਬਿਆਨ ਕੀਤਾ ਹੈ। ਗਿਆਨੀ ਜੀ ਅਨੁਸਾਰ ਸੰਤ ਅਤਰ ਸਿੰਘ ਜੀ ਚੀਮਾ ਵੰਸ਼ ਵਿਚ ਪੈਦਾ ਹੋਏ। ਸੰਤ ਅਤਰ ਸਿੰਘ ਜੀ ਦਾ ਜਨਮ ਚੇਤ੍ਰੀ ਸੁਦੀ ਏਕਮ ਦਿਨ ਐਤਵਾਰ ਸੰਮਤ 1923 ਬਿ. (1866 ਈ.) ਨੂੰ ਪਿੰਡ ਚੀਮਾ ਵਿਖੇ ਹੋਇਆ।[7] ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਦੀ ਵੰਸਾਵਲੀ ਵੀ ਅੰਕਿਤ ਕੀਤੀ ਹੈ।

ਗਿਆਨੀ ਜੀ ਨੇ ਸੰਤ ਜੀ ਦੇ ਨਾਮਕਰਨ, ਬਾਲ ਅਵਸਥਾ ਅਤੇ ਵਿਦਿਆ ਅਧਿਐਨ ਬਾਰੇ ਵਿਸਤਾਰ ਨਾਲ ਜਾਣਕਾਰੀ ਅੰਕਿਤ ਕੀਤੀ ਹੈ। ਸੰਤ ਅਤਰ ਸਿੰਘ ਜੀ ਦੇ ਫੌਜ ਵਿਚ ਭਰਤੀ ਹੋਣ ਬਾਰੇ ਲਿਖਦੇ ਹਨ ਕਿ ਆਪ ਧਰਮਕੋਟ ਜਾ ਕੇ ਜੇਠ 1883 ਈ. ਵਿਚ ਸ. ਵਜ਼ੀਰ ਸਿੰਘ ਪਸ਼ੌਰ ਭਾਈ ਕੀ ਰਾਹੀਂ ਤੋਪਖਾਨੇ ਵਿਚ ਭਰਤੀ ਹੋ ਗਏ।[8] ਫੌਜ ਵਿਚ ਭਰਤੀ ਹੋ ਕੇ ਇਥੇ ਹੀ ਸੰਤ ਜੀ ਨੇ ਅੰਮ੍ਰਿਤਪਾਨ ਕੀਤਾ।

ਅਗੇ ਗਿਆਨੀ ਜੀ ਨੇ ਸੰਤ ਜੀ ਦਾ ਜੀਵਨ ਬਿਰਤਾਂਤ ਸਾਲਵਾਰ ਦਰਜ ਕੀਤਾ ਹੈ। ਸਾਲ ਬਾਈਵੇ ਵਿਚ ਕਰਤਾ ਨੇ ਸੰਤ ਅਤਰ ਸਿੰਘ ਜੀ ਨੂੰ ਪਿਤਾ ਦੀ ਮ੍ਰਿਤੂ ਦਾ ਸੁਨੇਹਾ ਮਿਲਣਾ, ਸੰਤ ਜੀ ਦੀ ਫੌਜ ਵਿਚ ਕੋਹਾਟ ਤੋਂ ਡੇਰਾ ਗਾਜ਼ੀ ਖਾਂ ਬਦਲੀ ਹੋਣਾ, ਭਾਈ ਜੋਧ ਸਿੰਘ ਗ੍ਰੰਥੀ ਨਾਲ ਨਾਮ ਬਾਣੀ ਬਾਰੇ ਵਿਚਾਰ ਦਾ ਜ਼ਿਕਰ ਕੀਤਾ ਹੈ।

---

7 ਉਹੀ, *ਅਗਮ ਅਗਾਧ ਪੁਰਖ,* ਪੰਨਾ 70.

8 ਉਹੀ, ਪੰਨਾ 75.

ਸਾਲ ਤੇਈਵੇ ਵਿਚ ਲੇਖਕ ਨੇ ਸੰਤ ਅਤਰ ਸਿੰਘ ਜੀ ਦੀ ਹਜ਼ੂਰ ਸਾਹਿਬ ਵਿਖੇ ਕਰੜੀ ਸਾਧਨਾ ਅਤੇ ਨਾਮ ਅਭਿਆਸ ਬਾਰੇ ਬਿਆਨ ਕੀਤਾ ਹੈ। ਗਿਆਨੀ ਜੀ ਲਿਖਦੇ ਹਨ ਕਿ ਸੰਤ ਅਤਰ ਸਿੰਘ ਜੀ ਦੀ ਗੁਰੂ ਘਰ ਪ੍ਰਤੀ ਸ਼ਰਧਾ ਵੇਖ ਕੇ ਭਾਈ ਨਾਨੂ ਸਿੰਘ ਪੂਜਾਰੀ ਆਪ ਜੀ ਨੂੰ ਆਪਣੇ ਬੁੰਗੇ ਵਿਚ ਲੈ ਆਇਆ। ਉਤਲੀ ਛੱਤ ਤੇ ਇਕ ਕੁਟੀਆ ਵਿਚ ਆਸਣ ਲਵਾ ਦਿਤਾ। ਇਸ ਬੁੰਗੇ ਵਿਚ ਸੰਤ ਜੀ ਇਕ ਸਾਲ ਸੱਤ ਮਹੀਨੇ ਰਹੇ। ਦਿਨ ਸਮੇਂ ਨਦੀ ਵਿਚੋਂ ਪੱਥਰ ਗੀਟੇ ਚੁੱਕ ਲਿਆਉਂਦੇ ਜੋ ਕੋਲ ਰਖ ਕੇ ਚਬੂਤਰੇ ਤੇ ਬੈਠ ਕੇ ਜਪੁ ਜੀ ਦਾ ਪਾਠ ਕਰਦੇ। ਇਕ ਪਾਠ ਦੀ ਸਮਾਪਤੀ 'ਤੇ ਇਕ ਗੀਟਾ ਨਦੀ ਵਿਚ ਸੁੱਟ ਦਿੰਦੇ। ਇਹ ਸਿਲਸਿਲਾ ਜਾਰੀ ਰਹਿੰਦਾ। ਗੋਦਾਵਰੀ ਕਿਨਾਰੇ ਛੋਟੀ ਗੁਫਾ ਵਿਚ ਸਾਰੀ ਰਾਤ ਗੁਰਮੰਤ੍ਰ, ਮੂਲ ਮੰਤ੍ਰ ਦਾ ਜਾਪ ਵੀ ਕਰਦੇ ਰਹਿੰਦੇ। ਗੁਰੂ ਘਰ ਵਿਚ ਝਾੜੂ ਫੇਰਨ ਅਤੇ ਜਲ ਲਿਆਉਣ ਦੀ ਸੇਵਾ ਕਰਦੇ।[9] ਸਾਲ ਚੌਵੀਵੇ ਵਿਚ ਕਰਤਾ ਨੇ ਸੰਤ ਜੀ ਦੁਆਰਾ ਹਜ਼ੂਰ ਸਾਹਿਬ ਵਿਖੇ ਕੀਤੇ ਸਵਾ ਲਖ ਜਪੁ ਜੀ ਸਾਹਿਬ ਦੇ ਪਾਠ ਕਰਨ ਅਤੇ ਪੰਜਾਬ ਨੂੰ ਰਵਾਨਾ ਹੋਣ ਦਾ ਜ਼ਿਕਰ ਕੀਤਾ ਹੈ।

ਅਗਲੇ ਦੋ ਸਾਲਾਂ ਵਿਚ ਲੇਖਕ ਨੇ ਸੰਤ ਅਤਰ ਸਿੰਘ ਜੀ ਦੁਆਰਾ ਸ੍ਰੀ ਹਜ਼ੂਰ ਸਾਹਿਬ ਤੋਂ ਚਲ ਕੇ ਵਖ-ਵਖ ਧਾਰਮਿਕ ਅਸਥਾਨਾਂ ਦੀ ਯਾਤਰਾ ਦਾ ਵਰਣਨ ਕੀਤਾ ਹੈ। ਸੰਤ ਜੀ ਹਰਿਦਵਾਰ, ਰਿਸ਼ੀਕੇਸ਼, ਪਾਉਂਟਾ ਸਾਹਿਬ, ਸਿਆਲਕੋਟ ਤੋਂ ਅੰਮ੍ਰਿਤਸਰ ਬਾਬਾ ਅਟੱਲ ਰਾਏ ਅਤੇ ਤਖ਼ਤ ਦਮਦਮਾ ਸਾਹਿਬ ਦੇ ਦਰਸ਼ਨ ਕਰਕੇ ਆਪਣੇ ਪਿੰਡ ਚੀਮੇ ਪਹੁੰਚੇ।

ਸਾਲ ਸਤਾਈਵਾਂ ਵਿਚ ਗਿਆਨੀ ਜੀ ਨੇ ਸੰਤ ਜੀ ਦੀ ਆਪਣੀ ਮਾਤਾ ਨਾਲ ਮਿਲਣੀ, ਮਾਤਾ ਨੂੰ ਜਪੁ ਜੀ ਸਾਹਿਬ ਦਾ ਪਾਠ ਕੰਠ ਕਰਾਉਣਾ ਅਤੇ ਫੌਜ ਵਿਚੋਂ ਆਪਣਾ ਨਾਮ ਕਟਵਾਉਣ ਦਾ ਵਿਸਤਾਰ ਨਾਲ ਵਰਣਨ ਕੀਤਾ ਹੈ। ਸਾਲ ਅਠਾਈਵਾਂ ਵਿਚ ਲੇਖਕ ਨੇ ਸੰਤ ਜੀ ਦਾ ਪੰਜਾ ਸਾਹਿਬ ਜਾਣ ਦਾ ਜ਼ਿਕਰ ਕੀਤਾ ਹੈ। ਇਥੇ ਸੰਤ ਜੀ ਭਾਈ ਗੁਰਮੁਖ ਸਿੰਘ ਦੇ ਘਰ ਨੌ ਮਹੀਨੇ ਰਹੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਕੀਤੇ। ਸਾਲ ਉਨਤੀਵਾਂ ਵਿਚ ਲੇਖਕ ਨੇ ਸੰਤ ਅਤਰ ਸਿੰਘ ਜੀ ਦੁਆਰਾ ਪਿੰਡ ਕਨੋਹੇ ਦੇ ਵਣ ਵਿਚ ਕੀਤੇ ਤਪ ਬਾਰੇ ਬਿਆਨ ਕੀਤਾ ਹੈ। ਇਸ ਪਿੰਡ ਵਿਚ ਇਕ ਗੁਰਮੁਖ ਪਰਿਵਾਰ ਭਾਈ ਵਜ਼ੀਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਭਾਗਭਰੀ ਰਹਿੰਦੇ ਸਨ। ਇਨ੍ਹਾਂ ਦੇ ਬੱਚੇ ਦੀ ਬੀਮਾਰੀ ਦੀ ਨਿਵਰਤੀ ਵਾਸਤੇ ਸੰਤ ਜੀ ਨੇ ਅਖੰਡ ਪਾਠ ਕੀਤਾ। ਕਨੋਹੇ ਵਿਚ ਸੰਤ ਜੀ ਨੇ ਪੰਜ ਦਿਨ ਲਗਾਤਾਰ ਸਿਮਰਨ ਕੀਤਾ।[10]

ਸਾਲ ਤੀਹਵੇ ਅਤੇ ਇਕੱਤੀਵੇ ਵਿਚ ਸੰਤ ਅਤਰ ਸਿੰਘ ਜੀ ਦੁਆਰਾ ਕਨੋਹੇ, ਹਰਿਦਵਾਰ, ਰਿਸ਼ੀਕੇਸ਼ ਵਿਚ ਕੀਤੇ ਗੁਰਮਤਿ ਪ੍ਰਚਾਰ ਦਾ ਜ਼ਿਕਰ ਕੀਤਾ ਹੈ। ਕਨੋਹੇ ਵਿਚ ਬਾਬਾ ਖੇਮ ਸਿੰਘ ਬੇਦੀ ਸੰਤ ਜੀ ਨੂੰ ਮਿਲਣ ਆਏ ਅਤੇ ਭਵਿੱਖਬਾਣੀ ਕੀਤੀ ਕਿ 'ਇਹ ਧਰਮ ਦੀ ਸਥਾਪਨਾ ਤੇ ਵਿਸ਼ਵ-ਕਲਿਆਣ ਵਾਸਤੇ ਪ੍ਰਗਟ

9 ਉਹੀ, ਪੰਨੇ 84-85.

10 ਉਹੀ, ਪੰਨਾ 107.

ਹੋਏ ਹਨ।'[11] ਇਥੇ ਹੀ ਸੰਤ ਅਤਰ ਸਿੰਘ ਦਾ ਮੇਲ ਪੰਡਿਤ ਨਿਹਾਲ ਸਿੰਘ ਥੋਹਾ ਖਾਲਸਾ (ਪਾਕਿਸਤਾਨ) ਵਾਲਿਆਂ ਨਾਲ ਹੋਇਆ। ਇਸੇ ਸਾਲ ਹਰਿਦਵਾਰ ਅਰਧ ਕੁੰਭੀ ਤੇ ਪਹੁੰਚੇ ਅਤੇ ਨਾਨਕ ਵਾੜੇ ਦੀਵਾਨ ਲਗਾਇਆ।

ਸਾਲ ਬੱਤੀਵੇ ਵਿਚ ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਦੇ ਹਰਿਦਵਾਰ, ਕਰਤਾਰਪੁਰ, ਅੰਮ੍ਰਿਤਸਰ, ਰਾਵਲਪਿੰਡੀ, ਥੋਹਾਖਾਲਸਾ, ਕਹੂਟੇ, ਪਿਸ਼ਾਵਰ ਆਦਿ ਥਾਵਾਂ 'ਤੇ ਜਾ ਕੇ ਕੀਤੇ ਗੁਰਮਤਿ ਪ੍ਰਚਾਰ ਬਾਰੇ ਦਸਿਆ ਹੈ। ਸੰਤ ਜੀ ਥਾਂ-ਥਾਂ ਜਾ ਕੇ ਦੀਵਾਨ ਲਗਾਉਂਦੇ ਅਤੇ ਸੰਗਤ ਨੂੰ ਅੰਮ੍ਰਿਤਪਾਨ ਕਰਵਾਉਂਦੇ।

ਸਾਲ ਤੇਤੀਵੇ ਵਿਚ ਸੰਤ ਜੀ ਚੱਕਵਾਲ, ਮੁਰਾਲੇ, ਤਰਨਤਾਰਨ ਆਦਿ ਸਥਾਨਾਂ 'ਤੇ ਗਏ। ਇਸ ਤੋਂ ਇਲਾਵਾ ਸੰਤ ਜੀ ਮੁਕਤਸਰ ਮਾਘੀ ਦੇ ਜੋੜ ਮੇਲੇ 'ਤੇ ਗਏ ਅਤੇ ਮਹੰਤ ਮਸਤਾਨ ਸਿੰਘ ਜੀ ਨਿਰਮਲੇ ਦੇ ਆਸ਼ਰਮ ਵਿਚ ਠਹਿਰੇ। ਇਥੇ ਕਥਾ ਕੀਰਤਨ ਦੁਆਰਾ ਸੰਗਤ ਦਾ ਮਾਰਗ ਦਰਸ਼ਨ ਕੀਤਾ।

ਸਾਲ ਚੌਤੀਵੇ ਵਿਚ ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਦਾ ਸ੍ਰੀ ਦਮਦਮਾ ਸਾਹਿਬ ਜਾਣ ਦਾ ਜ਼ਿਕਰ ਕੀਤਾ ਹੈ। ਇਥੇ ਸੰਤ ਜੀ ਸੰਤ ਚੰਦਾ ਸਿੰਘ ਕੋਲ 'ਕਟੂ ਵਾਲੇ ਬੁੰਗੇ' ਵਿਚ ਠਹਿਰੇ। ਸ੍ਰੀ ਦਮਦਮਾ ਸਾਹਿਬ ਤੋਂ ਆਪਣੇ ਜਨਮ ਨਗਰ ਪਿੰਡ ਚੀਮੇ ਪਹੁੰਚੇ ਅਤੇ ਨਿਰਮਲੇ ਸੰਤਾਂ ਦੇ ਡੇਰੇ ਵਿਚ ਠਹਿਰੇ। ਇਥੋਂ ਨੌਵੇਂ ਪਾਤਸ਼ਾਹ ਦੇ ਗੁਰਦੁਆਰੇ 'ਟਾਹਲਾ ਸਾਹਿਬ' ਪਿੰਡ ਕੱਟੂ ਪਹੁੰਚੇ ਅਤੇ ਕੀਰਤਨ ਰਾਹੀਂ ਸੰਗਤਾਂ ਨੂੰ ਨਾਮ-ਬਾਣੀ ਨਾਲ ਜੋੜਿਆ।

ਸਾਲ ਪੈਂਤੀਵੇ ਵਿਚ ਗਿਆਨੀ ਜੀ ਨੇ ਸੰਤ ਜੀ ਦਾ ਹਜ਼ੂਰ ਸਾਹਿਬ, ਤਰਨ ਤਾਰਨ, ਦੇਹਰਾ ਖਾਲਸਾ, ਹਰੀਪੁਰ, ਪੰਜਾ ਸਾਹਿਬ, ਰਾਵਲਪਿੰਡੀ, ਸ੍ਰੀ ਨਨਕਾਣਾ ਸਾਹਿਬ, ਸ਼ਾਹਦਰੇ, ਫਤਹਿਗੜ੍ਹ ਸਾਹਿਬ, ਸ੍ਰੀ ਮੁਕਤਸਰ ਸਾਹਿਬ, ਬਠਿੰਡੇ, ਕਨੇਹੇ, ਕਾਂਝਲੇ ਹੁੰਦੇ ਹੋਏ ਮਸਤੂਆਣੇ ਆਉਣ ਦਾ ਜ਼ਿਕਰ ਕੀਤਾ ਹੈ। ਮਸਤੂਆਣੇ ਆ ਕੇ ਸੰਤ ਜੀ ਨੇ ਇਥੇ ਪੱਕੀ ਰਿਹਾਇਸ਼ ਕੀਤੀ ਅਤੇ ਗੁਰਦੁਆਰੇ ਦੀ ਸਥਾਪਨਾ ਕਰਨ ਦਾ ਵਿਚਾਰ ਬਣਾਇਆ। ਇਸ ਸਾਲ ਵਿਚ ਸੰਤ ਜੀ ਵਖ-ਵਖ ਥਾਵਾਂ 'ਤੇ ਜਾ ਕੇ ਸੰਗਤਾਂ ਨੂੰ ਗੁਰਮਤਿ ਉਪਦੇਸ਼ ਦਿੰਦੇ ਰਹੇ। ਗਿਆਨੀ ਜੀ ਨੇ ਸੰਤ ਜੀ ਦੁਆਰਾ ਰਵਾਤ ਸ਼ਹਿਰ ਵਿਚ ਕਥਾ ਕੀਰਤਨ ਕਰਦੇ ਸਮੇਂ ਦਸੀ ਨੌ ਤਰ੍ਹਾਂ ਦੀ ਭਗਤੀ ਬਾਰੇ ਬਿਆਨ ਕੀਤਾ ਹੈ। ਸੰਤ ਜੀ ਨੇ ਇਥੇ ਸ੍ਰਵਨ, ਕੀਰਤਨ, ਸਿਮਰਨ, ਪਾਦ ਸੇਵਨ, ਅਰਚਨ, ਵੰਦਨ, ਦਾਸ ਭਾਵ, ਮਿਤਰਤਾ, ਆਤਮ ਨਿਵੇਦਨ ਨੌਂ ਤਰ੍ਹਾਂ ਦੀ ਭਗਤੀ ਦੀ ਵਿਆਖਿਆ ਕੀਤੀ।[12]

ਸਾਲ ਛੱਤੀਵੇਂ ਵਿਚ ਸੰਤ ਜੀ ਦੁਆਰਾ ਮਸਤੂਆਣੇ ਵਿਖੇ ਆਰੰਭ ਕੀਤੀ ਸੇਵਾ ਦਾ ਜ਼ਿਕਰ ਕੀਤਾ ਹੈ। ਸੰਤ ਜੀ ਨੇ ਮਸਤੂਆਣੇ ਸਥਾਨ ਨੂੰ ਪ੍ਰਗਟ ਕਰਕੇ ਸਰਗਰਮੀ ਨਾਲ ਸੇਵਾ ਸ਼ੁਰੂ ਕੀਤੀ। ਦੂਰ ਨੇੜਿਓ ਸੰਗਤ ਨੇ ਆ ਕੇ ਸੇਵਾ ਵਿਚ ਹਿੱਸਾ ਪਾਇਆ। ਮਸਤੂਆਣੇ ਦੀ ਥਾਂ ਪਿੰਡ ਬਡਰੁੱਖਾਂ ਦੀ ਸੰਗਤ ਵਲੋਂ ਦਾਨ ਕੀਤੀ ਗਈ।

ਸਾਲ ਸੈਂਤੀਵੇ ਵਿਚ ਸੰਤ ਜੀ ਦੁਆਰਾ ਮਸਤੂਆਣੇ ਵਿਖੇ ਹਰਿਮੰਦਰ ਜੀ ਦੀ ਨੀਂਹ ਰਖਣ ਦਾ ਜ਼ਿਕਰ ਕੀਤਾ ਹੈ। ਇਸੇ ਸਾਲ ਵਿਚ ਸੰਤ ਜੀ ਦਾ ਸੰਗਰੂਰ, ਕੋਹਾਟ, ਹੰਘੂ, ਸਾਰਾਗੜ੍ਹੀ, ਬੰਨੂ, ਡੇਰਾ ਇਸਮਾਇਲ ਖਾਂ, ਮੁਲਤਾਨ, ਨੁਸ਼ਹਿਰਾ, ਪਿਸ਼ਾਵਰ, ਰਾਵਲਪਿੰਡੀ, ਅੰਮ੍ਰਿਤਸਰ ਆਦਿ ਥਾਵਾਂ 'ਤੇ ਗੁਰਮਤਿ

11 ਉਹੀ, ਪੰਨਾ 112.

12 ਉਹੀ, ਪੰਨਾ 148.

ਪ੍ਰਚਾਰ ਕਰਨ ਗਏ। ਇਸ ਤੋਂ ਬਾਅਦ ਬਾਬੂ ਤੇਜਾ ਸਿੰਘ ਪੰਚ ਖੰਡ ਵਾਲਿਆਂ ਦੀ ਬੇਨਤੀ ਪ੍ਰਵਾਨ ਕਰਕੇ ਭਸੌੜ ਪਹੁੰਚੇ ਅਤੇ ਪੰਜ ਦਿਨ ਸੰਗਤਾਂ ਨੂੰ ਗੁਰਬਾਣੀ ਦਾ ਉਪਦੇਸ਼ ਦਿਤਾ।

ਸਾਲ ਅੱਠਤੀਵੇਂ ਵਿਚ ਖਟ-ਦਰਸ਼ਨ ਸਾਧੂ ਸਮਾਜ ਦਾ ਸੰਤ ਜੀ ਦੇ ਦਰਸ਼ਨ ਕਰਨ ਆਉਣ ਦਾ ਜ਼ਿਕਰ ਕੀਤਾ ਹੈ। ਸੰਤ ਜੀ ਨੇ ਮਸਤੂਆਣੇ ਸਥਾਪਿਤ ਹਰਿਮੰਦਰ ਦਾ ਨਾਮਕਰਣ 'ਗੁਰੁਸਾਗਰੁ ਸਾਹਿਬ' ਕੀਤਾ। ਸਾਲ ਉਨਤਾਲੀਵੇ ਵਿਚ ਸੰਤ ਜੀ ਦੇ ਤਰਨ ਤਾਰਨ, ਨੌਰੰਗਾਬਾਦ, ਖਡੂਰ ਸਾਹਿਬ, ਨਾਗੋ ਕੇ, ਖਵਾਸਪੁਰ, ਫਤਿਹਬਾਦ, ਚੋਹਲਾ ਸਾਹਿਬ, ਸਰਹਾਲੀ, ਠਠਾ, ਗੋਇੰਦਵਾਲ, ਥੇਹ ਸਾਹਿਬ, ਪੋਠੋਹਾਰ ਆਦਿ ਅਨੇਕਾਂ ਪਿੰਡਾਂ ਵਿਚ ਪ੍ਰਚਾਰ ਕਰਨ ਬਾਰੇ ਬਿਆਨ ਕੀਤਾ ਹੈ।

ਸਾਲ ਚਾਲੀਵੇਂ ਵਿਚ ਸੰਤ ਜੀ ਦੁਆਰਾ ਗੁਰੁਸਾਗਰੁ ਮਸਤੂਆਣੇ ਵਿਖੇ ਕਰਵਾਈ ਜਾ ਰਹੀ ਸੇਵਾ ਬਾਰੇ ਦਸਿਆ ਹੈ। ਇਸੇ ਸਾਲ ਸੰਤ ਅਤਰ ਸਿੰਘ ਜੀ ਮਹਾਰਾਜਾ ਪਟਿਆਲਾ ਦੀ ਬੇਨਤੀ ਪਰਵਾਨ ਕਰਕੇ ਉਸਦੇ ਮਹਿਲਾ ਵਿਚ ਗਏ। ਸੰਤ ਜੀ ਨੇ ਗੁਰੁਸਾਗਰੁ ਮਸਤੂਆਣਾ ਵਿਖੇ ਨਿਮਾਣੀ ਇਕਾਦਸ਼ੀ ਦੇ ਤਿਉਹਾਰ ਮਨਾਉਣ ਦੀ ਸ਼ੁਰੂਆਤ ਕੀਤੀ। ਨਿਮਾਣੀ ਇਕਾਦਸ਼ੀ ਨੂੰ ਸੰਗਤ ਦਾ ਬੜਾ ਭਾਰੀ ਇਕਠ ਹੋਇਆ। ਸੰਤ ਜੀ ਵਲੋਂ ਸੰਗਤ ਨੂੰ ਸਦ-ਉਪਦੇਸ਼ ਦਿਤਾ ਗਿਆ। ਇਸ ਸਮੇਂ ਹਜ਼ਾਰਾਂ ਪ੍ਰਣੀਆਂ ਨੇ ਅੰਮ੍ਰਿਤਪਾਨ ਕੀਤਾ।[13]

ਸਾਲ ਇਕਤਾਲੀਵੇਂ ਵਿਚ ਸੰਤ ਅਤਰ ਸਿੰਘ ਜੀ ਦੁਆਰਾ ਅਮਰਗੜ੍ਹ, ਰਾਜਪੁਰਾ, ਫਤਿਹਗੜ੍ਹ ਸਾਹਿਬ, ਬਸੀ, ਖਮਾਣੋ, ਮੌਸਪੁਰ, ਮਠਹਿੜੇ, ਧਰਮਪੁਰਾ, ਅਨੰਦਗੜ੍ਹ, ਪਟਿਆਲਾ ਆਦਿ ਥਾਵਾਂ ਤੇ ਜਾ ਕੇ ਗੁਰਮਤਿ ਪ੍ਰਚਾਰ ਕਰਨ ਦਾ ਜ਼ਿਕਰ ਆਇਆ ਹੈ। ਗਿਆਨੀ ਜੀ ਨੇ ਦਸਿਆ ਹੈ ਕਿ ਸੰਤ ਜੀ ਮਹਾਰਾਜ ਜਿਥੇ ਰਾਜੇ ਮਹਾਰਾਜਿਆਂ ਦੇ ਘਰ ਜਾਂਦੇ ਸਨ ਉਥੇ ਗਰੀਬਾਂ ਦੇ ਘਰ ਜਾ ਕੇ ਉਨ੍ਹਾਂ ਨੂੰ ਨਿਵਾਜਦੇ। ਲੇਖਕ ਨੇ ਅਜਿਹੀਆਂ ਕਈ ਸਾਖੀਆਂ ਬਿਆਨ ਕੀਤੀਆਂ ਹਨ।

ਸਾਲ ਬਿਆਲੀਵੇਂ ਵਿਚ ਕਰਤਾ ਨੇ ਦਸਿਆ ਹੈ ਕਿ ਸੰਤ ਅਤਰ ਸਿੰਘ ਜੀ ਸੰਗਤ ਨੂੰ ਔਰਤ ਦਾ ਸਨਮਾਨ ਕਰਨ ਦਾ ਉਪਦੇਸ਼ ਦਿੰਦੇ। ਪਿੰਡ ਚੰਨਵਾਲ ਵਿਖੇ ਸੰਤ ਜੀ ਮਹਾਰਾਜ ਨੇ ਦੋ ਦਿਨ ਕਥਾ ਕੀਰਤਨ ਕੀਤਾ। ਇਥੇ ਇਲਾਕਾ ਨਿਵਾਸੀਆਂ ਨੂੰ ਇਹ ਉਪਦੇਸ਼ ਦ੍ਰਿੜ੍ਹ ਕਰਵਾਇਆ ਕਿ ਕਿਸੇ ਨੇ ਵੀ ਪੁਤਰੀ ਦਾ ਪੈਸਾ ਨਹੀਂ ਲੈਣਾ। ਨਿਜ ਪੁਤਰੀ ਨੂੰ ਵੇਚਣਾ ਨਿਸ਼ੇਧ ਹੈ, ਨੀਚ ਕਰਮ ਹੈ। ਇਸ ਨੀਚ ਕਰਮ ਦਾ ਕ੍ਰਿਆਤਮਕ ਰੂਪ ਵਿਚ ਪਰਤਿਆਗ ਕਰੋ। ਧੀਆਂ ਨੂੰ ਸਤਿਕਾਰ ਦਿਉ ਅਤੇ ਵਿਦਿਆ ਪੜ੍ਹਾਉ।[14]

ਸਾਲ ਤਰਤਾਲੀਵੇਂ ਵਿਚ ਗਿਆਨੀ ਜੀ ਨੇ ਸੰਗਤਾਂ ਦੁਆਰਾ ਮਸਤੂਆਣੇ ਤਾਲ ਦੀ ਕੀਤੀ ਸੇਵਾ ਬਾਰੇ ਬਿਆਨ ਕੀਤਾ ਹੈ। ਇਸ ਸੇਵਾ ਵਿਚ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਅਤੇ ਮਹਾਰਾਜਾ ਰਣਬੀਰ ਸਿੰਘ ਜੀਂਦਪਤੀ ਨੇ ਵੀ ਯੋਗਦਾਨ ਪਾਇਆ। ਇਸ ਸਾਲ ਨਿਮਾਣੀ ਇਕਾਦਸ਼ੀ ਦਾ ਜੋੜ-ਮੇਲਾ ਅਤੇ ਮਾਘੀ ਦਾ

13 ਉਹੀ, ਪੰਨਾ 198.

14 ਉਹੀ, ਪੰਨਾ 216.

ਸਮਾਗਮ ਧੂਮ-ਧਾਮ ਨਾਲ ਮਨਾਇਆ ਗਿਆ। ਸੰਤ ਜੀ ਮਹਾਰਾਜ ਲਾਇਲਪੁਰ, ਮੁਜਫਰਾਬਾਦ, ਰਾਵਲਪਿੰਡੀ, ਲਾਹੌਰ, ਫਰੀਦਕੋਟ ਗੁਰਮਤਿ ਪ੍ਰਚਾਰ ਲਈ ਗਏ।

ਕਰਤਾ ਨੇ ਦਸਿਆ ਹੈ ਕਿ ਸੰਤ ਅਤਰ ਸਿੰਘ ਜੀ ਚੀਫ ਖਾਲਸਾ ਦੀਵਾਨ ਦੁਆਰਾ ਕਰਵਾਈ ਗਈ ਦੂਸਰੀ ਵਿਦਿਅਕ ਕਾਨਫਰੰਸ ਵਿਚ ਸ਼ਿਰਕਤ ਕਰਨ ਲਈ ਲਾਹੌਰ ਗਏ। ਕਾਨਫਰੰਸ ਦੀ ਸਮਾਪਤੀ ਤੋਂ ਬਾਅਦ ਸੰਤ ਜੀ ਨੇ ਰਾਵਲਪਿੰਡੀ, ਕੋਹਮਰੀ, ਸੰਗਰੂਰ, ਧੂਰਕੋਟ, ਮਹੇਰਨਾਂ ਅਤੇ ਛਪਾਰ ਆਦਿ ਥਾਵਾਂ ’ਤੇ ਜਾ ਕੇ ਗੁਰਮਤਿ ਪ੍ਰਚਾਰ ਕੀਤਾ।

ਸਾਲ ਪੰਤਾਲੀਵੇਂ ਵਿਚ ਲੇਖਕ ਨੇ ਸੰਤ ਜੀ ਦੁਆਰਾ ਸੁਨਾਮ, ਚੱਠੇ, ਭਾਊਆਣਾ, ਚੀਮਾ, ਮੌੜ ਆਦਿ ਪਿੰਡਾਂ ਵਿਚ ਕੀਤੇ ਗੁਰਮਤਿ ਪ੍ਰਚਾਰ ਦਾ ਜ਼ਿਕਰ ਕੀਤਾ ਹੈ। ਇਸ ਤੋਂ ਉਪਰੰਤ ਸੰਤ ਜੀ ਸ੍ਰੀ ਦਮਦਮਾ ਸਾਹਿਬ ਪਹੁੰਚੇ ਅਤੇ ਇਥੇ ਗੁਰੂ ਕਾਸ਼ੀ ਦਾ ਮਹਾਤਮ, ਤਖ਼ਤ ਦਮਦਮਾ ਸਾਹਿਬ ਦੀ ਉਪਮਾ ਅਤੇ ਗੁਰੂਸਰ ਸਰੋਵਰ ਦੀ ਮਹਿਮਾ ਬਾਰੇ ਸੰਗਤਾਂ ਨੂੰ ਦਸਿਆ। ਇਸੇ ਸਾਲ ਗੁਰੂਸਰ ਸਰੋਵਰ ਨੂੰ ਪੱਕਾ ਕਰਵਾਉਣ ਦੀ ਸੇਵਾ ਆਰੰਭ ਕੀਤੀ ਗਈ। ਸੰਤ ਜੀ ਸੰਗਤ ਨੂੰ ਵਹਿਮਾਂ-ਭਰਮਾਂ ਵਿਚ ਨਹੀਂ ਪਾਉਂਦੇ ਸਨ ਸਗੋਂ ਗੁਰਬਾਣੀ ਦੁਆਰਾ ਸਾਰੇ ਸ਼ੰਕੇ ਨਿਵਰਤ ਕਰਦੇ ਸਨ।

ਸਾਲ ਛਿਆਲੀਵੇ ਵਿਚ ਸੰਤ ਅਤਰ ਸਿੰਘ ਜੀ ਦਾ ਚੌਥੀ ਵਿਦਿਅਕ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਰਾਵਲਪਿੰਡੀ ਪਹੁੰਚਣ ਦਾ ਜ਼ਿਕਰ ਕੀਤਾ ਹੈ। ਇਹ ਵਿਦਿਅਕ ਕਾਨਫਰੰਸ 14-15-16 ਅਪ੍ਰੈਲ 1911 ਈ. ਨੂੰ ਸੁੰਦਰ ਸਿੰਘ ਮਜੀਠੀਆ ਦੀ ਪ੍ਰਧਾਨਗੀ ਹੇਠ ਰਾਵਲਪਿੰਡੀ ਵਿਖੇ ਕਰਵਾਈ ਗਈ। ਇਥੇ ਸੰਤ ਜੀ ਨੇ ਸ਼ਬਦ ਕੀਰਤਨ ਕੀਤਾ। ਰਾਵਲਪਿੰਡੀ ਤੋਂ ਸੰਤ ਜੀ ਗੁਰੁਸਾਗਰੁ ਮਸਤੂਆਣੇ ਪਹੁੰਚੇ। ਇਸੇ ਸਾਲ ਸੰਤ ਜੀ ਦਾ ਜਾਰਜ ਪੰਚਮ ਦੇ ਤਾਜਪੋਸ਼ੀ ਸਮਾਰੋਹ ਵਿਚ ਸ਼ਾਮਲ ਹੋਣ ਬਾਰੇ ਵੀ ਬਿਆਨ ਕੀਤਾ ਹੈ।

ਸਾਲ ਸੰਤਾਲੀਵੇਂ ਵਿਚ ਲੇਖਕ ਨੇ ਸੰਤ ਜੀ ਦੇ ਮਾਨਸਾ, ਜਵਾਹਿਰ ਕੇ, ਅਤਲੇ ਬੋੜਵਾਲ, ਭੀਖੀ, ਹਾਂਸ, ਹਾਂਸੀ, ਲਹਿਲ, ਬਾਲੇਵਲ, ਰਾਮਪੁਰ, ਖਟੜੇ, ਘੁੜਾਣੀ, ਰਾੜੇ, ਸਿਆੜ, ਸੇਖੋ, ਮਲੌਦ, ਦੋਦੇ, ਧਲੇਰ, ਝੁਨੇਰ, ਫਰਵਾਲੀ, ਅਹਿਮਦਗੜ੍ਹ, ਜਲੰਧਰ, ਹੁਸ਼ਿਆਰਪੁਰ, ਕਾਠਗੜ੍ਹ, ਅੰਮ੍ਰਿਤਸਰ, ਲੁਧਿਆਣੇ, ਜਵੱਦੀ, ਛਪਾਰ, ਮਹੇਰਨੇ, ਧਮੋਟ, ਨਸਰਾਲੀ, ਈਸੜੂ, ਖੰਨੇ, ਰਾਜਪੁਰਾ ਆਦਿ ਸਥਾਨਾਂ ’ਤੇ ਜਾ ਕੇ ਗੁਰਮਤਿ ਪ੍ਰਚਾਰ ਕਰਨ ਦਾ ਜ਼ਿਕਰ ਕੀਤਾ ਹੈ।

ਸਾਲ ਅਠਤਾਲੀਵੇਂ ਵਿਚ ਸੰਤ ਜੀ ਦਾ ਛੇਵੀਂ ਸਿੱਖ ਵਿਦਿਅਕ ਕਾਨਫਰੰਸ ਵਿਚ ਸ਼ਾਮਲ ਹੋਣ ਬਾਰੇ ਦਸਿਆ ਹੈ। ਕਾਨਫਰੰਸ ਦੇ ਪਹਿਲੇ ਦਿਨ ਸੰਤ ਜੀ ਨੇ ਧਾਰਮਿਕ ਦੀਵਾਨ ਵਿਚ ਕੀਰਤਨ ਕੀਤਾ। ਕਾਨਫਰੰਸ ਦੇ ਦੂਜੇ ਦਿਨ ਸੰਤ ਜੀ ਨੇ ਗੁਰਮੰਤ੍ਰ ਦਾ ਅਭਿਆਸ ਕਰਵਾਇਆ। ਕਾਨਫਰੰਸ ਤੋਂ ਬਾਅਦ ਸੰਤ ਜੀ ਕਿਸ਼ਨਪੁਰੇ, ਨਸਰਾਲਾਂ, ਡੀਂਗਰੀਆਂ, ਪੰਡੋਰੀ ਨਿਝਰਾਂ, ਆਦਮਪੁਰਾ, ਕਾਂਝਲੇ, ਹਰੀਗੜ੍ਹ, ਬਰਨਾਲੇ, ਰਾਜਪੁਰੇ, ਜੰਗਪੁਰੇ, ਨਰੈਣੇ, ਸਰਾਏ ਵਣਜਾਰਾ, ਰੰਧਾਵੇ, ਕੋਟਲੀ, ਕਿਸ਼ਨਪੁਰੇ, ਸਿਧਪੁਰੇ, ਭਮਾਰਸੀ, ਪਮੌਰ, ਕੁੰਭੜੇ ਆਦਿ ਪਿੰਡਾਂ ਵਿਚ ਗੁਰਮਤਿ ਪ੍ਰਚਾਰ ਕਰਨ ਗਏ।

ਸਾਲ ਉਨੰਜਵੇਂ ਵਿਚ ਕਰਤਾ ਨੇ ਸੰਤ ਜੀ ਦਾ ਸੱਤਵੀ ਸਿੱਖ ਵਿਦਿਅਕ ਕਾਨਫਰੰਸ ਜੋ ਜਲੰਧਰ ਵਿਚ 10-11-12 ਅਪ੍ਰੈਲ 1914 ਈ. ਨੂੰ ਹੋਈ, ਵਿਚ ਸ਼ਿਰਕਤ ਕਰਨ ਦਾ ਜ਼ਿਕਰ ਕੀਤਾ ਹੈ। ਇਸ ਤੋਂ ਇਲਾਵਾ ਸੰਤ ਜੀ ਨੇ ਇਸ ਸਾਲ ਅਮਰਗੜ੍ਹ, ਗੋਬਿੰਦਗੜ੍ਹ, ਮੌੜ, ਭਦੌੜ, ਬਰਨਾਲੇ, ਕਾਂਝਲੇ, ਹਸਨਪੁਰੇ, ਰਾਜੋਮਾਜਰਾ, ਕਕੜਵਾਲ, ਬੇਨੜਾ, ਸਾਰੋਂ ਆਦਿ ਥਾਵਾਂ ਤੇ ਜਾ ਕੇ ਗੁਰਬਾਣੀ ਦਾ ਉਪਦੇਸ਼ ਦਿਤਾ। ਇਸੇ ਵਰਸ਼ ਸੰਤ ਅਤਰ ਸਿੰਘ ਜੀ ਨੇ 'ਕਾਸ਼ੀ ਹਿੰਦੂ ਵਿਸ਼ਵ ਵਿਦਿਆਲਯ' ਦੇ ਸੰਸਕ੍ਰਿਤ ਕਾਲਜ ਦਾ ਨੀਂਹ ਪਥਰ ਰਖਿਆ।[15]

ਸਾਲ ਪੰਜਾਹਵੇਂ ਵਿਚ ਗਿਆਨੀ ਜੀ ਸੰਤ ਜੀ ਦੁਆਰਾ ਗੁਰੁਸਾਗਰੁ ਮਸਤੂਆਣੇ ਵਿਖੇ ਚਲ ਰਹੀ ਸੇਵਾ ਦੇ ਪ੍ਰਵਾਹ ਦਾ ਜ਼ਿਕਰ ਕੀਤਾ ਹੈ। ਹਰ ਸਾਲ ਦੀ ਤਰ੍ਹਾਂ ਇਸ ਵਰਸ਼ ਵੀ ਨਿਮਾਣੀ ਇਕਾਦਸੀ ਦਾ ਜੋੜ-ਮੇਲਾ ਮਨਾਇਆ ਗਿਆ। ਸੰਤ ਜੀ ਨੇ ਕਾਂਝਲਾ, ਮੂਲੋਵਾਲ, ਘੁੰਗਰਾਣੇ, ਕਿਸ਼ਨਪੁਰਾ, ਜਲੰਧਰ, ਆਲਮਗੀਰ, ਮਾਝੀ, ਮੁਲਤਾਨ, ਮਿੰਟਗੁਮਰੀ, ਨਵਾਂ ਪਿੰਡ, ਪਾਕਪਟਣ, ਗੁਜਰਾਂਵਾਲਾ, ਕਲਸੀਆ, ਛਛਰੋਲੀ, ਨੜਾਲੀ, ਧਨੌਲਾ, ਬੀਲ੍ਹਾ, ਗਹਿਲ, ਭੋਤਨੇ, ਚੰਨਣਵਾਲ, ਠੁਲੀਵਾਲਾ, ਹਮੀਦੀ, ਬਰਨਾਲੇ ਆਦਿ ਥਾਵਾਂ ਤੇ ਜਾ ਕੇ ਗੁਰਬਾਣੀ ਅਤੇ ਅੰਮ੍ਰਿਤ ਪ੍ਰਚਾਰ ਕੀਤਾ।[16] ਇਸੇ ਵਰਸ਼ ਸੰਤ ਜੀ ਦਾ ਅੱਠਵੀਂ ਵਿਦਿਅਕ ਕਾਨਫਰੰਸ ਵਿਚ ਸ਼ਾਮਲ ਹੋਣ ਬਾਰੇ ਵੀ ਦਸਿਆ ਹੈ। ਇਹ ਕਾਨਫਰੰਸ 15-16-17 ਅਕਤੂਬਰ 1915 ਈ. ਨੂੰ ਫਿਰੋਜ਼ਪੁਰ ਵਿਖੇ ਹੋਈ।

ਸਾਲ ਇਕਵੰਜਵੇਂ ਵਿਚ ਲੇਖਕ ਨੇ ਸੰਤ ਅਤਰ ਸਿੰਘ ਜੀ ਦਾ ਨੌਵੀ ਸਿੱਖ ਵਿਦਿਅਕ ਕਾਨਫਰੰਸ ਵਿਚ ਸ਼ਾਮਲ ਹੋਣ ਬਾਰੇ ਬਿਆਨ ਕੀਤਾ ਹੈ। ਇਹ ਕਾਨਫਰੰਸ 21-22-23 ਅਪ੍ਰੈਲ 1916 ਈ. ਨੂੰ ਤਰਨਤਾਰਨ ਵਿਖੇ ਹੋਈ।[17] ਸੰਤ ਜੀ ਨੇ ਇਸ ਕਾਨਫਰੰਸ ਵਿਚ ਕੀਰਤਨ ਕੀਤਾ। ਇਸੇ ਵਰਸ਼ ਸੰਤ ਜੀ ਨੇ ਰਾਮਪੁਰਾ, ਅਹਿਮਦਗੜ੍ਹ, ਖੇੜੇ, ਰੰਗੂਵਾਲ, ਮੌੜ, ਢਿਲਵਾਂ, ਸੰਗਰੂਰ, ਉਭਾਵਾਲ, ਚੀਮੇ, ਧਰਮਗੜ੍ਹ, ਕਣਕਵਾਲ, ਗੰਡੂਆ, ਛਾਜਲੀ, ਫਰੂਕੇ, ਸਰਗੋਧੇ, ਕੋਟਕਪੂਰੇ, ਕੱਟੂ, ਸੇਖੇ, ਜਲੂਰ, ਭੋਗੀਵਾਲ, ਦੋਦ, ਖਾਨਪੁਰ, ਬਡਰੁਖਾਂ, ਆਕੋਈ, ਕਾਂਝਲਾ, ਬਹਾਦੁਰ, ਚੰਗਾਲ, ਹਰੇੜੀ, ਖੀਲਰੀਆ ਪੁਰ, ਲਲਤੋਂ, ਲੁਧਿਆਣੇ, ਮਲੇਰਕੋਟਲੇ, ਰਛੀਨ, ਛੋਟੀ ਮਹੋਲੀ, ਵਡੀ ਮਹੋਲੀ, ਕਲਸੀਆ, ਬੜੂੰਦੀ ਆਦਿ ਥਾਵਾਂ ਤੇ ਜਾ ਕੇ ਗੁਰ ਉਪਦੇਸ਼ ਦਿਤਾ।

ਸਾਲ ਬਵੰਜਵੇਂ ਵਿਚ ਗਿਆਨੀ ਜੀ ਨੇ ਸੰਤ ਜੀ ਦਾ ਦਸਵੀਂ ਸਿੱਖ ਵਿਦਿਅਕ ਕਾਨਫਰੰਸ ਵਿਚ ਸ਼ਾਮਲ ਹੋਣ ਅਤੇ ਗੁਰ ਉਪਦੇਸ਼ ਦੇਣ ਬਾਰੇ ਦਸਿਆ ਹੈ।[18] ਇਸ ਸਾਲ ਸੰਤ ਅਤਰ ਸਿੰਘ ਜੀ ਲੋਹਗੜ੍ਹ, ਰਾਜਗੜ੍ਹ, ਮਹੇਰਨੇ, ਤਖਤੂਪੁਰੇ, ਦੀਨੇ, ਪੋਠੋਹਾਰ, ਚੱਕਵਾਲ, ਰਾਵਲਪਿੰਡੀ, ਫਰੂਕੇ, ਸਰਗੋਧੇ, ਪਟਿਆਲਾ, ਬਾਗਾਂਵਾਲੇ, ਰੋਪੜ, ਘਨੈਰੀ, ਔਰੰਗਾਬਾਦ, ਵਜੀਦਾਬਾਦ, ਗੁਜਰਾਂਵਾਲੇ ਆਦਿ ਥਾਵਾਂ 'ਤੇ ਗੁਰਮਤਿ ਪ੍ਰਚਾਰ ਕਰਨ ਗਏ।

---

15 ਉਹੀ, ਪੰਨਾ 314.

16 ਉਹੀ, ਪੰਨਾ 328.

17 ਉਹੀ, ਪੰਨਾ 335.

18 ਉਹੀ, ਪੰਨਾ 353.

ਸਾਲ ਤਰਵੰਜਵੇਂ ਵਿਚ ਸੰਤ ਜੀ ਗਿਆਰਵੀ ਸਿੱਖ ਵਿਦਿਅਕ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਗੁਜਰਾਂਵਾਲ ਗਏ। ਇਹ ਕਾਨਫਰੰਸ 29-30-31 ਮਾਰਚ 1918 ਈ. ਨੂੰ ਗੁਜਰਾਂਵਾਲ ਵਿਖੇ ਸ. ਰਘਬੀਰ ਸਿੰਘ ਸੰਧਾਵਾਲੀਏ ਦੀ ਪ੍ਰਧਾਨਗੀ ਹੇਠ ਹੋਈ। ਸੰਤ ਜੀ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਦਾ ਉਪਦੇਸ਼ ਦਿਤਾ ਅਤੇ ਸੰਤ ਜੀ ਤੋਂ ਗੁਰੂ ਨਾਨਕ ਕਾਲਜ ਦਾ ਨੀਂਹ ਪਥਰ ਰਖਵਾਇਆ ਗਿਆ।[19]

ਸਾਲ ਚੁਰੰਜਵੇਂ ਵਿਚ ਸੰਤ ਅਤਰ ਸਿੰਘ ਜੀ ਦੁਆਰਾ ਅਕਾਲ ਕਾਲਜ ਦਾ ਉਦਘਾਟਨ ਕਰਨ ਦਾ ਜ਼ਿਕਰ ਕੀਤਾ ਹੈ। ਸੰਤ ਜੀ ਨੇ ਗੁਰੁਸਾਗਰੁ ਮਸਤੂਆਣੇ ਦੇ ਪ੍ਰਬੰਧਕ ਸੰਤ ਤੇਜਾ ਸਿੰਘ ਨੂੰ ਨਿਯਤ ਕੀਤਾ। ਸੰਤ ਜੀ ਨੇ ਇਸ ਵਰਸ਼ ਪਟਿਆਲੇ, ਆਸੋਆਣਾ, ਸੰਤਪੁਰਾ, ਜੋਗਾ, ਪੁਲਾੜਾ, ਅਕਾਲਪੁਰਾ, ਪਖੋ, ਮੱਤੀ, ਗੁੜਥੁੜੀ, ਰਾਏਪੁਰ ਆਦਿ ਥਾਵਾਂ ਤੇ ਜਾ ਕੇ ਗੁਰਮਤਿ ਪ੍ਰਚਾਰ ਕੀਤਾ।

ਅਗਲੇ ਸਾਲਾਂ ਵਿਚ ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਦਾ ਗੁਜਰਾਂਵਾਲੇ, ਦਿਆਲਪੁਰ ਮਿਰਜ਼ਾ, ਕੋਠਾ ਗੁਰੂ, ਔਰੰਗਾਬਾਦ, ਕੋਟਕਪੂਰੇ, ਲਾਇਲਪੁਰ, ਕਪੂਰਥਲਾ, ਅੰਮ੍ਰਿਤਸਰ, ਖੁਡਿਆਲ, ਨਨਕਾਣਾ ਸਾਹਿਬ, ਢਢੋਗਲ, ਸੰਗਰੂਰ, ਆਦਿ ਥਾਵਾਂ 'ਤੇ ਜਾ ਕੇ ਗੁਰਬਾਣੀ ਪ੍ਰਚਾਰ ਕਰਨ ਬਾਰੇ ਦਸਿਆ ਹੈ। ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਦਾ ਤੇਰ੍ਹਵੀਂ ਸਿੱਖ ਵਿਦਿਅਕ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਹੁਸ਼ਿਆਰਪੁਰ ਜਾਣ ਦਾ ਵੀ ਜ਼ਿਕਰ ਕੀਤਾ ਹੈ।[20]

ਸਾਲ ਅਠਵੰਜਵੇਂ ਵਿਚ ਗਿਆਨੀ ਜੀ ਨੇ ਦਸਿਆ ਹੈ ਕਿ ਸੰਤ ਅਤਰ ਸਿੰਘ ਜੀ ਨੇ ਇਸ ਸਾਲ ਗੁਰੂ ਕਾਸ਼ੀ ਦੀ ਸੇਵਾ ਆਰੰਭ ਕਰਵਾਈ ਅਤੇ ਬੁੰਗਾ ਮਸਤੂਆਣਾ ਦੀ ਸਥਾਪਨਾ ਕੀਤੀ। ਅਗਲੇ ਸਾਲਾਂ ਵਿਚ ਗਿਆਨੀ ਜੀ ਨੇ ਸੰਤ ਜੀ ਦੁਆਰਾ ਵਿਸਾਖੀ, ਨਿਮਾਣੀ ਇਕਾਦਸ਼ੀ ਆਦਿ ਤਿਉਹਾਰਾਂ ਦੇ ਗੁਰੁਸਾਗਰੁ ਵਿਖੇ ਮਨਾਏ ਜਾਣ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਪਰਵਾਂ 'ਤੇ ਸੰਤ ਜੀ ਸੰਗਤ ਨੂੰ ਗੁਰ ਉਪਦੇਸ਼ ਦਿੰਦੇ ਰਹੇ ਅਤੇ ਅੰਮ੍ਰਿਤ ਸੰਚਾਰ ਵੀ ਕਰਵਾਇਆ ਗਿਆ।

ਸਾਲ ਇਕਾਹਟਵੇਂ ਵਿਚ ਸੰਤ ਜੀ ਦਾ ਸਿਆਲਕੋਟ, ਜੰਮੂ, ਸ੍ਰੀ ਅੰਮ੍ਰਿਤਸਰ, ਅੰਬਾਲਾ, ਸੰਗਰੂਰ ਆਦਿ ਥਾਵਾਂ 'ਤੇ ਜਾ ਕੇ ਗੁਰਮਤਿ ਪ੍ਰਚਾਰ ਕਰਨ ਦਾ ਜ਼ਿਕਰ ਕੀਤਾ ਹੈ। ਇਸੇ ਸਾਲ ਵਿਚ ਸੰਤ ਜੀ ਦੇ ਸਚਖੰਡ ਜਾਣ ਬਾਰੇ ਦਸਿਆ ਹੈ। ਸੰਤ ਜੀ ਦੇ 31 ਜਨਵਰੀ 1927 ਈ. ਨੂੰ ਰਾਤ ਦੇ ਇਕ ਵਜੇ ਬ੍ਰਹਮਲੀਨ ਗਏ।

ਸਮੁਚੇ ਰੂਪ ਵਿਚ *ਅਗਮ ਅਗਾਧ ਪੁਰਖ* ਪੁਸਤਕ ਵਿਚ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਪਰਉਪਕਾਰੀ ਜੀਵਨ ਵਿਸਤਾਰ ਸਹਿਤ ਅੰਕਤ ਕੀਤਾ ਗਿਆ ਹੈ। ਸੰਤ ਜੀ ਨੇ ਗੁਰਮਤਿ ਪ੍ਰਚਾਰ ਅਤੇ ਵਿਦਿਆ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਪਾਇਆ।

---

19 ਉਹੀ, ਪੰਨਾ 374.

20 ਉਹੀ, ਪੰਨਾ 434.

**3. *ਏਕ ਪੁਰਖ ਅਪਾਰ:*** 48 ਪੰਨਿਆਂ ਦੀ ਇਹ ਪੁਸਤਕ ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ ਗੁਰੂ ਕਾਸ਼ੀ ਤਲਵੰਡੀ ਸਾਬੋ (ਬਠਿੰਡਾ) ਵਲੋਂ 1983 ਈ. ਨੂੰ ਪ੍ਰਕਾਸ਼ਿਤ ਕੀਤੀ ਗਈ। ਇਸ ਵਿਚ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਜੀਵਨ, ਗੁਰਮਤਿ ਪ੍ਰਚਾਰ ਅਤੇ ਪਰਉਪਕਾਰਾਂ ਬਾਰੇ ਸੰਖੇਪ ਵਿਚ ਵੇਰਵਾ ਦਿਤਾ ਗਿਆ ਹੈ। ਅਸਲ ਵਿਚ ਇਹ ਪੁਸਤਕ ਗਿਆਨੀ ਬਲਵੰਤ ਸਿੰਘ ਜੀ ਦੁਆਰਾ ਰਚਿਤ ਕਿਤਾਬ *ਅਗਮ ਅਗਾਧ ਪੁਰਖ* ਦੀ ਭੂਮਿਕਾ ਹੈ।

ਪੁਸਤਕ ਦੇ ਆਰੰਭ ਵਿਚ ਜਥੇਦਾਰ ਕਿਰਪਾਲ ਸਿੰਘ (ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ) ਵਲੋਂ ਲਿਖਿਆ ਅਭਿਨੰਦਨ ਪੱਤਰ ਛਾਪਿਆ ਗਿਆ ਹੈ। ਕਰਤਾ ਨੇ ਸਿੱਖ ਰਾਜ ਤੋਂ ਬਾਅਦ ਈਸਾਈਆਂ ਤੇ ਆਰੀਆਂ ਸਮਾਜੀਆਂ ਵਲੋਂ ਸਿੱਖਾਂ ਦੇ ਧਾਰਮਿਕ ਤੇ ਰਾਜਸੀ ਪਤਨ ਹਿਤ ਸਾਜ਼ਸਾਂ ਦਾ ਖੋਜ ਭਰਪੂਰ ਵਰਣਨ ਕੀਤਾ ਹੈ। ਸੰਤ ਜੀ ਦੇ ਜਨਮ ਲੈਣ ਸੰਬੰਧੀ ਸੌ ਸਾਖੀ ਅਤੇ ਸਰਬਲੋਹ ਗ੍ਰੰਥਾਂ ਵਿਚ ਆਏ ਸੰਕੇਤਾਂ ਦਾ ਵੇਰਵਾ ਦਿਤਾ ਹੈ। ਸੰਤ ਜੀ ਦਾ ਜਨਮ 1866 ਈ. ਵਿਚ ਹੋਇਆ ਦਸਿਆ ਹੈ।

ਲੇਖਕ ਨੇ ਸੰਤ ਜੀ ਦੇ ਨਿਤਕਰਮ, ਗੁਰਬਾਣੀ ਦੇ ਸਤਿਕਾਰ, ਅੰਮ੍ਰਿਤ ਪ੍ਰਚਾਰ ਆਦਿ ਬਾਰੇ ਜਾਣਕਾਰੀ ਦਿਤੀ ਹੈ। ਸੰਤ ਜੀ ਦੇ ਵਿਅਕਤੀਤਵ ਪ੍ਰਭਾਵ ਬਾਰੇ ਸਪਸ਼ਟ ਅਤੇ ਮੰਨਣਯੋਗ ਵਿਆਖਿਆ ਕੀਤੀ ਹੈ। ਸੰਤ ਜੀ ਦੁਆਰਾ ਵਿਦਿਆ ਪਸਾਰ, ਗੁਰਦੁਆਰਾ ਸੁਧਾਰ ਲਹਿਰ, ਅਛੂਤਾਂ ਨਾਲ ਪਿਆਰ, ਮਾਲਵੇ ’ਤੇ ਉਪਕਾਰ ਬਾਰੇ ਜਾਣਕਾਰੀ ਦਿਤੀ ਹੈ। ਸਮਕਾਲੀ ਮਹਾਂਪੁਰਖਾਂ ਅਤੇ ਵਿਦਵਾਨਾਂ ਉਪਰ ਸੰਤਾਂ ਦੇ ਉਚ ਜੀਵਨ ਦੇ ਪਏ ਪ੍ਰਭਾਵਾਂ ਨੂੰ ਆਪਣੀ ਕਲਮ ਨਾਲ ਅੰਕਤ ਕੀਤਾ ਹੈ ਜਿਸ ਤੋਂ ਮਹਾਂਪੁਰਖਾਂ ਦੀ ਮਹਾਨਤਾ ਵਿਸ਼ੇਸ਼ ਰੂਪ ਵਿਚ ਪਤਾ ਲਗਦੀ ਹੈ।

ਸਮੁਚੇ ਰੂਪ ਵਿਚ ਪੁਸਤਕ ਸੰਤ ਅਤਰ ਸਿੰਘ ਜੀ ਦੇ ਜੀਵਨ ਅਤੇ ਵਿਅਕਤੀਤਵ ਦਾ ਸੰਖੇਪ ਵੇਰਵਾ ਹੈ।

**4. *ਰੂਪ ਦੀਪ ਸਟੀਕ:*** ਇਹ ਪੁਸਤਕ ਗਿਆਨੀ ਜੀ ਦੇ ਸਪੁੱਤਰ ਭਾਈ ਕੰਵਰ ਕੌਰ ਸਿੰਘ, ਕੋਠਾ ਗੁਰੂ (ਬਠਿੰਡਾ) ਦੁਆਰਾ 1993 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। 54 ਪੰਨਿਆਂ ਦੀ ਇਸ ਪੁਸਤਕ ਵਿਚ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਨੇ ਕਵੀ ਜੈ ਕਿਸ਼ਨ ਦਾਸ ਕ੍ਰਿਤ *ਰੂਪ ਦੀਪ (ਪਿੰਗਲ)* ਦਾ ਟੀਕਾ ਕੀਤਾ ਹੈ ਜਿਸ ਤੋਂ ਕਾਵਿ ਵਿਦਿਆ ਬਾਰੇ ਜਾਣਕਾਰੀ ਮਿਲਦੀ ਹੈ। ਪ੍ਰਾਕਥਨ ਤੋਂ ਬਾਅਦ ਰੂਪ ਦੀਪ ਦਾ ਟੀਕਾ ਅਤੇ ਅੰਤ ਵਿਚ ਕਠਨ ਸ਼ਬਦਾਂ ਦੇ ਅਰਥ ਦਰਜ ਕੀਤੇ ਹਨ।

ਭੂਮਿਕਾ ਵਿਚ ਗਿਆਨੀ ਜੀ ਕਵਿਤਾ ਦੇ ਬਾਰੇ ਸੰਖੇਪ ਵਿਚ ਜਾਣਕਾਰੀ ਅੰਕਿਤ ਕੀਤੀ ਹੈ। ਗਿਆਨੀ ਜੀ ਨੇ ਪ੍ਰਾਚੀਨ ਗ੍ਰੰਥਾਂ ਜਿਵੇਂ ਰਿਗਵੇਦ, ਰਾਮਾਇਣ, ਮਹਾਂਭਾਰਤ, ਭਗਵਤ ਪੁਰਾਣ ਆਦਿ ਵਿਚ ਆਏ ਛੰਦਾਂ ਦੀ ਗਿਣਤੀ ਦਾ ਵੇਰਵਾ ਦਿਤਾ ਹੈ। ਉਨ੍ਹਾਂ ਅਨੁਸਾਰ ਪਿੰਗਲ ਰਿਸ਼ੀ ਦੀ ਕਾਵਿ ਵਿਦਿਆ ਭਾਰਤ ਵਿਚ ਇੰਨੀ ਲੋਕ-ਪ੍ਰਿਯ ਹੋਈ ਕਿ ਜਨ ਸਾਧਾਰਨ ਨੇ ਇਸਦਾ ਅਸਲੀ ਨਾਂ ‘ਛੰਦ ਸ਼ਾਸਤ੍ਰ’ ਭੁਲ ਕੇ ਇਸ ਵਿਦਿਆ ਲਈ ਪਿੰਗਲ ਸ਼ਬਦ ਹੀ ਵਰਤਣਾ ਸ਼ੁਰੂ ਕਰ ਦਿਤਾ। ਕਰਤਾ ਨੇ ਕਾਵਿ ਵਿਦਿਆ ਦਾ ਆਰੰਭ ਪਿੰਗਲ ਰਿਸ਼ੀ ਤੋਂ

ਮੰਨਿਆਂ ਹੈ ਜਿਸਨੇ ਸਭ ਤੋਂ ਪਹਿਲਾਂ ਛੰਦ ਸ਼ਾਸਤ੍ਰ ਤੇ *ਛੰਦ ਸੂਤ੍ਰ* ਗ੍ਰੰਥ ਲਿਖਿਆ। ਅਗੇ ਕਰਤਾ ਨੇ ਵਖ-ਵਖ ਭਾਸ਼ਾਵਾਂ ਵਿਚ ਛੰਦ ਸ਼ਾਸਤ੍ਰ ਦੇ ਗ੍ਰੰਥਾਂ ਦਾ ਜ਼ਿਕਰ ਕੀਤਾ ਹੈ।

ਕਰਤਾ ਨੇ *ਰੂਪ ਦੀਪ ਸਟੀਕ* ਦੇ ਲੇਖਕ ਜੈ ਕਿਸ਼ਨ ਦਾਸ ਬਾਰੇ ਸੰਖੇਪ ਵਿਚ ਜਾਣਕਾਰੀ ਦਿਤੀ ਹੈ। ਕਵੀ ਜੈ ਕਿਸ਼ਨ ਦਾਸ ਦਾ ਜਨਮ 1664 ਈ. ਵਿਚ ਲਾਲਾ ਭਵਾਨੀ ਦੇ ਘਰ ਪਿੰਡ ਚੂਹਣੀਆਂ ਜ਼ਿਲ੍ਹਾ ਲਾਹੌਰ (ਹੁਣ ਪਾਕਿਸਤਾਨ ਵਿਚ) ਹੋਇਆ। ਇਨ੍ਹਾਂ ਨੇ ਪੰਡਿਤ ਕ੍ਰਿਪਾ ਰਾਮ[21] ਤੋਂ ਛੰਦ ਸ਼ਾਸਤ੍ਰ ਪੜ੍ਹਿਆ।

ਕਰਤਾ ਨੇ ਛੰਦ ਸ਼ਾਸਤਰ ਦੇ ਮੁਢਲੇ ਨਿਯਮ ਅੰਕਿਤ ਕੀਤੇ ਹਨ। ਗਿਆਨੀ ਜੀ ਅਨੁਸਾਰ ਕਵੀ ਜੈ ਕਿਸ਼ਨ ਦਾਸ ਨੇ ਅਠ ਦਗਧ ਅੱਖਰ ਦਿਤੇ ਹਨ ਜਿਵੇਂ ਹ, ਝ, ਧ, ਰ, ਖ, ਭ, ਘ, ਨ। ਕਰਤਾ ਨੇ ਹੋਰ ਲੇਖਕਾਂ ਦੁਆਰਾ ਕਲਪੇ ਦਗਧ ਅੱਖਰਾਂ ਦੀ ਸੂਚੀ ਦਿਤੀ ਹੈ ਜਿਸ ਨਾਲ ਵਰਣਮਾਲਾ ਦਾ ਕੋਈ ਅੱਖਰ ਬਚਦਾ ਪ੍ਰਤੀਤ ਨਹੀਂ ਹੁੰਦਾ। ਦਗਧ ਅੱਖਰਾਂ ਨੂੰ ਕਾਵਿ ਦੇ ਆਰੰਭ ਵਿਚ ਦੇਣ ਤੋਂ ਵਰਜਿਤ ਕੀਤਾ ਜਾਂਦਾ ਹੈ। ਗਿਆਨੀ ਜੀ ਨੇ ਕਵੀ ਜੈ ਕਿਸ਼ਨ ਦੁਆਰਾ ਦਿਤੇ ਦਗਧ ਅੱਖਰਾਂ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਅਨੁਸਾਰ ਅਸਲ ਵਿਚ ਕੋਈ ਅੱਖਰ ਦਗਧ ਨਹੀਂ ਹੈ, ਇਹ ਕਵੀਆਂ ਦੀ ਕਲਪਣਾ ਹੈ। ਜੋ ਅੱਖਰ ਕਾਵਿ ਦੇ ਆਰੰਭ ਵਿਚ ਨਹੀਂ ਲੱਗਦਾ ਜਿਵੇਂ ਙ, ਞ, ਣ, ੜ ਅਤੇ ਜਿਸਦੇ ਲਗਣ ਨਾਲ ਵਾਕ ਰਚਨਾ ਸੁੰਦਰ ਨਹੀਂ ਬਣਦੀ ਉਹ ਤਿਆਗ ਦੇਣਾ ਚਾਹੀਦਾ ਹੈ। ਅੱਖਰ ਸਾਰੇ ਸ਼ੁਭ ਹਨ, ਚੰਗੇ ਹਨ, ਕੋਈ ਦਗਧ ਅੱਖਰ ਨਹੀਂ ਹੈ। ਅਗੇ ਕਰਤਾ ਨੇ ਛੰਦ ਸ਼ਾਸਤ੍ਰ ਦੀ ਵਿਸ਼ੇਸ਼ ਜਾਣਕਾਰੀ ਮਾਤ੍ਰਾ, ਲਘੂ, ਗੁਰੂ, ਗਣ, ਚਰਨ, ਯਤਿ, ਛੰਦਾਂ ਦੇ ਭੇਦ, ਪ੍ਰੰਤਯਯ ਵਿਦਿਆ, ਗੁਰਬਾਣੀ ਕਾਵਿ, ਪਠਾਤ੍ਰ ਭੇਦ ਆਦਿ ਬਾਰੇ ਅੰਕਿਤ ਕੀਤਾ ਹੈ।

ਗਿਆਨੀ ਜੀ ਨੇ ਕਵੀ ਜੈ ਕਿਸ਼ਨ ਦਾਸ ਕ੍ਰਿਤ ਰੂਪ ਦੀਪ ਪਿੰਗਲ ਦਾ ਟੀਕਾ ਕੀਤਾ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਕਵੀ ਨੇ ਆਪਣੀ ਕ੍ਰਿਤ ਵਿਚ 52 ਛੰਦਾਂ ਬਾਰੇ ਬਿਆਨ ਕੀਤਾ ਹੈ। ਇਹ ਬਵੰਜਾ ਛੰਦ ਸਾਰੰਗੀ, ਦੋਧਕ, ਮੋਤੀ ਦਾਮ, ਤਰਲ ਨੈਨ, ਤੋਟਕ, ਭੁਯੰਗ ਪ੍ਰਯਾਤ, ਕਾਮਨੀ ਮੋਹਨ, ਮੈਨਾਵਲੀ, ਨਰਾਜ, ਪ੍ਰਮਾਣਕਾ, ਮਲਕਾ, ਸੰਖ ਨਾਰੀ, ਮਾਲਤੀ, ਤਿਲਕਾ, ਵਿਮੋਹਾ, ਦੋਹਾ, ਸੋਰਠਾ, ਗਾਹ, ਉਗਾਹ, ਚੂਲਕਾ, ਚੌਪਈ, ਅੜਿਲ, ਤੋਮਰ, ਮਧਭਾਰ, ਅਨਕੂਲਾ, ਹਾਕਲ, ਚਿਤ੍ਰਪਦਾ, ਪਵੰਗਮ, ਰਸਾਵਲ, ਪਾਧੜੀ, ਦਵੱਯਾ, ਸੰਕਰ, ਤ੍ਰਿਭੰਗੀ, ਦਟਪਟਾ, ਮਰਹਟਾ, ਲੀਲਾਵਤੀ, ਪੋਮਾਵਤੀ, ਗੀਆ ਮਾਲਤੀ, ਪੈਂਡੀ, ਰਡ, ਕੁੰਡਲੀਆਂ, ਕੁੰਡਲਨੀ, ਰੰਗ ਕਾ ਛੰਦ, ਰੰਗੀ, ਘਨਾਛਰੀ, ਦੁਰਮਲ, ਕਰਖਾ, ਝੂਕਨਾ, ਸਵੈਯਾ, ਛਪੈ ਅਤੇ ਸਾਟਕ ਹਨ।

---

21 ਪੰਡਿਤ ਕ੍ਰਿਪਾ ਰਾਮ ਦਸਮ ਪਿਤਾ ਦੇ ਦਰਬਾਰ ਵਿਚ ਪ੍ਰਸਿਧ ਵਿਦਵਾਨ ਸੀ ਜੋ ਮਟਨ ਸਾਹਿਬ (ਕਸ਼ਮੀਰ) ਦਾ ਰਹਿਣ ਵਾਲਾ ਦੱਤ ਬ੍ਰਹਮਣ ਸੀ। ਭਾਈ ਕ੍ਰਿਪਾ ਰਾਮ ਦਾ ਵੰਸ਼ ਗੁਰੂ ਘਰ ਦਾ ਪੁਰਾਤਨ ਗੁਰਸਿਖ ਘਰਾਣਾ ਸੀ। ਇਸਦਾ ਪਿਤਾ ਅੜੂ ਰਾਮ, ਦਾਦਾ ਨਾਰਾਇਣ ਦਾਸ, ਪੜਦਾਦਾ ਬ੍ਰਹਮ ਦਾਸ ਖਾਨਦਾਨੀ ਸਿਖ ਸਨ। ਇਹ ਭਾਈ ਪਰਾਗੇ ਦੀ ਭੈਣ ਅਤੇ ਭਾਈ ਚੌਪਾ ਸਿੰਘ ਰਹਿਤਨਾਮੇ ਵਾਲੇ ਦੀ ਭੂਆ ਸੁਰਸਤੀ ਦਾ ਪੁਤਰ ਸੀ। ਇਸ ਦੇ ਨਾਨਕੇ ਕੜਿਆਲੇ ਸਨ। ਭਾਈ ਕ੍ਰਿਪਾ ਰਾਮ ਫਾਰਸੀ ਅਤੇ ਸੰਸਕ੍ਰਿਤ ਦਾ ਵਿਦਵਾਨ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹਿੰਦੀ/ਫਾਰਸੀ ਦੀ ਮੁਢਲੀ ਵਿਦਿਆ ਇਸਨੇ ਪੜ੍ਹਾਈ। ਇਹੀ ਕ੍ਰਿਪਾ ਰਾਮ ਕਵੀ ਜੈ ਕਿਸ਼ਨ ਦਾ ਵਿਦਿਆ ਦਾਤਾ ਸੀ। ਉਹੀ, *ਰੂਪ ਦੀਪ ਸਟੀਕ*, ਪੰਨਾ 6.

ਇਸ ਰਚਨਾ ਵਿਚ ਇਨ੍ਹਾਂ ਬਵੰਜਾ ਛੰਦਾਂ ਨੂੰ ਬਣਾਉਣ ਦੀ ਵਿਧੀ ਦਸੀ ਹੈ ਅਤੇ ਇਨ੍ਹਾਂ ਦੇ ਰੂਪ ਵੀ ਸਮਝਾਏ ਹਨ। ਇਥੇ ਅਸੀਂ ਚੌਪਈ ਛੰਦ ਦਾ ਉਦਾਹਰਣ ਅੰਕਿਤ ਕਰਦੇ ਹਾਂ:

ਕਰ ਅੱਠ ਮਾਤ੍ਰਾ ਸਾਤ ਸਮੋਇ। ਤੁਕ ਤੁਕ ਭੀਤਰ ਪੰਦ੍ਹ ਹੋਇ।

ਐਸੇ ਧਾਰੋ ਚਾਰੋਂ ਪਾਇ। ਸੇਸ ਚੌਪਈ ਈ ਬਤਾਇ।[22]

ਚੌਪਈ ਦੀ ਇਕ ਪੰਕਤੀ ਵਿਚ 15 ਮਾਤ੍ਰਾ ਰੱਖੀਆਂ ਜਾਣ। ਪਹਿਲੇ ਵਿਸ੍ਰਾਮ ਵਿਚ 8 ਮਾਤ੍ਰਾ ਅਤੇ ਦੂਸਰੇ ਵਿਸ੍ਰਾਮ ਵਿਚ 7 ਮਾਤ੍ਰਾ ਹੋਣ, ਸ਼ੇਸ਼ ਨਾਗ ਜੀ ਕਹਿੰਦੇ ਹਨ ਇਸ ਤਰ੍ਹਾਂ ਦੀਆਂ ਚਾਰ ਪੰਕਤੀਆਂ ਬਣਾਉ। ਇਹ ਚੌਪਈ ਛੰਦ ਦਾ ਰੂਪ ਹੈ।

ਅਖੀਰ ਵਿਚ ਰੂਪ ਦੀਪ ਦਾ ਮਹਾਤਮ ਦਸਿਆ ਹੈ ਅਤੇ ਜੈ ਕਿਸ਼ਨ ਦਾਸ ਨੇ ਆਪਣੇ ਬਾਰੇ ਜਾਣਕਾਰੀ ਅੰਕਿਤ ਕੀਤੀ ਹੈ। ਅੰਤ ਵਿਚ ਗਿਆਨੀ ਜੀ ਨੇ ਕਠਿਨ ਸ਼ਬਦਾਂ ਦੇ ਅਰਥਾਂ ਦੀ ਸੂਚੀ ਅੰਕਿਤ ਕੀਤੀ ਹੈ। ਸਮੁਚੇ ਰੂਪ ਵਿਚ ਇਹ ਪੁਸਤਕ ਕਾਵਿ ਵਿਦਿਆ ਬਾਰੇ ਮਹੱਤਵਪੂਰਨ ਜਾਣਕਾਰੀ ਮੁਹਈਆ ਕਰਵਾਉਂਦੀ ਹੈ।

**5. *ਸੰਤ ਮਹਾਰਾਜ ਬਾਬਾ ਬਲਵੰਤ ਸਿੰਘ ਜੀ ਧਲੇਰ ਵਾਲੇ:*** ਇਹ ਪੁਸਤਕ ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ ਤਲਵੰਡੀ ਸਾਬੋ (ਬਠਿੰਡਾ) ਵਲੋਂ 1994 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। 68 ਪੰਨਿਆਂ ਦੀ ਇਹ ਪੁਸਤਕ ਸੰਤ ਬਾਬਾ ਬਲਵੰਤ ਸਿੰਘ ਜੀ ਧਲੇਰ ਵਾਲਿਆਂ ਦਾ ਜੀਵਨ ਬਿਰਤਾਂਤ ਹੈ। ਸੰਤ ਬਾਬਾ ਜੀ ਦੀ ਇਹ ਜੀਵਨੀ ਬੀਬੀ ਜਸਵੰਤ ਕੌਰ ਨੇ ਗਿਆਨੀ ਜੀ ਕੋਲੋਂ ਲਿਖਵਾਈ। ਬੀਬੀ ਜਸਵੰਤ ਕੌਰ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਸੰਤ ਬਾਬਾ ਬਲਵੰਤ ਸਿੰਘ ਦੀ ਸੰਗਤ ਵਿਚ ਬਿਤਾਇਆ। ਗਿਆਨੀ ਜੀ ਨੇ ਬੀਬੀ ਜਸਵੰਤ ਕੌਰ ਦੇ ਜੀਵਨ ਨਾਲ ਸੰਬੰਧਿਤ ਸੰਖੇਪ ਜਾਣਕਾਰੀ ਦਿਤੀ ਹੈ।

ਗਿਆਨੀ ਜੀ ਦਸਦੇ ਹਨ ਕਿ ਸੰਤ ਬਾਬਾ ਬਲਵੰਤ ਸਿੰਘ ਜੀ ਧਲੇਰ ਵਾਲੇ ਪੂਰਨ ਬ੍ਰਹਮ ਗਿਆਨੀ ਹੋਏ ਹਨ। ਸਵਾਸ-ਸਵਾਸ ਸਿਮਰਨ ਕਰਨ ਵਾਲੇ ਪਰਉਪਕਾਰੀ ਮਹਾਂਪੁਰਖ ਸਨ। ਉਨ੍ਹਾਂ ਨੇ ਮਾਲਵੇ ਮਾਝੇ ਅਤੇ ਦੁਆਬੇ ਵਿਚ ਨਾਮ-ਬਾਣੀ, ਸੇਵਾ-ਸਿਮਰਨ ਦਾ ਖੁਲ੍ਹਾ ਪ੍ਰਵਾਹ ਚਲਾਇਆ। ਸੰਤ ਬਾਬਾ ਬਲਵੰਤ ਸਿੰਘ ਜੀ ਨੇ 18 ਸਾਲ ਦੀ ਉਮਰ ਵਿਚ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਪਹਿਲੀ ਵਾਰ ਦਰਸ਼ਨ ਕੀਤੇ ਅਤੇ ਸੰਤ ਜੀ ਕੋਲ ਹੀ ਰਹਿ ਗਏ।

ਗਿਆਨੀ ਜੀ ਨੇ ਸੰਤਾਂ ਦੇ ਗੁਣ ਦਸਦੇ ਲਿਖਦੇ ਹਨ ਕਿ ਸੰਤਾਂ ਦੀ ਸੰਗਤ ਕਰਨ ਨਾਲ ਚੋਰ, ਠੱਗ, ਪਾਪੀ, ਪਾਖੰਡੀ ਅਤੇ ਅਕ੍ਰਿਤਘਣ ਵੀ ਸੰਤ ਬਣ ਜਾਂਦੇ ਹਨ। ਸੰਤ ਅਨੇਕ ਮੰਦ ਬੁੱਧੀ ਅਤਿਆਚਾਰੀ ਪਾਪੀ ਨੂੰ ਬ੍ਰਹਮ ਗਿਆਨੀ ਬਣਾਉਣ ਦੀ ਸਮਰੱਥਾ ਰਖਦੇ ਹਨ। ਗਿਆਨੀ ਜੀ ਨੇ ਉਨ੍ਹਾਂ ਮਹਾਂਪੁਰਖਾਂ ਦੀ ਸੂਚੀ ਦਿਤੀ ਹੈ ਜਿਨ੍ਹਾਂ ਨੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨਾਲ ਰਹਿ ਕੇ ਬ੍ਰਹਮ ਗਿਆਨ ਦੀ ਪਦਵੀ ਹਾਸਿਲ ਕੀਤੀ। ਇਨ੍ਹਾਂ ਮਹਾਂਪੁਰਖਾਂ ਦੀ ਗਿਣਤੀ 127 ਦੇ ਕਰੀਬ ਹੈ। ਗਿਆਨੀ ਜੀ ਅਨੁਸਾਰ ਜਿਨ੍ਹਾਂ ਨੇ ਸ੍ਰੀ ਸੰਤ ਜੀ

---

22 ਉਹੀ, ਪੰਨਾ 36.

ਮਹਾਰਾਜ ਦੇ ਪਵਿੱਤਰ ਮੁਖ ਤੋਂ ਕਥਾ ਕੀਰਤਨ, ਉਪਦੇਸ਼ ਸਰਵਨ ਕਰ ਲਿਆ ਉਹ ਸਭ ਸੰਤ ਬਣ ਗਏ।[23] ਇਨ੍ਹਾਂ ਵਿਚ ਸੰਤ ਬਾਬਾ ਬਲਵੰਤ ਸਿੰਘ ਵੀ ਸ਼ਾਮਲ ਹਨ।

ਲੇਖਕ ਨੇ ਬਾਬਾ ਬਲਵੰਤ ਸਿੰਘ ਦੇ ਪਰਿਵਾਰ ਬਾਰੇ ਜਾਣਕਾਰੀ ਦਿਤੀ ਹੈ। ਸੇਵਾ ਦਾ ਮਹੱਤਵ ਦਸਦਿਆਂ ਸੰਤ ਬਾਬਾ ਬਲਵੰਤ ਸਿੰਘ ਦੁਆਰਾ ਕੀਤੇ ਪਰਉਪਕਾਰੀ ਕਾਰਜਾਂ ਦਾ ਵੇਰਵਾ ਦਿਤਾ ਹੈ। ਸੰਤ ਬਾਬਾ ਬਲਵੰਤ ਸਿੰਘ ਜੀ ਨੇ ਗੁਰਦੁਆਰਾ ਸੰਤਪੁਰਾ ਪਿੰਡ ਮਹੇਰਨਾ ਕਲਾਂ ਵਿਖੇ ਗੁਰਮਤਿ ਪ੍ਰਚਾਰ ਕੀਤਾ। ਲੇਖਕ ਨੇ ਸੰਤ ਬਾਬਾ ਬਲਵੰਤ ਸਿੰਘ ਜੀ ਦੀਆਂ ਪਰਉਪਕਾਰ ਭਰੀਆਂ ਸਾਖੀਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਵਿਚ ਉਨ੍ਹਾਂ ਦੁਆਰਾ ਗ੍ਰਿਹਸਥੀ ਮਨੁਖਾਂ ਨੂੰ ਅਨੇਕਾਂ ਦਾਤਾਂ ਦੇਣ ਦਾ ਜ਼ਿਕਰ ਹੈ। ਬਾਬਾ ਬਲਵੰਤ ਸਿੰਘ ਜੀ ਗੁਰਮਤਿ ਅਸੂਲਾਂ ਦੇ ਧਾਰਨੀ ਪੂਰਨ ਗੁਰਸਿੱਖ ਸਨ। ਉਨ੍ਹਾਂ ਦੇ ਉਪਦੇਸ਼ ਨਾਲ ਅਨੇਕਾਂ ਜੀਵ ਸਿੱਖੀ ਨਾਲ ਜੁੜੇ ਅਤੇ ਵਿਕਾਰਾਂ ਅਤੇ ਨਸ਼ਿਆਂ ਦੇ ਤਿਆਗੀ ਬਣੇ।

ਸਮੁਚੇ ਰੂਪ ਵਿਚ ਇਹ ਪੁਸਤਕ ਜਿਥੇ ਬਾਬਾ ਬਲਵੰਤ ਸਿੰਘ ਧਲੇਰ ਵਾਲਿਆਂ ਦੇ ਜੀਵਨ ਦਾ ਸੰਖੇਪ ਵਿਚ ਵਰਣਨ ਕਰਦੀ ਹੈ ਉਥੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਦੀ ਹੈ।

**6. *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ:*** ਇਹ ਪੁਸਤਕ ਗਿਆਨੀ ਜੀ ਦੇ ਸਪੁੱਤਰ ਗਿਆਨੀ ਕੌਰ ਸਿੰਘ ਕੋਠਾ ਗੁਰੂ (ਬਠਿੰਡਾ) ਦੁਆਰਾ 1997 ਈ. ਵਿਚ ਪਹਿਲੀ ਵਾਰ ਪ੍ਰਕਾਸ਼ਿਤ ਹੋਈ। ਇਸਦਾ ਦੂਸਰਾ ਸੰਸਕਰਣ 2007 ਵਿਚ ਅਤੇ ਤੀਜਾ ਸੰਸਕਰਣ 2017 ਵਿਚ ਪ੍ਰਕਾਸ਼ਿਤ ਕੀਤਾ ਗਿਆ। 145 ਪੰਨਿਆਂ ਦੀ ਇਸ ਪੁਸਤਕ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਅੰਕਿਤ ਕੀਤਾ ਗਿਆ ਹੈ। ਪੁਸਤਕ ਨੂੰ ਨੌ ਅਧਿਆਇਆਂ ਵਿਚ ਵੰਡਿਆ ਗਿਆ ਹੈ ਅਤੇ ਸ੍ਰੀ ਦਮਦਮਾ ਸਾਹਿਬ ਨਾਲ ਸੰਬੰਧਿਤ ਸਤ ਚਿਤਰ ਵੀ ਪੇਸ਼ ਕੀਤੇ ਗਏ ਹਨ।

ਭੂਮਿਕਾ ਵਿਚ ਗਿਆਨੀ ਜੀ ਨੇ ਦਸਿਆ ਹੈ ਕਿ ਦਮਦਮਾ ਸਾਹਿਬ ਸਿੱਖ ਪੰਥ ਦਾ ਚੌਥਾ ਤਖ਼ਤ ਹੈ। ਇਸ ਧਰਤੀ 'ਤੇ ਪੰਥ ਦੇ ਮਹਾਨ ਕਾਰਜ ਕੀਤੇ ਗਏ।

ਲੇਖਕ ਨੇ ਪਹਿਲੇ ਅਧਿਆਇ ਵਿਚ ਦਮਦਮਾ ਸਾਹਿਬ ਦੇ ਪ੍ਰਾਚੀਨ ਕਾਲ ਵਿਚ ਧਾਰਮਿਕ ਅਤੇ ਅਧਿਆਤਿਮਕ ਮਹਤਵ ਤੋਂ ਜਾਣੂ ਕਰਵਾਇਆ ਹੈ। ਇਥੋਂ ਵਹਿਣ ਵਾਲੀਆਂ ਨਦੀਆਂ ਦਾ ਜ਼ਿਕਰ ਕੀਤਾ ਹੈ। ਗਿਆਨੀ ਜੀ ਨੇ ਦਸਿਆ ਹੈ ਕਿ ਇਸ ਸਥਾਨ 'ਤੇ ਵੈਦਿਕ ਰਿਸ਼ੀਆਂ ਦਾ ਨਿਵਾਸ ਸੀ। ਰਿਸ਼ੀ ਮਾਰਕੰਡੇ ਨੇ ਇਥੇ ਹੀ ਉਤਰ ਕਾਸ਼ੀ ਦੀ ਸਥਾਪਨਾ ਕੀਤੀ।

ਦੂਜੇ ਅਧਿਆਇ ਵਿਚ ਤਲਵੰਡੀ ਸਾਬੋ ਦੀ ਭੂਗੋਲਿਕ ਸਥਿਤੀ, ਤਲਵੰਡੀ ਵਿਚ ਗੁਰੂ ਸਾਹਿਬਾਨ (ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ) ਦੇ ਆਗਮਨ, ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰੀ ਜੀ ਦੇ ਆਗਮਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ, ਕਥਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਉਤਾਰੇ ਕਰਨ ਬਾਰੇ ਵਿਸਤਾਰ ਨਾਲ ਵਰਣਨ ਕੀਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ

23 ਉਹੀ, *ਸੰਤ ਮਹਾਰਾਜ ਬਾਬਾ ਬਲਵੰਤ ਸਿੰਘ ਧਲੇਰ ਵਾਲੇ,* ਪੰਨਾ 13.

ਜੀ ਨੇ ਦਮਦਮਾ ਸਾਹਿਬ ਦੇ ਅਸਥਾਨ ’ਤੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੀ ਮਰਿਯਾਦਾ ਆਰੰਭ ਕੀਤੀ। ਲੇਖਕ ਨੇ ਪੁਸਤਕ ਵਿਚ ਦਸਮ ਗੁਰੂ ਜੀ ਦੁਆਰਾ ਦਮਦਮਾ ਸਾਹਿਬ ਤੋਂ ਸਿਖ ਸੰਗਤਾਂ ਨੂੰ ਭੇਜੇ ਹੁਕਮਨਾਮੇ ਵੀ ਅੰਕਿਤ ਕੀਤੇ ਹਨ ਜਿਸ ਵਿਚ ਭਾਈ ਤਿਲ੍ਹੋਕ ਸਿੰਘ ਅਤੇ ਬੈਰਾੜਾਂ ਦੀ ਸੰਗਤ ਦੇ ਨਾਮ ’ਤੇ ਲਿਖੇ ਹੁਕਮਨਾਮੇ ਸ਼ਾਮਿਲ ਹਨ।

ਤੀਜੇ ਅਧਿਆਇ ਵਿਚ ਕਰਤਾ ਨੇ ਦਮਦਮਾ ਸਾਹਿਬ ਦੀ ਧਰਤੀ ’ਤੇ ਸਥਿਤ ਇਤਿਹਾਸਕ ਸਥਾਨਾਂ ਬਾਰੇ ਬਿਆਨ ਕੀਤਾ ਹੈ। ਇਹ ਅਸਥਾਨ ਤਖ਼ਤ ਦਮਦਮਾ ਸਾਹਿਬ, ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਅਕਾਲਸਰ ਸਰੋਵਰ, ਲਿਖਣਸਰ, ਮਾਤਾ ਜੀਆਂ ਕਾ ਗੁਰਦੁਆਰਾ, ਥੜਾ ਸਾਹਿਬ, ਦਮਦਮਾ ਸਾਹਿਬ, ਬੁਰਜ ਅਤੇ ਭੋਰਾ ਬਾਬਾ ਦੀਪ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਦਾ ਖੂਹ ਹਨ।

ਚੌਥੇ ਅਧਿਆਇ ਵਿਚ ਕਰਤਾ ਨੇ ਗੁਰੂ ਕਾਸ਼ੀ ਦੇ ਵਿਦਿਅਕ ਖੇਤਰ ਵਿਚ ਪਾਏ ਯੋਗਦਾਨ ਬਾਰੇ ਦਸਿਆ ਹੈ। ਗੁਰੂ ਕਾਸ਼ੀ ਸ੍ਰੀ ਦਮਦਮਾ ਸਾਹਿਬ ਦਾ ਵਿਦਿਆ ਸਾਹਿਤ ਵਿਚ ਵਿਸ਼ੇਸ਼ ਯੋਗਦਾਨ ਉਲੇਖਨੀਯ ਹੈ। ਕਰਤਾ ਨੇ ਉਸ ਸਮੇਂ ਬੁੰਗਿਆਂ ਵਿਚ ਦਿਤੀ ਜਾਣ ਵਾਲੀ ਵਿਦਿਆ ਦੀ ਵਿਧੀ ਅਤੇ ਪਾਠ ਕ੍ਰਮ ਬਾਰੇ ਦਸਿਆ ਹੈ। ਗਿਆਨੀ ਜੀ ਅਨੁਸਾਰ ਉਸ ਸਮੇਂ ਵਿਦਿਆਰਥੀਆਂ ਨੂੰ ਮੁਢਲੀ ਸਿਖਿਆ ਦੇ ਰੂਪ ਵਿਚ ਮੁਹਾਰਨੀ ਕਰਵਾਈ ਜਾਂਦੀ ਸੀ। ਮੁਹਾਰਨੀ ਪੜ੍ਹਨ ਵਾਲੇ ਵਿਦਿਆਰਥੀ ਉਚ ਸਵਰ ਅਤੇ ਵਿਸ਼ੇਸ਼ ਹੇਕ ਦੁਆਰਾ ਮੁਹਾਰਨੀ ਬੁਲਾਉਂਦੇ ਸਨ। ਗਿਆਨੀ ਜੀ ਨੇ ਮੁਹਾਰਨੀ ਦੇ ਉਚਾਰਨ ਬਾਰੇ ਵੀ ਦਸਿਆ ਹੈ। ਮੁਹਾਰਨੀ ਪਰਪੱਕ ਹੋ ਜਾਣ ਤੋਂ ਬਾਅਦ ਦੋ-ਦੋ ਅੱਖਰਾਂ ਦੇ ਸ਼ਬਦ ਬਣਾਉਣ ਦਾ ਅਭਿਆਸ ਕਰਵਾਇਆ ਜਾਂਦਾ ਸੀ। ਵਿਦਿਆਰਥੀਆਂ ਨੂੰ ਪੰਜ ਗ੍ਰੰਥੀ, ਬਾਈ ਵਾਰਾਂ, ਭਾਈ ਗੁਰਦਾਸ ਦੀਆਂ ਵਾਰਾਂ ਪੜ੍ਹਾਈਆਂ ਜਾਂਦੀਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਿਖਾਇਆ ਜਾਂਦਾ ਸੀ। ਜੋ ਵਿਦਿਆਰਥੀਆਂ ਉਚ ਵਿਦਿਆ ਪ੍ਰਾਪਤ ਕਰਨਾ ਚਾਹੁੰਦੇ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀ ਬਾਣੀ, ਭਾਈ ਨੰਦ ਲਾਲ ਦੀਆਂ ਗਜ਼ਲਾਂ, ਗੁਰ ਪ੍ਰਤਾਪ ਸੂਰਜ ਗ੍ਰੰਥ, ਹਿੰਦੂ ਇਤਿਹਾਸ ਦੇ ਗ੍ਰੰਥ ਰਾਮਾਇਣ, ਮਹਾਂ ਭਾਰਤ, ਗੀਤਾ, ਯੋਗ ਵਸ਼ਿਸ਼ਟ, ਅਧਿਆਤਮ ਰਾਮਾਇਣ, ਹਨੂੰਮਾਨ ਨਾਟਕ ਆਦਿ ਗ੍ਰੰਥਾਂ ਦਾ ਅਧਿਐਨ ਕਰਵਾਇਆ ਜਾਂਦਾ। ਗੁਰੂ ਕਾਸ਼ੀ ਦੀ ਇਹ ਟਕਸਾਲ ਵਰਤਮਾਨ ਸਮੇਂ ਬੁੰਗਾ ਮਸਤੂਆਣਾ ਵਿਚ ਚਲ ਰਹੀ ਹੈ। ਇਥੇ ਗੁਰਬਾਣੀ ਦਾ ਪਾਠ, ਅਰਥ, ਸਿੱਖ ਇਤਿਹਾਸ ਅਤੇ ਕੀਰਤਨ ਸਿਖਾਇਆ ਜਾਂਦਾ ਹੈ।

ਪੰਜਵੇ ਅਧਿਆਇ ਵਿਚ ਗਿਆਨੀ ਜੀ ਨੇ ਦਮਦਮੀ ਅਰਥਾਂ ਦੀ ਸੰਪ੍ਰਦਾਇ ਬਾਰੇ ਜਾਣਕਾਰੀ ਦਿਤੀ ਹੈ। ਭਾਈ ਮਨੀ ਸਿੰਘ ਜੀ ਨੇ ਅੰਮ੍ਰਿਤਸਰ ਵਿਚ ਅਤੇ ਬਾਬਾ ਦੀਪ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ, ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮੁਖਵਾਕ ਤੋਂ ਸੁਣੇ ਗੁਰਬਾਣੀ ਦੇ ਅਰਥ ਵਿਦਿਆਰਥੀਆਂ ਨੂੰ ਪੜ੍ਹਾਉਣੇ ਅਤੇ

ਪ੍ਰਚਾਰਨੇ ਆਰੰਭ ਕੀਤੇ। ਦਸਵੇ ਪਾਤਸ਼ਾਹ ਦੁਆਰਾ ਉਚਾਰਨ ਕੀਤੇ ਅਰਥ ਸਿੱਖ ਪੰਥ ਵਿਚ ਅਰਥ ਪ੍ਰਣਾਲੀ, ਅਰਥਾਂ ਦੀ ਸੰਪ੍ਰਦਾਇ, ਦਮਦਮੀ ਅਰਥਾਂ ਦੀ ਸੰਪ੍ਰਦਾਇ, ਅਤੇ ਦਮਦਮੀ ਟਕਸਾਲ ਦੇ ਨਾਮ ਨਾਲ ਪ੍ਰਸਿਧ ਹਨ।[24]

ਗਿਆਨੀ ਜੀ ਨੇ ਦਮਦਮਾ ਸਾਹਿਬ ਵਿਖੇ ਬੁੰਗਾ ਮਸਤੂਆਣਾ ਦੀ ਸਥਾਪਨਾ ਬਾਰੇ ਅਤੇ ਉਥੇ ਕਥਾਕਾਰ ਦੇ ਵਜੋਂ ਸੇਵਾ ਨਿਭਾ ਚੁੱਕੇ ਵਿਦਵਾਨਾਂ ਦਾ ਜ਼ਿਕਰ ਕੀਤਾ ਹੈ। ਬੁੰਗਾ ਮਸਤੂਆਣਾ ਦੀ ਸਥਾਪਨਾ 1923 ਈ. ਵਿਚ ਹੋਈ। ਕਰਤਾ ਨੇ ਦਮਦਮਾ ਸਾਹਿਬ ਵਿਚ ਖੋਲ੍ਹੇ ਗਏ ਵਿਦਿਅਕ ਅਦਾਰਿਆਂ ਦਾ ਵੀ ਜ਼ਿਕਰ ਕੀਤਾ ਹੈ ਜਿਸ ਵਿਚ ਖ਼ਾਲਸਾ ਹਾਈ ਸਕੂਲ, ਗੁਰੂ ਕਾਸ਼ੀ ਕਾਲਜ, ਗੁਰੂ ਕਾਸ਼ੀ ਗੁਰਮਤਿ ਮਹਾਂਵਿਦਿਆਲਯ ਅਤੇ ਦਸ਼ਮੇਸ਼ ਪਬਲਿਕ ਸਕੂਲ ਆਦਿ ਸ਼ਾਮਿਲ ਹਨ।

ਅਗਲੇ ਅਧਿਆਇ ਵਿਚ ਗਿਆਨੀ ਜੀ ਨੇ ਲਿਖਾਰੀ ਟਕਸਾਲ ਬਾਰੇ ਜਾਣਕਾਰੀ ਦਿਤੀ ਹੈ। ਗੁਰੂ ਕਾਸ਼ੀ ਗੁਰਮੁਖੀ ਲਿਪੀ ਦੇ ਲਿਖਾਰੀਆਂ ਦਾ ਕੇਂਦਰ ਸੀ ਜਿਸ ਦੀ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਇਥੇ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਦੀਆਂ ਪੋਥੀਆਂ ਅਤੇ ਗੁਰ ਇਤਿਹਾਸ ਦੇ ਗ੍ਰੰਥਾਂ ਦੀ ਲਿਖਾਈ ਹੁੰਦੀ ਸੀ। ਕਰਤਾ ਨੇ ਲਿਖਣ ਸ਼ੈਲੀ ਬਾਰੇ ਵੀ ਜਾਣਕਾਰੀ ਦਿਤੀ ਹੈ।

ਸਤਵੇਂ ਅਧਿਆਇ ਵਿਚ ਲੇਖਕ ਨੇ ਗੁਰਮੁਖੀ ਛਾਪੇਖ਼ਾਨੇ ਬਾਰੇ ਜਾਣਕਾਰੀ ਦਿਤੀ ਹੈ ਜਿਸ ਵਿਚ ਦਸਿਆ ਹੈ ਕਿ ਗੁਰਮੁਖੀ ਲਿਪੀ ਨੂੰ ਸੁੰਦਰ ਤੇ ਸਰਵ ਪ੍ਰਿਯ ਬਣਾਉਣ ਵਿਚ ਸੰਤ ਹੀਰਾ ਸਿੰਘ ਜੀ ਦੀ ਘਾਲਣਾ ਦਮਦਮਾ ਸਾਹਿਬ ਵਾਸਤੇ ਮਾਣ ਵਾਲੀ ਗੱਲ ਹੈ।

ਅੱਠਵੇ ਅਧਿਆਇ ਵਿਚ ਗਿਆਨੀ ਜੀ ਨੇ ਗੁਰੂ ਕਾਸ਼ੀ ਵਿਖੇ ਵਿਸਾਖੀ ਦੇ ਤਿਉਹਾਰ ਨੂੰ ਮਨਾਏ ਜਾਣ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ। ਲੇਖਕ ਨੇ ਦਮਦਮਾ ਸਾਹਿਬ ਵਿਖੇ ਸਥਿਤ ਬੁੰਗਿਆਂ ਬਾਰੇ ਵਰਣਨ ਕੀਤਾ ਹੈ। ਇਨ੍ਹਾਂ ਬੁੰਗਿਆ ਵਿਚ ਉੱਚਾ ਬੁੰਗਾ, ਬੁੰਗਾ ਲਿਖਣਸਰ, ਬੁੰਗਾ ਮਦਰਸਾ, ਬੁੰਗਾ ਲਿਖਾਰੀਆਂ, ਬੁੰਗਾ ਕੱਟੂ ਵਾਲਾ, ਮਲਵਈ ਬੁੰਗਾ, ਨੀਵਾਂ ਬੁੰਗਾ, ਬੁੰਗਾ ਜੰਡਸਰ, ਬੁੰਗਾ ਬਾਰਾਂਦਰੀ, ਬੁੰਗਾ ਭਾਈ ਚੇਤ ਸਿੰਘ ਵਾਲਾ, ਬੁੰਗਾ ਬਾਬਾ ਖੜਕ ਸਿੰਘ ਵਾਲਾ, ਬੁੰਗਾ ਮਜ਼ਹਬੀ ਸਿੰਘਾਂ ਦਾ ਆਦਿ ਸ਼ਾਮਲ ਹਨ।

ਅਖੀਰ ਵਿਚ ਕਰਤਾ ਨੇ ਧਾਰਮਿਕ ਮਹਾਂਵਿਦਿਆਲਯ ਬੁੰਗਾ ਮਸਤੂਆਣਾ ਬਾਰੇ ਵਿਸਤਾਰ ਨਾਲ ਵਰਣਨ ਕੀਤਾ ਹੈ ਜਿਸ ਵਿਚ ਬੁੰਗਾ ਮਸਤੂਆਣਾ ਦੇ ਪੁਰਾਤਨ ਸਮੇਂ ਤੋਂ ਲੈ ਕੇ ਵਰਤਮਾਨ ਤਕ ਦੇ ਵਿਕਾਸ ਬਾਰੇ ਦਸਿਆ ਹੈ।

ਸਮੁਚੇ ਰੂਪ ਵਿਚ ਇਹ ਪੁਸਤਕ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਇਤਿਹਾਸ 'ਤੇ ਚਾਨਣਾ ਪਾਉਂਦੀ ਹੈ।

**7. *ਸ੍ਰੀ ਨਿਰਮਲ ਪੰਥ ਬੋਧ:*** ਇਹ ਰਚਨਾ ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ (ਹਰਿਦੁਆਰ) ਦੁਆਰਾ 1998 ਈ. ਨੂੰ ਪ੍ਰਕਾਸ਼ਿਤ ਕੀਤੀ ਗਈ। ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਦੀ ਇਹ ਸ਼ਾਹਕਾਰ ਅਤੇ ਵਡ ਆਕਾਰੀ ਰਚਨਾ ਹੈ ਜਿਸ ਵਿਚ ਨਿਰਮਲ ਭੇਖ ਦਾ ਖੋਜ ਪੂਰਤ ਇਤਿਹਾਸ ਅੰਕਿਤ ਕੀਤਾ ਗਿਆ

---

24 ਉਹੀ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ*, ਪੰਨਾ 86

ਹੈ। 1075 ਪੰਨਿਆਂ ਦਾ ਇਹ ਗ੍ਰੰਥ ਨਿਰਮਲ ਪੰਥ ਦੇ ਕੋਸ਼ ਦਾ ਕੰਮ ਕਰਦਾ ਹੈ। ਇਸ ਨੂੰ ਦੋ ਭਾਗਾਂ ਵਿਚ ਵੰਡਿਆਂ ਗਿਆ ਹੈ। ਪਹਿਲੇ ਭਾਗ ਵਿਚ ਨਿਰਮਲ ਪੰਥ ਦੇ ਇਤਿਹਾਸ ਅਤੇ ਯੋਗਦਾਨ ਬਾਰੇ ਵਰਣਨ ਕੀਤਾ ਹੈ। ਦੂਜੇ ਭਾਗ ਵਿਚ ਨਿਰਮਲ ਪੰਥ ਦੀਆਂ ਸਾਰੀਆਂ ਸੰਪ੍ਰਦਾਵਾਂ ਅਤੇ ਡੇਰਿਆਂ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿਤੀ ਗਈ ਹੈ। ਪਹਿਲੇ ਭਾਗ ਵਿਚ 44 ਲੇਖ ਅਤੇ ਦੂਜੇ ਭਾਗ ਵਿਚ 35 ਲੇਖ ਅੰਕਿਤ ਕੀਤੇ ਗਏ ਹਨ।

ਕਰਤਾ ਨੇ ਨਿਰਮਲ ਪੰਥ ਦੇ ਆਰੰਭ, ਨਾਮਕਰਣ ਬਾਰੇ ਹਵਾਲੇ ਸਹਿਤ ਦਸਿਆ ਹੈ। ਗਿਆਨੀ ਬਲਵੰਤ ਸਿੰਘ ਨੇ ਨਿਰਮਲ ਪੰਥ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਮੰਨਦੇ ਹੋਏ ਭਾਈ ਭਾਗੀਰਥ ਨੂੰ ਪਹਿਲਾਂ ਨਿਰਮਲਾ ਦਸਿਆ ਹੈ। ਗਿਆਨੀ ਜੀ ਅਨੁਸਾਰ ਸਤਿਗੁਰੂ ਨਾਨਕ ਦੇਵ ਜੀ ਦੇ ਪੈਰੋਕਾਰਾਂ ਦੀ ਸੰਗਤ ਦਾ ਸੰਪ੍ਰਦਾਈ ਨਾਉ 'ਨਿਰਮਲ ਪੰਥ' ਹੈ।[25] ਨਿਰਮਲ ਦਾ ਅਰਥ ਮੈਲ ਰਹਿਤ, ਪ੍ਰਕਾਸ਼ ਉਜਾਲਾ ਰੋਸ਼ਨ, ਕਲੰਕ ਰਹਿਤ ਸ੍ਰੇਸ਼ਟਾਚਾਰੀ, ਨਿਰਵੈਰ, ਅਵਿਦਿਆ ਮੈਲ ਰਹਿਤ ਕਰਦੇ ਹਨ। ਅਸਲ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਗੁਰੂ ਜੀ ਤਕ ਗੁਰਸਿਖੀ ਦੀ ਸੰਪ੍ਰਦਾਇ ਦਾ ਨਾਮ ਨਿਰਮਲ ਪੰਥ ਹੀ ਪ੍ਰਸਿਧ ਸੀ। ਖਾਲਸਾ, ਸਹਿਜਧਾਰੀ, ਸਹਿਲੰਗ ਆਦਿ ਉਪਸ਼ਾਖਾ ਸਨ।[26]

ਕਰਤਾ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪਾਉਂਟਾ ਸਾਹਿਬ ਵਿਖੇ ਪੰਜ ਸਿੰਘਾਂ (ਸੰਤ ਕਰਮ ਸਿੰਘ, ਸੰਤ ਰਾਮ ਸਿੰਘ, ਸੰਤ ਗੰਢਾ ਸਿੰਘ, ਸੰਤ ਵੀਰ ਸਿੰਘ, ਸੰਤ ਸੈਣਾ ਸਿੰਘ) ਦੀ ਚੋਣ ਕਰਕੇ ਵਿਦਿਆ ਪ੍ਰਾਪਤ ਕਰਨ ਲਈ ਕਾਸ਼ੀ ਭੇਜਣ, ਨਿਰਮਲੇ ਸੰਤਾਂ ਦਾ ਵਿਦਿਆ ਪ੍ਰਾਪਤ ਕਰਕੇ ਵਾਪਸ ਆਉਣਾ ਅਤੇ ਖਾਲਸਾ ਪੰਥ ਦੀ ਸਾਜਨਾ ਕਰਨ ਬਾਰੇ ਵਿਸਤਾਰ ਨਾਲ ਬਿਆਨ ਕੀਤਾ ਹੈ। ਪੰਜ ਨਿਰਮਲੇ ਸਿੰਘ ਭਗਵੇਂ ਵਸਤਰ ਧਾਰਨ ਕਰਕੇ, ਗਾਤੀਆਂ ਲਾ ਕੇ, ਚਿਪੀਆਂ ਲਾਕੇ ਕਾਸ਼ੀ ਸੰਸਕ੍ਰਿਤ ਦੀ ਵਿਦਿਆ ਹਾਸਲ ਕਰਨ ਲਈ ਗਏ। ਜਦੋਂ ਇਹ ਸਿੰਘ ਵਿਦਿਆ ਪ੍ਰਾਪਤ ਕਰਕੇ 13 ਸਾਲ ਮਗਰੋਂ ਵਾਪਸ ਪਰਤੇ ਤਾਂ ਉਸ ਸਮੇਂ ਖਾਲਸਾ ਪੰਥ ਦੀ ਸਾਜਨਾ ਹੋ ਚੁਕੀ ਸੀ। ਇਨ੍ਹਾਂ ਨਿਰਮਲੇ ਮਹਾਂਪੁਰਖਾਂ ਨੇ ਵੀ ਸਤਿਗੁਰੂ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।[27]

ਦਸਮ ਗੁਰੂ ਜੀ ਨੇ ਨਿਰਮਲੇ ਮਹਾਂਪੁਰਖਾਂ ਦੀ ਕਰਨੀ, ਘਾਲਣਾ, ਸਿਮਰਨ, ਜਪ-ਤਪ, ਵਿਦਿਆ, ਵਿਵੇਕ, ਸਬਰ, ਸੰਤੋਖ, ਤਿਆਗ ਵੇਖ ਕੇ ਕਈ ਵਾਰ ਵਰਦਾਨ ਬਖਸ਼ੇ ਹਨ ਜਿਨ੍ਹਾਂ ਨੂੰ ਸਿੱਖ ਪੰਥ ਵਿਚ 'ਦਸ ਬਖਸ਼ੀਸ਼ਾਂ' ਕਿਹਾ ਜਾਂਦਾ ਹੈ। ਗਿਆਨੀ ਜੀ ਨੇ ਨਿਰਮਲੇ ਮਹਾਂਪੁਰਖਾਂ ਨੂੰ ਪ੍ਰਾਪਤ ਇਨ੍ਹਾਂ ਬਖਸ਼ੀਸ਼ਾਂ ਦਾ ਵਿਸਤਾਰ ਨਾਲ ਵਰਣਨ ਕੀਤਾ ਹੈ।

ਕਰਤਾ ਨੇ ਨਿਰਮਲੇ ਸੰਤਾਂ ਦੀ ਉਪਕਾਰ ਭਰੀ ਸੇਵਾ ਬਾਰੇ ਦਸਿਆ ਹੈ ਜਿਸ ਵਿਚ ਉਨ੍ਹਾਂ ਨੇ ਕਥਾ ਵਿਖਿਆਨ, ਰਾਗ ਕੀਰਤਨ, ਮੰਡਲੀਆਂ, ਸ਼ਾਸ਼ਤ੍ਰਾਥ ਦੁਆਰਾ ਗੁਰਮਤਿ ਦਾ ਪ੍ਰਚਾਰ ਕਰਨ ਵਾਲੇ ਨਿਰਮਲੇ ਮਹਾਂਪੁਰਖਾਂ ਦਾ ਵੇਰਵਾ ਦਿਤਾ ਹੈ। ਨਿਰਮਲੇ ਸੰਤ ਜਿਥੇ ਆਪ ਵਿਦਿਆ ਦਾ ਅਧਿਐਨ ਕਰਦੇ ਉਥੇ ਉਨ੍ਹਾਂ ਨੇ

---

25 ਉਹੀ, *ਸ੍ਰੀ ਨਿਰਮਲ ਪੰਥ ਬੋਧ,* ਪੰਨਾ 5.

26 ਉਹੀ, ਪੰਨਾ 7.

27 ਉਹੀ, ਪੰਨਾ 15.

ਵਿਦਿਆ ਪ੍ਰਚਾਰ ਵਾਸਤੇ ਵਿਦਿਆਲਯ ਵੀ ਕਾਇਮ ਕੀਤੇ। ਇਨ੍ਹਾਂ ਵਿਦਿਆਲਯ ਵਿਚ ਗੁਰਬਾਣੀ ਦੇ ਅਰਥ ਬੋਧ, ਸਿਖ ਇਤਿਹਾਸ ਅਤੇ ਭਾਸ਼ਾ ਦੇ ਗ੍ਰੰਥ ਪੜ੍ਹਾਏ ਜਾਂਦੇ। ਕਰਤਾ ਨੇ ਇਨ੍ਹਾਂ ਵਿਦਿਆਲਯ ਵਿਚ ਬੁੰਗਾ ਮਸਤੂਆਣਾ (ਤਲਵੰਡੀ ਸਾਬੋ), ਨਿਰਮਲ ਆਸ਼ਰਮ ਖਡੂਰ ਸਾਹਿਬ, ਗੁਰਦੁਆਰਾ ਗੁਰੂਸਰ ਧਨੌਲਾ, ਡਗਿਆਨਾ ਆਸ਼ਰਮ ਜੰਮੂ, ਭਿੰਡਰ ਕਲਾਂ, ਗੁਰਦੁਆਰਾ ਕੀਰਤਪੁਰ ਪਿੰਡ ਸ਼ੇਖਪੁਰਾ (ਬਠਿੰਡਾ), ਬੁੰਗਾ ਭਿੰਡਰਾਂ ਵਾਲਾ (ਅੰਮ੍ਰਿਤਸਰ), ਡੇਰਾ ਪੰਜ ਗਰਾਈ ਕਲ੍ਹਾਂ, ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ (ਹਰਿਦੁਆਰ), ਲਾਹੌਰੀ ਟੋਲਾ ਵਾਰਾਣਸੀ ਆਦਿ ਬਾਰੇ ਜਾਣਕਾਰੀ ਦਿਤੀ ਹੈ।

ਗਿਆਨੀ ਜੀ ਨੇ ਚਕਿਤਸਾ ਦੁਆਰਾ, ਜੋਤਿਸ਼ ਵਿਗਿਆਨ ਅਤੇ ਯੋਗ ਅਭਿਆਸ ਦੁਆਰਾ ਸੇਵਾ ਕਰਨ ਵਾਲੇ ਮਹਾਂਪੁਰਖਾਂ ਬਾਰੇ ਵਰਣਨ ਕੀਤਾ ਹੈ। ਨਿਰਮਲੇ ਮਹਾਂਪੁਰਖਾਂ ਨੇ ਸਾਹਿਤਕ ਖੇਤਰ ਵਿਚ ਅਦੁਤੀ ਯੋਗਦਾਨ ਪਾਇਆ। ਗਿਆਨੀ ਜੀ ਨੇ ਸਾਹਿਤਕ ਖੇਤਰ ਵਿਚ ਯੋਗਦਾਨ ਪਾਉਣ ਵਾਲੇ ਨਿਰਮਲੇ ਵਿਦਵਾਨਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਵੇਰਵਾ ਦਿੰਦੇ ਹੋਏ ਰਚਨਾਵਾਂ ਦੇ ਨਮੂਨੇ ਵੀ ਪੇਸ਼ ਕੀਤੇ ਹਨ। ਸਭ ਤੋਂ ਪਹਿਲਾਂ ਨਿਰਮਲ ਪੰਥ ਦੇ ਪ੍ਰਸਿਧ ਵਿਦਵਾਨ ਪੰਡਿਤ ਗੁਲਾਬ ਸਿੰਘ ਬਾਰੇ ਜਾਣਕਾਰੀ ਦਿਤੀ ਹੈ। ਉਨ੍ਹਾਂ ਨੇ *ਭਾਵਰਸਾਮ੍ਰਿਤ, ਮੋਕਸ਼ ਪੰਥ ਪ੍ਰਕਾਸ਼, ਅਧਿਆਤਮ ਰਾਮਾਯਣ, ਪ੍ਰਬੋਧ ਚੰਦ੍ਰੋਦਯ ਨਾਟਕ* ਆਦਿ ਗ੍ਰੰਥਾਂ ਦੀ ਰਚਨਾ ਕੀਤੀ। ਚੂੜਾਮਣਿ ਮਹਾਂ ਕਵੀ ਭਾਈ ਸੰਤੋਖ ਸਿੰਘ ਨੇ *ਨਾਮ ਕੋਸ਼, ਗੁਰ ਨਾਨਕ ਪ੍ਰਕਾਸ਼, ਜਪੁ ਜੀ ਦਾ ਗਰਬ ਗੰਜਨੀ ਟੀਕਾ, ਆਤਮ ਪੁਰਾਨ ਅਨੁਵਾਦ, ਬਾਲਮੀਕੀ ਰਾਮਾਯਨ ਅਨੁਵਾਦ* ਅਤੇ *ਗੁਰ ਪ੍ਰਤਾਪ ਸੂਰਜ (ਸੂਰਜ ਪ੍ਰਕਾਸ਼)* ਆਦਿ ਗ੍ਰੰਥਾਂ ਦੀ ਰਚਨਾ ਕੀਤੀ। ਪੰਡਿਤ ਤਾਰਾ ਸਿੰਘ ਨਰੋਤਮ ਨੇ *ਸ੍ਰੀ ਮੋਕਸ਼ ਪੰਥ ਪ੍ਰਕਾਸ਼ ਦਾ ਟੀਕਾ ਸ੍ਵੰਯੰ ਪ੍ਰਭਾ ਵਿਵਰਣ, ਸੁਰਤਰੁ ਕੋਸ਼, ਸ੍ਰੀ ਗੁਰਮਤ ਨਿਰਣਯ ਸਾਗਰ, ਅਕਾਲ ਮੂਰਤਿ ਪ੍ਰਦਰਸ਼ਨ, ਟੀਕਾ ਗੁਰਭਾਵ ਦੀਪਕਾ, ਭਗਤ ਬਾਣੀ ਦਾ ਟੀਕਾ, ਗੁਰਤੀਰਥ ਸੰਗ੍ਰਹਿ, ਸ੍ਰੀ ਰਾਗ ਟੀਕਾ* ਅਤੇ *ਗੁਰ ਗਿਰਾਰਥ ਕੋਸ਼* ਆਦਿ ਗ੍ਰੰਥਾਂ ਦੀ ਰਚਨਾ ਕਰਕੇ ਸਿੱਖ ਸਾਹਿਤ ਵਿਚ ਯੋਗਦਾਨ ਪਾਇਆ। ਗਿਆਨੀ ਗਿਆਨ ਸਿੰਘ ਜੀ ਨੇ 35 ਗ੍ਰੰਥਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚ 26 ਪੰਜਾਬੀ ਵਿਚ ਅਤੇ 9 ਉਰਦੂ ਵਿਚ ਹਨ। ਪੰਜਾਬੀ ਵਿਚ *ਸ੍ਰੀ ਗੁਰੂ ਪੰਥ ਪ੍ਰਕਾਸ਼, ਤਵਾਰੀਖ ਗੁਰੂ ਖਾਲਸਾ, ਸ਼ਮਸ਼ੇਰ ਖਾਲਸਾ, ਰਾਜ ਖਾਲਸਾ, ਸਰਦਾਰ ਖਾਲਸਾ, ਪੰਥ ਖਾਲਸਾ, ਨਿਰਮਲ ਪੰਥ ਪ੍ਰਦੀਪਕਾ, ਖਾਲਸਾ ਪਤਤ ਪਾਵਨ, ਸੂਰਜ ਪ੍ਰਕਾਸ਼, ਗੁਰ ਧਾਮ ਸੰਗ੍ਰਹਿ, ਕਥਾ ਪੂਰਨਮਾਸ਼ੀ, ਰਿਪਦਮਨ ਪ੍ਰਕਾਸ਼, ਭੁਪਿੰਦਰਾ ਨੰਦ, ਤਵਾਰੀਖ ਅੰਮ੍ਰਿਤਸਰ, ਤਵਾਰੀਖ ਲਾਹੌਰ, ਗੁਰਪੁਰਬ ਪ੍ਰਕਾਸ਼, ਇਤਿਹਾਸ ਰਿਆਸਤ ਬਾਗੜੀਆਂ, ਅੰਮ੍ਰਿਤ ਪ੍ਰਕਾਸ਼, ਨੀਤੀ ਪ੍ਰਕਾਸ਼, ਅਨਿਕ ਪ੍ਰਕਾਰ, ਦੋਹਾਵਲੀ, ਪ੍ਰਸ਼ਨਤ੍ਰੀ, ਭੇਖ ਪ੍ਰਭਾਕਰ, ਪੰਜਾਬੀ ਸੀਹਰਫੀ, ਇਕ ਆਯੂਰਵੈਦਿਕ ਗ੍ਰੰਥ, ਸ੍ਵੈ ਜੀਵਨ ਕਥਾ* ਆਦਿ ਹਨ। ਉਰਦੂ ਵਿਚ *ਤਵਾਰੀਖ ਗੁਰੂ ਖਾਲਸਾ, ਸ਼ਮਸ਼ੇਰ ਖਾਲਸਾ, ਰਾਜ ਖਾਲਸਾ, ਸਰਦਾਰ ਖਾਲਸਾ, ਪੰਥ ਖਾਲਸਾ, ਗੁਰ ਧਾਮ ਸੰਗ੍ਰਹਿ, ਤਵਾਰੀਖ ਸ੍ਰੀ ਅੰਮ੍ਰਿਤਸਰ, ਤਵਾਰੀਖ ਲਾਹੌਰ* ਅਤੇ *ਸਵਾਨਿਹ ਉਮਰੀ ਗਿਆਨੀ ਗਿਆਨ ਸਿੰਘ* ਹਨ।

ਸੰਤ ਨਿਹਾਲ ਸਿੰਘ ਕਵੀਂਦ੍ਰ ਨੇ *ਕਵੀਂਦ੍ਰ ਪ੍ਰਕਾਸ਼, ਸ੍ਰੀ ਵੇਦਾਂਤੀ ਬਾਰ੍ਹਾਂ ਮਾਂਹ, ਖੋੜਸ ਤਿਥਾਂ ਵੇਦਾਂਤੀ, ਸ੍ਰੀ ਮਹਾਂਵਾਕ ਪ੍ਰਕਾਸ਼ ਗ੍ਰੰਥ, ਸ੍ਰੀ ਭਵ ਸਾਗਰ ਸੇਤ, ਸ੍ਰੀ ਦੋਹਰਾ ਭੇਦਾਵਲੀ, ਸੱਤ ਵਾਰ ਵੇਦਾਂਤੀ, ਸੁਧਾ ਸਰੀ ਸ਼ਤਕ ਪਚੀਸਾ, ਸ੍ਰੀ ਮੁਹਾਰਨੀ ਕੀ ਦੋਹਾ ਭੇਦਾਵਲੀ, ਸ੍ਰੀ ਵਰਣੀ ਸਵੱਯੇ ਭੇਦਾਵਲੀ, ਸ੍ਰੀ ਕਵੀਂਦ੍ਰ ਕਬਿਤਾਵਲੀ, ਨ੍ਰਿਪਖ ਵਾਕ* ਆਦਿ ਗ੍ਰੰਥਾਂ ਦੀ ਰਚਨਾ ਕੀਤੀ। ਨਿਰਮਲੇ ਵਿਦਵਾਨ ਸੰਤ ਸੰਪੂਰਨ ਸਿੰਘ ਜੀ ਨੇ *ਗੁਰਮਤ ਸਿਧਾਂਤ ਬਯੋਗ, ਗੁਰਮਤ ਸਿਧਾਂਤ ਯੋਗ, ਕਿਸਮਤ ਦਾ ਧਨੀ, ਉਨਤੀ ਦਾ ਮਾਰਗ, ਸਿੱਖ ਕਿਸ ਨੂੰ ਆਖਦੇ ਹਨ, ਸਫਲ ਜੀਵਨ ਭਾਈ ਜੈਮਲ ਸਿੰਘ ਜੀ ਵੈਦ, ਅਕਾਲੀ ਯੋਧਾ, ਗਿਆਨ ਮਾਰਗ, ਸੁਧਰਮ ਮਾਰਗ ਗ੍ਰੰਥ, ਲੈਕਚਰ ਵਿਖਿਆਨ ਸਾਗਰ, ਸਿੱਖੀ ਜੀਵਨ, ਸਿਧਾਂਤ ਬੋਧਨੀ ਟੀਕਾ (ਕਬਿੱਤ ਸਵੈਯਾ ਭਾਈ ਗੁਰਦਾਸ ਜੀ), ਜੀਵਨ ਭਾਈ ਗੁਰਦਾਸ, ਗੁਰੂ ਪਦ ਪ੍ਰਬੋਧ, ਰਹਿਤ ਨਾਮੇ, ਟੀਕਾ ਭਗਤ ਬਾਣੀ ਮਰਮ ਬੋਧਨੀ ਟੀਕੇ ਸਮੇਤ, ਮੌਜ ਸਦਾ ਨੰਦੀ, ਮੌਤ ਰਹਸਯ, ਸ੍ਰੀ ਆਨੰਦ ਭਾਸਕਰ, ਆਦਰਸ਼ ਦੇਵੀ, ਜੀਵਨ ਗਾਥਾ (ਸ੍ਵੈ ਜੀਵਨੀ)* ਆਦਿ ਗ੍ਰੰਥਾਂ ਦੀ ਰਚਨਾ ਕੀਤੀ।

ਗਿਆਨੀ ਬਦਨ ਸਿੰਘ ਜੀ ਸੇਖਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕਰਨ ਵਾਲੇ ਪਹਿਲੇ ਵਿਦਵਾਨ ਸਨ। ਗਿਆਨੀ ਜੀ ਨੇ ਉਨ੍ਹਾਂ ਦੀ ਵਿਆਖਿਆਕਾਰੀ ਬਾਰੇ ਸੰਖੇਪ ਵਿਚ ਜਾਣਕਾਰੀ ਦਿਤੀ ਹੈ। ਪੰਡਿਤ ਦੇਵਾ ਸਿੰਘ ਜੀ ਦੇਵਪੁਰਾ ਨੇ *ਅਧਯਾਤਮ ਅਨੁਭਵ ਵਿਵੇਕ, ਜਪੁ ਪ੍ਰਦੀਪ, ਸਿਧ ਗੋਸ਼ਟ, ਸੁਮਨ ਵਿਚਾਰ, ਫਨਾਹ ਦਾ ਮਕਾਨ, ਮ੍ਰਿਤਯੁ ਚਿੰਨ੍ਹ ਪ੍ਰਦੀਪਕਾ, ਪੈਂਤੀਸ ਅੱਖਰੀ, ਗੁਰਬਾਣੀ ਦੇ ਕਠਨ ਪਦਾਂ ਦੇ ਪਰਿਆਏ* ਆਦਿ ਗ੍ਰੰਥਾਂ ਦੀ ਰਚਨਾ ਕੀਤੀ। ਠਾਕਰ ਨਿਹਾਲ ਸਿੰਘ ਜੀ ਥੋਹਾ ਖਾਲਸਾ ਨੇ ਜਾਪੁ ਸਾਹਿਬ ਦਾ ਟੀਕਾ *ਚਕ੍ਰਧਰ ਚਰਿਤ੍ਰ ਚਾਰਚੰਦ੍ਰਕਾ* ਟੀਕਾ ਕੀਤਾ। ਇਸ ਤੋਂ ਇਲਾਵਾ *ਖਾਲਸਾ ਸ਼ਤਕ* ਅਤੇ *ਗੁਰੂ ਬਿਲਾਸ ਗੁਰੂ ਗੋਬਿੰਦ ਸਿੰਘ ਸਾਹਿਬ* ਗ੍ਰੰਥਾਂ ਦੀ ਰਚਨਾ ਕੀਤੀ।

ਕਰਤਾ ਨੇ ਨਿਰਮਲ ਭੇਖ ਦੀ ਪ੍ਰਮੁਖ ਸੰਪ੍ਰਦਾਇ ਮਹਿਮਾ ਸ਼ਾਹੀ ਸੰਪ੍ਰਦਾਇ ਦੇ ਮਹਾਂਪੁਰਖਾਂ ਦੁਆਰਾ ਪਾਏ ਸਾਹਿਤਕ ਯੋਗਦਾਨ ਦਾ ਵਰਣਨ ਕੀਤਾ ਹੈ। ਗਿਆਨੀ ਜੀ ਅਨੁਸਾਰ ਮਹਿਮਾ ਸ਼ਾਹੀ ਸੰਤਾਂ ਦਾ ਅਧਿਆਤਮਕ ਸੰਗ੍ਰਹਿ ਇਕ ਪਾਵਨ ਅਪ੍ਰਕਾਸ਼ਤ ਗ੍ਰੰਥ ਵਿਚ ਸੁਰੱਖਿਅਤ ਹੈ ਜਿਸ ਵਿਚ 8 ਮਹਾਂਪੁਰਖਾਂ ਦੀ ਰਚਨਾ ਸ਼ਾਮਲ ਹੈ, ਇਹ ਮਹਾਂਪੁਰਖ ਸ੍ਰੀ ਸੰਤ ਮੋਹਰ ਸਿੰਘ ਜੀ ਮਹਿਮਾ ਸ਼ਾਹ, ਸ੍ਰੀ ਸੰਤ ਬੀਰ ਸਿੰਘ ਜੀ ਰੰਗਰੇਜ, ਸੰਤ ਖੂਬ ਦਿਆਲ ਸਿੰਘ ਜੀ, ਸ੍ਰੀ ਸੰਤ ਮਨ ਮਸਤਾਨ ਸਿੰਘ ਜੀ, ਸੰਤ ਭੂਪਾਲ ਸਿੰਘ ਜੀ, ਸੰਤ ਮਾਨ ਸਿੰਘ ਜੀ, ਸੰਤ ਖੁਸ਼ਹਾਲ ਸਿੰਘ ਜੀ ਅਤੇ ਸੰਤ ਬੇਪ੍ਰਵਾਹ ਜੀ ਹਨ। ਗਿਆਨੀ ਜੀ ਨੇ ਇਨ੍ਹਾਂ ਸਾਰੇ ਮਹਾਂਪੁਰਖਾਂ ਦੀ ਕਾਵਿ ਸ਼ੈਲੀ ਦਾ ਵੇਰਵਾ ਵੀ ਅੰਕਿਤ ਕੀਤਾ ਹੈ।

ਸੰਤ ਵਿਹਾਰ ਵ੍ਰਿੰਦਾਵਨ ਸਿੰਘ ਨੇ *ਗ੍ਰੰਥ ਵਿਹਾਰ ਵ੍ਰਿੰਦਾਵਨ* ਅਤੇ *ਸ਼ਧਰਮ ਮਾਰਗ* ਦੀ ਰਚਨਾ ਕੀਤੀ। ਕਵੀ ਰਾਜ ਸੰਤ ਹਰਿਭਜਨ ਸਿੰਘ ਜੀ ਨੇ *ਅਸ਼ਟਾਂਗ ਯੋਗ, ਤਤ੍ਵ ਪ੍ਰਬੋਧ, ਅਦ੍ਵੈਤਾਮ੍ਰਿਤ ਗ੍ਰੰਥ ਭਾਖਾ, ਸ੍ਰੀ ਗੁਰੂ ਪ੍ਰਤਾਪ ਸੂਰਜ ਦੇ ਸਮਸਤ ਮੰਗਲ ਸਟੀਕ, ਜਪੁ ਜੀ ਕਾ ਸਰਲ ਬੋਧ ਟੀਕਾ, ਸ੍ਰੀ ਗੁਰੂ ਚਰ੍ਰਿਤ ਚੰਦ੍ਰਕਾ* ਆਦਿ ਗ੍ਰੰਥਾਂ ਦੀ ਰਚਨਾ ਕੀਤੀ। ਸ੍ਰੀ ਮਾਨ ਮਹੰਤ ਗਨੇਸ਼ਾ ਸਿੰਘ ਜੀ ਨੇ 23 ਗ੍ਰੰਥਾਂ ਦੀ ਰਚਨਾ ਕੀਤੀ। ਇਹ

ਗ੍ਰੰਥ *ਭਾਰਤ ਮੱਤ ਦਰਪਨ, ਇਤਿਹਾਸ ਨਿਰਮਲ ਭੇਖ, ਗ੍ਰੰਥ ਸਾਖੀ ਪ੍ਰਮਾਨ, ਨਿਰਮਲ ਪ੍ਰਬੋਧ, ਨਿਰਮਲ ਵੈਦ, ਵੈਦਿਕ ਭੰਡਾਰ, ਦਰਬਾਰ ਗਾਇਡ, ਨਨਕਾਣਾ ਸਾਹਿਬ ਗਾਈਡ, ਇਸਤ੍ਰੀ ਚਕਿਸਤਾ, ਖਾਲਸਾ ਵਿਵਾਹ ਪਧਤ, ਸੰਧਯਾ ਵਿਧੀ, ਜੇਬੀਵੈਦ, ਅਧਿਆਤਮਿ ਪ੍ਰਕਾਸ਼ ਸਟੀਕ, ਸਟੀਕ ਪੰਜ ਗ੍ਰੰਥੀ, ਸਲੋਕ ਸਹਸਕ੍ਰਿਤੀ ਸਮੇਤ ਗਾਥਾ ਸਟੀਕ, ਸੁਖਮਨੀ ਸਾਹਿਬ ਟੀਕਾ ਮਨੀ ਪ੍ਰਭਾ, ਜਪੁ ਜੀ ਸਟੀਕ, ਮੇਘ ਬਿਨੋਦ ਪ੍ਰਕਾਸ਼ ਸਟੀਕ, ਗੰਗਾਯਤੀ ਨਿਧਾਨ ਸਟੀਕ, ਰਹਿਰਾਸ ਸਟੀਕ, ਵਿਆਧੀ ਵਿਨਾਸਕ ਟੀਕਾ, ਬਾਲ ਚਕਿਤਸਾ ਅਤੇ ਸੂਰ ਦਰਪਨ* ਹਨ।

ਸ੍ਰੀਮਾਨ ਸੰਤ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਨੇ *ਗੁਰਬਾਣੀ ਪਾਠ ਦਰਸ਼ਨ* ਅਤੇ *ਸ੍ਰੀ ਗੁਰਮੁਖ ਪ੍ਰਕਾਸ਼* ਦੀ ਰਚਨਾ ਕੀਤੀ। ਗਿਆਨੀ ਮੁਖਤਿਆਰ ਸਿੰਘ ਜੀ ਸਾਰੰਗ ਨੇ *ਗੁਰਦੁਆਰਾ ਸ੍ਰੀ ਭੱਠਾ ਸਾਹਿਬ, ਕਰਮ ਸਿਧਾਂਤ ਗੁਰਮਤਿ ਤੱਤ, ਭੱਠਾ ਸਾਹਿਬ ਦਾ ਸੰਖੇਪ ਇਤਿਹਾਸ, ਮੂਲ ਮੰਤ੍ਰ ਤੱਤ ਨਿਰਣੈ, ਬਾਰਾ ਮਾਹ ਅਰਥ ਵਿਮਰਸ, ਸਦ ਦੀ ਆਲੋਚਨਾਤਮਿਕ ਵਿਆਖਿਆ ਅਤੇ ਅਧਿਐਨ, ਖੋਜ ਗੁਰ ਪ੍ਰਣਾਲੀ ਗੁਰੂ ਸਾਹਿਬਾਨ ਤੇ ਪਿਛੋਕੜ, ਕੁਝ ਹੋਰ ਧਰਮਾਂ ਦੀਆਂ ਅੰਤਮ ਰਸਮਾਂ* ਆਦਿ ਗ੍ਰੰਥਾਂ ਦੀ ਰਚਨਾ ਕੀਤੀ।

ਸ੍ਰੀਮਾਨ ਸੰਤ ਨਾਰਾਇਣ ਸਿੰਘ ਜੀ ਮਹੇਰਨਾ ਕਲ੍ਹਾਂ (ਲੁਧਿਆਣਾ) ਵਾਲਿਆਂ ਨੇ ਵੱਡ ਆਕਾਰੀ ਗ੍ਰੰਥ *ਸ੍ਰੀ ਸੰਤ ਬਿਲਾਸ* (ਜੀਵਨ ਕਥਾ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ) ਦੀ ਰਚਨਾ ਕੀਤੀ ਹੈ। ਮਹੰਤ ਟਹਿਲ ਸਿੰਘ ਨੇ 14 ਗ੍ਰੰਥਾਂ ਦੀ ਰਚਨਾ ਕੀਤੀ, ਇਹ ਗ੍ਰੰਥ *ਅਸਲੀ ਗੁਰ ਪ੍ਰਕਾਸ਼, ਸ੍ਰੈ ਗੁਰਬਾਣੀ ਅਸਲੀ ਗੁਰੂ ਪ੍ਰਕਾਸ਼, ਸ੍ਰੈ ਗੁਰਬਾਣੀ ਅੰਮ੍ਰਿਤ ਪ੍ਰਕਾਸ਼, ਸ੍ਰੈ ਗੁਰਬਾਣੀ ਸੁਖਮਨੀ ਸਾਹਿਬ, ਸ੍ਰੈ ਗੁਰਬਾਣੀ ਸੰਪੂਰਨ ਸੁਖਮਨੀ ਸਾਹਿਬ, ਸ੍ਰੈ ਗੁਰਬਾਣੀ ਜੀਵਨ ਪ੍ਰਕਾਸ਼, ਵਿਦਿਆ ਮਹਿਮਾ ਪ੍ਰਕਾਸ਼, ਵਿਦਿਆ ਵਯਜੰਤੀ ਮਾਲਾ, ਸ੍ਰੈ ਗੁਰਬਾਣੀ ਪ੍ਰਕਾਸ਼, ਭਰਮ ਵਿਨਾਸ ਤੇ ਗਿਆਨ ਪ੍ਰਕਾਸ਼, ਗੁਰਦਵਾਰਾ ਤੀਰਥ ਸ੍ਰੈ ਦੇਸ ਯਾਤਰਾ, ਇਨਸਾਨ ਹੈਵਾਨ ਸੰਬਾਦ* ਆਦਿ ਹਨ।

ਸੰਤ ਤੇਜਾ ਸਿੰਘ (ਡਬਲ ਐਮ.ਏ) ਨੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਜੀਵਨੀ ਅੰਕਿਤ ਕੀਤੀ ਹੈ। ਸੰਤ ਹਰਦੀਪ ਸਿੰਘ ਜੀ ਨੇ ਸੰਤ ਤੇਜਾ ਸਿੰਘ (ਡਬਲ ਐਮ.ਏ) ਦੀ ਜੀਵਨੀ *ਜਨ ਪਰਉਪਕਾਰੀ* ਆਏ ਦੀ ਰਚਨਾ ਕੀਤੀ। ਗਿਆਨੀ ਕਿਸ਼ਨ ਸਿੰਘ ਜੀ ਅਕਾਲ ਕਾਲਜ ਮਸਤੂਆਣਾ ਵਾਲਿਆਂ ਨੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਉਸਤਤੀ ਵਿਚ ਸਤੋਤ੍ਰ ਲਿਖਿਆ ਹੈ। ਮਹੰਤ ਬਿਸ਼ਨ ਸਿੰਘ ਜੀ ਕ੍ਰੀਟ ਨੇ *ਦੇਸ ਜਗਾਵਾ, ਨੂਰੀ ਝਲਕਾਂ, ਜੀਵਨ ਫੁਹਾਰ, ਜ਼ਿੰਦਗੀ ਦੇ ਮੋੜ, ਡੁਲ੍ਹਦਾ ਜੋਬਨ, ਬਿਖਰੇ ਮੋਤੀ, ਮਿੱਠਾ ਨਾਨਕ, ਅੰਮ੍ਰਿਤ ਬਚਨ ਤੇ ਸੰਤ ਦਰਸ਼ਨ, ਨੂਰੀ ਜੀਵਨ, ਲੰਘਦੇ ਜਾਂਦੇ ਕਾਫਲੇ* ਆਦਿ ਕਵਿਤਾ ਅਤੇ ਵਾਰਤਕ ਦੀ ਰਚਨਾ ਕੀਤੀ।

ਸੰਤ ਦਿਆਲ ਸਿੰਘ ਜੀ ਪਰਵਾਨਾ ਨੇ *ਹਸਦਾ ਬਾਦਸ਼ਾਹ* ਕਾਵਿ ਸੰਗ੍ਰਹਿ ਲਿਖਿਆ। ਸੰਤ ਟਹਿਲ ਸਿੰਘ ਜੀ ਨੇ *ਅਲੰਕਾਰ ਜਾਗਰ ਸੁਧਾ, ਬਾਰਾ ਮਾਹ, ਕਬਿੱਤ ਸਵਯੈ* ਆਦਿ ਗ੍ਰੰਥਾਂ ਦੀ ਰਚਨਾ ਕੀਤੀ। ਸ੍ਰੀ ਮਾਨ ਮਹੰਤ ਦਿਆਲ ਸਿੰਘ ਜੀ ਨੇ ਨਿਰਮਲ ਭੇਖ ਦਾ ਇਤਿਹਾਸ *ਨਿਰਮਲ ਦਰਸ਼ਨ* ਗ੍ਰੰਥ ਦੀ ਰਚਨਾ ਕੀਤੀ। ਪੰਡਿਤ ਸ਼ੇਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੇ *ਸ੍ਰੀ ਬੀਰ ਮ੍ਰਿਗੇਸ ਗੁਰ ਬਿਲਾਸ ਦੇਵਤਰੂ* ਗ੍ਰੰਥ ਦੀ ਰਚਨਾ ਕੀਤੀ। ਪੰਡਿਤ ਹਰਦੇਵ ਸਿੰਘ ਰਿਸ਼ੀਕੇਸ਼ ਵਾਲਿਆਂ ਨੇ *ਨਾਰਾਇਣ ਹਰੀ ਉਪਦੇਸ਼* ਗ੍ਰੰਥ ਦੀ ਰਚਨਾ ਕੀਤੀ। ਸੰਤ ਨਿਹਾਲ ਸਿੰਘ ਗੋਬਿੰਦ ਮੰਦਰ ਲਾਹੌਰ ਵਾਲਿਆਂ ਨੇ *ਅਕਾਲ ਨਾਟਕ, ਸਿੱਖੀ ਪ੍ਰਭਾਕਰ, ਨਿਰਮਲ*

*ਪ੍ਰਭਾਕਰ* ਗ੍ਰੰਥਾਂ ਦੀ ਰਚਨਾ ਕੀਤੀ। ਸ੍ਰੀਮਾਨ ਪੰਡਿਤ ਗੋਬਿੰਦ ਸਿੰਘ ਜੀ ਨੇ *ਨਯਾਯ ਮੁਕਤਾਵਲੀ, ਵੇਦਾਂਤ ਪਰਿਭਾਸ਼ਾ, ਵੈਰਾਗ ਸ਼ਤਕ, ਇਤਿਹਾਸ ਗੁਰੂ ਖਾਲਸਾ* ਆਦਿ ਗ੍ਰੰਥਾਂ ਦੀ ਰਚਨਾ ਕੀਤੀ। ਸ੍ਰੀਮਾਨ ਪੰਡਿਤ ਸੱਦਾ ਸਿੰਘ ਜੀ ਨੇ *ਅਦ੍ਵੈਤ ਸਿਧੀ ਦੀ ਸੁਗਮ ਸਾਰ ਚੰਦ੍ਰਕਾ ਟੀਕਾ* ਕੀਤਾ ਹੈ। ਸ੍ਰੀਮਾਨ ਪੰਡਿਤ ਗੁਰਦਿੱਤ ਸਿੰਘ ਜੀ ਨੇ *ਜਪੁ ਜੀ ਸਟੀਕ, ਸ੍ਰੀ ਗੁਰ ਗਿਰਾ ਰੂਪਾਂਤਰ, ਗੁਰਮਤਿ ਸਿਧਾਂਤ ਸਾਰ, ਵੇਦਾਂ ਸਿਧਾਂਤ ਮੁਕਤਾਵਲੀ, ਨੈਸ਼ ਕ੍ਰਮਯ ਸਿੱਧਿ, ਗੁਰੂ ਨਾਨਕ ਅਸ਼ਟਕ, ਸ੍ਰੀਮਦ ਗੁਰੂ ਗੋਬਿੰਦ ਸਿੰਘ ਸਯਸਟਕੰ, ਜੀਵਨ ਚਰਿਤ੍ਰ ਪੰਡਿਤ ਹਰੀ ਸਿੰਘ ਜੀ* ਆਦਿ ਗ੍ਰੰਥਾਂ ਦੀ ਰਚਨਾ ਕੀਤੀ। ਪੰਡਿਤ ਅਰਜਨ ਸਿੰਘ ਜੀ ਮੁਨੀ ਨੇ ਹਿੰਦੀ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ* ਕੀਤਾ। ਸ੍ਵਾਮੀ ਹਜਾਰਾ ਸਿੰਘ ਆਤਮ ਦਰਸੀ ਹਾਂਡੀ ਵਾਲਿਆਂ ਨੇ ਦੋ ਗ੍ਰੰਥ *ਪਾਂਚ ਰਤਨਾਵਲੀ* ਅਤੇ *ਅਥ ਬ੍ਰਹਮਦਰਸ਼ੀ ਪੁਸ਼ਪਮਾਲਾ* ਦੀ ਰਚਨਾ ਕੀਤੀ। ਸ੍ਰੀਮਾਨ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਨੇ *ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਰਥ ਦਾ ਹਿੰਦੀ ਵਿਚ ਅਨੁਵਾਦ* ਕੀਤਾ ਹੈ। ਵਿਦਿਆ ਮਾਰਤੰਡ ਪੰਡਿਤ ਈਸ਼੍ਵਰ ਸਿੰਘ ਜੀ ਨੇ *ਗੁਰਮਤ ਦਿਗ ਵਿਜਯ, ਬੁਧੀ ਬਾਰਧ, ਵਾਹਿਗੁਰੂ ਮੰਤ੍ਰਾਰਥ, ਗੁਰੂ ਮੰਤ੍ਰਾਰਥ ਪ੍ਰਕਾਸ਼, ਸ੍ਵੈ ਸੁਪਨ ਨਾਟਕ* ਆਦਿ ਗ੍ਰੰਥਾਂ ਦੀ ਰਚਨਾ ਕੀਤੀ। ਪੰਡਿਤ ਹਕੀਕਤ ਸਿੰਘ ਅਰਵਿੰਦ ਨੇ *ਆਤਮ ਸਰਤਾ* (ਸ੍ਰੀਮਾਨ ਮਹੰਤ ਆਤਮਾ ਸਿੰਘ ਜੀ ਨਿਰਮਲ ਆਸ਼ਰਮ ਰਿਸ਼ੀਕੇਸ਼ ਵਾਲਿਆਂ ਦੀ ਜੀਵਨ ਕਥਾ) ਦੀ ਰਚਨਾ ਕੀਤੀ। ਪੰਡਿਤ ਬਲਬੀਰ ਸਿੰਘ ਜੀ ਵਿਯੋਗੀ ਨੇ ਸ੍ਰੀਮਾਨ ਸਵਾਮੀ ਸੁੱਚਾ ਸਿੰਘ ਪਿੰਡੀ ਘੇਬ ਵਾਲਿਆਂ ਦੀ ਜੀਵਨੀ ਅੰਕਿਤ ਕੀਤੀ। ਸ੍ਵਾਮੀ ਗਿਆਨੀ ਚੰਦਾ ਸਿੰਘ ਜੀ ਨੇ *ਕਥਾ ਵਿਖਿਆਨ ਭੰਡਾਰ* ਲਿਖਿਆ ਹੈ। ਸ੍ਵਾਮੀ ਸਦਾਨੰਦ ਹਰੀ ਜੀ 'ਸ਼ਾਕਸ਼ੀ' ਨੇ *ਪੰਚ ਦਸੀ (ਸਟੀਕ), ਗੀਤਾ ਦਰਸ਼ਨ, ਅਸ਼ਟਾਵਕਰ ਗੀਤਾ (ਸਟੀਕ), ਵੈਰਾਗ ਸ਼ਤਕ (ਸਟੀਕ), ਵਿਚਾਰ ਮਾਲਾ (ਸਟੀਕ)* ਗ੍ਰੰਥ ਦੇ ਟੀਕੇ ਕੀਤੇ।

ਗਿਆਨੀ ਜੀ ਨੇ ਨਿਰਮਲੇ ਮਹਾਂਪੁਰਖਾਂ ਦੁਆਰਾ ਪੱਤਰਕਾਰੀ ਵਿਚ ਪਾਏ ਯੋਗਦਾਨ ਬਾਰੇ ਬਿਆਨ ਕੀਤਾ ਹੈ ਜਿਸ ਵਿਚ ਨਿਰਮਲ ਭੇਖ ਦੁਆਰਾ ਕੱਢੇ ਜਾਂਦੇ ਅਖਬਾਰਾਂ ਦਾ ਵੇਰਵਾ ਅੰਕਿਤ ਕੀਤਾ ਹੈ। ਇਹ ਅਖਬਾਰ ਨਿਰਮਲ ਪਤਰ, ਹਰਿਦਵਾਰ ਸਮਾਚਾਰ, ਨਿਰਮਲ ਗਜ਼ਟ, ਨਿਰਮਲ ਪਤਰ, ਪੰਜਾਬੀ ਵੈਦ, ਨਿਰਮਲ ਉਦੇਸ਼, ਗੁਰਮਤਿ ਸਮਾਚਾਰ, ਪੰਜਾਬੀ ਪਰਵਾਨਾ, ਨਿਰਮਲ ਸੰਦੇਸ਼, ਨਿਰਮਲ ਪ੍ਰਕਾਸ਼, ਸਿੱਖ ਸੰਦੇਸ਼, ਕਰਮ ਜੋਤਿ, ਭਗਵਾਨ ਸੰਦੇਸ਼ ਆਦਿ ਹਨ। ਗੁਰਦੁਆਰਿਆਂ ਦੀ ਕਾਰ ਸੇਵਾ ਵਿਚ ਵੀ ਨਿਰਮਲੇ ਮਹਾਂਪੁਰਖਾਂ ਦਾ ਯੋਗਦਾਨ ਅਦੁਤੀ ਹੈ। ਗਿਆਨੀ ਜੀ ਨੇ ਉਨ੍ਹਾਂ ਮਹਾਂਪੁਰਖਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਵਖ-ਵਖ ਗੁਰਧਾਮਾਂ ਦਾ ਨਿਰਮਾਣ ਕਰਵਾਇਆ। ਇਹ ਮਹਾਂਪੁਰਖ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ, ਸੰਤ ਹਰੀ ਸਿੰਘ ਕਹਾਰਪੁਰੀਆ, ਸੰਤ ਜੈਮਲ ਸਿੰਘ ਭੂਰੀ ਵਾਲੇ, ਸੰਤ ਗੁਰਮੁਖ ਸਿੰਘ, ਮਹੰਤ ਗੁਰਦਿਆਲ ਸਿੰਘ, ਸੰਤ ਕਰਤਾਰ ਸਿੰਘ ਠੱਠੇ ਟਿੱਬੇ ਵਾਲੇ, ਪੰਡਿਤ ਬਲਬੀਰ ਸਿੰਘ ਸ਼ਾਸਤ੍ਰੀ, ਮਹੰਤ ਦੀਦਾਰ ਸਿੰਘ, ਮਹੰਤ ਦੇਵਾ ਸਿੰਘ ਹਰਿਦਵਾਰ, ਸੰਤ ਸਾਧੂ ਸਿੰਘ ਮੋਨੀ ਆਦਿ ਹਨ।

ਨਿਰਮਲੇ ਵਿਦਵਾਨ ਜਿਥੇ ਸ਼ਾਸਤਰ ਵਿਦਿਆ ਵਿਚ ਨਿਪੁੰਨ ਹੁੰਦੇ ਹਨ ਉਥੇ ਲੋੜ ਪੈਣ ਤੇ ਸ਼ਸ਼ਤਰ ਵੀ ਚੁੱਕਦੇ ਹਨ। ਗਿਆਨੀ ਜੀ ਨੇ ਅਜਿਹੇ ਤੇਗ ਦੇ ਧਨੀ ਨਿਰਮਲੇ ਮਹਾਂਪੁਰਖਾਂ ਬਾਰੇ ਜਾਣਕਾਰੀ ਦਿਤੀ ਹੈ।

ਮਹਾਰਾਣੀ ਜਿੰਦਾ ਨੂੰ ਚੁਨਾਰ ਦੇ ਕਿਲ੍ਹੇ ਵਿਚੋਂ ਕਢਣ ਵਾਲੇ ਨਿਰਮਲੇ ਸੰਤ ਰਣਜੋਧ ਸਿੰਘ, ਸੰਤ ਰਣਧੀਰ ਸਿੰਘ, ਸੰਤ ਰਣਬੀਰ ਸਿੰਘ, ਸੰਤ ਰਣਵਿਜਯ ਸਿੰਘ ਅਤੇ ਸੰਤ ਰਣਵਿਕਰਮ ਸਿੰਘ ਬਾਰੇ ਵੀ ਵਿਸਤਾਰ ਨਾਲ ਦਸਿਆ ਹੈ।

ਸੰਨ 1920 ਤੋਂ 1925 ਤਕ ਅਕਾਲੀ ਲਹਿਰ/ਗੁਰਦੁਆਰਾ ਸੁਧਾਰ ਲਹਿਰ ਚਲੀ ਜਿਸ ਵਿਚ ਨਿਰਮਲੇ ਸੰਤਾਂ ਨੇ ਵੀ ਹਿੱਸਾ ਲਿਆ। ਗਿਆਨੀ ਜੀ ਨੇ ਇਨ੍ਹਾਂ ਸਾਰੇ ਮਹਾਂਪੁਰਖਾਂ ਦੇ ਨਾਵਾਂ ਦੀ ਸੂਚੀ ਅੰਕਿਤ ਕੀਤੀ ਹੈ।

ਕਰਤਾ ਨੇ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੀ ਸਥਾਪਨਾ ਬਾਰੇ ਵਿਸਤਾਰ ਨਾਲ ਦਸਿਆ ਹੈ। ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਸਾਰੇ ਸ੍ਰੀ ਮਹੰਤਾਂ ਦੀਆਂ ਜੀਵਨੀਆਂ ਅੰਕਿਤ ਕੀਤੀਆਂ ਹਨ ਜਿਸ ਵਿਚ ਬਾਬਾ ਮਹਿਤਾਬ ਸਿੰਘ ਜੀ, ਪੰਡਿਤ ਰਾਮ ਸਿੰਘ ਕਬੇਰੀਏ, ਪੰਡਿਤ ਤਾਰਾ ਸਿੰਘ ਨਰੋਤਮ, ਪੰਡਿਤ ਦੀਵਾਨ ਸਿੰਘ ਠੀਕਰੀ ਵਾਲੇ, ਪੰਡਿਤ ਊਧਵ ਸਿੰਘ ਨਯਾਯਕ, ਪੰਡਿਤ ਸਾਧੂ ਸਿੰਘ ਪਟਿਆਲਾ, ਪੰਡਿਤ ਰਾਮ ਸਿੰਘ ਹਰੀਕੇ ਵਾਲੇ, ਪੰਡਿਤ ਮੋਹਰ ਸਿੰਘ ਪਟਿਆਲੇ ਵਾਲੇ, ਪੰਡਿਤ ਦਇਆ ਸਿੰਘ ਉਗੋ, ਪੰਡਿਤ ਜੀਵਨ ਸਿੰਘ ਕਾਸ਼ੀ ਵਾਲੇ, ਪੰਡਿਤ ਸੁੱਚਾ ਸਿੰਘ ਪਿੰਡੀਘੇਬ, ਪੰਡਿਤ ਬਲਬੀਰ ਸਿੰਘ ਸ਼ਾਸਤ੍ਰੀ ਅਤੇ ਪੰਡਿਤ ਗਿਆਨਦੇਵ ਸਿੰਘ ਹਨ।

ਦੂਜਾ ਭਾਗ ਸੰਪ੍ਰਦਾਇ ਭਾਗ ਹੈ ਜਿਸ ਵਿਚ ਗਿਆਨੀ ਜੀ ਨੇ ਨਿਰਮਲ ਭੇਖ ਦੀਆਂ ਪਿਆਰੇ ਦਇਆ ਸਿੰਘ ਅਤੇ ਪਿਆਰੇ ਧਰਮ ਸਿੰਘ ਅਤੇ ਹੋਰ ਮਹਾਂਪੁਰਖਾਂ ਤੋਂ ਚਲੀਆਂ ਸੰਪ੍ਰਦਾਵਾਂ ਬਾਰੇ ਵਿਸਤਾਰ ਸਹਿਤ ਦਸਿਆ ਹੈ। ਹਰੇਕ ਸੰਪ੍ਰਦਾਇ ਦੇ ਆਰੰਭ, ਸੰਪ੍ਰਦਾਇ ਦੇ ਡੇਰਿਆਂ, ਮਹੰਤਾਂ ਦੇ ਜੀਵਨ ਅਤੇ ਉਨ੍ਹਾਂ ਦੇ ਯੋਗਦਾਨ ਬਾਰੇ ਅੰਕਿਤ ਕੀਤਾ ਹੈ। ਇਹ ਸੰਪ੍ਰਦਾਵਾਂ ਸੰਪ੍ਰਦਾਇ ਨੌਰੰਗਾਬਾਦ, ਪੱਧਤੀ ਹੋਤੀ ਮਰਦਾਨ, ਸੰਪ੍ਰਦਾਇ ਰਾਮ ਤੀਰਥ, ਸੰਪ੍ਰਦਾਇ ਅਯੁਧਯਾ, ਸੰਪ੍ਰਦਾਇ ਦੁਭੇਰਨ, ਸੰਪ੍ਰਦਾਇ ਠਾਕੁਰ ਮੱਲਾ ਸਿੰਘ, ਸੰਪ੍ਰਦਾਇ ਮੁਕਤਸਰ, ਸੰਪ੍ਰਦਾਇ ਡਰੌਲੀ, ਸੰਪ੍ਰਦਾਇ ਦੌਧਰ, ਸੰਪ੍ਰਦਾਇ ਕਾਦੀਆਂ, ਸੰਪ੍ਰਦਾਇ ਸੇਖਵਾਂ, ਸੰਪ੍ਰਦਾਇ ਮਹਿਮਾਂਸ਼ਾਹ, ਸੰਪ੍ਰਦਾਇ ਗੁਰੂਸਰ, ਸੰਪ੍ਰਦਾਇ ਜਲਾਲ, ਸੰਪ੍ਰਦਾਇ ਕਾਸ਼ੀ, ਸੰਪ੍ਰਦਾਇ ਕੁਬੇਰ, ਸੰਪ੍ਰਦਾਇ ਕੋਇਰ ਸਿੰਘ, ਸੰਪ੍ਰਦਾਇ ਗਿਰਵੜੀ, ਸੰਪ੍ਰਦਾਇ ਬਰਨਾਲਾ, ਸੰਪ੍ਰਦਾਇ ਠਾਕੁਰ ਦਿਆਲ ਸਿੰਘ, ਸੰਪ੍ਰਦਾਇ ਗੁਰੂ ਮਾਂਗਟ, ਸੰਪ੍ਰਦਾਇ ਨੰਗਾਲੀ ਸਾਹਿਬ, ਸੰਪ੍ਰਦਾਇ ਖਡੂਰ ਸਾਹਿਬ, ਸੰਪ੍ਰਦਾਇ ਮਸਤੂਆਣਾ, ਸੰਪ੍ਰਦਾਇ ਬਲੌਂਗੀ, ਸੰਪ੍ਰਦਾਇ ਠੀਕਰੀਵਾਲਾ, ਸੰਪ੍ਰਦਾਇ ਗੰਧੀਆ, ਸੰਪ੍ਰਦਾਇ ਦਮਦਮਾ ਸਾਹਿਬ, ਸੰਪ੍ਰਦਾਇ ਕਟਈ, ਸੰਪ੍ਰਦਾਇ ਠਾਕੁਰ ਗੁਰਮੁਖ ਸਿੰਘ, ਸੰਪ੍ਰਦਾਇ ਪੰਡੋਰੀ ਨਿਝਰਾਂ, ਸੰਪ੍ਰਦਾਇ ਠਾਕੁਰ ਬਹਾਲ ਸਿੰਘ, ਸੰਪ੍ਰਦਾਇ ਬਾਬਾ ਕੂਮਾ ਸਿੰਘ, ਸੰਪ੍ਰਦਾਇ ਵਿਹਾਰ ਵ੍ਰਿੰਦਾਵਨ ਅਤੇ ਸੰਪ੍ਰਦਾਇ ਅੱਡਨਸ਼ਾਹੀ ਨਿਰਮਲੇ ਹਨ।

ਸਮੁਚੇ ਰੂਪ ਵਿਚ *ਸ੍ਰੀ ਨਿਰਮਲ ਪੰਥ ਬੋਧ* ਵਿਚ ਨਿਰਮਲ ਭੇਖ ਦਾ ਇਤਿਹਾਸ ਵਰਣਨ ਕੀਤਾ ਗਿਆ ਹੈ। ਲੇਖਕ ਨੇ ਨਿਰਮਲ ਪੰਥ ਦੇ ਆਰੰਭ, ਵਿਕਾਸ, ਯੋਗਦਾਨ ਅਤੇ ਨਿਰਮਲ ਭੇਖ ਦੀਆਂ ਸਰਬ ਸੰਪ੍ਰਦਾਵਾਂ ਬਾਰੇ ਵਿਸਤਾਰ ਨਾਲ ਬਿਆਨ ਕੀਤਾ ਹੈ।

**8. *ਗੁਰੂ ਵੰਸ਼ ਖਾਲਸਾ ਪੰਥ (ਹਿੰਦੀ)*:** 96 ਪੰਨਿਆਂ ਦੀ ਇਸ ਪੁਸਤਕ ਨੂੰ ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ (ਹਰਿਦੁਆਰ) ਦੁਆਰਾ 1999 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਹ ਪੁਸਤਕ ਖਾਲਸਾ ਪੰਥ

ਦੀ ਤੀਸਰੀ ਸ਼ਤਾਬਦੀ ਨੂੰ ਸਮਰਪਿਤ ਹੈ। ਹਿੰਦੀ ਭਾਸ਼ਾ ਵਿਚ ਲਿਖੀ ਇਸ ਪੁਸਤਕ ਵਿਚ ਗਿਆਨੀ ਜੀ ਨੇ ਦਸ ਗੁਰੂ ਸਾਹਿਬਾਨ ਅਤੇ ਖਾਲਸਾ ਪੰਥ ਦੇ ਉਪਕਾਰਾਂ ਨੂੰ ਅੰਕਿਤ ਕੀਤਾ ਹੈ। ਇਹ ਪੁਸਤਕ ਪੰਜ ਲੇਖਾਂ ਦਾ ਸੰਗ੍ਰਹਿ ਹੈ।

ਪਹਿਲੇ ਲੇਖ 'ਗੁਰੂ ਵੰਸ' ਵਿਚ ਦਸ ਗੁਰੂ ਸਾਹਿਬਾਨ ਦੇ ਜੀਵਨ, ਰਚਨਾ ਅਤੇ ਉਨ੍ਹਾਂ ਦੁਆਰਾ ਪਾਏ ਯੋਗਦਾਨ ਬਾਰੇ ਸੰਖੇਪ ਚਰਚਾ ਕੀਤੀ ਹੈ। ਇਸ ਤੋਂ ਬਾਅਦ ਗੁਰੂ ਸੰਪ੍ਰਦਾਇ ਦੇ ਗੁਰਮੰਤ੍ਰ ਅਥਵਾ ਮਾਲਾ ਮੰਤ੍ਰ ਬਾਰੇ ਦਸਿਆ ਗਿਆ ਹੈ। ਗਿਆਨੀ ਜੀ ਨੇ ੧ਓ ਤੋਂ ਨਾਨਕ ਹੋਸੀ ਭੀ' ਤਕ ਗੁਰਮੰਤ੍ਰ ਕਿਹਾ ਹੈ ਅਤੇ 'ਵਾਹਿਗੁਰੂ' ਨੂੰ ਮਾਲਾ ਮੰਤ੍ਰ ਦਸਿਆ ਹੈ। ਅਗੇ ਸਿੱਖ ਧਰਮ ਦੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਵਿਚਾਰ ਕੀਤੀ ਹੈ।

ਦੂਜਾ ਲੇਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੈ। ਇਸ ਵਿਚ ਗੁਰੂ ਸਾਹਿਬ ਦੁਆਰਾ ਨਿਰਮਲ ਪੰਥ ਅਤੇ ਖਾਲਸਾ ਪੰਥ ਦੀ ਸਥਾਪਨਾ ਕਰਨ ਦਾ ਜ਼ਿਕਰ ਕੀਤਾ ਹੈ। ਗਿਆਨੀ ਜੀ ਦਸਦੇ ਹਨ ਕਿ ਸ਼ਾਸਤਰ ਵਿਦਿਆ ਦਾ ਅਧਿਐਨ ਕਰਨ ਵਾਲੇ ਭਵਿੱਖ ਵਿਚ ਨਿਰਮਲ ਪੰਥ ਦੇ ਨਾਲ ਪ੍ਰਸਿਧ ਹੋਏ ਅਤੇ ਸ਼ਸਤਰਾਂ ਦਾ ਅਭਿਆਸ ਕਰਨ ਵਾਲੇ ਖਾਲਸਾ ਪੰਥ ਦੇ ਨਾਮ ਨਾਲ ਪ੍ਰਸਿਧ ਹੋਏ। ਗਿਆਨੀ ਜੀ ਨੇ ਗੁਰੂ ਸਾਹਿਬ ਦੀ ਰਚਨਾ ਦੀ ਗੱਲ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਜੀ ਨੇ ਆਪਣੀ ਬਾਣੀ ਵਿਚ ਸ਼ਸਤਰਾਂ ਦੀ ਉਸਤਤ, ਸ਼ਸਤਰਾਂ ਦੇ ਪ੍ਰਯੋਗ ਅਤੇ ਸ਼ਸਤਰਾਂ ਦੇ ਨਾਵਾਂ ਦਾ ਵਰਣਨ ਕੀਤਾ ਹੈ। ਗੁਰੂ ਸਾਹਿਬ ਦੀ ਬਾਣੀ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਸ਼ਾਸਤਰ ਵਿਦਿਆ ਵਿਚ ਵੀ ਪ੍ਰਬੀਨ ਸਨ। ਲੇਖਕ ਨੇ ਗੁਰੂ ਸਾਹਿਬ ਦੁਆਰਾ ਜਾਤ-ਪਾਤ ਨੂੰ ਖ਼ਤਮ ਕਰਨ, ਧਰਮ ਦੀ ਰਖਿਆ ਕਰਨ ਅਤੇ ਜਫ਼ਰਨਾਮਾ ਆਦਿ ਵਿਸ਼ਿਆਂ ਬਾਰੇ ਚਰਚਾ ਕੀਤੀ ਹੈ।

ਤੀਜੇ ਲੇਖ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ, ਜਨਮ ਤੋਂ ਪਹਿਲਾਂ ਦੀ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਹਾਲਤ, ਗੁਰੂ ਨਾਨਕ ਸਾਹਿਬ ਦੁਆਰਾ ਅਤਿਆਚਾਰ ਵਿਰੁਧ ਆਵਾਜ਼ ਉਠਾਉਣਾ, ਧਰਮਸ਼ਾਲ ਸਥਾਪਿਤ ਕਰਨੇ, ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਾਜਨਾ ਕਰਨਾ ਆਦਿ ਵਿਸ਼ਿਆਂ ਬਾਰੇ ਵਰਣਨ ਕੀਤਾ ਹੈ। ਗਿਆਨੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪੰਜ ਪਿਆਰਿਆ ਦੀ ਚੋਣ, ਅੰਮ੍ਰਿਤ ਤਿਆਰ ਕਰਨ ਦੀ ਵਿਧੀ, ਖਾਲਸੇ ਦੀ ਮਰਿਯਾਦਾ, ਖਾਲਸੇ ਦੀ ਵਿਲੱਖਣਤਾ ਬਾਰੇ ਦਸਿਆ ਹੈ। ਕਰਤਾ ਨੇ ਵਖ-ਵਖ ਗ੍ਰੰਥਾਂ ਦੇ ਹਵਾਲੇ ਦੇ ਕੇ ਖਾਲਸੇ ਦੀ ਮਹਿਮਾ ਨੂੰ ਵਰਣਨ ਕੀਤਾ ਹੈ।

ਚੌਥੇ ਲੇਖ ਵਿਚ ਲੇਖਕ ਨੇ ਖਾਲਸੇ ਦੇ ਮੁਗਲਾਂ ਨਾਲ ਯੁੱਧ, ਸਿੱਖਾਂ ਦੇ ਬਲਿਦਾਨ, ਛੋਟਾ ਘਲੂਘਾਰਾ, ਵੱਡਾ ਘਲੂਘਾਰਾ ਅਤੇ ਸਿੱਖ ਰਾਜ ਦੀ ਸਥਾਪਨਾ ਦਾ ਜ਼ਿਕਰ ਕੀਤਾ ਹੈ। ਗਿਆਨੀ ਜੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤੀ ਲੋਕਾਂ ਨੂੰ ਅੰਧਵਿਸ਼ਵਾਸ, ਨਿਰਾਸ਼ਾਵਾਦ, ਮਿਥਿਆਵਾਦ ਵਿਚੋਂ ਕੱਢ ਕੇ ਆਤਮਵਿਸ਼ਵਾਸੀ, ਸੂਰਬੀਰ ਅਤੇ ਮਾਰਸ਼ਲ ਕੌਮ ਬਣਾਇਆ।

ਪੰਜਵੇ ਲੇਖ ਵਿਚ ਨਿਰਮਲ ਪੰਥ ਦੀ ਸਥਾਪਨਾ, ਨਿਰਮਲਿਆਂ ਦੀ ਸੇਵਾ, ਨਿਰਮਲੇ ਮਹਾਂਪੁਰਖਾਂ ਦੇ ਗ੍ਰੰਥਾਂ, ਪੰਚਾਇਤੀ ਅਖਾੜੇ ਦੀ ਸਥਾਪਨਾ ਅਤੇ ਅਖਾੜਿਆਂ ਦੇ ਸ੍ਰੀ ਮਹੰਤਾਂ ਬਾਰੇ ਸੰਖੇਪ ਵਿਚ ਜਾਣਕਾਰੀ ਪਾਠਕਾਂ ਸਾਹਮਣੇ ਪੇਸ਼ ਕੀਤੀ ਹੈ।

ਸਮੁਚੇ ਰੂਪ ਵਿਚ ਇਹ ਪੁਸਤਕ ਗੁਰੂ ਸਾਹਿਬਾਨ, ਨਿਰਮਲ ਪੰਥ ਅਤੇ ਖਾਲਸਾ ਪੰਥ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ।

**9.** ***ਵਿਦਿਆਸਰ ਦਾ ਵਿਦਿਆਸਾਗਰ:*** 160 ਪੰਨਿਆਂ ਦੀ ਇਹ ਪੁਸਤਕ ਭਾਈ ਸਾਹਿਬ ਅਮਰਜੀਤ ਸਿੰਘ ਪਿੰਡ ਅਮਰਗੜ੍ਹ ਜ਼ਿਲ੍ਹਾ ਬਠਿੰਡਾ ਵਲੋਂ ਜੁਲਾਈ 2000 ਈ. ਵਿਚ ਪ੍ਰਕਾਸ਼ਤ ਕਰਵਾਈ ਗਈ। ਇਸ ਰਚਨਾ ਵਿਚ ਲੇਖਕ ਨੇ ਭਾਈ ਫੁੰਮਨ ਸਿੰਘ ਅਮਰਗੜ੍ਹ ਵਾਲਿਆਂ ਦਾ ਜੀਵਨ ਅੰਕਿਤ ਕੀਤਾ ਹੈ। ਇਸ ਤੋਂ ਇਲਾਵਾ ਇਹ ਪੁਸਤਕ ਸਾਹਿਤ ਅਤੇ ਇਤਿਹਾਸ ਦਾ ਵੀ ਅਮੁਲ ਸੰਗ੍ਰਹਿ ਹੈ। ਸਿੱਧੂ ਵੰਸ਼ ਦਾ ਇਤਿਹਾਸ, ਰਿਆਸਤ ਫਰੀਦਕੋਟ ਦਾ ਇਤਿਹਾਸ, ਮਾਲਵੇ ਅਤੇ ਬਿੰਝੂ ਕੇ ਇਲਾਕੇ ਦਾ ਪੁਰਾਤਨ ਰੂਪ, ਲੱਖੀ ਜੰਗਲ ਦੇ ਇਲਾਕੇ ਦੀ ਇਤਿਹਾਸਕ ਮਹਾਨਤਾ ਆਦਿ ਘਟਨਾਵਾਂ ਦਾ ਗਿਆਨ ਭਰਪੂਰ ਵਰਣਨ ਹੈ। ਪੁਸਤਕ ਨੂੰ ਕਰਤਾ ਨੇ ਦਸ ਅਧਿਆਇਆਂ ਵਿਚ ਵੰਡਿਆਂ ਹੈ ਅਤੇ 25 ਤਸਵੀਰਾਂ ਪੇਸ਼ ਕੀਤੀਆਂ ਹਨ।

ਆਰੰਭ ਵਿਚ ਲੇਖਕ ਨੇ ਭਾਈ ਫੁੰਮਨ ਸਿੰਘ ਦੀ ਉਸਤਤ ਵਿਚ ਭਾਈ ਦਿਆਲ ਸਿੰਘ ਪਰਵਾਨਾ ਦੁਆਰਾ ਰਚਿਤ ਕਵਿਤਾ ਦਰਜ ਕੀਤੀ ਹੈ। ਗਿਆਨੀ ਪੂਰਨ ਸਿੰਘ ਅਤੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੁਆਰਾ ਦਿਤੇ ਪ੍ਰਸ਼ੰਸ਼ਾ ਪੱਤਰਾਂ ਨੂੰ ਅੰਕਿਤ ਕੀਤਾ ਹੈ।

ਪੁਸਤਕ ਦੇ ਪ੍ਰਾਕਥਨ ਵਿਚ ਕਰਤਾ ਨੇ ਭਾਈ ਫੁੰਮਨ ਸਿੰਘ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੁਆਰਾ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਪਾਏ ਯੋਗਦਾਨ ਦੀ ਸੰਖੇਪ ਵਿਚ ਜਾਣਕਾਰੀ ਦਿਤੀ ਹੈ। ਗਿਆਨੀ ਜੀ ਨੇ ਵਿਦਿਆ ਦੇ ਮਹਤਵ ਨੂੰ ਬਿਆਨ ਕੀਤਾ ਹੈ। ਗਿਆਨੀ ਜੀ ਭਾਈ ਫੁੰਮਨ ਸਿੰਘ ਦੁਆਰਾ ਆਪਣੇ ਵਿਦਿਆਲਯ ਦੇ ਰਿਕਾਰਡ ਨੂੰ ਬੜੇ ਸੁਚਜੇ ਢੰਗ ਨਾਲ ਸੰਭਾਲ ਕੇ ਰਖਣ ਦਾ ਵੀ ਜ਼ਿਕਰ ਕਰਦੇ ਹਨ। ਭਾਈ ਫੁੰਮਨ ਸਿੰਘ ਦੁਆਰਾ ਉਸ ਸਮੇਂ ਵਿਚ ਆਨੇ, ਪੈਸੇ ਅਤੇ ਰੁਪਏ ਨੂੰ ਰਿਕਾਰਡ ਵਿਚ ਲਿਖਣ ਦੇ ਢੰਗ ਨੂੰ ਵੀ ਬਿਆਨ ਕੀਤਾ ਹੈ।

ਪਹਿਲੇ ਅਧਿਆਇ ਵਿਚ ਲੇਖਕ ਨੇ ਪਾਠਕਾਂ ਨੂੰ ਭਾਈ ਫੁੰਮਣ ਸਿੰਘ ਦੀ ਸ਼ਖ਼ਸੀਅਤ ਤੋਂ ਜਾਣੂ ਕਰਵਾਇਆ ਹੈ। ਭਾਈ ਸਾਹਿਬ ਵੀਹਵੀਂ ਸਦੀ ਦੇ ਪੂਰਨ ਗੁਰਸਿਖ, ਨਾਮ ਅਭਿਆਸੀ, ਨਿਤਨੇਮੀ, ਨਿਰਮਾਣ ਪੰਥ ਸੇਵਕ ਅਤੇ ਵਿਦਿਆ ਪ੍ਰਚਾਰਕ ਸਨ। ਭਾਈ ਸਾਹਿਬ ਨੇ ਅਮਰਗੜ੍ਹ ਜ਼ਿਲ੍ਹਾ ਬਠਿੰਡਾ ਵਿਚ 'ਧਾਰਮਿਕ ਗੁਰਮੁਖੀ ਯਤੀਮ ਮਹਾਂ-ਵਿਦਿਆਲਯ ਆਰੰਭ ਕੀਤਾ ਜਿਸ ਵਿਚ ਮਾਲਵੇ ਇਲਾਕੇ ਦੇ ਅਨਪੜ੍ਹ ਲੋਕਾਂ ਨੂੰ ਅੰਧ-ਵਿਸ਼ਵਾਸਾਂ ਵਿਚੋਂ ਕੱਢ ਕੇ ਸਚੇ ਮਾਰਗ ਪਾਇਆ। ਗੁਰਮੁਖੀ ਦਾ ਘਰ-ਘਰ ਜਾ ਕੇ ਪ੍ਰਚਾਰ ਕੀਤਾ। ਉਨ੍ਹਾਂ ਨੇ ਇਸਤਰੀ ਜਾਤੀ ਨੂੰ ਵਿਦਿਆ ਦਾਨ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ।[28]

ਦੂਜੇ ਅਧਿਆਇ ਵਿਚ ਕਰਤਾ ਨੇ ਲੱਖੀ ਜੰਗਲ ਅਤੇ ਸਿੱਧੂ ਗੋਤ ਦਾ ਇਤਿਹਾਸ ਅੰਕਿਤ ਕੀਤਾ ਹੈ। ਲੱਖੀ ਜੰਗਲ ਦਾ ਇਤਿਹਾਸ 12ਵੀਂ ਸਦੀ ਤੋਂ ਦ੍ਰਿਸ਼ਟੀਗੋਚਰ ਹੁੰਦਾ ਹੈ। ਲੱਖੀ ਜੰਗਲ ਦੀ ਪ੍ਰਾਪਤੀ ਵਾਸਤੇ ਭੱਟੀਆਂ, ਸਿੱਧੂਆਂ ਅਤੇ ਹੋਰ ਕਬੀਲਿਆ ਵਿਚ ਅਨੇਕਾਂ ਲੜਾਈਆਂ ਹੋਈਆਂ ਪਰ ਸਿੱਧੂ ਇਸ ਭੂਮੀ ਦਾ ਮੋਹ ਨਾ ਤਿਆਗ ਸਕੇ। ਉਨ੍ਹਾਂ ਨੇ ਇਸ ਇਲਾਕੇ ਦੇ ਵਿਕਾਸ ਵਿਚ ਬਹੁਤ ਯੋਗਦਾਨ ਪਾਇਆ। ਸਮੇਂ ਦੇ ਨਾਲ-

28 ਉਹੀ, *ਵਿਦਿਆਸਰ ਦਾ ਵਿਦਿਆਸਾਗਰ,* ਪੰਨਾ 20.

ਨਾਲ ਸਿੱਧੂ ਵੰਸ਼ ਦੀ ਆਬਾਦੀ ਵੀ ਵੱਧਦੀ ਗਈ। ਲੱਖੀ ਜੰਗਲ ਦੇ ਜਿਆਦਾਤਰ ਪਿੰਡ ਸਿੱਧੂਆਂ ਦੁਆਰਾ ਆਬਾਦ ਕੀਤੇ ਗਏ ਹਨ। ਸਿੱਧੂ ਵੰਸ਼ ਦੀਆਂ ਕਈ ਉਪ ਸ਼ਾਖਾਵਾ ਬਣ ਗਈਆਂ ਜਿਵੇਂ ਹਰੀ ਕੇ ਸਿੱਧੂ, ਸਾਬੋ ਕੇ ਸਿੱਧੂ, ਮਰਾੜ ਕੇ, ਘਰਾੜ ਕੇ, ਬਿੰਝੂ ਕੇ ਸਿੱਧੂ ਆਦਿ। ਭਾਈ ਫੁੰਮਨ ਸਿੰਘ ਜੀ ਬਿੰਝੂ ਕੇ ਸਿੱਧੂਆਂ ਵਿਚੋਂ ਸਨ। ਗਿਆਨੀ ਜੀ ਨੇ ਭਾਈ ਫੁੰਮਨ ਸਿੰਘ ਦੀ ਵੰਸਾਵਲੀ ਅੰਕਿਤ ਕੀਤੀ ਹੈ ਜੋ ਭਾਈ ਬਿੰਝੂ ਤੋਂ ਆਰੰਭ ਹੁੰਦੀ ਹੈ।[29]

ਗਿਆਨੀ ਜੀ ਨੇ ਭਾਈ ਫੁੰਮਨ ਸਿੰਘ ਦੇ ਜਨਮ, ਮਾਤਾ-ਪਿਤਾ, ਬਚਪਨ ਅਤੇ ਵਿਦਿਆ ਬਾਰੇ ਬਿਆਨ ਕੀਤਾ ਹੈ। ਭਾਈ ਫੁੰਮਨ ਸਿੰਘ ਦਾ ਜਨਮ 1889 ਈ. ਵਿਚ ਪਿੰਡ ਅਮਰਗੜ੍ਹ ਜ਼ਿਲ੍ਹਾ ਬਠਿੰਡਾ ਵਿਚ ਬਾਬਾ ਹੀਰਾ ਸਿੰਘ ਦੇ ਘਰ ਹੋਇਆ।[30] ਭਾਈ ਸਾਹਿਬ ਬਹੁਤ ਸ਼ਾਂਤ, ਗੰਭੀਰ ਅਤੇ ਅਡੋਲ ਸ਼ਖ਼ਸੀਅਤ ਦੇ ਧਾਰਨੀ ਸਨ। ਕਰਤਾ ਨੇ ਉਸ ਸਮੇਂ ਗੁਰਮੁਖੀ ਪੜ੍ਹਾਈ ਦੀ ਪ੍ਰਾਚੀਨ ਸ਼ੈਲੀ ਬਾਰੇ ਦਸਿਆ ਹੈ। ਉਨ੍ਹਾਂ ਸਮਿਆਂ ਵਿਚ ਸਕੂਲ ਨਾ ਹੋਣ ਕਰਕੇ ਬਚਿਆਂ ਨੂੰ ਸਿਖਿਆ ਉਦਾਸੀਆਂ ਅਤੇ ਨਿਰਮਲਿਆਂ ਦੇ ਡੇਰਿਆਂ ਵਿਚ ਦਿਤੀ ਜਾਂਦੀ ਸੀ। ਵਿਦਿਆਰਥੀਆਂ ਨੂੰ ਪਹਿਲਾ 'ਪੈਂਤੀ' (ਵਰਣਮਾਲਾ) ਅਤੇ ਉਸ ਤੋਂ ਬਾਅਦ ਮੁਹਾਰਨੀ ਯਾਦ ਕਰਵਾਈ ਜਾਂਦੀ ਸੀ। ਗਿਆਨੀ ਜੀ ਨੇ ਮੁਹਾਰਨੀ ਕੰਠਸਥ ਕਰਨ ਦੇ ਤਿੰਨ ਪ੍ਰਚਲਤ ਰੂਪਾਂ ਬਾਰੇ ਵੀ ਦਸਿਆ ਹੈ। ਇਸ ਤੋਂ ਮਗਰੋਂ ਅੱਖਰਾਂ ਦਾ ਅਭਿਆਸ ਕਰਵਾਇਆ ਜਾਂਦਾ ਸੀ। ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਭਾਈ ਗੁਰਦਾਸ ਦੀਆਂ ਵਾਰਾਂ, ਛੰਦਾਂ ਬੰਦੀ ਤੋਂ ਜਾਣੂ ਕਰਵਾਉਣ ਲਈ ਹਨੂੰਮਾਨ ਨਾਟਕ ਪੜ੍ਹਾਇਆ ਜਾਂਦਾ। ਵਿਦਿਆਰਥੀਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਕਰਨਾ ਸਿਖਾਇਆ ਜਾਂਦਾ। ਜਿਨ੍ਹਾਂ ਵਿਦਿਆਰਥੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਉਚ ਵਿਦਿਆ ਪ੍ਰਾਪਤ ਕਰਨੀ ਹੁੰਦੀ ਉਨ੍ਹਾਂ ਨੂੰ ਡੇਰਿਆਂ ਵਿਚ ਹੀ ਨੀਤੀ, ਵੇਦਾਂਤ ਅਤੇ ਸਾਹਿਤ ਦੇ ਗ੍ਰੰਥ ਪੜ੍ਹਾਏ ਜਾਂਦੇ। ਭਾਈ ਫੁੰਮਨ ਸਿੰਘ ਨੇ ਉਸ ਸਮੇਂ ਦੀ ਪੁਰਾਤਨ ਵਿਦਿਆ ਪ੍ਰਾਪਤ ਕੀਤੀ। ਗਿਆਨੀ ਜੀ ਨੇ ਦਸਿਆ ਹੈ ਕਿ ਭਾਈ ਫੁੰਮਨ ਸਿੰਘ ਜੀ ਨੇ ਸੰਤ ਸਾਹਿਬ ਸਿੰਘ, ਸੰਤ ਸੁੰਦਰ ਸਿੰਘ ਅਤੇ ਸੰਤ ਹਰਨਾਮ ਸਿੰਘ ਤੋਂ ਵਿਦਿਆ ਪ੍ਰਾਪਤ ਕੀਤੀ। ਭਾਈ ਫੁੰਮਨ ਸਿੰਘ ਜੀ ਨੇ ਗੁਰੂ ਕਾਸ਼ੀ ਦਮਦਮਾ ਸਾਹਿਬ ਤੋਂ ਅੰਮ੍ਰਿਤਪਾਨ ਕੀਤਾ ਅਤੇ ਕ੍ਰਿਆਤਮਕ ਰੂਪ ਵਿਚ ਸਿੱਖੀ ਨੂੰ ਕਮਾਇਆ।

ਕਰਤਾ ਨੇ ਭਾਈ ਸਾਹਿਬ ਦਾ ਮਲਾਇਆ ਜਾਣਾ, ਉਥੇ ਕੁਝ ਸਮਾਂ ਫੌਜ ਦੀ ਨੌਕਰੀ ਕਰਨਾ, ਗੁਰਦੁਆਰਾ ਸਾਹਿਬ ਦੀ ਸੇਵਾ ਕਰਨਾ, ਵਾਪਿਸ ਦੇਸ਼ ਪਰਤਣ, ਕਲਕਤਾ, ਪਟਨਾ ਸਾਹਿਬ ਅਤੇ ਕਾਸ਼ੀ ਦੀ ਯਾਤਰਾ ਕਰਨ ਦਾ ਜ਼ਿਕਰ ਕੀਤਾ ਹੈ। ਭਾਈ ਫੁੰਮਨ ਸਿੰਘ ਨੇ 1912 ਈ. ਵਿਚ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੀ ਅਤੇ ਗੁਰਦੁਆਰਾ ਸਾਹਿਬ ਦਾ ਨਾਂ ਵਿਦਿਆਸਰ ਰਖਿਆ। ਗੁਰਦੁਆਰਾ ਸਾਹਿਬ ਵਿਚ ਹੀ ਗੁਰਮੁਖੀ ਅਤੇ ਗੁਰਬਾਣੀ ਪੜ੍ਹਾਉਂਦੇ ਸਨ। ਭਾਈ ਸਾਹਿਬ ਦਾ ਸੁਪਨਾ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਬਣਾਉਣਾ ਅਤੇ ਵਿਦਿਆਲਯ ਕਾਇਮ ਕਰਨਾ ਸੀ ਜਿਥੇ ਗੁਰਬਾਣੀ ਦਾ ਸ਼ੁਧ ਉਚਾਰਨ, ਗੁਰਮਤਿ ਦਰਸ਼ਨ, ਗੁਰ ਇਤਿਹਾਸ ਅਤੇ ਕੀਰਤਨ ਦੀ ਸਿਖਿਆ ਦਿਤੀ ਜਾਵੇ। ਉਸ ਸਮੇਂ ਦੀ ਵਿਦਿਅਕ ਸਥਿਤੀ ਬਾਰੇ

---

29 ਉਹੀ, ਪੰਨਾ 24.

30 ਉਹੀ, ਪੰਨਾ 27.

ਗਿਆਨੀ ਜੀ ਦਸਦੇ ਹਨ ਕਿ ਪੰਜਾਬੀਆਂ ਉਤੇ ਮੁਗਲਾਂ, ਦੁਰਾਨੀਆਂ, ਅਬਦਾਲੀਆਂ ਅਤੇ ਇਲਾਕੇ ਦੇ ਚੌਧਰੀਆਂ ਦਾ ਸਹਿਮ ਛਾਇਆ ਹੋਇਆ ਸੀ। ਸਿੰਘਾਂ ਦਾ ਹੱਥ ਹਰ ਵੇਲੇ ਤਲਵਾਰ ਦੇ ਕਬਜ਼ੇ 'ਤੇ ਰਹਿੰਦਾ ਸੀ। ਕਲਮ ਫੜਨ ਦੀ ਵਿਹਲ ਕਿੱਥੇ ਸੀ?[31]

ਕਰਤਾ ਨੇ ਭਾਈ ਸਾਹਿਬ ਦੁਆਰਾ ਫੀਰੋਜ਼ਪੁਰ, ਕੈਰੋਂ ਅਤੇ ਭਸੌੜ ਦੇ ਸਕੂਲਾਂ ਅਤੇ ਵਿਦਿਆਲਯ ਦੀ ਯਾਤਰਾ ਦਾ ਜ਼ਿਕਰ ਕੀਤਾ ਹੈ ਜਿਸਦਾ ਮੰਤਵ ਵਿਦਿਆਲਯ ਨੂੰ ਚਲਾਉਣ ਲਈ, ਸਾਂਭ-ਸੰਭਾਲ, ਮੈਨਜਮੈਂਟ, ਵਿਸ਼ੇਸ਼ ਕਰ ਲੜਕੀਆਂ ਦੀ ਵਿਦਿਆ ਸੰਬੰਧੀ ਜਾਣਕਾਰੀ ਇਕਤਰ ਕਰਨਾ ਸੀ। ਭਾਈ ਫੁੰਮਨ ਸਿੰਘ ਦੁਆਰਾ ਸਥਾਪਿਤ ਕੀਤੇ ਗਏ ਵਿਦਿਆਲਯ ਦਾ ਨਾਂ 'ਧਾਰਮਿਕ ਗੁਰਮੁਖੀ ਯਤੀਮ ਮਹਾਂਵਿਦਿਆਲਯ ਅਮਰਗੜ੍ਹ' ਰਖਿਆ ਗਿਆ। ਲੇਖਕ ਨੇ ਇਸ ਵਿਦਿਆਲਯ ਦੇ ਨਿਯਮਾਂ, ਪੜ੍ਹਾਏ ਜਾਣ ਵਾਲੇ ਵਿਸ਼ਿਆਂ ਅਤੇ ਅਧਿਆਪਕਾਂ ਦੀ ਜਾਣਕਾਰੀ ਵੀ ਪਾਠਕਾਂ ਨੂੰ ਦਿਤੀ ਹੈ। ਗਿਆਨੀ ਜੀ ਨੇ ਖੁਦ ਇਸ ਵਿਦਿਆਲਯ ਵਿਚੋਂ ਦੋ ਸਾਲ ਵਿਦਿਆ (ਸੰਪ੍ਰਦਾਇ ਗਿਆਨੀ) ਪ੍ਰਾਪਤ ਕੀਤੀ। ਪੁਸਤਕ ਵਿਚ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਜੀ ਦੇ ਸਰਟੀਫਿਕੇਟ ਦੀ ਤਸਵੀਰ ਵੀ ਲਗਾਈ ਗਈ ਹੈ। ਭਾਈ ਫੁੰਮਨ ਸਿੰਘ ਦੁਆਰਾ ਵਿਦਿਆਲਯ ਵਿਚ ਹੋਰ ਸੁਧਾਰ ਲਿਆਉਣ ਲਈ ਬਰਮਾ ਅਤੇ ਮਲਾਇਆ ਵਿਚੋਂ ਉਗਰਾਹੀ ਕਰਨ ਦਾ ਵੇਰਵਾ ਵੀ ਮਿਲਦਾ ਹੈ।

ਤੀਜੇ ਲੇਖ ਵਿਚ ਲੇਖਕ ਨੇ ਧਾਰਮਿਕ ਗੁਰਮੁਖੀ ਯਤੀਮ ਮਹਾਂਵਿਦਿਆਲਯ ਅਮਰਗੜ੍ਹ ਦੀ ਇਮਾਰਤ ਪੱਕੀ ਕਰਨਾ, ਸਿੱਖ ਮਿਸ਼ਨਰੀ ਕਾਲਜ ਅਮਰਗੜ੍ਹ ਦਾ ਮੁੜ ਆਰੰਭ ਕਰਨਾ, ਵਿਦਿਆਲਯ ਦੇ ਨਿਯਮ, ਸਿਲੇਬਸ, ਅਧਿਆਪਕਾਂ, ਪੁਸਤਕਾਲਯ ਅਤੇ ਮਾਲਵਾ ਚੱਕਰਵਰਤੀ ਖ਼ਾਲਸਾ ਦੀਵਾਨ ਬਿੰਬੂਕੇ ਦੀ ਧਰਮ ਪ੍ਰਚਾਰ ਲਈ ਸਥਾਪਨਾ ਕਰਨਾ ਆਦਿ ਵਿਸ਼ਿਆਂ ਤੇ ਚਰਚਾ ਕੀਤੀ ਹੈ।

ਚੌਥੇ ਲੇਖ ਵਿਚ ਲੇਖਕ ਨੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਅਮਰਗੜ੍ਹ ਵਿਖੇ ਆਉਣਾ, ਕੀਰਤਨ ਕਰਨਾ ਅਤੇ ਸੰਗਤਾਂ ਨੂੰ ਉਪਦੇਸ਼ ਦੇਣ ਦਾ ਜ਼ਿਕਰ ਕੀਤਾ ਹੈ। ਇਸ ਤੋਂ ਬਾਅਦ ਗੁਰਮੁਖੀ ਯਤੀਮ ਮਹਾਂਵਿਦਿਆਲਯ ਅਮਰਗੜ੍ਹ ਵਿਚ ਮਹਾਰਾਜਾ ਹਰਿੰਦਰ ਸਿੰਘ ਜੀ ਵਾਲੀਏ ਰਿਆਸਤ ਫਰੀਦਕੋਟ ਵਾਲਿਆਂ ਦੇ ਆਉਣ, ਭਾਈ ਸਾਹਿਬ ਦੀ ਨਿਸ਼ਕਾਮ ਸੇਵਾ ਤੋਂ ਪ੍ਰਭਾਵਿਤ ਹੋਣਾ ਅਤੇ ਮਾਇਕ ਸਹਾਇਤਾ ਅਤੇ ਵਿਦਿਆਲਯ ਲਈ ਜ਼ਮੀਨ ਦਾਨ ਕਰਨ ਬਾਰੇ ਦਸਿਆ ਹੈ।

ਪੰਜਵੇਂ ਲੇਖ ਵਿਚ ਕਰਤਾ ਨੇ ਗੁਰਦੁਆਰਾ ਸੁਧਾਰ ਲਹਿਰ ਅਤੇ ਇਸ ਵਿਚ ਭਾਈ ਸਾਹਿਬ ਦੇ ਮਨ, ਬਾਣੀ, ਕਰਮ ਕਰਕੇ ਪਾਏ ਯੋਗਦਾਨ ਦਾ ਸਾਲ ਵਾਰ ਵੇਰਵਾ ਦਿਤਾ ਹੈ। ਗੁਰਦੁਆਰਾ ਸੁਧਾਰ ਲਹਿਰ 1920 ਵਿਚ ਆਰੰਭ ਹੋਈ ਅਤੇ 1925 ਵਿਚ ਸਮਾਪਤ ਹੋਈ। ਉਸ ਸਮੇਂ ਗੁਰਦੁਆਰਿਆਂ ਦੇ ਪੂਜਾਰੀ ਭ੍ਰਿਸ਼ਟ ਅਤੇ ਆਚਰਹੀਣ ਬਣ ਚੁਕੇ ਸਨ। ਗੁਰਦੁਆਰਿਆਂ ਨੂੰ ਆਪਣੀ ਨਿਜੀ ਸੰਪਤੀ ਸਮਝਦੇ ਸਨ, ਮਾਸ-ਸ਼ਰਾਬ ਵਰਤਦੇ ਅਤੇ ਵਿਭਚਾਰ ਕਰਦੇ ਸਨ। ਇਸ ਲਹਿਰ ਨੇ ਸਾਹਿਤ ਰਾਹੀਂ ਲੋਕਾਂ ਵਿਚ ਜਾਗ੍ਰਿਤੀ ਪੈਦਾ ਕੀਤੀ। 1920 ਤੋਂ 1925 ਤਕ ਸੰਘਰਸ਼ ਕੀਤਾ। ਸਿੰਘਾਂ ਨੇ ਕੁਰਬਾਨੀਆਂ ਦੇ ਕੇ ਗੁਰਦੁਆਰਿਆਂ ਨੂੰ ਪੂਜਾਰੀਆਂ ਤੋਂ

31 ਉਹੀ, ਪੰਨਾ 47.

ਮੁਕਤ ਕਰਵਾਇਆ। ਅੰਤ ਵਿਚ ਗਿਆਨੀ ਜੀ ਨੇ ਭਾਈ ਦਿਆਲ ਸਿੰਘ ਪਰਵਾਨਾ ਦੀਆਂ ਦੋ ਕਵਿਤਾਵਾਂ ਅੰਕਿਤ ਕੀਤੀਆਂ ਹਨ ਜਿਨ੍ਹਾਂ ਵਿਚ ਉਨ੍ਹਾਂ ਨੇ ਸਿੰਘਾਂ ਦੇ ਮਹਾਨ ਸੰਘਰਸ਼ ਨੂੰ ਬਿਆਨ ਕੀਤਾ ਹੈ।

ਛੇਵੇਂ ਲੇਖ ਵਿਚ ਗੁਰਮਤਿ ਦੇ ਕੇਂਦਰ ਗੁਰਦੁਆਰਾ ਵਿਦਿਆਸਰ ਵਿਖੇ ਭਾਈ ਸਾਹਿਬ ਵਲੋਂ ਗੁਰਮਤਿ ਦਾ ਪ੍ਰਚਾਰ ਕਰਨਾ, ਅੰਮ੍ਰਿਤ ਸੰਚਾਰ ਕਰਨਾ, ਤਨਖ਼ਾਹ ਲਗਾ ਕੇ ਸੋਧ ਕਰਨਾ, ਵਿਦਿਆਸਰ ਵਿਖੇ ਕਰਵਾਏ ਜਾਂਦੇ ਗੁਰਮਤਿ ਸਮਾਗਮਾਂ ਦਾ ਵੇਰਵਾ ਦਿਤਾ ਹੈ। ਲੇਖਕ ਨੇ ਦਸਿਆ ਹੈ ਕਿ ਭਾਈ ਫੂੰਮਨ ਸਿੰਘ ਦੇ ਧਰਮ ਪ੍ਰਚਾਰ ਦਾ ਘੇਰਾ ਨਾ ਕੇਵਲ ਅਮਰਗੜ੍ਹ ਸੀ ਬਲਕਿ ਉਨ੍ਹਾਂ ਨੇ ਸਾਰੇ ਮਾਲਵੇ ਵਿਚ ਧਰਮ ਪ੍ਰਚਾਰ ਕੀਤਾ ਅਤੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ। ਗਿਆਨੀ ਜੀ ਨੇ ਉਨ੍ਹਾਂ ਦਾ ਵੇਰਵਾ ਵੀ ਅੰਕਿਤ ਕੀਤਾ ਹੈ ਜਿਨ੍ਹਾਂ ਨੂੰ ਭਾਈ ਸਾਹਿਬ ਦੁਆਰਾ ਰਹਿਤ ਵਿਚ ਢਿਲ ਕਰਨ ਕਰਕੇ ਤਨਖ਼ਾਹ ਲਗਾਈ ਗਈ। ਕਰਤਾ ਅਨੁਸਾਰ ਭਾਈ ਸਾਹਿਬ ਅੰਮ੍ਰਿਤ ਪਾਨ ਕਰਨ ਵਾਲਿਆਂ ਅਤੇ ਤਨਖ਼ਾਹੀਆਂ ਦਾ ਰਿਕਾਰਡ ਵੀ ਰਜਿਸਟਰ ਵਿਚ ਦਰਜ ਕਰਦੇ ਸਨ। ਵਿਦਿਆਸਰ ਵਿਖੇ ਦੋ ਛਿਮਾਹੀ ਤਿੰਨ ਰੋਜ਼ਾ ਦੀਵਾਨ ਸਜਦੇ ਸਨ। ਲੇਖਕ ਨੇ ਉਨ੍ਹਾਂ ਸਮਾਗਮਾਂ ਵਿਚ ਕਥਾ ਕੀਰਤਨ ਕਰਨ ਵਾਲੇ ਵਿਦਵਾਨਾਂ ਦੇ ਨਾਵਾਂ ਦੀ ਸੂਚੀ ਵੀ ਦਿਤੀ ਹੈ।

ਸਤਵੇਂ ਅਧਿਆਇ ਵਿਚ ਕਰਤਾ ਨੇ ਭਾਈ ਫੂੰਮਨ ਸਿੰਘ ਜੀ ਦੇ ਅੰਤਿਮ ਸਮੇਂ ਅਤੇ ਉਨ੍ਹਾਂ ਦੇ ਸਚਖੰਡ ਜਾਣ ਦਾ ਜ਼ਿਕਰ ਕੀਤਾ ਹੈ। ਭਾਈ ਸਾਹਿਬ 92 ਸਾਲ ਨਾਮ, ਬਾਣੀ, ਕਥਾ, ਕੀਰਤਨ, ਅੰਮ੍ਰਿਤ ਸੰਚਾਰ, ਵਿਦਿਆ ਪ੍ਰਚਾਰ ਕਰਦੇ ਹੋਏ ਅਕਤੂਬਰ 1974 ਵਿਚ ਸਚਖੰਡ ਸਿਧਾਰ ਗਏ। ਗਿਆਨੀ ਜੀ ਨੇ ਭਾਈ ਫੂੰਮਨ ਸਿੰਘ ਦੀ ਅੰਤਿਮ ਅਰਦਾਸ ਤੇ ਆਏ ਸ਼ੋਕ ਪੱਤਰ ਵੀ ਪੁਸਤਕ ਵਿਚ ਦਰਜ ਕੀਤੇ ਹਨ ਜਿਨ੍ਹਾਂ ਵਿਚ ਮਹਾਰਾਜਾ ਫਰੀਦਕੋਟ, ਗਿਆਨੀ ਜੈਲ ਸਿੰਘ ਮੁਖ ਮੰਤਰੀ ਪੰਜਾਬ, ਸ. ਗੁਰਚਰਨ ਸਿੰਘ ਟੋਹੜਾ ਦੇ ਸ਼ੋਕ ਪਤਰ ਸ਼ਾਮਿਲ ਹਨ।

ਅਠਵੇਂ ਲੇਖ ਵਿਚ ਭਾਈ ਫੂੰਮਨ ਸਿੰਘ ਦੀ ਸ਼ਖ਼ਸੀਅਤ ਬਾਰੇ ਦਸਿਆ ਗਿਆ ਹੈ। ਗਿਆਨੀ ਜੀ ਅਨੁਸਾਰ 'ਆਪ ਪੂਰਨ ਪੁਰਖ ਸਨ, ਕਿਸੇ ਪਖੋਂ ਕੋਈ ਤਰੁੱਟੀ ਆਪ ਦੇ ਜੀਵਨ ਵਿਚ ਦ੍ਰਿਸ਼ਟੀਗੋਚਰ ਨਹੀਂ ਹੁੰਦੀ ਸੀ। ਅਗਿਆਨ, ਅੰਧ-ਵਿਸ਼ਵਾਸੀ ਵਾਲੀ ਘਟਨਾ ਜਾਂ ਬਿਰਤੀ ਆਪ ਜੀ ਦੇ ਜੀਵਨ ਵਿਚ ਨਹੀਂ ਸੀ ਮਿਲਦੀ। ਜਿਸ ਤਰ੍ਹਾਂ ਆਪ ਗਿਆਨਵਾਨ ਸਨ, ਇਸੀ ਤਰ੍ਹਾਂ ਸਭ ਮਨੁਖਤਾ ਨੂੰ ਗਿਆਨਵਾਨ ਬਣਿਆ ਵੇਖਣਾ ਲੋਚਦੇ ਸਨ।'[32]

ਨੌਵੇਂ ਅਧਿਆਇ ਵਿਚ ਗਿਆਨੀ ਜੀ ਨੇ ਭਾਈ ਸਾਹਿਬ ਦੇ ਸਹਿਯੋਗੀਆਂ ਬਾਰੇ ਸੰਖੇਪ ਰੂਪ ਵਿਚ ਜਾਣਕਾਰੀ ਦਿਤੀ ਹੈ। ਭਾਈ ਸਾਹਿਬ ਵਾਂਗ ਉਨ੍ਹਾਂ ਦੇ ਸਹਿਯੋਗੀ ਵੀ ਨਿਸ਼ਕਾਮ, ਉਚ ਆਚਰਨ ਵਾਲੇ, ਗੁਰਮੁਖ ਪਿਆਰੇ, ਗੁਰਬਾਣੀ ਦੇ ਨਿਤਨੇਮੀ ਤੇ ਪਰਉਪਕਾਰੀ ਸਨ। ਕਰਤਾ ਨੇ ਭਾਈ ਸਾਹਿਬ ਅਮਰਜੀਤ ਸਿੰਘ, ਗਿਆਨੀ ਚੰਨਣ ਸਿੰਘ ਸ੍ਰੀਖੰਡ ਗੁਰਨੇਕਲਾਂ, ਪੰਡਿਤ ਕਰਤਾਰ ਸਿੰਘ ਦਾਖਾ, ਬਾਬੂ ਚੰਦਾ ਸਿੰਘ, ਗਿਆਨੀ ਗੁਰਦਿਤ ਸਿੰਘ ਚੰਡੀਗੜ੍ਹ, ਸ੍ਰੀਮਾਨ 108 ਮਹੰਤ ਤੀਰਥ ਸਿੰਘ ਜੀ ਸੇਵਾ ਪੰਥੀ, ਸ੍ਰੀਮਾਨ ਸੰਤ ਕਾਨ੍ਹ ਸਿੰਘ ਜੀ ਸੇਵਾ ਪੰਥੀ, ਜਥੇਦਾਰ ਦਿਆਲ ਸਿੰਘ ਪਰਵਾਨਾ, ਗਿਆਨੀ ਅਜਮੇਰ ਸਿੰਘ ਐਮ.ਏ.ਲੋਹਗੜ੍ਹ, ਸ. ਬੁਗਰ ਸਿੰਘ ਪਿੰਡ ਦਰੀਆਪੁਰ, ਸ. ਗੁਰਨਾਮ ਸਿੰਘ ਜੀ ਗਿਆਨੀ ਮਹਿਮਾ ਸਵਾਈ, ਗਿਆਨੀ

32 ਉਹੀ, 127.

ਗੁਰਚਰਨ ਸਿੰਘ ਜੀ ਮੁਕਤਸਰ, ਭਾਈ ਕਰਤਾਰ ਸਿੰਘ ਅਮਰਗੜ੍ਹ, ਭਾਈ ਚੰਨਣ ਸਿੰਘ ਨੰਬਰਦਾਰ, ਭਾਈ ਦੁਲਾ ਸਿੰਘ, ਭਾਈ ਕਰਮ ਸਿੰਘ ਸ਼ਾਂਤ, ਜਥੇਦਾਰ ਮੱਖਣ ਸਿੰਘ, ਸ. ਪ੍ਰੀਤਮ ਸਿੰਘ (ਭਾਸ਼ਾ ਵਿਭਾਗ) ਅਤੇ ਭਾਈ ਦਸੌਂਧਾ ਸਿੰਘ ਪਿੰਡ ਸਿਵੀਆਂ ਬਾਰੇ ਸੰਖੇਪ ਵਿਚ ਵਿਚ ਜਾਣਕਾਰੀ ਦਿਤੀ ਹੈ।

ਦਸਵੇਂ ਲੇਖ ਵਿਚ ਲੇਖਕ ਨੇ ਭਾਈ ਫੂੰਮਨ ਸਿੰਘ ਜੀ ਦੇ ਪਰਉਪਕਾਰੀ ਜੀਵਨ ਸੰਬੰਧੀ ਵਖ-ਵਖ ਅਖ਼ਬਾਰਾਂ ਅਤੇ ਮਾਸਿਕ ਪੱਤਰਾਂ ਵਿਚ ਪ੍ਰਕਾਸ਼ਿਤ ਲੇਖਾਂ ਨੂੰ ਪਾਠਕਾਂ ਦੇ ਸਨਮੁਖ ਪੇਸ਼ ਕੀਤਾ ਹੈ।

ਸਮੁਚੇ ਰੂਪ ਵਿਚ ਇਹ ਪੁਸਤਕ ਜਿਥੇ ਭਾਈ ਫੂੰਮਨ ਸਿੰਘ ਦੇ ਜੀਵਨ ਦੇ ਵਖ-ਵਖ ਪਹਿਲੂਆਂ ਤੇ ਚਾਨਣਾ ਪਾਉਂਦੀ ਹੈ ਉਥੇ ਸਿੱਧੂ ਵੰਸ਼, ਰਿਆਸਤ ਫਰੀਦਕੋਟ, ਮਾਲਵੇ ਅਤੇ ਬਿੰਝੂ ਕੇ ਇਲਾਕੇ ਅਤੇ ਲੱਖੀ ਜੰਗਲ ਦੇ ਇਤਿਹਾਸ ਬਾਰੇ ਵੀ ਪਾਠਕਾਂ ਨੂੰ ਜਾਣਕਾਰੀ ਮੁਹਈਆਂ ਕਰਵਾਉਂਦੀ ਹੈ।

**10. *ਸੁਧਾਸਰ ਕੇ ਰਤਨ (ਹਿੰਦੀ):*** ਇਹ ਪੁਸਤਕ ਸ੍ਰੀ ਮਾਨ ਮਹੰਤ ਭੁਪਿੰਦਰ ਸਿੰਘ ਡੇਰਾ ਬਾਬਾ ਮਿਸ਼ਰਾ ਸਿੰਘ ਜੀ ਚੌਂਕ ਲਛਮਣਸਰ, ਅੰਮ੍ਰਿਤਸਰ ਦੁਆਰਾ 2001 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। 102 ਪੰਨਿਆਂ ਦੀ ਇਹ ਪੁਸਤਕ ਹਿੰਦੀ ਭਾਸ਼ਾ ਵਿਚ ਲਿਖੀ ਗਈ ਹੈ। ਇਸ ਵਿਚ ਲੇਖਕ ਨੇ ਡੇਰਾ ਬਾਬਾ ਮਿਸ਼ਰਾ ਸਿੰਘ ਚੌਂਕ ਲਛਮਣਸਰ, ਅੰਮ੍ਰਿਤਸਰ ਅਤੇ ਸੰਪ੍ਰਦਾਇ ਠਾਕੁਰ ਦਿਆਲ ਸਿੰਘ ਦਾ ਇਤਿਹਾਸ ਅੰਕਿਤ ਕੀਤਾ ਹੈ। ਡੇਰੇ ਦੇ ਇਤਿਹਾਸ ਨਾਲ ਸਬੰਧਿਤ ਲਗਪਗ 12 ਤਸਵੀਰਾਂ ਦਰਜ ਕੀਤੀਆਂ ਹਨ।

ਭੂਮਿਕਾ ਵਿਚ ਕਰਤਾ ਨੇ ਇਸ ਡੇਰੇ ਦੇ ਪ੍ਰਸਿਧ ਮਹਾਂਪੁਰਖਾਂ ਬਾਰੇ ਸੰਖੇਪ ਵਿਚ ਦਿਤਾ ਹੈ ਜਿਸ ਵਿਚ ਸੰਤ ਹਾਕਮ ਸਿੰਘ ਜੀ ਗਿਆਨੀ, ਬਾਬਾ ਪਾਲ ਸਿੰਘ ਜੀ, ਗਿਆਨੀ ਸਰੋਵਰ ਸਿੰਘ ਜੀ, ਸੰਤ ਬਲਵੰਤ ਸਿੰਘ ਜੀ, ਸੰਤ ਕਪੂਰ ਸਿੰਘ ਜੀ ਰਾਗੀ, ਸੰਤ ਮੱਖਣ ਸਿੰਘ ਜੀ, ਗਿਆਨੀ ਬਿਸ਼ਨ ਸਿੰਘ ਜੀ, ਪੰਡਿਤ ਸ਼ਾਮ ਸਿੰਘ ਜੀ, ਸ੍ਰੀਮਾਨ ਸੰਤ ਗਿਆਨੀ ਬਲਵੰਤ ਸਿੰਘ ਜੀ ਰਿਸ਼ੀਕੇਸ਼, 108 ਬਾਬਾ ਪ੍ਰੇਮ ਸਿੰਘ ਜੀ ਰਿਸ਼ੀ ਕੇਸ਼ ਝਾੜੀ ਵਾਲੇ, 108 ਸਵਾਮੀ ਭਗਤ ਸਿੰਘ ਜੀ, ਸ੍ਰੀਮਾਨ ਪੰਡਿਤ ਦੇਵਾ ਸਿੰਘ ਜੀ ਆਦਿ ਬਾਰੇ ਸੰਖੇਪ ਜਾਣਕਾਰੀ ਦਿਤੀ ਹੈ।

ਆਰੰਭ ਵਿਚ ਕਰਤਾ ਨੇ ਸੰਤ ਦੀ ਪਰਿਭਾਸ਼ਾ, ਨਿਰਮਲ ਪੰਥ ਦੀ ਸਥਾਪਨਾ, ਨਿਰਮਲਿਆਂ ਦੁਆਰਾ ਕੀਤੀ ਸੇਵਾ ਅਤੇ ਠਾਕੁਰ ਦਿਆਲ ਸਿੰਘ ਸੰਪ੍ਰਦਾਇ (ਨਿਰਮਲ ਪੰਥ ਦੀ ਉਪਸ਼ਾਖਾ) ਦੀ ਆਰੰਭਤਾ ਬਾਰੇ ਦਸਿਆ ਹੈ। ਠਾਕੁਰ ਦਿਆਲ ਸਿੰਘ ਸੰਪ੍ਰਦਾਇ ਦਾ ਆਰੰਭ ਭਾਈ ਧਰਮ ਸਿੰਘ ਪਿਆਰੇ ਤੋਂ ਹੋਇਆ। ਲੇਖਕ ਨੇ ਇਸ ਸੰਪ੍ਰਦਾਇ ਦੀ ਵੰਸਾਵਲੀ ਦਿਤੀ ਹੈ। ਇਸ ਵੇਰਵੇ ਨੂੰ ਗਿਆਨੀ ਜੀ ਨੇ ਚਿਤਰ ਦੇ ਰੂਪ ਵਿਚ ਬੜੇ ਸੁੰਦਰ ਢੰਗ ਨਾਲ ਪੇਸ਼ ਕੀਤਾ ਹੈ।

ਗਿਆਨੀ ਜੀ ਨੇ ਠਾਕੁਰ ਦਿਆਲ ਸਿੰਘ ਸੰਪ੍ਰਦਾਇ ਦੇ ਡੇਰਾ ਬਾਬਾ ਮਿਸ਼ਰਾ ਸਿੰਘ ਚੌਂਕ ਲਛਮਣਸਰ, ਅੰਮ੍ਰਿਤਸਰ ਨਾਲ ਸੰਬੰਧ ਰਖਣ ਵਾਲੇ ਸੰਤਾਂ ਮਹਾਂਪੁਰਖਾਂ ਬਾਰੇ ਵਰਣਨ ਕੀਤਾ ਹੈ ਜਿਸ ਵਿਚ ਇਨ੍ਹਾਂ ਮਹਾਂਪੁਰਖਾਂ ਦੇ ਜਨਮ, ਵਿਦਿਆ ਗੁਰੂ, ਸੇਵਾ, ਕਥਾ ਦੀ ਸ਼ੈਲੀ ਆਦਿ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ। ਲੇਖਕ ਨੇ ਪੁਸਤਕ ਵਿਚ ਇਨ੍ਹਾਂ ਮਹਾਂਪੁਰਖਾਂ ਦੇ ਚਿਤਰ ਵੀ ਪੇਸ਼ ਕੀਤੇ ਹਨ। ਲੇਖਕ ਨੇ ਸੰਤ ਰਾਮ ਸਿੰਘ, ਠਾਕੁਰ ਦਿਆਲ ਸਿੰਘ, ਸ੍ਰੀਮਾਨ 108 ਪੂਜਯ ਸੰਤ ਬਾਬਾ ਫਤਿਹ ਸਿੰਘ ਜੀ, ਸ੍ਰੀਮਾਨ 108

ਸੰਤ ਬਾਬਾ ਮਿਸ਼ਰਾ ਸਿੰਘ ਜੀ, ਸ੍ਰੀਮਾਨ 108 ਮਹੰਤ ਰਤਨ ਸਿੰਘ ਜੀ, ਸ੍ਰੀਮਾਨ 108 ਮਹੰਤ ਹਾਕਮ ਸਿੰਘ ਜੀ, ਸ੍ਰੀਮਾਨ 108 ਪੂਜਯ ਮਹੰਤ ਮਨਜੀਤ ਸਿੰਘ ਜੀ, ਸ੍ਰੀਮਾਨ 108 ਪੂਜਯ ਮਹੰਤ ਭੁਪਿੰਦਰ ਸਿੰਘ ਜੀ, ਸ੍ਰੀਮਾਨ 108 ਗਿਆਨੀ ਦੇਸਾ ਸਿੰਘ ਜੀ, ਸ੍ਰੀਮਾਨ 108 ਪੂਜਯ ਪੰਡਿਤ ਆਨੰਦ ਸਿੰਘ ਜੀ ਮੰਡਲੇਸ਼ਵਰ ਆਦਿ ਬਾਰੇ ਜਾਣਕਾਰੀ ਦਿਤੀ ਹੈ।

ਸਮੁਚੇ ਰੂਪ ਵਿਚ ਇਹ ਪੁਸਤਕ ਡੇਰਾ ਬਾਬਾ ਮਿਸ਼ਰਾ ਸਿੰਘ ਦੇ ਇਤਿਹਾਸ ਅਤੇ ਠਾਕੁਰ ਦਿਆਲ ਸਿੰਘ ਸੰਪ੍ਰਦਾਇ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ।

**11. *ਕੋਠਾ ਗੁਰੂ ਦੀ ਗੌਰਵ ਗਾਥਾ:*** ਇਹ ਪੁਸਤਕ ਗਿਆਨੀ ਜੀ ਦੇ ਸਪੁੱਤਰ ਗਿਆਨੀ ਕੌਰ ਸਿੰਘ, ਪਿੰਡ ਕੋਠਾ ਗੁਰੂ (ਬਠਿੰਡਾ) ਵਲੋਂ 2004 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। 248 ਪੰਨਿਆਂ ਦੀ ਇਸ ਪੁਸਤਕ ਨੂੰ ਗਿਆਨੀ ਜੀ ਨੇ ਦੋ ਭਾਗਾਂ ਵਿਚ ਵੰਡਿਆਂ ਹੈ ਪੂਰਵ ਕਾਲ ਅਤੇ ਉਤਰ ਕਾਲ। ਪੂਰਵ ਕਾਲ ਵਿਚ ਪ੍ਰਾਚੀਨ ਸਮੇਂ ਤੋਂ ਲੈ ਕੇ ਗੁਰੂ ਸਾਹਿਬਾਨ ਤੱਕ ਮਾਲਵੇ ਦਾ ਅਤੇ ਪਿੰਡ ਕੋਠਾ ਗੁਰੂ ਦਾ ਇਤਿਹਾਸ ਅੰਕਿਤ ਕੀਤਾ ਹੈ। ਉਤਰ ਕਾਲ ਵਿਚ ਆਧੁਨਿਕ ਕੋਠਾ ਗੁਰੂ ਦੇ ਰਾਜਕੀ ਪ੍ਰਬੰਧ, ਪੰਚਾਇਤ, ਸਕੂਲ, ਗੁਰਦੁਆਰੇ, ਮੰਦਰ ਅਤੇ ਕੋਠਾ ਗੁਰੂ ਵਿਚ ਵੀਹਵੀਂ ਸਦੀ ਵਿਚ ਹੋਏ ਵਿਦਵਾਨਾਂ ਦਾ ਜ਼ਿਕਰ ਕੀਤਾ ਹੈ। ਪੁਸਤਕ ਵਿਚ 193 ਸਿਰਲੇਖਾਂ ਤਹਿਤ ਪਿੰਡ ਕੋਠਾ ਗੁਰੂ ਦਾ ਇਤਿਹਾਸ ਅੰਕਿਤ ਕੀਤਾ ਹੈ। ਕੋਠਾ ਗੁਰੂ ਦੇ ਇਤਿਹਾਸ ਨਾਲ ਸੰਬੰਧਿਤ ਲਗਭਗ 17 ਚਿਤਰ ਪੇਸ਼ ਕੀਤੇ ਹਨ।

ਪੁਸਤਕ ਦੇ ਪਹਿਲੇ ਭਾਗ ਪੂਰਵ ਕਾਲ ਵਿਚ ਗਿਆਨੀ ਜੀ ਨੇ ਮਾਲਵੇ ਦੇ ਗੌਰਵ ਭਰੇ ਇਤਿਹਾਸ ਦਾ ਵਰਣਨ ਕੀਤਾ ਹੈ। ਲੇਖਕ ਨੇ ਪ੍ਰਾਚੀਨ ਸਮੇਂ ਵਿਚ ਪਿੰਡ ਕੋਠਾ ਗੁਰੂ ਵਿਚੋਂ ਵਹਿਣ ਵਾਲੀਆਂ ਨਦੀਆਂ (ਆਕੜਾ, ਕਣਕਵਾਹਣੀ, ਭੰਡਲੀ, ਕੌਸ਼ੱਲਿਆ, ਘੱਗਰ, ਸਰਸ੍ਵਤੀ, ਮਾਰਕੰਡਾ) ਦਾ ਜ਼ਿਕਰ ਕੀਤਾ ਹੈ। ਉਸ ਸਮੇਂ ਦੀ ਸਿੱਖਿਆ ਪ੍ਰਣਾਲੀ ਦੀ ਗੱਲ ਕਰਦੇ ਹੋਏ ਗਿਆਨੀ ਜੀ ਨੇ ਗੁਰੂਕੁਲ ਪ੍ਰਣਾਲੀ, ਪੁਰਾਤਨ ਭਾਸ਼ਾਵਾਂ, ਭਾਸ਼ਾ ਦੇ ਵਿਕਾਸ, ਵਿਆਕਰਣ ਦੀ ਰਚਨਾ ਅਤੇ ਪੁਰਾਤਨ ਗ੍ਰੰਥਾਂ ਦੀ ਰਚਨਾ ਬਾਰੇ ਵੱਡਮੁਲੀ ਜਾਣਕਾਰੀ ਪੇਸ਼ ਕੀਤੀ ਹੈ। ਸਾਰਸ੍ਵਤ ਦੇਸ਼ (ਗੁਰੂ ਕਾ ਮਾਲਵਾ) ਦੀ ਰਾਜਸੀ ਸਥਿਤੀ ਦਾ ਵਰਣਨ ਕਰਦੇ ਹੋਏ ਗ੍ਰਾਮ, ਨਗਰ ਅਤੇ ਪੰਚਾਇਤ ਦੀ ਪਰਿਭਾਸ਼ਾ ਦਿਤੀ ਹੈ। ਇਤਿਹਾਸਕ ਮਿਥਿਹਾਸਕ ਵੰਸ਼ਾਂ ਦੀ ਜਾਣਕਾਰੀ ਦਿੰਦੇ ਹੋਏ ਮਾਨ ਵੰਸ਼ ਬਾਰੇ ਵੀ ਜਾਣਕਾਰੀ ਮੁਹਈਆਂ ਕਰਵਾਈ ਹੈ।

ਗਿਆਨੀ ਜੀ ਦਸਦੇ ਹਨ ਕਿ ਗੁਰੂ ਨਾਨਕ ਦੇਵ ਜੀ ਸੱਤ ਦਿਨ ਇਸ ਪਿੰਡ (ਕੋਠਾ ਗੁਰੂ) ਵਿਚ ਰਹੇ ਅਤੇ ਸੰਗਤਾਂ ਨੂੰ ਤਾਰਿਆ। ਗੁਰੂ ਸਾਹਿਬ ਸਰਸੇ ਤੋਂ ਸੁਲਤਾਨਪੁਰ ਨੂੰ ਜਾਂਦੇ ਹੋਏ ਨਵੰਬਰ 1515 ਈ. ਵਿਚ ਇਸ ਪਿੰਡ ਵਿਚ ਵਿਰਾਜੇ ਸਨ।[33] ਗਿਆਨੀ ਜੀ ਨੇ ਪ੍ਰਿਥੀ ਚੰਦ ਦੇ ਇਸ ਪਿੰਡ ਵਿਚ ਆਉਣ ਬਾਰੇ ਜਾਣਕਾਰੀ ਦਿਤੀ ਹੈ। ਗੁਰੂ ਨਾਨਕ ਸਾਹਿਬ ਤੋਂ ਅੱਸੀ ਸਾਲ ਮਗਰੋਂ 1595 ਈ. ਵਿਚ ਪ੍ਰਿਥੀ ਚੰਦ ਇਸ ਪਿੰਡ ਵਿਚ ਆਇਆ। ਉਸਨੇ ਆਪਣੇ ਜੀਵਨ ਦਾ ਕਾਫੀ ਸਮਾਂ ਇਸ ਪਿੰਡ ਵਿਚ ਬਤੀਤ ਕੀਤਾ ਕਿਉਂਕਿ ਇਹ ਪਿੰਡ

33 ਉਹੀ, *ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨਾ 35.

ਬਾਦਸ਼ਾਹ ਜਹਾਂਗੀਰ ਵਲੋਂ ਪ੍ਰਿਥੀ ਚੰਦ ਨੂੰ ਜਗੀਰ ਦੇ ਰੂਪ ਵਿਚ ਮਿਲਿਆ ਸੀ। ਕਰਤਾ ਨੇ ਪੁਸਤਕ ਵਿਚ ਪ੍ਰਿਥੀ ਚੰਦ ਦੇ ਗੁਰੂ ਅਰਜਨ ਦੇਵ ਜੀ ਵਿਰੁੱਧ ਖੜਯੰਤ੍ਰ ਰਚਣ, ਸੁਲਹੀ ਖਾਨ ਦੀ ਮੌਤ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਪ੍ਰਿਥੀ ਚੰਦ ਦਾ ਆਚਰਨ, ਪ੍ਰਿਥੀ ਚੰਦ ਦੀ ਮੌਤ ਦਾ ਵਿਸਤਾਰ ਨਾਲ ਵਰਣਨ ਕੀਤਾ ਹੈ।[34]

ਕਰਤਾ ਨੇ ਬਾਬਾ ਮਿਹਰਵਾਨ ਜੀ ਅਤੇ ਹਰਿ ਜੀ ਦੀ ਜੀਵਨੀ ਅੰਕਿਤ ਕੀਤੀ ਹੈ ਜਿਸ ਵਿਚ ਉਨ੍ਹਾਂ ਦੇ ਜਨਮ, ਨਾਮਕਰਣ, ਵਿਦਿਆ, ਧਰਮ ਪ੍ਰਚਾਰ, ਅੰਤਿਮ ਸਮੇਂ ਅਤੇ ਉਨ੍ਹਾਂ ਦੁਆਰਾ ਕੀਤੀ ਸਾਹਿਤਕ ਸੇਵਾ ਦਾ ਹਵਾਲੇ ਸਹਿਤ ਵਰਣਨ ਕੀਤਾ ਹੈ।

ਗਿਆਨੀ ਜੀ ਨੇ ਹਰਿ ਜੀ ਬਾਰੇ ਲਿਖਦਿਆਂ ਦਸਦੇ ਹਨ ਕਿ ਉਹ ਗੁਰਮਤਿ, ਵੇਦਾਂਤ, ਨਯਾਯ, ਸਾਹਿਤਯ ,ਕਾਵਿ (ਛੰਦ ਸ਼ਾਸਤ੍ਰ), ਰਾਮਾਯਣ, ਮਹਾਂਭਾਰਤ, ਗੀਤਾ ਅਤੇ ਪੁਰਾਣਾਂ ਦੇ ਪੂਰਨ ਗਿਆਤਾ ਸਨ। ਪ੍ਰਾਕ੍ਰਿਤ, ਸੰਸਕ੍ਰਿਤ, ਸਾਧ ਭਾਸ਼ਾ, ਬ੍ਰਿਜ ਭਾਸ਼ਾ ਦੇ ਵਿਦਵਾਨ ਸਨ। ਕਵੀ, ਵਾਰਤਕਾਰ ਅਤੇ ਟੀਕਾਕਾਰ ਦੇ ਰੂਪ ਵਿਚ ਸਫਲ ਲੇਖਕ ਸਨ। ਇਸ ਤਰ੍ਹਾਂ ਰਾਗ ਕੀਰਤਨ ਵਿਚ ਵੀ ਅਕਹਿ ਯੋਗਤਾ ਰਖਦੇ ਸਨ।[35] ਬਾਬਾ ਹਰਿ ਜੀ ਦੀ ਸਾਹਿਤਕ ਸੇਵਾ ਵਿਚ ਲੇਖਕ ਨੇ ਉਨ੍ਹਾਂ ਦੁਆਰਾ ਰਚਿਤ ਗ੍ਰੰਥਾਂ ਦੀ ਸੂਚੀ ਦਿਤੀ ਹੈ। ਇਹ ਗ੍ਰੰਥ *ਸੁਖਮਨੀ ਸਹੰਸ੍ਰਨਾਮਾ ਦਾ ਭਾਸ਼ਯ, ਗੋਸਟਾਂ ਗੁਰੂ ਮਿਹਰਵਾਨ ਜੀ ਕੀਆਂ, ਸਚਖੰਡ ਪੋਥੀ (ਭਾਗ ਦੂਜਾ), ਗੁਰਬਾਣੀ ਦੇ ਟੀਕੇ (ਪਰਮਾਰਥ)* ਆਦਿ ਹਨ।

ਕਰਤਾ ਨੇ ਕੱਚੀ ਬਾਣੀ ਅਤੇ ਸੱਚੀ ਬਾਣੇ ਬਾਰੇ ਵੀ ਵਿਚਾਰ ਪੇਸ਼ ਕੀਤੀ ਹੈ। ਸੱਚੀ ਬਾਣੀ ਦੀ ਪਰਿਭਾਸ਼ਾ ਦਿੰਦੇ ਲਿਖਦੇ ਹਨ ਕਿ ਸੱਚੀ ਬਾਣੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਈ ਵਰਸ਼ ਦੇ ਯਤਨ ਨਾਲ ਸਰਵੱਗਯਤਾ ਅਤੇ ਆਪਣੀ ਆਤਮਿਕ ਸ਼ਕਤੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੱਚੀ ਬਾਣੀ ਦਾ ਸੰਗ੍ਰਹਿ/ਗੁੰਥਨ ਕਰ ਦਿਤਾ ਹੈ। ਕੱਚੀ ਬਾਣੀ ਬਾਰੇ ਗਿਆਨੀ ਜੀ ਦਸਦੇ ਹਨ, "ਜੋ ਕਿਸੇ ਚਤੁਰ ਵਿਅਕਤੀ ਨੇ ਮਹਲਾ ੧,੨ ਦੇ ਸਿਰਲੇਖ ਹੇਠ ਨਾਨਕ ਕਵਿ ਛਾਪ ਰੱਖ ਕੇ ਕਵਿਤਾ ਲਿਖ ਕੇ ਬਾਣੀ ਦਾ ਭੁਲੇਖਾ ਪਾਉਣ ਦਾ ਯਤਨ ਕੀਤਾ ਹੈ, ਉਹ ਕੱਚੀ ਬਾਣੀ ਹੈ, ਜਿਵੇਂ: ਨਸੀਹਤਨਾਮਾ, ਪੈਂਤੀਸ ਅੱਖਰੀ, ਰਤਨ ਮਾਲਾ ਆਦਿਕ ਬਾਣੀਆਂ ਹਨ। ਜਿਨ੍ਹਾਂ ਦਾ ਸਿਰਲੇਖ ਮਹਲਾ ੧ ਲਿਖਿਆ ਹੋਇਆ ਮਿਲਦਾ ਹੈ, ਇਹ ਸਭ ਕੱਚੀ ਬਾਣੀ ਦਾ ਹਿੱਸਾ ਹਨ। ਜਿਤਨੀ ਕਵਿਤਾ ਬਾਬਾ ਮਿਹਰਵਾਨ ਜੀ ਅਤੇ ਉਸ ਦੇ ਪੈਰੋਕਾਰਾਂ ਨੇ ਲਿਖੀ ਹੈ, ਇਹ ਸਭ ਕੱਚੀ ਬਾਣੀ ਹੈ।[36] ਕੱਚੀ ਬਾਣੀ ਬਾਰੇ ਹੋਰ ਸਪਸ਼ੱਟ ਕਰਦੇ ਲਿਖਦੇ ਹਨ ਕਿ ਵਰਤਮਾਨ ਸਮੇਂ ਦੇ ਸਿਖਾਂ ਵਿਚ ਇਹ ਧਾਰਨਾ ਬਣ ਚੁੱਕੀ ਹੈ ਕਿ ਜੋ ਕੁਝ ਵੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਲਿਖਿਆ ਗਿਆ ਹੈ, ਇਹ ਸਭ ਕਚੀ ਬਾਣੀ ਹੈ, ਪਰ ਵਾਸਤਵ ਵਿਚ ਅਜਿਹਾ ਨਹੀਂ ਹੈ। ਸਾਰਾ ਸਿੱਖ ਇਤਿਹਾਸ ਨਾ ਕੱਚੀ ਬਾਣੀ ਹੈ ਨਾ ਸੱਚੀ ਬਾਣੀ ਹੈ ਜਿਵੇਂ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਥ

34 ਉਹੀ, ਪੰਨਾ 48.

35 ਉਹੀ, ਪੰਨਾ 82.

36 ਉਹੀ, ਪੰਨਾ 103.

ਪ੍ਰਕਾਸ਼, ਗੁਰ ਬਿਲਾਸ ਆਦਿਕ ਅਨੇਕ ਗ੍ਰੰਥ, ਭਾਈ ਵੀਰ ਸਿੰਘ ਵਰਗੇ ਨਾਮ ਰਸੀਏ ਮਹਾਂਪੁਰਖਾਂ ਦੀਆਂ ਗੁਰਮਤਿ ਸੰਬੰਧੀ ਕਵਿਤਾਵਾਂ ਦੇ ਸੰਗ੍ਰਹਿ, ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀਆਂ ਸਿਧੀਆਂ ਸ਼ਬਦੀ ਧਾਰਨਾ ਹਨ। ਇਨ੍ਹਾਂ ਵਿਚ ਸਤਿਗੁਰਾਂ ਦੀ ਮਹਿਮਾ, ਉਪਮਾ, ਪਰਉਪਕਾਰੀ ਜੀਵਨ ਚਰਿਤਰ ਅੰਕਿਤ ਕੀਤੇ ਗਏ ਹਨ। ਗ੍ਰੰਥ, ਕਵਿਤਾਵਾਂ ਅਤੇ ਮਹਾਂਪੁਰਸ਼ਾਂ ਦੀਆਂ ਸ਼ਬਦੀ ਧਾਰਨਾ ਸਤਿਗੁਰੂਆਂ ਦੇ ਯਸ਼ ਨੂੰ ਵਧਾਉਂਦੀਆਂ ਹਨ। ਇਸ ਵਾਸਤੇ ਉਪਰੋਕਤ ਗ੍ਰੰਥਾਂ ਦੀ ਗੁਰ-ਯਸ਼ ਭਰੀ ਕਵਿਤਾ ਕੱਚੀ ਬਾਣੀ ਨਹੀਂ ਬਲਕਿ ਉੱਤਮ, ਸ੍ਰੇਸ਼ਟ ਹੈ।[37]

ਗਿਆਨੀ ਜੀ ਨੇ ਦੀਵਾਨੇ ਸਾਧੂਆਂ ਦੀ ਸੰਪ੍ਰਦਾਇ ਬਾਰੇ ਜਾਣਕਾਰੀ ਦਿਤੀ ਹੈ। ਦੀਵਾਨੇ ਸਾਧੂਆਂ ਦੀ ਇਸ ਸੰਪ੍ਰਦਾਇ ਦੀ ਸਥਾਪਨਾ ਮਿਹਰਵਾਨ ਜੀ ਦੁਆਰਾ ਪਿੰਡ ਕੋਠਾ ਗੁਰੂ ਵਿਚ ਕੀਤੀ ਗਈ ਸੀ। ਇਸ ਸੰਪ੍ਰਦਾਇ ਦਾ ਮੁਖੀ ਬਾਲੇ ਨੂੰ ਬਣਾਇਆ ਗਿਆ।[38]

ਕਰਤਾ ਨੇ ਪਿੰਡ ਢਿਲਵਾਂ ਵਿਚ ਦਸਮ ਪਾਤਸ਼ਾਹ ਦੇ ਆਉਣ ਦਾ ਜ਼ਿਕਰ ਕੀਤਾ ਹੈ। ਇਥੇ ਗੁਰੂ ਜੀ ਨੇ ਬਾਬਾ ਕੌਲ ਸਾਹਿਬ ਜੀ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਅਤੇ ਬਾਬਾ ਪ੍ਰਿਥੀ ਚੰਦ ਦੇ ਸਮੇਂ ਤੋਂ ਪਈ ਭ੍ਰਾਂਤੀ ਨੂੰ ਖ਼ਤਮ ਕੀਤਾ। ਗਿਆਨੀ ਜੀ ਨੇ ਬਾਬਾ ਕੌਲ ਜੀ ਦਾ ਜੀਵਨ ਸੰਖੇਪ ਰੂਪ ਵਿਚ ਪੇਸ਼ ਕੀਤਾ ਹੈ ਅਤੇ ਉਨ੍ਹਾਂ ਦੀ ਵੰਸ਼ ਬਾਰੇ ਵਰਣਨ ਕੀਤਾ ਹੈ। ਬਾਬਾ ਕੌਲ ਸਾਹਿਬ ਗੁਰੂ ਰਾਮਦਾਸ ਜੀ ਦੀ ਵੰਸ਼ ਵਿਚੋਂ ਸਨ। ਆਪ ਹਰਿ ਜੀ ਦੇ ਪੋਤਰੇ ਅਤੇ ਬਾਬਾ ਹਰਿ ਨਾਰਾਇਣ ਦੇ ਸਪੁੱਤਰ ਸਨ।[39] ਇਸ ਤੋਂ ਮਗਰੋਂ ਗਿਆਨੀ ਜੀ ਨੇ ਦਸਮ ਪਾਤਸ਼ਾਹ ਦਾ ਪਿੰਡ ਕੋਠਾ ਗੁਰੂ ਆਉਣ ਅਤੇ ਪਿੰਡ ਦਾ ਨਾਮਕਰਣ ਕਰਨ ਬਾਰੇ ਦਸਿਆ ਹੈ।

ਗਿਆਨੀ ਜੀ ਨੇ ਅਗੇ ਮੀਇਆ ਬਾਰੇ ਚਰਚਾ ਕੀਤੀ ਹੈ। ਮੀਣੇ ਦਾ ਅਰਥ ਮੀਸਣਾ, ਮਨਮੁਖ, ਸਵਾਰਥੀ ਕਰਦੇ ਹਨ ਜੋ ਮਨ ਵਿਚ ਕਪਟ ਰੱਖ ਕੇ ਉਪਰੋਂ ਨਿਮਰਤਾ ਪ੍ਰਗਟ ਕਰੇ, ਉਸ ਨੂੰ ਮੀਣਾ ਕਿਹਾ ਜਾਂਦਾ ਹੈ। ਸਿੱਖ ਇਤਿਹਾਸ ਵਿਚ ਪ੍ਰਿਥੀ ਚੰਦ ਨੂੰ ਮੀਣਾ ਕਿਹਾ ਗਿਆ ਹੈ।[40] ਬਾਬਾ ਮਿਹਰਬਾਨ ਜੀ ਦੇ ਅਨੁਯਾਈਆਂ ਹਰੀਆਂ, ਬਾਲਾ, ਕੇਸ਼ੋ ਦਾਸ, ਕੁਸ਼ਲ ਦਾਸ, ਬਾਬਾ ਨਿਰਭਉ ਜੀ ਅਤੇ ਦਰਬਾਰੀ ਦਾਸ ਦੀ ਧਾਰਮਿਕ/ਸਾਹਿਤਕ ਘਾਲਣਾ ਬਾਰੇ ਵੀ ਬਿਆਨ ਕੀਤਾ ਹੈ।

ਪੁਸਤਕ ਦੇ ਦੂਜੇ ਭਾਗ ਉਤਰ ਕਾਲ ਵਿਚ ਲੇਖਕ ਨੇ ਪਿੰਡ ਕੋਠਾ ਗੁਰੂ ਦੇ ਰਾਜਕੀਯ ਪ੍ਰਬੰਧ ਅਤੇ ਵਿਕਾਸ ਬਾਰੇ ਖੋਜ ਭਰਭੂਰ ਜਾਣਕਾਰੀ ਦਿੱਤੀ ਹੈ ਜਿਸ ਵਿਚ ਪਿੰਡ ਦੀਆਂ ਪੱਤੀਆਂ, ਪੰਚਾਇਤ ਅਤੇ ਸਕੂਲਾਂ ਦਸਿਆ ਹੈ। ਕਰਤਾ ਨੇ ਪਿੰਡ ਦੇ ਧਾਰਮਿਕ ਸਥਾਨਾਂ ਬਾਰੇ ਦਸਿਆ ਹੈ ਜਿਸ ਵਿਚ ਗੁਰਦੁਆਰੇ, ਡੇਰੇ ਅਤੇ ਮੰਦਿਰ ਸ਼ਾਮਿਲ ਹਨ। ਇਹ ਧਾਰਮਿਕ ਸਥਾਨ ਗੁਰਦੁਆਰਾ ਬਾਬਾ ਕੌਲ ਸਾਹਿਬ, ਗੁਰਦੁਆਰਾ ਗੁੰਗਸਰ

37 ਉਹੀ, ਪੰਨਾ 104.

38 ਉਹੀ, ਪੰਨਾ 108.

39 ਉਹੀ, ਪੰਨਾ 127.

40 ਉਹੀ, ਪੰਨਾ 128.

ਸਾਹਿਬ, ਗੁਰਦੁਆਰਾ ਚਮਨਸਰ ਸਾਹਿਬ, ਗੁਰਦੁਆਰਾ ਅੰਮ੍ਰਿਤਸਰ ਜੀ, ਡੇਰਾ ਸੰਤ ਧਰਮ ਦਾਸ ਜੀ ਵਾਲਾ, ਡੇਰਾ ਟਿਲਾ ਬਾਬਾ ਰਘੁਬੀਰ ਦਾਸ, ਡੇਰਾ ਬਣਾ ਵਾਲਾ, ਡੇਰਾ ਖੂਹਾਂ ਵਾਲਾ, ਡੇਰਾ ਬਿਰਜਾ ਪੁਰੀ, ਨਾਥਾਂ ਦਾ ਟਿੱਲਾ, ਪ੍ਰਭਦਿਆਲ ਦਾ ਡੇਰਾ, ਮੁਸਲਮਾਨ ਫਕੀਰਾਂ ਦਾ ਡੇਰਾ, ਸੁਥਰਿਆਂ ਦਾ ਡੇਰਾ, ਠਾਕਰਦੁਆਰਾ, ਵਿਸ਼ਕਰਮਾ ਮੰਦਿਰ, ਮਸੀਤਾਂ ਆਦਿ ਹਨ।

ਇਸ ਪੁਸਤਕ ਵਿਚ ਪਿੰਡ ਕੋਠਾ ਗੁਰੂ ਵਿਚ ਜਨਮੇ ਨਿਰਮਲੇ ਸਾਧੂਆਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਹ ਸਾਧੂ ਸੰਤ ਸੰਪੂਰਨ ਸਿੰਘ ਜੀ, ਸੰਤ ਮੋਹਰ ਸਿੰਘ ਜੀ ਕਟਈ, ਸੰਤ ਭੋਲਾ ਸਿੰਘ ਜੀ ਅਤੇ ਮਹੰਤ ਜੈ ਸਿੰਘ ਵੈਦਯਰਾਜ ਹਨ। ਲੇਖਕ ਨੇ ਇਨ੍ਹਾਂ ਨਿਰਮਲੇ ਮਹਾਂਪੁਰਖਾਂ ਬਾਰੇ ਸੰਖੇਪ ਵਿਚ ਦਸਿਆ ਹੈ।

ਪਿੰਡ ਕੋਠਾ ਗੁਰੂ ਵਿਚ ਲੱਗਣ ਵਾਲੇ ਮੇਲਿਆਂ ਦਾ ਜ਼ਿਕਰ ਕੀਤਾ ਗਿਆ ਹੈ। ਪਿੰਡ ਕੋਠਾ ਗੁਰੂ ਦੇ ਪ੍ਰਸਿਧ ਮੇਲੇ ਵੈਸਾਖੀ ਦਾ ਮੇਲਾ, ਚੇਤ੍ਰ ਵਦੀ ਸਪਤਮੀ ਦਾ ਮੇਲਾ, ਰੌਸ਼ਨੀ ਦਾ ਮੇਲਾ ਸੰਤ ਧਰਮ ਦਾਸ ਜੀ ਦੀ ਬਰਸੀ ਆਦਿ ਹਨ। ਗਿਆਨੀ ਜੀ ਇਥੇ ਦਸਦੇ ਹਨ ਕਿ ਪਿੰਡ ਕੋਠਾ ਗੁਰੂ ਨੇ ਇਨ੍ਹਾਂ ਮੇਲਿਆਂ ਤੇ ਗਾਵੰਤ੍ਰੀਆਂ ਦੀ ਕਲਾ ਨੂੰ ਸੰਭਾਲਿਆਂ ਹੈ। ਉਨ੍ਹਾਂ ਨੇ ਗਾਵੰਤ੍ਰੀ ਅਤੇ ਢਾਡੀਆਂ ਵਿਚ ਅੰਤਰ ਵੀ ਸਪਸ਼ਟ ਕੀਤਾ ਹੈ। ਢੱਡ ਸਾਰੰਗੀ ਨਾਲ ਹੀਰ-ਰਾਂਝਾ, ਸੱਸੀ ਪੰਨੂੰ, ਸੋਹਣੀ-ਮਹੀਂਵਾਲ, ਮਿਰਜ਼ਾ-ਸਾਹਿਬਾ, ਪੂਰਨ ਭਗਤ, ਕੌਲਾ ਗਾਉਣ ਵਾਲਿਆਂ ਨੂੰ ਗਾਵੰਤ੍ਰੀ ਜਾਂ ਗਾਉਣ ਵਾਲੇ ਕਿਹਾ ਜਾਂਦਾ ਹੈ।[41]

ਲੇਖਕ ਨੇ ਪਿੰਡ ਕੋਠਾ ਗੁਰੂ ਦੀਆਂ ਮਹਾਨ ਸ਼ਖ਼ਸੀਅਤਾਂ ਬਾਰੇ ਵੀ ਬਿਆਨ ਕੀਤਾ ਹੈ, ਇਨ੍ਹਾਂ ਵਿਚ ਪ੍ਰੋਫੈਸਰ ਹਰਬੰਸ ਸਿੰਘ, ਸ. ਸਾਧੂ ਸਿੰਘ ਰੰਧਾਵਾ, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, ਸੋਢੀ ਸ਼ਿਵਇੰਦਰ ਸਿੰਘ, ਕੇ.ਐਸ. ਸੰਧੂ, ਜ਼ੈਲਦਾਰ ਠਾਕੁਰ ਸਿੰਘ ਸੋਢੀ (ਪਹਿਲਾ), ਜ਼ੈਲਦਾਰ ਠਾਕੁਰ ਸਿੰਘ ਸੋਢੀ (ਦੂਜਾ), ਪਹਿਲਵਾਨ ਸ. ਬੁੱਘਾ ਸਿੰਘ, ਗਿਆਨੀ ਜਗਰੂਪ ਸਿੰਘ, ਸ. ਗੁਰਦੀਪ ਸਿੰਘ ਗਿੱਲ ਆਦਿ ਸ਼ਾਮਲ ਹਨ। ਗਿਆਨੀ ਜੀ ਨੇ ਪਿੰਡ ਦੇ ਵਿਦਵਾਨ, ਲੇਖਕ ਅਤੇ ਕਵੀਆਂ ਬਾਰੇ ਸੰਖੇਪ ਵਿਚ ਵਰਣਨ ਕੀਤਾ ਹੈ।

ਅਖ਼ੀਰ ਵਿਚ ਭਾਰਤ ਅਤੇ ਪਾਕਿਸਤਾਨ ਦੀ ਵੰਡ, ਪਿੰਡ ਵਿਚ ਵਰਖਾ, ਹੜ੍ਹ, ਕਰਫਿਊ, ਪਿੰਡ ਦੇ ਖੂਹ, ਢਾਬਾਂ, ਟੋਭੇ ਅਤੇ ਮਿਥਿਹਾਸਕ ਲੋਕ ਕਥਾਵਾਂ ਬਾਰੇ ਸੰਖੇਪ ਵਿਚ ਜਾਣਕਾਰੀ ਪੇਸ਼ ਕੀਤੀ ਹੈ।

ਸਮੁਚੇ ਰੂਪ ਵਿਚ ਇਹ ਪੁਸਤਕ ਪਿੰਡ ਕੋਠਾ ਗੁਰੂ ਦੇ ਨਾਲ-ਨਾਲ ਸਿੱਖ ਇਤਿਹਾਸ 'ਤੇ ਵੀ ਚਾਨਣਾ ਪਾਉਂਦੀ ਹੈ ਅਤੇ ਪਿੰਡ ਕੋਠਾ ਗੁਰੂ ਦਾ ਖੋਜ ਭਰਪੂਰ ਇਤਿਹਾਸ ਬਾਰੇ ਬਿਆਨ ਕਰਦੀ ਹੈ।

**12. *ਨਿਰਮਲ ਪੰਥ ਦੀ ਗੌਰਵ ਗਾਥਾ:*** ਇਹ ਪੁਸਤਕ ਸ੍ਰੀ ਮਾਨ ਮਹੰਤ ਬਲਵੰਤ ਸਿੰਘ ਸੈਕਟਰੀ, ਕਨਖਲ (ਹਰਿਦੁਆਰ) ਦੁਆਰਾ 2009 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। 288 ਪੰਨਿਆਂ ਦੀ ਇਸ ਪੁਸਤਕ ਵਿਚ ਨਿਰਮਲ ਭੇਖ ਦੇ ਆਰੰਭ, ਦਸ ਬਖਸ਼ੀਸ਼ਾਂ, ਪੰਥ ਦੇ ਸੰਕਟ ਕਾਲ ਅਤੇ ਮਿਸਲਾਂ ਸਮੇਂ ਗੁਰਮਤਿ ਪ੍ਰਚਾਰ, ਨਿਰਮਲ ਪੰਚਾਇਤੀ ਅਖਾੜੇ ਦੀ ਸਥਾਪਨਾ, ਸ੍ਰੀ ਮਹੰਤਾਂ ਦੀਆਂ ਜੀਵਨੀਆਂ, ਸਾਹਿਤਕ ਸੇਵਾ, ਸ਼ਾਸਤ੍ਰਾਰਥ ਮੰਡਲੀਆਂ ਅਤੇ ਰਮਤ ਦੁਆਰਾ ਧਰਮ ਪ੍ਰਚਾਰ, ਸੇਵਾ ਸਿਮਰਨ, ਤਪ ਤਿਆਗ ਦਾ ਪੂਰਨ ਇਤਿਹਾਸ

41 ਉਹੀ, ਪੰਨਾ 196.

ਅੰਕਿਤ ਕੀਤਾ ਗਿਆ ਹੈ। ਗਿਆਨੀ ਜੀ ਨੇ ਨਿਰਮਲ ਭੇਖ ਦੇ ਇਤਿਹਾਸ ਨੂੰ 73 ਵਿਸ਼ਿਆਂ ਵਿਚ ਦਰਜ ਕੀਤਾ ਹੈ। ਗਿਆਨੀ ਜੀ ਨਿਰਮਲ ਭੇਖ ਦੇ ਇਤਿਹਾਸ ਸੰਬੰਧੀ ਵਡ-ਆਕਾਰੀ ਗ੍ਰੰਥ *ਸ੍ਰੀ ਨਿਰਮਲ ਪੰਥ ਬੋਧ* ਦੀ ਰਚਨਾ ਕੀਤੀ ਜਿਸ ਵਿਚ ਨਿਰਮਲ ਪੰਥ ਦੇ ਇਤਿਹਾਸ ਬਾਰੇ ਵਿਸਤਾਰ ਨਾਲ ਚਰਚਾ ਕੀਤੀ ਹੈ। *ਨਿਰਮਲ ਪੰਥ ਦੀ ਗੌਰਵ ਗਾਥਾ* ਇਸ ਗ੍ਰੰਥ ਦਾ ਸੰਖੇਪ ਰੂਪ ਹੈ। ਪੁਸਤਕ ਦੇ ਆਰੰਭ ਵਿਚ ਗਿਆਨੀ ਅਜਮੇਰ ਸਿੰਘ (ਐਮ.ਏ. ਲੋਹਗੜ੍ਹ) ਦੁਆਰਾ ਲੇਖਕ (ਗਿਆਨੀ ਬਲਵੰਤ ਸਿੰਘ ਕੋਠਾ ਗੁਰੂ) ਦੀ ਸੰਖੇਪ ਵਿਚ ਜੀਵਨੀ ਅੰਕਿਤ ਕੀਤੀ ਹੈ।

ਕਰਤਾ ਅਨੁਸਾਰ ਨਿਰਮਲ ਭੇਖ ਵਿਦਵਾਨਾਂ ਦੀ ਸੰਪ੍ਰਦਾਇ ਹੈ। ਇਸ ਸੰਪ੍ਰਦਾਇ ਦਾ ਸਾਹਿਤ/ਇਤਿਹਾਸ ਵਿਚ ਪਾਇਆ ਯੋਗਦਾਨ ਗੌਰਵਸ਼ਾਲੀ ਹੈ। ਇਸ ਸੰਪ੍ਰਦਾਇ ਨੇ ਸੰਸਾਰ ਵਿਚ ਗੁਰਮਤਿ ਗੁਰਬਾਣੀ ਦਾ ਪ੍ਰਚਾਰ ਕੀਤਾ। ਗਿਆਨੀ ਜੀ ਨਿਰਮਲ ਭੇਖ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਹੋਇਆ ਮੰਨਦੇ ਹਨ ਅਤੇ ਪਹਿਲਾ ਨਿਰਮਲਾ ਭਾਈ ਭਾਗੀਰਥ ਨੂੰ ਮੰਨਿਆਂ ਹੈ। ਅਸਲ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਦਸਮ ਗੁਰੂ ਜੀ ਤਕ ਗੁਰਸਿੱਖੀ ਦੀ ਸੰਪ੍ਰਦਾਇ ਦਾ ਨਾਂ 'ਨਿਰਮਲ ਪੰਥ' ਹੀ ਪ੍ਰਸਿਧ ਸੀ। ਖਾਲਸਾ, ਸਹਿਜਧਾਰੀ, ਸਹਿਲੰਗ ਆਦਿ ਉਪ ਸ਼ਾਖਾਂ ਸਨ।[42] ਕਰਤਾ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪੰਜ ਨਿਰਮਲੇ ਸਿੰਘਾਂ ਨੂੰ ਸੰਸਕ੍ਰਿਤ ਵਿਦਿਆ ਹਾਸਲ ਕਰਨ ਲਈ ਕਾਸ਼ੀ ਭੇਜਣ ਦਾ ਜ਼ਿਕਰ ਕੀਤਾ ਹੈ। ਦਸਮ ਗੁਰੂ ਜੀ ਨੇ 1686 ਈ. ਵਿਚ ਪੰਜ ਵਿਦਵਾਨ ਸੰਤ ਕਰਮ ਸਿੰਘ ਜੀ, ਸੰਤ ਰਾਮ ਸਿੰਘ ਜੀ, ਸੰਤ ਗੰਢਾ ਸਿੰਘ ਜੀ, ਸੰਤ ਵੀਰ ਸਿੰਘ ਜੀ ਅਤੇ ਸੰਤ ਸੈਣਾ ਸਿੰਘ ਜੀ ਨੂੰ ਕਾਸ਼ੀ ਵਿਦਿਆ ਗ੍ਰਹਿਣ ਕਰਨ ਲਈ ਭੇਜਿਆ। ਇਸ ਤੋਂ ਮਗਰੋਂ ਗਿਆਨੀ ਜੀ ਨੇ ਖਾਲਸਾ ਸਾਜਨਾ ਬਾਰੇ, ਨਿਰਮਲੇ ਸੰਤਾਂ ਦੁਆਰਾ ਵਿਦਿਆ ਪ੍ਰਾਪਤ ਕਰਕੇ ਵਾਪਸ ਆਉਣ ਅਤੇ ਅੰਮ੍ਰਿਤਪਾਨ ਕਰਨ ਬਾਰੇ ਬਿਆਨ ਕੀਤਾ ਹੈ।

ਕਰਤਾ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਿਰਮਲੇ ਮਹਾਂਪੁਰਖਾਂ ਨੂੰ ਦਿਤੀਆਂ ਦਸ ਬਖਸ਼ੀਸ਼ਾਂ ਦਾ ਵਰਣਨ ਕੀਤਾ ਹੈ। ਨਿਰਮਲੇ ਮਹਾਂਪੁਰਖਾਂ ਦੀ ਸੇਵਾ ਬਾਰੇ ਵਿਸਤਾਰ ਨਾਲ ਵਰਣਨ ਕੀਤਾ ਹੈ। ਇਨ੍ਹਾਂ ਨਿਰਮਲੇ ਸੰਤਾਂ ਨੇ ਕਥਾ ਵਿਖਿਆਨ, ਰਾਗ ਕੀਰਤਨ, ਮੰਡਲੀਆਂ, ਸ਼ਾਸ਼ਤ੍ਰਾਰਥ, ਚਕਿਤਸਾ, ਜੋਤਿਸ਼, ਯੋਗਾਭਿਆਸ ਅਤੇ ਸਾਹਿਤ ਦੁਆਰਾ ਪੰਥ ਦੀ ਮਹਾਨ ਸੇਵਾ ਕੀਤੀ। ਸਾਹਿਤ ਦੇ ਖੇਤਰ ਵਿਚ ਨਿਰਮਲੇ ਮਹਾਂਪੁਰਖਾਂ ਦਾ ਵਿਸ਼ੇਸ਼ ਯੋਗਦਾਨ ਹੈ। ਗਿਆਨੀ ਜੀ ਨੇ ਨਿਰਮਲੇ ਵਿਦਵਾਨਾਂ ਅਤੇ ਉਨ੍ਹਾਂ ਦੁਆਰਾ ਰਚਿਤ ਗ੍ਰੰਥਾਂ ਦਾ ਵਰਣਨ ਕੀਤਾ ਹੈ। ਇਹ ਵਿਦਵਾਨ ਪੰਡਿਤ ਗੁਲਾਬ ਸਿੰਘ, ਪੰਡਿਤ ਸ਼ੇਰ ਸਿੰਘ ਜੀ ਨੌਰੰਗਾਵਾਦ ਵਾਲੇ, ਠਾਕਰ ਨਿਹਾਲ ਸਿੰਘ ਜੀ, ਪੰਡਿਤ ਤਾਰਾ ਸਿੰਘ ਜੀ ਨਰੋਤਮ, ਗਿਆਨੀ ਗਿਆਨ ਸਿੰਘ ਜੀ, ਸੰਤ ਨਿਹਾਲ ਸਿੰਘ ਕਵੀਂਦ੍ਰ, ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ, ਗਿਆਨੀ ਬਦਨ ਸਿੰਘ ਜੀ ਸੇਖਵਾਂ, ਪੰਡਿਤ ਦੇਵ ਸਿੰਘ ਜੀ ਦੇਵਪੁਰਾ, ਸੰਤ ਵਿਹਾਰ ਵ੍ਰਿੰਦਾਵਨ ਸਿੰਘ ਜੀ, ਸ੍ਰੀਮਾਨ ਮਹੰਤ ਗਨੇਸ਼ਾ ਸਿੰਘ ਜੀ, ਕਵੀਰਾਜ ਸੰਤ ਹਰਿਭਜਨ ਸਿੰਘ ਜੀ, ਗਿਆਨੀ ਮੁਖਤਿਆਰ ਸਿੰਘ ਜੀ ਸਾਰੰਗ, ਸੰਤ ਗੁਰਦਿੱਤ ਸਿੰਘ ਜੀ ਆਲੋਮੁਹਾਲ ਵਾਲੇ, ਪੰਡਿਤ ਆਤਮਾ ਸਿੰਘ ਜੀ ਸ਼ਾਹਪੁਰ, ਮਹੰਤ ਟਹਿਲ ਸਿੰਘ ਜੀ, ਮਹੰਤ ਬਿਸ਼ਨ ਸਿੰਘ ਕ੍ਰੀਟ ਗਿਆਨੀ,

---

42 ਉਹੀ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 20.

ਸੰਤ ਵਿਸਾਖਾ ਸਿੰਘ ਕਿਸ਼ਨਪੁਰਾ ਕਲਾਂ, ਮਹੰਤ ਦਿਆਲ ਸਿੰਘ ਜੀ, ਪੰਡਿਤ ਹਰਦੇਵ ਸਿੰਘ ਜੀ ਰਿਸ਼ੀਕੇਸ਼, ਸੰਤ ਨਿਹਾਲ ਸਿੰਘ ਜੀ, ਪੰਡਿਤ ਈਸ਼੍ਵਰ ਸਿੰਘ ਜੀ ਕਾਸ਼ੀ, ਸ੍ਰੀ ਮਹੰਤ ਪੰਡਿਤ ਉਧਵ ਸਿੰਘ ਜੀ, ਪੰਡਿਤ ਗੋਬਿੰਦ ਸਿੰਘ ਜੀ, ਪੰਡਿਤ ਗੁਰਦਿੱਤ ਸਿੰਘ ਜੀ, ਪੰਡਿਤ ਅਰਜਨ ਸਿੰਘ ਜੀ 'ਮੁਨੀ', ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ, ਪੰਡਿਤ ਹਕੀਕਤ ਸਿੰਘ ਜੀ 'ਅਰਵਿੰਦ', ਸਵਾਮੀ ਗਿਆਨੀ ਚੰਦਾ ਸਿੰਘ ਜੀ, ਸ੍ਵਾਮੀ ਸੱਚਦਨੰਦ ਹਰੀ ਜੀ 'ਸ਼ਾਕਸ਼ੀ' ਆਦਿ ਹਨ।

ਗਿਆਨੀ ਜੀ ਨੇ ਨਿਰਮਲਿਆਂ ਦੁਆਰਾ ਪੱਤਰਕਾਰੀ ਵਿਚ ਪਾਏ ਯੋਗਦਾਨ ਦਾ ਵਰਣਨ ਕੀਤਾ ਹੈ ਜਿਸ ਵਿਚ ਨਿਰਮਲੇ ਮਹਾਂਪੁਰਖਾਂ ਦੁਆਰਾ ਮਾਸਿਕ ਜਾਂ ਸਪਤਾਹਿਕ ਨਿਕਲਦੇ ਅਖ਼ਬਾਰਾਂ ਦਾ ਵੇਰਵਾ ਦਿਤਾ ਹੈ ਜਿਵੇਂ *ਨਿਰਮਲ ਪੱਤਰ, ਹਰਿਦਵਾਰ ਸਮਾਚਾਰ, ਨਿਰਮਲ ਗਜ਼ਟ, ਨਿਰਮਲ ਸਮਾਚਾਰ, ਪੰਜਾਬੀ ਵੈਦ, ਨਿਰਮਲ ਉਦੇਸ਼, ਗੁਰਮਤਿ ਸਮਾਚਾਰ, ਨਿਰਮਲ ਸੰਦੇਸ਼, ਨਿਰਮਲ ਪ੍ਰਕਾਸ਼, ਸਿਖ ਸੰਦੇਸ਼, ਕਰਮ ਜੋਤਿ, ਨਿਰਮਲ ਚਿੰਤਾਮਣੀ, ਨਿਰਮਲ ਮਾਰਗ, ਨਿਰਮਲ ਦਰਸ਼ਨ, ਗੁਰੂ ਨਾਨਕ ਦਰਸ਼ਨ ਮਾਰਗ* ਆਦਿ। ਨਿਰਮਲੇ ਮਹਾਂਪੁਰਖਾਂ ਨੇ ਗੁਰਦੁਆਰਿਆਂ ਦੀ ਕਾਰ-ਸੇਵਾ ਵਿਚ ਯੋਗਦਾਨ ਪਾਇਆ। ਜਿਸ ਵਿਚ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ, ਸੰਤ ਘਨਈਆਂ ਜੀ ਪਠਲਾਵੇ ਵਾਲੇ, ਸੰਤ ਹਰੀ ਸਿੰਘ ਜੀ ਕਹਾਰਪੁਰੀਆਂ, ਸੰਤ ਮੇਲਾ ਸਿੰਘ ਜੀ ਨਿਰਮਲ ਕੁਟੀਆ, ਸੰਤ ਜੈਮਲ ਸਿੰਘ ਜੀ ਭੂਰੀ ਵਾਲੇ, ਸੰਤ ਕਰਤਾਰ ਸਿੰਘ ਜੀ ਠੱਠੇ ਟਿੱਬੇ ਵਾਲੇ, ਸ੍ਰੀ ਮਹੰਤ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ, ਮਹੰਤ ਦੇਵਾ ਸਿੰਘ ਜੀ ਨਿਰਮਲ ਬਾਗ ਹਰਿਦੁਆਰ, ਸੰਤ ਸੇਵਾ ਸਿੰਘ ਜੀ ਅਨੰਦਪੁਰ ਵਾਲੇ, ਸੰਤ ਸਾਧੂ ਸਿੰਘ ਜੀ ਮੋਨੀ, ਸੰਤ ਬਲਬੀਰ ਸਿੰਘ ਜੀ ਸੀਚੇਵਾਲ ਆਦਿ ਦਾ ਵੇਰਵਾ ਦਿੱਤਾ ਹੈ। ਗਿਆਨੀ ਜੀ ਨੇ ਦੇਸ਼ ਦੀ ਅਜ਼ਾਦੀ ਵਿਚ ਯੋਗਦਾਨ ਪਾਉਣ ਵਾਲੇ ਨਿਰਮਲੇ ਮਹਾਂਪੁਰਖ ਬਾਬਾ ਬੀਰ ਸਿੰਘ ਜੀ ਨੌਰੰਗਾਵਾਦ ਵਾਲੇ, ਬਾਬਾ ਮਹਾਰਾਜ ਸਿੰਘ ਜੀ, ਬਾਬਾ ਖੁਦਾ ਸਿੰਘ ਦੇ ਜੀਵਨ ਅਤੇ ਯੋਗਦਾਨ ਦਾ ਵਰਣਨ ਕੀਤਾ ਹੈ।

ਕਰਤਾ ਨੇ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਦੀ ਸਥਾਪਨਾ ਅਤੇ ਨਾਮਕਰਣ ਬਾਰੇ ਬਿਆਨ ਕੀਤਾ ਹੈ। ਗਿਆਨੀ ਜੀ ਅਨੁਸਾਰ ਸਰਕਾਰੀ ਰਿਕਾਰਡ ਅਨੁਸਾਰ ਅਖਾੜੇ ਦਾ ਨਾਮ 'ਪੰਚਾਇਤੀ ਅਖਾੜਾ ਨਿਰਮਲਾ' ਹੈ। ਨਿਰਮਲ ਭੇਖ ਦੇ ਮਹਾਂਪੁਰਖਾਂ ਨੇ 'ਦਸਤੂਰ ਉਲ ਅਮਲ' ਤੋਂ ਅਠ ਵਰਸ਼ ਪਹਿਲਾਂ 1912 ਬਿ. (1855 ਈ.) ਵਿਚ ਹਰਿਦਵਾਰ ਦੇ ਮਹਾਂ ਕੁੰਭ ਪਰਵ ਤੇ ਵਿਧੀਵਧ ਅਖਾੜਾ ਸਥਾਪਤ ਕਰ ਦਿਤਾ ਸੀ। ਸ੍ਰੀ ਮਹੰਤ ਦੀ ਚੋਣ ਕੀਤੀ ਗਈ। ਉਸ ਸਮੇਂ ਨਿਰਮਲ ਭੇਖ ਦੇ ਮਹਾਂਪੁਰਖਾਂ ਨੇ ਸਰਬ ਸੰਮਤੀ ਨਾਲ ਅਖਾੜੇ ਦਾ ਨਾਮ 'ਸ੍ਰੀ ਨਿਰਮਲ ਪੰਚਾਇਤੀ ਅਖਾੜਾ' ਪਰਵਾਨ ਕੀਤਾ ਸੀ। ਮਗਰੋਂ ਸੰਨ 1862 ਈ. ਨੂੰ ਤਿੰਨ ਰਿਆਸਤਾਂ (ਪਟਿਆਲਾ, ਨਾਭਾ, ਜੀਂਦ) ਨੇ ਅਖਾੜੇ ਨੂੰ ਦਾਨ ਦੇ ਕੇ ਵਿਧੀਵਧ ਸੰਗਠਤ ਕਰਨ ਲਈ ਅਖਾੜੇ ਦਾ ਦਸਤੂਰ ਉਲ ਅਮਲ (ਮਰਯਾਦਾ ਪਤਰ) ਲਿਖਿਆ ਜਿਸ ਵਿਚ ਨਾਮ 'ਪੰਚਾਇਤੀ ਅਖਾੜਾ ਨਿਰਮਲਾ' ਲਿਖਿਆ ਹੈ।[43] ਇਸ ਤਰ੍ਹਾਂ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੀ ਸਥਾਪਨਾ 1855 ਈ. ਨੂੰ ਹੋਈ ਅਤੇ ਬਾਬਾ

---

43 ਉਹੀ, ਪੰਨਾ 176.

ਮਹਿਤਾਬ ਸਿੰਘ ਜੀ ਨੂੰ ਪਹਿਲੇ ਸ੍ਰੀ ਮਹੰਤ ਬਣਾਇਆ ਗਿਆ। ਗਿਆਨੀ ਜੀ ਨੇ ਪਹਿਲੇ ਸ੍ਰੀ ਮਹੰਤ ਤੋਂ ਲੈ ਕੇ ਵਰਤਮਾਨ ਸਮੇਂ ਤਕ ਦੇ ਸ੍ਰੀ ਮਹੰਤਾਂ ਦੇ ਜੀਵਨ ਬਾਰੇ ਵਿਸਤਾਰ ਨਾਲ ਵਰਣਨ ਕੀਤਾ ਹੈ। ਇਹ ਸ੍ਰੀ ਮਹੰਤ ਕ੍ਰਮਵਾਰ ਬਾਬਾ ਮਹਿਤਾਬ ਸਿੰਘ ਜੀ, ਪੰਡਿਤ ਰਾਮ ਸਿੰਘ ਜੀ ਕਬੇਰੀਏ, ਪੰਡਿਤ ਊਧਵ ਸਿੰਘ ਜੀ ਨਯਾਯਕ, ਪੰਡਿਤ ਸਾਧੂ ਸਿੰਘ ਜੀ ਪਟਿਆਲੇ ਵਾਲੇ, ਪੰਡਿਤ ਦਇਆ ਸਿੰਘ ਜੀ ਉਗੋ, ਪੰਡਿਤ ਜੀਵਨ ਸਿੰਘ ਜੀ ਕਾਸ਼ੀ ਵਾਲੇ, ਪੰਡਿਤ ਸੁੱਚਾ ਸਿੰਘ ਜੀ ਪਿੰਡੀਘੇਬ ਵਾਲੇ, ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ, ਪੰਡਿਤ ਗਿਆਨਦੇਵ ਸਿੰਘ ਜੀ ਹਨ।

ਲੇਖਕ ਨੇ ਨਿਰਮਲ ਆਸ਼ਰਮ ਰਿਸ਼ੀਕੇਸ਼ ਦਾ ਇਤਿਹਾਸ ਵੀ ਅੰਕਿਤ ਕੀਤਾ ਹੈ ਜਿਸ ਵਿਚ ਇਸ ਅਸਥਾਨ ਦੇ ਸ੍ਰੀ ਮਹੰਤਾਂ ਦੇ ਜੀਵਨ ਅਤੇ ਨਿਰਮਲ ਆਸ਼ਰਮ ਦੀ ਪਰਉਪਕਾਰੀ ਸੇਵਾ ਬਾਰੇ ਵਿਚਾਰ ਕੀਤੀ ਹੈ। ਅੰਤ ਵਿਚ ਡੇਰਾ ਸੰਤ ਬਾਬਾ ਭਾਗ ਸਿੰਘ ਸੰਤਪੁਰਾ ਜਬੜ ਮਾਣਕੋ ਅਤੇ ਸੰਤ ਬਾਬਾ ਬਲਵੀਰ ਸਿੰਘ ਜੀ ਸੀਚੇਵਾਲ ਦਾ ਜੀਵਨ ਤੇ ਸੇਵਾ ਅੰਕਿਤ ਕੀਤੀ ਹੈ।

ਸਮੁਚੇ ਰੂਪ ਵਿਚ ਇਹ ਪੁਸਤਕ ਨਿਰਮਲ ਭੇਖ ਦੇ ਆਰੰਭ, ਵਿਕਾਸ ਅਤੇ ਯੋਗਦਾਨ ’ਤੇ ਚਾਨਣਾ ਪਾਉਂਦੀ ਹੈ।

**13. *ਸੂਰਬੀਰ ਬਚਨ ਕੇ ਬਲੀ:*** 52 ਪੰਨਿਆਂ ਇਹ ਪੁਸਤਕ ਸ੍ਰੀਮਾਨ ਮਹੰਤ ਬਲਵੰਤ ਸਿੰਘ ਜੀ ਸੈਕਟਰੀ ਕਨਖਲ (ਹਰਿਦੁਆਰ) ਦੁਆਰਾ 2010 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਇਹ ਪੁਸਤਕ ਤਿੰਨ ਨਿਰਮਲੇ ਮਹਾਂਪੁਰਖਾਂ ਬਾਬਾ ਬੀਰ ਸਿੰਘ, ਬਾਬਾ ਮਹਾਰਾਜ ਸਿੰਘ, ਬਾਬਾ ਖੁਦਾ ਸਿੰਘ ਦਾ ਸੰਖੇਪ ਜੀਵਨ ਬਿਰਤਾਂਤ ਹੈ ਜਿਨ੍ਹਾਂ ਨੇ ਕਰਣੀ ਦੁਆਰਾ ਅਣਖ, ਗੈਰਤ, ਸਵੈਮਾਨ ਨਾਲ ਜੀਉਣ ਦੀ ਸੇਧ ਦਿਤੀ। ਕਰਤਾ ਨੇ ਮਹਾਂਪੁਰਖਾਂ ਬਾਰੇ ਇਤਿਹਾਸ ਨੂੰ ਤਥਾਂ ਦੇ ਅਧਾਰ ’ਤੇ ਲਿਖਿਆ ਹੈ। ਇਹ ਤਿੰਨੇ ਮਹਾਂਪੁਰਖ ਦੇਸ਼, ਸਿੱਖ ਪੰਥ ਅਤੇ ਨਿਰਮਲ ਭੇਖ ਵਿਚ ਸਚਮੁੱਚ ਬਚਨ ਕੇ ਬਲੀ ਸਨ। ਗਿਆਨੀ ਜੀ ਨੇ ਪੁਸਤਕ ਵਿਚ ਤਿੰਨ ਲੇਖ ਅੰਕਤ ਕੀਤੇ ਹਨ। ਅਸਲ ਵਿਚ ਇਨ੍ਹਾਂ ਮਹਾਂਪੁਰਖਾਂ ਦਾ ਜੀਵਨ ਗਿਆਨੀ ਜੀ ਨੇ *ਸ੍ਰੀ ਨਿਰਮਲ ਪੰਥ ਬੋਧ* ਅਤੇ *ਨਿਰਮਲ ਪੰਥ ਦੀ ਗੌਰਵ ਗਾਥਾ* ਵਿਚ ਵਿਸਤਾਰ ਨਾਲ ਅੰਕਤ ਕੀਤਾ ਹੈ। *ਸੂਰਬੀਰ ਬਚਨ ਕੇ ਬਲੀ* ਵਿਚ ਇਨ੍ਹਾਂ ਮਹਾਂਪੁਰਖ ਦੇ ਯੋਗਦਾਨ ਨੂੰ ਸੰਖੇਪ ਵਿਚ ਬਿਆਨਿਆ ਗਿਆ ਹੈ।

ਪਹਿਲੇ ਲੇਖ ਵਿਚ ਬਾਬਾ ਬੀਰ ਸਿੰਘ ਦੇ ਜਨਮ, ਮਾਤਾ-ਪਿਤਾ ਅਤੇ ਉਨ੍ਹਾਂ ਦੁਆਰਾ ਪਾਏ ਯੋਗਦਾਨ ਦਾ ਵਰਣਨ ਕੀਤਾ ਹੈ। ਗਿਆਨੀ ਜੀ ਦਸਦੇ ਹਨ ਕਿ ਬਾਬਾ ਬੀਰ ਸਿੰਘ ਨੇ ਲਾਹੌਰ ਤੋਂ ਹੀਰਾ ਸਿੰਘ ਡੋਗਰੇ ਦੀਆਂ ਫੌਜਾਂ ਤੋਂ ਸ. ਅਤਰ ਸਿੰਘ ਸੰਧਾਵਾਲੀਏ ਕੰਵਰ ਕਸ਼ਮੀਰ ਸਿੰਘ ਆਦਿ ਨੂੰ ਅੰਤਿਮ ਸਵਾਸਾਂ ਤਕ ਸੁਰੱਖਿਆ ਦਿਤੀ। ਲਾਹੌਰ ਦੀਆਂ ਸਿੱਖ ਅਤੇ ਡੋਗਰਾ ਫੌਜਾਂ ਨੇ ਅੰਧਾ ਧੁੰਦ ਗੋਲਾ ਵਾਰੀ ਕਰਕੇ ਬਾਬਾ ਜੀ ਨੂੰ ਸ਼ਹੀਦ ਕਰ ਦਿਤਾ। ਬਾਬਾ ਜੀ ਨੇ ਕੋਈ ਦੁਖ ਨਹੀਂ ਮੰਨਿਆ। ਵੈਰੀ ਨਾਲ ਵੀ ਪਿਆਰ ਭਰਿਆ ਵਰਤਾਉ ਕੀਤਾ। ਗੁਰਬਾਣੀ ਵਿਚ ਜੋ ਬ੍ਰਹਮ ਗਿਆਨੀ ਦੇ ਲਛਣ ਦਿਤੇ ਹਨ, ਉਨ੍ਹਾਂ ਨੂੰ ਅਮਲੀ ਰੂਪ ਵਿਚ ਕਮਾ ਕੇ ਵਿਖਾਇਆ।[44]

44 ਉਹੀ, *ਸੂਰਬੀਰ ਬਚਨ ਕੇ ਬਲੀ,* ਪੰਨਾ 18.

ਦੂਜੇ ਲੇਖ ਵਿਚ ਬਾਬਾ ਬੀਰ ਸਿੰਘ ਦੇ ਉਤਰਾਧਿਕਾਰੀ ਬਾਬਾ ਮਹਾਰਾਜ ਸਿੰਘ ਜੀ ਬਾਰੇ ਬਿਆਨ ਕੀਤਾ ਹੈ। ਬਾਬਾ ਬੀਰ ਸਿੰਘ ਨੇ ਸਿੱਖ ਰਾਜ ਨੂੰ ਮੁੜ ਸਥਾਪਤ ਕਰਨ ਲਈ ਫਿਰੰਗੀ ਨੂੰ ਦੇਸ਼ ਵਿਚੋਂ ਕਢਣ ਲਈ ਅੰਤਿਮ ਸਵਾਸਾਂ ਤਕ ਲੜਨ ਦਾ ਪ੍ਰਣ ਕੀਤਾ। ਸਿੰਘਾਪੁਰ ਦੀ ਜੇਲ੍ਹ ਵਿਚ ਤਸੀਹੇ ਸਹਿ ਕੇ ਸ਼ਹੀਦੀ ਪਾਈ।[45] ਤੀਜੇ ਲੇਖ ਵਿਚ ਬਾਬਾ ਮਹਾਰਾਜ ਸਿੰਘ ਜੀ ਦੇ ਗੁਰਭਾਈ ਬਾਬਾ ਖੁਦਾ ਸਿੰਘ ਜੀ ਬਾਰੇ ਦਸਿਆ ਹੈ ਬਾਬਾ ਖੁਦਾ ਸਿੰਘ ਜੀ ਨੇ ਫਿਰੰਗੀ ਦੀਆਂ ਜੇਲ੍ਹਾਂ ਵਿਚ ਅਨੇਕ ਕਸ਼ਟ ਸਹਾਰਦੇ ਰਹੇ ਪਰ ਆਪਣੇ ਸਿਧਾਂਤ ਤੋਂ ਮੁਖ ਨਹੀਂ ਮੋੜਿਆ।[46]

ਸਮੁਚੇ ਰੂਪ ਵਿਚ ਇਹ ਪੁਸਤਕ ਬਾਬਾ ਬੀਰ ਸਿੰਘ, ਬਾਬਾ ਮਹਾਰਾਜ ਸਿੰਘ ਅਤੇ ਬਾਬਾ ਖੁਦਾ ਸਿੰਘ ਦੇ ਜੀਵਨ, ਸ਼ਖ਼ਸੀਅਤ ਅਤੇ ਉਨ੍ਹਾਂ ਦੁਆਰਾ ਦੇਸ਼ ਦੀ ਅਜ਼ਾਦੀ ਲਈ ਪਾਏ ਯੋਗਦਾਨ ਦਾ ਸੰਖੇਪ ਵਰਣਨ ਹੈ।

**14. *ਕਲਾਧਾਰੀ ਪੁਰਖ:*** 152 ਪੰਨਿਆਂ ਦੀ ਇਹ ਪੁਸਤਕ ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ ਤਲਵੰਡੀ ਸਾਬੋ (ਬਠਿੰਡਾ) ਵਲੋਂ 2012 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਪਰਉਪਕਾਰੀ ਜੀਵਨ ਨਾਲ ਸੰਬੰਧਿਤ ਪੁਸਤਕ *ਅਗਮ ਅਗਾਧ ਪੁਰਖ* 1983 ਈ. ਵਿਚ (ਪਹਿਲੀ ਵਾਰ) ਪ੍ਰਕਾਸ਼ਿਤ ਕੀਤਾ। ਇਸ ਤੋਂ ਇਲਾਵਾ *ਏਕ ਪੁਰਖ ਅਪਾਰ, ਸੰਤ ਅਤਰ ਸਿੰਘ ਅਭਿਨੰਦਨ ਗ੍ਰੰਥ, ਪੂਜਯ ਸੰਤ ਅਤਰ ਸਿੰਘ ਜੀ ਮਹਾਰਾਜ (ਹਿੰਦੀ)* ਆਦਿ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਗਿਆਨੀ ਜੀ ਨੇ ਕਲਾਧਾਰੀ ਪੁਰਖ ਵਿਚ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਜੀਵਨ ਅਤੇ ਉਨ੍ਹਾਂ ਦੁਆਰਾ ਵਖ-ਵਖ ਖੇਤਰਾਂ ਵਿਚ ਪਾਏ ਯੋਗਦਾਨ ਬਾਰੇ ਸੰਖੇਪ ਵਿਚ ਅੰਕਿਤ ਕੀਤਾ ਹੈ। ਕਰਤਾ ਨੇ ਵਿਸ਼ਾ ਸੂਚੀ ਸੰਤ ਜੀ ਦੇ ਜੀਵਨ ਨੂੰ 101 ਸਿਰਲੇਖਾਂ ਤਹਿਤ ਪ੍ਰਸਤੁਤ ਕੀਤਾ ਹੈ।

ਕਰਤਾ ਨੇ ਭੂਮਿਕਾ ਵਿਚ ਸੰਤ ਅਤਰ ਸਿੰਘ ਦੇ ਸੰਸਾਰ ਵਿਚ ਆਉਣ ਤੋਂ ਪਹਿਲਾਂ ਦੀ ਸਥਿਤੀ ਬਾਰੇ ਵਰਣਨ ਕੀਤਾ ਹੈ। ਲੇਖਕ ਨੇ ਸੰਤ ਜੀ ਮਹਾਰਾਜ ਦੀ ਉਸਤਤ ਵਿਚ 'ਪੂਜਯ ਸੰਤ ਅਤਰ ਸਿੰਘ ਜੀ ਮਹਾਰਾਜ' ਦੇ ਸਿਰਲੇਖ ਹੇਠ ਕਵਿਤਾ ਦਰਜ ਕੀਤੀ ਹੈ।

ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਜਨਮ, ਬਚਪਨ ਅਤੇ ਫੌਜ ਵਿਚ ਭਰਤੀ ਹੋਣ ਦਾ ਜ਼ਿਕਰ ਕੀਤਾ ਹੈ। ਸੰਤ ਅਤਰ ਸਿੰਘ ਜੀ ਦਾ ਜਨਮ ਪਿਤਾ ਕਰਮ ਸਿੰਘ ਅਤੇ ਮਾਤਾ ਭੋਲੀ ਦੇ ਗ੍ਰਹਿ ਵਿਖੇ 16 ਮਾਰਚ 1866 ਈ. ਚੇਤ੍ਰ ਸੁਦੀ ਏਕਮ, ਨਵੇਂ ਸੰਮਤ ਦੇ ਦਿਨ, ਸੰਮਤ 1923 ਬਿ. ਦਿਨ ਐਤਵਾਰ ਨੂੰ ਪਿੰਡ ਚੀਮਾ ਜ਼ਿਲ੍ਹਾ ਸੰਗਰੂਰ ਵਿਚ ਹੋਇਆ।[47] ਸੰਤ ਜੀ 17 ਸਾਲ ਦੀ ਉਮਰ ਵਿਚ ਫੌਜ ਵਿਚ ਭਰਤੀ ਹੋ ਗਏ। ਆਪ ਨੇ ਹਜ਼ੂਰ ਸਾਹਿਬ ਵਿਚ ਦੋ ਸਾਲ ਨਾਮ-ਅਭਿਆਸ ਕੀਤਾ। ਇਸ ਤੋਂ ਉਪਰੰਤ ਪੰਜਾਬ ਆ ਕੇ ਗੁਰਮਤਿ ਪ੍ਰਚਾਰ ਕੀਤਾ। ਸੰਤ ਜੀ ਮਹਾਰਾਜ ਨੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਜਾ ਕੇ ਕੀਰਤਨ ਦੁਆਰਾ ਸੰਗਤਾਂ ਨੂੰ ਗੁਰਮਤਿ ਉਪਦੇਸ਼ ਦਿਤਾ।

---

45 ਉਹੀ, ਪੰਨਾ 39.

46 ਉਹੀ, ਪੰਨਾ 47.

47 ਉਹੀ, *ਕਲਾਧਾਰੀ ਪੁਰਖ,* ਪੰਨਾ 16.

ਗਿਆਨੀ ਜੀ ਦਸਦੇ ਹਨ ਕਿ ਸੰਤ ਜੀ ਨੇ 1901 ਈ. ਨੂੰ ਗੁਰਦੁਆਰਾ ਮਸਤੂਆਣਾ ਦੀ ਨੀਂਹ ਰਖੀ। ਸੰਤ ਜੀ ਨੇ ਗੁਰਮਤਿ ਪ੍ਰਚਾਰ ਦੁਆਰਾ ਸੰਗਤਾਂ ਨੂੰ ਅੰਮ੍ਰਿਤ ਦੀ ਮਹਿਮਾ ਤੋਂ ਜਾਣੂ ਕਰਵਾਇਆ ਅਤੇ ਸੰਗਤਾਂ ਨੂੰ ਅੰਮ੍ਰਿਤਪਾਨ ਕਰਵਾਇਆ। ਕਰਤਾ ਨੇ ਉਨ੍ਹਾਂ ਵਿਅਕਤੀਆਂ ਦੇ ਨਾਵਾਂ ਦੀ ਸੂਚੀ ਦਿਤੀ ਹੈ ਜਿਨ੍ਹਾਂ ਨੇ ਸੰਤ ਜੀ ਮਾਹਰਾਜ ਤੋਂ ਅੰਮ੍ਰਿਤਪਾਨ ਕੀਤਾ ਅਤੇ ਉਚ ਪਦਵੀਆਂ 'ਤੇ ਬਿਰਾਜਮਾਨ ਹੋਏ। ਇਨ੍ਹਾਂ ਵਿਚ ਪ੍ਰੋ. ਸਾਹਿਬ ਸਿੰਘ, ਕਰਮ ਸਿੰਘ ਹਿਸਟੋਰੀਅਨ, ਮਾਸਟਰ ਤਾਰਾ ਸਿੰਘ, ਸੰਤ ਤੇਜਾ ਸਿੰਘ, ਪੰਡਿਤ ਲਛਮਣ ਸਿੰਘ ਸ਼ੇਸ਼ਮ੍ਰਿਗੇਸ਼ ਆਦਿ ਦੇ ਨਾਂ ਸ਼ਾਮਿਲ ਹਨ। ਇਨ੍ਹਾਂ ਵਿਅਕਤੀਆਂ ਦੀ ਗਿਣਤੀ 24 ਹੈ।

ਲੇਖਕ ਨੇ ਸੰਤ ਜੀ ਮਹਾਰਾਜ ਦੁਆਰਾ ਕਰਵਾਈ ਗੁਰਦੁਆਰਿਆਂ ਦੀ ਕਾਰ-ਸੇਵਾ ਬਾਰੇ ਵੀ ਦਸਿਆ ਹੈ, ਇਸ ਵਿਚ ਗੁਰਦੁਆਰਾ ਗੁਰੁਸਾਗਰੁ ਮਸਤੂਆਣਾ, ਗੁਰਦੁਆਰਾ ਸਾਹਿਬ ਮਲੇਰਕੋਟਲਾ, ਤਖ਼ਤ ਹਜ਼ੂਰ ਸਾਹਿਬ ਵਿਖੇ ਬਿਜਲੀ ਦੀ ਸੇਵਾ, ਮਸਤੂਆਣਾ ਵਿਚ ਸਰੋਵਰ ਦੀ ਕਾਰ-ਸੇਵਾ, ਸੁਧਾਸਰ ਸਰੋਵਰ ਦੀ ਗਾਰ ਕੱਢਣ ਦੀ ਕਾਰ-ਸੇਵਾ ਆਦਿ ਸੇਵਾਵਾਂ ਸ਼ਾਮਿਲ ਹਨ। ਕਰਤਾ ਨੇ ਸੰਤ ਅਤਰ ਸਿੰਘ ਜੀ ਦੁਆਰਾ ਵਿਦਿਆ ਦੇ ਖੇਤਰ ਵਿਚ ਪਾਏ ਯੋਗਦਾਨ  ਦਾ ਵਿਸਤਾਰ ਨਾਲ ਵਰਣਨ ਕੀਤਾ ਹੈ। ਉਨ੍ਹਾਂ ਨੇ ਜਿਥੇ ਵਖ-ਵਖ ਸਕੂਲ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਸਥਾਪਨਾ ਕੀਤੀ ਉਥੇ ਸਿੱਖ ਵਿਦਿਅਕ ਕਾਨਫਰੰਸਾਂ ਵਿਚ ਵੀ ਸ਼ਮੂਲੀਅਤ ਕਰਦੇ ਰਹੇ। ਸੰਤ ਅਤਰ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਵਰਦਾਨ ਨੂੰ ਮੁਖ ਰਖ ਕੇ 'ਗੁਰੂ ਕੀ ਕਾਸ਼ੀ' (ਤਲਵੰਡੀ ਸਾਬੋ) ਵਿਚ ਸੰਨ 1923 ਈ. ਨੂੰ 'ਧਾਰਮਿਕ ਮਹਾਂ ਵਿਦਿਆਲਯ ਗੁਰੂ ਕਾਸ਼ੀ' ਦੀ ਨੀਂਹ ਰਖੀ।[48]

ਗਿਆਨੀ ਜੀ ਨੇ ਸੰਤ ਜੀ ਦੁਆਰਾ ਸਿੱਖ ਸੁਧਾਰ ਲਹਿਰਾਂ ਵਿਚ ਪਾਏ ਯੋਗਦਾਨ ਦਾ ਵੇਰਵਾ ਦਿਤਾ ਹੈ। ਇਨ੍ਹਾਂ ਵਿਚ ਸਿੰਘ ਸਭਾ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ ਆਦਿ ਸ਼ਾਮਲ ਹਨ। ਗਿਆਨੀ ਜੀ ਦਸਦੇ ਹਨ ਕਿ  ਦੇਸ਼ ਦੇ ਰਾਜੇ ਮਹਾਰਾਜੇ ਸੰਤ ਜੀ ਮਹਾਰਾਜ ਦਾ ਬਹੁਤ ਸਤਿਕਾਰ ਕਰਦੇ ਸਨ। ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾਪਤੀ, ਮਹਾਰਾਜਾ ਬਰਜਿੰਦਰ ਸਿੰਘ ਫਰੀਦਕੋਟ, ਰਿਆਸਤ ਮਲੇਰਕੋਟਲਾ ਦਾ ਨਵਾਬ ਮੁਹੰਮਦ ਅਲੀ ਖ਼ਾਂ, ਮਹਾਰਾਜਾ ਹੀਰਾ ਸਿੰਘ ਨਾਭਾ, ਮਾਹਾਰਾਜਾ ਰਿਪੁਦਮਨ ਸਿੰਘ ਨਾਭਾ, ਮਹਾਰਾਜਾ ਜਗਤਜੀਤ ਸਿੰਘ ਕਪੂਰਥਲਾ, ਰਾਜਾ ਰਵੀਸ਼ੂਰ ਸਿੰਘ ਕਲਸੀਆਂ ਸਟੇਟ, ਰਾਜਾ ਲਛਮਣ ਸਿੰਘ ਰਿਆਸਤ ਬੂੜੀਆ, ਰਾਜਾ ਬਦਨ ਸਿੰਘ ਮਲੌਦ, ਮਾਹਾਰਾਜਾ ਪ੍ਰਭੂ ਨਾਰਾਇਣ (ਕਾਸ਼ੀ ਰਾਜ), ਮਹਾਰਾਜਾ ਰਣਬੀਰ ਸਿੰਘ ਜੀਂਦਪਤੀ ਆਦਿ ਰਾਜਿਆਂ ਮਹਾਰਾਜਿਆਂ ਤੇ ਸੰਤ ਜੀ ਦਾ ਪ੍ਰਭਾਵ ਸੀ। ਕਰਤਾ ਨੇ 1911 ਈ. ਵਿਚ ਜਾਰਜ ਪੰਚਮ ਦੀ ਤਾਜਪੋਸ਼ੀ ਵਿਚ ਸੰਤ ਅਤਰ ਸਿੰਘ ਜੀ ਦੀ ਸ਼ਮੂਲੀਅਤ ਦਾ ਵਿਸਤਾਰ ਨਾਲ ਵਰਣਨ ਕੀਤਾ ਹੈ।

ਸੰਤ ਅਤਰ ਸਿੰਘ ਜੀ ਦੇ ਸਮਕਾਲੀ ਮਹਾਂਪੁਰਖ ਸੰਤ ਜੀ ਦੇ ਜੀਵਨ ਅਤੇ ਵਿਅਕਤੀਤਵ ਤੋਂ ਪ੍ਰਭਾਵਿਤ ਹੋ ਕੇ ਸੇਵਾ ਅਤੇ ਗਿਆਨ ਗੋਸ਼ਟਿ ਕਰਦੇ ਸਨ। ਅਜਿਹੇ ਅਨੇਕਾਂ ਮਹਾਂਪੁਰਖਾਂ ਵਿਚੋਂ ਲੇਖਕ ਨੇ ਪੰਜ ਮਹਾਨ ਵਿਅਕਤੀਆਂ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਸੰਤ ਰਾਮ ਸਿੰਘ ਥਮਾਲੀ ਵਾਲੇ, ਸੰਤ ਭਗਤ ਸਿੰਘ

48 ਉਹੀ, ਪੰਨਾ 63.

ਜੀ ਪਿੰਡੀ ਘੇਬ ਵਾਲੇ, ਪੰਡਿਤ ਨਿਹਾਲ ਸਿੰਘ ਜੀ ਥੋਹਾ ਖਾਲਸਾ ਵਾਲੇ, ਪੰਡਿਤ ਈਸ਼ਰ ਸਿੰਘ ਜੀ ਵਿਰਕਤ ਅਤੇ ਸੰਤ ਸ਼ਾਮ ਸਿੰਘ ਜੀ ਆਟਾ ਮੰਡੀ ਅੰਮ੍ਰਿਤਸਰ ਦਾ ਵੇਰਵਾ ਦਿਤਾ ਹੈ।

ਗਿਆਨੀ ਜੀ ਨੇ ਸੰਤ ਜੀ ਦੁਆਰਾ ਦਿਤੇ ਉਪਦੇਸ਼ਾਂ ਦਾ ਵਰਣਨ ਕੀਤਾ ਹੈ। ਸੰਤ ਜੀ ਜਾਤ-ਪਾਤ, ਛੂਤ-ਛਾਤ ਦਾ ਵਿਰੋਧ, ਭਾਈਚਾਰਕ ਸਾਂਝ ਕਾਇਮ ਕਰਨੀ, ਗੁਰੂ ਸਾਹਿਬ ਦੇ ਸਤਿਕਾਰ ਨੂੰ ਪ੍ਰਮੁਖਤਾ, ਕਿਸਾਨ ਨੂੰ ਸਤਿਕਾਰ ਦੇਣਾ, ਸੇਵਾ-ਸਿਮਰਨ ਨੂੰ ਸਰਵਉਤਮ ਕਾਰਜ, ਅੰਮ੍ਰਿਤ ਸੰਚਾਰ ਕਰਨਾ ਆਦਿ ਉਪਦੇਸ਼ ਦਿੰਦੇ ਸਨ। ਸੰਤ ਅਤਰ ਸਿੰਘ ਜੀ ਨੇ ਕੀਰਤਨ ਦੁਆਰਾ ਗੁਰਮਤਿ ਪ੍ਰਚਾਰ ਕੀਤਾ। ਕਰਤਾ ਨੇ ਉਨ੍ਹਾਂ ਦੀ ਕੀਰਤਨ ਕਰਨ ਦੀ ਸ਼ੈਲੀ ਬਿਆਨ ਵੀ ਕੀਤੀ ਹੈ। ਸੰਤ ਜੀ ਗੁਰਬਾਣੀ ਦੇ ਅਧਾਰ ਤੇ ਖੁਦ ਬਣਾਈਆਂ ਧਾਰਨਾ ਦਾ ਕੀਰਤਨ ਕਰਦੇ ਸਨ। ਇਸ ਸ਼ੈਲੀ ਰਾਹੀਂ ਸੰਗਤਾਂ ਅਸਾਨੀ ਨਾਲ ਗੁਰਬਾਣੀ ਦਾ ਉਪਦੇਸ਼ ਗ੍ਰਹਿਣ ਕਰਦੀਆਂ ਸਨ। ਲੇਖਕ ਨੇ ਪੁਸਤਕ ਵਿਚ ਧਾਰਨਾ ਦੇ ਨਮੂਨੇ ਪੇਸ਼ ਕੀਤੇ ਹਨ।[49] ਸੰਤ ਜੀ ਮਹਾਰਾਜ ਅੰਮ੍ਰਿਤਪਾਨ ਕਰਵਾਉਣ ਸਮੇਂ 'ਵਾਹਿਗੁਰੂ ਗੁਰਮੰਤ੍ਰ' ਦਿੰਦੇ ਸਨ ਅਤੇ ਅਭਿਆਸ ਕਰਨ ਦੀ ਵਿਧੀ ਵੀ ਦਸਦੇ ਸਨ।

ਅਖ਼ੀਰ ਵਿਚ ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਸੰਬੰਧੀ ਉਨ੍ਹਾਂ ਦੇ ਸਮਕਾਲੀ ਮਹਾਂਪੁਰਖਾਂ, ਲੇਖਕਾਂ ਅਤੇ ਵਿਦਵਾਨਾਂ ਦੇ ਵਿਚਾਰ ਅੰਕਿਤ ਕੀਤੇ ਹਨ ਜਿਨ੍ਹਾਂ ਵਿਚ ਭਾਈ ਵੀਰ ਸਿੰਘ ਜੀ, ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ, ਭਾਈ ਕਾਨ੍ਹ ਸਿੰਘ ਨਾਭਾ, ਸ੍ਰੀਮਾਨ ਮਾਸਟਰ ਤਾਰਾ ਸਿੰਘ, ਪ੍ਰਿੰ. ਤੇਜਾ ਸਿੰਘ ਖ਼ਾਲਸਾ ਕਾਲਜ ਅੰਮ੍ਰਿਤਸਰ, ਪ੍ਰਿੰ. ਗੰਗਾ ਸਿੰਘ, ਗਿ. ਪ੍ਰਤਾਪ ਸਿੰਘ (ਸਾਬਕਾ ਜਥੇਦਾਰ ਅਕਾਲ ਤਖ਼ਤ ਸਾਹਿਬ), ਡਾ. ਗੁਰਮੁਖ ਸਿੰਘ ਪਟਿਆਲਾ, ਡਾ. ਤੇਜਵੰਤ ਸਿੰਘ ਮਾਨ, ਸੰਤ ਕਿਸ਼ਨ ਸਿੰਘ ਗੁਰੁਸਾਗਰੁ ਮਸਤੂਆਣਾ, ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਬ੍ਰਹਮ ਗਿਆਨੀ ਸੰਤ ਜੀਵਾ ਸਿੰਘ ਨਨਕਾਣਾ ਸਾਹਿਬ, ਸੰਤ ਤੇਜਾ ਸਿੰਘ ਡਬਲ ਐਮ.ਏ ਆਦਿ ਸ਼ਾਮਿਲ ਹਨ।

ਸਮੁਚੇ ਰੂਪ ਵਿਚ ਇਹ ਪੁਸਤਕ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦੇ ਧਾਰਮਿਕ, ਸਮਾਜਿਕ ਖੇਤਰ ਵਿਚ ਪਾਏ ਯੋਗਦਾਨ ਬਾਰੇ ਬਿਆਨ ਕਰਦੀ ਹੈ।

**15.** ***ਸੰਪ੍ਰਦਾਇ ਮਸਤੂਆਣਾ:*** ਇਹ ਪੁਸਤਕ ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ) ਦੁਆਰਾ 2015 ਈ. ਵਿਚ ਪ੍ਰਕਾਸ਼ਿਤ ਕੀਤੀ ਗਈ। 264 ਪੰਨਿਆਂ ਦੀ ਇਸ ਪੁਸਤਕ ਵਿਚ ਸੰਪ੍ਰਦਾਇ ਮਸਤੂਆਣਾ ਦਾ ਇਤਿਹਾਸ ਅੰਕਿਤ ਕੀਤਾ ਅਤੇ ਸੰਤ ਅਤਰ ਸਿੰਘ ਜੀ ਦੁਆਰਾ ਵਰੋਸਾਏ ਮਹਾਂਪੁਰਖਾਂ ਦੇ ਪਰਉਪਕਾਰੀ ਕਾਰਜ ਅੰਕਿਤ ਕੀਤੇ ਹਨ। ਇਸ ਵਿਚ 140 ਲੇਖ ਅਤੇ 30 ਤਸਵੀਰਾਂ ਵੀ ਦਰਜ ਕੀਤੀਆਂ ਹਨ।

ਭੂਮਿਕਾ ਵਿਚ ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਦੇ ਆਗਮਨ ਤੋਂ ਪਹਿਲਾਂ ਦੀ ਸਥਿਤੀ, ਮਸਤੂਆਣਾ ਪਿੰਡ ਦੇ ਆਬਾਦ ਹੋਣ ਦਾ ਇਤਿਹਾਸ ਅਤੇ ਸੰਤ ਜੀ ਮਹਾਰਾਜ ਤੋਂ ਪਹਿਲਾਂ ਮਸਤੂਆਣੇ ਦੀ ਧਰਤੀ ਤੇ ਹੋਏ ਮਹਾਂਪੁਰਖਾਂ ਬਾਰੇ ਜਾਣਕਾਰੀ ਦਿਤੀ ਹੈ।

---

49 ਉਹੀ, ਪੰਨਾ 133.

ਆਰੰਭ ਵਿਚ ਸੰਪ੍ਰਦਾਇ ਮਸਤੂਆਣਾ ਦਾ ਇਤਿਹਾਸ ਅਤੇ ਇਸਦੀ ਨਾਦੀ ਵੰਸ਼ ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜਿਆ ਗਿਆ ਹੈ। ਇਸ ਸੰਪ੍ਰਦਾਇ ਦਾ ਆਰੰਭ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਤੋਂ ਹੋਇਆ ਦਸਿਆ ਹੈ। ਕਰਤਾ ਨੇ ਸੰਤ ਅਤਰ ਸਿੰਘ ਜੀ ਦੇ ਆਗਮਨ ਤੋਂ ਪਹਿਲਾਂ ਸੰਤਾਂ ਮਹਾਂਪੁਰਖਾ ਜਿਵੇਂ ਬਾਬਾ ਸਾਹਿਬ ਸਿੰਘ ਜੀ ਬੇਦੀ, ਸੰਤ ਭਾਗ ਸਿੰਘ ਜੀ ਕੁਰੀ ਵਾਲੇ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, ਬਾਬਾ ਮਹਾਰਾਜ ਸਿੰਘ ਜੀ, ਸੰਤ ਰਾਮ ਸਿੰਘ ਜੀ ਵਿਰਕਤ ਆਦਿ ਬਾਰੇ ਜਾਣਕਾਰੀ ਦਿਤੀ ਹੈ ਜਿਸ ਵਿਚ ਇਨ੍ਹਾਂ ਮਹਾਂਪੁਰਖਾਂ ਦੇ ਜਨਮ, ਵਿਦਿਆ, ਪਰਉਪਕਾਰ ਅਤੇ ਸੇਵਾ ਬਾਰੇ ਵਰਣਨ ਕੀਤਾ ਹੈ।

ਇਸ ਤੋਂ ਮਗਰੋਂ ਕਰਤਾ ਨੇ ਸੰਪ੍ਰਦਾਇ ਮਸਤੂਆਣਾ ਦੇ ਸੰਸਥਾਪਕ ਸੰਤ ਅਤਰ ਸਿੰਘ ਜੀ ਦੀ ਜੀਵਨੀ ਅੰਕਿਤ ਕੀਤੀ ਹੈ ਜਿਸ ਦਾ ਆਰੰਭ ਕਰਤਾ ਨੇ ਸੰਤ ਜੀ ਮਹਾਰਾਜ ਦੀ ਉਸਤਤੀ ਵਿਚ ਇਕ ਕਵਿਤਾ ਦੁਆਰਾ ਕੀਤਾ ਹੈ। ਇਹ ਕਵਿਤਾ ਗਿਆਨੀ ਜੀ ਦੁਆਰਾ ਲਿਖ ਗਈ ਹੈ। ਸੰਤ ਅਤਰ ਸਿੰਘ ਜੀ ਦਾ ਜਨਮ ਬਾਬਾ ਕਰਮ ਸਿੰਘ ਅਤੇ ਮਾਤਾ ਭੋਲੀ ਜੀ ਦੇ ਗ੍ਰਹਿ ਵਿਖੇ 16 ਮਾਰਚ 1866 ਈ. ਚੇਤ੍ਰ ਸੁਦੀ ਏਕਮ, ਨਵੇਂ ਸੰਮਤ ਦੇ ਦਿਨ, ਸੰਮਤ 1923 ਬਿ. ਦਿਨ ਐਤਵਾਰ ਨੂੰ ਪਿੰਡ ਚੀਮਾ ਜ਼ਿਲ੍ਹਾ ਸੰਗਰੂਰ ਵਿਚ ਹੋਇਆ।[50] ਸੰਤ ਜੀ ਮਹਾਰਾਜ ਨੇ ਗੁਰਮੁਖੀ ਵਿਦਿਆ ਨਿਰਮਲੇ ਸੰਤ ਬਾਬਾ ਬੂਟਾ ਸਿੰਘ ਜੀ ਕੋਲੋਂ ਪ੍ਰਾਪਤ ਕੀਤੀ। ਸੰਤ ਜੀ ਦੇ ਫੌਜ ਵਿਚ ਭਰਤੀ ਹੋਣ ਬਾਰੇ, ਨਾਮ ਅਭਿਆਸ, ਸਚਖੰਡ ਹਜ਼ੂਰ ਸਾਹਿਬ ਵਿਚ ਨਾਮ ਅਭਿਆਸ, ਪਿੰਡ ਕਨੇਹੇ ਵਿਚ ਨਾਮ ਅਭਿਆਸ, ਗੁਰਮਤਿ ਪ੍ਰਚਾਰ ਅਤੇ ਮਸਤੂਆਣਾ ਦੀ ਸਥਾਪਨਾ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ। ਸੰਤ ਅਤਰ ਸਿੰਘ ਜੀ ਨੇ ਕੀਰਤਨ ਦੁਆਰਾ ਗੁਰਮਤਿ ਪ੍ਰਚਾਰ ਕੀਤਾ ਅਤੇ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾਇਆ। ਕਰਤਾ ਨੇ ਸੰਤ ਜੀ ਮਹਾਰਾਜ ਦੁਆਰਾ ਸਹਿਜ ਪਾਠ ਅਤੇ ਅਖੰਡ ਪਾਠ ਕਰਨ ਦੀ ਵਿਧੀ, ਵਿਦਿਆ ਦੇ ਖੇਤਰ ਵਿਚ ਪਾਏ ਯੋਗਦਾਨ, ਸਿੱਖ ਸੁਧਾਰ ਲਹਿਰਾਂ ਵਿਚ ਯੋਗਦਾਨ, ਜਾਤ-ਪਾਤ ਛੂਤ-ਛਾਤ ਦਾ ਖੰਡਨ ਅਤੇ ਉਨ੍ਹਾਂ ਦੁਆਰਾ ਦਿਤੇ ਉਪਦੇਸ਼ਾ ਨੂੰ ਅੰਕਿਤ ਕੀਤਾ ਹੈ। ਸੰਤ ਜੀ ਮਹਾਰਾਜ ਅੰਮ੍ਰਿਤ ਅਤੇ ਵਾਹਿਗੁਰੂ ਸ਼ਬਦ ਨੂੰ ਮੁਕਤੀ ਦਾ ਦਾਤਾ ਮੰਨਦੇ ਸਨ। ਉਨ੍ਹਾਂ ਨੇ ਸੰਗਤਾਂ ਨੂੰ ਸ਼ਬਦ ਗੁਰੂ ਦੀ ਮਹਾਨਤਾ ਤੋਂ ਜਾਣੂ ਕਰਵਾਇਆ। ਲੇਖਕ ਨੇ ਅਗੇ ਸੰਤ ਜੀ ਮਹਾਰਾਜ ਦੇ ਅੰਤਿਮ ਸਮੇਂ ਬਾਰੇ ਵਰਣਨ ਕੀਤਾ ਹੈ। ਸੰਤ ਅਤਰ ਸਿੰਘ ਜੀ 31 ਜਨਵਰੀ 1927 ਈ. ਨੂੰ ਰਾਤ 12 ਵੱਜ ਕੇ 30 ਮਿੰਟ ਤੇ ਬ੍ਰਹਮਲੀਨ ਹੋ ਗਏ।

ਕਰਤਾ ਨੇ ਸੰਤ ਜੀ ਮਹਾਰਾਜ ਤੋਂ ਮਗਰੋਂ ਉਨ੍ਹਾਂ ਦੁਆਰਾ ਆਰੰਭ ਕੀਤੇ ਪਰਉਪਕਾਰੀ ਕਾਰਜਾਂ ਨੂੰ ਚਲਾਉਣ ਵਾਸਤੇ, ਗੁਰਦੁਆਰਿਆਂ, ਬੁੰਗਿਆਂ ਦੀ ਸੇਵਾ-ਸੰਭਾਲ ਵਾਸਤੇ, ਗੁਰਮਤਿ ਕਥਾ, ਕੀਰਤਨ, ਅੰਮ੍ਰਿਤ ਸੰਚਾਰ, ਵਿਦਿਆ ਨੂੰ ਪ੍ਰਚਾਰਨ ਲਈ 'ਸੰਤ ਸੇਵਕ ਜੱਥਾ' ਨਾਮ ਦੀ ਸੰਸਥਾ ਦੀ ਸਥਾਪਨਾ ਦਾ ਜ਼ਿਕਰ ਕੀਤਾ ਹੈ। ਇਸ ਸੰਸਥਾ ਦੇ ਪਹਿਲੇ ਪ੍ਰਧਾਨ ਸੰਤ ਬਾਬਾ ਗੁਲਾਬ ਸਿੰਘ ਜੀ ਨੂੰ ਬਣਾਇਆ ਗਿਆ। ਕਰਤਾ ਨੇ 'ਸੰਤ ਸੇਵਕ ਜੱਥਾ' ਦੇ ਪਹਿਲੇ ਪ੍ਰਧਾਨ ਤੋਂ ਲੈ ਕੇ ਵਰਤਮਾਨ ਸਮੇਂ ਤਕ ਦੇ ਪ੍ਰਧਾਨ ਦੇ ਜੀਵਨ ਅੰਕਿਤ ਕੀਤੇ ਹਨ। ਇਹ ਪ੍ਰਧਾਨ ਕ੍ਰਮਵਾਰ ਸੰਤ ਬਾਬਾ ਗੁਲਾਬ ਸਿੰਘ, ਸੰਤ ਬਿਸ਼ਨ ਸਿੰਘ ਜੀ, ਸੰਤ ਕਿਸ਼ਨ ਸਿੰਘ ਜੀ, ਸ੍ਰੀਮਾਨ ਸੰਤ

50 ਉਹੀ, *ਸੰਪ੍ਰਦਾਇ ਮਸਤੂਆਣਾ*, 57.

ਤੇਜਾ ਸਿੰਘ ਜੀ, ਸ੍ਰੀਮਾਨ ਸੰਤ ਨਿਰੰਜਨ ਸਿੰਘ ਜੀ ਮੋਹੀ, ਸ੍ਰੀਮਾਨ ਸੰਤ ਰਣਜੀਤ ਸਿੰਘ ਜੀ ਮੂਲੋਵਾਲ, ਸ੍ਰੀਮਾਨ ਸੰਤ ਹਰਨਾਮ ਸਿੰਘ ਜੀ ਸਾਰੋਂ, ਸੰਤ ਮਿੱਠਾ ਸਿੰਘ ਜੀ ਅਤੇ ਸੰਤ ਬਾਬਾ ਸੁਖਦੇਵ ਸਿੰਘ ਜੀ ਸਾਰੋਂ ਹਨ।

ਕਰਤਾ ਨੇ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਸੰਪ੍ਰਦਾਇ ਮਸਤੂਆਣਾ ਵਿਚ ਹੋਏ ਨਾਮ ਅਭਿਆਸੀ ਮਹਾਂਪੁਰਖਾਂ ਬਾਰੇ ਵਿਸਤਾਰ ਨਾਲ ਚਰਚਾ ਕੀਤੀ ਹੈ। ਇਨ੍ਹਾਂ ਵਿਚ ਸੰਤ ਗੁਲਾਬ ਸਿੰਘ ਜੀ ਵਾਲੀਆਂ ਵਾਲੇ, ਸੰਤ ਹਜ਼ਾਰਾ ਸਿੰਘ ਜੀ, ਸੰਤ ਮੱਘਰ ਸਿੰਘ ਜੀ, ਸੰਤ ਗੁਰਬਖਸ਼ ਸਿੰਘ ਜੀ ਜਬੋਵਾਲ ਵਾਲੇ, ਸੰਤ ਮਿੱਤ ਸਿੰਘ ਜੀ ਕਿਸ਼ਨਪੁਰੇ ਵਾਲੇ, ਸੰਤ ਬਲਵੰਤ ਸਿੰਘ ਜੀ ਧਲੇਰ ਵਾਲੇ, ਸੰਤ ਈਸ਼ਰ ਸਿੰਘ ਜੀ ਲੰਬਿਆਂ ਵਾਲੇ, ਸੰਤ ਮਹਿੰਦਰ ਸਿੰਘ ਜੀ, ਸੰਤ ਨਿਹਾਲ ਸਿੰਘ ਜੀ ਚੇਲਿਆਂ ਵਾਲੇ, ਸੰਤ ਉਤਮ ਸਿੰਘ ਜੀ, ਸੰਤ ਗੋਧਾ ਸਿੰਘ ਜੀ, ਡਾ. ਖੇਮ ਸਿੰਘ ਜੀ ਗਿੱਲ, ਸੰਤ ਗਿਆਨੀ ਕਰਮ ਸਿੰਘ ਜੀ, ਸੰਤ ਨੱਥਾ ਸਿੰਘ ਜੀ, ਸੰਤ ਮਲ ਸਿੰਘ ਜੀ, ਸੰਤ ਜਗਤ ਸਿੰਘ ਜੀ, ਸੰਤ ਛੋਟਾ ਸਿੰਘ ਜੀ, ਸੰਤ ਹਾਕਮ ਸਿੰਘ ਜੀ, ਸ੍ਰੀਮਾਨ ਸੰਤ ਜੰਗ ਸਿੰਘ ਜੀ ਰਾਗੀ, ਸੰਤ ਪ੍ਰੀਤਮ ਸਿੰਘ ਜੀ ਸੈਕਟਰੀ, ਗਿਆਨੀ ਤੇਜਾ ਸਿੰਘ ਜੀ, ਸੰਤ ਗੁਰਬਖ਼ਸ਼ ਸਿੰਘ ਜੀ, ਬਾਬਾ ਕਾਕਾ ਸਿੰਘ ਜੀ, ਭਾਈ ਸੰਤ ਸਿੰਘ ਜੀ ਪਟਵਾਰੀ, ਸੰਤ ਬਾਬਾ ਮੰਗਲ ਸਿੰਘ ਜੀ, ਸੰਤ ਨਰਾਇਣ ਸਿੰਘ ਜੀ, ਸੰਤ ਜੰਗ ਸਿੰਘ ਜੀ ਤਲਵੰਡੀ ਸਾਬੋ, ਸੰਤ ਕੇਹਰ ਸਿੰਘ ਜੀ ਵੈਦ, ਮਾਸਟਰ ਗੁਰਬਚਨ ਸਿੰਘ ਜੀ, ਸੰਤ ਮਹਿੰਦਰ ਸਿੰਘ ਜੀ, ਬੀਬੀ ਜਸਵੰਤ ਕੌਰ ਜੀ, ਮਾਤਾ ਤੇਜ ਕੌਰ, ਸੰਤ ਮਨੀ ਸਿੰਘ ਜੀ, ਸੰਤ ਬਹਾਦਰ ਸਿੰਘ ਜੀ ਹਜ਼ੂਰ ਸਾਹਿਬ, ਸੰਤ ਕ੍ਰਿਪਾਲ ਸਿੰਘ ਜੀ ਛੰਨਾ ਵਾਲੇ, ਸੰਤ ਭਾਈ ਹਜ਼ੂਰਾ ਸਿੰਘ ਜੀ, ਸੰਤ ਗੁਰਦਿਆਲ ਸਿੰਘ ਜੀ, ਸੰਤ ਜੋਗਰਾਜ ਸਿੰਘ ਜੀ, ਗਿਆਨੀ ਦਲੀਪ ਸਿੰਘ ਜੀ, ਸੰਤ ਟੇਕ ਸਿੰਘ ਜੀ ਧਨੌਲਾ, ਸੰਤ ਪ੍ਰੀਤਮ ਸਿੰਘ ਜੀ ਮਲੜ੍ਹੀ ਵਾਲੇ, ਗਿਆਨੀ ਮੇਹਰ ਸਿੰਘ ਜੀ ਬੀਰ, ਸੰਤ ਨਰਾਇਣ ਸਿੰਘ ਜੀ, ਗਿਆਨੀ ਕਿਸ਼ਨ ਸਿੰਘ ਜੀ, ਸੰਤ ਇਕਬਾਲ ਸਿੰਘ ਜੀ, ਭਾਈ ਦਰਸ਼ਨ ਸਿੰਘ ਜੀ, ਬਾਬਾ ਰਾਮ ਸਿੰਘ ਜੀ ਚੀਮਾ ਸਾਹਿਬ, ਸੰਤ ਕਰਤਾਰ ਸਿੰਘ ਜੀ ਵਾਇਲਨ ਵਾਲੇ, ਬਾਬਾ ਜੰਗ ਸਿੰਘ ਜੀ, ਉਸਤਾਦ ਸੁਰਜੀਤ ਸਿੰਘ ਜੀ, ਬਾਬਾ ਹਰਦੀਪ ਸਿੰਘ ਜੀ, ਸੰਤ ਬੀਬੀ ਗੁਲਾਬ ਕੌਰ ਜੀ, ਸੰਤ ਸਾਧੂ ਸਿੰਘ ਜੀ ਮੋਨੀ, ਸੰਤ ਨਿਰੰਜਨ ਸਿੰਘ ਜੀ, ਸੰਤ ਪ੍ਰੀਤਮ ਸਿੰਘ ਜੀ, ਸੰਤ ਧੀਰਜ ਸਿੰਘ ਜੀ, ਸੰਤ ਜਸਦੇਵ ਸਿੰਘ ਜੀ ਆਦਿ ਬਾਰੇ ਸੰਖੇਪ ਵਿਚ ਜਾਣਕਾਰੀ ਦਿਤੀ ਹੈ।

ਸਮੁਚੇ ਰੂਪ ਵਿਚ ਇਹ ਪੁਸਤਕ ਸੰਪ੍ਰਦਾਇ ਮਸਤੂਆਣਾ ਦੀ ਸਥਾਪਨਾ, ਵਿਕਾਸ ਅਤੇ ਵਰਤਮਾਨ ਸਮੇਂ ਤਕ ਦੇ ਮਹਾਂਪੁਰਖਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ।

**16. *ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਅਤੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਉਪਕਾਰ:*** 72 ਪੰਨਿਆਂ ਦੀ ਇਹ ਪੁਸਕਤ ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ ਦੁਆਰਾ 2017 ਈ. ਵਿਚ ਪ੍ਰਕਾਸ਼ਤ ਕੀਤੀ ਗਈ। ਇਸ ਵਿਚ ਸ੍ਰੀ ਦਮਦਮਾ ਸਾਹਿਬ ਦਾ ਸੰਖੇਪ ਇਤਿਹਾਸ ਅਤੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੁਆਰਾ ਸ੍ਰੀ ਦਮਦਮਾ ਸਾਹਿਬ ਦੀ ਕਰਵਾਈ ਕਾਰ ਸੇਵਾ ਬਾਰੇ ਵਰਣਨ ਕੀਤਾ ਹੈ।

ਭੂਮਿਕਾ ਵਿਚ ਗਿਆਨੀ ਜੀ ਨੇ ਸ੍ਰੀ ਦਮਦਮਾ ਸਾਹਿਬ ਦੀ ਇਤਿਹਾਸਕ ਮਹਾਨਤਾ ’ਤੇ ਚਾਨਣਾ ਪਾਇਆ ਹੈ ਅਤੇ ਇਸ ਧਰਤੀ ’ਤੇ ਹੋਏ ਮਹਤਵਪੂਰਨ ਕਾਰਜਾਂ ਦਾ ਵੇਰਵਾ ਦਿਤਾ ਹੈ।

ਦਮਦਮਾ ਸਾਹਿਬ ਦਾ ਇਤਿਹਾਸ ਲਿਖਦਿਆਂ ਗਿਆਨੀ ਜੀ ਨੇ ਦਸਿਆ ਹੈ ਕਿ ਇਹ ਪਾਵਨ ਧਰਤੀ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਚਰਨ ਛੋਹ ਪ੍ਰਾਪਤ ਹੈ। ਪਹਿਲੀ ਉਦਾਸੀ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ 1515 ਈ. ਵਿਚ ਸਰਸੇ ਤੋਂ ਸੁਲਤਾਨਪੁਰ ਜਾਂਦੇ ਸਮੇਂ ਇਥੇ ਪੁਜੇ। 1674 ਈ. ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਇਥੇ ਪੁਜੇ ਸਨ। 1705 ਈ. ਵਿਚ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਪੁਜੇ।[51] ਸਤਿਗੁਰੂ ਜੀ ਨੇ ਮਾਲਵੇ ਦੀ ਧਰਤੀ ਨੂੰ ਅਨੇਕਾਂ ਵਰਦਾਨ ਦੇ ਕੇ ਨਿਵਾਜਿਆ।

ਕਰਤਾ ਨੇ ਦਮਦਮਾ ਸਾਹਿਬ ਦੇ ਇਤਿਹਾਸਕ ਸਥਾਨਾਂ ਬਾਰੇ ਸੰਖੇਪ ਵਿਚ ਬਿਆਨ ਕੀਤਾ ਹੈ। ਇਹ ਅਸਥਾਨ ਤਖ਼ਤ ਦਮਦਮਾ ਸਾਹਿਬ, ਗੁਰਦੁਆਰਾ ਮੰਜੀ ਸਾਹਿਬ, ਲਿਖਣਸਰ, ਗੁਰੂਸਰ ਸਰੋਵਰ, ਗੁਰਦੁਆਰਾ ਪਾਤਸ਼ਾਹੀ ਨੌਵੀਂ ਅਤੇ ਦਸਵੀਂ, ਅਕਾਲਸਰ, ਗੁਰਦੁਆਰਾ ਜੰਡਸਰ, ਗੁਰਦੁਆਰਾ ਮਹੱਲਸਰ, ਗੁਰਦੁਆਰਾ ਮਾਤਾ ਸੁੰਦਰੀ ਜੀ ਵਾਲਾ, ਗੁਰਦੁਆਰਾ ਨਾਨਕਸਰ ਆਦਿ ਹਨ।

ਅਗੇ ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਜੀਵਨ ਅੰਕਿਤ ਕੀਤਾ ਹੈ ਜਿਸ ਵਿਚ ਸੰਤ ਜੀ ਦੇ ਜਨਮ, ਸੇਵਾ-ਸਿਮਰਨ, ਗੁਰਮਤਿ ਪ੍ਰਚਾਰ, ਮਸਤੂਆਣੇ ਦੀ ਸਥਾਪਨਾ, ਅੰਮ੍ਰਿਤ ਪ੍ਰਚਾਰ, ਗੁਰਦੁਆਰਿਆਂ ਦੀ ਸਥਾਪਨਾ, ਸਿੱਖ ਸੁਧਾਰ ਲਹਿਰਾਂ ਵਿਚ ਯੋਗਦਾਨ, ਸੰਗਤ ’ਤੇ ਪਰਉਪਕਾਰ ਆਦਿ ਵਿਸ਼ਿਆ ਬਾਰੇ ਚਰਚਾ ਕੀਤੀ ਹੈ। ਗਿਆਨੀ ਜੀ ਦਸਦੇ ਹਨ ਕਿ ਸੰਤ ਅਤਰ ਸਿੰਘ ਨੇ 1923 ਈ. ਵਿਚ ਬੁੰਗਾ ਮਸਤੂਆਣਾ ਦੀ ਨੀਂਹ ਰਖੀ। ਇਸ ਤੋਂ ਇਲਾਵਾ ਸੰਤ ਅਤਰ ਸਿੰਘ ਜੀ ਨੇ ਗੁਰੂਸਰ ਸਰੋਵਰ ਨੂੰ ਪੱਕਾ ਕਰਵਾਇਆ। ਗੁਰੁਸਾਗਰੁ ਮਸਤੂਆਣਾ ਵਿਖੇ ਅਕਾਲ ਕਾਲਜ ਦੀ ਸਥਾਪਨਾ ਕੀਤੀ। ਇਸ ਤਰ੍ਹਾਂ ਸੰਤ ਜੀ ਨੇ ਅਨੇਕਾਂ ਪਰਉਪਕਾਰੀ ਕਾਰਜ ਕੀਤੇ।

ਸਮੁਚੇ ਰੂਪ ਵਿਚ ਇਹ ਪੁਸਤਕ ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਅਤੇ ਸੰਤ ਅਤਰ ਸਿੰਘ ਜੀ ਦੁਆਰਾ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਕਰਵਾਈ ਸੇਵਾ ਦਾ ਵਰਣਨ ਕੀਤਾ ਹੈ।

**17. *ਗੁਰਬਾਣੀ- ਵੇਦਾਂਤ ਨਿਰਣੈ:*** ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੁਆਰਾ ਰਚਿਤ ਪੁਸਤਕ ਗੁਰਬਾਣੀ-ਵੇਦਾਂਤ ਨਿਰਣੈ ਗਿਆਨੀ ਕੌਰ ਸਿੰਘ ਵੈਦਯ ਵਿਸ਼ਾਰਦ (ਗਿਆਨੀ ਜੀ ਦੇ ਸਪੁੱਤਰ) ਕੋਠਾ ਗੁਰੂ ਬਠਿੰਡਾ ਵਲੋਂ 2017 ਈ. ਵਿਚ ਪ੍ਰਕਾਸ਼ਤ ਕੀਤੀ ਗਈ। 184 ਪੰਨਿਆਂ ਦੀ ਇਸ ਪੁਸਤਕ ਵਿਚ ਗਿਆਨੀ ਜੀ ਨੇ ਬੜੇ ਸੁਚੱਜੇ ਅਤੇ ਵਿਦਵਤਾ ਭਰੇ ਲਹਿਜੇ ਵਿਚ ਗੁਰਮਤਿ ਦਰਸ਼ਨ ਅਤੇ ਵੇਦਾਂਤ ਵਿਚ ਸਿਧਾਂਤਕ ਭਿੰਨਤਾ ਦਰਸਾਈ ਹੈ। ਲੇਖਕ ਨੇ ਵੇਦਾਂਤ ਅਤੇ ਗੁਰਬਾਣੀ ਦੇ ਵਖ-ਵਖ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ। ਵਿਸ਼ੇਸ਼ ਰੂਪ ਵਿਚ ਗਿਆਨੀ ਜੀ ਨੇ ਸ਼ੰਕਰ ਦੇ ਅਦ੍ਵੈਤ ਵੇਦਾਂਤ ਦੀ ਗੁਰਬਾਣੀ ਨਾਲੋਂ ਭਿੰਨਤਾ ਨੂੰ ਪੇਸ਼ ਕੀਤਾ ਹੈ। ਲੇਖਕ ਨੇ 24 ਲੇਖਾਂ ਤਹਿਤ ਇਨ੍ਹਾਂ ਸਿਧਾਂਤਾਂ ਦੀ ਵਿਆਖਿਆ ਕੀਤੀ ਗਈ ਹੈ।

---

51 ਉਹੀ, ਪੰਨਾ 12.

ਕਰਤਾ ਨੇ ਭੂਮਿਕਾ ਵਿਚ ਸ਼ੰਕਰਾਚਾਰਯ ਦੀ ਜੀਵਨੀ ਸੰਖੇਪ ਰੂਪ ਵਿਚ ਪੇਸ਼ ਕੀਤੀ ਹੈ ਅਤੇ ਉਨ੍ਹਾਂ ਨਿਰਮਲੇ ਵਿਦਵਾਨਾਂ ਦਾ ਜ਼ਿਕਰ ਵੀ ਕੀਤਾ ਹੈ ਜੋ ਗੁਰਬਾਣੀ ਅਤੇ ਵੇਦਾਂਤ ਵਿਚ ਸਮਾਨਤਾ ਮੰਨਦੇ ਹਨ। ਇਥੇ ਗਿਆਨੀ ਜੀ ਨੇ ਪੰਡਿਤ ਦੇਵਾ ਸਿੰਘ ਹਰਿਦੁਆਰ ਵਾਲਿਆ ਦਾ ਜ਼ਿਕਰ ਕੀਤਾ ਹੈ।

ਪਹਿਲੇ ਲੇਖ ਵਿਚ ਗਿਆਨੀ ਜੀ ਨੇ ਚਾਰ ਵੇਦਾਂ ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵ ਵੇਦ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ। ਹਰੇਕ ਵੇਦ ਵਿਚ ਮੰਤ੍ਰਾਂ ਦੀ ਗਿਣਤੀ ਅਤੇ ਵਿਸ਼ੇ ਬਾਰੇ ਜਾਣਕਾਰੀ ਦਿਤੀ ਹੈ। ਰਿਗਵੇਦ ਸਭ ਤੋਂ ਪੁਰਾਣਾ ਵੇਦ ਹੈ ਜਿਸਦੇ 1028 ਸੂਕਤ ਹਨ। ਇਸ ਵਿਚ ਪਰਾ ਇਤਿਹਾਸਕ ਘਟਨਾਵਾਂ ਅਤੇ ਆਰੀਆ ਜਾਤੀ ਦੇ ਲੋਕਾਂ ਬਾਰੇ ਜਾਣਕਾਰੀ ਦਿਤੀ ਗਈ ਹੈ।[52] ਯਜੁਰਵੇਦ ਵਿਚ ਬਲੀਦਾਨ, ਯਗ ਅਤੇ ਹਵਨ ਵਿਧੀ ਦਸੀ ਗਈ ਹੈ।[53] ਸਾਮਵੇਦ ਦੇ ਕੁਲ 75 ਮੰਤ੍ਰ ਹਨ ਜਿਨ੍ਹਾਂ ਦਾ ਗਾਇਨ ਹਵਨ ਅਤੇ ਯਗ ਕਰਨ ਸਮੇਂ ਕੀਤਾ ਜਾਂਦਾ ਹੈ।[54] ਅਥਰਵਵੇਦ ਦੇ 5977 ਮੰਤ੍ਰ ਹਨ। ਇਸ ਵਿਚ ਟੂਣੇ, ਮੰਤ੍ਰ, ਯੰਤ੍ਰ, ਜਾਦੂ ਅਤੇ ਔਸ਼ਧੀਆਂ ਬਾਰੇ ਦਸਿਆ ਗਿਆ ਹੈ।[55]

ਦੂਜੇ ਲੇਖ ਵਿਚ ਗਿਆਨੀ ਜੀ ਦਰਸ਼ਨ (ਫਿਲਾਸਫੀ) ਦਾ ਆਰੰਭ ਉਪਨਿਸ਼ਦਾਂ ਤੋਂ ਹੋਇਆ ਮੰਨਦੇ ਹਨ। ਉਪਨਿਸ਼ਦ ਦਾ ਅਰਥ ਗੁਰੂ ਦੇ ਨੇੜੇ ਹੋ ਕੇ ਬੈਠਣਾ ਅਤੇ ਨੇੜੇ ਹੋ ਕੇ ਸੁਣਿਆ ਗਿਆਨ ਹੈ। ਇਸ ਸਿਰਲੇਖ ਵਿਚ ਕਰਤਾ ਨੇ ਵਖ-ਵਖ ਵਿਦਵਾਨਾਂ ਦੁਆਰਾ ਉਪਨਿਸ਼ਦਾਂ ਦੀ ਗਿਣਤੀ ਬਾਰੇ ਜਾਣਕਾਰੀ ਦਿਤੀ ਹੈ।

ਤੀਜੇ ਲੇਖ ਵਿਚ ਛੇ ਸ਼ਾਸਤ੍ਰਾਂ ਨਯਾਯ, ਵੈਸ਼ੇਸ਼ਿਕ, ਸਾਂਖਯ, ਯੋਗ, ਕਰਮ-ਮੀਮਾਂਸਾ, ਵੇਦਾਂਤ ਦੀ ਜਾਣਕਾਰੀ ਦਿਤੀ ਹੈ ਜਿਸ ਦੇ ਅੰਤਰਗਤ ਗਿਆਨੀ ਜੀ ਨੇ ਸ਼ਾਸ਼ਤ੍ਰ ਦੇ ਸ਼ਾਬਦਿਕ ਅਰਥ, ਕਰਤਾ, ਅਧਿਆਇ, ਸੂਤ੍ਰ ਅਤੇ ਵਿਸ਼ਿਆ ਬਾਰੇ ਵੀ ਚਰਚਾ ਕੀਤੀ ਹੈ। ਛੇ ਸ਼ਾਸ਼ਤ੍ਰਾਂ ਵਿਚ ਬ੍ਰਹਮ, ਜਗਤ ਅਤੇ ਮਨੁੱਖ ਬਾਰੇ ਆਏ ਵਿਚਾਰਾਂ ਨੂੰ ਪੇਸ਼ ਕੀਤਾ ਗਿਆ ਹੈ। ਗਿਆਨੀ ਜੀ ਨੇ ਗੁਰਬਾਣੀ ਵਿਚੋਂ ਹਵਾਲੇ ਦਿੰਦੇ ਹੋਏ ਕਹਿੰਦੇ ਹਨ ਕਿ ਗੁਰਬਾਣੀ ਨੇ ਵੇਦਾਂ ਸ਼ਾਸਤ੍ਰਾਂ ਨੂੰ ਕੋਈ ਮਹਾਨਤਾ ਨਹੀਂ ਦਿਤੀ ਕਿਉਕਿ ਇਹ ਗ੍ਰੰਥ ਨਾਮ, ਸੇਵਾ-ਸਿਮਰਨ ਤੋਂ ਖਾਲੀ ਹਨ।

ਚੌਥੇ ਲੇਖ 'ਬ੍ਰਹਮ' ਵਿਚ ਲੇਖਕ ਨੇ ਬ੍ਰਹਮ ਬਾਰੇ ਸ਼ੰਕਰ ਦੇ ਵਿਚਾਰਾਂ ਨੂੰ ਪੇਸ਼ ਕੀਤਾ ਹੈ ਜਿਸ ਅਨੁਸਾਰ ਬ੍ਰਹਮ ਸਤ ਚਿਤ ਆਨੰਦ ਰੂਪ ਹੈ। ਇਹ ਕਰਤਾ ਨਹੀਂ ਨਿਸ਼ਕ੍ਰਿਆ ਹੈ ਅਤੇ ਮਾਇਆ ਨੂੰ ਬ੍ਰਹਮ ਦੀ ਸ਼ਕਤੀ ਕਿਹਾ ਗਿਆ ਹੈ। ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਸਰੂਪ ਦੀ ਜਾਣਕਾਰੀ ਦਿਤੀ ਹੈ।[56]

ਪੰਜਵੇਂ ਲੇਖ 'ਮਾਇਆ' ਵਿਚ ਗਿਆਨੀ ਜੀ ਨੇ ਵੇਦਾਂ, ਉਪਨਿਸ਼ਦਾ, ਛੇ ਸ਼ਾਸ਼ਤ੍ਰਾਂ ਅਨੁਸਾਰ ਮਾਇਆ ਬਾਰੇ ਆਏ ਵਿਚਾਰਾਂ 'ਤੇ ਚਰਚਾ ਕੀਤੀ ਹੈ। ਲੇਖਕ ਨੇ ਵੇਦਾਂਤ (ਸ਼ੰਕਰ) ਅਤੇ ਗੁਰਮਤਿ ਵਿਚ ਮਾਇਆ

---

52 ਉਹੀ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 36.

53 ਉਹੀ, ਪੰਨਾ 38.

54 ਉਹੀ, ਪੰਨਾ 40.

55 ਉਹੀ, ਪੰਨਾ 41.

56 ਉਹੀ, ਪੰਨਾ 57.

ਸੰਬੰਧੀ ਵਿਚਾਰਾਂ ਦੀ ਤੁਲਨਾਤਮਕ ਪੜਚੋਲ ਕਰਕੇ ਗੁਰਮਤਿ ਦੀ ਵਿਲੱਖਣਤਾ ਨੂੰ ਸਿਧ ਕੀਤਾ ਹੈ। ਸ਼ੰਕਰ ਜਿਥੇ ਮਾਇਆ ਨੂੰ ਬ੍ਰਹਮ ਦੀ ਸਹਾਇਕ ਸ਼ਕਤੀ ਮੰਨਦਾ ਹੈ ਉਥੇ ਗੁਰਬਾਣੀ ਮਾਇਆ ਨੂੰ ਬ੍ਰਹਮ ਦੇ ਅਧੀਨ ਮੰਨਦੀ ਹੈ।[57]

ਛੇਵੇਂ ਲੇਖ 'ਸ਼ੰਕਰ ਦਾ ਮਾਇਆਵਾਦ' ਵਿਚ ਸ਼ੰਕਰ ਦੇ ਮਾਇਆ ਦੇ ਸਿਧਾਂਤ ਦੀ ਵਿਸਤਾਰ ਪੂਰਬਕ ਵਿਆਖਿਆ ਕੀਤੀ ਹੈ। ਗਿਆਨੀ ਜੀ ਨੇ ਸ਼ੰਕਰ ਦੇ ਸਿਧਾਂਤ ਵਿਚ ਮਾਇਆ ਦੁਆਰਾ ਈਸ਼੍ਵਰ ਦੀ ਰਚਨਾ, ਜੀਵ ਅਤੇ ਈਸ਼ਵਰ ਦੀ ਰਚਨਾ ਅਤੇ ਮਾਇਆ ਦੀ ਰਚਨਾ ਆਦਿ ਵਿਸ਼ਿਆ ਨੂੰ ਬੜੇ ਵਿਦਵਤਾ ਭਰੇ ਲਹਿਜੇ ਵਿਚ ਪੇਸ਼ ਕੀਤਾ ਹੈ। ਲੇਖਕ ਨੇ ਸ਼ੰਕਰ ਦੇ ਬ੍ਰਹਮ ਦੀ ਨਿਸ਼ਕ੍ਰਿਆ ਹੋਣ ਕਰਕੇ ਮੰਦਬੁਧੀ ਕਹਿ ਕੇ ਆਲੋਚਨਾ ਕੀਤੀ ਹੈ।

ਸਤਵੇਂ ਲੇਖ 'ਈਸ਼੍ਵਰ' ਵਿਚ ਲੇਖਕ ਨੇ ਅਦ੍ਵੈਤ ਵੇਦਾਂਤ ਅਨੁਸਾਰ ਪਰਮਾਤਮਾ ਦੇ ਸਰਗੁਣ ਸਰੂਪ ਦੀ ਵਿਆਖਿਆ ਕੀਤੀ ਹੈ। ਗਿਆਨੀ ਜੀ ਅਨੁਸਾਰ ਮਾਇਆ ਸ਼ਕਤੀ ਦੇ ਸੰਯੁਕਤ ਹੋਣ ਕਰਕੇ ਬ੍ਰਹਮ ਨੂੰ ਸਰਗੁਣ ਜਾਂ ਈਸ਼ਵਰ ਕਿਹਾ ਜਾਂਦਾ ਹੈ।[58]

ਅਠਵੇਂ ਲੇਖ 'ਜੀਵ' ਅਧੀਨ ਵੇਦਾਂਤ ਅਤੇ ਗੁਰਬਾਣੀ ਵਿਚ ਜੀਵ ਸੰਬੰਧੀ ਆਏ ਵਿਚਾਰਾਂ ਦਾ ਤੁਲਨਾਤਮਕ ਅਧਿਐਨ ਕੀਤਾ ਹੈ। ਗਿਆਨੀ ਜੀ ਨੇ ਜੀਵ ਅਤੇ ਜੀਵਾਤਮਾ ਨੂੰ ਇਕ ਹੀ ਮੰਨਿਆ ਹੈ। ਗਿਆਨੀ ਜੀ ਨੇ ਦਸਿਆ ਹੈ ਕਿ ਪੁਰਾਤਨ ਸ਼ਾਸਤ੍ਰਾਂ ਅਤੇ ਵਿਦਵਾਨਾਂ ਨੇ ਜੀਵਤਾਮਾ ਨੂੰ ਜੀਵ, ਜੀਵਾਤਮਾ, ਆਤਮਾ, ਰੂਹ, ਜਿੰਦ, ਜਾਨ ਨਾਮ ਦਿਤੇ ਹਨ ਅਤੇ ਗੁਰਬਾਣੀ ਨੇ ਜੋਤਿ ਦਾ ਨਾਮ ਦਿਤਾ ਹੈ।[59]

ਨੌਵੇਂ ਲੇਖ 'ਆਤਮਾ' ਵਿਚ ਆਤਮਾ ਸ਼ਬਦ ਦੀ ਉਤਪਤੀ ਅਤੇ ਵੇਦਾਂ, ਉਪਨਿਸ਼ਦਾਂ, ਸ਼ਾਸ਼ਤ੍ਰਾਂ, ਵਖ-ਵਖ ਮਤਾਂ (ਬੁਧ, ਜੈਨ) ਵਿਚ ਆਤਮਾ ਬਾਰੇ ਵਿਚਾਰ ਪੇਸ਼ ਕੀਤੇ ਹਨ। ਕਰਤਾ ਅਨੁਸਾਰ ਵੇਦਾਂਤ ਨੇ ਆਤਮਾ ਦੀ ਸਿਧੀ ਦੀ ਲੋੜ ਨਹੀਂ ਸਮਝੀ ਕਿਉਂਕਿ ਇਹ ਸੁਭਾਵਿਕ ਸਿਧ ਹੈ। ਗੁਰਬਾਣੀ ਦੇ ਹਵਾਲੇ ਦੇ ਕੇ ਆਤਮਾ ਸੰਬੰਧੀ ਵਿਚਾਰਾਂ ਦੀ ਪੜਚੋਲ ਕਰਦੇ ਹਨ। ਗੁਰਬਾਣੀ ਨੇ ਆਤਮਾ ਅਤੇ ਮਨ ਵਿਚ ਅੰਤਰ ਨਹੀਂ ਮੰਨਿਆ। ਗੁਰਬਾਣੀ ਨੇ ਆਤਮਾ (ਮਨ) ਪਰਮਾਤਮਾ ਦੀ ਅਭਿੰਨਤਾ ਪ੍ਰਗਟ ਕਰ ਕੇ ਸਰਬ ਜਗਤ ਹੀ ਬ੍ਰਹਮ ਬਣਾ ਦਿਤਾ।[60]

ਦਸਵੇਂ ਲੇਖ 'ਮਨ' ਵਿਚ ਗਿਆਨੀ ਜੀ ਮਨ ਦੀ ਪਰਿਭਾਸ਼ਾ ਦਿੰਦੇ ਹੋਏ ਕਹਿੰਦੇ ਹਨ ਕਿ ਮਨ ਅੰਤਰੰਗ ਅਦ੍ਰਿਸ਼ ਇੰਦ੍ਰੇ ਹੈ। ਮਨੁਖੀ ਮਨ ਸਰੀਰ ਦਾ ਸੰਚਾਲਕ ਹੈ। ਲੇਖਕ ਨੇ ਹਰੇਕ ਧਰਮ ਵਿਚ ਮਨ ਸੰਬੰਧੀ ਵਿਚਾਰਾਂ ਦੀ ਚਰਚਾ ਕੀਤੀ ਹੈ। ਗੁਰਬਾਣੀ ਅਨੁਸਾਰ ਮਨ ਨੂੰ ਕਾਬੂ ਕਰ ਕੇ ਭਗਤੀ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।[61]

---

57 ਉਹੀ, ਪੰਨਾ 66.

58 ਉਹੀ, ਪੰਨਾ 82.

59 ਉਹੀ, ਪੰਨਾ 87.

60 ਉਹੀ, ਪੰਨਾ 91.

61 ਉਹੀ, ਪੰਨਾ 95.

ਗਿਆਰ੍ਹਵੇਂ ਲੇਖ ਅਧੀਨ ਕਰਤਾ ਨੇ ਅਦ੍ਵੈਤ ਵੇਦਾਂਤ ਅਨੁਸਾਰ ਮੋਕਸ਼ ਦਾ ਸਿਧਾਂਤ ਪੇਸ਼ ਕੀਤਾ ਹੈ। ਸ਼ੰਕਰ ਮਤ ਅਨੁਸਾਰ ਮੁਕਤੀ ਗਿਆਨ ਦੀ ਪ੍ਰਾਪਤੀ ਨਾਲ ਹੀ ਹੁੰਦੀ ਹੈ। ਇਹ ਮਤ ਕਰਮ ਦਾ ਨਿਖੇਧ ਕਰਦਾ ਹੈ। ਗਿਆਨ ਦੀ ਪ੍ਰਾਪਤੀ ਲਈ ਸੰਸਾਰ ਦਾ ਤਿਆਗ ਜਰੂਰੀ ਹੈ।[62]

ਬਾਰ੍ਹਵੇਂ ਲੇਖ 'ਕਰਮ' ਵਿਚ ਗਿਆਨੀ ਜੀ ਨੇ ਗੁਰਮਤਿ ਅਤੇ ਵੇਦਾਂਤ ਵਿਚ ਕਰਮ ਸਿਧਾਂਤ ਦੀ ਤੁਲਨਾ ਕਰਕੇ ਗੁਰਬਾਣੀ ਦੀ ਵਿਲੱਖਣਤਾ ਨੂੰ ਪੇਸ਼ ਕੀਤਾ ਹੈ। ਵੇਦਾਂਤ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਕਰਮ ਨਾ ਕਰਨ ਤੇ ਜ਼ੋਰ ਦਿੰਦਾ ਹੈ। ਇਸਦੇ ਉਲਟ ਗੁਰਮਤਿ ਸ਼ੁਭ ਕਰਮਾਂ ਜਿਵੇਂ ਸੇਵਾ, ਸਿਮਰਨ, ਉਪਕਾਰ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਦੇ ਸਾਧਨ ਮੰਨਦੀ ਹੈ।[63]

ਤੇਰ੍ਹਵੇਂ ਲੇਖ 'ਮੁਕਤਿ' ਵਿਚ ਲੇਖਕ ਨੇ ਵੇਦਾਂਤ ਅਤੇ ਗੁਰਬਾਣੀ ਵਿਚ ਮੁਕਤਿ ਦੇ ਸਿਧਾਂਤ ਦੀ ਵਿਸਤਾਰ ਨਾਲ ਵਿਆਖਿਆ ਕੀਤੀ ਹੈ। ਵੇਦਾਂਤ ਅਨੁਸਾਰ ਓਅੰਕਾਰ ਨੂੰ ਬ੍ਰਹਮ ਰੂਪ ਜਾਣ ਕੇ ਧਿਆਨ ਕਰਨ ਵਾਲੇ ਗਿਆਨ ਪ੍ਰਾਪਤ ਕਰਕੇ ਮੋਕਸ਼ ਪ੍ਰਾਪਤ ਕਰ ਸਕਦੇ ਹਨ। ਵੇਦਾਂਤ ਗ੍ਰਹਿਸਤੀ ਨੂੰ ਮੋਕਸ਼ ਦਾ ਅਧਿਕਾਰੀ ਨਹੀਂ ਮੰਨਦਾ। ਗੁਰਮਤਿ ਵਿਚ ਮੋਕਸ਼ ਨੂੰ ਕੋਈ ਮਹਤਵ ਨਹੀਂ ਦਿਤਾ ਗਿਆ। ਗੁਰਬਾਣੀ ਚੰਗੇ ਕਰਮ ਕਰਦਿਆਂ ਪਰਮਾਤਮਾ ਦਾ ਨਾਮ ਜਪਣ ਦੀ ਤਾਕੀਦ ਕਰਦੀ ਹੈ।[64]

ਚੌਦਵੇਂ ਲੇਖ 'ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤ ਹੈ' ਵਿਚ ਗਿਆਨੀ ਜੀ ਨੇ ਪਰਮਾਤਮਾ ਦੀ ਸਰਵ ਵਿਆਪਕਤਾ ਨੂੰ ਗੁਰਬਾਣੀ ਵਿਚੋਂ ਹਵਾਲਿਆਂ ਸਹਿਤ ਪੇਸ਼ ਕੀਤਾ ਹੈ। ਅਕਾਲਪੁਰਖ ਘਟ-ਘਟ ਵਿਚ ਇੰਞ ਸਮਾਇਆ ਹੋਇਆ ਹੈ, ਜਿਵੇਂ ਬਨਸਪਤੀ ਵਿਚ ਅਗਨੀ, ਜਿਵੇਂ ਦੁੱਧ ਵਿਚ ਘੀ।[65]

ਪੰਦਰ੍ਹਵੇਂ ਲੇਖ 'ਕਰਤਾ ਪੁਰਖ' ਵਿਚ ਸ੍ਰਿਸ਼ਟੀ ਰਚਨਾ ਦੇ ਸਿਧਾਂਤ ਦੀ ਵਿਆਖਿਆ ਕੀਤੀ ਹੈ। ਗੁਰਬਾਣੀ ਅਨੁਸਾਰ ਸ੍ਰਿਸ਼ਟੀ ਦਾ ਕਰਤਾ ਅਕਾਲ ਪੁਰਖ ਆਪ ਹੈ।[66] ਸੋਲ੍ਹਵੇਂ ਲੇਖ ਵਿਚ ਵੇਦਾਂਤ (ਸ਼ੰਕਰ) ਦੇ 'ਅਹੰਬ੍ਰਹਮਾਸਮਿ' ਦੇ ਸਿਧਾਂਤ ਬਾਰੇ ਵਿਸਤਾਰ ਨਾਲ ਵਿਚਾਰ ਕੀਤੀ ਗਈ ਹੈ ਜਿਸ ਵਿਚ ਵੇਦਾਂਤ ਦੇ 'ਅਹੰਬ੍ਰਹਮਾਸਮਿ' ਦੇ ਸਿਧਾਂਤ ਦੀ ਤੁਲਨਾ ਗੁਰਬਾਣੀ ਦੇ ਨਿਮਰਤਾ ਭਾਵ ਨਾਲ ਕਰਕੇ ਗੁਰਮਤਿ ਅਤੇ ਵੇਦਾਂਤ ਵਿਚਲੇ ਅੰਤਰ ਨੂੰ ਬਿਆਨ ਕੀਤਾ ਹੈ। ਗੁਰਬਾਣੀ ਜਿਥੇ ਨਿਮਰਤਾ ਪੈਦਾ ਕਰਦੀ ਹੈ ਉਥੇ ਵੇਦਾਂਤ ਹਉਮੈਂ ਪੈਦਾ ਕਰਦਾ ਹੈ।

---

62 ਉਹੀ, ਪੰਨਾ 98.

63 ਉਹੀ, ਪੰਨਾ 101.

64 ਉਹੀ, ਪੰਨਾ 107.

65 ਉਹੀ, ਪੰਨਾ 109.

66 ਉਹੀ, ਪੰਨਾ 113.

ਸਤਾਰਵੇਂ ਲੇਖ ਵਿਚ ਰਾਮਾਨੁਜਾਚਾਰਯ ਦੇ ਵਿਸ਼ਿਸ਼ਟਾਦ੍ਵੈਤਵਾਦ ਦਾ ਸਿਧਾਂਤ ਪੇਸ਼ ਕੀਤਾ ਹੈ ਜਿਸ ਵਿਚ ਬ੍ਰਹਮ, ਜਗਤ ਅਤੇ ਜੀਵ ਸੰਬੰਧੀ ਚਰਚਾ ਕੀਤੀ ਹੈ। ਇਹ ਸਿਧਾਂਤ ਵਿਸ਼ਨੂੰ ਨੂੰ ਬ੍ਰਹਮ ਮੰਨਦਾ ਹੈ ਵਿਸ਼ਨੂੰ ਹੀ ਜਗਤ ਦਾ ਉਪਾਦਾਨ ਕਾਰਨ ਅਤੇ ਨਿਮਿਤ ਕਾਰਨ ਮੰਨਦਾ ਹੈ। ਇਸਨੇ ਜਗਤ ਨੂੰ ਸਤ ਮੰਨਿਆ ਹੈ।[67]

ਅਠਾਰਵੇਂ ਲੇਖ ਅਧੀਨ ਮਧਵ ਦੇ ਦ੍ਵੈਤਵਾਦ ਦੇ ਸਿਧਾਂਤ ਨੂੰ ਪੇਸ਼ ਕੀਤਾ ਹੈ ਜਿਸ ਵਿਚ ਮਧਵ ਨੇ ਆਪਣੇ ਸਿਧਾਂਤ ਨੂੰ ਨੌ ਤੱਤਾਂ ਵਿਚ ਨਿਰੂਪਣ ਕੀਤਾ ਹੈ। ਇਨ੍ਹਾਂ ਵਿਚ ਪਰਮਾਤਮਾ ਨੂੰ ਪ੍ਰਧਾਨ ਤਤ ਮੰਨਿਆ ਹੈ। ਜਗਤ ਸਤ ਹੈ ਅਤੇ ਸਾਰੇ ਜੀਵ ਪਰਮਾਤਮਾ ਦੇ ਅਧੀਨ ਹਨ। ਮੁਕਤੀ ਦਾ ਸਾਧਨ ਭਗਤੀ ਨੂੰ ਮੰਨਿਆ ਹੈ।[68]

ਉਨੀਵੇਂ ਲੇਖ ਵਿਚ ਲੇਖਕ ਨੇ ਨਿੰਬਾਰਕ ਦੇ ਦ੍ਵੈਤਦ੍ਵੈਤਵਾਦ ਸਿਧਾਂਤ ਦੀ ਵਿਆਖਿਆ ਕੀਤੀ ਹੈ ਜਿਸ ਵਿਚ ਬ੍ਰਹਮ, ਜਗਤ ਅਤੇ ਜੀਵ ਸੰਬੰਧੀ ਵਿਚਾਰਾਂ ਨੂੰ ਪ੍ਰਗਟ ਕੀਤਾ ਹੈ। ਇਸ ਸਿਧਾਂਤ ਵਿਚ ਸ੍ਰੀ ਕ੍ਰਿਸ਼ਨ ਨੂੰ ਬ੍ਰਹਮ ਮੰਨਿਆ ਹੈ। ਜੀਵ, ਜਗਤ ਅਤੇ ਈਸ਼ਵਰ ਨੂੰ ਸਤ ਮੰਨਿਆ ਗਿਆ ਹੈ।[69]

ਸ਼ੁਧਾਦ੍ਵੈਤਵਾਦ ਦਾ ਸਿਧਾਂਤ ਬਲਭਾਚਾਰਯ ਦੁਆਰਾ ਦਿਤਾ ਗਿਆ ਹੈ ਜਿਸ ਵਿਚ ਬ੍ਰਹਮ ਨੂੰ ਮਾਇਆ ਤੋਂ ਰਹਿਤ ਸ਼ੁਧ ਕਿਹਾ ਗਿਆ ਹੈ। ਕਰਤਾ ਨੇ ਬਲਭਾਚਾਰਯ ਵਲੋਂ ਦਿਤੇ ਬ੍ਰਹਮ ਦੇ ਤਿੰਨ ਰੂਪ ਪੇਸ਼ ਕੀਤੇ ਹਨ ਪਾਰਬ੍ਰਹਮ, ਅਕਸ਼ਰ ਬ੍ਰਹਮ, ਕਸ਼ਰ ਬ੍ਰਹਮ। ਇਨ੍ਹਾਂ ਵਿਚੋਂ ਪਾਰਬ੍ਰਹਮ ਸਰਵੋਤਮ ਹੈ। ਇਹ ਸਿਧਾਂਤ ਵੀ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਭਗਤੀ ਨੂੰ ਮੰਨਦਾ ਹੈ ਅਤੇ ਜਗਤ ਨੂੰ ਸਤ ਮੰਨਦਾ ਹੈ।[70]

ਇਕੀਵੇਂ ਲੇਖ 'ਗੁਰ ਨਾਨਕ ਦੇਵ ਗੋਬਿੰਦ ਰੂਪ' ਵਿਚ ਲੇਖਕ ਨੇ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਵਿਚ ਆਉਣ ਤੋਂ ਪਹਿਲਾਂ ਸਮਾਜਿਕ ਅਤੇ ਰਾਜਨੀਤਿਕ ਸਥਿਤੀ ਦਾ ਵਰਣਨ ਕੀਤਾ ਹੈ। ਗਿਆਨੀ ਜੀ ਅਨੁਸਾਰ ਉਸ ਸਮੇਂ ਹਿੰਦੁਸਤਾਨ ਦੇ ਲੋਕ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਤੌਰ ਤੇ ਪਤਨ ਵਲ ਜਾ ਰਹੇ ਸਨ। ਸ਼ੰਕਰ ਦੇ ਮਾਇਆਵਾਦ ਨੇ ਗਿਆਨ ਪ੍ਰਾਪਤੀ ਵਾਸਤੇ ਗ੍ਰਹਿਸਤ ਦੇ ਤਿਆਗ ਨੂੰ ਧਰਮ ਦਾ ਅੰਗ ਬਣਾ ਦਿਤਾ। ਇਸ ਸਿਧਾਂਤ ਨੇ ਮਨੁਖ ਵਿਚ ਨਿਰਾਸ਼ਾਵਾਦ ਨੂੰ ਜਨਮ ਦਿਤਾ। ਸ਼ੰਕਰ ਦੇ ਇਸ ਸਿਧਾਂਤ ਦਾ ਖੰਡਨ ਗਿਆਨੀ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਦਿਤੇ ਗ੍ਰਹਿਸਥ ਦੇ ਸਿਧਾਂਤ ਨਾਲ ਕੀਤਾ ਹੈ। ਅਦ੍ਵੈਤ ਵੇਦਾਂਤ ਜਿਥੇ ਗਿਆਨ ਪ੍ਰਾਪਤੀ ਲਈ ਗ੍ਰਹਿਸਥ ਦੇ ਤਿਆਗ ਤੇ ਜ਼ੋਰ ਦਿੰਦਾ ਹੈ ਉਥੇ ਗੁਰੂ ਨਾਨਕ ਦੇਵ ਜੀ ਨੇ ਗ੍ਰਹਿਸਥ ਨੂੰ ਸਰਵ ਸ੍ਰੇਸ਼ਟ ਦਸਿਆ ਹੈ। ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਅਤਿਆਚਾਰ ਖਿਲਾਫ ਅਵਾਜ਼ ਉਠਾਈ ਅਤੇ ਦੇਸ਼ ਵਾਸੀਆਂ ਵਿਚ ਸ੍ਵੈਮਾਨ ਨੂੰ ਮੁੜ ਸੁਰਜੀਤ ਕੀਤਾ। ਗੁਰੂ ਸਾਹਿਬ ਨੇ ਪੁਰਾਣੀ ਮਿਥਿਆਵਾਦੀ ਪਰੰਪਰਾ ਨੂੰ ਤੋੜ ਕੇ ਜਗਤ ਨੂੰ ਸਚੇ ਕੀ ਕੋਠੜੀ ਕਿਹਾ। ਗਿਆਨੀ ਜੀ ਅਨੁਸਾਰ ਗੁਰਮਤਿ ਇਕ ਪਰਮਾਤਮਾ

---

67 ਉਹੀ, ਪੰਨਾ 126.

68 ਉਹੀ, ਪੰਨਾ 128.

69 ਉਹੀ, ਪੰਨਾ 131.

70 ਉਹੀ, ਪੰਨਾ 134.

ਵਿਚ ਵਿਸ਼ਵਾਸ ਕਰਦੀ ਹੈ ਪਰ ਵੇਦਾਂਤ ਬ੍ਰਹਮ ਨੂੰ ਬਣਾਉਣ ਵਿਚ ਕਾਫੀ ਜੋੜ ਤੋੜ ਕਰਦਾ ਹੈ। ਇਥੇ ਗਿਆਨੀ ਜੀ ਵੇਦਾਂਤ ਦੇ ਅਰਥ ਵਿਅੰਗਆਤਮਕ ਰੂਪ ਵਿਚ ਵੇਦਾਂ ਦਾ ਅੰਤ ਕਰਦੇ ਹਨ।[71]

ਬਾਈਵੇ ਲੇਖ 'ਨਾਨਕ ਕੈ ਘਰਿ ਕੇਵਲ ਨਾਮ' ਅਧੀਨ ਲੇਖਕ ਨੇ ਗੁਰਮਤਿ ਵਿਚ ਨਾਮ ਦੀ ਮਹਾਨਤਾ ਦਰਸਾਈ ਹੈ। ਕਰਤਾ ਅਨੁਸਾਰ ਨਾਮ ਕਿਸੇ ਵਿਅਕਤੀ ਦਾ ਕਲਪਿਆ ਹੋਇਆ ਨਾਮ ਨਹੀਂ ਹੈ, ਇਹ ਨਿਰੰਕਾਰ ਦੀ ਦਾਤ ਹੈ, ਨਾਮ ਸਰਬ ਵਿਆਪਕ ਹੈ। ਗਿਆਨੀ ਜੀ ਨੇ ਨਾਮ ਦੀਆਂ ਦੋ ਕਿਸਮਾਂ ਅਕ੍ਰਿਤਮ ਨਾਮ ਅਤੇ ਕ੍ਰਿਤਮ ਨਾਮ ਦਾ ਜ਼ਿਕਰ ਕੀਤਾ ਹੈ। ਚਾਰ ਤਰ੍ਹਾਂ ਦੀ ਬਾਣੀ ਪਰਾ, ਪਸ਼ਯੰਤੀ, ਮਧਯਮਾ, ਵੈਖਰੀ ਬਾਰੇ ਸੰਖੇਪ ਜਾਣਕਾਰੀ ਦਿਤੀ ਹੈ ਅਤੇ ਮੂਲ ਮੰਤ੍ਰ ਦੀ ਵਿਆਖਿਆ ਕੀਤੀ ਹੈ।[72]

ਤੇਈਵੇਂ ਲੇਖ ਵਿਚ ਗਿਆਨੀ ਜੀ ਨੇ ਵਾਹਿਗੁਰੂ ਗੁਰਮੰਤ੍ਰ ਬਾਰੇ ਵਿਸਤਾਰ ਨਾਲ ਚਰਚਾ ਕੀਤੀ ਹੈ। ਵਾਹਿਗੁਰੂ ਦਾ ਅਰਥ ਅਸਚਰਜ/ਅਦੁਤੀ/ਸ੍ਵੈਯੰ ਗਿਆਨ, ਅਗਿਆਨ ਦੀ ਨਿਵ੍ਰਿਤੀ (ਖ਼ਾਤਮਾ) ਕਰਨ ਵਾਲਾ, ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਗਿਆਨ ਦਾਤਾ ਕਰਦੇ ਹਨ।

ਸਮੁਚੇ ਰੂਪ ਵਿਚ ਇਸ ਪੁਸਤਕ ਵਿਚ ਗੁਰਬਾਣੀ ਅਤੇ ਵੇਦਾਂਤ ਵਿਚ ਅੰਤਰ ਦਸਿਆ ਗਿਆ ਹੈ। ਗਿਆਨੀ ਜੀ ਨੇ ਗੁਰਬਾਣੀ ਅਤੇ ਵੇਦਾਂਤ ਵਿਚ ਭਿੰਨਤਾ ਦਸ ਕੇ ਗੁਰਬਾਣੀ ਦੀ ਉਤਮਤਾਈ ਨੂੰ ਪ੍ਰਗਟ ਕੀਤਾ ਹੈ।

**18. *ਜਪੁ ਜੀ ਸਾਹਿਬ ਸਟੀਕ:*** ਜਪੁ ਜੀ ਸਾਹਿਬ ਸਟੀਕ ਦੀ ਰਚਨਾ ਗਿਆਨੀ ਬਲਵੰਤ ਸਿੰਘ ਦੁਆਰਾ 1962 ਈ. ਵਿਚ ਕੀਤੀ ਗਈ ਸੀ। ਇਹ ਸਟੀਕ ਉਨ੍ਹਾਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤਾ ਗਿਆ ਸੀ ਪਰ ਗਿਆਨੀ ਜੀ ਉਸ ਸਮੇਂ ਆਪਣੀ ਇਸ ਰਚਨਾ ਨੂੰ ਪ੍ਰਕਾਸ਼ਿਤ ਨਾ ਕਰਵਾ ਸਕੇ। ਇਹ ਸਟੀਕ ਜੁਲਾਈ 2020 ਈ. ਵਿਚ ਗਿਆਨੀ ਜੀ ਦੇ ਸਪੁਤਰ ਗਿਆਨੀ ਕੌਰ ਸਿੰਘ ਕੋਠਾ ਗੁਰੂ ਦੁਆਰਾ ਪ੍ਰਕਾਸ਼ਿਤ ਕਰਵਾਇਆ ਗਿਆ। 105 ਪੰਨਿਆਂ ਦੀ ਇਸ ਰਚਨਾ ਵਿਚ ਭੂਮਿਕਾ, ਜਪੁ ਬਾਣੀ ਦੇ ਅਰਥ ਅਤੇ ਅੰਤ ਵਿਚ ਜਪੁ ਬਾਣੀ ਦਾ ਸ਼ਬਦਕੋਸ਼ ਅੰਕਿਤ ਕੀਤਾ ਗਿਆ ਹੈ।

ਭੂਮਿਕਾ ਵਿਚ ੧ਓ ਦੀ ਵਿਆਖਿਆ, ਜਪੁ ਜੀ ਦੇ ਸੰਪਾਦਨ, ਨਾਮਕਰਨ, ਫਿਲਾਸਫੀ, ਵਿਗਿਆਨ, ਭਾਸ਼ਾ ਅਤੇ ਜਪੁ ਬਾਣੀ ਦੇ ਮਹਾਤਮ ਬਾਰੇ ਵਿਸਤਾਰ ਨਾਲ ਵਰਣਨ ਕੀਤਾ ਹੈ। ਅਗੇ 'ਜਪੁ' ਬਾਣੀ ਦੀ ਵਿਆਖਿਆ ਕੀਤੀ ਗਈ ਹੈ। ਗਿਆਨੀ ਜੀ ਵਿਆਖਿਆ ਕਰਦੇ ਹੋਏ ਵੀ ਹੋਰਨਾਂ ਵਿਆਖਿਆਕਾਰਾਂ ਵਾਂਗ ਗੁਰਬਾਣੀ ਵਿਚੋਂ ਪ੍ਰਮਾਣ ਦੇਣ ਦੀ ਵਿਧੀ ਅਪਣਾਉਂਦੇ ਹਨ ਜਿਸ ਨੂੰ ਡਾ. ਤਾਰਨ ਸਿੰਘ ਨੇ ਸਹਿਜ ਵਿਆਖਿਆ ਦਾ ਨਾਂ ਦਿਤਾ ਹੈ। ਵਿਆਖਿਆ ਕਰਦਿਆਂ ਗਿਆਨੀ ਜੀ ਸੰਬੰਧਤ ਸ਼ਬਦ ਦੇ ਅਰਥ ਹੋਰ ਸਪੱਸ਼ਟ ਕਰਨ ਲਈ ਗੁਰਬਾਣੀ ਵਿਚੋਂ ਹਵਾਲਾ ਦਿੰਦੇ ਹਨ। ਇਕ ਤੁਕ ਦਾ ਇਕੋ ਅਰਥ ਕਰਦੇ ਹਨ। ਕਠਨ ਪਦ ਦਾ ਅਰਥ () ਬਰੈਕਟ ਵਿਚ ਦਿੰਦੇ ਹਨ। ਟੀਕਾ ਕਰਦੇ ਸਮੇਂ ਪਹਿਲਾ ਪਉੜੀ ਦਿੰਦੇ ਹਨ ਫਿਰ ਉਸਦਾ ਅਰਥ ਕਰਦੇ ਹਨ। ਮੂਲ ਪਾਠ ਦੀ ਹਰ ਪਉੜੀ ਦੀਆਂ ਪੰਕਤੀਆਂ ਨਾਲ ਹਿੰਦਸੇ ਦਿਤੇ ਹਨ ਜਿਨ੍ਹਾਂ ਦਾ ਅਰਥ ਨਾਲ ਸੰਬੰਧ

71 ਉਹੀ, ਪੰਨਾ 153.

72 ਉਹੀ, ਪੰਨਾ 161.

ਹੈ। ਇਸ ਨਾਲ ਪਾਠਕ ਨੂੰ ਹਰ ਤੁਕ ਦਾ ਅਰਥ ਲਭਣ ਵਿਚ ਅਸਾਨੀ ਹੁੰਦੀ ਹੈ। ਉਨ੍ਹਾਂ ਦੁਆਰਾ ਟੀਕੇ ਵਿਚ ਸਰਲ ਪੰਜਾਬੀ ਵਰਤੀ ਗਈ ਹੈ ਕਿਤੇ ਕਿਤੇ ਹਿੰਦੀ, ਸੰਸਕ੍ਰਿਤ ਦੇ ਸ਼ਬਦ ਵੀ ਆਏ ਹਨ। 'ਜਪੁ ਜੀ ਸਾਹਿਬ ਸਟੀਕ' ਦੇ ਅੰਤ ਵਿਚ ਜਪੁ ਜੀ ਬਾਣੀ ਵਿਚ ਆਏ ਔਖੇ ਸ਼ਬਦਾਂ ਦੇ ਅਰਥ ਦਸਣ ਲਈ ਸ਼ਬਦ ਕੋਸ਼ ਅੰਕਿਤ ਕੀਤਾ ਹੈ ਜਿਸ ਵਿਚ 242 ਦੇ ਕਰੀਬ ਕਠਨ ਸ਼ਬਦਾਂ ਦੇ ਅਰਥ ਦਿਤੇ ਗਏ ਹਨ।

ਸਮੁਚੇ ਰੂਪ ਵਿਚ ਇਹ ਪੁਸਤਕ ਜਪੁ ਬਾਣੀ ਦੀ ਵਿਆਖਿਆ ਕਰਦੀ ਹੈ।

**(ਅ) ਕਿਤਾਬਚੇ:** ਗਿਆਨੀ ਬਲਵੰਤ ਸਿੰਘ ਜੀ ਦੁਆਰਾ ਗੁਰਦੁਆਰਿਆਂ ਦੇ ਇਤਿਹਾਸ, ਮਹਾਂਪੁਰਸ਼ਾਂ ਦੇ ਜੀਵਨ ਅਤੇ ਗੁਰਬਾਣੀ ਨਾਲ ਸੰਬੰਧਿਤ ਵਿਸ਼ਿਆਂ 'ਤੇ ਕਿਤਾਬਚੇ ਵੀ ਪ੍ਰਕਾਸ਼ਿਤ ਕੀਤੇ ਗਏ। ਇਨ੍ਹਾਂ ਕਿਤਾਬਚਿਆਂ/ਟਰੈਕਟਾਂ ਦਾ ਕਾਲਕ੍ਰਮ ਅਨੁਸਾਰ ਸਰਵੇਖਣ ਹੇਠ ਲਿਖੇ ਆਨੁਸਾਰ ਹੈ:

**1. *ਤਖ਼ਤ ਦਮਦਮਾ ਸਾਹਿਬ:*** ਇਹ ਟਰੈਕਟ ਆਲ ਇੰਡੀਆ ਸ੍ਰੋਮਣੀ ਨਿਆਰਾ ਖਾਲਸਾ ਦਲ, ਕੋਟਕਪੂਰਾ ਵਲੋਂ 1959 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ। 47 ਪੰਨਿਆਂ ਦੇ ਇਸ ਟਰੈਕਟ ਵਿਚ ਗਿਆਨੀ ਬਲਵੰਤ ਸਿੰਘ ਜੀ ਨੇ ਇਤਿਹਾਸਕ ਪ੍ਰਮਾਣ ਦੇ ਕੇ ਤਖ਼ਤ ਦਮਦਮਾ ਸਾਹਿਬ ਦੀ ਮਾਨਤਾ ਨੂੰ ਸਿਧ ਕੀਤਾ ਹੈ।

ਆਰੰਭ ਵਿਚ 'ਅਭਿਨੰਦਨ ਪੱਤਰ' ਅੰਕਿਤ ਕੀਤਾ ਹੈ ਜਿਸ ਵਿਚ ਗਿਆਨੀ ਜੀ ਦੁਆਰਾ 'ਤਖਤ ਦਮਦਮਾ ਸਾਹਿਬ' ਬਾਰੇ ਕੀਤੀ ਖੋਜ ਦੀ ਪ੍ਰਸੰਸਾ ਕੀਤੀ ਗਈ ਹੈ। ਕਰਤਾ ਨੇ ਦਮਦਮਾ ਸਾਹਿਬ ਦੀ ਧਰਤੀ ਦੀ ਇਤਿਹਾਸਕ ਮਹਾਨਤਾ ਦਰਸਾਈ ਹੈ ਜਿਸ ਵਿਚ ਪ੍ਰਾਚੀਨ ਸਮੇਂ ਵਿਚ ਇਸ ਧਰਤੀ ਤੇ ਲਿਖੇ ਧਾਰਮਿਕ ਅਤੇ ਇਤਿਹਾਸਕ ਗ੍ਰੰਥਾਂ ਬਾਰੇ ਜਾਣਕਾਰੀ ਦਿਤੀ ਗਈ ਹੈ ਜਿਵੇਂ ਰਿਗਵੇਦ, ਉਪਨਿਸ਼ਦ, ਮਹਾਂਭਾਰਤ, ਦਸਮ ਗ੍ਰੰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਇਸ ਧਰਤੀ 'ਤੇ ਕੀਤੀ ਗਈ।

ਗਿਆਨੀ ਜੀ ਨੇ ਪਾਠਕਾਂ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਹੈ ਕਿ ਕਈ ਪੰਥ ਵਿਰੋਧੀ ਵਿਅਕਤੀ ਦਮਦਮਾ ਸਾਹਿਬ ਨੂੰ ਤਖਤ ਨਹੀਂ ਮੰਨਦੇ ਅਤੇ ਨਾ ਹੀ ਦਮਦਮਾ ਸਾਹਿਬ ਨੂੰ ਸਰਕਾਰ ਵਲੋਂ ਤਖ਼ਤ ਵਾਲੀਆਂ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ ਹਨ। ਗਿਆਨੀ ਜੀ ਨੇ ਇਤਿਹਾਸਕ ਹਵਾਲੇ ਦੇ ਕੇ ਦਮਦਮਾ ਸਾਹਿਬ ਨੂੰ ਤਖ਼ਤ ਸਿਧ ਕੀਤਾ ਹੈ। ਲੇਖਕ ਨੇ ਪਹਿਲੇ, ਦੂਜੇ, ਛੇਵੇਂ, ਸਤਵੇਂ, ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਦਾ ਇਸ ਧਰਤੀ 'ਤੇ ਆਉਣ ਦਾ ਜ਼ਿਕਰ ਕੀਤਾ ਹੈ। ਦਸਮ ਗੁਰੂ ਜੀ ਨੇ ਇਸ ਇਲਾਕੇ ਨੂੰ 'ਲੱਖੀ ਜੰਗਲ' ਅਤੇ 'ਗੁਰੂ ਕਾ ਮਾਲਵਾ' ਕਹਿ ਕੇ ਸਨਮਾਨਿਆ। ਲੇਖਕ ਨੇ ਗੁਰੂ ਸਾਹਿਬ ਦੁਆਰਾ ਇਸ ਧਰਤੀ 'ਤੇ ਕੀਤੇ ਮਹਾਨ ਕਾਰਜਾਂ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੰਪੂਰਨਤਾ, ਦਸਮ ਪਾਤਸ਼ਾਹ ਨੇ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾਉਣਾ ਅਤੇ 'ਵਿਦਿਆ ਪੀਠ' ਕਾਇਮ ਕਰਨਾ ਆਦਿ ਬਾਰੇ ਬਿਆਨ ਕੀਤਾ ਹੈ। ਗਿਆਨੀ ਜੀ ਨੇ ਇਤਿਹਾਸਕ ਸ੍ਰੋਤਾਂ ਜਿਵੇਂ ਪੁਰਾਤਨ ਹੁਕਮਨਾਮੇ, ਹੱਥ ਲਿਖਤ ਦੌਰਾ ਸਾਖੀ, ਦੋ ਸੌ ਸਾਲ ਪੁਰਾਣੀ ਤਖ਼ਤ ਸਾਹਿਬ ਦੀ ਮੋਹਰ, 50 ਸਾਲ ਪੁਰਾਣੀ ਚਿੱਠੀ, ਪੰਡਿਤ ਤਾਰਾ ਸਿੰਘ ਨਰੋਤਮ ਦੀ ਕ੍ਰਿਤ *ਗੁਰ ਤੀਰਥ ਸੰਗ੍ਰਹ,* ਸੋਢੀ ਰਾਮ ਨਰਾਇਣ ਦਾ *ਖਾਲਸਾ ਧਰਮ ਸ਼ਾਸਤ੍ਰ,*

ਠਾਕਰ ਸਿੰਘ ਦੇ *ਗੁਰਦੁਆਰੇ ਦਰਸ਼ਨ* ਆਦਿ ਦੇ ਹਵਾਲੇ ਦੇ ਕੇ ਤਖ਼ਤ ਸਾਹਿਬ ਦੀ ਮਹਾਨਤਾ ਨੂੰ ਬਿਆਨ ਕੀਤਾ ਹੈ।

ਸਮੁਚੇ ਰੂਪ ਵਿਚ ਇਸ ਟਰੈਕਰ ਵਿਚ ਇਤਿਹਾਸਕ ਪ੍ਰਮਾਣ ਦੇ ਕੇ ਤਖ਼ਤ ਦਮਦਮਾ ਸਾਹਿਬ ਦੀ ਮਾਨਤਾ ਨੂੰ ਸਿਧ ਕੀਤਾ ਹੈ

**2. *ਬਾਬਾ ਕੌਲ ਸਾਹਿਬ:*** ਇਹ ਕਿਤਾਬਚਾ 1965 ਈ. ਵਿਚ ਸਕੱਤਰ ਬਾਬਾ ਕੌਲਸਰ ਸਾਹਿਬ, ਕੋਠਾ ਗੁਰੂ (ਬਠਿੰਡਾ) ਵਲੋਂ ਪ੍ਰਕਾਸ਼ਿਤ ਕੀਤਾ ਗਿਆ। ਇਸ ਵਿਚ ਬਾਬਾ ਕੌਲ ਸਾਹਿਬ ਦੇ ਜੀਵਨ ਅਤੇ ਗੁਰਦੁਆਰਾ ਕੌਲਸਰ ਸਾਹਿਬ ਬਾਰੇ ਸੰਖੇਪ ਵਿਚ ਬਿਆਨ ਕੀਤਾ ਹੈ।

ਕਰਤਾ ਨੇ ਦਸਿਆ ਹੈ ਕਿ ਬਾਬਾ ਕੌਲ ਸਾਹਿਬ ਦਾ ਜਨਮ ਪਿੰਡ ਕੋਠਾ ਗੁਰੂ ਵਿਖੇ ਬਾਬਾ ਹਰਿ ਜੀ ਦੇ ਘਰ ਸੰਨ 1693/94 ਵਿਚ ਹੋਇਆ। ਇਸ ਤੋਂ ਬਿਨਾਂ ਬਾਬਾ ਕੌਲ ਸਾਹਿਬ ਜੀ ਦੇ ਘਰਾਣੇ, ਉਨ੍ਹਾਂ ਦਾ ਦਸਮ ਗੁਰੂ ਜੀ ਨਾਲ ਮਿਲਾਪ, ਅੰਮ੍ਰਿਤ ਛਕਣਾ, ਕੌਲ ਜੀ ਦਾ ਕੋਠਾ ਗੁਰੂ ਪਿੰਡ ਵਿਚ ਨਿਵਾਸ, ਬਾਬਾ ਕੌਲ ਜੀ ਦੀ ਸੰਤਾਨ, ਗੁਰਦੁਆਰਾ ਕੌਲਸਰ ਸਾਹਿਬ ਆਦਿ ਬਾਰੇ ਬਿਆਨ ਕੀਤਾ।

ਸਮੁਚੇ ਰੂਪ ਵਿਚ ਇਹ ਰਚਨਾ ਬਾਬਾ ਕੌਲ ਸਾਹਿਬ ਦੇ ਜੀਵਨ ਦੇ ਨਾਲ ਨਾਲ ਗੁਰਦੁਆਰਾ ਕੌਲਸਰ ਸਾਹਿਬ ਦੇ ਇਤਿਹਾਸ ’ਤੇ ਵੀ ਚਾਨਣਾ ਪਾਉਂਦੀ ਹੈ।

**3. *ਲੋਹਗੜ੍ਹ ਦੀਨਾ:*** ਇਹ ਕਿਤਾਬਚਾ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਲੋਹਗੜ੍ਹ ਦੀਨਾ ਵਲੋਂ 1968 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ। 34 ਪੰਨਿਆਂ ਦੇ ਇਸ ਕਿਤਾਬਚੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੀਨੇ ਜਾਣ ਅਤੇ ਦੀਨੇ ਵਿਚ ਕੀਤੇ ਮਹਤਵਪੂਰਨ ਕਾਰਜਾਂ ਬਾਰੇ ਦਸਿਆ ਹੈ। ਭਾਈ ਸ਼ਮੀਰ ਦਾ ਖ਼ਾਨਦਾਨ ਅਤੇ ਲੋਹਗੜ੍ਹ ਦੀਨਾ ਦੀ ਵਰਤਮਾਨ ਸੇਵਾ ਬਾਰੇ ਵੀ ਬਿਆਨ ਕੀਤਾ ਹੈ।

ਭੂਮਿਕਾ ਵਿਚ ਪਿੰਡ ਦੀਨਾ ਅਤੇ ਕਾਂਗੜ ਦੇ ਆਬਾਦ ਹੋਣ ਬਾਰੇ ਦਸਿਆ ਹੈ। ਗਿਆਨੀ ਜੀ ਅਨੁਸਾਰ ਪਿੰਡ ਕਾਂਗੜ ‘ਕੰਗ ਗਣ’ (ਕੰਗ ਵੰਸ) ਨੇ ਆਬਾਦ ਕੀਤਾ। ਇਹ ਸ਼ਬਦ ਅਪਭ੍ਰੰਸ਼ ਹੋ ਕੇ ਕਾਂਗੜ ਪ੍ਰਸਿਧ ਹੋ ਗਿਆ। ਪਿੰਡ ਦੀਨਾ ‘ਦੀਨਾ’ ਨਾਂ ਦੇ ਸਿੱਧੂ ਨੇ ਸੰਨ 1675 ਈ. ਵਿਚ ਆਬਾਦ ਕੀਤਾ।[73]

ਲੇਖਕ ਨੇ ਦਸਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਤੋਂ ਬਾਅਦ ਗੁਰਦੁਆਰਾ ਲੋਹਗੜ੍ਹ ਸਾਹਿਬ (ਦੀਨਾ) ਨੂੰ ਆਪਣਾ ਕੇਂਦਰੀ ਸਥਾਨ ਬਣਾਇਆ। ਦੀਨੇ ਵਿਚ ਮਾਲਵੇ ਨੂੰ ਸਭ ਤੋਂ ਵਧ ਅਨਾਜ ਦੇਣ ਵਾਲੀ ਧਰਤੀ ਦਾ ਵਰਦਾਨ ਦਿਤਾ। ਭਾਈ ਸਮੀਰ ਨੇ ਦੀਨੇ ਵਿਚ ਗੁਰੂ ਜੀ ਦੀ ਸੇਵਾ ਕੀਤੀ। ਇਸ ਸਥਾਨ ’ਤੇ ਸਤਿਗੁਰੂ ਜੀ ਨੇ ਅੰਮ੍ਰਿਤ ਪ੍ਰਚਾਰ ਕੀਤਾ। ਇਥੋਂ ਹੀ ਦਸਮ ਪਾਤਸ਼ਾਹ ਨੇ ਔਰੰਗਜ਼ੇਬ ਨੂੰ ਜਫ਼ਰਨਾਮਾ ਲਿਖ ਕੇ ਭੇਜਿਆ।

ਸਮੁਚੇ ਰੂਪ ਵਿਚ ਇਹ ਰਚਨਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਲੋਹਗੜ੍ਹ ਸਾਹਿਬ ਦੀਨਾ ਵਿਖੇ ਕੀਤੇ ਕਾਰਜ ਦਾ ਵਰਣਨ ਕੀਤਾ ਹੈ।

---

73 ਉਹੀ, *ਲੋਹਗੜ੍ਹ ਸਾਹਿਬ ਦੀਨਾ*, ਪੰਨਾ 3.

4. ***ਗੁਰਦੁਆਰਾ ਨਾਨਕਸਰ ਤਖਤੂਪੁਰਾ:*** ਇਹ ਕਿਤਾਬਚਾ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਤਖਤੂਪੁਰਾ ਦੁਆਰਾ 1985 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ। 33 ਪੰਨਿਆਂ ਦੇ ਇਸ ਕਿਤਾਬਚੇ ਵਿਚ ਗਿਆਨੀ ਜੀ ਨੇ ਇਲਾਕੇ ਤੇ ਪਿੰਡ ਦਾ ਇਤਿਹਾਸ, ਗੁਰੂ ਸਾਹਿਬਾਨ ਦਾ ਆਗਮਨ, ਗੁਰਦੁਆਰਿਆਂ ਅਤੇ ਸਰੋਵਰ ਦੀ ਕਾਰ ਸੇਵਾ ਬਾਰੇ ਖੋਜ ਭਰਪੂਰ ਜਾਣਕਾਰੀ ਦਿਤੀ ਹੈ। ਗਿਆਨੀ ਜੀ ਨੇ ਦਸਿਆ ਹੈ ਕਿ ਇਸ ਸਥਾਨ ਨੂੰ ਪੰਜ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਅੰਗਦ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ) ਨੇ ਆਪਣੀ ਚਰਨ ਛੋਹ ਨਾਲ ਪਵਿਤਰ ਕੀਤਾ।

5. ***ਪੂਜਯ ਸੰਤ ਅਤਰ ਸਿੰਘ ਜੀ ਮਹਾਰਾਜ (ਹਿੰਦੀ):*** ਇਹ ਕਿਤਾਬਚਾ ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ ਦੁਆਰਾ 1987 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ। 15 ਪੰਨਿਆਂ ਦੀ ਇਸ ਰਚਨਾ ਵਿਚ ਸੰਤ ਅਤਰ ਸਿੰਘ ਜੀ ਦੇ ਪਰਉਪਕਾਰੀ ਕਾਰਜਾਂ ਨੂੰ ਸੰਖੇਪ ਵਿਚ ਬਿਆਨ ਕੀਤਾ ਹੈ। ਇਹ ਹਿੰਦੀ ਭਾਸ਼ਾ ਵਿਚ ਹੈ। ਆਰੰਭ ਵਿਚ ਲੇਖਕ ਦੁਆਰਾ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਉਸਤਤੀ ਵਿਚ ਕਵਿਤਾ ਦਰਜ ਕੀਤੀ ਗਈ ਹੈ।

ਗਿਆਨੀ ਜੀ ਸੰਤ ਜੀ ਦੇ ਜਨਮ, ਵਿਦਿਆ, ਫੌਜ ਵਿਚ ਭਰਤੀ ਹੋਣਾ ਅਤੇ ਸ੍ਰੀ ਹਜ਼ੂਰ ਸਾਹਿਬ ਸਿਮਰਨ ਕਰਨ ਬਾਰੇ ਬਿਆਨ ਕੀਤਾ ਹੈ। ਇਸ ਤੋ ਮਗਰੋਂ ਕਰਤਾ ਨੇ ਸੰਤ ਜੀ ਦੀ ਸ਼ਖ਼ਸੀਅਤ ਬਾਰੇ ਸੰਖੇਪ ਵਿਚ ਦਸਿਆ ਹੈ।

ਸਮੁਚੇ ਰੂਪ ਵਿਚ ਇਹ ਟਰੈਕਟ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਬਾਰੇ ਸੰਖੇਪ ਵਿਚ ਜਾਣਕਾਰੀ ਪ੍ਰਦਾਨ ਕਰਦਾ ਹੈ।

6. ***ਗੁਰਦੁਆਰਾ ਗੁਰੂਸਰ ਨਥਾਣਾ:*** 16 ਪੰਨਿਆਂ ਦੇ ਇਸ ਕਿਤਾਬਚੇ ਨੂੰ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰੂਸਰ ਨਥਾਣਾ (ਬਠਿੰਡਾ) ਨੇ ਸੰਨ 2000 ਈ. ਵਿਚ ਪ੍ਰਕਾਸ਼ਿਤ ਕਰਵਾਇਆ। ਇਸ ਵਿਚ ਛੇਵੇਂ ਪਾਤਸ਼ਾਹ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂਸਰ ਨਥਾਣਾ ਦਾ ਇਤਿਹਾਸ ਅੰਕਤ ਕੀਤਾ ਗਿਆ ਹੈ।

ਗਿਆਨੀ ਜੀ ਨੇ ਦਸਿਆ ਹੈ ਕਿ ਇਸ ਸਥਾਨ ’ਤੇ ਮਰਾਝ ਦੀ ਜੰਗ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 21 ਦਿਨ ਰਹੇ ਸਨ। ਇਸ ਸਮੇਂ ਇਲਾਕਾ ਨਿਵਾਸੀਆਂ ’ਤੇ ਅਨੇਕ ਉਪਕਾਰ ਕੀਤੇ। ਧਰਮ, ਅਣਖ, ਗੈਰਤ ਅਤੇ ਸਵੈਮਾਨ ਨਾਲ ਰਹਿਣ ਦਾ ਉਪਦੇਸ਼ ਦਿਤਾ। ਮਲਵਈਆਂ ਨੂੰ ਸਿੱਖੀ, ਨਾਮ, ਬਾਣੀ ਨਾਲ ਜੋੜਿਆ। ਉਨੀਵੀਂ ਸਦੀ ਵਿਚ ਨਿਰਮਲੇ ਸੰਤਾਂ ਨੇ ਇਸ ਸਥਾਨ ’ਤੇ ਗੁਰਦੁਆਰਾ ਕਾਇਮ ਕੀਤਾ। ਗੁਰਦੁਆਰਾ ਸਾਹਿਬ ਦੀ ਇਮਾਰਤ ਵੇਖਣਜੋਗ ਹੈ। ਗਿਆਨੀ ਜੀ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਤਸਵੀਰ ਵੀ ਪੇਸ਼ ਕੀਤੀ ਹੈ।

ਸਮੁਚੇ ਰੂਪ ਵਿਚ ਇਹ ਰਚਨਾ ਗੁਰਦੁਆਰਾ ਗੁਰੂਸਰ ਨਥਾਣਾ ਦਾ ਇਤਿਹਾਸ ਬਿਆਨ ਕਰਦੀ ਹੈ।

7. ***ਗੁਰੂ ਗ੍ਰੰਥ ਸਾਹਿਬ ਜੀ ਦੀ ਤ੍ਰਿਤੀਯਾ ਸ਼ਤਾਬਦੀ ਪੂਰਣਤਾ ਦਿਵਸ:*** ਇਹ ਕਿਤਾਬਚਾ ਸੰਤ ਸੇਵਕ ਜਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ) ਵਲੋਂ 2006 ਈ. ਵਿਚ ਦਮਦਮੀ ਬੀੜ ਦੇ ਤਿੰਨ ਸੌ ਸਾਲਾ

ਪੂਰਨਤਾ ਦਿਵਸ 'ਤੇ ਪ੍ਰਕਾਸ਼ਿਤ ਕੀਤਾ ਗਿਆ। 24 ਪੰਨਿਆਂ ਦੀ ਇਸ ਰਚਨਾ ਵਿਚ ਤਲਵੰਡੀ ਸਾਬੋ, ਦਮਦਮੀ ਬੀੜ ਅਤੇ ਬੁੰਗਾ ਮਸਤੂਆਣਾ ਬਾਰੇ ਜਾਣਕਾਰੀ ਦਿਤੀ ਗਈ ਹੈ। ਇਸਦੇ ਆਰੰਭ ਅਤੇ ਅਖ਼ੀਰ ਵਿਚ ਗੁਰੂ ਅਰਜਨ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਅਤੇ ਭਾਈ ਗੁਰਦਾਸ ਜੀ ਦੁਆਰਾ ਹਥ ਲਿਖਤ ਮੂਲ ਮੰਤ੍ਰ ਦੇ ਚਿਤਰ ਪੇਸ਼ ਕੀਤੇ ਗਏ ਹਨ।

ਭੂਮਿਕਾ ਵਿਚ ਗਿਆਨੀ ਜੀ ਨੇ ਦਸਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ 1706 ਈ. ਨੂੰ ਸ੍ਰੀ ਦਮਦਮਾ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਬਾ-ਤਰਤੀਬ ਰਾਗਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰ ਕੇ ਗੁਰੂ ਅਰਜਨ ਦੇਵ ਜੀ ਦੀ ਰਾਮਸਰ (ਸ੍ਰੀ ਅੰਮ੍ਰਿਤਸਰ) ਵਿਚ ਸੰਨ 1604 ਈ. ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬੱਧੀ ਬੀੜ ਨੂੰ ਪੂਰਨ ਕੀਤਾ, ਗੁਰੂ ਕੀ ਕਾਸ਼ੀ ਸਥਾਪਤ ਕੀਤੀ, ਅਰਥਾਂ ਦੀ ਸੰਪ੍ਰਦਾਇ ਤੋਰੀ, ਅਖੰਡ ਪਾਠ ਦੀ ਮਰਯਾਦਾ ਥਾਪੀ।

ਕਰਤਾ ਨੇ ਤਲਵੰਡੀ ਦੀ ਧਰਤੀ ਦੀ ਮਹਾਨਤਾ ਬਾਰੇ ਸੰਖੇਪ ਵਿਚ ਬਿਆਨ ਕੀਤਾ ਹੈ। ਇਸ ਧਰਤੀ ਨੂੰ ਗੁਰੂ ਨਾਨਕ ਦੇਵ ਜੀ, ਗੁਰੂ ਹਰਿ ਰਾਏ ਸਾਹਿਬ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਦੀ ਚਰਨ ਛੋਹ ਪ੍ਰਾਪਤ ਹੈ। ਲੇਖਕ ਨੇ ਦਮਦਮੀ ਅਰਥਾਂ ਦੀ ਸੰਪ੍ਰਦਾਇ ਬਾਰੇ ਸੰਖੇਪ ਵਿਚ ਜਾਣਕਾਰੀ ਦਿਤੀ ਹੈ। ਗਿਆਨੀ ਜੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਚ ਸ੍ਰੀ ਮੁਖਵਾਕ ਤੋਂ ਗੁਰਬਾਣੀ ਦੇ ਅਰਥ ਸੁਣਾਏ, ਉਨ੍ਹਾਂ ਅਰਥਾਂ ਨੂੰ ਦਮਦਮੀ ਅਰਥਾਂ ਦੀ ਸੰਪ੍ਰਦਾਇ ਕਿਹਾ ਜਾਂਦਾ ਹੈ ਜੋ ਕਿ ਸਿੱਖ ਪੰਥ ਵਿਚ ਅਰਥ ਪ੍ਰਣਾਲੀ, ਅਰਥਾਂ ਦੀ ਸੰਪ੍ਰਦਾਇ, ਦਮਦਮੀ ਅਰਥਾਂ ਦੀ ਸੰਪ੍ਰਦਾਇ ਅਤੇ ਦਮਦਮੀ ਟਕਸਾਲ ਦੇ ਨਾਮ ਨਾਲ ਪ੍ਰਸਿਧ ਹੈ।

ਗਿਆਨੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਮਗਰੋਂ ਤਖ਼ਤ ਦਮਦਮਾ ਸਾਹਿਬ ਦੇ ਪ੍ਰਬੰਧ, ਸੇਵਾ ਅਤੇ ਗੁਰੂ ਕਾਸ਼ੀ ਦੇ ਬੁੰਗਿਆਂ ਬਾਰੇ ਸੰਖੇਪ ਵਿਚ ਜਾਣਕਾਰੀ ਦਿਤੀ ਹੈ। ਦਮਦਮੀ ਅਰਥਾਂ ਦੀ ਸੰਪ੍ਰਦਾਇ ਬੁੰਗਾ ਮਸਤੂਆਣਾ ਵਿਖੇ ਚਲ ਰਹੀ ਹੈ। ਗਿਆਨੀ ਜੀ ਨੇ ਬੁੰਗਾ ਮਸਤੂਆਣਾ ਵਿਚ ਦਿਤੀ ਜਾਣ ਵਾਲੀ ਵਿਦਿਆ ਅਤੇ ਉਥੋਂ ਦੇ ਨਿਤਕਰਮ ਬਾਰੇ ਵੀ ਬਿਆਨ ਕੀਤਾ ਹੈ।

ਸਮੁਚੇ ਰੂਪ ਵਿਚ ਇਸ ਲੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਅਤੇ ਤਖ਼ਤ ਦਮਦਮਾ ਸਾਹਿਬ ਬਾਰੇ ਸੰਖੇਪ ਜਾਣਕਾਰੀ ਦਿਤੀ ਗਈ ਹੈ।

**8. *ਸੰਖੇਪ ਇਤਿਹਾਸ ਦਮਦਮਾ ਸਾਹਿਬ:*** ਇਹ ਕਿਤਾਬਚਾ ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ) ਵਲੋਂ 1981 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ। 14 ਪੰਨਿਆਂ ਦੇ ਇਸ ਕਿਤਾਬਚੇ ਵਿਚ ਸ੍ਰੀ ਦਮਦਮਾ ਸਾਹਿਬ ਦਾ ਸੰਖੇਪ ਇਤਿਹਾਸ ਅੰਕਤ ਕੀਤਾ ਗਿਆ ਹੈ।

ਗਿਆਨੀ ਜੀ ਨੇ ਦਸਿਆ ਹੈ ਕਿ ਦਸਮ ਪਿਤਾ ਨੇ ਇਸ ਅਸਥਾਨ 'ਤੇ ਮਹਤਵਪੂਰਨ ਕਾਰਜ ਕੀਤੇ ਜਿਸ ਵਿਚ ਦਮਦਮਾ ਸਾਹਿਬ ਨੂੰ ਤਖ਼ਤ ਬਣਾਉਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਬੀੜ ਤਿਆਰ ਕਰਨਾ, ਅਖੰਡ ਪਾਠ ਦੀ ਮਰਯਾਦਾ ਸ਼ੁਰੂ ਕਰਨਾ, ਸੰਪ੍ਰਦਾਈ ਅਰਥਾਂ ਦੀ ਟਕਸਾਲ ਸ਼ੁਰੂ ਕਰਨਾ ਆਦਿ

ਸ਼ਾਮਲ ਹਨ। ਗਿਆਨੀ ਜੀ ਨੇ ਦਮਦਮਾ ਸਾਹਿਬ ਦੇ ਇਤਿਹਾਸਕ ਸਥਾਨ ਜਿਵੇਂ ਗੁਰਦੁਆਰਾ ਮੰਜੀ ਸਾਹਿਬ, ਲਿਖਣਸਰ, ਗੁਰੂਸਰ, ਅਕਾਲਸਰ, ਗੁਰਦੁਆਰਾ ਜੰਡਸਰ, ਗੁਰਦੁਆਰਾ ਮਹਲਸਰ ਅਤੇ ਗੁਰਦੁਆਰਾ ਨਾਨਕਸਰ ਬਾਰੇ ਸੰਖੇਪ ਵਿਚ ਦਸਿਆ ਹੈ।

ਇਸ ਤਰ੍ਹਾਂ ਇਸ ਕਿਤਾਬਚੇ ਵਿਚ ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਸੰਖੇਪ ਵਿਚ ਬਿਆਨ ਕੀਤਾ ਹੈ।

**9. *ਡੇਰਾ ਬਾਬਾ ਦਲ ਸਿੰਘ ਜੀ ਭੁੱਚੋ ਕਲ੍ਹਾਂ:*** ਇਸ ਕਿਤਾਬਚੇ ਨੂੰ ਗੁਰਦੁਆਰਾ ਬਾਬਾ ਦਲ ਸਿੰਘ ਭੁੱਚੋ ਕਲਾਂ (ਬਠਿੰਡਾ) ਨੇ 2007 ਈ. ਵਿਚ ਪ੍ਰਕਾਸ਼ਿਤ ਕੀਤਾ। 24 ਪੰਨਿਆਂ ਦੀ ਇਸ ਰਚਨਾ ਵਿਚ ਗਿਆਨੀ ਜੀ ਨੇ ਡੇਰਾ ਬਾਬਾ ਦਲ ਸਿੰਘ ਜੀ ਭੁੱਚੋ ਕਲ੍ਹਾਂ ਦਾ ਸੰਖੇਪ ਇਤਿਹਾਸ ਦਰਜ ਕੀਤਾ ਹੈ।

ਭੂਮਿਕਾ ਵਿਚ ਕਰਤਾ ਨੇ ਭਾਈ ਭਗਤੂ ਦੀ ਵੰਸ਼ ਵਿਚੋਂ ਭਾਈ ਦਿਆਲ ਸਿੰਘ ਦੁਆਰਾ 1705 ਈ. ਵਿਚ ਪਿੰਡ ਭੁੱਚੋ ਕਲ੍ਹਾਂ ਨੂੰ ਆਬਾਦ ਕਰਨ ਦਾ ਜ਼ਿਕਰ ਕੀਤਾ ਹੈ। ਅਗੇ ਬਾਬਾ ਦਲ ਸਿੰਘ ਦੇ ਜੀਵਨ 'ਤੇ ਸੰਖੇਪ ਰੂਪ 'ਚ ਝਾਤ ਪਾਈ ਹੈ। ਬਾਬਾ ਦਲ ਸਿੰਘ ਦਾ ਜਨਮ 1772 ਈ. ਵਿਚ ਹੋਇਆ। ਬਾਲਕ ਦਲ ਸਿੰਘ 10-11 ਸਾਲ ਦੀ ਉਮਰ ਵਿਚ ਯਤੀਮ ਹੋ ਗਿਆ ਸੀ। ਪਿੰਡ ਦੇ ਕੁਝ ਦਇਆਵਾਨ ਸਿੰਘ ਬਾਲਕ ਦਲ ਸਿੰਘ ਨੂੰ ਗੁਰਦੁਆਰਾ ਗੁਰੂਸਰ[74] ਛੱਡ ਗਏ। ਉਸ ਸਮੇਂ ਗੁਰਦੁਆਰਾ ਸਾਹਿਬ ਦੇ ਮਹੰਤ ਬਾਬਾ ਸੁੱਖਾ ਸਿੰਘ ਸਨ। ਬਾਬਾ ਸੁੱਖਾ ਸਿੰਘ ਨੇ ਦਲ ਸਿੰਘ ਨੂੰ ਅੰਮ੍ਰਿਤਪਾਨ ਕਰਵਾਇਆ ਅਤੇ ਜਲਦੀ ਹੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਲੱਗਾ। ਇਸ ਤਰ੍ਹਾਂ ਦਲ ਸਿੰਘ ਵੇਦਾਂਤ, ਇਤਿਹਾਸ, ਗੁਰਮਤਿ ਅਤੇ ਭਾਸ਼ਾ ਦੇ ਗ੍ਰੰਥ ਪੜ੍ਹ ਕੇ ਵਿਦਵਾਨ ਬਣ ਗਿਆ। ਲੇਖਕ ਨੇ ਦਲ ਸਿੰਘ ਦਾ ਬਾਬਾ ਸੁੱਖਾ ਸਿੰਘ ਦੀ ਆਗਿਆ ਅਨੁਸਾਰ ਧਰਮ ਪ੍ਰਚਾਰ ਕਰਨ ਦਾ ਜ਼ਿਕਰ ਕੀਤਾ ਹੈ। ਬਾਬਾ ਦਲ ਸਿੰਘ ਨੇ ਆਪਣੀ ਜਨਮ ਭੂਮੀ ਭੁੱਚੋ ਕਲ੍ਹਾਂ ਵਿਖੇ ਡੇਰਾ ਬਣਾਇਆ ਸੇਵਾ ਸਿਮਰਨ, ਵਿਦਿਆ ਪ੍ਰਚਾਰ ਦਾ ਪ੍ਰਵਾਹ ਚਲਾਇਆ। ਬਾਬਾ ਦਲ ਸਿੰਘ ਸਿੱਖੀ ਧਾਰਨ ਕਰਨ, ਨਸ਼ਿਆ ਦੇ ਤਿਆਗ ਕਰਨ, ਅੰਮ੍ਰਿਤਪਾਨ ਕਰਨ, ਗੁਰਮੁਖੀ ਵਿਦਿਆ ਪੜ੍ਹਨ ਦਾ ਉਪਦੇਸ਼ ਦਿੰਦੇ ਸਨ। ਬਾਬਾ ਦਲ ਸਿੰਘ ਨੇ ਸੈਂਕੜੇ ਬੱਚੇ ਗੁਰੂ ਗ੍ਰੰਥ ਸਾਹਿਬ ਦੇ ਪਾਠੀ ਬਣਾਏ, ਗੁਰਬਾਣੀ ਦਾ ਅਰਥ-ਬੋਧ ਕਰਵਾਇਆ, ਭਾਸ਼ਾ, ਵੇਦਾਂਤ, ਨੀਤੀ. ਸਾਹਿਤ, ਕਾਵਯ ਦੇ ਗ੍ਰੰਥ ਪੜ੍ਹਾਂ ਕੇ ਅਨੇਕਾਂ ਗਿਆਨੀ ਬਣਾਏ। ਬਾਬਾ ਦਲ ਸਿੰਘ ਸੰਨ 1843 ਈ. ਨੂੰ ਅਕਾਲ ਚਲਾਣਾ ਕਰ ਗਏ।

ਸਮੁਚੇ ਰੂਪ ਵਿਚ ਇਹ ਰਚਨਾ ਡੇਰਾ ਬਾਬਾ ਦਲ ਸਿੰਘ ਦਾ ਸੰਖੇਪ ਇਤਿਹਾਸ ਹੈ।

**10. *ਨਿਰਮਲ ਭੇਖ ਭਾਸ਼ਕਾਰ:*** ਇਹ ਕਿਤਾਬਚਾ ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ ਕਨਖਲ (ਹਰਿਦੁਆਰ) ਦੁਆਰਾ 2009 ਈ. ਵਿਚ ਪ੍ਰਕਾਸ਼ਿਤ ਕਰਵਾਇਆ ਗਿਆ। 55 ਪੰਨਿਆਂ ਦੇ ਇਸ ਕਿਤਾਬਚੇ ਵਿਚ ਗਿਆਨੀ ਜੀ ਨੇ ਨਿਰਮਲ ਭੇਖ ਦਾ ਇਤਿਹਾਸ ਸੰਖੇਪ ਵਿਚ ਅੰਕਿਤ ਕੀਤਾ ਹੈ।

---

74 ਇਹ ਉਹ ਪਵਿੱਤਰ ਸਥਾਨ ਹੈ ਜਿਥੇ ਗੁਰੂ ਹਰਿਗੋਬਿੰਦ ਸਾਹਿਬ ਨੇ 19 ਪੋਹ 1631 ਈ. ਨੂੰ ਲਾਹੌਰ ਦੀਆਂ ਮੁਗਲ ਫੌਜਾਂ ਨਾਲ ਜੰਗ ਲੜਕੇ ਜਿੱਤ ਪ੍ਰਾਪਤ ਕੀਤੀ ਅਤੇ ਮੁਗਲਾਂ ਦੇ ਜਰਨੈਲ ਲਲਾ ਬੇਗ ਅਤੇ ਕਮਰ ਬੇਗ ਨੂੰ ਖ਼ਤਮ ਕੀਤਾ। ਉਹੀ, *ਡੇਰਾ ਬਾਬਾ ਦਲ ਸਿੰਘ*, ਪੰਨਾ 5.

ਗਿਆਨੀ ਜੀ ਨੇ ਨਿਰਮਲ ਪੰਥ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਹੀ ਹੋਇਆ ਮੰਨਿਆ ਹੈ ਅਤੇ ਪਹਿਲਾ ਨਿਰਮਲਾ ਸਿੱਖ ਭਾਈ ਭਾਗੀਰਥ ਸੀ। ਲੇਖਕ ਨੇ ਉਨ੍ਹਾਂ ਪੰਜ ਨਿਰਮਲੇ ਸੰਤਾਂ (ਸੰਤ ਕਰਮ ਸਿੰਘ ਜੀ, ਸੰਤ ਰਾਮ ਸਿੰਘ ਜੀ, ਸੰਤ ਗੰਡਾ ਸਿੰਘ ਜੀ, ਸੰਤ ਵੀਰ ਸਿੰਘ ਜੀ, ਸੰਤ ਸੈਣਾ ਸਿੰਘ ਜੀ) ਬਾਰੇ ਵੀ ਬਿਆਨ ਕੀਤਾ ਹੈ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 1686 ਈ. ਵਿਚ ਸੰਸਕ੍ਰਿਤ ਪੜ੍ਹਨ ਲਈ ਕਾਸ਼ੀ ਭੇਜਿਆ ਸੀ। ਇਨ੍ਹਾਂ ਪੰਜ ਸੰਤਾਂ ਨੇ ਪੰਡਿਤ ਸਦਾ ਨੰਦ ਜੀ ਪਾਸੋਂ ਸੰਸਕ੍ਰਿਤ ਦੀ ਵਿਦਿਆ ਪ੍ਰਾਪਤ ਕੀਤੀ। ਇਹ ਵਿਆਕਰਣ, ਵੇਦ, ਵੇਦਾਂਗ, ਨਯਾਯ, ਵੇਦਾਂਤ ਆਦਿ ਦੇ ਵਿਦਵਾਨ ਬਣੇ।

ਕਰਤਾ ਨੇ ਗੁਰੂ ਗੋਬਿੰਦ ਸਿੰਘ ਦੁਆਰਾ ਨਿਰਮਲੇ ਸੰਤਾਂ ਨੂੰ ਦਿਤੇ ਦਸ ਵਰਦਾਨਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੂੰ ਨਿਰਮਲ ਭੇਖ ਵਿਚ ਦਸ ਬਖ਼ਸ਼ੀਸ਼ਾਂ ਕਿਹਾ ਜਾਂਦਾ ਹੈ। ਨਿਰਮਲ ਅਖਾੜੇ ਦੀ ਸਥਾਪਨਾ ਬਾਰੇ ਦਸਿਆ ਹੈ। ਨਿਰਮਲ ਪੰਚਾਇਤੀ ਅਖਾੜੇ ਦੀ ਸਥਾਪਨਾ 1855 ਈ. ਵਿਚ ਹੋਈ। ਸ੍ਰੀ ਨਿਰਮਲ ਪੰਚਾਇਤੀ ਅਖਾੜਾ ਦਾ ਕੇਂਦਰੀ ਸਥਾਨ ਕਨਖਲ (ਹਰਿਦੁਆਰ) ਵਿਚ ਨਿਯਤ ਕੀਤਾ ਗਿਆ। ਗਿਆਨੀ ਜੀ ਨੇ ਅਖਾੜੇ ਦਾ ਵਿਧਾਨ ਵੀ ਦਿਤਾ ਹੈ, ਇਹ ਵਿਧਾਨ ਉਰਦੂ ਭਾਸ਼ਾ ਵਿਚ ਹੈ। ਇਸਦੇ ਨਾਲ ਹੀ ਅਖਾੜੇ ਦੇ ਮਹੰਤਾਂ ਦਾ ਵੇਰਵਾ ਵੀ ਦਿਤਾ ਹੈ। ਨਿਰਮਲ ਸੰਪ੍ਰਦਾਇ ਦੀ ਰਹਿਤ ਮਰਿਯਾਦਾ ਦਾ ਵੀ ਜ਼ਿਕਰ ਕੀਤਾ ਹੈ। ਗਿਆਨੀ ਜੀ ਨੇ ਨਿਰਮਲੇ ਸੰਤਾਂ ਦੁਆਰਾ ਕੀਤੀ ਸੇਵਾ ਨੂੰ ਕ੍ਰਮਵਾਰ ਇਨ੍ਹਾਂ ਸਿਰਲੇਖਾਂ ਅਧੀਨ ਵਿਚਾਰਿਆਂ ਹੈ, ਕਥਾ ਵਿਖਿਆਨ, ਰਾਗ ਕੀਰਤਨ, ਸ਼ਾਸਤ੍ਰਾਰਥ,  ਚਕਿਤਸਾ, ਜੋਤਿਸ਼ ਵਿਗਿਆਨ, ਯੋਗਾਭਿਆਸ, ਸਾਹਿਤਕ ਸੇਵਾ, ਗੁਰਦੁਆਰਿਆ ਦੀ ਕਾਰ-ਸੇਵਾ, ਤੇਗ ਦੇ ਧਨੀ, ਗਊ ਰਖਿਆ, ਦੇਸ਼ ਸੇਵਾ ਆਦਿ।

ਸਮੁਚੇ ਰੂਪ ਵਿਚ ਇਹ ਰਚਨਾ ਨਿਰਮਲ ਸੰਪ੍ਰਦਾਇ ਦਾ ਸੰਖੇਪ ਇਤਿਹਾਸ ਹੈ।

**11. *ਨਿਰਭੈ ਯੋਧਾ ਬਾਬਾ ਬੰਦਾ ਸਿੰਘ:*** ਇਹ ਕਿਤਾਬਚਾ ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ, ਕਨਖਲ (ਹਰਿਦੁਆਰ) ਦੁਆਰਾ 2009 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ। 44 ਪੰਨਿਆਂ ਦੀ ਇਸ ਰਚਨਾ ਵਿਚ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਬਾਬਾ ਬੰਦਾ ਸਿੰਘ ਬਾਰੇ ਕੁਝ ਸ਼ੰਕਿਆਂ ਦਾ ਇਤਿਹਾਸਕ ਪ੍ਰਮਾਣ ਦੇ ਕੇ ਨਿਰਣੈ ਕੀਤਾ ਹੈ।

ਆਰੰਭ ਵਿਚ ਕਰਤਾ ਨੇ ਬਾਬਾ ਬੰਦਾ ਸਿੰਘ ਦੇ ਜਨਮ, ਬਚਪਨ, ਵਿਦਿਆ ਅਤੇ ਵੈਰਾਗੀ ਬਣਨ ਬਾਰੇ ਸੰਖੇਪ ਜਾਣਕਾਰੀ ਦਿਤੀ  ਹੈ। ਬਾਬਾ ਬੰਦਾ ਸਿੰਘ ਦਾ ਜਨਮ 13 ਕੱਤਕ 1727 ਬਿ. (27 ਅਕਤੂਬਰ 1670) ਨੂੰ ਪਿਤਾ ਰਾਮ ਦੇਵ ਦੇ ਘਰ ਹੋਇਆ।[75] ਕਰਤਾ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਮਾਧੋਦਾਸ ਦੇ ਡੇਰੇ ਵਿਚ ਜਾਣਾ, ਮਾਧੋਦਾਸ ਨੂੰ ਅੰਮ੍ਰਿਤਪਾਨ ਕਰਵਾ ਕੇ ਬੰਦਾ ਸਿੰਘ ਬਣਾਉਣਾ ਅਤੇ ਸਰਹਿੰਦ ਫਤਿਹ ਕਰਨ ਲਈ ਭੇਜਣ ਦਾ ਹਵਾਲੇ ਸਹਿਤ ਜ਼ਿਕਰ ਕੀਤਾ ਹੈ।

ਲੇਖਕ ਨੇ ਬਾਬਾ ਬੰਦਾ ਸਿੰਘ ਦੁਆਰਾ ਸਰਹਿੰਦ ’ਤੇ ਜਿੱਤ ਪ੍ਰਾਪਤ ਕਰਕੇ ਖਾਲਸਾ ਰਾਜ ਦੀ ਸਥਾਪਨਾ ਕਰਨ ਬਾਰੇ ਦਸਿਆ ਹੈ। ਗੁਰੂ ਗੋਬਿੰਦ ਸਿੰਘ ਦੇ ਉਪਦੇਸ਼ ਨੂੰ ਬਾਬਾ ਬੰਦਾ ਸਿੰਘ ਨੇ ਕ੍ਰਿਆਤਮਕ

---

75 ਉਹੀ, *ਨਿਰਭੈ ਯੋਧਾ ਬਾਬਾ ਬੰਦਾ ਸਿੰਘ*, ਪੰਨਾ 9.

ਰੂਪ ਦਿਤਾ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਦੋ ਸਾਲ ਮਗਰੋਂ ਸਰਹਿੰਦ ਉਤੇ ਕੇਸਰੀ ਨਿਸ਼ਾਨ ਝੂਲਾ ਦਿਤਾ।[76] ਲੇਖਕ ਨੇ ਭਾਈ ਪਰਮਾਨੰਦ[77] ਦੁਆਰਾ ਰਚਿਤ ਪੁਸਤਕ 'ਵੀਰ ਵੈਰਾਗੀ' ਦੀ ਆਲੋਚਨਾ ਕੀਤੀ ਹੈ ਕਿਉਂਕਿ ਇਸ ਵਿਚ ਬਾਬਾ ਬੰਦਾ ਸਿੰਘ ਨੂੰ ਸਿੱਖ ਹੋਣ ਦੀ ਬਜਾਇ ਹਿੰਦੂ ਧਰਮ ਦਾ ਵਡੇਰਾ ਵੀਰ ਵੈਰਾਗੀ ਸਿੱਧ ਕੀਤਾ ਗਿਆ ਹੈ। ਗਿਆਨੀ ਜੀ ਨੇ ਭਾਈ ਪਰਮਾਨੰਦ ਦੀ ਪੁਸਤਕ 'ਵੀਰ ਵੈਰਾਗੀ' ਵਿਚੋਂ ਅਪ੍ਰਸੰਗਕ ਗੱਲਾਂ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਕੀਤੀਆਂ ਹਨ। ਇਤਿਹਾਸਕ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਨਾਲ ਮਿਲਾਪ ਸਮੇਂ ਬਾਬਾ ਬੰਦਾ ਸਿੰਘ ਵੈਰਾਗੀ ਸਾਧੂ ਨਹੀਂ ਸੀ ਸਗੋਂ ਨਾਥਾਂ ਜੋਗੀਆਂ ਦੀ ਸੰਪ੍ਰਦਾਇ ਦੇ ਤਾਂਤ੍ਰਿਕ ਸਾਧੂ ਯੋਗੀ ਔਘੜ ਨਾਥ ਦਾ ਚੇਲਾ ਸੀ। ਬਾਬਾ ਬੰਦਾ ਸਿੰਘ ਦਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਅੰਮ੍ਰਿਤਪਾਨ ਕਰਨ ਦੇ ਇਤਿਹਾਸ ਨੂੰ ਹਵਾਲੇ ਸਹਿਤ ਬਿਆਨ ਕੀਤਾ ਹੈ ਜਿਸ ਵਿਚ ਪੁਰਤਾਨ ਗ੍ਰੰਥਾਂ ਦੇ ਹਵਾਲੇ, ਸਿੱਖਾਂ ਦੀ ਪੁਰਾਤਨ ਮੋਹਰ ਅਤੇ ਹੁਮਕਨਾਮੇ ਸ਼ਾਮਲ ਹਨ।

ਸਮੁਚੇ ਰੂਪ ਵਿਚ ਇਹ ਕਿਤਾਬਚਾ ਬਾਬਾ ਬੰਦਾ ਸਿੰਘ ਸੰਬੰਧੀ ਵਡਮੁਲੀ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ।

12. ***ਗੁਰਦੁਆਰਾ ਗੁੰਗਸਰ ਸਾਹਿਬ:*** ਇਹ ਕਿਤਾਬਚਾ ਗਿਆਨੀ ਜੀ ਦੇ ਸਪੁੱਤਰ ਗਿਆਨੀ ਕੌਰ ਸਿੰਘ ਵੈਦਯਵਿਸ਼ਾਰਦ, ਕੋਠਾ ਗੁਰੂ (ਬਠਿੰਡਾ) ਦੁਆਰਾ 2018 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ। 16 ਪੰਨਿਆਂ ਦੀ ਇਸ ਰਚਨਾ ਵਿਚ ਗਿਆਨੀ ਜੀ ਨੇ ਪਿੰਡ ਕੋਠਾ ਗੁਰੂ ਦੇ ਇਤਿਹਾਸਕ ਗੁਰਦੁਆਰੇ ਗੁੰਗਸਰ ਦਾ ਇਤਿਹਾਸ ਸੰਖੇਪ ਵਿਚ ਅੰਕਿਤ ਕੀਤਾ ਹੈ। ਗਿਆਨੀ ਜੀ ਨੇ ਗੁਰਦੁਆਰਾ ਗੁੰਗਸਰ ਦੀ ਇਮਾਰਤ ਦੇ ਪੁਰਾਤਨ ਅਤੇ ਵਰਤਮਾਨ ਸਮੇਂ ਦੇ ਚਿੱਤਰ ਵੀ ਅੰਕਿਤ ਕੀਤੇ ਹਨ।

ਗਿਆਨੀ ਜੀ ਨੇ ਦਸਿਆ ਹੈ ਕਿ ਸ੍ਰੀ ਗੁਰੂ ਗੋਬਿੰਦਿ ਸਿੰਘ ਜੀ ਨੇ ਪਿੰਡ ਕੋਠਾ ਗੁਰੂ ਦਾ ਨਾਮਕਰਣ ਕੀਤਾ। ਲੇਖਕ ਨੇ ਗੁਰਦੁਆਰਾ ਗੁੰਗਸਰ ਦਾ ਪੁਰਾਤਨ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤਕ ਹੋਏ ਵਿਕਾਸ ਦਾ ਵਰਣਨ ਕੀਤਾ ਹੈ। ਗੁਰਦੁਆਰਾ ਗੁੰਗਸਰ ਦੀ ਇਮਾਰਤ ਬਾਰੇ ਜਾਣਕਾਰੀ ਦਿਤੀ ਹੈ ਜਿਸ ਵਿਚ ਦਰਬਾਰ ਸਾਹਿਬ, ਸਰੋਵਰ, ਲੰਗਰ ਦੀ ਇਮਾਰਤ, ਬਾਰੇ ਸੰਖੇਪ ਵਿਚ ਵਰਣਨ ਕੀਤਾ ਹੈ।

ਸਮੁਚੇ ਰੂਪ ਵਿਚ ਇਹ ਕਿਤਾਬਚਾ ਗੁਰਦੁਆਰਾ ਗੁੰਗਸਰ ਦੇ ਇਤਿਹਾਸ 'ਤੇ ਚਾਨਣਾ ਪਾਉਂਦਾ ਹੈ।

13. ***ਸਤਿਨਾਮ ਵਾਹਿਗੁਰੂ:*** ਇਹ ਕਿਤਾਬਚਾ ਗਿਆਨੀ ਜੀ ਦੇ ਸਪੁੱਤਰ ਗਿਆਨੀ ਕੌਰ ਸਿੰਘ ਵੈਦਯਵਿਸ਼ਾਰਦ, ਕੋਠਾ ਗੁਰੂ (ਬਠਿੰਡਾ) ਦੁਆਰਾ 2018 ਈ. ਵਿਚ ਪ੍ਰਕਾਸ਼ਿਤ ਕੀਤਾ ਗਿਆ। 24 ਪੰਨਿਆਂ ਦੇ ਇਸ ਕਿਤਾਬਚੇ ਵਿਚ ਗਿਆਨੀ ਜੀ ਨੇ ਨਾਮ ਦਾ ਮਹਾਤਮ, ਨਾਮ ਸਿਮਰਨ ਦੀ ਵਿਧੀ, ਕ੍ਰਿਤਮ ਅਕ੍ਰਿਤਮ ਨਾਵਾਂ ਬਾਰੇ ਗੁਰਬਾਣੀ ਅਨੁਸਾਰ ਬਿਆਨ ਕੀਤਾ ਹੈ।

---

76 ਉਹੀ, ਪੰਨਾ 21.

77 ਭਾਈ ਪਰਮਾਨੰਦ ਜੀ ਮਹਾਨ ਸ਼ਹੀਦ ਭਾਈ ਮਤੀਦਾਸ ਜੀ ਦੀ ਵੰਸ਼ ਵਿਚੋਂ ਹੋਏ ਹਨ। ਉਹ ਮਹਾਨ ਵਿਦਵਾਨ, ਵਿਚਾਰਸ਼ੀਲ, ਐਮ.ਏ ਪਾਸ ਸਨ। (ਉਹੀ, *ਨਿਰਭੈ ਯੋਧਾ ਬਾਬਾ ਬੰਦਾ ਸਿੰਘ,* ਪੰਨਾ 24)

ਗਿਆਨੀ ਜੀ ਨਾਮ ਦੀ ਮਹਿਮਾ ਦਸਦੇ ਹੋਏ ਲਿਖਦੇ ਹਨ ਕਿ ਗੁਰਮਤਿ ਵਿਚ ਨਾਮ ਨੂੰ ਸਰਵੋਪਰੀ ਮੰਨਿਆ ਹੈ। ਮਨੁਖਾ ਜਨਮ ਦੀ ਸਫਲਤਾ ਲਈ ਨਾਮ ਸਿਮਰਨ ਨੂੰ ਪ੍ਰਮੁਖਤਾ ਦਿਤੀ ਗਈ ਹੈ। ਗੁਰੂ ਨਾਨਕ ਦੇਵ ਜੀ ਨੇ ਜਿਸ ਸਚ ਤੋਂ ਜਾਣੂ ਕਰਵਾਇਆ ਉਸਨੂੰ ਨਾਮ ਕਿਹਾ ਗਿਆ। ਨਾਮ ਸਰਵ ਵਿਆਪਕ ਹੈ। ਗਿਆਨੀ ਜੀ ਨੇ ਨਾਮ ਨੂੰ ਪਰਮਸਤਾ ਦੇ ਸੂਚਕ ਵਜੋਂ ਬਿਆਨ ਕੀਤਾ ਹੈ। ਇਸ ਤਰ੍ਹਾਂ ਇਸ ਰਚਨਾ ਵਿਚ ਪਰਮਸਤ ਦੇ ਸੂਚਕ 'ਸਤਿਨਾਮ-ਵਾਹਿਗੁਰੂ' ਦੀ ਵਿਆਖਿਆ ਕੀਤੀ ਗਈ ਹੈ।

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਗਿਆਨੀ ਜੀ ਦੁਆਰਾ ਰਚੇ ਸਾਹਿਤ ਦੀ ਲੰਮੀ ਸੂਚੀ ਇਹ ਸਪਸ਼ਟ ਕਰ ਦਿੰਦੀ ਹੈ ਕਿ ਉਨ੍ਹਾਂ ਨੇ ਦਰਸ਼ਨ, ਧਰਮ, ਇਤਿਹਾਸ, ਵੇਦਾਂਤ, ਸਾਹਿਤ, ਕਾਵਿ ਅਤੇ ਗੁਰਬਾਣੀ ਦਾ ਡੂੰਘਾ ਅਧਿਐਨ ਕੀਤਾ। ਹਿੰਦੀ, ਸੰਸਕ੍ਰਿਤ, ਉਰਦੂ, ਗੁਰਮੁਖੀ ਅਤੇ ਬ੍ਰਜ ਭਾਸ਼ਾ ਦੇ ਗਿਆਤਾ ਸਨ। ਗਿਆਨੀ ਜੀ ਇਕ ਇਤਿਹਾਸਕਾਰ, ਦਾਰਸ਼ਨਿਕ, ਵਿਆਖਿਆਕਾਰ, ਨਾਟਕਕਾਰ, ਕਵੀ ਅਤੇ ਸੁਘੜ ਸੰਪਾਦਕ ਸਨ। ਗਿਆਨੀ ਜੀ ਦੀਆਂ ਰਚਨਾਵਾਂ ਕਿੰਤੂ-ਮੁਕਤ ਸਿੱਖ ਸਾਹਿਤ ਵਿਚ ਸ਼ਾਲਾਘਾਯੋਗ ਵਾਧਾ ਕਰਦੀਆਂ ਹਨ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਸਿੱਖ ਇਤਿਹਾਸਕਾਰੀ, ਵਿਆਖਿਆਕਾਰੀ ਅਤੇ ਦਾਰਸ਼ਨਿਕ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਇਆ। ਆਪਣੀਆਂ ਸਿਰਜਣਾਵਾਂ ਰਾਹੀਂ ਜਿਥੇ ਸਿੱਖ ਸਾਹਿਤ ਨੂੰ ਅਮੀਰ ਕੀਤਾ ਉਥੇ ਦੁਰਲੱਭ ਗ੍ਰੰਥਾਂ ਦੀ ਸੰਪਾਦਨਾ ਕਰਕੇ ਸਿੱਖ ਸਾਹਿਤ ਨੂੰ ਸੰਭਾਲਿਆ ਵੀ ਹੈ।

ਅਗਲੇ ਅਧਿਆਇ ਵਿਚ ਗਿਆਨੀ ਜੀ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ।

# ਰਚਨਾ-ਵਿਸ਼ਲੇਸ਼ਣ

**ਵਿਸ਼ਾ ਪ੍ਰਵੇਸ਼:** ਜਿਸ ਸਮੇਂ ਗਿਆਨੀ ਜੀ ਦਾ ਜਨਮ ਹੋਇਆ ਉਸ ਸਮੇਂ ਦੇਸ਼ ਅੰਗਰੇਜ਼ਾਂ ਦਾ ਗੁਲਾਮ ਸੀ। ਦੇਸ਼ ਵਿਚ ਕਈ ਧਾਰਮਿਕ, ਸਮਾਜਿਕ, ਰਾਜਨੀਤਿਕ ਲਹਿਰਾਂ ਜਨਮ ਲੈ ਚੁੱਕੀਆਂ ਸਨ। ਇਨ੍ਹਾਂ ਲਹਿਰਾਂ ਖਾਸ ਕਰ ਸਿੰਘ ਸਭਾ ਲਹਿਰ ਨੇ ਸਿੱਖ ਸਾਹਿਤ ਦੀ ਸਿਰਜਣਾ ਨੂੰ ਪ੍ਰਭਾਵਿਤ ਕੀਤਾ। ਸਿੰਘ ਸਭਾ ਲਹਿਰ ਦਾ ਉਦੇਸ਼ ਜਿਥੇ ਸਿੱਖ ਧਰਮ ਦਾ ਪ੍ਰਚਾਰ ਕਰਨਾ ਸੀ ਉਥੇ ਗੁਰਬਾਣੀ ਦੀ ਕਸਵਟੀ 'ਤੇ ਸਿੱਖ ਸਾਹਿਤ ਨੂੰ ਪਰਖਣਾ ਵੀ ਸੀ। ਸਿੰਘ ਸਭਾ ਲਹਿਰ ਨੇ ਨਿਰੋਲ ਗੁਰਮਤਿ ਆਸ਼ੇ ਨੂੰ ਅਗੇ ਰਖ ਕੇ ਇਤਿਹਾਸ ਅਤੇ ਗੁਰਬਾਣੀ ਦੀ ਖੋਜ ਸ਼ੁਰੂ ਕੀਤੀ ਤਾਂ ਕਿ ਗੁਰਬਾਣੀ ਅਤੇ ਇਤਿਹਾਸ ਵਿਚੋਂ ਰਲਾਅ ਨੂੰ ਨਿਖੇੜਿਆ ਜਾ ਸਕੇ। ਇਸ ਇਤਿਹਾਸਕ ਪੜਚੋਲ ਅਤੇ ਗੁਰਬਾਣੀ ਦੀ ਖੋਜ ਵਿਚੋਂ ਕਈ ਅਜਿਹੇ ਵਿਚਾਰ ਰੌਸ਼ਨੀ ਵਿਚ ਆਏ ਜਿਨ੍ਹਾਂ ਨੇ ਲਕੀਰ ਦੇ ਫਕੀਰ ਖੋਜੀਆਂ ਨੂੰ ਚਕਾਚੌਂਧ ਕੀਤਾ। ਇਸ ਸਮੇਂ ਵਿਦਵਾਨਾਂ ਵਲੋਂ ਇਤਿਹਾਸਕਾਰੀ, ਵਿਆਖਿਆਕਾਰੀ, ਜੀਵਨੀ ਸਾਹਿਤ, ਪੱਤਰਕਾਰੀ, ਗੁਰਮਤਿ ਦਰਸ਼ਨ, ਅਨੁਵਾਦ ਅਤੇ ਸੰਪਾਦਨਾ ਦੇ ਖੇਤਰ ਵਿਚ ਬਹੁਮੁਲਾ ਯੋਗਦਾਨ ਪਾਇਆ ਗਿਆ। ਇਹ ਪ੍ਰਸਿਧ ਵਿਦਵਾਨ ਡਾ. ਗੰਡਾ ਸਿੰਘ, ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਪ੍ਰਿੰ. ਤੇਜਾ ਸਿੰਘ, ਮੋਹਨ ਸਿੰਘ ਵੈਦ, ਗਿਆਨੀ ਲਾਲ ਸਿੰਘ ਸੰਗਰੂਰ, ਕਰਮ ਸਿੰਘ ਹਿਸਟੋਰੀਅਨ ਆਦਿ ਸਨ।

ਗਿਆਨੀ ਜੀ ਦਾ ਰਚਨਾਕਾਲ 1954-2019 ਤਕ ਦਾ ਹੈ। ਗਿਆਨੀ ਜੀ ਦੇ ਸਮਕਾਲੀ ਵਿਦਵਾਨ ਪ੍ਰੋ. ਪ੍ਰੀਤਮ ਸਿੰਘ, ਪਿਆਰਾ ਸਿੰਘ ਪਦਮ, ਗਿਆਨੀ ਹਰਬੰਸ ਸਿੰਘ, ਪ੍ਰੋ. ਹਰਬੰਸ ਸਿੰਘ, ਗੁਰਬਚਨ ਸਿੰਘ ਤਾਲਿਬ, ਡਾ. ਗੁਰਮੁਖ ਸਿੰਘ, ਜਸਬੀਰ ਸਿੰਘ ਅਹਲੂਵਾਲੀਆ, ਤਾਰਨ ਸਿੰਘ, ਦੇਵਿੰਦਰ ਸਿੰਘ ਵਿਦਿਆਰਥੀ, ਡਾ. ਬਲਬੀਰ ਸਿੰਘ, ਡਾ. ਸ਼ੇਰ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਅਜਮੇਰ ਸਿੰਘ ਆਦਿ ਸਨ। ਇਨ੍ਹਾਂ ਵਿਦਵਾਨਾਂ ਨੇ ਆਪਣੀਆਂ ਵਡਮੁਲੀਆਂ ਰਚਨਾਵਾਂ ਰਾਹੀਂ ਸਿੱਖ ਸਾਹਿਤ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਗਿਆਨੀ ਬਲਵੰਤ ਸਿੰਘ ਆਪਣੇ ਸਮਕਾਲੀ ਵਿਦਵਾਨਾਂ ਵਿਚ ਪ੍ਰਸਿਧ ਨਿਰਮਲੇ ਵਿਦਵਾਨ ਸਨ। ਨਿਰਮਲ ਸੰਪ੍ਰਦਾਇ ਦਾ ਇਤਿਹਾਸ ਲਿਖਣ ਵਿਚ ਉਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ। ਹਥਲੇ ਅਧਿਆਇ ਵਿਚ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ ਤਾਂ ਜੋ ਉਨ੍ਹਾਂ ਦੁਆਰਾ ਸਿੱਖ ਸਾਹਿਤ ਵਿਚ ਪਾਏ ਯੋਗਦਾਨ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ। ਗਿਆਨੀ ਜੀ ਦੀਆਂ ਪ੍ਰਕਾਸ਼ਿਤ ਰਚਨਾਵਾਂ ਦਾ ਵਿਸ਼ਲੇਸ਼ਣ ਕਰਨ ਲਈ ਅਸੀਂ ਉਨ੍ਹਾਂ ਦੀਆਂ ਰਚਨਾਵਾਂ ਨੂੰ ਵਿਸ਼ੇ ਅਧਾਰਿਤ ਹੇਠ ਲਿਖੇ ਵਰਗਾਂ ਵਿਚ ਵੰਡ ਰਹੇ ਹਾਂ:

3.1 ਵਿਆਖਿਆਕਾਰੀ

3.2 ਸਿਧਾਂਤਕਾਰੀ

3.3 ਇਤਿਹਾਸਕਾਰੀ

**3.1 ਵਿਆਖਿਆਕਾਰੀ:** ਗਿਆਨੀ ਬਲਵੰਤ ਸਿੰਘ ਜੀ ਇਕ ਇਤਿਹਾਸਕਾਰ ਦੇ ਤੌਰ 'ਤੇ ਪ੍ਰੀਸਿਧ ਹੋਏ ਪਰ ਉਨ੍ਹਾਂ ਨੇ 'ਜਪੁ' ਬਾਣੀ ਦਾ ਟੀਕਾ ਕਰ ਕੇ ਵਿਆਖਿਆਕਾਰੀ ਵਿਚ ਵੀ ਯੋਗਦਾਨ ਪਾਇਆ। ਗੁਰਬਾਣੀ ਵਿਆਖਿਆਕਾਰੀ ਜਿਸ ਦਾ ਮੁਢ ਸਤਾਰ੍ਹਵੀ ਸਦੀ ਵਿਚ ਮਿਹਰਬਾਨੀ ਟੀਕਿਆਂ ਤੋਂ ਬੱਝਦਾ ਹੈ ਨੇ ਸਿੰਘ ਸਭਾ ਲਹਿਰ ਦੇ ਸਮੇਂ ਹੋਰ ਤਰੱਕੀ ਕੀਤੀ। ਇਸ ਕਾਲ ਵਿਚ ਸੰਪ੍ਰਦਾਈ ਅਰਥਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਦਸਮ ਗ੍ਰੰਥ ਅਤੇ ਹੋਰ ਭਗਤਾਂ ਦੀ ਰਚਨਾ ਦੇ ਟੀਕੇ ਅਥਵਾ ਪਰਮਾਰਥ ਕੀਤੇ ਗਏ ਉਥੇ ਆਧੁਨਿਕ ਚੇਤਨਤਾ ਨੂੰ ਇਹ ਵਿਧੀਆਂ ਸੰਤੁਸ਼ਟ ਨਾ ਕਰ ਸਕੀਆਂ ਅਤੇ ਕੁਝ ਵਿਸ਼ੇਸ਼ ਵਿਦਵਾਨਾਂ ਨੇ ਪੱਛਮੀ ਢੰਗ ਦੀ ਵਿਆਖਿਆਤਮਕ ਵਿਧੀ ਤੇ ਟੀਕਾਕਾਰੀ ਨੂੰ ਅਪਣਾਇਆ ਅਤੇ ਟੀਕਾਕਾਰੀ ਨੂੰ ਵਿਗਿਆਨਿਕ ਵਿਧੀਆਂ 'ਤੇ ਤੋਰਿਆ। ਇਸ ਟੀਕਾਕਾਰੀ ਦੇ ਖੇਤਰ ਵਿਚ ਗਿਆਨੀ ਬਦਨ ਸਿੰਘ, ਪੰਡਿਤ ਤਾਰਾ ਸਿੰਘ, ਗਿਆਨੀ ਹਜ਼ਾਰਾ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਪ੍ਰਿੰ. ਤੇਜਾ ਸਿੰਘ, ਪੰਡਿਤ ਕਰਤਾਰ ਸਿੰਘ ਦਾਖਾ, ਗਿਆਨੀ ਲਾਲ ਸਿੰਘ ਸੰਗਰੂਰ, ਪ੍ਰੋ. ਸਾਹਿਬ ਸਿੰਘ, ਭਾਈ ਵੀਰ ਸਿੰਘ, ਡਾ. ਤਾਰਨ ਸਿੰਘ ਆਦਿ ਟੀਕਾਕਾਰਾਂ ਨੇ ਆਪਣਾ ਯੋਗਦਾਨ ਪਾਇਆ।

ਡਾ. ਤਾਰਨ ਸਿੰਘ ਅਨੁਸਾਰ, 'ਵਿਆਖਿਆਕਾਰੀ ਉਹ ਸਿਰਜਨਾਤਮਕ ਕਲਾ ਹੈ ਜੋ ਕਿਸੇ ਅਨੁਭਵੀ ਸਾਹਿਤਕ ਕਿਰਤ ਦੇ ਵਿਚਾਰਾਂ, ਭਾਵਾਂ, ਭਾਵਨਾਵਾਂ ਨੂੰ ਸਪਸ਼ਟ ਕਰਨ ਦਾ ਯਤਨ ਕਰਦੀ ਹੈ। ਧਰਮ ਗ੍ਰੰਥਾਂ ਦੇ ਵਿਸ਼ੇਸ਼ ਕਰਕੇ ਅਤੇ ਹੋਰ ਸਾਹਿਤਕ ਗ੍ਰੰਥਾਂ ਦੇ ਆਮ ਕਰਕੇ ਜੋ ਪਦਾਰਥ, ਟੀਕੇ, ਭਾਸ਼, ਪਰਮਾਰਥ, ਆਦਿ ਮਿਲਦੇ ਹਨ, ਉਹ ਇਸੇ ਵਰਗ ਦੀਆਂ ਰਚਨਾਵਾਂ ਕਹੇ ਜਾ ਸਕਦੇ ਹਨ। ਪਦਾਰਥ ਵਿਚ ਪ੍ਰਯਾਯਵਾਚੀ ਸ਼ਬਦੀ ਅਰਥ ਹੁੰਦੇ ਹਨ; ਟੀਕਾ, ਟਿੱਪਣੀਆਂ ਸਹਿਤ, ਰਚਨਾ ਨੂੰ ਸਰਲ ਬੋਲੀ ਵਿਚ ਇੰਨ ਬਿੰਨ ਪੇਸ਼ ਕਰਦਾ ਹੈ; ਭਾਸ਼ ਵਿਚ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਨ ਤੋਂ ਰਚਨਾ ਦੇ ਸਿਧਾਂਤ ਤੇ ਭਾਵ, ਭਾਵਨਾ ਪ੍ਰਗਟ ਕੀਤੇ ਜਾਂਦੇ ਹਨ; ਪਰਮਾਰਥ ਰਚਨਾ ਦੇ ਅਧਿਆਤਮਕ ਸਿਧਾਂਤਾਂ ਨੂੰ ਸਪਸ਼ਟ ਕਰਦਾ ਹੈ।[1]

ਗੁਰਬਾਣੀ ਵਿਆਖਿਆਕਾਰੀ ਦੇ ਨਮੂਨੇ ਗਿਆਨੀ ਜੀ ਦੀਆਂ ਲਗਭਗ ਸਾਰੀਆਂ ਰਚਨਾਵਾਂ ਵਿਚ ਵੇਖੇ ਜਾ ਸਕਦੇ ਹਨ ਪਰ ਵਿਆਖਿਆਕਾਰੀ ਵਿਚ ਗਿਆਨੀ ਜੀ ਦੁਆਰਾ ਕੀਤਾ ਗਿਆ ਮਹੱਤਵਪੂਰਨ ਕਾਰਜ *ਜਪੁ ਜੀ ਸਾਹਿਬ ਸਟੀਕ* ਅਤੇ *ਰੂਪ ਦੀਪ ਸਟੀਕ* ਹਨ। ਇਥੇ ਅਸੀਂ *ਜਪੁ ਜੀ ਸਾਹਿਬ ਸਟੀਕ* ਨੂੰ ਅਧਾਰ ਬਣਾ ਕੇ ਗਿਆਨੀ ਜੀ ਦੁਆਰਾ ਕੀਤੀ ਗੁਰਬਾਣੀ ਵਿਆਖਿਆਕਾਰੀ ਨੂੰ ਸਮਝਣ ਦਾ ਜਤਨ ਕਰਾਂਗੇ।

*ਜਪੁ ਜੀ ਸਾਹਿਬ ਸਟੀਕ* ਦੀ ਰਚਨਾ ਗਿਆਨੀ ਬਲਵੰਤ ਸਿੰਘ ਦੁਆਰਾ 1962 ਈ. ਵਿਚ ਕੀਤੀ ਗਈ ਸੀ। ਇਹ ਸਟੀਕ ਉਨ੍ਹਾਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤਾ ਗਿਆ ਸੀ ਪਰ ਗਿਆਨੀ ਜੀ ਉਸ ਸਮੇਂ ਆਪਣੀ ਇਸ ਰਚਨਾ ਨੂੰ ਪ੍ਰਕਾਸ਼ਿਤ ਨਾ ਕਰਵਾ ਸਕੇ। ਇਹ ਸਟੀਕ ਜੁਲਾਈ 2020 ਈ. ਵਿਚ ਗਿਆਨੀ ਜੀ ਦੇ ਸਪੁੱਤਰ ਗਿਆਨੀ ਕੌਰ ਸਿੰਘ ਕੋਠਾ ਗੁਰੂ ਦੁਆਰਾ ਪ੍ਰਕਾਸ਼ਿਤ ਕਰਵਾਇਆ ਗਿਆ। 105 ਪੰਨਿਆਂ ਦੀ ਇਸ ਰਚਨਾ ਵਿਚ ਜਪੁ ਜੀ ਸਾਹਿਬ ਦੇ ਅਰਥ ਕੀਤੇ

---

1 ਡਾ. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆ,* ਪੰਨਾ 1.

ਗਏ ਹਨ। ਆਰੰਭ ਵਿਚ ਭੂਮਿਕਾ, ਜਪੁ ਬਾਣੀ ਦੇ ਅਰਥ ਅਤੇ ਅੰਤ ਵਿਚ ਜਪੁ ਬਾਣੀ ਦਾ ਸ਼ਬਦਕੋਸ਼ ਅੰਕਿਤ ਕੀਤਾ ਗਿਆ ਹੈ। ਗਿਆਨੀ ਜੀ ਦੀ ਵਿਆਖਿਆਕਾਰੀ ਨੂੰ ਸਮਝਣ ਲਈ ਅਸੀਂ ਨਿਮਨਲਿਖਤ ਚਾਰ ਬਿੰਦੂਆਂ ਤਹਿਤ ਉਨ੍ਹਾਂ ਦੀ ਰਚਨਾ ਦਾ ਵਿਸ਼ਲੇਸ਼ਣ ਕਰਾਂਗੇ:

3.1.1. ਤਕਨੀਕੀ ਸ਼ਬਦਾਵਲੀ

3.1.2. ਜਪੁ ਬਾਣੀ ਦੀ ਵਿਆਖਿਆ

3.1.3. ਸਿਧਾਂਤ

3.1.4. ਗਿਆਨੀ ਜੀ ਦੀ ਵਿਆਖਿਆਕਾਰੀ ਦੀਆਂ ਵਿਸ਼ੇਸ਼ਤਾਵਾਂ

**3.1.1 ਤਕਨੀਕੀ ਸ਼ਬਦਾਵਲੀ:** ਗਿਆਨੀ ਜੀ ਦੁਆਰਾ ਰਚਿਤ *ਜਪੁ ਜੀ ਸਾਹਿਬ ਸਟੀਕ* ਵਿਚ ਆਏ ਤਕਨੀਕੀ ਸ਼ਬਦਾਂ ਦੇ ਅਰਥ ਪਉੜੀਵਾਰ ਨਿਮਨਲਿਖਤ ਹਨ। ਇਥੇ ਗਿਆਨੀ ਜੀ ਦੁਆਰਾ ਵਰਤੀ ਗਈ ਸ਼ਬਦਾਵਲੀ ਨੂੰ ਹੂ ਬ ਹੂ ਦਿੱਤਾ ਗਿਆ ਹੈ।

**ੴ:** ਭਾਵ-ਇਕ ਓਅੰਕਾਰ (ਨਿਰੰਕਾਰ, ਨਿਰਾਕਾਰ =ਬ੍ਰਹਮ) ਸੋ ਕਹੀਏ ੴ ਇਕ ਓਅੰਕਾਰ, 'ਗੁਰਮਤਿ ਦਰਸ਼ਨਿ' ਨੇ ਇਸ ਦਾ ਰੂਪ "੧" ਰਖਿਆ ਹੈ। (ਏਹ ਅਕਾਲਪੁਰਖ ਦੇ ਸਰਬ ਸ਼੍ਰੋਮਣਿ ਹੋਣ ਦਾ ਮਹਾਂ ਵਿਸ਼ੇਸ਼ਨ ਹੈ।) (ਮਾਇਆ ਸਬਲ ਵਿਸ੍ਵ ਵਰਾਟ ਸਥੂਲ ਰੂਪ ਕਾਰਯ ਬ੍ਰਹਮ) (ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 52)[2]

**ਸਤਿ:** ਸਚ (ਉਹੀ)

**ਨਾਮੁ:** ਅਪੂਰਬ ਵਸਤੂ (ਪ੍ਰਮਤਤ ਅਸਚਰਜ ਰੂਪ) (ਉਹੀ)

**ਸਤਿਨਾਮੁ:** ਸਤਿ ਸਥਿਰ ਪ੍ਰਮਤਤਯ ਗਿਆਨ ਸਰੂਪ (ਜਿਸ ਦਾ) ਨਾਮ ਸਤਿ ਹੈ। (ਉਹੀ, ਪੰਨਾ 53)

**ਕਰਤਾ:** ਸਰਬ ਵਿਸ੍ਵ (ਮਨੁਖ, ਪਸੂ, ਬਨਿਸਪਤੀ, ਤਤਾਂ, ਅਣੂਆਂ, ਪ੍ਰਮਾਣੂਆਂ) ਦਾ ਕਰਤਾ, ਰਚਿਨਾ ਕਰਨ ਵਾਲਾ, ਕਰਨ ਕਾਰਨ, ਉਤਪਤੀ ਕਰਨ ਵਾਲਾ। (ਉਹੀ)

**ਪੁਰਖੁ:** ਸੁਧ ਬ੍ਰਹਮ ਮਾਇਆ (ਅਵਿਦਿਆ) ਤੋਂ ਨਿਰਵਿਕਾਰ (ਅਲੇਪ) ਚੇਤਨ, ਸੁਧ ਸਰੂਪ, ਸਰਬ ਵਿਸ੍ਵ ਵਿਖੇ ਪੂਰਨ ਵਿਆਪਕ। (ਉਹੀ, ਪੰਨਾ 54)

**ਕਰਤਾ ਪੁਰਖੁ:** ਵਿਸ੍ਵ ਦਾ ਕਰਤਾ ਅਵਿਦਿਆ (ਮਾਇਆ) ਤੋਂ ਨਿਰਲੇਪ ਚੇਤਨ ਸੁਧ ਬ੍ਰਹਮ। (ਉਹੀ)

**ਨਿਰਭਉ:** ਨਿਰਭਯ ਨਿਰ+ਭਉ ਸਦੀਵ ਕਾਲ ਤੋਂ ਰਹਿਤ। (ਉਹੀ)

**ਨਿਰਵੈਰ:** ਸਦੀਵ ਕਾਲ ਵੈਰ ਭਾਵਨਾ ਤੋਂ ਰਹਿਤ, ਈਰਖਾ ਦ੍ਵੈਸ਼ ਤੋਂ ਰਹਿਤ। (ਉਹੀ, ਪੰਨਾ 55)

**ਅਕਾਲ ਮੂਰਤਿ:** ਕਾਲ ਤੋਂ ਰਹਿਤ, ਹੋਂਦ ਵਾਲਾ। (ਉਹੀ)

**ਅਜੂਨੀ:** ਆਵਾਗਵਨ ਦੇ ਚਕਰ 'ਚੋ ਰਹਿਤ। (ਉਹੀ)

---

[2] ਤਕਨੀਕੀ ਸ਼ਬਦਾਵਲੀ ਦੇ ਹਵਾਲੇ ਸੰਬੰਧਿਤ ਸ਼ਬਦ ਦੇ ਨਾਲ ਬਰੈਕਟ ਵਿਚ ਦਿਤੇ ਜਾ ਰਹੇ ਹਨ ਕਿਉਂਕਿ ਫੁਟਨੋਟਾਂ ਦੀ ਬਹੁਤਾਤ ਕਾਰਨ ਉਲਝਨ ਪੈਦਾ ਹੋ ਰਹੀ ਸੀ।

**ਸੈਭੰ**: ਸੵਯੰਭਵੰ (ਸ੍ਵੈ) ਆਪਣੇ ਆਪ ਤੋਂ ਪ੍ਰਗਟ ਰੂਪ। (ਉਹੀ, ਪੰਨਾ 56)

**ਗੁਰਪ੍ਰਸਾਦਿ**: ਅਪੂਰਬ ਪ੍ਰਮ ਕ੍ਰਿਪਾਲਤਾ (ਉਹੀ)

**ਜਪੁ**: ਏਹ ਬਾਣੀ ਦਾ ਨਾਂਉ ਹੈ। (ਉਹੀ)

**ਆਦਿ ਸਚੁ**: ਜੋ (ਪ੍ਰਮੇਸੂਰ) ਆਦਿ (ਪਹਿਲੇ) ਵੀ ਸਚ (ਰੂਪ) ਸੀ। (ਉਹੀ)

**ਜੁਗਾਦਿ ਸਚੁ**: ਪਰਮਾਤਮਾ ਹੁਣ ਵੀ (ਸਤਯ) ਸਚ ਹੈ। (ਉਹੀ)

**ਹੈ ਭੀ ਸਚੁ**: ਏਹ ਕੇਵਲ ਅਜੇਹਾ ਪ੍ਰਤੀਤ ਹੀ ਨਹੀਂ ਹੁੰਦਾ ਬਲਕੇ ਨਿਸਚੈ ਹੀ ਸਤਿ ਹੈ। (ਉਹੀ)

**ਨਾਨਕ ਹੋਸੀ ਭੀ ਸਚੁ**: ਅਗੇ ਨੂੰ ਭਵਿਖਯਤ ਵਿਚ ਵੀ ਸਤਿ ਹੀ ਰਹਿਗਾ। (ਉਹੀ)

**ਸਚਿਆਰਾ**: ਸਚੇ (ਪਉੜੀ 1, ਉਹੀ, ਪੰਨਾ 57)

**ਹੁਕਮਿ**: ਭਾਣਾ (ਪਉੜੀ 1, ਉਹੀ)

**ਉਤਮੁ**: ਚੰਗਾ (ਪਉੜੀ 1, ਉਹੀ)

**ਨੀਚੁ**: ਮੰਦਾ ( ਪਉੜੀ 2, ਉਹੀ)

**ਬਖਸੀਸ**: ਬਖਸ਼ਸ਼ਾਂ (ਪਉੜੀ 2, ਉਹੀ)

**ਭਵਾਈਅਹਿ**: ਆਵਾਗਵਨ ਦੇ ਚਕਰ ਵਿਚ (ਪਉੜੀ 2, ਉਹੀ)

**ਬੁਝੈ**: ਸਮਝ ਲਵੇ (ਪਉੜੀ 2, ਉਹੀ, ਪੰਨਾ 58)

**ਹਉਮੈ**: ਅਹੰਕਾਰ (ਪਉੜੀ 2, ਉਹੀ)

**ਤਾਣੁ**: ਤਾਕਤ (ਪਉੜੀ 3, ਉਹੀ)

**ਨੀਸਾਣੁ**: ਚਿੰਨ੍ਹ (ਨਿਸ਼ਾਨ) (ਪਉੜੀ 3, ਉਹੀ)

**ਵਡਿਆਈ**: ਸ੍ਰੇਸ਼ਟ ਵਡਿਆਈਆਂ (ਪਉੜੀ 3, ਉਹੀ)

**ਆਚਾਰ**: ਅਪੂਰਬ ਆਚਰਨ (ਪਉੜੀ 3, ਉਹੀ)

**ਵੀਚਾਰੁ**: ਵਿਦਿਆ (ਸਿਧਾਂਤ, ਫ਼ਿਲਾਸਫ਼ੀ+ਪ੍ਰਕ੍ਰਿਤੀ ਵਿਗਿਆਨ) (ਪਉੜੀ 3, ਉਹੀ)

**ਨਾਇ**: ਨਾਂਉ (ਪਉੜੀ 4, ਉਹੀ, ਪੰਨਾ 59)

**ਭਾਖਿਆ**: ਅਨੇਕਾਂ ਭਾਸ਼ਾਵਾਂ (ਪਉੜੀ 4, ਉਹੀ)

**ਅੰਮ੍ਰਿਤ ਵੇਲਾ**: ਅੰਮ੍ਰਿਤ ਵੇਲਾ (ਪਉੜੀ 4, ਉਹੀ)

**ਵਡਿਆਈ ਵੀਚਾਰੁ**: ਪਰਮਾਤਮਾ ਦੀਆਂ ਵਡਿਆਈਆਂ ਦੀ ਵੀਚਾਰ ਕਰਨਾ। (ਪਉੜੀ 4, ਉਹੀ)

**ਕਰਮੀ**: ਕਰਮਾਂ (ਪਉੜੀ 4, ਉਹੀ, ਪੰਨਾ 60)

**ਕਪੜਾ**: ਸਰੀਰ ਰੂਪੀ ਕਪੜਾ (ਪਉੜੀ 4, ਉਹੀ)

**ਨਦਰੀ**: ਨਦਰ (ਪਉੜੀ 4, ਉਹੀ)

**ਮੋਖੁ**: ਮੁਕਤੀ (ਪਉੜੀ 4, ਉਹੀ)

**ਨਿਰੰਜਨੁ**: ਨਿਰ+ਅੰਜਨ ਮਾਇਆ ਰਹਿਤ ਪ੍ਰਮੇਸ੍ਰਰ (ਪਉੜੀ 5, ਉਹੀ)

**ਗੁਰਮੁਖਿ ਨਾਦੰ**: ਗੁਰੂ ਦਾ ਵਾਕ (ਕਥਨ ਕੀਤਾ ਹੋਇਆ) ਸੁਰਤੀ ਰੂਪ ਹੈ। (ਪਉੜੀ 5, ਉਹੀ)

**ਗੁਰਮੁਖਿ ਵੇਦੰ** : ਗੁਰੂ ਦਾ ਵਾਕ ਹੀ 'ਵੇਦੰ' ਗਿਆਨ ਰੂਪ ਹੈ। (ਪਉੜੀ 5, ਉਹੀ)

**ਗੁਰੁ ਈਸਰੁ**: ਅਕਾਲ ਪੁਰਖ ਆਪ ਹੀ ਈਸ਼ਰ 'ਈਸ਼ੜ' ਧਾਤੂ ਤੋਂ ਹਕੂਮਤ (ਜਾਇਦਾਦ) ਦਾ ਸ੍ਵਾਮੀ (ਮਾਲਕ) (ਪਉੜੀ 5, ਉਹੀ, ਪੰਨਾ 61)

**ਗੁਰੁ ਗੋਰਖੁ**: ਵਿਸ੍ਰ ਦੀ ਰਖਿਆ ਕਰਨ ਵਾਲਾ। (ਪਉੜੀ 5, ਉਹੀ)

**ਬਰਮਾ**: ਬ੍ਰਹਮਾ (ਪਉੜੀ 5, ਉਹੀ)

**ਪਾਰਬਤੀ ਮਾਈ**: ਪ੍ਰਬਤ ਦੀ ਪੁਤ੍ਰੀ 'ਪਾਰਬਤੀ' 'ਮਾਈ' ਤੋਂ 'ਮਾ' ਲਛਮੀ, 'ਈ' ਸਰਸ੍ਵਤੀ ਰੂਪ ਵਿਚ ਪ੍ਰਕ੍ਰਿਤੀ (ਪਉੜੀ 5, ਉਹੀ)

**ਤੀਰਥਿ**: ਤੀਰਥ (ਪਉੜੀ 6, ਉਹੀ, ਪੰਨਾ 62)

**ਕਰਮਾ**: ਕੰਮ (ਪਉੜੀ, ਉਹੀ )

**ਰਤਨ ਜਵਾਹਰ ਮਾਣਿਕ**: ਹੀਰੇ, ਮੋਤੀ, ਜਵਾਹਰਾਤ (ਪਉੜੀ 6, ਉਹੀ)

**ਸਿਖ**: ਸਿਖਿਆ (ਪਉੜੀ 6, ਉਹੀ)

**ਗੁਰਾ**: ਸਤਿਗੁਰੂ (ਪਉੜੀ 6, ਉਹੀ)

**ਨਦਰਿ**: ਨਜ਼ਰ (ਨਿਗਾਹ) (ਪਉੜੀ 7, ਉਹੀ)

**ਸਿਧ**: ਸਿਧ (ਨਾਗ ਅਰਜਨ ਆਦਿਕ ੮੪) (ਪਉੜੀ 8, ਉਹੀ, ਪੰਨਾ 63)

**ਪੀਰ**: ਪੀਰ (ਜੋ ਇਸਲਾਮ ਦੇ ਧਾਰਮਿਕ ਆਗੂ ਹਨ) (ਪਉੜੀ 8, ਉਹੀ)

**ਸੁਰਿ**: ਦੇਵਤੇ (ਪਉੜੀ 8, ਉਹੀ)

**ਨਾਥ**: ਨਾਥਾਂ ਦੀਆਂ ਸੰਪ੍ਰਦਾਵਾਂ (ਪਉੜੀ 8, ਉਹੀ)

**ਵਿਗਾਸੁ**: ਸਦੀਵ ਆਤਮਿਕ ਅਨੰਦ (ਪਉੜੀ 8, ਉਹੀ, ਪੰਨਾ 64)

**ਸਾਸਤ**: ਸ਼ਾਸਤ੍ਰਾਂ (ਪਉੜੀ 9, ਉਹੀ)

**ਸਿਮ੍ਰਿਤਿ**: ਸਿੰਮ੍ਰਿਤੀਆਂ (ਪਉੜੀ 9, ਉਹੀ)

**ਵੇਦ**: ਵੇਦਾਂ (ਪਉੜੀ 9, ਉਹੀ)

**ਸਤੁ**: ਸਚ (ਇਖਲਾਕ) (ਪਉੜੀ 10, ਉਹੀ)

**ਸੰਤੋਖੁ**: ਸੰਤੋਖ (ਤ੍ਰਿਪਤੀ, ਸਬਰ) (ਪਉੜੀ 10, ਉਹੀ)

**ਗਿਆਨੁ**: ਬ੍ਰਹਮ (ਗਿਆਨ) (ਪਉੜੀ 10, ਉਹੀ)

**ਅਠਸਠਿ ਕਾ ਇਸਨਾਨੁ**: ੬੮ ਤੀਰਥਾਂ ਦੇ ਇਸਨਾਨ (ਪਉੜੀ 10, ਉਹੀ, ਪੰਨਾ 65)

**ਸਹਜਿ ਧਿਆਨੁ**: ਸੁਭਾਵਕ ਹੀ ਸ੍ਵਯੰ ਆਪੇ ਦੀ ਲਖਤਾ (ਸੋਝੀ) (ਪਉੜੀ 10, ਉਹੀ)

**ਸਰਾ ਗੁਣਾ**: ਸਮੂਹ ਖ਼ੂਬੀਆਂ (ਵਡਿਆਈਆਂ) (ਪਉੜੀ 11, ਉਹੀ)

**ਸੇਖ**: ਸੇਖਾਂ (ਜੋ ਇਸਲਾਮ ਦੀ ਪਵਿਤ੍ਰ ਜਾਤੀ ਹੈ) (ਪਉੜੀ 11, ਉਹੀ)

**ਪੀਰ**: ਇਸਲਾਮ ਦੇ ਮੁਰਸ਼ਦ (ਪਉੜੀ 11, ਉਹੀ)

**ਪਾਤਸਾਹ**: ਸਹਿਨਸ਼ਾਹਾਂ (ਸਮਰਾਟਾਂ) (ਪਉੜੀ 11, ਉਹੀ)

**ਅਸਗਾਹੁ**: ਅਥਾਹ (ਪਉੜੀ 11, ਉਹੀ)

**ਗਤਿ**: ਮਹਾਤਮ (ਪਉੜੀ 12, ਉਹੀ)

**ਨਿਰੰਜਨੁ**: ਮਾਇਆ (ਅਵਿਦਿਆ) ਰਹਿਤ ਪ੍ਰਮੇਸ੍ਵਰ (ਪਉੜੀ 12, ਉਹੀ, ਪੰਨਾ 66)

**ਸੁਰਤਿ**: ਸੁਭਾਵਕ ਗਿਆਨ (ਪਉੜੀ 13, ਉਹੀ)

**ਮਨਿ**: ਮੰਨਣ ਕਰਨਾ (ਪਉੜੀ 13, ਉਹੀ)

**ਸਗਲ ਭਵਨ**: ਸਮੂਹ ਭਵਨ (ਵਿਸ੍ਵਾਤ) (ਪਉੜੀ 13, ਉਹੀ)

**ਠਾਕ**: ਰੋਕ (ਪਉੜੀ 14, ਉਹੀ, ਪੰਨਾ 67)

**ਪੰਥੁ**: ਮਾਰਗ (ਪਉੜੀ 14, ਉਹੀ)

**ਧਰਮ**: ਸਚ, ਦੈਯਾ, ਇਖਲਾਕ (ਪਉੜੀ 14, ਉਹੀ)

**ਮੋਖੁ ਦੁਆਰੁ**: ਮੁਕਤੀ ਦਾ ਦਰਬਾਜਾ (ਪਉੜੀ 15, ਉਹੀ)

**ਪਰਵਾਰੈ ਸਾਧਾਰੁ**: ਪਰਵਾਰ ਨੂੰ ਸਿਮਰਨ ਵਲ ਜੋੜ ਕੇ ਕਲਿਆਣ ਦੇ ਅਧਿਕਾਰੀ ਬਣਾਉਣਾ। (ਪਉੜੀ 15, ਉਹੀ)

**ਭਵਹਿ**: ਧਕੇ (ਪਉੜੀ 15, ਉਹੀ)

**ਭਿਖ**: ਭਿਖਿਆ (ਪਉੜੀ 15, ਉਹੀ)

**ਪੰਚ**: ਸ਼ਰੇਸਟ ਪੁਰਸ਼ (ਪਉੜੀ 16, ਉਹੀ, ਪੰਨਾ 68)

**ਧੌਲੁ ਧਰਮੁ**: ਅਕਾਲੀ ਵਿਧਾਨ ਹੀ ਧਵਲ ਹੈ (ਪਉੜੀ 16, ਉਹੀ)

**ਧਰਤੀ ਹੋਰੁ ਪਰੈ ਹੋਰੁ ਹੋਰੁ**: ਧਰਤੀ ਤਾਂ ਹੋਰ ਅਗੇ ਤੋਂ ਅਗੇ ਵਿਸ਼ਾਲ ਹੈ (ਪਉੜੀ 16, ਉਹੀ, ਪੰਨਾ 69)

**ਵੁੜੀ ਕਲਾਮ**: ਅਰੁਕ ਕਲਮ (ਪਉੜੀ 16, ਉਹੀ)

**ਤਾਣੁ**: ਸ਼ਕਤੀ (ਪਉੜੀ 16, ਉਹੀ)

**ਸੁਆਲਿਹੁ**: ਸੁੰਦਰਤਾ (ਪਉੜੀ 16, ਉਹੀ)

**ਪਸਾਉ**: ਰਚਨਾ (ਪਉੜੀ 16, ਉਹੀ)

**ਕਵਾਉ**: ਇਕੋ ਬੋਲ (ਪਉੜੀ 16, ਉਹੀ)

**ਪੂਜਾ**: ਅਰਚਾ, ਬੰਦਨ, ਸੇਵਨ, ਲੇਪਨ, ਪ੍ਰਕ੍ਰਨ, ਅਰਪਨ, ਉਪਾਸ਼ਨਾ ਆਦਿ (ਪਉੜੀ 17, ਉਹੀ, ਪੰਨਾ 71)

**ਸੂਰ**: ਸੂਰਮੇ (ਪਉੜੀ 17, ਉਹੀ)

**ਭਖ ਸਾਰ**: ਲੋਹੇ ਦੇ ਸ਼ਸਤ੍ਰਾਂ ਨੂੰ ਆਪਣੇ ਮੂੰਹ ਤੇ ਸਹਿਨ ਕਰਨ ਵਾਲੇ (ਪਉੜੀ 17, ਉਹੀ)

**ਮੂਰਖ**: ਅਗਿਆਨੀ (ਪਉੜੀ 18, ਉਹੀ, ਪੰਨਾ 72)

**ਅੰਧ ਘੋਰ**: ਅੰਧ ਵਿਸ਼ਵਾਸੀ (ਅਸਲੀਅਤ ਤੋਂ ਸੈਂਕੜੇ ਕੋਹਾਂ ਦੂਰ) (ਪਉੜੀ 18, ਉਹੀ)

**ਗਲਵਢ ਹਤਿਆ ਕਮਾਹਿ**: ਗਲ ਕਟ ਕੇ (ਹਿੰਸਾ) ਹਤਿਆ ਕਮਾਉਂਦੇ ਹਨ (ਪਉੜੀ 18, ਉਹੀ)

**ਕੂੜਿਆਰ**: ਝੂਠੇ (ਪਉੜੀ 18, ਉਹੀ)

**ਮਲੇਛ**: ਪਤਿਤ ਕੁਕਰਮੀ (ਪਉੜੀ 18, ਉਹੀ)

**ਮਲੁ**: ਗੰਦ, ਅਭਖ (ਪਉੜੀ 18, ਉਹੀ)

**ਅਖਰੀ**: ਅਖਰਾਂ ਦੇ ਰਾਹੀਂ। (ਪਉੜੀ 19, ਉਹੀ, ਪੰਨਾ 73)

**ਗਿਆਨੁ**: ਵੀਚਾਰ (ਪਉੜੀ 19, ਉਹੀ)

**ਗੀਤ**: ਰੱਬ ਦਾ ਸਿਮਰਨ (ਕੀਰਤਨ ਤੇ ਜਸ) (ਪਉੜੀ 19, ਉਹੀ)

**ਗੁਣ**: ਗੁਣਾਂ (ਖੂਬੀਆਂ) (ਪਉੜੀ 19, ਉਹੀ)

**ਬਾਣਿ**: ਭਾਸ਼ਾ (ਪਉੜੀ 19, ਉਹੀ)

**ਸੰਜੋਗੁ**: ਈਸ੍ਵਰੀ ਸੰਬੰਧ (ਰਿਸ਼ਤੇ) (ਪਉੜੀ 19, ਉਹੀ)

**ਵਖਾਣਿ**: ਬਿਆਨ (ਪਉੜੀ 19, ਉਹੀ)

**ਮਤਿ**: ਬੁਧੀ (ਪਉੜੀ 20, ਉਹੀ, ਪੰਨਾ 74)

**ਪਾਪਾ**: ਵਿਕਾਰਾਂ (ਪਉੜੀ 20, ਉਹੀ)

**ਤਪੁ**: ਤਪਸਿਆ (ਪਉੜੀ 21, ਉਹੀ, ਪੰਨਾ 75)

**ਅੰਤਰਗਤਿ ਤੀਰਥਿ**: ਗੁਰਸ਼ਬਦ ਤੀਰਥ (ਆਤਮਿਕ ਮੰਡਲ) (ਪਉੜੀ 21, ਉਹੀ)

**ਸੁਅਸਤਿ**: ਅਨੰਦ ਰੂਪ, ਕਲਿਆਣ ਸਰੂਪ ਵਾਹਿਗੁਰੂ (ਪਉੜੀ 21, ਉਹੀ)

**ਆਥਿ**: ਮਾਇਆ (ਪਉੜੀ 21, ਉਹੀ)

**ਬਾਣੀ ਬਰਮਾਉ**: ਬਾਣੀ ਅਤੇ ਬ੍ਰਹਮ। (ਪਉੜੀ 21, ਉਹੀ)

**ਸਤਿ ਸੁਹਾਣੁ**: ਸਚ ਦਾ ਪ੍ਰਕਾਸ਼ (ਪਉੜੀ 21, ਉਹੀ, ਪੰਨਾ 76)

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ**: ਲਖਾਂ ਪਤਾਲ ਅਤੇ ਲਖਾਂ ਅਕਾਸ਼ (ਪਉੜੀ 22, ਉਹੀ, ਪੰਨਾ 77)

**ਓੜਕ ਓੜਕ**: ਅਥਾਹ (ਪਉੜੀ 22, ਉਹੀ)

**ਭਾਲਿ ਥਕੇ**: ਲਭ-ਲਭ ਕੇ ਥਕ ਗਏ (ਪਉੜੀ 22, ਉਹੀ)

**ਸਹਸ ਅਠਾਹਰ**: ਅਠਾਰਾਂ ਹਜ਼ਾਰ ਪੁਸਤਕ (ਪਉੜੀ 22, ਉਹੀ)

**ਸਮੁੰਦਿ ਨ ਜਾਣੀਅਹਿ**: ਸਮੁੰਦਰ ਦੀ ਵਿਸ਼ਾਲਤਾ ਨੂੰ ਸਮਝ ਨਹੀਂ ਸਕਦੇ। (ਪਉੜੀ 23, ਉਹੀ)

**ਸਮੁੰਦ ਸਾਹ**: ਸਮੁੰਦਰਾਂ ਦੇ ਮਾਲਕ (ਪਉੜੀ 23, ਉਹੀ, ਪੰਨਾ 78)

**ਸੁਲਤਾਨ**: ਰਾਜੇ ਮਹਾਰਾਜੇ (ਸਮਰਾਟ) (ਪਉੜੀ 23, ਉਹੀ)

**ਗਿਰਹਾ ਸੇਤੀ:** ਜਿਨ੍ਹਾਂ ਦੀ ਦੌਲਤ ਪਹਾੜਾਂ ਨਾਲ ਮਿਣੀ ਜਾਣ ਵਾਲੀ ਹੋਵੇ। (ਪਉੜੀ 23, ਉਹੀ)

**ਪਾਰਾਵਾਰੁ:** ਪਰਲਾ ਸਿਰਾ (ਪਉੜੀ 24, ਉਹੀ, ਪੰਨਾ 79)

**ਬੰਦਿ ਖਲਾਸੀ:** ਬੰਧਨ ਅਤੇ ਮੁਕਤਿ (ਪਉੜੀ 25, ਉਹੀ, ਪੰਨਾ 80)

**ਅਮੁਲ ਵਾਪਾਰੀਏ:** ਅਮੋਲਕ ਵਪਾਰੀ, ਪਿਆਰੇ ਭਗਤ ਜਨ (ਪਉੜੀ 26, ਉਹੀ, ਪੰਨਾ 82)

**ਅਮੁਲ ਭੰਡਾਰ:** ਅਮੋਲਕ ਖਜ਼ਾਨੇ (ਪਉੜੀ 26, ਉਹੀ)

**ਧਰਮੁ:** ਵਿਧਾਨ (ਪਉੜੀ 26, ਉਹੀ)

**ਦੀਬਾਣੁ:** ਕਚਹਿਰੀ (ਪਉੜੀ 26, ਉਹੀ)

**ਬਖਸੀਸ:** ਬਖਸ਼ਸ (ਪਉੜੀ 26, ਉਹੀ)

**ਨੀਸਾਣੁ:** ਮੋਹਰ (ਦਸਖਤਾਂ+ਹਸਤਖਰਾਂ ਦਾ ਚਿੰਨ੍ਹ) (ਪਉੜੀ 26, ਉਹੀ)

**ਫੁਰਮਾਣੁ:** ਹੁਕਮ (ਪਉੜੀ 26, ਉਹੀ)

**ਬਰਮੇ:** ਬ੍ਰਹਮਾ (ਪਉੜੀ 26, ਉਹੀ)

**ਇੰਦ:** ਇੰਦਰ (ਪਉੜੀ 26, ਉਹੀ)

**ਗੋਪੀ ਤੈ ਗੋਵਿੰਦ:** ਗੋਪੀਆਂ ਤੇ ਕ੍ਰਿਸ਼ਨ (ਪਉੜੀ 26, ਉਹੀ)

**ਈਸਰ:** ਸ਼ਿਵ ਭਗਵਾਨ (ਪਉੜੀ 26, ਉਹੀ)

**ਸੁਰਿ ਨਰ:** ਵਿਸ਼ੇਸ਼ ਮਾਨੁਖ ਜਾਤੀ (ਪਵਿਤਰ ਕੁਲ) (ਪਉੜੀ 26, ਉਹੀ)

**ਜਨ:** ਜਨ ਸਧਾਰਨ (ਪਉੜੀ 26, ਉਹੀ)

**ਸੇਵ:** ਸ੍ਵੇਤਾਂਬਰ ਜੈਨੀ ਮਤ ਦੇ ਧਾਰਨੀ (ਪਉੜੀ 26, ਉਹੀ)

**ਬੋਲੁਵਿਗਾੜੁ:** ਆਯੋਗ ਸ਼ਬਦਾਂ ਦਾ ਪ੍ਰਯੋਗ (ਪਉੜੀ 26, ਉਹੀ, ਪੰਨਾ 78)

**ਗਾਵਾਰਾ ਗਾਵਾਰੁ:** ਮੂਰਖਾਂ ਦਾ ਸਿਰੋਮਣ (ਮਹਾਂ) ਮੂਰਖ (ਪਉੜੀ 26, ਉਹੀ )

**ਵਾਵਣਹਾਰੇ:** ਵਜਾਉਣ ਵਾਲੇ (ਪਉੜੀ 27, ਉਹੀ, ਪੰਨਾ 84)

**ਚਿਤੁ ਗੁਪਤੁ:** ਸੁਚੇਤ ਮਨ ਤੇ ਅਚੇਤ ਮਨ (ਪਉੜੀ 27, ਉਹੀ)

**ਈਸਰੁ ਬਰਮਾ ਦੇਵੀ:** ਈਸ਼੍ਵਰ ਸ਼ਿਵ ਭਗਵਾਨ, ਬ੍ਰਹਮਾ ਤੇ ਦੇਵੀ (ਪਉੜੀ 27, ਉਹੀ)

**ਜਤੀ:** ਉਚ ਆਚਰਨ ਵਾਲੇ (ਪਉੜੀ 27, ਉਹੀ)

**ਸਤੀ:** ਦਾਨੀ (ਪਉੜੀ 27, ਉਹੀ)

**ਸੰਤੋਖੀ:** ਸੰਤੋਖ ਦੇ ਧਾਰਨੀ (ਪਉੜੀ 27, ਉਹੀ)

**ਰਖੀਸਰ:** ਰਿਸ਼ੀ (ਪਉੜੀ 27, ਉਹੀ)

**ਸੁਰਗਾ:** ਸਵਰਗ (ਪਉੜੀ 27, ਉਹੀ)

**ਮਛ:** ਮਿਰਤ ਲੋਕ (ਪਉੜੀ 27, ਉਹੀ)

**ਪਇਆਲੇ**: ਪਾਤਾਲ (ਪਉੜੀ 27, ਉਹੀ)

**ਅਠਸਠਿ ਤੀਰਥ**: ਅਠਾਹਠ ਤੀਰਥ (ਪਉੜੀ 27, ਉਹੀ)

**ਖਾਣੀ ਚਾਰੇ**: ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ ਅਤੇ ਉਤਭੁਜ) (ਪਉੜੀ 27, ਉਹੀ, ਪੰਨਾ 85)

**ਖੰਡ ਮੰਡਲ**: ਪ੍ਰਿਥਵੀ ਦੇ ਨਵੇਂ ੯ ਖੰਡ (ਹਿਸੇ) ਮੰਡਲ (ਪਉੜੀ 27, ਉਹੀ)

**ਵਰਭੰਡਾ**: ਬ੍ਰਹਮੰਡ (ਪਉੜੀ 27, ਉਹੀ)

**ਸਾਹਿਬੁ ਸਾਚਾ**: ਸ੍ਵੈ ਸਚਾ ਸਾਹਿਬ (ਪਉੜੀ 27, ਉਹੀ)

**ਸਾਚੀ ਨਾਈ**: ਉਸ ਦਾ ਨਾਮ ਵੀ ਸਚਾ ਹੈ। (ਪਉੜੀ 27, ਉਹੀ)

**ਮਾਇਆ**: ਪ੍ਰਕ੍ਰਿਤੀ (ਪਉੜੀ 27, ਉਹੀ)

**ਮੁੰਦਾ ਸੰਤੋਖੁ**: ਸੰਤੋਖ ਦੀਆਂ ਮੁੰਦਰਾਂ (ਪਉੜੀ 28, ਉਹੀ, ਪੰਨਾ 86)

**ਸਰਮੁ**: ਮਿਹਨਤ (ਪਉੜੀ 28, ਉਹੀ)

**ਪਤੁ**: ਖਪਰ (ਪਉੜੀ 28, ਉਹੀ)

**ਧਿਆਨ**: ਬਿਰਤੀ ਨੂੰ ਜੋੜਨਾ (ਪਉੜੀ 28, ਉਹੀ)

**ਖਿੰਥਾ**: ਖਫਨੀ (ਪਉੜੀ 28, ਉਹੀ)

**ਆਈ ਪੰਥੀ**: ਜੋਗੀਆਂ ਦਾ ਪੰਥ (ਪਉੜੀ 28, ਉਹੀ)

**ਭੁਗਤਿ ਗਿਆਨੁ**: ਗਿਆਨ ਨੂੰ ਭੋਜਨ ਬਣਾਉ (ਪਉੜੀ 29, ਉਹੀ)

**ਭੰਡਾਰਣਿ**: ਖਜ਼ਾਨਚੀ (ਭੰਡਾਰੀ) (ਪਉੜੀ 29, ਉਹੀ)

**ਸੰਜੋਗੁ**: ਰਜ਼ਾ ਵਿਚ ਰਹਿਣਾ (ਪਉੜੀ 29, ਉਹੀ, ਪੰਨਾ 87)

**ਵਿਜੋਗੁ**: ਹਉਮੈ ਵਸ ਪੈ ਕੇ ਉਸਦੀ ਯਾਦ ਨੂੰ ਭੁਲਣਾ (ਪਉੜੀ 29, ਉਹੀ)

**ਏਕਾ ਮਾਈ**: ਨਿਰ ਬਿਕਾਰ ਸੁਧ ਬ੍ਰਹਮ ਦੀ ਸ਼ਕਤੀ ਪ੍ਰਕ੍ਰਿਤੀ (ਕੁਦਰਤ) (ਪਉੜੀ 30, ਉਹੀ)

**ਦੀਬਾਣੁ**: ਕਚਹਿਰੀ (ਪਉੜੀ 30, ਉਹੀ)

**ਫੁਰਮਾਣੁ**: ਹੁਕਮ (ਪਉੜੀ 30, ਉਹੀ)

**ਆਸਣੁ ਲੋਇ ਲੋਇ**: ਸਮੂਹਾਂ ਵਿਸ਼ਵਾਤ ਵਿਚ ਆਪਣੇ ਆਸਨ ਲਾਇ ਹੋਇ ਹਨ (ਪਉੜੀ 31, ਉਹੀ, ਪੰਨਾ 88)

**ਭੰਡਾਰ**: ਖਜ਼ਾਨੇ (ਪਉੜੀ 31, ਉਹੀ, ਪੰਨਾ 88)

**ਸਾਚੀ ਕਾਰ**: ਸਚੇ ਕੰਮ (ਪਉੜੀ 31, ਉਹੀ)

**ਜਗਦੀਸ**: ਵਾਹਿਗੁਰੂ (ਪਉੜੀ 32, ਉਹੀ)

**ਠੀਸ**: ਗੱਪ (ਪਉੜੀ 32, ਉਹੀ)

**ਜੋਰੁ**: ਸ਼ਕਤੀ (ਪਉੜੀ 33, ਉਹੀ, ਪੰਨਾ 89)

**ਨੀਸਾਣੁ**: ਪਰਮਾਤਮਾ ਦੀ ਨਦਰ ਦਾ ਤਿਲਕ (ਪਉੜੀ 34, ਉਹੀ, ਪੰਨਾ 90)

**ਗਿਆਨ ਖੰਡ**: ਗਿਆਨ ਖੰਡ ਵਿਚ ਅਦੁਤੀ ਗਿਆਨ ਹੈ, ਜੋ ਅਤਿਅੰਤ ਤਿਖਾ ਤੇ ਦਿਭ ਪ੍ਰਕਾਸ਼ ਵਾਲਾ ਹੈ। (ਪਉੜੀ 36, ਉਹੀ, ਪੰਨਾ 91)

**ਸਿਧ ਬੁਧ ਨਾਥ**: ਸਿਧਾਂ ਦੀਆਂ ਸੰਪ੍ਰਦਾਵਾਂ, ਭਗਵਾਨ ਬੁਧ ਜੀ ਦੇ ਸੰਘ, ਨਾਥਾਂ ਦੀਆਂ ਮੰਡਲੀਆਂ (ਪਉੜੀ 35, ਉਹੀ)

**ਅਨੰਦੁ**: ਪ੍ਰਸੰਨਤਾ (ਪਉੜੀ 36, ਉਹੀ, ਪੰਨਾ 92)

**ਸਰਮ ਖੰਡ**: ਹਿੰਮਤੀ+ਪ੍ਰੀਸ਼ਰਮ ਮੰਡਲ (ਪਉੜੀ 36, ਉਹੀ)

**ਸੁਰਾ ਕੀ ਸੁਧਿ**: ਦੇਵਤਿਆਂ ਦੀ ਸੁਧ (ਦੈਵੀ ਅਗੰਮੀ) ਅਕਲ (ਪਉੜੀ 36, ਉਹੀ)

**ਕਰਮ ਖੰਡ**: ਇਹ ਬਖਸ਼ੇ ਹੋਇ ਨਿਹਕਾਮੀਆਂ ਦਾ ਕਰਮ (ਖੰਡ) ਮੰਡਲ (ਪਉੜੀ 37, ਉਹੀ, ਪੰਨਾ 93)

**ਜੋਧ ਮਹਾਬਲ ਸੂਰ**: ਨਾਮ ਅਭਿਆਸੀ ਸੂਰਮੇ (ਪਉੜੀ 37, ਉਹੀ)

**ਸੀਤੋ ਸੀਤਾ**: ਸ਼ਾਂਤੀ ਹੀ ਸ਼ਾਂਤੀ (ਪਉੜੀ 37, ਉਹੀ)

**ਸਚਖੰਡਿ**: ਸਚਖੰਡ ਮੰਡਲ ਵਿਚ (ਕੇਵਲ) ਅਕਾਲ ਪੁਰਖ ਦਾ ਸ੍ਵੈ ਪ੍ਰਕਾਸ਼ ਹੈ (ਪਉੜੀ 37, ਉਹੀ)

**ਵਿਗਸੈ**: ਅਸਚਰਜ (ਪ੍ਰਸੰਨ) (ਪਉੜੀ 37, ਉਹੀ, ਪੰਨਾ 94)

**ਕਰੜਾ ਸਾਰ**: ਅਤਿਅੰਤ ਕਠਨ (ਪਉੜੀ 37, ਉਹੀ)

**ਜਤੁ ਪਾਹਾਰਾ**: ਆਚਰਨ (ਸੰਜਮ ਸਹਿਨਸ਼ੀਲਤਾ) ਦਾ ਪਾਹਾਰਾ (ਪਉੜੀ 38, ਉਹੀ)

**ਅਹਰਣਿ ਮਤਿ**: ਬੁਧੀ (ਅਕਲ) ਨੂੰ ਆਹਰਣਿ ਬਣਾ ਕੇ (ਪਉੜੀ 38, ਉਹੀ, ਪੰਨਾ 95)

**ਵੇਦੁ ਹਥੀਆਰੁ**: 'ਵੇਦ' ਗਿਆਨ ਦਾ ਹਥੋੜਾ ਬਣਾਇਆ ਜਾਵੇ (ਪਉੜੀ 38, ਉਹੀ)

**ਭਉ ਖਲਾ**: ਪ੍ਰੇਮ ਦੀਆਂ ਖਲਾਂ (ਪਉੜੀ 38, ਉਹੀ)

**ਸਚੀ ਟਕਸਾਲ**: ਗੁਰ ਸੰਗਤ ਰੂਪੀ ਸਚੀ ਟਕਸਾਲ। (ਪਉੜੀ 38, ਉਹੀ)

**3.1.2. ਜਪੁ ਬਾਣੀ ਦੀ ਵਿਆਖਿਆ**: ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੁਆਰਾ ਕੀਤੀ ਜਪੁ ਬਾਣੀ ਦੀ ਵਿਆਖਿਆ ਦਾ ਤੁਲਨਾਤਮਕ ਅਧਿਐਨ ਕਰਨ ਲਈ ਅਸੀਂ ਪ੍ਰੋ. ਸਾਹਿਬ ਸਿੰਘ ਅਤੇ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੀ 'ਜਪੁ' ਬਾਣੀ ਦੀ ਵਿਆਖਿਆ ਨੂੰ ਅਧਾਰ ਬਣਾਇਆ ਹੈ ਜਿਸ ਵਿਚ ਪਹਿਲਾਂ ਪ੍ਰੋ. ਸਾਹਿਬ ਸਿੰਘ ਅਤੇ ਕੋਠਾ ਗੁਰੂ ਜੀ ਦੁਆਰਾ ਕੀਤੀ ਜਪੁ ਬਾਣੀ ਦੀ ਵਿਆਖਿਆ ਦਾ ਤੁਲਨਾਤਮਿਕ ਅਧਿਐਨ ਕੀਤਾ ਗਿਆ ਹੈ, ਉਪਰੰਤ ਕੋਠਾ ਗੁਰੂ ਜੀ ਅਤੇ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੀ ਵਿਆਖਿਆ ਦਾ ਅਧਿਐਨ ਕੀਤਾ ਗਿਆ ਹੈ।

**(ੳ) ਪ੍ਰੋ. ਸਾਹਿਬ ਸਿੰਘ ਅਤੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ**: ਇਥੇ ਅਸੀਂ ਪ੍ਰੋ. ਸਾਹਿਬ ਸਿੰਘ ਅਤੇ ਕੋਠਾ ਗੁਰੂ ਜੀ ਦੁਆਰਾ ਕੀਤੀ ਵਿਆਖਿਆ ਵਿਚ ਵਖਰੇਵਾਂ ਲਭਣ ਦਾ ਜਤਨ ਕੀਤਾ ਹੈ। ਇਨ੍ਹਾਂ ਦੀ ਵਿਆਖਿਆ ਹੇਠ ਲਿਖੇ ਅਨੁਸਾਰ ਹੈ:

**1. ਗੁਰਪ੍ਰਸਾਦਿ**[3]

---

3 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧.

ਪ੍ਰੋ. ਸਾਹਿਬ ਸਿੰਘ 'ਗੁਰਪ੍ਰਸਾਦਿ' ਦਾ ਅਰਥ ਕਰਦੇ ਲਿਖਦੇ ਹਨ, 'ਗੁਰੂ ਦੇ ਪ੍ਰਸਾਦ ਨਾਲ, ਗੁਰੂ ਦੀ ਕਿਰਪਾ ਨਾਲ, ਭਾਵ, ਉਪਰੋਕਤ ੧ਓ ਗੁਰੂ ਦੀ ਕਿਰਪਾ ਨਾਲ (ਮਿਲਦਾ ਹੈ)।'[4] ਗਿਆਨੀ ਬਲਵੰਤ ਸਿੰਘ ਅਨੁਸਾਰ, 'ਪ੍ਰਕਾਸ਼ ਸਰੂਪ ਸੁਧ ਬ੍ਰਹਮ ਅਵਿਦਿਆ (ਅਗਿਆਨਤਾ) ਨੂੰ ਆਪਣੇ ਅਪੂਰਬ ਪ੍ਰਮ ਕ੍ਰਿਪਾਲਤਾ ਭਰੇ ਗਿਆਨ ਦੁਆਰਾ ਮਿਟਾ ਦੇਣ ਵਾਲਾ, ਸਮੂਹ ਸਮੇਂ ਅਗੰਮੀ ਸਿਖਿਆ ਦੇਣ ਵਾਲਾ।'[5] 'ਗੁਰਪ੍ਰਸਾਦਿ' ਦੇ ਅਰਥ ਪ੍ਰੋ. ਸਾਹਿਬ ਸਿੰਘ 'ਗੁਰੂ ਦੀ ਕਿਰਪਾ ਨਾਲ' ਕਰਦੇ ਹਨ ਜਦੋਂ ਕਿ ਗਿਆਨੀ ਜੀ ਨੇ ਇਸ ਦਾ ਅਰਥ 'ਅਪੂਰਬ ਪ੍ਰਮ ਕ੍ਰਿਪਾਲਤਾ ਭਰੇ ਗਿਆਨ' ਕੀਤੇ ਹਨ। ਇਹ ਅਰਥ ਪ੍ਰੋ. ਸਾਹਿਬ ਸਿੰਘ ਦੁਆਰਾ ਕੀਤੇ ਅਰਥਾਂ ਨਾਲੋਂ ਭਿੰਨ ਹਨ।

**2. ਸੋਚੈ ਸੋਚਿ**: ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ॥[6]

ਪ੍ਰੋ. ਸਾਹਿਬ ਸਿੰਘ 'ਸੋਚੈ ਸੋਚਿ' ਦੇ ਅਰਥ 'ਇਸ਼ਨਾਨ' ਕਰਦੇ ਹਨ। 'ਜੇ ਮੈਂ ਲੱਖ ਵਾਰੀ (ਭੀ) (ਇਸ਼ਨਾਨ ਆਦਿਕ ਨਾਲ ਸਰੀਰ ਦੀ) ਸੁੱਚ ਰੱਖਾਂ, (ਤਾਂ ਭੀ ਇਸ ਤਰ੍ਹਾਂ ) ਸੁੱਚ ਰੱਖਣ ਨਾਲ (ਮਨ ਦੀ) ਸੁੱਚ ਨਹੀਂ ਰਹਿ ਸਕਦੀ।'[7] ਗਿਆਨੀ ਜੀ ਇਸਦੇ ਅਰਥ 'ਸੋਚਣਾ ਵੀਚਾਰਨਾ' ਕਰਦੇ ਹਨ। ਸੋਚਾਂ ਸੋਚ ਸੋਚ ਕੇ (ਫ਼ਿਲਾਸਫ਼ੀ) ਵੀਚਾਰਨ ਨਾਲ ਉਹ (ਪ੍ਰਮੇਸ੍ਰਰ) ਦੀ ਪੂਰਨਤਾ ਨੂੰ ਵੀਚਾਰਿਆ ਨਹੀਂ ਜਾ ਸਕਦਾ ਭਾਵੇ (ਫ਼ਿਲਾਸਫ਼ੀ) ਨੂੰ ਲਖਾਂ ਬਾਰ ਦੁਹਰਾ ਕੇ ਕੰਠ (ਹਿਫਜ਼) ਕਿਉਂ ਨ ਕੀਤਾ ਜਾਵੇ।[8] ਪ੍ਰੋ. ਸਾਹਿਬ ਸਿੰਘ ਨੇ 'ਸੋਚੈ ਸੋਚਿ' ਦੇ ਅਰਥ 'ਇਸ਼ਨਾਨ' ਕੀਤੇ ਹਨ ਜਦੋਂ ਕਿ ਗਿਆਨੀ ਜੀ ਨੇ ਅਰਥ 'ਸੋਚਣਾ ਵੀਚਾਰਨਾ' ਕੀਤੇ ਹਨ। ਸਪੱਸ਼ਟ ਹੈ ਕਿ ਗਿਆਨੀ ਜੀ ਅਤੇ ਪ੍ਰੋ. ਸਾਹਿਬ ਸਿੰਘ ਦੇ ਅਰਥਾਂ ਵਿਚ ਭਿੰਨਤਾ ਹੈ।

**3. ਕਪੜਾ**: ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥[9]

ਚੌਥੀ ਪਉੜੀ ਵਿਚਲੇ ਸ਼ਬਦ 'ਕਪੜਾ' ਦੇ ਅਰਥ ਪ੍ਰੋ. ਸਾਹਿਬ ਸਿੰਘ ਨੇ 'ਸਿਫਤਿ' ਕੀਤੇ ਹਨ। '(ਇਸ ਤਰ੍ਹਾਂ) ਪ੍ਰਭੂ ਦੀ ਮਿਹਰ ਨਾਲ 'ਸਿਫਤਿ'- ਰੂਪ ਪਟੋਲਾ ਮਿਲਦਾ ਹੈ, ਉਸ ਦੀ ਕ੍ਰਿਪਾ-ਦ੍ਰਿਸ਼ਟੀ ਨਾਲ 'ਕੂੜ ਦੀ ਪਾਲਿ' ਤੋਂ ਖ਼ਲਾਸੀ ਹੁੰਦੀ ਹੈ ਤੇ ਰੱਬ ਦਾ ਦਰ ਪ੍ਰਾਪਤ ਹੋ ਜਾਂਦਾ ਹੈ।'[10] ਗਿਆਨੀ ਜੀ ਨੇ ਇਸ ਦਾ ਅਰਥ 'ਸਰੀਰ ਰੂਪੀ ਕਪੜਾ' ਕੀਤਾ ਹੈ। 'ਏਹ ਸਰੀਰ ਰੂਪੀ ਕਪੜਾ (ਪੂਰਬਲੇ) ਕਰਮਾਂ ਦੀ ਬਖਸ਼ਸ਼ ਨਾਲ ਮਿਲਦਾ ਹੈ ਅਤੇ ਮੁਕਤੀ (ਮੋਖ) ਅਕਾਲ ਪੁਰਖ ਦੀ ਨਦਰ ਨਿਹਾਲਤਾ ਤੋਂ ਪ੍ਰਾਪਤ ਹੁੰਦੀ ਹੈ। 'ਸੋ ਜਨੁ ਮੁਕਤੁ

---

4 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 47.

5 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 56.

6 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧ .

7 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 49.

8 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 57.

9 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

10 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 59.

ਜਿਸੁ ਏਕੁ ਲਿਵ ਲਾਗੀ ਸਦਾ ਰਹੈ ਹਰਿ ਨਾਲੇ॥'[11] ਪ੍ਰੋ. ਸਾਹਿਬ ਸਿੰਘ ਨੇ 'ਕਪੜਾ' ਦੇ ਅਰਥ 'ਸਿਫਤਿ' ਕੀਤੇ ਹਨ ਜਦੋਂ ਕਿ ਕੋਠਾ ਗੁਰੂ ਜੀ ਅਰਥ 'ਸਰੀਰ ਰੂਪੀ' ਕਪੜਾ ਕਰਦੇ ਹਨ। ਸਪੱਸ਼ਟ ਹੈ ਕਿ ਦੋਨਾਂ ਵਿਦਵਾਨਾਂ ਦੁਆਰਾ ਕੀਤੇ ਅਰਥਾਂ ਵਿਚ ਭਿੰਨਤਾ ਹੈ।

**4. ਗੁਰਮੁਖਿ**: ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥[12]

ਪ੍ਰੋ. ਸਾਹਿਬ ਸਿੰਘ ਨੇ 'ਗੁਰਮੁਖਿ' ਦੇ ਅਰਥ 'ਗੁਰੂ ਦੀ ਰਾਹੀਂ' ਕੀਤੇ ਹਨ। '(ਪਰ ਉਸ ਰੱਬ ਦਾ) ਨਾਮ ਤੇ ਗਿਆਨ ਗੁਰੂ ਦੀ ਰਾਹੀਂ (ਪ੍ਰਾਪਤ ਹੁੰਦਾ ਹੈ)। ਗੁਰੂ ਦੀ ਰਾਹੀਂ ਹੀ (ਇਹ ਪਰਤੀਤ ਆਉਂਦੀ ਹੈ ਕਿ) ਉਹ ਹਰੀ ਸਭ ਥਾਈਂ ਵਿਆਪਕ ਹੈ।'[13] ਗਿਆਨੀ ਜੀ ਇਸ ਦੇ ਅਰਥ 'ਗੁਰੂ ਦਾ ਵਾਕ' ਕਰਦੇ ਹਨ। 'ਗੁਰੂ ਦਾ ਵਾਕ (ਕਥਨ ਕੀਤਾ ਹੋਇਆ) ਸੁਰਤੀ ਰੂਪ ਹੈ। ਗੁਰੂ ਦਾ ਵਾਕ ਹੀ 'ਵੇਦੰ' ਗਿਆਨ ਰੂਪ ਹੈ। ਗੁਰੂ ਦਾ ਵਾਕ ਹੀ ਸਾਰੇ ਵਿਸ੍ਵ ਵਿਚ ਸਮਾਇਆ ਹੋਇਆ ਹੈ। (ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥' ਇਥੇ ਅਕਾਲ ਪੁਰਖ ਨੂੰ ਗੁਰਮੁਖ ਕਹਿ ਕੇ ਜਾਦਿ ਕੀਤਾ ਹੈ। ਓਅੰ ਗੁਰਮੁਖਿ ਕੀਓ ਅਕਾਰਾ॥' ਅਤੇ 'ਗੁਰਮਖਿ ਕਲਿ ਵਿਚਿ ਪ੍ਰਗਟ ਹੋਆ॥' ਆਦਿਕ ਪ੍ਰਮਾਣਾਂ ਤੋਂ ਸਿਧ ਹੈ)'[14] ਪ੍ਰੋ. ਸਾਹਿਬ ਸਿੰਘ ਨੇ 'ਗੁਰਮੁਖਿ' ਦੇ ਅਰਥ 'ਗੁਰੂ ਦੇ ਰਾਹੀਂ' ਅਤੇ ਕੋਠਾ ਗੁਰੂ ਜੀ ਨੇ ਅਰਥ 'ਗੁਰੂ ਦਾ ਵਾਕ' ਕੀਤੇ ਹਨ। ਦੋਨਾਂ ਵਿਦਵਾਨਾਂ ਦੇ ਅਰਥਾਂ ਵਿਚ ਭਿੰਨਤਾ ਹੈ।

**5. ਈਸਰੁ, ਗੋਰਖ, ਪਾਰਬਤੀ ਮਾਈ**: ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥[15]

ਜਪੁ ਜੀ ਸਾਹਿਬ ਦੀ ਪੰਜਵੀ ਪਉੜੀ ਵਿਚਲੇ ਸ਼ਬਦਾਂ 'ਈਸਰੁ, ਗੋਰਖ, ਪਾਰਬਤੀ ਮਾਈ ਦੇ ਅਰਥ ਪ੍ਰੋ. ਸਾਹਿਬ ਸਿੰਘ ਕ੍ਰਮਵਾਰ 'ਸ਼ਿਵ, ਗੋਰਖ, ਮਾਈ ਪਾਰਬਤੀ ਕਰਦੇ ਹਨ। 'ਗੁਰੂ ਹੀ (ਸਾਡੇ ਲਈ) ਸ਼ਿਵ ਹੈ, ਗੁਰੂ ਹੀ (ਸਾਡੇ ਲਈ) ਗੋਰਖ ਤੇ ਬ੍ਰਹਮਾ ਹੈ ਅਤੇ ਗੁਰੂ ਹੀ (ਸਾਡੇ ਲਈ) ਮਾਈ ਪਾਰਬਤੀ ਹੈ।'[16] ਜਦੋਂ ਕਿ ਗਿਆਨੀ ਜੀ ਇਨ੍ਹਾਂ ਦੇ ਅਰਥ ਕ੍ਰਮਵਾਰ 'ਈਸ਼ੜ' ਧਾਤੂ ਤੋਂ ਹਕੂਮਤ (ਜਾਇਦਾਦ) ਦਾ ਸ੍ਵਾਮੀ (ਮਾਲਕ), 'ਗੋ' ਪ੍ਰਿਥਵੀ, 'ਰਖ' ਰਖਿਆ ਕਰਨ ਵਾਲਾ; ਸੋ ਵਿਸ੍ਵ ਦੀ ਰਖਿਆ ਕਰਨ ਵਾਲਾ ਗੋਰਖ (ਕਹੀਏ) ਪ੍ਰਮੇਸ੍ਵਰ, ਪ੍ਰਬਤ ਦੀ ਪੁਤ੍ਰੀ 'ਪਾਰਬਤੀ' 'ਮਾਈ' ਤੋਂ 'ਮਾ' ਲਛਮੀ, 'ਈ' ਸਰਸ੍ਵਤੀ ਰੂਪ ਵਿਚ ਪ੍ਰਕ੍ਰਿਤੀ' ਕੀਤੇ ਹਨ। ਇਥੇ ਗਿਆਨੀ ਜੀ ਅਰਥਾਂ ਨੂੰ ਵਿਸਤਾਰ ਨਾਲ ਤੇ ਵਿਲੱਖਣ ਰੂਪ ਬਿਆਨ ਕਰਦੇ ਹਨ। 'ਅਕਾਲ ਪੁਰਖ ਆਪ ਹੀ ਈਸ਼ਰ 'ਈਸ਼ੜ' ਧਾਤੂ ਤੋਂ ਹਕੂਮਤ (ਜਾਇਦਾਦ) ਦਾ ਸ੍ਵਾਮੀ (ਮਾਲਕ), ਗੋ+ਰਖ 'ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ॥' ਦੇ ਅਨੁਸਾਰ 'ਗੋ', ਪ੍ਰਿਥਵੀ, 'ਰਖ' ਰਖਿਆ ਕਰਨ ਵਾਲਾ; ਸੋ ਵਿਸ੍ਵ

11 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ,* ਪੰਨਾ 60.

12 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

13 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 61.

14 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ,* ਪੰਨਾ 60.

15 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

16 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 61.

ਦੀ ਰਖਿਆ ਕਰਨ ਵਾਲਾ ਗੋਰਖ (ਕਹੀਏ) ਪ੍ਰਮੇਸ੍ਰ; ਬ੍ਰਹਮਾ ਆਦਿਕ ਦੇਵਤਿਆਂ ਦੇ ਨਾਂਉ ਤੇ ਸਾਰੇ ਰਮਿਆ ਹੋਇਆ ਹੈ। (ਇਸੇ ਤਰ੍ਹਾਂ) ਪ੍ਰਬਤ ਦੀ ਪੁਤ੍ਰੀ 'ਪਾਰਬਤੀ' 'ਮਾਈ' ਤੋਂ 'ਮਾ' ਲਛਮੀ, 'ਈ' ਸਰਸ੍ਵਤੀ ਰੂਪ ਵਿਚ ਪ੍ਰਕ੍ਰਿਤੀ (ਕੁਦਰਤ ਕਰਕੇ ਵਸਿਆ ਸੋਇ) ਦਵਾਰੇ ਸਮਾਇਆ ਹੋਇਆ ਹੈ।[17] ਗਿਆਨੀ ਜੀ ਨੇ ਉਪਰੋਕਤ ਸ਼ਬਦਾਂ ਦੀ ਵਿਆਖਿਆ ਪ੍ਰੋ. ਸਾਹਿਬ ਸਿੰਘ ਨਾਲੋਂ ਵਿਸਤਾਰ ਸਹਿਤ ਕੀਤੀ ਹੈ।

**6. ਨਵਾ ਖੰਡਾ**: ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥[18]

ਸੱਤਵੀ ਪਉੜੀ ਵਿਚਲੇ ਸ਼ਬਦ 'ਨਵਾ ਖੰਡਾ' ਦੇ ਅਰਥ ਪ੍ਰੋ. ਸਾਹਿਬ ਸਿੰਘ ਨੇ 'ਸਾਰੇ ਸੰਸਾਰ' ਕੀਤੇ ਹਨ 'ਜੇ ਉਹ ਸਾਰੇ ਸੰਸਾਰ ਵਿਚ ਭੀ ਪਰਗਟ ਹੋ ਜਾਏ ਅਤੇ ਹਰੇਕ ਮਨੁੱਖ ਉਸ ਦੇ ਪਿੱਛੇ ਲੱਗ ਕੇ ਤੁਰੇ।'[19] ਕੋਠਾ ਗੁਰੂ ਜੀ ਅਨੁਸਾਰ, 'ਉਸ ਦੀ ਪ੍ਰਸਿਧਤਾ (ਪ੍ਰਾਚੀਨ) ਵਿਦਵਾਨਾਂ ਦੇ ਕਲਪੇ ੯ ਭਾਗਾਂ (ਕੁਲ ਖੰਡ, ਹਿਰਨਮਯ, ਇਲਬ੍ਰਤ, ਕੇਤਮਾਲ, ਹਰਿਵਰਖ, ਰੰਮਯਕ, ਕਿੰਪੁਰਖ, ਭਦਰ ਅਤੇ ਭਾਰਤ, ਵਰਤਮਾਨ ਵਿਸ੍ਵ ਦੇ ਛੇ ਹਿਸਿਆ ਯੂਰਪ, ਏਸ਼ੀਆ, ਦਖਨੀ ਅਮਰੀਕਾ, ਉਤਰੀ ਅਮਰੀਕਾ, ਅਫਰੀਕਾ ਅਤੇ ਆਸਟ੍ਰੇਲੀਆ) ਵਿਚ ਹੋ ਜਾਵੇ। ਅਜੇਹਾ ਪ੍ਰਤਾਪੀ ਹੋਵੇ ਸਮੂਹ ਵਿਸ੍ਵ ਦੇ ਮੁਖੀਏ ਅਧੀਨ ਹੋ ਕੇ ਨਾਲ ਸਤਿਕਾਰ ਵਿਚ ਚਲਣਾ ਫਖਰ ਸਮਝਦੇ ਹੋਣ।[20] ਪ੍ਰੋ. ਸਾਹਿਬ ਸਿੰਘ ਜਿਥੇ ਨੌ ਖੰਡਾ ਦੇ ਅਰਥ ਸਾਰੇ ਸੰਸਾਰ ਦੇ ਰੂਪ ਵਿਚ ਕਰਦੇ ਹਨ ਉਥੇ ਗਿਆਨੀ ਜੀ ਨੇ ਇਨ੍ਹਾਂ ਨੌ ਖੰਡਾਂ ਦੀਆਂ ਕਿਸਮਾਂ ਬਾਰੇ ਵੀ ਚਾਨਣਾ ਪਾਇਆ ਹੈ।

**7. ਸਿਧ ਪੀਰ**: ਸੁਣਿਐ ਸਿਧ ਪੀਰ ਸੁਰਿ ਨਾਥ॥[21]

'ਸਿਧ ਪੀਰ' ਦਾ ਅਰਥ ਪ੍ਰੋ. ਸਾਹਿਬ ਸਿੰਘ 'ਸਿੱਧਾਂ, ਪੀਰਾਂ' ਕਰਦੇ ਹਨ। 'ਇਹ ਨਾਮ ਹਿਰਦੇ ਵਿਚ ਟਿਕਣ ਦੀ ਹੀ ਬਰਕਤਿ ਹੈ ਕਿ (ਸਾਧਾਰਨ ਮਨੁੱਖ) ਸਿੱਧਾਂ, ਪੀਰਾਂ, ਦੇਵਤਿਆਂ ਤੇ ਨਾਥਾਂ ਦੀ ਪਦਵੀ ਪਾ ਲੈਂਦੇ ਹਨ।'[22] ਗਿਆਨੀ ਜੀ ਨੇ ਇਹ ਅਰਥ ਕ੍ਰਮਵਾਰ ਸਿਧ (ਨਾਗ ਅਰਜਨ ਆਦਿਕ ੮੪) ਪੀਰ (ਜੋ ਇਸਲਾਮ ਦੇ ਧਾਰਮਿਕ ਆਗੂ ਹਨ) ਕੀਤੇ ਹਨ। 'ਪ੍ਰਮੇਸ੍ਰ ਦਾ ਜਸ ਸੁਣਣ ਦੇ ਨਾਲ ਸਿਧ (ਨਾਗ ਅਰਜਨ ਆਦਿਕ ੮੪) ਪੀਰ (ਜੋ ਇਸਲਾਮ ਦੇ ਧਾਰਮਿਕ ਆਗੂ ਹਨ) ਦੇਵਤੇ ਅਤੇ ਨਾਥਾਂ ਦੀਆਂ ਸੰਪ੍ਰਦਾਵਾਂ ਦੇ ਸਿਧਾਂਤ ਦਾ ਅਧਿਐਨ ਕਰਨ ਤੋਂ ਵਧ ਗਿਆਨ ਪ੍ਰਾਪਤ ਹੁੰਦਾ ਹੈ।'[23] ਗਿਆਨੀ ਜੀ ਨੇ 'ਸਿਧ ਪੀਰ' ਦੇ ਅਰਥ ਵਿਸਤਾਰ ਨਾਲ ਕੀਤੇ ਹਨ ਜੋ ਪ੍ਰੋ. ਸਾਹਿਬ ਸਿੰਘ ਨਾਲੋਂ ਭਿੰਨ ਹਨ।

---

17 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 61.

18 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

19 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 63.

20 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 63.

21 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

22 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 65.

23 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 63.

**8. ਦੀਪ ਲੋਅ:** ਸੁਣਿਐ ਦੀਪ ਲੋਅ ਪਾਤਾਲ॥[24]

'ਦੀਪ ਲੋਅ' ਦੇ ਅਰਥ ਪ੍ਰੋ. ਸਾਹਿਬ ਸਿੰਘ 'ਦੀਪਾਂ, ਲੋਕਾਂ' ਕਰਦੇ ਹਨ। 'ਤੇ ਉਹਨਾਂ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਧਰਤੀ ਆਕਾਸ਼ ਦਾ ਆਸਰਾ ਉਹ ਪ੍ਰਭੂ ਹੈ, ਜੋ ਸਾਰੇ ਦੀਪਾਂ, ਲੋਕਾਂ, ਪਾਤਾਲਾਂ ਵਿਚ ਵਿਆਪਕ ਹੈ।'[25] ਜਦੋਂ ਕਿ ਗਿਆਨੀ ਜੀ ਨੇ ਇਨ੍ਹਾਂ ਦੇ ਅਰਥ ਦੀਪ (ਵਡੇ ਵਡੇ ਦੇਸ ਜੰਬੂ, ਪੁਸ਼ਕਰ, ਸ਼ਾਲਮਲੀ, ਕ੍ਰੋਚ, ਕੁਸ਼ੂ ਅਤੇ ਗੋਮੇਦ) ਲੋਕ (ਸੁਰਗ ਮਛ, ਪਇਆਲ, ਅਤੇ ਇਨ੍ਹਾਂ ਦੇ ਅਧੀਨ ੧੪ ਚੌਦਾਂ ਉਪਭਾਗਾਂ) ਕੀਤੇ ਹਨ। 'ਸੁਨਣਿ ਨਾਲ ਹਿੰਦੂ ਅਕੀਦੇ ਅਨੁਸਾਰ ਦੀਪ (ਵਡੇ ਵਡੇ ਦੇਸ ਜੰਬੂ, ਪੁਸ਼ਕਰ, ਸ਼ਾਲਮਲੀ, ਕ੍ਰੋਚ, ਕੁਸ਼ੂ ਅਤੇ ਗੋਮੇਦ) ਲੋਕ (ਸੁਰਗ ਮਛ, ਪਇਆਲ, ਅਤੇ ਇਨ੍ਹਾਂ ਦੇ ਅਧੀਨ ੧੪ ਚੌਦਾਂ ਉਪਭਾਗਾਂ) ਦਾ ਵੀ ਗਿਆਨ ਪ੍ਰਾਪਤ ਹੋ ਜਾਂਦਾ ਹੈ।'[26] ਕੋਠਾ ਗੁਰੂ ਜੀ ਦੁਆਰਾ ਕੀਤੇ 'ਦੀਪ ਲੋਅ' ਦੇ ਅਰਥ ਪ੍ਰੋ. ਸਾਹਿਬ ਸਿੰਘ ਨਾਲੋਂ ਵਿਸਤ੍ਰਿਤ ਤੇ ਵਖਰੇ ਹਨ।

**9. ਸੁਣਿਐ ਈਸਰੁ ਬਰਮਾ ਇੰਦੁ॥**[27]

ਉਪਰੋਕਤ ਪੰਕਤੀ ਦੇ ਅਰਥ ਕਰਦੇ ਪ੍ਰੋ. ਸਾਹਿਬ ਸਿੰਘ ਲਿਖਦੇ ਹਨ, 'ਅਕਾਲ ਪੁਰਖ ਦੇ ਨਾਮ ਵਿਚ ਸੁਰਤ ਜੋੜਨ ਦਾ ਸਦਕਾ ਸਾਧਾਰਨ ਮਨੁੱਖ ਸ਼ਿਵ, ਬ੍ਰਹਮਾ ਤੇ ਇੰਦਰ ਦੀ ਪਦਵੀ 'ਤੇ ਅੱਪੜ ਜਾਂਦਾ ਹੈ'।[28] ਜਦੋਂ ਕਿ ਕੋਠਾ ਗੁਰੂ ਜੀ ਨੇ ਇਸਦੇ ਅਰਥ 'ਨਾਮ ਦੇ ਸਰਵਨ ਕਰਨ ਨਾਲ ਹੀ ਈਸਰ (ਸ਼ਿਵ) ਬ੍ਰਹਮਾ ਇੰਦ੍ਰ (ਸੂਰਜ ਵਿਸਨੂੰ) ਆਦਿਕ ਦਾ ਪੂਰਨ ਗਿਆਨ ਪ੍ਰਾਪਤ ਹੋ ਜਾਂਦਾ ਹੈ। (ਕਿਉਂਕਿ ਉਪਰੋਕਤ ਦੇਵਤਿਆਂ ਦੀਆਂ ਜੀਵਨੀਆਂ ਰਾਜਸ, ਸਾਤਕ, ਅਤੇ ਤਾਮਸ ਹੋਣ ਕਰਕੇ ਪ੍ਰਾਕ੍ਰਿਤਕ ਅਤੇ ਸਾਮਰਾਜ ਤਕ ਹੀ ਸੀਮਤ ਹੈ।)[29] ਕੀਤੇ ਹਨ। ਗਿਆਨੀ ਜੀ ਨੇ ਉਪਰੋਕਤ ਪੰਕਤੀ ਦੇ ਅਰਥ ਪ੍ਰੋ. ਸਾਹਿਬ ਸਿੰਘ ਦੇ ਅਰਥਾਂ ਨਾਲੋਂ ਭਿੰਨ ਕੀਤੇ ਹਨ।

**10. ਮੁਖਿ ਸਲਾਹਣ:** ਸੁਣਿਐ ਮੁਖਿ ਸਲਾਹਣ ਮੰਦੁ॥[30]

ਪ੍ਰੋ. ਸਾਹਿਬ ਸਿੰਘ 'ਮੁਖਿ ਸਲਾਹਣ' ਦਾ ਅਰਥ 'ਮੂੰਹੋਂ ਰੱਬ ਦੀਆਂ ਸਿਫਤਾਂ' ਕਰਦੇ ਹਨ 'ਮੰਦਾ ਮਨੁੱਖ ਭੀ ਮੂੰਹੋਂ ਰੱਬ ਦੀਆਂ ਸਿਫਤਾਂ ਕਰਨ ਲੱਗ ਪੈਂਦਾ ਹੈ।'[31] ਗਿਆਨੀ ਜੀ ਇਸ ਦੇ ਅਰਥ 'ਮੂੰਹ ਸਲਾਹਣ ਜੋਗ (ਪਵਿਤ੍ਰ)' ਕਰਦੇ ਹਨ। 'ਨਾਮ ਦੇ ਸੁਨਣ ਕਰਕੇ ਹੀ ਅਸਾਡਾ ਮੂੰਹ ਸਲਾਹਣ ਜੋਗ (ਪਵਿਤ੍ਰ) ਹੋ ਜਾਂਦਾ

---

24 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

25 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 65.

26 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 64.

27 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

28 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 66.

29 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 64.

30 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

31 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 66.

ਹੈ।'[32] ਉਪਰੋਕਤ ਅਰਥਾਂ ਤੋਂ ਸਪੱਸ਼ਟ ਹੈ ਕਿ ਕੋਠਾ ਗੁਰੂ ਜੀ ਦੁਆਰਾ ਕੀਤੇ ਅਰਥ ਪ੍ਰੋ. ਸਾਹਿਬ ਸਿੰਘ ਦੇ ਅਰਥਾਂ ਨਾਲੋਂ ਭਿੰਨ ਹਨ।

**11. ਸੁਣਿਐ ਜੋਗ ਜੁਗਤਿ ਤਨਿ ਭੇਦ॥**[33]

ਉਪਰੋਕਤ ਪੰਕਤੀ ਦੇ ਅਰਥ ਕਰਦੇ ਪ੍ਰੋ. ਸਾਹਿਬ ਸਿੰਘ ਲਿਖਦੇ ਹਨ ਕਿ '(ਸਾਧਾਰਨ ਬੁੱਧ ਵਾਲੇ ਨੂੰ ਭੀ) ਸਰੀਰ ਵਿਚ ਦੀਆਂ ਗੁੱਝੀਆਂ ਗੱਲਾਂ (ਭਾਵ, ਅੱਖਾਂ, ਕੰਨ, ਜੀਭ ਆਦਿਕ ਇੰਦਰੀਆਂ ਦੇ ਚਾਲਿਆਂ ਤੇ ਵਿਕਾਰਾਂ ਆਦਿਕ ਵੱਲ ਦੌੜ-ਭੱਜ) ਦੇ ਭੇਦ ਦਾ ਪਤਾ ਲੱਗ ਜਾਂਦਾ ਹੈ, ਪ੍ਰਭੂ-ਮੇਲ ਦੀ ਜੁਗਤੀ ਦੀ ਸਮਝ ਪੈ ਜਾਂਦੀ ਹੈ।'[34] ਗਿਆਨੀ ਜੀ ਇਸ ਦਾ ਅਰਥ ਕਰਦੇ ਹਨ ਕਿ 'ਨਾਮ ਦੇ ਸੁਨਣ ਨਾਲ ਹੀ ਗਿਆਨ ਯੋਗ, ਕਰਮ ਯੋਗ ਅਤੇ ਸਹਿਜ ਯੋਗ ਦੇ ਭੇਦ ਵੀ ਸੁਭਾਵਕ ਹੀ ਪ੍ਰਾਪਤ ਹੋ ਜਾਂਦੇ ਹਨ।'[35] ਗਿਆਨੀ ਜੀ ਦੁਆਰਾ ਕੀਤੇ ਅਰਥ ਪ੍ਰੋ. ਸਾਹਿਬ ਸਿੰਘ ਦੁਆਰਾ ਕੀਤੇ ਅਰਥਾਂ ਨਾਲੋਂ ਵੱਖਰੇ ਹਨ।

**12. ਚੋਟਾ:** ਮੰਨੈ ਮੁਹਿ ਚੋਟਾ ਨਾ ਖਾਇ॥[36]

'ਚੋਟਾ' ਦਾ ਅਰਥ ਪ੍ਰੋ. ਸਾਹਿਬ ਸਿੰਘ ਨੇ '(ਸੰਸਾਰ ਦੇ ਵਿਕਾਰਾਂ ਦੀਆਂ) ਸੱਟਾਂ' ਕੀਤਾ ਹੈ। 'ਉਹ ਮਨੁੱਖ (ਸੰਸਾਰ ਦੇ ਵਿਕਾਰਾਂ ਦੀਆਂ) ਸੱਟਾਂ ਮੂੰਹ ਉੱਤੇ ਨਹੀਂ ਖਾਂਦਾ (ਭਾਵ, ਸੰਸਾਰਕ ਵਿਕਾਰ ਉਸ ਉੱਤੇ ਦਬਾ ਨਹੀਂ ਪਾ ਸਕਦੇ)।'[37] ਗਿਆਨੀ ਜੀ ਇਸਦਾ ਅਰਥ 'ਦਰਗਾਹੀ ਚੋਟਾਂ' ਕਰਦੇ ਹਨ। 'ਇਸ ਨਾਮ ਨੂੰ ਮੰਨਣ ਤੇ ਅਭਿਆਸ ਨਾਲ ਦਰਗਾਹੀ ਚੋਟਾਂ ਨਹੀਂ ਵਜਦੀਆਂ।'[38] ਗਿਆਨੀ ਜੀ ਦੁਆਰਾ ਕੀਤੇ ਅਰਥ ਪ੍ਰੋ. ਸਾਹਿਬ ਸਿੰਘ ਦੇ ਅਰਥਾਂ ਤੋਂ ਭਿੰਨ ਹਨ।'

**13. ਮਾਰਗਿ:** ਮੰਨੈ ਮਾਰਗਿ ਠਾਕ ਨ ਪਾਇ॥[39]

ਪ੍ਰੋ. ਸਾਹਿਬ ਸਿੰਘ 'ਮਾਰਗਿ' ਦਾ ਅਰਥ 'ਜ਼ਿੰਦਗੀ ਦੇ ਸਫਰ ਵਿਚ' ਕਰਦੇ ਹਨ। 'ਜੇ ਮਨੁੱਖ ਦਾ ਮਨ ਨਾਮ ਵਿਚ ਪਤੀਜ ਜਾਏ ਤਾਂ ਜ਼ਿੰਦਗੀ ਦੇ ਸਫਰ ਵਿਚ ਵਿਚਾਰ ਆਦਿਕ ਦੀ ਕੋਈ ਰੋਕ ਨਹੀਂ ਪੈਂਦੀ।'[40] ਜਦਕਿ ਗਿਆਨੀ ਜੀ ਨੇ ਇਸਦੇ ਅਰਥ 'ਸਰੀਰ ਛਡਨ ਉਪਰੰਤ ਰਸਤੇ ਵਿਚ ਰੋਕ ਨਹੀਂ ਪੈਂਦੀ' ਕੀਤੇ ਹਨ। 'ਨਾਮ ਦੇ ਅਭਿਆਸੀ ਨੂੰ ਸਰੀਰ ਛਡਨ ਉਪਰੰਤ ਕਿਤੇ ਵੀ ਰਸਤੇ ਵਿਚ ਰੋਕ ਨਹੀਂ ਪੈਂਦੀ (ਬਲਕੇ ਹਰਿ ਥਾਂ ਸਨਮਾਨ ਭਰਿਆ ਸ੍ਵਾਗਤ ਹੁੰਦਾ ਹੈ। 'ਨਾਨਕ ਧਰਮ ਐਸੇ ਚਵਹਿ ਕੀਤੋ ਭਵਨ ਪੁਨੀਤ' ਭਾਵ ਧਰਮ ਰਾਇ

---

32 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 64.

33 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

34 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 66.

35 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 64.

36 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩.

37 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 72.

38 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 66.

39 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩.

40 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 74.

ਗੁਰਮਤਿ ਨਾਮ ਅਭਿਆਸੀ ਗੁਰਮੁਖਾਂ ਦੇ ਆਪਣੇ ਘਰ ਚਰਨ ਪਵਾਉਣੇ ਫ਼ਖਰ ਸਮਝਦਾ ਹੈ ਅਤੇ ਆਪਣੇ ਘਰ ਨੂੰ ਪਵਿਤ੍ਰ ਹੋਇਆ ਸਮਝਦਾ ਹੈ।[41] ਇਸ ਤਰ੍ਹਾਂ ਸਪੱਸ਼ਟ ਹੈ ਕਿ 'ਮਾਰਗ' ਦੇ ਅਰਥ ਗਿਆਨੀ ਜੀ ਨੇ ਪ੍ਰੋ. ਸਾਹਿਬ ਸਿੰਘ ਨਾਲੋਂ ਵਿਲੱਖਣ ਕੀਤੇ ਹਨ।

**14. ਪੰਥੁ**: ਮੰਨੈ ਮਗੁ ਨ ਚਲੈ ਪੰਥੁ॥[42]

ਪ੍ਰੋ. ਸਾਹਿਬ ਸਿੰਘ ਨੇ 'ਪੰਥੁ' ਦੇ ਅਰਥ 'ਦੁਨੀਆਂ ਦੇ ਵੱਖੋ-ਵੱਖਰੇ ਮਜ਼ਹਬਾਂ ਦੇ ਦੱਸੇ ਰਸਤੇ' ਕੀਤੇ ਹਨ। 'ਉਸ ਮਨੁੱਖ ਦਾ ਧਰਮ ਨਾਲ (ਸਿੱਧਾ) ਜੋੜ ਬਣ ਜਾਂਦਾ ਹੈ, ਉਹ ਫਿਰ (ਦੁਨੀਆਂ ਦੇ ਵੱਖੋ-ਵੱਖਰੇ ਮਜ਼ਹਬਾਂ ਦੇ ਦੱਸੇ) ਰਸਤਿਆਂ 'ਤੇ ਨਹੀਂ ਤੁਰਦਾ (ਭਾਵ, ਉਸ ਦੇ ਅੰਦਰ ਇਹ ਵਿਖੇਪਤਾ ਨਹੀਂ ਰਹਿੰਦੀ ਕਿ ਇਹ ਰਸਤਾ ਚੰਗਾ ਹੈ ਤੇ ਇਹ ਮੰਦਾ ਹੈ)।'[43] ਗਿਆਨੀ ਜੀ ਨੇ ਇਸਦੇ ਅਰਥ 'ਜਮ ਦੇ ਪੰਥ (ਮਾਰਗ)' ਕੀਤੇ ਹਨ 'ਮੰਨਣ ਕਰਕੇ ਨਾਮ ਅਭਿਆਸੀ ਗੁਰ ਸੰਗਤ ਵਿਚ ਆਪਣਾ ਜੀਵਨ ਬਤਾਉਂਦੇ ਹਨ; ਉਨ੍ਹਾਂ (ਗੁਰਮੁਖਾਂ) ਨੂੰ ਜਮ ਦੇ ਪੰਥ (ਮਾਰਗ) 'ਚ ਪੈਣ ਦੀ ਲੋੜ ਨਹੀਂ ਰਹਿੰਦੀ।[44] ਇਸ ਤਰ੍ਹਾਂ ਸਪੱਸ਼ਟ ਹੈ ਕਿ ਕੋਠਾ ਗੁਰੂ ਜੀ ਅਤੇ ਪ੍ਰੋ. ਸਾਹਿਬ ਸਿੰਘ ਦੁਆਰਾ ਕੀਤੇ ਅਰਥਾਂ ਵਿਚ ਭਿੰਨਤਾ ਹੈ।

**15. ਕੇਹਾ**: ਸੋ ਦਰੁ ਸੋ ਕੇਹਾ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥[45]

ਸਤਾਈਵੀਂ ਪਉੜੀ ਵਿਚਲੇ ਸ਼ਬਦ 'ਕੇਹਾ' ਦੇ ਅਰਥ ਪ੍ਰੋ. ਸਾਹਿਬ ਸਿੰਘ 'ਅਸਚਰਜ' ਕਰਦੇ ਹਨ। 'ਉਹ ਦਰ-ਘਰ ਬੜਾ ਹੀ ਅਸਚਰਜ ਹੈ ਜਿੱਥੇ ਬਹਿ ਕੇ, (ਹੇ ਨਿਰੰਕਾਰ!) ਤੂੰ ਸਾਰੇ ਜੀਵਾਂ ਦੀ ਸੰਭਾਲ ਕਰ ਰਿਹਾ ਹੈ।'[46] ਕੋਠਾ ਗੁਰੂ ਜੀ ਨੇ ਇਸ ਦੇ ਅਰਥ 'ਕਿਸ ਤਰ੍ਹਾਂ ਦਾ ਹੈ' ਕੀਤੇ ਹਨ। 'ਹੇ ਅਕਾਲ ਪੁਰਖ! ਉਹ ਦਰ (ਘਰ) ਕਿਸ ਤਰ੍ਹਾਂ ਦਾ ਹੈ ਜਿਥੇ ਤੂੰ ਬੈਠ ਕੇ ਸਮੂਹ ਸੰਭਾਲ ਕਰਦਾ ਹੈ?'[47] ਗਿਆਨੀ ਜੀ ਪ੍ਰਸ਼ਨਾਤਮਕ ਰੂਪ ਵਿਚ ਅਰਥ ਕਰਦੇ ਹਨ ਕਿ ਉਹ ਦਰ ਕਿਸ ਤਰ੍ਹਾਂ ਦਾ ਹੈ ਜਿਥੇ ਬੈਠ ਕੇ ਪਰਮਾਤਮਾ ਸਾਰੇ ਜੀਵਾਂ ਦੀ ਸੰਭਾਲ ਕਰਦਾ ਹੈ ਪਰ ਪ੍ਰੋ. ਸਾਹਿਬ ਸਿੰਘ ਨੇ ਇਹ ਅਰਥ ਜਵਾਬ ਰੂਪ ਵਿਚ ਕੀਤੇ ਹਨ। ਉਹ ਦਸਦੇ ਹਨ ਕਿ ਉਹ ਦਰ-ਘਰ ਬੜਾ ਹੀ ਅਸਚਰਜ ਹੈ ਜਿੱਥੇ ਬਹਿ ਕੇ ਨਿਰੰਕਾਰ ਤੂੰ ਸਾਰੇ ਜੀਵਾਂ ਦੀ ਸੰਭਾਲ ਕਰ ਰਿਹਾ ਹੈ। ਇਸ ਤਰ੍ਹਾਂ ਦੋਨਾਂ ਵਿਦਵਾਨਾਂ ਦੇ ਅਰਥਾਂ ਵਿਚ ਭਿੰਨਤਾ ਦੇਖਣ ਨੂੰ ਮਿਲਦੀ ਹੈ।

**16. ਚਿਤੁ ਗੁਪਤੁ**: ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥[48]

---

41 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 66.

42 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩.

43 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 74.

44 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 67.

45 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬.

46 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 106.

47 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 84.

48 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬.

'ਚਿਤੁ ਗੁਪਤੁ' ਦਾ ਅਰਥ ਪ੍ਰੋ. ਸਾਹਿਬ ਸਿੰਘ ਨੇ 'ਜੋ ਜੀਵਾਂ ਦੇ ਚੰਗੇ-ਮੰਦੇ ਕਰਮਾਂ ਦੇ ਲੇਖੇ ਲਿਖਣੇ ਜਾਣਦੇ ਹਨ' ਕਰਦੇ ਹਨ। 'ਉਹ ਚਿੱਤਰ-ਗੁਪਤ ਭੀ ਜੋ (ਜੀਵਾਂ ਦੇ ਚੰਗੇ-ਮੰਦੇ ਕਰਮਾਂ ਦੇ ਲੇਖੇ ) ਲਿਖਣੇ ਜਾਣਦੇ ਹਨ, ਅਤੇ ਜਿਨ੍ਹਾਂ ਦੇ ਲਿਖੇ ਹੋਏ ਨੂੰ ਧਰਮ-ਰਾਜ ਵਿਚਾਰਦਾ ਹੈ, ਤੇਰੀਆਂ ਵਡਿਆਈਆਂ ਕਰ ਰਹੇ ਹਨ।'[49] ਪਰ ਗਿਆਨੀ ਜੀ ਨੇ ਇਸ ਦੇ ਅਰਥ 'ਸੁਚੇਤ ਮਨ ਤੇ ਅਚੇਤ ਮਨ' ਕੀਤੇ ਹਨ। ਚਿਤ੍ਰ ਅਤੇ ਗੁਪਤਿ (ਸੁਚੇਤ ਮਨ ਤੇ ਅਚੇਤ ਮਨ) ਦੋ ਫਰਿਸ਼ਤੇ (ਜੋ ਮੰਨਾਉਤ ਹੈ ਜੀਵ ਦੇ ਚੰਗੇ ਮੰਦੇ ਕਰਮਾਂ ਦਾ ਹਿਸਾਬ (Record) ਰਖਦੇ ਹਨ ਅਤੇ ਲਿਖਣ ਪੜ੍ਹਨ ਜਾਣਦੇ ਹਨ ਤੇਰਾ ਜਸ ਕਰਦੇ ਹਨ ਅਤੇ ਧਰਮ ਰਾਜ ਵੀ ਉਪਮਾ ਕਰਦਾ ਹੈ।[50] ਉਪਰੋਕਤ ਵਿਆਖਿਆ ਤੋਂ ਸਪੱਸ਼ਟ ਹੈ ਕਿ ਕੋਠਾ ਗੁਰੂ ਜੀ 'ਚਿਤੁ ਗੁਪਤੁ' ਦੇ ਅਰਥ ਪ੍ਰੋ. ਸਾਹਿਬ ਸਿੰਘ ਤੋਂ ਭਿੰਨ ਕੀਤੇ ਹਨ।

**17. ਸੰਜੋਗੁ ਵਿਜੋਗੁ:** ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥[51]

ਪ੍ਰੋ. ਸਾਹਿਬ ਸਿੰਘ ਜੀ ਨੇ 'ਸੰਜੋਗੁ ਵਿਜੋਗੁ' ਦੇ ਅਰਥ 'ਸੰਜੋਗਾਂ ਕਰ ਕੇ ਟੱਬਰ ਆਦਿਕਾਂ ਦੇ ਜੀਵ ਇੱਥੇ ਆ ਇੱਕਠੇ ਹੁੰਦੇ ਹਨ। ਰਜ਼ਾ ਵਿਚ ਫਿਰ ਵਿਛੜ-ਵਿਛੜ ਕੇ ਆਪੋ-ਆਪਣੀ ਵਾਰੀ ਇੱਥੋਂ ਤੁਰ ਜਾਂਦੇ ਹਨ)' ਕੀਤੇ ਹਨ। 'ਅਕਾਲਪੁਰਖ ਦੀ "ਸੰਜੋਗ" ਸੱਤਾ ਤੇ "ਵਿਜੋਗ" ਸੱਤਾ ਦੋਵੇਂ (ਮਿਲ ਕੇ ਇਸ ਸੰਸਾਰ ਦੀ) ਕਾਰ ਨੂੰ ਚਲਾ ਰਹੀਆਂ ਹਨ (ਭਾਵ, ਪਿਛਲੇ ਸੰਜੋਗਾਂ ਕਰ ਕੇ ਟੱਬਰ ਆਦਿਕਾਂ ਦੇ ਜੀਵ ਇੱਥੇ ਆ ਇੱਕਠੇ ਹੁੰਦੇ ਹਨ। ਰਜ਼ਾ ਵਿਚ ਫਿਰ ਵਿਛੜ-ਵਿਛੜ ਕੇ ਆਪੋ-ਆਪਣੀ ਵਾਰੀ ਇੱਥੋਂ ਤੁਰ ਜਾਂਦੇ ਹਨ) ਅਤੇ (ਸਭ ਜੀਵਾਂ ਦੇ ਕੀਤੇ ਕਰਮਾਂ ਦੇ) ਲੇਖ ਅਨੁਸਾਰ (ਦਰਜਾ-ਬ-ਦਰਜਾ ਸੁਖ ਦੁਖ ਦੇ) ਛਾਂਦੇ ਮਿਲ ਰਹੇ ਹਨ (ਜੇ ਇਹ ਯਕੀਨ ਬਣ ਜਾਏ ਤਾਂ ਅੰਦਰੋਂ ਕੂੜ ਦੀ ਕੰਧ ਟੁੱਟ ਜਾਂਦੀ ਹੈ।'[52] ਕੋਠਾ ਗੁਰੂ ਜੀ ਇਸ ਦੇ ਅਰਥ ਕਰਦੇ ਲਿਖਦੇ ਹਨ, 'ਸੰਜੋਗ ਤੇ ਵਿਜੋਗ (ਇਨ੍ਹਾਂ ਦੋਨਾਂ ਵਿਚ) ਸੰਸਾਰ ਦਾ ਚਕਰ ਚਲ ਰਿਹਾ ਹੈ ਜਿਤਨਾ ਚਿਰ ਏਹ ਜੀਵ ਕਰਤੇ ਦੀ ਰਜ਼ਾ (ਭਾਣੇ) ਵਿਚ ਰਹਿੰਦਾ ਹੈ ਉਤਨਾ ਚਿਰ ਸੰਜੋਗ ਹੈ ਵਰਨਾ ਹਉਮੈ ਦੇ ਵਸ ਪੈ ਕੇ (ਉਸ ਦੀ ਜਾਦਿ ਨੂੰ ਭੁਲ ਕੇ) ਵਿਜੋਗ ਦਾ ਕਾਰਣ ਬਣ ਜਾਂਦਾ ਹੈ ਇਉ ਉਸ ਦੇ ਹਿਸੇ (ਭਾਗ) 'ਚ ਲਾਭ (ਜਾਂ ਹਾਨਿ) ਹੁੰਦੀ ਹੈ॥੨੯॥[53] ਸਪੱਸ਼ਟ ਹੈ ਕਿ ਗਿਆਨੀ ਜੀ ਦੁਆਰਾ ਕੀਤੇ ਅਰਥ ਪ੍ਰੋ. ਸਾਹਿਬ ਸਿੰਘ ਦੁਆਰਾ ਕੀਤੇ ਅਰਥਾਂ ਨਾਲੋਂ ਵੱਖਰੇ ਹਨ।

**18. ਜੋਰੁ:** ਆਖਣਿ ਜੋਰੁ ਚੁਪੈ ਨਹ ਜੋਰੁ॥[54]

---

49 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 107.

50 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 84.

51 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬.

52 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 114.

53 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 86.

54 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭.

ਤੇਤੀਵੀ ਪਉੜੀ ਵਿਚਲੇ ਸ਼ਬਦ 'ਜੋਰੁ' ਦਾ ਅਰਥ ਪ੍ਰੋ. ਸਾਹਿਬ ਸਿੰਘ 'ਇਖ਼ਤਿਆਰ' ਕਰਦੇ ਹਨ। 'ਬੋਲਣ ਵਿਚ ਤੇ ਚੁੱਪ ਰਹਿਣ ਵਿਚ ਭੀ ਸਾਡਾ ਕੋਈ ਆਪਣਾ ਇਖ਼ਤਿਆਰ ਨਹੀਂ ਹੈ।'[55] ਪਰ ਗਿਆਨੀ ਜੀ ਨੇ ਇਸ ਦੇ ਅਰਥ 'ਸ਼ਕਤੀ (ਕਰਾਮਾਤ) ਕੀਤੇ ਹਨ। 'ਸ਼ਕਤੀ (ਕਰਾਮਾਤ) ਨਾ ਤਾਂ ਜ਼ਿਆਦੇ ਵਿਖਿਆਨ (Lecture ) ਦੇਣ ਨਾਲ ਹੁੰਦੀ ਹੈ ਨਾ ਹੀ ਚੁਪ ਸਾਧਨ ਦੇ ਨਾਲ ਏਹ ਪ੍ਰਾਪਤ ਹੋਵੇ।[56] ਇਸ ਤਰ੍ਹਾਂ ਸਪੱਸ਼ਟ ਹੈ ਕਿ ਗਿਆਨੀ ਜੀ ਨੇ 'ਜੋਰ' ਦੇ ਅਰਥ ਪ੍ਰੋ. ਸਾਹਿਬ ਸਿੰਘ ਨਾਲੋਂ ਵੱਖਰੇ ਕੀਤੇ ਹਨ।

**19. ਬਾਣੀ**: ਸਰਮ ਖੰਡ ਕੀ ਬਾਣੀ ਰੂਪੁ॥[57]

ਪ੍ਰੋ. ਸਾਹਿਬ ਸਿੰਘ ਨੇ 'ਬਾਣੀ' ਦਾ ਅਰਥ 'ਬਨਾਵਟ' ਕੀਤਾ ਹੈ। 'ਉੱਦਮ ਅਵਸਥਾ ਦੀ ਬਨਾਵਟ ਸੁੰਦਰਤਾ ਹੈ (ਭਾਵ, ਇਸ ਅਵਸਥਾ ਵਿਚ ਆ ਕੇ ਮਨ ਦਿਨੋ ਦਿਨ ਸੋਹਣਾ ਬਣਨਾ ਸ਼ੁਰੂ ਹੋ ਜਾਂਦਾ ਹੈ)'[58] ਕੋਠਾ ਗੁਰੂ ਜੀ ਇਸਦਾ ਅਰਥ 'ਭਾਸ਼ਾ' ਕਰਦੇ ਹਨ। ਇਸ ਸਰਮ (ਹਿੰਮਤੀ+ਪ੍ਰੀਸ਼ਰਮ ਮੰਡਲ) ਦੀ ਬਾਣੀ (ਭਾਸ਼ਾ) ਵੀ ਅਦੁਤੀ (ਦੈਵੀ) ਹੈ।[59] ਸਪਸ਼ਟ ਹੈ ਕਿ ਗਿਆਨੀ ਜੀ ਦੁਆਰਾ ਕੀਤੇ ਅਰਥ ਪ੍ਰੋ. ਸਾਹਿਬ ਸਿੰਘ ਨਾਲੋਂ ਕੀਤੇ ਅਰਥਾਂ ਤੋਂ ਭਿੰਨ ਹਨ।

**20. ਘਾੜਤ ਘੜੀਐ**: ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥[60]

'ਘਾੜਤ ਘੜੀਐ' ਦਾ ਅਰਥ ਪ੍ਰੋ. ਸਾਹਿਬ ਸਿੰਘ 'ਮਨ ਬਹੁਤ ਸੋਹਣਾ ਘੜਿਆ ਜਾਂਦਾ ਹੈ' ਕਰਦੇ ਹਨ 'ਇਸ ਅਵਸਥਾ ਵਿਚ (ਨਵੀਂ) ਘਾੜਤ ਦੇ ਕਾਰਨ ਮਨ ਬਹੁਤ ਸੋਹਣਾ ਘੜਿਆ ਜਾਂਦਾ ਹੈ।'[61] ਗਿਆਨੀ ਜੀ ਨੇ ਇਸਦਾ ਅਰਥ 'ਸ੍ਰਿਸਟੀ ਦੀ ਰਚਿਨਾ' ਦੇ ਰੂਪ ਵਿਚ ਲੈਂਦੇ ਹਨ। 'ਉਥੇ ਅਸਚਰਜ ਅਸਚਰਜ ਕਿਸਮ ਨਾਲ ਸ੍ਰਿਸ਼ਟੀ ਦੀ ਰਚਿਨਾ ਹੁੰਦੀ ਹੈ।'[62] ਇਸ ਤਰ੍ਹਾਂ ਸਪਸ਼ਟ ਹੈ ਕਿ ਗਿਆਨੀ ਜੀ ਅਤੇ ਪ੍ਰੋ. ਸਾਹਿਬ ਸਿੰਘ ਦੁਆਰਾ ਕੀਤੇ ਅਰਥਾਂ ਵਿਚ ਭਿੰਨਤਾ ਹੈ।

**21. ਸੀਤੋ ਸੀਤਾ**: ਤਿਥੈ ਸੀਤੋ ਸੀਤਾ ਮਹਿਮਾ ਮਾਹਿ॥[63]

'ਸੀਤੋ ਸੀਤਾ' ਦਾ ਅਰਥ ਪ੍ਰੋ. ਸਾਹਿਬ ਸਿੰਘ 'ਪਰੋਤਾ' ਕਰਦੇ ਹਨ। 'ਉਸ (ਬਖ਼ਸ਼ਸ਼) ਅਵਸਥਾ ਵਿਚ ਅੱਪੜੇ ਹੋਏ ਮਨੁੱਖਾਂ ਦਾ ਮਨ ਨਿਰੋਲ ਅਕਾਲਪੁਰਖ ਦੀ ਵਡਿਆਈ ਵਿਚ ਪਰੋਤਾ ਰਹਿੰਦਾ ਹੈ।'[64]

---

55 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, 119.

56 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 92.

57 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮.

58 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 129.

59 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 92.

60 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮.

61 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 129.

62 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 92.

63 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮.

64 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 129.

ਗਿਆਨੀ ਜੀ ਨੇ ਇਸਦਾ ਅਰਥ 'ਸ਼ਾਂਤੀ ਹੀ ਸ਼ਾਂਤੀ' ਕੀਤਾ ਹੈ। (ਉਥੇ) ਆਤਮਿਕ ਅਨੰਦ ਦੇ ਕਾਰਨ ਸਾਰੇ ਸ਼ਾਂਤੀ ਹੀ ਸ਼ਾਂਤੀ ਵਰਤੀ ਹੋਈ ਹੈ।[65] ਇਥੇ ਵੀ ਦੋਨਾਂ ਵਿਦਵਾਨਾਂ ਦੁਆਰਾ ਕੀਤੇ ਅਰਥਾਂ ਵਿਚ ਭਿੰਨਤਾ ਹੈ।

ਪ੍ਰੋ. ਸਾਹਿਬ ਸਿੰਘ ਅਤੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਜੀ ਦੁਆਰਾ ਕੀਤੀ ਜਪੁ ਬਾਣੀ ਦੀ ਵਿਆਖਿਆ ਵਿਚ ਭਿੰਨਤਾ ਵੇਖਣ ਨੂੰ ਮਿਲਦੀ ਹੈ। ਇਹ ਭਿੰਨਤਾ ਲਗਭਗ ਇਕੀ ਪੰਕਤੀਆਂ ਵਿਚ ਪਾਈ ਗਈ ਹੈ। ਗਿਆਨੀ ਜੀ ਨੇ ਗੁਰਪ੍ਰਸਾਦਿ, ਸੋਚੈ ਸੋਚਿ, ਕਪੜਾ, ਗੁਰਮੁਖਿ, ਈਸਰੁ, ਗੋਰਖ, ਪਾਰਬਤੀ ਮਾਈ, ਨਵਾ ਖੰਡਾ, ਸਿਧ ਪੀਰ, ਦੀਪ ਲੋਅ, ਮਾਰਗ, ਪੰਥ, ਕੇਹਾ, ਚਿਤੁ ਗੁਪਤੁ, ਸੰਜੋਗੁ, ਵਿਜੋਗੁ, ਜੋਰੁ, ਬਾਣੀ, ਸੀਤੋ ਸੀਤਾ ਆਦਿ ਸ਼ਬਦਾਂ ਦੇ ਅਰਥ ਪ੍ਰੋ. ਸਾਹਿਬ ਸਿੰਘ ਨਾਲੋਂ ਵਿਲੱਖਣ ਕੀਤੇ ਹਨ। ਗਿਆਨੀ ਜੀ ਨੇ ਪ੍ਰੋ. ਸਾਹਿਬ ਸਿੰਘ ਵਾਂਗ ਇਕ ਤੁਕ ਦਾ ਇਕ ਹੀ ਅਰਥ ਕਰਦੇ ਹਨ। ਉਹ ਨਿਰਮਲੇ ਅਤੇ ਸੰਪ੍ਰਦਾਈ ਵਿਦਵਾਨਾਂ ਵਾਂਗ ਇਕ ਤੁਕ ਦੇ ਕਈ-ਕਈ ਅਰਥ ਨਹੀਂ ਕਰਦੇ। ਪ੍ਰੋ. ਸਾਹਿਬ ਸਿੰਘ ਅਰਥ ਕਰਦੇ ਸਮੇਂ ਮੂਲ ਪਾਠ ਦੇਣ ਉਪਰੰਤ ਪਦ ਅਰਥ ਅਤੇ ਫਿਰ ਅਰਥ ਦਿੰਦੇ ਹਨ ਪਰ ਗਿਆਨੀ ਜੀ ਨੇ ਪਉੜੀਵਾਰ ਮੂਲ ਪਾਠ ਦੇ ਕੇ ਅਰਥ ਦਿੱਤੇ ਹਨ। ਦੋਨੋਂ ਵਿਦਵਾਨ ਪਦਛੇਦ ਕਰ ਕੇ ਮੂਲ ਪਾਠ ਦਿੰਦੇ ਹਨ। ਉਦਾਸੀ, ਨਿਰਮਲੇ ਤੇ ਸੰਪ੍ਰਦਾਈ ਟੀਕਾਕਾਰ ਬਾਣੀ ਨੂੰ ਪਦ ਛੇਦ ਕਰਕੇ ਲਿਖਣ ਦੇ ਹਾਮੀ ਨਹੀਂ ਸਨ ਪਰ ਗਿਆਨੀ ਜੀ ਨੇ ਆਧੁਨਿਕ ਵਿਦਵਾਨਾਂ ਵਾਂਗ ਪਦ ਛੇਦ ਦੀ ਧਾਰਨਾ ਦੇ ਹਾਮੀ ਹਨ। ਉਨ੍ਹਾਂ ਨੇ ਆਪਣੇ ਟੀਕੇ ਵਿਚ ਪਦ ਛੇਦ ਕਰਕੇ ਪਾਠ ਦਿਤਾ ਹੈ।

ਪ੍ਰੋ. ਸਾਹਿਬ ਸਿੰਘ ਵਿਆਕਰਣ ਨਿਯਮਾਂ ਅਨੁਸਾਰ ਅਰਥ ਦਿੰਦੇ ਹਨ ਪਰ ਗਿਆਨੀ ਜੀ ਦੀ ਟੀਕਾਕਾਰੀ ਵਿਚ ਅਜਿਹਾ ਨਜ਼ਰ ਨਹੀਂ ਆਉਂਦਾ। ਦੋਨਾਂ ਵਿਦਵਾਨਾਂ ਦੀ ਬੋਲੀ ਸਰਲ ਪੰਜਾਬੀ ਹੈ। ਕੋਠਾ ਗੁਰੂ ਜੀ ਬ੍ਰਜ ਭਾਸ਼ਾ ਅਤੇ ਸੰਸਕ੍ਰਿਤ ਦੇ ਵਿਦਵਾਨ ਸਨ ਪਰ ਟੀਕੇ ਵਿਚ ਉਨ੍ਹਾਂ ਨੇ ਪੰਜਾਬੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਕਿਤੇ-ਕਿਤੇ ਹਿੰਦੀ ਭਾਸ਼ਾ ਦੇ ਸ਼ਬਦ ਆਏ ਹਨ ਜਿਨ੍ਹਾਂ ਦੇ ਅਰਥ ਟੀਕੇ ਦੇ ਅਖੀਰ ਵਿਚ ਦਰਜ ਸ਼ਬਦਕੋਸ਼ ਵਿਚ ਦਿਤੇ ਹਨ। ਗਿਆਨੀ ਜੀ ਦੀ ਬੋਲੀ ਸ਼ੈਲੀ ਨਿਰਮਲੇ ਵਿਦਵਾਨਾਂ ਵਾਂਗ ਕਠਿਨ ਤੇ ਗੁੰਝਲਦਾਰ ਨਹੀਂ ਸਗੋਂ ਸਰਲ ਹੈ।

ਮੂਲ ਰੂਪ ਵਿਚ ਦੋਨਾਂ ਵਿਦਵਾਨਾਂ ਦੁਆਰਾ ਕੀਤੇ ਅਰਥ ਗੁਰਮਤਿ ਅਨੁਸਾਰੀ ਹਨ। ਗਿਆਨੀ ਜੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਦੀ ਟੀਕਾਕਾਰੀ ਵਿਚ ਨਿਰਮਲੇ ਵਿਦਵਾਨਾਂ ਵਾਂਗ ਵੇਂਦਾਂਤੀ ਵਿਚਾਰਾਂ ਦਾ ਰੰਗ ਵੇਖਣ ਨੂੰ ਨਹੀਂ ਮਿਲਦਾ। ਗਿਆਨੀ ਜੀ ਨੇ ਆਧੁਨਿਕ ਵਿਦਵਾਨਾਂ ਵਾਂਗ ਮੂਲ ਪਾਠ ਪਦ-ਛੇਦ ਕਰ ਕੇ ਦਿਤਾ ਹੈ। ਉਨ੍ਹਾਂ ਦੀ ਟੀਕਾਕਾਰੀ ਪੁਰਾਤਨ ਟੀਕਾਕਾਰਾਂ ਦੇ ਵਧੇਰੇ ਨੇੜੇ ਹੈ ਕਿਉਂਕਿ ਉਨ੍ਹਾਂ ਨੇ ਆਧੁਨਿਕ ਵਿਦਵਾਨਾਂ ਵਾਂਗ ਵਿਆਕਰਣ ਨਿਯਮ, ਨਿਰੁਕਤ, ਵਿਆਖਿਆ ਆਦਿ ਨਹੀਂ ਦਿੰਦੇ ਸਗੋਂ ਮੂਲ ਪਾਠ ਦੇ ਕੇ ਸਰਲ ਟੀਕਾ ਕੀਤਾ ਹੈ। ਇਸ ਤਰ੍ਹਾਂ ਗਿਆਨੀ ਜੀ ਨੇ ਸਰਲ ਰੂਪ ਵਿਚ ਗੁਰੂ ਆਸ਼ੇ ਅਨੁਸਾਰ ਅਰਥ ਦਿਤੇ

---

65 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 56.

ਹਨ। ਅਰਥ ਨੂੰ ਸਪੱਸ਼ਟ ਕਰਨ ਲਈ ਕਈ ਥਾਈਂ ਗੁਰਬਾਣੀ ਵਿਚੋਂ ਪ੍ਰਮਾਣ ਵੀ ਦਿੰਦੇ ਹਨ। ਉਨ੍ਹਾਂ ਦੀ ਵਿਆਖਿਆ ਗੁਰਮਤਿ ਅਨੁਸਾਰੀ ਹੈ।

**(ਅ) ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਅਤੇ ਪ੍ਰੋ. ਹਰਬੰਸ ਸਿੰਘ:** ਇਥੇ ਅਸੀਂ ਗਿਆਨੀ ਹਰਬੰਸ ਸਿੰਘ ਦੇ *ਦਰਸ਼ਨ ਨਿਰਣੈ ਸਟੀਕ* ਨੂੰ ਅਧਾਰ ਬਣਾ ਕੇ ਗਿਆਨੀ ਜੀ ਦੀ ਵਿਆਖਿਆ ਦਾ ਤੁਲਨਾਤਮਕ ਅਧਿਐਨ ਕਰਾਂਗੇ।

**1. ਗੁਰਪ੍ਰਸਾਦਿ॥**[66]

ਪ੍ਰੋ. ਸਾਹਿਬ ਸਿੰਘ ਅਨੁਸਾਰ 'ਗੁਰਪ੍ਰਸਾਦਿ' ਦੇ ਅਰਥ 'ਗੁਰੂ ਦੇ ਪ੍ਰਸਾਦ ਨਾਲ, ਗੁਰੂ ਦੀ ਕਿਰਪਾ ਨਾਲ' ਭਾਵ ਉਪਰੋਕਤ '੧ਓ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ।'[67] ਪ੍ਰਿੰ. ਤੇਜਾ ਸਿੰਘ ਨੇ 'ਗੁਰਪ੍ਰਸਾਦਿ' ਦੇ ਅਰਥ 'ਗੁਰੂ ਦੀ ਕਿਰਪਾ ਨਾਲ'[68] ਕੀਤੇ ਹਨ। ਗਿਆਨੀ ਹਰਬੰਸ ਸਿੰਘ ਅਰਥ ਕਰਦੇ ਹਨ, '(ਅਜਿਹੇ ਸਰੂਪ ਵਾਲੇ ਪਰਮਾਤਮਾ ਦਾ ਦਰਸ਼ਨ-ਪਰਸ਼ਨ) ਗੁਰੂ ਦੀ ਕਿਰਪਾ ਦੁਆਰਾ ਹੁੰਦਾ ਹੈ।'[69] ਗਿਆਨੀ ਬਲਵੰਤ ਸਿੰਘ ਅਰਥ ਕਰਦੇ ਹਨ, 'ਪ੍ਰਕਾਸ਼ ਸਰੂਪ ਸੁਧ ਬ੍ਰਹਮ ਅਵਿਦਿਆ (ਅਗਿਆਨਤਾ) ਨੂੰ ਆਪਣੇ ਅਪੂਰਬ ਪ੍ਰਮ ਕ੍ਰਿਪਾਲਤਾ ਭਰੇ ਗਿਆਨ ਦੁਆਰਾ ਮਿਟਾ ਦੇਣ ਵਾਲਾ, ਸਮੂਹ ਸਮੇਂ ਅਗੰਮੀ ਸਿਖਿਆ ਦੇਣ ਵਾਲਾ।[70] ਉਪਰੋਕਤ ਵਿਦਵਾਨਾਂ (ਪ੍ਰੋ. ਸਾਹਿਬ ਸਿੰਘ, ਪ੍ਰਿੰ. ਤੇਜਾ ਸਿੰਘ, ਗਿ. ਹਰਬੰਸ ਸਿੰਘ) ਨੇ ਗੁਰਪ੍ਰਸਾਦਿ ਦੇ ਅਰਥ 'ਗੁਰੂ ਦੀ ਕਿਰਪਾ ਨਾਲ' ਕੀਤੇ ਹਨ। ਕੋਠਾ ਗੁਰੂ ਜੀ ਨੇ 'ਗੁਰਪ੍ਰਸਾਦਿ' ਦੇ ਅਰਥ 'ਅਪੂਰਬ ਪ੍ਰਮ ਕ੍ਰਿਪਾਲਤਾ ਭਰੇ ਗਿਆਨ ਦੁਆਰਾ' ਕੀਤੇ ਹਨ। ਗਿਆਨੀ ਜੀ ਦੁਆਰਾ ਕੀਤੇ ਅਰਥ ਉਪਰੋਕਤ ਵਿਦਵਾਨਾਂ ਤੋਂ ਵਿਲੱਖਣ ਹਨ।

**2. ਸੋਚੈ ਸੋਚਿ:** ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ॥[71]

'ਸੋਚਿ' ਦੇ ਅਰਥ ਵਿਦਵਾਨਾਂ ਨੇ ਵੱਖੋ-ਵੱਖਰੇ ਕੀਤੇ ਹਨ, ਕਿਸੇ ਨੇ ਸੋਚਣ ਨਾਲ (ਵੀਚਾਰ ਕਰਨ ਨਾਲ) ਤੇ ਕਿਸੇ ਨੇ ਇਸ਼ਨਾਨ ਕੀਤੇ ਹਨ। ਭਾਈ ਸੰਤੋਖ ਸਿੰਘ ਨੇ 'ਗਰਬ ਗੰਜਨੀ' ਟੀਕੇ ਵਿਚ ਇਸਦੇ ਅਰਥ 'ਜਲ ਮ੍ਰਿਤਕਾ ਆਦਿ ਤੋਂ ਸ਼ੌਚ ਕਰਨਾ' ਕੀਤੇ ਹਨ।[72] ਭਾਈ ਵੀਰ ਸਿੰਘ ਅਨੁਸਾਰ 'ਸ਼ੋਚ ਕਰਨ ਨਾਲ (ਮਨ) ਦੀ ਸੁਚ ਪ੍ਰਾਪਤ ਨਹੀਂ ਹੁੰਦੀ, ਚਾਹੇ ਲਖ ਵਾਰ ਸੁਚਮ ਪਿਆ ਕਰਾਂ[73] ਪ੍ਰਿੰ. ਤੇਜਾ ਸਿੰਘ ਨੇ 'ਸੋਚਿ' ਸ਼ਬਦ ਦੇ ਅਰਥ 'ਸੋਚ ਜਾਂ ਸਮਝ ਵਿਚ' ਕੀਤੇ ਹਨ। ਸੋਚਣ ਨਾਲ ਉਹ ਸੱਚ ਸਰੂਪ ਸਮਝ ਦੇ ਵਿਚ ਨਹੀਂ ਆ ਜਾਂਦਾ, ਭਾਵੇਂ ਮੈਂ ਲੱਖਾਂ ਵਾਰੀ ਮੁੜ-ਮੁੜ ਪਿਆ ਸੋਚਾਂ।[74] ਪ੍ਰੋ. ਸਾਹਿਬ ਸਿੰਘ 'ਸੋਚਿ' ਦੇ ਅਰਥ 'ਇਸ਼ਨਾਨ' ਕਰਦੇ

---

66 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧.

67 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 47.

68 ਉਧਰਿਤ, ਗਿ. ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 60.

69 ਉਹੀ.

70 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 56.

71 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧.

72 ਉਧਰਿਤ, ਗਿ. ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 84.

73 ਉਧਰਿਤ, ਉਹੀ.

74 ਉਧਰਿਤ, ਉਹੀ.

ਹਨ। ਜੇ ਮੈਂ ਲੱਖ ਵਾਰੀ (ਭੀ) (ਇਸ਼ਨਾਨ ਆਦਿਕ ਨਾਲ ਸਰੀਰ ਦੀ) ਸੁੱਚ ਰੱਖਾਂ, (ਤਾਂ ਭੀ ਇਸ ਤਰ੍ਹਾਂ) ਸੁੱਚ ਰੱਖਣ ਨਾਲ (ਮਨ ਦੀ) ਸੁੱਚ ਨਹੀਂ ਰਹਿ ਸਕਦੀ।[75] ਗਿਆਨੀ ਹਰਬੰਸ ਸਿੰਘ ਜੀ ਇਸਦਾ ਅਰਥ ਸੋਚਣ ਸਮਝਣ ਹੀ ਕਰਦੇ ਹਨ। ਸੋਚਣ ਨਾਲ (ਅਕਾਲ ਪੁਰਖ ਜੀ ਦੀ) ਸੋਝੀ (ਸਮਝ) ਨਹੀਂ ਹੋ ਸਕਦੀ, ਜੇਕਰ (ਮੈਂ) ਲੱਖਾਂ ਵਾਰੀ (ਪਿਆ) ਸੋਚਾਂ।[76] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਵੀ ਉਨ੍ਹਾਂ ਟੀਕਾਕਾਰਾਂ ਨਾਲ ਸਹਿਮਤੀ ਪ੍ਰਗਟਾਈ ਹੈ ਜੋ 'ਸੋਚਿ' ਦਾ ਅਰਥ 'ਸੋਚ ਵੀਚਾਰ' ਕਰਦੇ ਹਨ। ਉਨ੍ਹਾਂ ਨੇ ਸੋਚਿ ਦਾ ਅਰਥ 'ਸੋਚਣਾ' ਕੀਤੇ ਹਨ। ਕੋਠਾ ਗੁਰੂ ਜੀ ਅਨੁਸਾਰ, 'ਸੋਚਾਂ ਸੋਚ ਸੋਚ ਕੇ (ਫ਼ਿਲਾਸਫ਼ੀ) ਵੀਚਾਰਨ ਨਾਲ ਉਹ (ਪ੍ਰਮੇਸ੍ਵਰ) ਦੀ ਪੂਰਨਤਾ ਨੂੰ ਵੀਚਾਰਿਆ ਨਹੀਂ ਜਾ ਸਕਦਾ ਭਾਵੇ (ਫ਼ਿਲਾਸਫ਼ੀ) ਨੂੰ ਲਖਾਂ ਬਾਰ ਦੁਹਰਾਕੇ ਕੰਠ (ਹਿਫਜ਼) ਕਿਉਂ ਨ ਕੀਤਾ ਜਾਵੇ।'[77] ਭਾਈ ਸੰਤੋਖ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਭਾਈ ਵੀਰ ਸਿੰਘ ਨੇ ਸੋਚਿ ਦੇ ਅਰਥ 'ਇਸ਼ਨਾਨ' ਕੀਤੇ ਹਨ। ਗਿਆਨੀ ਹਰਬੰਸ ਸਿੰਘ ਨੇ ਅਰਥ 'ਸੋਚਣਾ' ਹੀ ਪ੍ਰਵਾਨ ਕੀਤੇ ਹਨ। ਕੋਠਾ ਗੁਰੂ ਜੀ ਦੁਆਰਾ ਕੀਤੇ 'ਸੋਚਿ' ਦੇ ਅਰਥ ਗਿ. ਹਰਬੰਸ ਸਿੰਘ ਦੁਆਰਾ ਕੀਤੇ ਅਰਥਾਂ ਨਾਲ ਮਿਲਦੇ ਹਨ ਅਤੇ ਪ੍ਰੋ. ਸਾਹਿਬ ਸਿੰਘ ਅਤੇ ਭਾਈ ਵੀਰ ਸਿੰਘ ਦੁਆਰਾ ਕੀਤੇ ਅਰਥਾਂ ਨਾਲੋਂ ਵੱਖਰੇ ਹਨ।

**3. ਕੋ**: ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥[78]

'ਕੋ' ਦੇ ਅਰਥ ਪ੍ਰੋ. ਸਾਹਿਬ ਸਿੰਘ 'ਕੋਈ' ਕਰਦੇ ਹਨ। ਜਿਸ ਕਿਸੇ ਮਨੁੱਖ ਨੂੰ ਸਮਰਥਾ ਹੁੰਦੀ ਹੈ, ਉਹ ਰੱਬ ਦੇ ਤਾਣ ਨੂੰ ਗਾਉਂਦਾ ਹੈ, ਭਾਵ, ਉਸਦੀ ਸਿਫਤਿ-ਸਾਲਾਹ ਕਰਦਾ ਹੈ ਤੇ ਉਸਦੇ ਉਹ ਕੰਮ ਕਥਨ ਕਰਦਾ ਹੈ ਜਿਨ੍ਹਾਂ ਤੋਂ ਉਸ ਦੀ ਵੱਡੀ ਤਾਕਤ ਪਰਗਟ ਹੋਵੇ।[79] ਗਿਆਨੀ ਹਰਬੰਸ ਸਿੰਘ ਵੀ ਅਰਥ 'ਕੋਈ' ਹੀ ਕਰਦੇ ਹਨ। ਕੋਈ (ਜੀਵ ਉਸ ਅਕਾਲ ਪੁਰਖ ਜੀ ਦੇ) ਬਲ ਨੂੰ (ਵੇਖ ਕੇ ਉਸ ਦੇ ਗੁਣ) ਗਾਉਂਦਾ ਹੈ, (ਜਿਸ) ਕਿਸੇ ਪਾਸ (ਉਸ ਮਾਲਕ ਦਾ ਬਖ਼ਸ਼ਿਆ ਹੋਇਆ) ਬਲ (ਜ਼ੋਰ) ਹੁੰਦਾ ਹੈ।[80] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ 'ਕੋ' ਦੇ ਅਰਥ 'ਕੌਣ' ਕੀਤੇ ਹਨ। 'ਉਸ (ਈਸ੍ਵਰ) ਦੇ ਤਾਣ (ਤ੍ਰਾਣ) ਤਾਕਤ ਦੇ ਗਾਵਨ ਦੀ ਕੌਣ (ਵਿਅਕਤੀ ਪੂਰਨ) ਸਮਰਥਾ ਰਖਦਾ ਹੈ?'[81] ਪ੍ਰੋ. ਸਾਹਿਬ ਸਿੰਘ ਅਤੇ ਗਿਆਨੀ ਹਰਬੰਸ ਸਿੰਘ ਨੇ 'ਕੋ' ਦੇ ਅਰਥ 'ਕੋਈ' ਕੀਤੇ ਹਨ ਪਰ ਗਿਆਨੀ ਬਲਵੰਤ ਸਿੰਘ ਨੇ ਅਰਥ ਪ੍ਰਸ਼ਨਾਤਮਕ ਰੂਪ ਵਿਚ 'ਕੌਣ' ਕਰਦੇ ਹਨ। ਭਾਵ ਪਰਮਾਤਮਾ ਦੀ ਤਾਕਤ ਨੂੰ ਗਾਉਣ ਦੀ ਕੌਣ ਸਮਰੱਥਾ ਰੱਖਦਾ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਗਿਆਨੀ ਜੀ ਦੁਆਰਾ ਕੀਤੇ 'ਕੋ' ਦੇ ਅਰਥ ਹੋਰਨਾਂ ਵਿਦਵਾਨਾਂ ਨਾਲੋਂ ਵਿਲੱਖਣ ਹਨ।

---

75 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 49.

76 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 84.

77 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 57.

78 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧.

79 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 52.

80 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 93.

81 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 58.

**4. ਵਡਿਆਈ ਆਚਾਰ:** ਗਾਵੈ ਕੋ ਗੁਣ ਵਡਿਆਈ ਆਚਾਰ॥[82]

ਉਪਰੋਕਤ ਪੰਕਤੀ ਦੇ ਉਚਾਰਨ ਅਤੇ ਅਰਥਾਂ ਸੰਬੰਧੀ ਵਿਦਵਾਨਾਂ ਵਿਚ ਮਤਭੇਦ ਹੈ। ਪ੍ਰੋ. ਸਾਹਿਬ ਸਿੰਘ, ਗਿਆਨੀ ਹਰਬੰਸ ਸਿੰਘ, ਪ੍ਰਿੰ. ਤੇਜਾ ਸਿੰਘ ਅਤੇ ਭਾਈ ਵੀਰ ਸਿੰਘ ਨੇ 'ਚਾਰ' ਪਾਠ ਨੂੰ ਅਪਣਾਇਆ ਹੈ ਅਤੇ ਇਸਦੇ ਅਰਥ 'ਸੁੰਦਰ ਵਡਿਆਈਆਂ' ਕੀਤੇ ਹਨ। ਇਨ੍ਹਾਂ ਵਿਦਵਾਨਾਂ ਦੁਆਰਾ ਕੀਤੇ ਅਰਥ ਕ੍ਰਮਵਾਰ ਇਸ ਤਰ੍ਹਾਂ ਹਨ। ਪ੍ਰੋ. ਸਾਹਿਬ ਸਿੰਘ ਅਰਥ ਕਰਦੇ ਹਨ, 'ਕੋਈ ਮਨੁੱਖ ਰੱਬ ਦੇ ਸੋਹਣੇ ਗੁਣ ਤੇ ਸੋਹਣੀਆਂ ਵਡਿਆਈਆਂ ਦਾ ਵਰਣਨ ਕਰਦਾ ਹੈ।'[83] ਗਿਆਨੀ ਹਰਬੰਸ ਸਿੰਘ ਲਿਖਦੇ ਹਨ, ਕੋਈ (ਵਾਹਿਗੁਰੂ ਜੀ ਦੇ) ਗੁਣ ਅਤੇ ਸੁੰਦਰ ਵਡਿਆਈਆਂ ਨੂੰ (ਮੁਖ ਰਖ ਕੇ ਉਸ ਦਾ ਜਸ) ਗਾਉਂਦਾ ਹੈ।[84] ਪ੍ਰਿੰ. ਤੇਜਾ ਸਿੰਘ ਅਨੁਸਾਰ, ਕੋਈ ਉਸ ਦੇ ਲੱਛਣ ਅਤੇ ਸੋਹਣੀਆਂ-ਸੋਹਣੀਆਂ ਵਡਿਆਈਆਂ ਨੂੰ ਗਾਉਂਦਾ ਹੈ।[85] 'ਆਚਾਰ' ਪਾਠ ਕਰਨ ਵਾਲੇ ਟੀਕਾਕਾਰਾਂ ਨੇ ਜਪੁ ਜੀ ਦੇ ਟੀਕਿਆਂ ਵਿਚ ਅਰਥ ਇਸ ਤਰ੍ਹਾਂ ਕੀਤੇ ਹਨ: ਗਿਆਨੀ ਸ਼ੇਰ ਸਿੰਘ ਨਿਤਨੇਮ ਸਟੀਕ ਵਿਚ ਅਰਥ ਕਰਦੇ ਹਨ, ਕੋਈ ਉਸ ਦਾ ਗੁਣ ਅਤੇ ਵਡਿਆਈਆਂ ਤੇ ਮਰਿਯਾਦਾ ਨੂੰ ਮੁਖ ਰਖ ਕੇ ਗਾਂਵਦਾ ਹੈ, ਭਾਵ ਕਈ ਇਸ ਲਈ ਵਾਹਿਗੁਰੂ ਨੂੰ ਗਾਉਂਦੇ ਹਨ ਕਿ ਉਸ ਵਿਚ ਦਿਆਲਤਾ, ਕ੍ਰਿਪਾਲਤਾ ਆਦਿ ਗੁਣ ਅਤੇ ਸਰਬ ਕਲਾ ਭਰਪੂਰ ਜੋ ਚਾਹੇ ਸੋ ਕਰਨ ਵਾਲਾ ਹੋਣ ਦੀ ਵਡਿਆਈ ਹੈ ਉਸ ਦੀ ਕਾਨੂੰਨੀ ਕੁਦਰਤ ਜਾਂ ਸੱਚੀ ਮਰਿਯਾਦਾ ਸਦਾ ਅਟੱਲ ਹੈ।[86] ਗਿਆਨੀ ਬਲਵੰਤ ਸਿੰਘ ਨੇ ਵੀ ਆਚਾਰ ਪਾਠ ਨੂੰ ਪ੍ਰਵਾਨ ਕੀਤਾ ਹੈ ਅਤੇ ਅਰਥ 'ਅਪੂਰਬ ਆਚਰਨ ਅਤੇ ਸ੍ਰੇਸ਼ਟ ਵਡਿਆਈਆਂ' ਕੀਤੇ ਹਨ। 'ਉਸ ਦੇ ਅਪੂਰਬ ਆਚਰਨ ਅਤੇ ਸ੍ਰੇਸ਼ਟ ਵਡਿਆਈਆਂ ਨੂੰ ਕੌਣ ਵਰਨਨ ਕਰ ਸਕਦਾ ਹੈ?'[87] ਉਪਰੋਕਤ ਵਿਦਵਾਨਾਂ ਨੇ ਅਰਥ 'ਸੁੰਦਰ ਵਡਿਆਈਆਂ' ਕੀਤੇ ਹਨ ਅਤੇ ਗਿਆਨੀ ਜੀ ਨੇ ਅਰਥ 'ਅਪੂਰਬ ਆਚਰਨ ਅਤੇ ਸ੍ਰੇਸ਼ਟ ਵਡਿਆਈਆਂ' ਕੀਤੇ ਹਨ ਜੋ ਹੋਰਨਾਂ ਵਿਦਵਾਨਾਂ ਨਾਲੋਂ ਵੱਖਰੇ ਹਨ।

**5. ਭਾਖਿਆ ਭਾਉ ਅਪਾਰ:** ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰ॥[88]

ਇਸ ਪੰਕਤੀ ਦੇ ਟੀਕਾਕਾਰ ਕਈ ਅਰਥ ਕਰਦੇ ਹਨ। ਫਰੀਦਕੋਟ ਸਟੀਕ ਅਨੁਸਾਰ, 'ਵੋਹ ਸਾਹਿਬ ਸੱਚਾ ਉਸ ਕਾ ਨਾਮ ਭੀ ਸਚੁ। ਸੋ ਨਾਮ ਤਿਨੋ ਨੇ (ਭਾਖਿਆ) ਕਹਿਆ ਹੈ ਜਿਨ ਕੋ ਅਪਾਰ ਹੀ ਪ੍ਰੇਮ ਹੂਆ ਹੈ ਵਾ ਜਿਨੋਂ ਨੇ ਭਾਖਯਾ ਹੇ ਤਿਨ ਕੋ ਅਪਾਰ ਪ੍ਰਮਾਤਮਾ ਕਾ (ਭਾਉ) ਗਯਾਨ ਹੂਆ।[89] ਪ੍ਰੋ. ਸਾਹਿਬ ਸਿੰਘ 'ਅਕਾਲਪੁਰਖ ਸਦਾ ਥਿਰ ਰਹਿਣ ਵਾਲਾ ਹੈ, ਉਸ ਦਾ ਨਿਯਮ ਭੀ ਸਦਾ ਅਟੱਲ ਹੈ। ਉਸ ਦੀ ਬੋਲੀ

---

82 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧.

83 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 53.

84 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 95.

85 ਉਹੀ.

86 ਉਹੀ.

87 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 58.

88 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

89 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 100.

ਪ੍ਰੇਮ ਹੈ ਅਤੇ ਉਹ ਆਪ ਅਕਾਲਪੁਰਖ ਬੇਅੰਤ ਹੈ।'[90] ਪ੍ਰਿੰ. ਤੇਜਾ ਸਿੰਘ ਲਿਖਦੇ ਹਨ, 'ਉਹ ਮਾਲਕ ਸੱਚਾ ਹੈ, ਕਿਉਂਕਿ ਉਸਦਾ ਨਾਮ ਭੀ ਸੱਚਾ ਹੈ ਅਤੇ ਉਸਨੂੰ ਕਥਨ ਕਰਨ ਲਗਿਆ ਤਰ੍ਹਾਂ ਤਰ੍ਹਾਂ ਦਾ ਭਾਵ ਪੈਦਾ ਹੁੰਦਾ ਹੈ। ਅਰਥਾਤ ਉਸ ਨੂੰ ਕਈ ਭਾਵਾਂ ਨਾਲ ਬਿਆਨ ਕੀਤਾ ਜਾਂਦਾ ਹੈ।[91] ਇਸ ਪੰਕਤੀ ਦਾ ਅਰਥ ਗਿਆਨੀ ਹਰਬੰਸ ਸਿੰਘ '(ਹੇ ਭਾਈ! ਕਰਤਾ ਪੁਰਖ ਜੋ ਆਪਣੀ ਸਾਜੀ ਰਚਨਾ ਵੇਖ-ਵੇਖ ਕੇ ਖੁਸ਼ ਹੋ ਰਿਹਾ ਹੈ, ਉਹ ਸੱਚੇ ਨਾਉਂ ਕਰਕੇ ਸਦਾ ਥਿਰ ਰਹਿਣ ਵਾਲਾ ਮਾਲਕ ਹੈ। (ਉਸਦਾ ਨਾਮ) ਬੇਅੰਤ ਪ੍ਰੇਮ (ਪਿਆਰ ਸਹਿਤ) ਆਖਿਆ (ਉਚਾਰਨ ਕੀਤਾ) ਜਾਂਦਾ ਹੈ'[92] ਕਰਦੇ ਹਨ। ਇਸ ਤਰ੍ਹਾਂ ਉਪਰੋਕਤ ਟੀਕਾਕਰਾਂ ਨੇ 'ਭਾਖਿਆ ਭਾਉ ਅਪਾਰ' ਦੇ ਅਰਥ ਅਪਾਰ ਪ੍ਰਮਾਤਮਾ ਦਾ ਗਿਆਨ, ਉਸਦੀ ਬੋਲੀ ਪ੍ਰੇਮ ਹੈ, ਉਸਨੂੰ ਕਥਨ ਕਰਨ ਲਗਿਆ ਤਰ੍ਹਾਂ ਤਰ੍ਹਾਂ ਦਾ ਭਾਵ ਪੈਦਾ ਹੋਣਾ ਅਤੇ ਬੇਅੰਤ ਪ੍ਰੇਮ ਸਹਿਤ ਆਖਣਾ ਕੀਤੇ ਹਨ। ਗਿਆਨੀ ਬਲਵੰਤ ਸਿੰਘ ਦੁਆਰਾ ਕੀਤੇ ਅਰਥ ਉਪਰੋਕਤ ਟੀਕਾਕਾਰਾਂ ਨਾਲੋਂ ਭਿੰਨ ਹਨ। ਉਹ ਇਸਦੇ ਅਰਥ 'ਅਨੇਕਾਂ ਭਾਸ਼ਾਵਾਂ ਰਾਹੀਂ' ਕਰਦੇ ਹਨ। ਉਹ (ਅਕਾਲ ਪੁਰਖ) ਹਰ ਤਰ੍ਹਾਂ ਨਾਲ ਸਚਾ ਹੈ, ਅਤੇ ਉਸ ਦਾ ਨਾਂਉ ਵੀ ਸਚਾ ਹੈ। ਅਨੇਕਾਂ ਭਾਸ਼ਾਵਾਂ (ਦੇ ਰਾਹੀਂ ਭਾਸ਼ਾ ਵਿਗਿਆਨੀ ਉਸ ਦੇ ਫ਼ਲਸਫ਼ੇ ਨੂੰ ਵਰਨਨ ਕਰਦੇ) ਹਨ।[93] ਇਸ ਤਰ੍ਹਾਂ ਸਪੱਸ਼ਟ ਹੈ ਕਿ ਕੋਠਾ ਗੁਰੂ ਜੀ ਦੁਆਰਾ ਕੀਤੇ ਅਰਥ ਵਿਲੱਖਣ ਹਨ।

**6. ਕਪੜਾ**: ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥[94]

ਚੌਥੀ ਪਉੜੀ ਵਿਚਲੇ ਸ਼ਬਦ 'ਕਪੜਾ' ਦੇ ਕਈ ਅਰਥ ਪ੍ਰਚਲਤ ਹਨ। ਪ੍ਰੋ. ਸਾਹਿਬ ਸਿੰਘ ਇਸਦੇ ਅਰਥ 'ਸਿਫਤਿ' ਕਰਦੇ ਹਨ। (ਇਸ ਤਰ੍ਹਾਂ) ਪ੍ਰਭੂ ਦੀ ਮਿਹਰ ਨਾਲ 'ਸਿਫਤਿ'- ਰੂਪ ਪਟੋਲਾ ਮਿਲਦਾ ਹੈ, ਉਸ ਦੀ ਕ੍ਰਿਪਾ-ਦ੍ਰਿਸ਼ਟੀ ਨਾਲ 'ਕੂੜ ਦੀ ਪਾਲਿ' ਤੋਂ ਖ਼ਲਾਸੀ ਹੁੰਦੀ ਹੈ ਤੇ ਰੱਬ ਦਾ ਦਰ ਪ੍ਰਾਪਤ ਹੋ ਜਾਂਦਾ ਹੈ।[95] ਗਿਆਨੀ ਸ਼ੇਰ ਸਿੰਘ ਇਸ ਪੰਕਤੀ ਦੇ ਅਰਥ ਕਰਦੇ ਲਿਖਦੇ ਹਨ, 'ਦੁਨੀਆਂ ਦੇ ਦੁਖ ਸੁਖ ਦਾ ਕਪੜਾ ਆਪਣੇ ਕਰਮਾਂ ਨਾਲ ਹੀ ਆ ਜਾਂਦਾ ਹੈ, ਉਸ ਦੀ ਕ੍ਰਿਪਾ ਨਾਲ ਮੁਕਤੀ ਦਾ ਦੁਆਰ ਖੁਲੇਗਾ।'[96] ਪ੍ਰਿੰ. ਤੇਜਾ ਸਿੰਘ 'ਕਪੜਾ' ਦਾ ਅਰਥ 'ਸਰੀਰ' ਕਰਦੇ ਹਨ। 'ਕਰਮਾਂ ਕਰਕੇ ਸਰੀਰ ਦਾ ਜਾਮਾ ਵਟਾ ਲਈਦਾ ਹੈ, ਪਰ ਮੁਕਤੀ ਜਾਂ ਵਾਹਿਗੁਰੂ ਦਾ ਦਰ ਰਬ ਦੀ ਬਖਸ਼ਸ਼ ਤੋਂ ਹੀ ਮਿਲਦਾ ਹੈ।[97] ਗਿਆਨੀ ਹਰਬੰਸ ਸਿੰਘ ਇਸਦੇ ਅਰਥ 'ਸਰੀਰ ਰੂਪੀ ਕਪੜਾ' ਕਰਦੇ ਹਨ। ਭਾਗਾਂ ਨਾਲ (ਇਹ ਸਰੀਰ ਰੂਪੀ) ਕਪੜਾ (ਭਾਵ ਮਨੁੱਖਾ ਜਨਮ) ਮਿਲਦਾ ਹੈ (ਪਰ ਉਸ ਕਰਤਾ ਪੁਰਖ ਦੀ ਬਖਸ਼ਿਸ਼ ਸਦਕਾ ਸਵੱਲੀ) ਨਜ਼ਰ ਨਾਲ ਮੁਕਤੀ ਰੂਪ

---

90 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 57.

91 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 100.

92 ਉਹੀ, ਪੰਨਾ 95.

93 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 59.

94 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

95 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 59.

96 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 101.

97 ਉਹੀ.

ਦੁਆਰ (ਲਭਦਾ ਹੈ)।[98] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਅਨੁਸਾਰ, 'ਏਹ ਸਰੀਰ ਰੂਪੀ ਕਪੜਾ (ਪੂਰਬਲੇ) ਕਰਮਾਂ ਦੀ ਬਖਸ਼ਸ਼ ਨਾਲ ਮਿਲਦਾ ਹੈ ਅਤੇ ਮੁਕਤੀ (ਮੋਖ) ਅਕਾਲ ਪੁਰਖ ਦੀ ਨਦਰ ਨਿਹਾਲਤਾ ਤੋਂ ਪ੍ਰਾਪਤ ਹੁੰਦੀ ਹੈ। 'ਸੋ ਜਨੁ ਮੁਕਤੁ ਜਿਸੁ ਏਕੁ ਲਿਵ ਲਾਗੀ ਸਦਾ ਰਹੈ ਹਰਿ ਨਾਲੇ।'[99] ਇਸ ਤਰ੍ਹਾਂ ਸਪੱਸ਼ਟ ਹੈ ਕਿ 'ਕਪੜਾ' ਦਾ ਅਰਥ ਗਿਆਨੀ ਸ਼ੇਰ ਸਿੰਘ ਨੇ 'ਦੁਨੀਆ ਦੇ ਦੁਖ ਸੁਖ ਦਾ ਕਪੜਾ', ਪ੍ਰੋ. ਸਾਹਿਬ ਸਿੰਘ ਨੇ 'ਸਿਫਤ ਰੂਪ ਪਟੋਲਾ', ਪ੍ਰਿੰ. ਤੇਜਾ ਸਿੰਘ ਅਤੇ ਗਿਆਨੀ ਹਰਬੰਸ ਸਿੰਘ ਨੇ 'ਸਰੀਰ ਰੂਪੀ ਕਪੜਾ' ਕੀਤੇ ਹਨ। ਕੋਠਾ ਗੁਰੂ ਜੀ ਨੇ ਵੀ ਅਰਥ 'ਸਰੀਰ ਰੂਪੀ ਕਪੜਾ' ਕੀਤੇ ਹਨ ਜੋ ਪ੍ਰਿੰ. ਤੇਜਾ ਸਿੰਘ ਅਤੇ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੇ ਅਰਥਾਂ ਨਾਲ ਮਿਲਦੇ ਹਨ।

**7. ਗੁਰਮੁਖਿ:** ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥[100]

ਉਪਰੋਕਤ ਪੰਕਤੀ ਵਿਚ ਆਏ ਸ਼ਬਦ ਗੁਰਮੁਖਿ ਦਾ ਅਰਥ ਟੀਕਾਕਾਰਾਂ ਵਲੋਂ ਵਖ-ਵਖ ਕੀਤਾ ਗਿਆ ਹੈ। ਪ੍ਰੋ. ਸਾਹਿਬ ਸਿੰਘ ਨੇ 'ਗੁਰਮੁਖਿ' ਦੇ ਅਰਥ 'ਗੁਰੂ ਦੀ ਰਾਹੀਂ' ਕੀਤੇ ਹਨ। (ਪਰ ਉਸ ਰੱਬ ਦਾ) ਨਾਮ ਤੇ ਗਿਆਨ ਗੁਰੂ ਦੀ ਰਾਹੀਂ (ਪ੍ਰਾਪਤ ਹੁੰਦਾ ਹੈ)। ਗੁਰੂ ਦੀ ਰਾਹੀਂ ਹੀ (ਇਹ ਪਰਤੀਤ ਆਉਂਦੀ ਹੈ ਕਿ) ਉਹ ਹਰੀ ਸਭ ਥਾਈਂ ਵਿਆਪਕ ਹੈ।[101] ਪ੍ਰਿੰ. ਤੇਜਾ ਸਿੰਘ 'ਗੁਰਮੁਖਿ' ਦੇ ਅਰਥ 'ਗੁਰੂ ਦੀ ਬਾਣੀ' ਕਰਦੇ ਹਨ। ਗੁਰੂ ਦੀ ਬਾਣੀ ਸ਼ਬਦ ਅਤੇ ਗੁਰੂ ਦੀ ਬਾਣੀ ਹੀ ਵੇਦ ਹੈ, ਕਿਉਂਕਿ ਗੁਰੂ ਦੀ ਰਸਨਾ ਵਿਚ ਪ੍ਰਭੂ ਆਪ ਵਸਦਾ ਹੈ।[102] ਗਿਆਨੀ ਹਰਬੰਸ ਸਿੰਘ ਨੇ 'ਗੁਰਮੁਖ' ਦਾ ਅਰਥ ਗੁਰੂ (ਅਕਾਲਪੁਰਖ) ਕੀਤਾ ਹੈ। (ਫਿਰ ਇਹ ਪ੍ਰਤੀਤ ਹੋ ਜਾਂਦੀ ਹੈ ਕਿ) ਗੁਰੂ ਹੀ ਨਾਦ (ਸ਼ਬਦ) ਹੈ, ਗੁਰੂ ਹੀ ਵੇਦ (ਗਿਆਨ) ਹੈ (ਅਤੇ) ਗੁਰ-ਪਰਮੇਸ਼ਰ ਹੀ (ਹਰ ਥਾਂ) ਵਿਆਪਕ ਹੋ ਰਹਿਆ ਹੈ।'[103] ਕੋਠਾ ਗੁਰੂ ਜੀ 'ਗੁਰਮੁਖਿ' ਦਾ ਅਰਥ 'ਅਕਾਲਪੁਰਖ' ਕਰਦੇ ਹਨ, 'ਗੁਰੂ ਦਾ ਵਾਕ (ਕਥਨ ਕੀਤਾ ਹੋਇਆ) ਸੁਰਤੀ ਰੂਪ ਹੈ। ਗੁਰੂ ਦਾ ਵਾਕ ਹੀ 'ਵੇਦੰ' ਗਿਆਨ ਰੂਪ ਹੈ। ਗੁਰੂ ਦਾ ਵਾਕ ਹੀ ਸਾਰੇ ਵਿਸ੍ਵ ਵਿਚ ਸਮਾਇਆ ਹੋਇਆ ਹੈ। (ਨਾਮ ਕੇ ਧਾਰੇ ਸਗਲੇ ਜੰਤ, ਨਾਮ ਕੇ ਧਾਰੇ ਖੰਡ ਬ੍ਰਹਮੰਡ ਨਾਮ ਕੇ ਧਾਰੇ ਆਗਾਸ ਪਾਤਾਲ, ਨਾਮ ਕੇ ਧਾਰੇ ਸਗਲ ਆਕਾਰ' ਇਥੇ ਅਕਾਲ ਪੁਰਖ ਨੂੰ ਗੁਰਮੁਖ ਕਹਿ ਕੇ ਜਾਦਿ ਕੀਤਾ ਹੈ। 'ਉਅੰ ਗੁਰਮੁਖ ਕੀਓ ਅਕਾਰਾ' ਅਤੇ 'ਗੁਰਮੁਖ ਕਲਿ ਵਿਚ ਪ੍ਰਗਟ ਹੋਆ' ਆਦਿਕ ਪ੍ਰਮਾਣਾਂ ਤੋਂ ਸਿਧ ਹੈ)[104] ਇਹ ਅਰਥ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੇ ਅਰਥਾਂ ਨਾਲ ਮਿਲਦੇ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ 'ਗੁਰਮੁਖਿ' ਸ਼ਬਦ ਦੇ ਅਰਥ 'ਵਾਹਿਗੁਰੂ

---

98 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 99.

99 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 90

100 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

101 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 61.

102 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 106.

103 ਉਹੀ, ਪੰਨਾ 105.

104 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 61.

ਅਕਾਲਪੁਰਖ' ਕੀਤੇ ਹਨ। ਇਸ ਤਰ੍ਹਾਂ ਸਪੱਸ਼ਟ ਹੈ ਕਿ ਗਿਆਨੀ ਬਲਵੰਤ ਸਿੰਘ ਦੁਆਰਾ ਕੀਤੇ 'ਗੁਰਮੁਖ' ਦੇ ਅਰਥ ਗਿਆਨੀ ਹਰਬੰਸ ਸਿੰਘ, ਭਾਈ ਰਣਧੀਰ ਸਿੰਘ ਦੁਆਰਾ ਕੀਤੇ ਅਰਥਾਂ ਨਾਲ ਮਿਲਦੇ ਹਨ ਅਤੇ ਪ੍ਰੋ. ਸਾਹਿਬ ਸਿੰਘ, ਪ੍ਰਿੰ. ਤੇਜਾ ਸਿੰਘ ਨਾਲੋਂ ਭਿੰਨ ਹਨ।

**8. ਬੁਝਾਈ:** ਗੁਰਾ ਇਕ ਦੇਹਿ ਬੁਝਾਈ॥[105]

ਉਪਰੋਕਤ ਪੰਕਤੀ ਵਿਚ 'ਬੁਝਾਈ' ਸ਼ਬਦ ਦੇ ਅਰਥ ਸੰਬੰਧੀ ਟੀਕਾਕਾਰਾਂ ਵਿਚ ਮਤਭੇਦ ਹਨ। ਪ੍ਰਿੰ. ਤੇਜਾ ਸਿੰਘ ਇਸਦੇ ਅਰਥ 'ਸਮਝਾ ਦਿਤੀ' ਕਰਦੇ ਹਨ, '(ਪਰ) ਗੁਰੂ ਜੀ ਨੇ ਮੈਨੂੰ ਇਕ ਗਲ ਸਮਝਾ ਦਿਤੀ ਹੈ ਕਿ ਸਾਰਿਆਂ ਜੀਵਾਂ ਨੂੰ ਦੇਣ ਵਾਲਾ ਕੇਵਲ ਇੱਕੋ ਰੱਬ ਹੀ ਹੈ ਅਤੇ ਮੈਨੂੰ ਉਹ ਕਦੀ ਭੀ ਨਹੀਂ ਭੁੱਲਣਾ ਚਾਹੀਦਾ।[106] ਪ੍ਰੋ. ਸਾਹਿਬ ਸਿੰਘ ਨੇ 'ਬੁਝਾਈ' ਦੇ ਅਰਥ ਅਰਦਾਸ ਰੂਪ 'ਚ ਕੀਤੇ ਹਨ, (ਤੇਰੇ ਅੱਗੇ ਅਰਦਾਸ ਹੈ ਕਿ) ਮੈਨੂੰ ਇਕ ਸਮਝ ਦੇਹ ਕਿ ਜਿਹੜਾ ਸਭਨਾਂ ਜੀਵਾਂ ਨੂੰ ਦਾਤਾਂ ਦੇਣ ਵਾਲਾ ਇਕ ਰੱਬ ਹੈ, ਮੈਂ ਉਸ ਨੂੰ ਨਾ ਭੁਲਾ ਦਿਆਂ।[107] ਗਿਆਨੀ ਹਰਬੰਸ ਸਿੰਘ ਅਰਥ ਕਰਦੇ ਹਨ, '(ਹਾਂ! ਮੈਂ ਆਪਣੇ ਗੁਰੂ ਅਗੇ ਇਉਂ ਅਰਦਾਸ ਕਰਦਾ ਹਾਂ ਕਿ) ਹੇ ਗੁਰਦੇਵ ਜੀ! ਮੈਨੂੰ ਇਕ (ਤੱਤਵ ਸਿਖਿਆ) ਸਮਝਾ ਦਿਉ।'[108] ਕੋਠਾ ਗੁਰੂ ਜੀ ਵੀ ਅਰਥ ਬੇਨਤੀ ਰੂਪ ਵਿਚ ਹੀ ਕਰਦੇ ਹਨ ਕਿ ਤਦ ਇਵੇਂ ਆਖਣਾ ਬਣਦਾ ਹੈ ਹੇ ਸਤਿਗੁਰੂ ਮੈਨੂੰ ਇਕ ਨੂੰ ਜਣਾਦੇ।[109] ਕੋਠਾ ਗੁਰੂ ਜੀ ਦੁਆਰਾ ਕੀਤੇ ਅਰਥ ਪ੍ਰਿੰ. ਤੇਜਾ ਸਿੰਘ ਨਾਲੋਂ ਭਿੰਨ ਹਨ ਕਿਉਂਕਿ ਪ੍ਰਿੰ. ਤੇਜਾ ਸਿੰਘ ਇਸਦੇ ਅਰਥ 'ਸਮਝਾ ਦਿਤੀ ਹੈ' ਕਰਦੇ ਹਨ ਅਤੇ ਕੋਠਾ ਗੁਰੂ ਜੀ 'ਮੈਨੂੰ ਇਕ ਨੂੰ ਜਣਾਦੇ' ਕਰਦੇ ਹਨ। ਗਿਆਨੀ ਹਰਬੰਸ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਨੇ ਅਰਥ 'ਸਮਝਾ ਦਿਉ' ਕੀਤੇ ਹਨ ਅਤੇ ਕੋਠਾ ਗੁਰੂ ਜੀ ਨੇ ਅਰਥ 'ਇਕ ਨੂੰ ਜਣਾਦੇ' ਕੀਤੇ ਹਨ।

**9. ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥**[110]

ਇਸ ਪੰਕਤੀ ਦੇ ਅਰਥਾਂ ਸੰਬੰਧੀ ਵਿਦਵਾਨਾਂ ਦੇ ਵਿਚਾਰਾਂ ਵਿਚ ਭਿੰਨਤਾ ਹੈ। ਪ੍ਰੋ. ਸਾਹਿਬ ਸਿੰਘ ਅਨੁਸਾਰ, '(ਸਗੋਂ ਅਜੇਹਾ ਮਨੁੱਖ) (ਅਕਾਲ ਪੁਰਖ ਦੇ ਸਾਹਮਣੇ) ਇਕ ਮਾਮੂਲੀ ਜਿਹਾ ਕੀੜਾ ਹੈ। (ਖਸਮੈ ਨਦਰੀ ਕੀੜਾ ਆਵੈ...ਆਸਾ ਮ.੧) ਅਕਾਲਪੁਰਖ ਉਸਨੂੰ ਦੋਸੀ ਥਾਪ ਕੇ (ਉਸ ਉਤੇ ਨਾਮੁ ਨੂੰ ਭੁੱਲਣ ਦਾ ਦੋਸ਼ ਲਾਉਂਦਾ ਹੈ।)'[111] ਭਾਈ ਵੀਰ ਸਿੰਘ ਅਰਥ ਕਰਦੇ ਹਨ ਕਿ (ਸਗੋਂ ਉਸ ਦੇ ਕੀਤੇ) ਦੋਸ਼ (ਉਸ ਦੇ) ਜ਼ਿੰਮੇ

---

105 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

106 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 101.

107 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 61.

108 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 101.

109 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 61.

110 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨ .

111 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 6੫.

ਲਾ ਕੇ (ਉਹ) ਦੋਸ਼ੀ (ਠਹਿਰਾਇਆ ਜਾਏਗਾ) ਤੇ ਉਹ ਕੀੜਿਆਂ ਵਿਚ ਕੀੜਾ ਕੀਤਾ ਜਾਏਗਾ।[112] ਗਿਆਨੀ ਹਰਬੰਸ ਸਿੰਘ ਇਸਦੇ ਅਰਥ (ਇਥੋਂ ਤਕ ਕਿ ਨਦਰ-ਵਿਹੂਣਾ ਆਦਮੀ) ਕੀੜਿਆਂ (ਭਾਵ ਨੀਚ ਆਦਮੀਆਂ) ਵਿਚ, (ਸਭ ਤੋਂ ਨੀਚ) ਕੀੜਾ (ਆਦਮੀ) (ਗਿਣਿਆ ਜਾਂਦਾ ਹੈ, ਅਤੇ) ਅਪਰਾਧੀ (ਮਨੁੱਖ ਵੀ ਉਸ ਉਤੇ ਅਪਰਾਧੀ ਹੋਣ ਦਾ) ਦੋਸ਼ ਥੱਪਦਾ ਹੈ।[113] ਕਰਦੇ ਹਨ। ਗਿਆਨੀ ਬਲਵੰਤ ਸਿੰਘ ਅਰਥ ਕਰਦੇ ਹਨ ਕਿ 'ਬਲਕੇ ਉਹ ਕੀੜਿਆਂ ਵਿਚ ਵੀ ਅਤਿ ਨੀਵਾਂ ਕੀੜਾ (ਕਿਰਮ) ਦੀ ਐਸੀਅਤ ਵਿਚ ਰਹਿ ਜਾਂਦਾ ਹੈ; 'ਦੋਸੀ' ਮਾੜੇ ਆਦਮੀ ਵੀ ਉਸ ਤੇ (ਆਪਣੇ) ਤੋਂ ਨੀਵੀਂ ਕਿਸਮ ਦੇ ਦੋਸ਼ ਅਰੋਪਨ ਕਰਦੇ ਹਨ। ਅਤੇ ਉਸ ਨੂੰ ਮਹਾਂ ਕਲੰਕੀ ਥਾਪਿਆ ਜਾਂਦਾ ਹੈ।'[114] ਕੋਠਾ ਗੁਰੂ ਜੀ ਦੁਆਰਾ ਕੀਤੇ ਅਰਥ ਪ੍ਰੋ. ਸਾਹਿਬ ਸਿੰਘ ਨਾਲੋਂ ਭਿੰਨ ਹਨ। ਪ੍ਰੋ. ਸਾਹਿਬ ਸਿੰਘ ਦਾ ਕਥਨ ਹੈ ਕਿ 'ਅਕਾਲ ਪੁਰਖ ਉਸਨੂੰ ਦੋਸੀ ਥਾਪ ਕੇ (ਉਸ ਉਤੇ ਨਾਮ ਨੂੰ ਭੁੱਲਣ ਦਾ ਦੋਸ਼ ਲਾਉਂਦਾ ਹੈ) ਅਤੇ ਗਿਆਨੀ ਜੀ ਅਰਥ ਕਰਦੇ ਹਨ ਦੋਸੀ ਮਾੜੇ ਆਦਮੀ ਵੀ ਉਸ ਤੇ (ਆਪਣੇ) ਤੋਂ ਨੀਵੀ ਕਿਸਮ ਦੇ ਦੋਸ਼ ਲਾਉਂਦੇ ਹਨ। ਪ੍ਰੋ. ਸਾਹਿਬ ਸਿੰਘ ਦੁਆਰਾ ਕੀਤੇ ਅਰਥਾਂ ਤੋਂ ਜਾਪਦਾ ਹੈ ਕਿ ਗਿਆਨੀ ਜੀ ਨੇ ਵਧੇਰੇ ਢੁਕਵੇਂ ਅਰਥ ਕੀਤੇ ਹਨ। ਗਿਆਨੀ ਬਲਵੰਤ ਸਿੰਘ ਦੁਆਰਾ ਕੀਤੇ ਅਰਥ ਭਾਈ ਵੀਰ ਸਿੰਘ ਅਤੇ ਗਿਆਨੀ ਹਰਬੰਸ ਸਿੰਘ ਦੇ ਅਰਥਾਂ ਨਾਲ ਮੇਲ ਖਾਂਦੇ ਹਨ।

**10. ਗੁਣ:** ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੈ॥[115]

ਉਪਰੋਕਤ ਪੰਕਤੀ ਦੇ ਅਰਥ ਵਿਦਵਾਨਾਂ ਨੇ ਕਈ ਤਰ੍ਹਾਂ ਨਾਲ ਕੀਤੇ ਹਨ। ਪ੍ਰੋ. ਸਾਹਿਬ ਸਿੰਘ ਇਸ ਪੰਕਤੀ ਦੇ ਅਰਥ ਕਰਦੇ ਹਨ ਕਿ ਇਹੋ ਜਿਹਾ ਕੋਈ ਹੋਰ ਨਹੀਂ ਦਿਸਦਾ ਜੋ ਨਿਰਗੁਣ ਜੀਵ ਨੂੰ ਕੋਈ ਗੁਣ ਦੇ ਸਕਦਾ ਹੋਵੇ।[116] ਪ੍ਰਿੰ. ਤੇਜਾ ਸਿੰਘ ਲਿਖਦੇ ਹਨ ਕਿ 'ਪਰ ਇਹੋ ਜਿਹਾ ਕੋਈ ਪਰਾਣੀ ਨਹੀਂ ਦਿਸਦਾ ਜੋ ਰੱਬ ਨੂੰ ਕੋਈ ਗੁਣ ਦੇ ਸਕੇ'।[117] ਗਿਆਨੀ ਹਰਬੰਸ ਸਿੰਘ ਅਨੁਸਾਰ (ਇਹੋ ਜਿਹਾ ਦੂਜਾ) ਕੋਈ ਨਹੀਂ ਦਿਸਦਾ ਜਿਹੜਾ ਉਸ (ਪਰਮਾਤਮਾ) ਨੂੰ ਕੋਈ ਗੁਣ ਕਰ ਸਕਦਾ ਹੋਵੇ।[118] ਗਿਆਨੀ ਬਲਵੰਤ ਸਿੰਘ ਅਰਥ ਕਰਦੇ ਹਨ, 'ਪਰ ਵਿਸ੍ਵ ਵਿਚ ਅਜੇਹਾ ਕੋਈ ਵੀ ਵਿਅਕਤੀ ਨਹੀਂ ਜੋ ਅਕਾਲ ਪੁਰਖ ਤੇ ਵੀ ਗੁਣ (ਉਪਕਾਰ) ਕਰਦਾ ਹੋਵੇ ਭਾਵ ਉਹ ਸਮੂਹ ਵਡਿਆਈਆਂ ਦਾ ਮਾਲਕ ਸਰਬ ਸ਼ਕਤੀਮਾਨ ਹੈ। ਉਸ ਤੇ ਕੋਈ ਕੀ ਗੁਣ ਕਰ ਸਕਦਾ ਹੈ?'[119] ਉਪਰੋਕਤ ਵਿਦਵਾਨਾਂ ਨੇ ਗੁਣ ਦੇ ਅਰਥ ਗੁਣ ਕੀਤੇ ਹਨ। ਕੋਠਾ ਗੁਰੂ ਜੀ ਨੇ 'ਗੁਣ' ਦੇ ਅਰਥ 'ਉਪਕਾਰ' ਕੀਤੇ ਹਨ ਜੋ ਬਾਕੀ ਵਿਦਵਾਨਾਂ ਨਾਲੋਂ ਵਿਲੱਖਣ ਹਨ।

---

112 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 114.

113 ਉਹੀ, ਪੰਨਾ 113.

114 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 63.

115 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

116 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 64.

117 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 115.

118 ਉਹੀ, ਪੰਨਾ 114.

119 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 63.

**11. ਮੁਖਿ**: ਸੁਣਿਐ ਮੁਖਿ ਸਾਲਾਹਣ ਮੰਦੁ॥[120]

'ਮੁਖਿ' ਦੇ ਅਰਥਾਂ ਸੰਬੰਧੀ ਵਿਦਵਾਨਾਂ ਵਿਚ ਮਤਭੇਦ ਪਾਇਆ ਜਾਂਦਾ ਹੈ। ਪ੍ਰੋ. ਸਾਹਿਬ ਸਿੰਘ ਅਰਥ ਕਰਦੇ ਹਨ, ਅਕਾਲ ਪੁਰਖ ਦੇ ਨਾਮ ਵਿਚ ਸੁਰਤ ਜੋੜਨ ਦਾ ਸਦਕਾ ਮੰਦਾ ਮਨੁੱਖ ਭੀ ਮੂੰਹੋਂ ਰਬ ਦੀਆਂ ਸਿਫਤਾਂ ਕਰਨ ਲਗ ਪੈਂਦਾ ਹੈ।[121] ਭਾਈ ਵੀਰ ਸਿੰਘ (ਨਾਮ) ਸੁਣਨੇ ਨਾਲ ਮੰਦਾ ਪੁਰਖ ਭੀ ਸਿਫਤ ਸਲਾਹਾਂ ਕਰਦਾ ਕਰਦਾ ਮੁਖੀ (ਸ੍ਰੇਸ਼ਟ) ਹੋ ਜਾਂਦਾ ਹੈ।[122] ਪੰਡਿਤ ਕਰਤਾਰ ਸਿੰਘ ਦਾਖਾ ਅਰਥ ਕਰਦੇ ਹਨ 'ਨਾਮ ਸੁਣਨ ਨਾਲ ਮੂੰਹ ਸਲਾਹੁਣ ਵਾਲਾ ਹੋ ਜਾਂਦਾ ਹੈ।[123] ਭਾਈ ਰਣਧੀਰ ਸਿੰਘ ਅਰਥ ਕਰਦੇ ਹਨ ਨਾਮ ਗੁਰਦੀਖਿਆ ਦੀ ਪਾਰਸ ਰਸਾਇਣੀ ਸਰਵਣ ਕਲਾ ਕਰਕੇ ਹੀ ਮੁਖਾਰਬਿੰਦ ਦੁਆਰਾ ਸੁੰਦ੍ਰ ਸੁਹਾਵਣਾ ਤੱਤ ਗੁਰਮਤੀ ਅੱਤ ਸ੍ਰੇਸ਼ਟ ਸਿਮਰਨ ਸਾਲਾਹਣ ਹੁੰਦਾ ਹੈ ਅਤੇ ਸਹਜ ਸੁਭਾਵ ਹੀ ਹੋਇ ਆਂਵਦਾ ਹੈ।[124] ਗਿਆਨੀ ਹਰਬੰਸ ਸਿੰਘ ਲਿਖਦੇ ਹਨ '(ਨਾਮ) ਸੁਣਨ ਨਾਲ ਮੰਦਬੁਧੀ ਵਾਲਾ (ਜੀਵ ਵੀ) ਆਪਣੇ ਮੂੰਹ ਤੋਂ (ਪ੍ਰਮਾਤਮਾ ਦੀ) ਸ਼ਲਾਘਾ ਸਿਫਤਾਂ (ਕਰਨ ਵਾਲਾ ਬਣ ਜਾਂਦਾ ਹੈ)।[125] ਗਿਆਨੀ ਬਲਵੰਤ ਸਿੰਘ ਅਨੁਸਾਰ ਨਾਮ ਦੇ ਸੁਨਣ ਕਰਕੇ ਹੀ ਅਸਾਡਾ ਮੂੰਹ ਸਲਾਹਣ ਜੋਗ (ਪਵਿਤ੍ਰ) ਹੋ ਜਾਂਦਾ ਹੈ।[126] ਉਪਰੋਕਤ ਪੰਕਤੀ ਵਿਚ 'ਮੁਖਿ' ਦਾ ਅਰਥ ਭਾਈ ਵੀਰ ਸਿੰਘ ਨੇ 'ਮੁਖੀ' ਭਾਵ ਪਰਧਾਨ ਕੀਤਾ ਹੈ। ਪ੍ਰੋ. ਸਾਹਿਬ ਸਿੰਘ, ਪੰ. ਕਰਤਾਰ ਸਿੰਘ ਦਾਖਾ, ਭਾ. ਰਣਧੀਰ ਸਿੰਘ ਅਤੇ ਗਿ. ਹਰਬੰਸ ਸਿੰਘ ਇਸਦੇ ਅਰਥ 'ਮੂੰਹ' ਕਰਦੇ ਹਨ। ਗਿਆਨੀ ਬਲਵੰਤ ਸਿੰਘ ਵੀ ਅਰਥ 'ਮੂੰਹ' ਹੀ ਕਰਦੇ ਹਨ। ਉਪਰੋਕਤ ਵਿਦਵਾਨਾਂ ਨੇ 'ਸਾਲਾਹਣ' ਸ਼ਬਦ ਦਾ ਅਰਥ ਸਿਫਤ ਸਲਾਹਾਂ, ਸਲਾਹੁਣ ਵਾਲਾ, ਸਿਫਤਾਂ, ਸਲਾਹਣ ਜੋਗ ਕੀਤੇ ਹਨ। ਗਿਆਨੀ ਬਲਵੰਤ ਸਿੰਘ ਨੇ ਅਰਥ 'ਸਲਾਹਣ ਜੋਗ' ਕੀਤੇ ਹਨ ਜੋ ਪੰ. ਕਰਤਾਰ ਸਿੰਘ ਦਾਖਾ ਦੁਆਰਾ ਕੀਤੇ ਅਰਥਾਂ ਨਾਲ ਮੇਲ ਖਾਂਦੇ ਹਨ।

**12. ਸਤੁ**: ਸੁਣਿਐ ਸਤੁ ਸੰਤੋਖੁ ਗਿਆਨੁ॥[127]

ਇਸ ਪੰਕਤੀ ਦੇ ਅਰਥਾਂ ਸੰਬੰਧੀ ਵਿਦਵਾਨਾਂ ਦੇ ਵਿਚਾਰ ਵੱਖੋ-ਵੱਖਰੇ ਹਨ। ਪ੍ਰੋ. ਸਾਹਿਬ ਸਿੰਘ ਲਿਖਦੇ ਰਬ ਦੇ ਨਾਮ ਵਿਚ ਜੁੜਨ ਨਾਲ (ਹਿਰਦੇ ਵਿਚ) ਦਾਨ (ਦੇਣ ਦਾ ਸੁਭਾਉ) ਸੰਤੋਖ ਤੇ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ।[128] ਪ੍ਰਿੰ. ਤੇਜਾ ਸਿੰਘ ਅਨੁਸਾਰ, 'ਗੁਰੂ ਦੀ ਸਿਖਿਆ ਸੁਣਨ ਨਾਲ ਸਿਦਕ ਸਬੂਰੀ ਅਤੇ ਵਿਚਾਰਾਂ

---

120 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

121 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 66.

122 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 117.

123 ਉਹੀ.

124 ਉਹੀ.

125 ਉਹੀ.

126 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 64.

127 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩.

128 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 68.

ਦਾ ਪਤਾ ਲਗਦਾ ਹੈ।'[129] ਗਿਆਨੀ ਹਰਬੰਸ ਸਿੰਘ ਅਰਥ ਕਰਦੇ ਹਨ, (ਗੁਰੂ ਦੀ ਸਿਖਿਆ-ਨਾਮੁ) ਸੁਣਨ ਨਾਲ, ਸੱਚ ਸਬਰ (ਅਤੇ ਬਾਕੀ ਆਤਮਕ ਗੁਣਾਂ ਦਾ ਪ੍ਰਕਾਸ਼ ਹੋ ਜਾਂਦਾ ਹੈ)।[130] ਕੋਠਾ ਗੁਰੂ ਜੀ ਇਸਦੇ ਅਰਥ, 'ਗੁਰੂ ਦਾ ਨਾਮ ਸੁਨਣ ਨਾਲ ਸਚ (ਇਖਲਾਕ) ਸੰਤੋਖ (ਤ੍ਰਿਪਤੀ, ਸਬਰ) ਅਤੇ ਬ੍ਰਹਮ (ਗਿਆਨ) ਦੀ ਪ੍ਰਾਪਤੀ ਹੁੰਦੀ ਹੈ'[131] ਕਰਦੇ ਹਨ। ਉਪਰੋਕਤ ਪੰਕਤੀ ਵਿਚ 'ਸਤ' ਦੇ ਅਰਥ ਪ੍ਰੋ. ਸਾਹਿਬ ਸਿੰਘ 'ਦਾਨ', ਪ੍ਰਿੰ. ਤੇਜਾ ਸਿੰਘ ਨੇ 'ਸਿਦਕ', ਗਿ. ਹਰਬੰਸ ਸਿੰਘ ਨੇ 'ਸੱਚ ਸਬਰ' ਕੀਤੇ ਹਨ। ਗਿਆਨੀ ਬਲਵੰਤ ਸਿੰਘ ਨੇ 'ਸਤ' ਦਾ ਅਰਥ 'ਸਚ' ਇਖਲਾਕ ਕੀਤਾ ਹੈ ਜੋ ਉਪਰੋਕਤ ਵਿਦਵਾਨਾਂ ਤੋਂ ਭਿੰਨ ਹੈ।

**13. ਮੁਹਿ ਚੋਟਾ**: ਮੰਨੈ ਮੁਹਿ ਚੋਟਾ ਨਾ ਖਾਇ॥[132]

ਪ੍ਰੋ. ਸਾਹਿਬ ਸਿੰਘ ਅਰਥ ਕਰਦੇ ਹਨ, 'ਉਹ ਮਨੁੱਖ (ਸੰਸਾਰ ਦੇ ਵਿਕਾਰਾਂ ਦੀਆਂ) ਸੱਟਾਂ ਮੂੰਹ ਉੱਤੇ ਨਹੀਂ ਖਾਂਦਾ (ਭਾਵ, ਸੰਸਾਰਕ ਵਿਕਾਰ ਉਸ ਉੱਤੇ ਦਬਾ ਨਹੀਂ ਪਾ ਸਕਦੇ)।'[133] ਗਿਆਨੀ ਹਰਬੰਸ ਸਿੰਘ ਅਨੁਸਾਰ (ਨਾਮੁ) ਮੰਨਣ ਵਾਲਾ (ਜਗਿਆਸੂ ਆਪਣੇ) ਮੂੰਹ ਉਤੇ (ਜਮਾਂ ਦੀਆਂ) ਸੱਟਾਂ ਨਹੀਂ ਖਾਂਦਾ।[134] ਕੋਠਾ ਗੁਰੂ ਜੀ ਇਸਦੇ ਅਰਥ 'ਇਸ ਨਾਮ ਨੂੰ ਮੰਨਣ ਤੇ ਅਭਿਆਸ ਨਾਲ ਦਰਗਾਹੀ ਚੋਟਾਂ ਨਹੀਂ ਵਜਦੀਆਂ।[135] ਕਰਦੇ ਹਨ। ਉਪਰੋਕਤ ਪੰਕਤੀ ਵਿਚ 'ਮੋਹਿ ਚੋਟਾਂ' ਦੇ ਅਰਥ ਪ੍ਰੋ. ਸਾਹਿਬ ਸਿੰਘ 'ਸੰਸਾਰ ਦੇ ਵਿਕਾਰਾਂ ਦੀਆਂ ਸੱਟਾਂ' ਕਰਦੇ ਹਨ ਜਦਕਿ ਗਿਆਨੀ ਬਲਵੰਤ ਸਿੰਘ ਅਤੇ ਗਿਆਨੀ ਹਰਬੰਸ ਸਿੰਘ ਇਸਦਾ ਅਰਥ 'ਦਰਗਾਹੀ ਚੋਟਾਂ' ਭਾਵ ਜਮਾਂ ਦੀਆਂ ਸੱਟਾਂ ਕਰਦੇ ਹਨ। ਗਿਆਨੀ ਜੀ ਦੁਆਰਾ ਕੀਤੇ ਅਰਥ ਪ੍ਰੋ. ਸਾਹਿਬ ਸਿੰਘ ਨਾਲੋਂ ਭਿੰਨ ਹਨ ਪਰ ਗਿਆਨੀ ਹਰਬੰਸ ਸਿੰਘ ਨਾਲ ਮਿਲਦੇ ਹਨ।

**14. ਪੰਥੁ**: ਮੰਨੈ ਮਗੁ ਨ ਚਲੈ ਪੰਥੁ॥[136]

ਉਪਰੋਕਤ ਪੰਕਤੀ ਵਿਚ 'ਪੰਥ' ਦੇ ਅਰਥਾਂ ਵਿਚ ਟੀਕਾਕਾਰਾਂ ਦੀ ਅਸੰਮਤੀ ਹੋਣ ਕਾਰਨ ਅਰਥਾਂ ਵਿਚ ਭਿੰਨਤਾ ਹੈ। ਪ੍ਰੋ. ਸਾਹਿਬ ਸਿੰਘ ਅਨੁਸਾਰ ਉਸ ਮਨੁੱਖ ਦਾ ਧਰਮ ਨਾਲ (ਸਿੱਧਾ) ਜੋੜ ਬਣ ਜਾਂਦਾ ਹੈ, ਉਹ ਫਿਰ (ਦੁਨੀਆਂ ਦੇ ਵੱਖੋ-ਵੱਖਰੇ ਮਜ਼ਹਬਾਂ ਦੇ ਦੱਸੇ) ਰਸਤਿਆਂ 'ਤੇ ਨਹੀਂ ਤੁਰਦਾ (ਭਾਵ, ਉਸ ਦੇ ਅੰਦਰ ਇਹ ਵਿਖੇਪਤਾ ਨਹੀਂ ਰਹਿੰਦੀ ਕਿ ਇਹ ਰਸਤਾ ਚੰਗਾ ਹੈ ਤੇ ਇਹ ਮੰਦਾ ਹੈ)।[137] ਗਿਆਨੀ ਸ਼ੇਰ ਸਿੰਘ ਅਰਥ ਕਰਦੇ ਹਨ ਕਿ ਮੰਨਣ ਕਰਕੇ ਆਤਮਕ ਰਸਤੇ ਵਿਚ ਬੇਪਰਵਾਹ ਹੋ ਕੇ ਚਲੀਦਾ ਹੈ, ਭਾਵ ਕਿਸੇ ਕਿਸਮ ਦਾ

---

129 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 122.

130 ਉਹੀ, ਪੰਨਾ 121.

131 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 66.

132 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩.

133 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 72.

134 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ (ਭਾਗ ਪਹਿਲਾ)*, ਪੰਨਾ 124.

135 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 65.

136 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩.

137 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 74.

ਖਤਰਾ ਨਹੀਂ ਰਹਿੰਦਾ ਕਿਉਂਕਿ ਮੰਨਣ ਵਾਲਿਆਂ ਦਾ ਤਅੱਲਕ ਕੇਵਲ ਧਰਮ ਨਾਲ ਹੁੰਦਾ ਹੈ।[138] ਪੰਡਿਤ ਕਰਤਾਰ ਸਿੰਘ ਦਾਖਾ ਲਿਖਦੇ ਹਨ ਸਤਿਸੰਗਤ ਦੀ ਮਗ-ਮਰਯਾਦਾ ਨੂੰ ਮੰਨੈ ਤਾਂ ਜਮ ਪੰਥ ਵਿਚ ਨਹੀਂ ਪੈਂਦਾ। ਨਾਮ ਅਭਿਆਸ ਕਰਨ ਤੋਂ ਧਰਮ ਰਾਜ ਨਾਲ ਮੇਲ ਹੋ ਜਾਂਦਾ ਹੈ।[139] ਗਿਆਨੀ ਬਲਵੰਤ ਸਿੰਘ ਅਰਥ ਕਰਦੇ ਹਨ, ਮੰਨਣ ਕਰਕੇ ਨਾਮ ਅਭਿਆਸੀ ਗੁਰ ਸੰਗਤ ਵਿਚ ਆਪਣਾ ਜੀਵਨ ਬਤਾਉਂਦੇ ਹਨ; ਉਨ੍ਹਾਂ (ਗੁਰਮੁਖਾਂ) ਨੂੰ ਜਮ ਦੇ ਪੰਥ (ਮਾਰਗ) 'ਚ ਪੈਣ ਦੀ ਲੋੜ ਨਹੀਂ ਰਹਿੰਦੀ। ਮੰਨਣ ਕਰਕੇ ਨਾਮ ਅਭਿਆਸੀ ਧਰਮ ਦੇ ਤ੍ਰਿਤ (ਸਿਧਾਂਤ) ਨੂੰ ਜਾਣ ਲੈਣ ਦੀ ਸਮਰਥਾ ਰਖਦਾ ਹੈ। ਜਨ ਸਧਾਰਨ ਦੀ ਤਰ੍ਹਾਂ ਅੰਧ ਵਿਸ੍ਵਾਸੀ ਨਹੀਂ ਰਹਿੰਦਾ।[140] ਗਿਆਨੀ ਹਰਬੰਸ ਸਿੰਘ ਅਨੁਸਾਰ, '(ਨਾਮ) ਮੰਨਣ ਵਾਲਾ (ਜੀਵ) ਨਾ (ਕਿਸੇ ਦੁਬਿਧਾ ਵਾਲੇ) ਮਾਰਗ ਉਤੇ, ਨਾ (ਕਿਸੇ ਪਾਖੰਡੀ ਦੇ ਅਖਾਉਤੀ) ਪੰਥ ਉਤੇ ਚਲਦਾ ਹੈ। ਉਹ ਨਿਰੋਲ ਗੁਰਮਤਿ ਮਾਰਗ ਨੂੰ ਅਪਣਾਉਂਦਾ ਹੈ। (ਨਾਮ) ਮੰਨਣ ਵਾਲੇ (ਜੀਵ) ਆਪਣੇ ਜੀਵਨ ਦਾ ਸੰਬੰਧ (ਸਿੱਧਾ) ਧਰਮ ਨਾਲ (ਜੋੜਦਾ ਹੈ)।[141] 'ਪੰਥ' ਦੇ ਅਰਥ ਟੀਕਾਕਾਰਾਂ ਨੇ ਵਖੋ ਵਖਰੇ ਕੀਤੇ ਹਨ। ਪ੍ਰੋ. ਸਾਹਿਬ ਇਸਦਾ ਅਰਥ 'ਵੱਖੋ-ਵੱਖਰੇ ਮਜ਼ਹਬਾਂ ਦੇ ਰਸਤੇ', ਗਿ. ਸ਼ੇਰ ਸਿੰਘ ਅਰਥ 'ਆਤਮਕ ਰਸਤਾ', ਗਿ. ਹਰਬੰਸ ਸਿੰਘ ਅਰਥ 'ਅਖਾਉਤੀ ਫਿਰਕਾ ਜਮਾਤ' ਕਰਦੇ ਹਨ। ਪੰ. ਕਰਤਾਰ ਸਿੰਘ ਦਾਖਾ ਤੇ ਕੋਠਾ ਗੁਰੂ ਜੀ ਇਸਦਾ ਅਰਥ 'ਜਮ ਦਾ ਪੰਥ (ਮਾਰਗ)' ਕਰਦੇ ਹਨ। ਸਪੱਸ਼ਟ ਹੈ ਕਿ ਕੋਠਾ ਗੁਰੂ ਜੀ ਦੁਆਰਾ ਕੀਤੇ ਅਰਥ ਪੰ. ਕਰਤਾਰ ਸਿੰਘ ਦਾਖਾ ਨਾਲ ਮਿਲਦੇ ਹਨ ਅਤੇ ਪ੍ਰੋ. ਸਾਹਿਬ ਸਿੰਘ, ਗਿ. ਸ਼ੇਰ ਸਿੰਘ ਅਤੇ ਗਿ. ਹਰਬੰਸ ਸਿੰਘ ਤੋਂ ਵੱਖਰੇ ਹਨ।

**15. ਗੁਰੁ ਸਿਖ:** ਮੰਨੈ ਤਰੈ ਤਾਰੇ ਗੁਰੁ ਸਿਖ॥[142]

ਇਸ ਪੰਕਤੀ ਦੇ ਅਰਥ ਟੀਕਾਕਾਰਾਂ ਨੇ ਇਸ ਪ੍ਰਕਾਰ ਕੀਤੇ ਹਨ। ਪ੍ਰੋ. ਸਾਹਿਬ ਸਿੰਘ ਅਰਥ ਕਰਦੇ ਹਨ, 'ਨਾਮ ਵਿਚ ਪਤੀਜਣ ਕਰਕੇ ਹੀ, ਸਤਿਗੁਰੂ (ਭੀ ਆਪ ਸੰਸਾਰ ਸਾਗਰ ਤੋਂ) ਪਾਰ ਲੰਘ ਜਾਂਦਾ ਹੈ ਤੇ ਸਿਖਾਂ ਨੂੰ ਪਾਰ ਲੰਘਾਉਂਦਾ ਹੈ।'[143] ਪ੍ਰਿੰ. ਤੇਜਾ ਸਿੰਘ ਅਰਥ ਕਰਦੇ ਹਨ 'ਗੁਰੂ ਦਾ ਸ਼ਬਦ ਮੰਨਣ ਨਾਲ ਮਨੁੱਖ ਆਪ ਤਰਦਾ ਹੈ, ਅੱਗੇ ਹੋਰ ਜੋ ਸਿਖਿਆ ਲੈਣ ਆਉਣ, ਉਨ੍ਹਾਂ ਨੂੰ ਉਪਦੇਸ਼-ਦਾਤਾ ਹੋ ਕੇ ਤਾਰਦਾ ਹੈ। ਇਥੇ 'ਗੁਰ' ਇਕ ਵਚਨ ਹੈ ਅਤੇ 'ਸਿਖ' ਬਹੁ-ਵਚਨ ਹੈ।'[144] ਗਿਆਨੀ ਹਰਬੰਸ ਸਿੰਘ ਅਰਥ ਕਰਦੇ ਹਨ, '(ਨਾਮੁ) ਮੰਨਣ ਵਾਲਾ (ਨਾਮ-ਅਭਿਆਸ ਕਮਾਈ ਦਾ ਸਦਕਾ ਆਪ ਇਸ ਸੰਸਾਰ ਤੋਂ) ਤਰ ਜਾਂਦਾ ਹੈ (ਅਤੇ)

---

138 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 125.

139 ਉਹੀ.

140 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 67.

141 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 125.

142 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩.

143 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 75.

144 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 128 .

ਗੁਰਮਤਿ-ਉਪਦੇਸ਼ਕ (ਬਣ ਕੇ) ਹੋਰ ਗੁਰਸਿਖਾਂ ਨੂੰ (ਵੀ) ਤਾਰ ਲੈਂਦਾ ਹੈ।'[145] ਗਿਆਨੀ ਬਲਵੰਤ ਸਿੰਘ ਅਰਥ ਕਰਦੇ ਹਨ ਕਿ 'ਨਾਮ ਅਭਿਆਸੀ ਮੰਨਣ ਕਰਕੇ ਆਪ ਤਾਂ ਮੁਕਤ ਰੂਪ ਹੁੰਦੇ ਹੀ ਹਨ। ਬਲਕੇ ਸੰਗੀ ਮਿਤ੍ਰ ਗੁਰਸਿਖਾਂ ਨੂੰ ਵੀ ਅਜੇਹਾ ਬਣਾ ਦਿੰਦੇ ਹਨ।'[146] ਉਪਰੋਕਤ ਪੰਕਤੀ ਵਿਚ 'ਗੁਰੁ ਸਿਖ' ਸ਼ਬਦ ਦੇ ਅਰਥ ਵਿਦਵਾਨਾਂ ਵਲੋਂ ਕਈ ਤਰ੍ਹਾਂ ਨਾਲ ਕੀਤੇ ਗਏ। ਪ੍ਰੋ. ਸਾਹਿਬ ਸਿੰਘ ਵਾਲੇ ਅਰਥ ਸਹੀ ਨਹੀਂ ਜਾਪਦੇ। ਇਹ ਅਰਥ ਪਾਠਕਾਂ ਦੇ ਮਨ ਵਿਚ ਸ਼ੰਕਾ ਪੈਦਾ ਕਰ ਸਕਦੇ ਹਨ ਕਿ ਕੀ ਗੁਰੂ ਵੀ ਬੰਧਨ ਵਿਚ ਹੁੰਦਾ ਹੈ? ਗਿਆਨੀ ਬਲਵੰਤ ਸਿੰਘ ਦੁਆਰਾ ਕੀਤੇ ਅਰਥ ਗੁਰੂ ਆਸ਼ੇ ਦੇ ਅਨੁਸਾਰੀ ਹਨ। ਨਾਮ ਜਪਣ ਵਾਲੇ ਨਾਮ ਅਭਿਆਸੀ ਗੁਰਸਿਖ ਆਪ ਤਾਂ ਮੁਕਤ ਹੁੰਦੇ ਹੀ ਹਨ ਅਤੇ ਆਪਣੇ ਸੰਗੀਆਂ ਨੂੰ ਵੀ ਮੁਕਤ ਕਰ ਦਿੰਦੇ ਹਨ। ਗਿਆਨੀ ਜੀ ਦੁਆਰਾ ਕੀਤੇ ਇਸ ਪੰਕਤੀ ਦੇ ਅਰਥ ਪ੍ਰੋ. ਸਾਹਿਬ ਸਿੰਘ ਦੇ ਅਰਥਾਂ ਨਾਲੋਂ ਵੱਖਰੇ ਹਨ ਅਤੇ ਗਿਆਨੀ ਹਰਬੰਸ ਸਿੰਘ ਦੇ ਅਰਥਾਂ ਨਾਲ ਮੇਲ ਖਾਂਦੇ ਹਨ।

**16. ਰਾਜਾਨੁ:** ਪੰਚੇ ਸੋਹਹਿ ਦਰਿ ਰਾਜਾਨੁ॥[147]

ਵਿਦਵਾਨਾਂ ਨੇ 'ਰਾਜਾਨੁ' ਦੇ ਕਈ ਅਰਥ ਕੀਤੇ ਹਨ। ਭਾਈ ਵੀਰ ਸਿੰਘ ਜੀ ਅਰਥ ਕਰਦੇ ਹਨ (ਐਸਾ ਕਿ ਉਸ ਸ਼ਹਿਨਸ਼ਾਹ ਦੇ ਦਰਿ) ਦਰਬਾਰ ਵਿਚ (ਏਹ) ਪੰਚ ਰਾਜਿਆਂ ਦੀ ਨਿਆਈਂ ਸੁਭਾਇਮਾਨ ਹੁੰਦੇ ਹਨ।[148] ਪ੍ਰੋ. ਸਾਹਿਬ ਸਿੰਘ ਲਿਖਦੇ ਹਨ ਰਾਜ ਦਰਬਾਰਾਂ ਵਿਚ ਭੀ ਉਹ ਪੰਚ ਜਨ ਹੀ ਸੋਭਦੇ ਹਨ।[149] ਪ੍ਰਿੰ. ਤੇਜਾ ਸਿੰਘ ਲਿਖਦੇ ਹਨ ਉਹ ਪੰਚ ਹੀ ਸ਼ਾਹੀ ਦੀਵਾਨਾਂ ਵਿਚ ਸੁਹਣੇ ਲਗਦੇ ਹਨ।[150] ਗਿਆਨੀ ਹਰਬੰਸ ਸਿੰਘ ਅਰਥ ਕਰਦੇ ਹਨ, (ਜੋ) ਰਾਜਿਆਂ ਦਾ ਰਾਜਾ ਅਕਾਲ ਪੁਰਖ ਹੈ, ਉਸ ਦੇ ਦਰ ਉਤੇ (ਅਜਿਹੇ) ਪੰਚ ਸ਼ੋਭਾ ਪਾਉਂਦੇ ਹਨ।[151] ਗਿਆਨੀ ਬਲਵੰਤ ਸਿੰਘ ਇਸਦੇ ਅਰਥ ਕਰਦੇ ਹਨ, '(ਅਤੇ) ਅਕਾਲ ਪੁਰਖ ਦੀ ਕਚਹਿਰੀ ਵਿਚ 'ਰਾਜੇ' ਦੇ ਖਤਾਬ ਨਾਲ ਭੂਸ਼ਤ ਹੁੰਦੇ ਹਨ। ਭਾਵ ਗੁਰਮਤਿ ਧਾਰਨੀ ਗੁਰਮੁਖ ਪਿਆਰੇ ਨਾਮ ਅਭਿਆਸੀਆਂ ਦਾ ਪ੍ਰਲੋਕ 'ਚ ਅਦੁਤੀ ਮਾਣ ਹੁੰਦਾ ਹੈ। 'ਲੋਕ ਸੁਖੀਏ ਪਰਲੋਕ ਸੁਹੇਲੇ'।[152] ਉਪਰੋਕਤ ਪੰਕਤੀ ਵਿਚ 'ਰਾਜਾਨੁ' ਸ਼ਬਦ ਦਾ ਅਰਥ ਟੀਕਾਕਾਰਾਂ ਨੇ ਸ਼ਹਿਨਸ਼ਾਹ, ਰਾਜ ਦਰਬਾਰ, ਸ਼ਾਹੀ ਦੀਵਾਨ ਆਦਿ ਕੀਤੇ ਗਏ ਹਨ। ਗਿਆਨੀ ਜੀ ਨੇ ਇਸਦੇ ਅਰਥ 'ਰਾਜਾ' ਕੀਤੇ ਹਨ। ਗਿਆਨੀ ਹਰਬੰਸ ਸਿੰਘ ਨੇ ਰਾਜਾ ਸ਼ਬਦ ਅਕਾਲ ਪੁਰਖ ਲਈ ਵਰਤਿਆ ਹੈ ਜਦੋਂ ਕਿ ਕੋਠਾ ਗੁਰੂ ਜੀ ਵਿਆਖਿਆ ਕਰਦੇ ਹਨ ਕਿ ਗੁਰਮੁਖ

---

145 ਉਹੀ, ਪੰਨਾ 127.

146 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 67.

147 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩.

148 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 132.

149 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 77.

150 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 132.

151 ਉਹੀ, ਪੰਨਾ 131.

152 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 69.

ਪਿਆਰਿਆਂ ਦਾ ਅਕਾਲ ਪੁਰਖ ਦੀ ਕਚਹਿਰੀ ਵਿਚ ਰਾਜਿਆਂ ਦੀ ਤਰ੍ਹਾਂ ਸਨਮਾਨ ਹੁੰਦਾ ਹੈ। ਇਸ ਤਰ੍ਹਾਂ ਗਿਆਨੀ ਜੀ ਦੁਆਰਾ ਕੀਤੇ ਅਰਥ ਭਾਈ ਵੀਰ ਸਿੰਘ ਦੇ ਅਰਥਾਂ ਨਾਲ ਮਿਲਦੇ ਹਨ ਅਤੇ ਬਾਕੀ ਵਿਦਵਾਨਾਂ ਤੋਂ ਭਿੰਨ ਹਨ।

**17. ਸਿਰਿ ਭਾਰੁ:** ਅਸੰਖ ਕਹਹਿ ਸਿਰਿ ਭਾਰੁ ਹੋਇ॥[153]

ਉਪਰੋਕਤ ਪੰਕਤੀ ਵਿਚ 'ਸਿਰਿ ਭਾਰੁ' ਸ਼ਬਦ ਦੇ ਅਰਥਾਂ ਸੰਬੰਧੀ ਵਿਦਵਾਨਾਂ ਵਿਚ ਮਤਭੇਦ ਹੈ। ਗਿਆਨੀ ਸ਼ੇਰ ਸਿੰਘ ਅਰਥ ਕਰਦੇ ਹਨ ਕਿ ਬੇਗਿਣਤ (ਵਿਦਵਾਨ) ਸਿਰ ਪਰਨੇ ਹੋ ਕੇ ਪੂਰਾ ਜ਼ੋਰ ਲਾ ਕੇ ਉਸ ਦੀ ਰਚਨਾ ਨੂੰ ਕਹਿੰਦੇ ਹਨ (ਬਿਆਨ ਕਰਦੇ ਹਨ)।'[154] ਗਿਆਨੀ ਹਰਬੰਸ ਸਿੰਘ ਅਰਥ ਕਰਦੇ ਹਨ ਕਿ 'ਅਨਗਿਣਤ (ਅਜਿਹੇ ਜੀਵ ਹਨ ਜੋ ਉਸ ਪ੍ਰਭੂ ਦੇ ਰਚੇ ਹੋਏ ਨਾਵਾਂ ਥਾਵਾਂ ਲੋਕਾਂ ਦੀ ਗਿਣਤੀ ਮਿਥ ਕੇ) ਕਹਿੰਦੇ ਹਨ, (ਪਰ ਇਸ ਤਰ੍ਹਾਂ ਦੀ ਫੋਕੀ ਕਥਨੀ ਕਰਨ ਵਾਲਿਆਂ ਦੇ) ਸਿਰ ਉਤੇ ਪਾਪਾਂ ਦਾ ਭਾਰ ਚੜ੍ਹਦਾ ਹੈ।'[155] ਗਿਆਨੀ ਬਲਵੰਤ ਸਿੰਘ 'ਸਿਰਿ ਭਾਰੁ' ਦਾ ਅਰਥ ਕਰਦੇ ਲਿਖਦੇ ਹਨ ਕਿ 'ਉਸ ਦੀ ਪ੍ਰਕ੍ਰਿਤੀ (ਤੱਤਾ ਗ੍ਰੈਹਾਂ ਧਰਤੀਆਂ ਅਗੰਮੀ ਦੁਨੀਆਂ) ਬਾਰੇ ਅਸੰਖ ਕਹਿਣ ਨਾਲ ਵੀ ਸਿਰ ਤੇ ਭਾਰ (ਪਾਪ) ਚੜ੍ਹਦਾ ਹੈ। ਸ਼ਾਇਦ ਅਣ-ਗਿਣਤ ਆਖਣਾ ਵੀ ਜੋਗ ਨ ਹੋਵੇ ਸਚੇ ਦੀ ਪ੍ਰਕ੍ਰਿਤੀ ਅਸਚਰਜ ਹੈ।'[156] ਉਪਰੋਕਤ ਵਿਆਖਿਆ ਤੋਂ ਪਤਾ ਲਗਦਾ ਹੈ ਕਿ ਗਿ. ਸ਼ੇਰ ਸਿੰਘ 'ਸਿਰਿ ਭਾਰ' ਦੇ ਅਰਥ 'ਸਿਰ ਪਰਨੇ' ਕਰਦੇ ਹਨ। ਗਿਆਨੀ ਬਲਵੰਤ ਸਿੰਘ ਇਸਦੇ ਅਰਥ ਗਿਆਨੀ ਸ਼ੇਰ ਸਿੰਘ ਤੋਂ ਭਿੰਨ ਕਰਦੇ ਹਨ। ਗਿਆਨੀ ਜੀ ਦੁਆਰਾ ਕੀਤੇ ਅਰਥ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੇ ਅਰਥਾਂ ਨਾਲ ਮਿਲਦੇ ਹਨ।

**18. ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥**[157]

ਪ੍ਰਿੰ. ਤੇਜਾ ਸਿੰਘ ਅਰਥ ਕਰਦੇ ਹਨ 'ਜੇ ਕਿਸੇ ਨੂੰ ਵਾਹਿਗੁਰੂ ਦੇ ਨਾਮ ਦਾ ਕਿਣਕਾ ਭਰ ਵੀ ਮਾਣ ਮਿਲ ਜਾਏ ਤਾਂ ਸਮਝੋ ਕਿ ਉਸਨੇ ਤੀਰਥਾਂ ਦਾ ਇਸ਼ਨਾਨ, ਤਪ ਦੀ ਸਾਧਨਾ, ਜੀਆਂ ਉੱਤੇ ਦਇਆ ਅਤੇ ਪੁੰਨ ਦਾਨ ਕਰ ਲਏ।'[158] ਗਿਆਨੀ ਹਰਬੰਸ ਸਿੰਘ ਅਰਥ ਕਰਦੇ ਹਨ ਕਿ ਤੀਰਥ (ਯਾਤਰਾ), ਤਪ (ਸਾਧਨ), ਤਰਸ (ਜੀ ਦਇਆ), ਦੇਣ ਯੋਗ ਦਾਨ, ਜੇ ਕੋਈ (ਮਨੁੱਖ ਇਨ੍ਹਾਂ ਸਾਰੇ ਕਰਮਾਂ ਨੂੰ) ਪ੍ਰਾਪਤ ਕਰਦਾ ਹੈ (ਤਾਂ ਉਸਦਾ ਫਲ) ਤਿਲ ਜਿੰਨਾ (ਥੋੜ੍ਹੇ ਸਮੇਂ) ਦਾ ਆਦਰ-ਸਤਿਕਾਰ ਹੈ (ਭਾਵ ਤੁਛ ਵਡਿਆਈ ਹੈ)।[159] ਕੋਠਾ ਗੁਰੂ ਜੀ

---

153 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪.

154 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 137.

155 ਉਹੀ.

156 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 72.

157 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪.

158 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 143.

159 ਉਹੀ, ਪੰਨਾ 142.

ਅਨੁਸਾਰ, 'ਪਵਿਤ੍ਰ ਤੀਰਥਾਂ ਦੇ ਕਨਾਰੇ ਮਹਾਂ ਤਪਸਿਆ ਕਰਦਾ ਹੋਇਆ ਦੈਯਾ ਸੰਯੁਕਤ (ਨਿਜ ਦੇ ਸਮੂਹ ਪਦਾਰਥ) ਦਾਨ ਕਰ ਦੇਵੇ ਤਾਂ ਉਹ ਤਿਲ ਦੇ ਜਿਤਨਾ (ਤਿਲ ਪ੍ਰਮਾਣ) ਅਤਿ ਤੁਛ ਮਹਾਤਮ ਹੀ ਹੈ।'[160]

ਉਪਰੋਕਤ ਪੰਕਤੀ ਦੇ ਅਰਥ ਗਿਆਨੀ ਬਲਵੰਤ ਸਿੰਘ ਨੇ ਪ੍ਰਿੰਸੀਪਲ ਤੇਜਾ ਸਿੰਘ ਤੋਂ ਭਿੰਨ ਕੀਤੇ ਹਨ। ਪ੍ਰਿੰ. ਸਾਹਿਬ ਅਰਥ ਕਰਦੇ ਹਨ ਕਿ ਜੇ ਕਿਸੇ ਨੂੰ ਵਾਹਿਗੁਰੂ ਦੇ ਨਾਮ ਦਾ ਕਿਣਕਾ ਭਰ ਵੀ ਮਾਣ ਮਿਲ ਜਾਏ ਤਾਂ ਸਮਝੋ ਕਿ ਉਸ ਨੇ ਤੀਰਥਾਂ ਦੇ ਇਸ਼ਨਾਨ ਤੇ ਬਾਕੀ ਸਭ ਕਰਮ ਕਰ ਲਏ ਹਨ। ਪ੍ਰਿੰ. ਸਾਹਿਬ ਨਾਮ ਦਾ ਮਹਾਤਮ ਦਸਦੇ ਹਨ ਕਿ ਜੇ ਨਾਮ ਮਿਲ ਗਿਆ ਤਾਂ ਬਾਕੀ ਸਭ ਕਰਮ ਕਰ ਲਏ। ਭਾਵ ਜਿਸ ਵਿਅਕਤੀ ਨੂੰ ਪ੍ਰਭੂ ਦਾ ਨਾਮ ਮਿਲ ਗਿਆ ਉਸਨੂੰ ਤੀਰਥ, ਤਪ, ਦਾਨ ਜਿਹੇ ਹੋਰ ਕਰਮ ਕਰਨ ਦੀ ਜਰੂਰਤ ਨਹੀਂ। 'ਮਾਨੁ' ਸ਼ਬਦ ਦਾ ਭਾਵ ਦੁਨਿਆਵੀ ਮਾਣ ਹੈ, ਨਾਮ ਵਾਲਾ ਮਾਣ ਨਹੀਂ। ਜੇ ਪਹਿਲਾਂ ਹੀ ਨਾਮ ਦਾ ਕਿਣਕਾ ਮਿਲ ਗਿਆ ਫਿਰ ਤੀਰਥ ਇਸ਼ਨਾਨ ਆਦਿ ਬਿਆਨ ਕਰਨ ਦੀ ਕੋਈ ਵਿਸ਼ੇਸ਼ਤਾ ਨਹੀਂ ਰਹਿ ਜਾਂਦੀ। ਕੋਠਾ ਗੁਰੂ ਜੀ ਨੇ ਤੀਰਥ ਇਸ਼ਨਾਨ ਤੇ ਬਾਕੀ ਕਰਮ ਕਰਨ ਦਾ ਮਹਾਤਮ ਸਿਰਫ ਤਿਲ ਮਾਤਰ ਦਸਿਆ ਹੈ। ਭਾਵ ਜੇਕਰ ਤੀਰਥ ਇਸ਼ਨਾਨ, ਦਇਆ, ਦਾਨ ਆਦਿ ਕਰਮ ਕੀਤੇ ਜਾਣ ਤਾਂ ਅਜਿਹੇ ਕਰਮਾਂ ਦਾ ਫਲ ਤਿਲ ਮਾਤਰ ਹੈ। ਕੋਠਾ ਗੁਰੂ ਜੀ ਦੁਆਰਾ ਕੀਤੇ ਅਰਥ ਪ੍ਰਿੰ. ਤੇਜਾ ਸਿੰਘ ਤੋਂ ਵੱਖਰੇ ਹਨ ਅਤੇ ਗਿਆਨੀ ਹਰਬੰਸ ਸਿੰਘ ਦੇ ਅਰਥਾਂ ਨਾਲ ਮਿਲਦੇ ਹਨ।

**19. ਸਾਹ ਸੁਲਤਾਨ:** ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥[161]

ਉਪਰੋਕਤ ਪੰਕਤੀ ਦੇ ਅਰਥ ਭਾਈ ਵੀਰ ਸਿੰਘ ਜੀ ਸੰਬੋਧਨ ਰੂਪ ਵਿਚ ਕਰਦੇ ਹਨ। 'ਹੇ ਸ਼ਾਹ, ਹੇ ਸ਼ਹਿਨਸ਼ਾਹ ! (ਵਾਹਿਗੁਰੂ ! ਮੈਂ ਤੈਨੂੰ ਸਮੁੰਦਰ ਨਾਲ ਉਪਮਾ ਦਿਤੀ ਹੈ ਪਰ ਸਾਰੇ) ਸਮੁੰਦਰ (ਜਿਨ੍ਹਾਂ ਵਿਚ ਕਿ) ਪਹਾੜਾਂ ਸਰੀਖੇ ਮਾਲ ਧਨ (ਪਏ ਹਨ ਉਸ) ਕੀੜੀ ਦੀ ਬਰਾਬਰੀ ਨਹੀਂ ਕਰ ਸਕਦੇ ਜਿਸ ਦੇ ਮਨ ਵਿਚੋਂ ਤੂੰ ਨਾ ਵਿਸਰੇ।[162] ਗਿਆਨੀ ਹਰਬੰਸ ਸਿੰਘ ਅਰਥ ਕਰਦੇ ਹਨ, '(ਭਾਵੇਂ ਕਈ) ਸਮੁੰਦਰਾਂ ਦੇ ਸ਼ਾਹ (ਮਾਲਕ) ਪਾਤਸ਼ਾਹ, ਹੋਣ (ਅਤੇ ਉਨ੍ਹਾਂ ਕੋਲ) ਪਹਾੜਾਂ ਜਿਤਨਾ ਧਨ ਪਦਾਰਥ ਹੋਵੇ, (ਪਰ ਉਹ ਉਸ ਨਿਕੀ ਜਿਹੀ) ਕੀੜੀ ਦੇ ਬਰਾਬਰ (ਵੀ) ਨਹੀਂ ਹੋ ਸਕਦੇ, (ਪਰ ਹੇ ਪ੍ਰਭੂ) ਜੇਕਰ ਉਸ (ਕੀੜੀ ਦੇ) ਮਨ ਵਿਚੋਂ (ਤੂੰ) ਨਾ ਵਿਸਰੇਂ।'[163] ਕੋਠਾ ਗੁਰੂ ਜੀ ਅਰਥ ਕਰਦੇ ਹਨ ਕਿ 'ਉਹ ਰਾਜੇ ਮਹਾਰਾਜੇ (ਸਮਰਾਟ) ਜੋ (ਅਜੇਹੇ ਸੈਂਕੜੇ) ਸਮੁੰਦਰਾਂ ਦੇ ਮਾਲਕ ਹੋਣ ਜਿਨ੍ਹਾਂ ਦੀ ਦੌਲਤ ਪਹਾੜਾਂ ਨਾਲ ਮਿਣੀ ਜਾਣ ਵਾਲੀ ਹੋਵੇ (ਭਾਵ ਹਿਮਾਲੀਏ ਜੈਸੇ ਪਹਾੜਾ ਵਰਗੇ ਦੌਲਤ ਦੇ ਢੇਰ ਉਨਾ ਰਾਜਿਆਂ ਕੋਲ ਹੋਣ। ਪਰ ਉਹ ਉਸ ਕੀੜੀ ਵਰਗੇ

160 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 75.

161 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫.

162 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 148.

163 ਉਹੀ, ਪੰਨਾ 148.

ਨਹੀਂ ਜਿਸ (ਕੀੜੀ) ਨੂੰ ਤੂੰ ਜਾਦਿ ਰਖਦਾ ਹੋਵੇ (ਭਾਵ ਕੀੜੀ ਵਡ ਭਾਗੀ ਹੈ ਜਿਸ ਨੂੰ ਤੂੰ ਜਾਦਿ ਰਖਕੇ ਮਾਣਿ ਬਖਸ਼ਦਾ ਹੈ।[164]

ਉਪਰੋਕਤ ਅਰਥਾਂ ਤੋਂ ਪਤਾ ਲਗਦਾ ਹੈ ਕਿ ਕੋਠਾ ਗੁਰੂ ਜੀ ਨੇ ਭਾਈ ਵੀਰ ਸਿੰਘ ਤੋਂ ਵੱਖਰੇ ਅਰਥ ਕੀਤੇ ਹਨ। ਭਾਈ ਵੀਰ ਸਿੰਘ 'ਸਾਹ ਸੁਲਤਾਨ' ਦਾ ਅਰਥ 'ਵਾਹਿਗੁਰੂ' ਕਰਦੇ ਅਤੇ ਗਿਆਨੀ ਜੀ ਅਨੁਸਾਰ ਇਸਦਾ ਭਾਵ 'ਰਾਜੇ ਮਹਾਰਾਜੇ ਸਮਰਾਟ' ਤੋਂ ਹੈ। ਇਥੇ 'ਸਾਹ ਸੁਲਤਾਨ' ਦੁਨਿਆਵੀ ਬਾਦਸ਼ਾਹ ਲਈ ਹੀ ਵਰਤਿਆ ਗਿਆ ਜੋ ਸਮੁੰਦਰਾਂ ਦੇ ਮਾਲਕ ਹੋਣ ਅਤੇ ਉਨ੍ਹਾਂ ਕੋਲ ਪਹਾੜਾਂ ਵਰਗੇ ਦੌਲਤ ਦੇ ਢੇਰ ਹੋਣ ਪਰ ਉਹ ਰਾਜੇ ਉਸ ਕੀੜੀ ਵਰਗੇ ਨਹੀਂ ਜਿਸ ਕੀੜੀ ਨੂੰ ਪਰਮਾਤਮਾ ਯਾਦ ਰਖਦਾ ਹੈ। ਗਿਆਨੀ ਹਰਬੰਸ ਸਿੰਘ ਨੇ ਵੀ ਇਹੀ ਅਰਥ ਕੀਤੇ ਹਨ। ਇਥੇ 'ਸਾਹ ਸੁਲਤਾਨ' ਦਾ ਭਾਵ 'ਵਾਹਿਗੁਰੂ ਜੀ' ਨਹੀਂ ਸਗੋਂ ਸਪਸ਼ਟ 'ਦੁਨਿਆਵੀ ਸ਼ਾਹ' ਤੋਂ ਹੈ।[165] ਇਸ ਤਰ੍ਹਾਂ ਕੋਠਾ ਗੁਰੂ ਜੀ ਦੁਆਰਾ ਕੀਤੇ ਅਰਥ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੇ ਅਰਥਾਂ ਨਾਲ ਮਿਲਦੇ ਹਨ।

**20. ਸਰਮੁ:** ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥[166]

ਉਪਰੋਕਤ ਪੰਕਤੀ ਵਿਚ ਆਏ ਸ਼ਬਦ 'ਸਰਮੁ' ਦੇ ਵਿਦਵਾਨਾਂ ਨੇ ਵੱਖੋ-ਵੱਖਰੇ ਅਰਥ ਕੀਤੇ ਹਨ। ਪ੍ਰੋ. ਸਾਹਿਬ ਸਿੰਘ ਅਰਥ ਕਰਦੇ ਹਨ 'ਹੇ ਜੋਗੀ! ਜੇ ਤੂੰ ਸੰਤੋਖ ਨੂੰ ਆਪਣੀਆਂ ਮੁੰਦਰਾਂ ਬਣਾਵੇਂ, ਮੇਹਨਤ ਨੂੰ ਖੱਪਰ ਤੇ ਝੋਲੀ, ਤੇ ਅਕਾਲ ਪੁਰਖ ਦੇ ਧਿਆਨ ਦੀ ਸੁਆਹ ਪਿੰਡੇ ਤੇ ਮਲੇ, ਮੌਤ (ਦਾ ਭਾਉ) ਤੇਰੀ ਗੋਦੜੀ ਹੋਵੇ, ਸਰੀਰ ਨੂੰ ਵਿਕਾਰਾਂ ਤੋਂ ਬਚਾ ਕੇ ਰਖਣਾ ਤੇਰੇ ਲਈ ਜੋਗ ਦੀ ਰਹਿਤ ਹੋਵੇ ਅਤੇ ਸਰਧਾ ਨੂੰ ਡੰਡਾ ਬਣਾਵੇਂ (ਤਾਂ ਅੰਦਰੋਂ ਕੂੜ ਦੀ ਕੰਧ ਟੁੱਟ ਸਕਦੀ ਹੈ)।[167] ਗਿਆਨੀ ਹਰਬੰਸ ਸਿੰਘ ਅਨੁਸਾਰ, '(ਗੁਰੂ) ਨਾਨਕ (ਦੇਵ ਜੀ ਫੁਰਮਾਉਂਦੇ ਹਨ ਕਿ ਅਸੀਂ ਬਿਲੌਰ ਦੀਆਂ ਮੁੰਦਰਾਂ ਪਾਉਣ ਦੀ ਥਾਂ ਆਪਣੇ ਮਨ ਅੰਦਰਿ) ਸੰਤੋਖ (ਧਾਰਨਾ ਇਹ ਦੋ) ਮੁੰਦਰਾਂ (ਪਾਉਂਦੇ ਹਾਂ), ਖੱਪਰ ਅਤੇ ਝੋਲੀ (ਰੱਖਣ ਦੀ ਥਾਂ) ਸ਼ਰਮ (ਰੂਪੀ ਭਾਂਡਾ ਰਖਦੇ ਹਾਂ, ਭਾਵ ਘਰ ਘਰ ਮੰਗ ਕੇ ਖਾਣ ਵਿਚ ਵਿਸ਼ਵਾਸ ਨਹੀਂ ਰਖਦੇ)। (ਸਰੀਰ ਉਤੇ) ਸੁਆਹ (ਮਲਣ ਦੀ ਥਾਂ ਅਸੀਂ ਪ੍ਰਮਾਤਮਾ ਦੇ ਚਰਨਾਂ ਵਿਚ) ਧਿਆਨ (ਜੋੜਦੇ) ਹਾਂ (ਭਾਵ ਦੇਹ ਅਭਿਆਸ ਨੂੰ ਤਿਆਗ ਦਿੱਤਾ ਹੈ)।[168] ਕੋਠਾ ਗੁਰੂ ਜੀ ਅਨੁਸਾਰ, '(ਇਥੇ ਜੋਗੀਆਂ ਦੇ ਲਛਨਾਂ ਦਾ ਨਿਰੂਪਨ ਕਰਦੇ ਹੋਇ ਜੋਗੀਆਂ ਨੂੰ ਉਪਦੇਸ਼ ਦਿੰਦੇ ਹੋਇ ਦਸਦੇ ਹਨ ਕਿ) ਸੰਤੋਖ ਦਾ ਧਾਰਨਾ ਕੰਨਾਂ ਦੀਆਂ ਮੁੰਦ੍ਰਾਂ ਸਮਝੇ; ਖਾਹਸ਼ਾਂ (ਸੰਕਲਪ ਵਿਕਲਪ) ਦੇ ਪ੍ਰੀਤਿਆਗ ਨਾਲ ਮਨ ਨੂੰ ਮੁੰਦੇ; (ਸੰਤੋਖ ਧਾਰਨ ਕਰੇ) 'ਸਰਮੁ' (ਪ੍ਰੀਸ਼ਰਮ) ਮੇਹਨਤ ਕਰੇ; ਪਤਿ ਖਪਰ

---

164 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 78.

165 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ (ਭਾਗ ਪਹਿਲਾ)*, ਪੰਨਾ 148.

166 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬.

167 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 111.

168 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 161.

(ਚਿਪੀ) ਹਿੰਮਤ (ਮੇਹਨਤ) ਦਾ ਖਪਰ (ਝੋਲੀ) ਧਾਰਨ ਕਰੇ; (ਭਾਵ ਮੰਗਣ ਦੀ ਵਜਾਇ ਦਸਾਂ ਨਵਾਂ ਨਾਲ ਆਪਣੀ ਉਪਜੀਵਕਾ ਪੈਦਾ ਕਰੇ; ਨਾਲ ਵਿਰਤੀ ਨੂੰ ਜੋੜਨ ਵਿਭੂਤ ਰਮਾਈ (ਮਲੀ) ਸਮਝੇ।[169]

ਉਪਰੋਕਤ ਵਿਦਵਾਨਾਂ ਦੀ ਵਿਆਖਿਆ ਤੋਂ ਪਤਾ ਲਗਦਾ ਹੈ ਇਸ ਪੰਕਤੀ ਵਿਚ ਆਏ ਸ਼ਬਦ 'ਸਰਮੁ' ਦੇ ਅਰਥਾਂ ਵਿਚ ਭਿੰਨਤਾ ਹੈ। ਪ੍ਰੋ. ਸਾਹਿਬ ਸਿੰਘ ਅਤੇ ਗਿਆਨੀ ਬਲਵੰਤ ਸਿੰਘ ਨੇ ਸਰਮ ਦੇ ਅਰਥ 'ਮਿਹਨਤ' ਕੀਤੇ ਹਨ। ਗਿਆਨੀ ਹਰਬੰਸ ਸਿੰਘ ਇਸਦੇ ਅਰਥ 'ਸ਼ਰਮ' ਕਰਦੇ ਹਨ। ਇਸ ਤਰ੍ਹਾਂ ਸਪੱਸ਼ਟ ਹੈ ਕਿ ਕੋਠਾ ਗੁਰੂ ਜੀ ਦੁਆਰਾ ਕੀਤੇ ਅਰਥ ਪ੍ਰੋ. ਸਾਹਿਬ ਸਿੰਘ ਨਾਲ ਮਿਲਦੇ ਹਨ ਅਤੇ ਗਿਆਨੀ ਹਰਬੰਸ ਸਿੰਘ ਦੇ ਅਰਥਾਂ ਤੋਂ ਵੱਖਰੇ ਹਨ।

**21. ਪਤਿ:** ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥[170]

ਇਸ ਪੰਕਤੀ ਵਿਚਲੇ ਸ਼ਬਦ 'ਪਤਿ' ਦੇ ਅਰਥ ਵਿਦਵਾਨਾਂ ਨੇ ਵਖ-ਵਖ ਕੀਤੇ ਹਨ। ਪ੍ਰਿੰ. ਤੇਜਾ ਸਿੰਘ ਇਸ ਪੰਕਤੀ ਦਾ ਅਰਥ ਕਰਦੇ ਲਿਖਦੇ ਹਨ ਕਿ ਇਸ ਪਤੀ ਦੇ ਰਸਤੇ ਵਿਚ ਪਉੜੀਆਂ ਹਨ, ਜਿਨ੍ਹਾਂ ਉੱਤੇ ਚੜ੍ਹ ਕੇ ਈਸ਼ਵਰ ਨਾਲ ਇਕ-ਮਿਕ ਹੋ ਜਾਈਦਾ ਹੈ।[171] ਭਾਈ ਵੀਰ ਸਿੰਘ ਲਿਖਦੇ ਹਨ 'ਇਹ ਹੈ ਰਾਹ (ਜਿਸ ਵਿਚ ਪੱਤੀ ਦੇ ਮਹਿਲ) ਦੀਆਂ ਪਉੜੀਆਂ ਹਨ (ਉਨ੍ਹਾਂ ਉਤੇ) ਚੜ੍ਹਨ ਨਾਲ (ਜਗਤ ਦੇ) ਈਸ਼ਰ ਨਾਲ ਇਕ ਹੋਈਦਾ ਹੈ।[172] ਗਿਆਨੀ ਹਰਬੰਸ ਸਿੰਘ ਇਸਦੇ ਅਰਥ ਕਰਦੇ ਹਨ, 'ਇਸ ਤਰ੍ਹਾਂ (ਨਾਮ ਸਿਮਰਨ ਰੂਪੀ) ਰਸਤੇ ਉਤੇ (ਵਾਹਿਗੁਰੂ ਨਾਲ ਮਿਲਾਪ ਦੀਆਂ) ਇਜ਼ਤ ਵਾਲੀਆਂ ਪਉੜੀਆਂ ਹਨ, (ਜਿਨ੍ਹਾਂ ਉਤੇ) ਚੜ੍ਹ ਜਾਈਏ (ਤਾਂ ਲਗਾਤਾਰ ਇਕ ਰਸ ਨਾਮ ਅਭਿਆਸ ਨਾਲ ਅੰਤਸ਼ਕਰਨ ਸ਼ੁੱਧ ਹੁੰਦਾ ਹੈ ਅਤੇ ਇਕੀਹਵੀਂ ਪਉੜੀ ਤੇ ਚੜ੍ਹ ਕੇ ਵਾਹਿਗੁਰੂ ਨਾਲ ਵਾਸਤਵ ਰੂਪ ਵਿਚ ਇਕਮਿਕ ਹੋ ਜਾਈਦਾ ਹੈ।[173] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਲਿਖਦੇ ਹਨ, 'ਇਹ ਰਸਤਾ ਵਾਹਿਗੁਰੂ ਦੇ ਮਿਲਾਪ ਅਥਵਾ 'ਪਤਿ' ਇਜ਼ਤ ਦਾ ਹੈ। ਜਿਨ੍ਹਾਂ ਪਾਉੜੀਆਂ ਸਹਾਰੇ ਮਾਇਆ ਵਾਦੀਯ ਤ੍ਰਿਲੋਕੀ ਤੋਂ (ਅਗੇ) ਲੰਘ ਕੇ ਗੁਰ ਧਾਮ ਵਿਚ ਜਾ ਕੇ ਪ੍ਰਵੇਸ਼ ਕਰੀਦਾ ਹੈ। 'ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ। ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥' ਤਥਾ 'ਸੋ ਘਰੁ ਗੁਰ ਨਾਨਕ ਕਉ ਦੀਆ॥' ਤਿਥੈ ਭਗਤ ਵਸੈ ਕੈ ਲੋਇ, ਕਰਹਿ ਅਨੰਦ ਸਚਾ ਮਨ ਸੋਇ'।[174] ਉਪਰੋਕਤ ਪੰਕਤੀ ਵਿਚ 'ਪਤਿ' ਸ਼ਬਦ ਦੇ ਅਰਥਾਂ ਸੰਬੰਧੀ ਵਿਦਵਾਨਾਂ ਦੇ ਵੀਚਾਰਾਂ ਵਿਚ ਭਿੰਨਤਾ ਵੇਖਣ ਨੂੰ ਮਿਲਦੀ ਹੈ। ਪ੍ਰਿੰ. ਤੇਜਾ ਸਿੰਘ ਅਤੇ ਭਾਈ ਵੀਰ ਸਿੰਘ ਨੇ 'ਪਤਿ' ਦੇ ਅਰਥ 'ਪਤੀ' ਕੀਤੇ ਹਨ। ਗਿਆਨੀ ਬਲਵੰਤ

---

169 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 86.

170 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭.

171 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 170.

172 ਉਧਰਿਤ, ਉਹੀ.

173 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 169.

174 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 88.

ਸਿੰਘ ਇਸਦੇ ਅਰਥ 'ਇਜ਼ਤ' ਕਰਦੇ ਹਨ ਜੋ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੇ ਅਰਥਾਂ ਨਾਲ ਮਿਲਦੇ ਹਨ ਅਤੇ ਭਾਈ ਵੀਰ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਤੋਂ ਵੱਖਰੇ ਹਨ।

**22. ਕੇਹਾ**: ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥[175]

ਸਤਾਈਵੀ ਪਉੜੀ ਵਿਚਲੇ ਸ਼ਬਦ 'ਕੇਹਾ' ਦੇ ਵਿਦਵਾਨਾਂ ਨੇ ਕਈ ਅਰਥ ਕੀਤੇ ਹਨ। ਪ੍ਰੋ. ਸਾਹਿਬ ਸਿੰਘ ਅਰਥ ਕਰਦੇ ਹਨ ਕਿ ਉਹ ਦਰ-ਘਰ ਬੜਾ ਹੀ ਅਸਚਰਜ ਹੈ ਜਿੱਥੇ ਬਹਿ ਕੇ, (ਹੇ ਨਿਰੰਕਾਰ!) ਤੂੰ ਸਾਰੇ ਜੀਵਾਂ ਦੀ ਸੰਭਾਲ ਕਰ ਰਿਹਾ ਹੈ।[176] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਅਨੁਸਾਰ, 'ਹੇ ਅਕਾਲ ਪੁਰਖ! ਉਹ ਦਰ (ਘਰ) ਕਿਸ ਤਰ੍ਹਾਂ ਦਾ ਹੈ ਜਿਥੇ ਤੂੰ ਬੈਠ ਕੇ ਸਮੂਹ ਸੰਭਾਲ ਕਰਦਾ ਹੈ?'[177] ਗਿਆਨੀ ਹਰਬੰਸ ਸਿੰਘ ਅਨੁਸਾਰ, 'ਉਹ ਦੁਆਰਾ ਅਤੇ ਘਰ ਕਿਹੋ ਜਿਹਾ (ਭਾਵ ਅਤੀ ਸੁੰਦਰ) ਹੈ! ਜਿਸ (ਥਾਂ ਤੇ) ਬੈਠ ਕੇ ਤੁਸੀਂ ਸਭਨਾਂ (ਜੀਆਂ) ਦੀ ਸੰਭਾਲ ਕਰ ਰਹੇ ਹੋ।'[178] ਉਪਰੋਕਤ ਵਿਦਵਾਨਾਂ ਦੇ ਅਰਥਾਂ ਤੋਂ ਸਪੱਸ਼ਟ ਹੈ ਕਿ ਪ੍ਰੋ. ਸਾਹਿਬ ਸਿੰਘ 'ਕੇਹਾ' ਦੇ ਅਰਥ 'ਅਸਚਰਜ ਹੈ' ਕਰਦੇ ਹਨ ਜਦਕਿ ਕੋਠਾ ਗੁਰੂ ਨੇ ਇਸ ਦੇ ਅਰਥ 'ਕਿਸ ਤਰ੍ਹਾਂ ਦਾ ਹੈ?' ਪ੍ਰਸ਼ਨਾਤਮਕ ਰੂਪ ਵਿਚ ਕੀਤੇ ਹਨ। ਗਿਆਨੀ ਹਰਬੰਸ ਸਿੰਘ ਨੇ ਵੀ ਇਸਦੇ ਅਰਥ 'ਕਿਹੋ ਜਿਹਾ ਹੈ' ਕੀਤੇ ਹਨ। ਕੋਠਾ ਗੁਰੂ ਜੀ ਦੁਆਰਾ ਕੀਤੇ 'ਕੇਹਾ' ਸ਼ਬਦ ਦੇ ਅਰਥ ਪ੍ਰੋ. ਸਾਹਿਬ ਸਿੰਘ ਤੋਂ ਭਿੰਨ ਹਨ ਪਰ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੇ ਅਰਥਾਂ ਨਾਲ ਮਿਲਦੇ ਹਨ। ਪ੍ਰੋ. ਸਾਹਿਬ ਸਿੰਘ ਨੇ ਇਹ ਅਰਥ ਜਵਾਬ ਰੂਪ ਵਿਚ ਕੀਤੇ ਹਨ। ਉਹ ਦਸਦੇ ਹਨ ਕਿ ਉਹ ਦਰ-ਘਰ ਬੜਾ ਹੀ ਅਸਚਰਜ ਹੈ ਜਿੱਥੇ ਬਹਿ ਕੇ , ਨਿਰੰਕਾਰ ਤੂੰ ਸਾਰੇ ਜੀਵਾਂ ਦੀ ਸੰਭਾਲ ਕਰ ਰਿਹਾ ਹੈ। ਗਿਆਨੀ ਹਰਬੰਸ ਸਿੰਘ ਨੇ ਅਰਥ ਪ੍ਰਸ਼ਨ ਅਤੇ ਉਤਰ ਦੋਨੋਂ ਰੂਪਾਂ ਵਿਚ ਕੀਤੇ ਹਨ। ਪਰ ਕੋਠਾ ਗੁਰੂ ਜੀ ਨੇ ਇਹ ਅਰਥ 'ਕਿਸ ਤਰ੍ਹਾਂ ਦਾ?' ਪ੍ਰਸ਼ਨਾਤਮਕ ਰੂਪ ਵਿਚ ਹੀ ਕੀਤੇ ਹਨ।

**23. ਚਿਤੁ ਗੁਪਤੁ**: ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥[179]

'ਚਿਤੁ ਗੁਪਤੁ' ਦਾ ਅਰਥ ਪ੍ਰੋ. ਸਾਹਿਬ ਸਿੰਘ ਕਰਦੇ ਹਨ ਕਿ 'ਉਹ ਚਿੱਤਰ-ਗੁਪਤ ਭੀ ਜੋ (ਜੀਵਾਂ ਦੇ ਚੰਗੇ-ਮੰਦੇ ਕਰਮਾਂ ਦੇ ਲੇਖੇ) ਲਿਖਣੇ ਜਾਣਦੇ ਹਨ ਅਤੇ ਜਿਨ੍ਹਾਂ ਦੇ ਲਿਖੇ ਹੋਏ ਨੂੰ ਧਰਮ-ਰਾਜ ਵਿਚਾਰਦਾ ਹੈ, ਤੇਰੀਆਂ ਵਡਿਆਈਆਂ ਕਰ ਰਹੇ ਹਨ।'[180] ਗਿਆਨੀ ਹਰਬੰਸ ਸਿੰਘ ਅਨੁਸਾਰ 'ਚਿਤਰ-ਗੁਪਤ (ਜੋ ਜੀਆਂ ਦੇ ਕਰਮਾਂ ਦਾ ਲੇਖਾ) ਲਿਖਣ ਦਾ ਕੰਮ ਕਰਦੇ ਹਨ ਅਤੇ ਧਰਮ-ਰਾਜਾ (ਉਸ ਲੇਖੇ ਨੂੰ) ਲਿਖ-ਲਿਖ ਕੇ

---

175 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬.

176 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 106.

177 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 84.

178 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 155.

179 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬.

180 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 107.

ਵਾਚਦਾ ਹੈ (ਉਹ ਵੀ ਤੁਹਾਡਾ ਜੱਸ) ਗਾ ਰਹੇ ਹਨ।'[181] ਗਿਆਨੀ ਬਲਵੰਤ ਸਿੰਘ ਅਰਥ ਕਰਦੇ ਹਨ ਕਿ 'ਚਿਤ੍ਰ ਅਤੇ ਗੁਪਤਿ (ਸੁਚੇਤ ਮਨ ਤੇ ਅਚੇਤ ਮਨ) ਦੋ ਫਰਿਸ਼ਤੇ (ਜੋ ਮੰਨਾਉਤ ਹੈ ਜੀਵ ਦੇ ਚੰਗੇ ਮੰਦੇ ਕਰਮਾਂ ਦਾ ਹਿਸਾਬ (Record) ਰਖਦੇ ਹਨ। ਅਤੇ ਲਿਖਣ ਪੜ੍ਹਨ ਜਾਣਦੇ ਹਨ ਤੇਰਾ ਜਸ ਕਰਦੇ ਹਨ ਅਤੇ ਧਰਮ ਰਾਜ ਵੀ ਉਪਮਾ ਕਰਦਾ ਹੈ।'[182] 'ਚਿਤੁ ਗੁਪਤੁ' ਦੇ ਅਰਥ ਸੰਬੰਧੀ ਪ੍ਰੋ. ਸਾਹਿਬ ਸਿੰਘ ਅਤੇ ਗਿਆਨੀ ਹਰਬੰਸ ਸਿੰਘ ਦੇ ਵਿਚਾਰਾਂ ਵਿਚ ਸਮਾਨਤਾ ਹੈ ਪਰ ਕੋਠਾ ਗੁਰੂ ਜੀ ਨੇ 'ਚਿਤੁ ਗੁਪਤੁ' ਦੇ ਅਰਥ ਉਪਰੋਕਤ ਵਿਦਵਾਨਾਂ ਤੋਂ ਵੱਖਰੇ ਕੀਤੇ ਹਨ। ਵਿਦਵਾਨਾਂ ਦੁਆਰਾ ਇਸਦੇ ਅਰਥ 'ਜੋ ਜੀਵਾਂ ਤੇ ਚੰਗੇ-ਮੰਦੇ ਕਰਮਾਂ ਦਾ ਲੇਖਾ ਲਿਖਦੇ ਹਨ' ਹੀ ਕੀਤੇ ਗਏ ਹਨ। ਕੋਠਾ ਗੁਰੂ ਜੀ ਨੇ ਅਰਥ 'ਸੁਚੇਤ ਮਨ ਅਤੇ ਅਚੇਤ' ਕੀਤੇ ਹਨ ਜੋ ਹੋਰਨਾਂ ਵਿਦਵਾਨਾਂ ਨਾਲੋਂ ਭਿੰਨ ਹਨ। ਸਪੱਸ਼ਟ ਹੈ ਕਿ ਕੋਠਾ ਗੁਰੂ ਜੀ ਦੁਆਰਾ ਵਿਲੱਖਣ ਅਰਥ ਕੀਤੇ ਗਏ ਹਨ।

**24. ਬਾਣੀ**: ਸਰਮ ਖੰਡ ਕੀ ਬਾਣੀ ਰੂਪੁ॥

ਪ੍ਰੋ. ਸਾਹਿਬ ਸਿੰਘ ਨੇ 'ਬਾਣੀ' ਦਾ ਅਰਥ 'ਬਨਾਵਟ' ਕੀਤਾ ਹੈ। ਉੱਦਮ ਅਵਸਥਾ ਦੀ ਬਨਾਵਟ ਸੁੰਦਰਤਾ ਹੈ (ਭਾਵ, ਇਸ ਅਵਸਥਾ ਵਿਚ ਆ ਕੇ ਮਨ ਦਿਨੋ ਦਿਨ ਸੋਹਣਾ ਬਣਨਾ ਸ਼ੁਰੂ ਹੋ ਜਾਂਦਾ ਹੈ)[183] ਕੋਠਾ ਗੁਰੂ ਜੀ ਇਸਦਾ ਅਰਥ 'ਭਾਸ਼ਾ' ਕਰਦੇ ਹਨ। ਇਸ ਸਰਮ (ਹਿੰਮਤੀ+ਪ੍ਰੀਸ਼ਰਮ ਮੰਡਲ) ਦੀ ਬਾਣੀ (ਭਾਸ਼ਾ) ਵੀ ਅਦੁਤੀ (ਦੈਵੀ) ਹੈ।[184] ਗਿਆਨੀ ਹਰਬੰਸ ਸਿੰਘ ਨੇ ਵੀ ਅਰਥ 'ਭਾਸ਼ਾ' ਹੀ ਕੀਤੇ ਹਨ। 'ਸਰਮ ਖੰਡ ਦੀ ਬਾਣੀ ਸੁੰਦਰ ਹੈ।[185] ਉਪਰੋਕਤ ਵਿਆਖਿਆ ਤੋਂ ਸਪੱਸ਼ਟ ਹੈ ਕਿ ਕੋਠਾ ਗੁਰੂ ਜੀ ਦੁਆਰਾ ਕੀਤੇ 'ਬਾਣੀ' ਦੇ ਅਰਥ ਗਿਆਨੀ ਹਰਬੰਸ ਸਿੰਘ ਦੇ ਅਰਥ ਦੇ ਸਮਾਨ ਹਨ ਪਰ ਪ੍ਰੋ. ਸਾਹਿਬ ਸਿੰਘ ਦੇ ਅਰਥਾਂ ਤੋਂ ਭਿੰਨ ਹਨ। ਪ੍ਰੋ. ਸਾਹਿਬ ਸਿੰਘ 'ਬਾਣੀ' ਦਾ ਅਰਥ 'ਬਣਾਵਟ' ਕਰਦੇ ਹਨ ਜਦੋਂ ਕਿ ਕੋਠਾ ਗੁਰੂ ਜੀ ਅਤੇ ਗਿਆਨੀ ਹਰਬੰਸ ਸਿੰਘ ਨੇ ਅਰਥ 'ਭਾਸ਼ਾ' ਕੀਤਾ ਹੈ।

**25. ਘਾੜਤ**: ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥[186]

ਪ੍ਰੋ. ਸਾਹਿਬ ਸਿੰਘ 'ਘਾੜਤ' ਦੇ ਅਰਥ ਕਰਦੇ ਹਨ ਕਿ ਇਸ ਅਵਸਥਾ ਵਿਚ (ਨਵੀਂ) ਘਾੜਤ ਦੇ ਕਾਰਨ ਮਨ ਬਹੁਤ ਸੋਹਣਾ ਘੜਿਆ ਜਾਂਦਾ ਹੈ।[187] ਗਿਆਨੀ ਹਰਬੰਸ ਸਿੰਘ ਅਨੁਸਾਰ ਉਥੇ ਘਾੜਤ ਵਿਚ ਸੁੰਦਰਤਾ ਘੜੀ ਜਾਂਦੀ ਹੈ (ਜੋ ਕਿ) ਬਹੁਤ ਅਨੂਪ (ਭਾਵ ਅਤੀ ਸੁੰਦਰ ਹੈ)।[188] ਪ੍ਰਿੰ. ਤੇਜਾ ਸਿੰਘ ਅਨੁਸਾਰ,

---

181 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 155.

182 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 85.

183 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 129.

184 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, ਜਪੁ ਜੀ ਸਾਹਿਬ ਸਟੀਕ, ਪੰਨਾ 92.

185 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 169.

186 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮.

187 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 129.

188 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 169.

ਉਥੇ ਆਚਰਣ ਦੀ ਬਣਾਵਟ ਬਹੁਤ ਸੁੰਦਰ ਘੜੀ ਜਾਂਦੀ ਹੈ।[189] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਅਨੁਸਾਰ, 'ਉਥੇ ਅਸਚਰਜ ਅਸਚਰਜ ਕਿਸਮ ਨਾਲ ਸ੍ਰਿਸਟੀ ਦੀ ਰਚਿਨਾ ਹੁੰਦੀ ਹੈ।'[190] ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਤੋਂ ਪ੍ਰਤੀਤ ਹੁੰਦਾ ਹੈ ਕਿ 'ਘਾੜਤ' ਦੇ ਅਰਥਾਂ ਸੰਬੰਧੀ ਟੀਕਾਕਾਰਾਂ ਦੇ ਵਿਚਾਰ ਵੱਖੋ-ਵੱਖਰੇ ਹਨ। ਪ੍ਰੋ. ਸਾਹਿਬ ਸਿੰਘ 'ਮਨ ਦੀ ਘਾੜਤ', ਗਿਆਨੀ ਹਰਬੰਸ ਸਿੰਘ 'ਸੁੰਦਰਤਾ ਦੀ ਘਾੜਤ', ਪ੍ਰਿੰ. ਤੇਜਾ ਸਿੰਘ 'ਆਚਰਣ ਦੀ ਘਾੜਤ' ਦੀ ਗਲ ਕਰਦੇ ਹਨ। ਕੋਠਾ ਗੁਰੂ ਜੀ ਇਸਦਾ ਅਰਥ 'ਸ੍ਰਿਸਟੀ ਦੀ ਰਚਿਨਾ' ਦੇ ਰੂਪ ਵਿਚ ਲੈਂਦੇ ਹਨ। ਸਪੱਸ਼ਟ ਹੈ ਕਿ ਕੋਠਾ ਗੁਰੂ ਜੀ ਦੁਆਰਾ ਕੀਤੇ ਅਰਥ ਉਪਰੋਕਤ ਵਿਦਵਾਨਾਂ ਨਾਲੋਂ ਵਿਲੱਖਣ ਹਨ।

**26. ਸੀਤੋ ਸੀਤਾ**: ਤਿਥੈ ਸੀਤੋ ਸੀਤਾ ਮਹਿਮਾ ਮਾਹਿ॥[191]

ਇਸ ਪੰਕਤੀ ਵਿਚ 'ਸੀਤੋ ਸੀਤਾ' ਦੇ ਕਈ ਅਰਥ ਪ੍ਰਚਲਤ ਹਨ। ਭਾਈ ਮਨੀ ਸਿੰਘ ਲਿਖਦੇ ਹਨ, "ਤਾਂ ਸਿਧਾਂ ਕਹਿਆ ਕਿ ਜਿਥੇ ਰਾਮ ਹੋਂਦਾ ਹੈ ਤਿਥੇ ਸੀਤਾ ਭੀ ਹੁੰਦੀ ਹੈ ਅਰ ਸੀਤਾ ਮਹਾਰਾਜ ਕੀ ਮਾਇਆ ਹੈ ਸੋ ਮਹਾਰਾਜ ਕੇ ਨਿਕਟ ਹੀ ਹੋਂਦੀ ਹੈ ਤਾਂ ਬਾਬੇ ਕਹਿਆ ਕਿ ਓਥੇ ਓਹੋ ਸੀਤਾ ਹੈਨ ਜੋ ਜਿਨਾਂ ਨੇ ਮਹਾਰਾਜ ਦੀ ਮਹਿਮਾ ਵਿਖੇ ਆਪਣਾ ਮਨ ਪਰੋਤਾ ਹੈ, ਅਰ ਆਤਮਾ ਰੂਪੀ ਹੋਏ ਹਨ ਸੋ ਉਨ੍ਹਾਂ ਦਾ ਸਰੂਪ ਆਤਮ ਸਤਿਆ ਥੀਂ ਭਿੰਨ ਕਹਿਆ ਨਹੀਂ ਜਾਂਦਾ।[192] ਭਾਈ ਸੰਤੋਖ ਸਿੰਘ ਇਸਦੇ ਅਰਥ 'ਸੀਤਲਤਾ ਹੀ ਸੀਤਲਤਾ' ਕਰਦੇ ਹਨ। ਜੋ ਸੰਤਨ ਮੇਂ ਰਾਮ ਭਰਪੂਰ ਹੈ, ਤਿਥੈ ਤਹਾਂ 'ਸੀਤੋ' ਸੀਤਲ, ਬਿਸ਼ਯਾ ਗਨਿ ਤੇ ਬਚਾਵਨਹਾਰੀ ਸੀਤਾ ਰੂਪ ਜੋ ਤਿਸ ਕੀ ਮਹਿਮਾ, ਤਿਨੋਂ ਸੰਤੋ ਮੇਂ ਸੋ ਬਿਰਾਜ ਰਹੀ ਹੈ।[193] ਭਾਈ ਵੀਰ ਸਿੰਘ ਇਸਦੇ ਅਰਥ ਕਰਦੇ ਹਨ ਕਿ ਓਥੇ ਹਨ (ਭਰਪੂਰ ਵਯਾਪਕ) ਰਾਮ ਦੀ ਮਹਿਮਾ ਵਿਚ (ਮਗਨ ਹੋ ਰਹੇ ਅਨੇਕਾਂ) ਰਾਮ ਤੇ ਸੀਤਾ।[194] ਪ੍ਰੋ. ਸਾਹਿਬ ਸਿੰਘ 'ਸੀਤੋ ਸੀਤਾ' ਦੇ ਅਰਥ 'ਪਰੋਤਾ' ਕਰਦੇ ਹਨ। ਉਸ (ਬਖ਼ਸ਼ਸ਼) ਅਵਸਥਾ ਵਿਚ ਅੱਪੜੇ ਹੋਏ ਮਨੁੱਖਾਂ ਦਾ ਮਨ ਨਿਰੋਲ ਅਕਾਲਪੁਰਖ ਦੀ ਵਡਿਆਈ ਵਿਚ ਪਰੋਤਾ ਰਹਿੰਦਾ ਹੈ।[195] ਪ੍ਰਿੰ. ਤੇਜਾ ਸਿੰਘ ਅਰਥ ਕਰਦੇ ਹਨ, ਉਥੇ ਸੀਤਾ ਹੀ ਸੀਤਾ ਭਰੀਆਂ ਪਈਆਂ ਹਨ, ਜੋ ਰਾਮ ਦੀ ਵਡਿਆਈ ਵਿਚ ਰਹਿੰਦੀਆਂ ਹਨ।[196] ਪੰਡਿਤ ਤਾਰਾ ਸਿੰਘ ਨਰੋਤਮ ਲਿਖਦੇ ਹਨ, ਪ੍ਰਮੇਸ਼ਵਰ ਕੇ ਬੈਕੁੰਠ ਥਾਨ ਮੋਂ ਵਹੁ ਸੀਤਾ ਤੁਲਯ ਇਸਤਰੀਆਂ ਹੈਂ ਜਿਨ੍ਹੋਂ ਨੇ ਅਪਨਾ ਚਿਤ ਸੀਵਿਆ ਹਰਿ ਕੀ ਮਹਿਮਾ ਵਿਖੇ।[197] ਗਿਆਨੀ ਹਰਬੰਸ

---

189 ਪ੍ਰਿੰ. ਤੇਜਾ ਸਿੰਘ, *ਜਪੁ ਜੀ ਸਟੀਕ*, ਪੰਨਾ 115.

190 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 92.

191 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮.

192 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 182.

193 ਉਧਰਿਤ, ਉਹੀ.

194 ਉਹੀ.

195 ਪ੍ਰੋ. ਸਾਹਿਬ ਸਿੰਘ, *ਦਰਪਣ (ਭਾਗ ਪਹਿਲਾ)*, ਪੰਨਾ 129.

196 ਉਧਰਿਤ, ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 182.

197 ਉਹੀ.

ਸਿੰਘ ਅਰਥ ਲੀਨ ਹੋਇਆ ਕਰਦੇ ਹਨ '(ਉਥੇ ਰਹਿਣ ਵਾਲਿਆਂ ਦਾ ਮਨ ਰੱਬੀ) ਮਹਿਮਾ ਵਿਚ ਚੰਗੀ ਤਰ੍ਹਾਂ ਸੀਤਾ ਹੋਇਆ (ਭਾਵ ਲੀਨ) ਹੁੰਦਾ ਹੈ।'[198] ਗਿਆਨੀ ਬਲਵੰਤ ਸਿੰਘ ਅਨੁਸਾਰ, '(ਉਥੇ) ਆਤਮਿਕ ਅਨੰਦ ਦੇ ਕਾਰਨ ਸਾਰੇ ਸ਼ਾਂਤੀ ਹੀ ਸ਼ਾਂਤੀ ਵਰਤੀ ਹੋਈ ਹੈ।'[199]

ਉਪਰੋਕਤ ਅਰਥਾਂ ਤੋਂ ਪਤਾ ਲਗਦਾ ਹੈ ਕਿ 'ਸੀਤੋ ਸੀਤਾ' ਦੇ ਅਰਥਾਂ ਸੰਬੰਧੀ ਟੀਕਾਕਾਰਾਂ ਦੇ ਵਿਚਾਰ ਵਖ-ਵਖ ਹਨ। ਟੀਕਾਕਾਰਾਂ ਵਲੋਂ ਇਸਦੇ ਅਰਥ ਪਰੋਤਾ, ਸ੍ਰੀ ਰਾਮ ਚੰਦਰ ਤੇ ਸੀਤਾ, ਸੀਤਾ ਤੁਲਯ, ਸੀਤਲਤਾ ਹੀ ਸੀਤਲਤਾ, ਸੀਵਿਆ, ਪਰੋਤਾ, ਲੀਨ, ਆਦਿ ਕੀਤੇ ਗਏ। ਕੋਠਾ ਗੁਰੂ ਜੀ ਨੇ 'ਸੀਤੋ ਸੀਤਾ' ਦਾ ਅਰਥ ਉਪਰੋਕਤ ਵਿਦਵਾਨਾਂ ਨਾਲੋਂ ਵਿਲੱਖਣ ਕੀਤਾ ਹੈ। ਉਨ੍ਹਾਂ ਅਨੁਸਾਰ 'ਸੀਤੋ ਸੀਤਾ' ਤੋਂ ਭਾਵ 'ਸ਼ਾਤੀ ਹੀ ਸ਼ਾਤੀ' ਹੈ।

ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਕੋਠਾ ਗੁਰੂ ਜੀ ਦੁਆਰਾ ਕੀਤੇ ਜਪੁ ਜੀ ਦੇ ਅਰਥ ਪੁਰਾਤਨ ਟੀਕਾਕਾਰਾਂ ਦੁਆਰਾ ਕੀਤੇ ਅਰਥਾਂ ਦੇ ਵਧੇਰੇ ਨੇੜੇ ਹਨ। ਉਨ੍ਹਾਂ ਦੁਆਰਾ ਕੀਤੇ ਜਪੁ ਜੀ ਸਾਹਿਬ ਦੇ ਅਰਥ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੇ ਅਰਥਾਂ ਨਾਲ ਵਧੇਰੇ ਮਿਲਦੇ ਹਨ। ਕੁਝ ਸ਼ਬਦ ਅਜਿਹੇ ਵੀ ਹਨ ਜਿਨ੍ਹਾਂ ਦੇ ਅਰਥ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੇ ਅਰਥਾਂ ਨਾਲੋਂ ਵੀ ਵਖਰੇ ਹਨ। ਇਹ ਸ਼ਬਦ ਗੁਰਪ੍ਰਸਾਦਿ, ਕੋ, ਵਡਿਆਈ ਆਚਾਰ, ਭਾਖਿਆ ਭਾਉ ਅਪਾਰ, ਗੁਣ, ਸਤੁ, ਪੰਥ, ਸਰਮੁ, ਕੇਹਾ, ਚਿਤੁ ਗੁਪਤੁ, ਘਾੜਤ, ਸੀਤੋ ਸੀਤਾ ਆਦਿ ਹਨ।

ਗਿਆਨੀ ਹਰਬੰਸ ਸਿੰਘ ਅਰਥ ਕਰਦੇ ਸਮੇਂ ਮੂਲ ਪਾਠ, ਉਚਾਰਨ ਸੇਧ, ਪਦ ਅਰਥ, ਅਰਥ, ਅਰਥ ਭੇਦ ਅਤੇ ਨਿਰਣੈ ਦਿੰਦੇ ਹਨ ਪਰ ਕੋਠਾ ਗੁਰੂ ਜੀ ਨੇ ਸੰਪ੍ਰਦਾਇ ਵਿਦਵਾਨਾਂ ਵਾਂਗ ਮੂਲ ਪਾਠ ਦੇਣ ਉਪਰੰਤ ਟੀਕਾ ਦਿਤਾ ਹੈ ਅਤੇ ਅਖੀਰ ਵਿਚ ਔਖੇ ਸ਼ਬਦਾਂ ਦੇ ਅਰਥ ਦਸਣ ਲਈ ਸ਼ਬਦ ਕੋਸ਼ ਅੰਕਿਤ ਕੀਤਾ ਹੈ। ਗਿਆਨੀ ਹਰਬੰਸ ਸਿੰਘ ਨੇ ਟੀਕਾ ਤੁਲਨਾਤਮਕ ਅਧਿਐਨ ਦੁਆਰਾ ਕੀਤਾ ਹੈ। ਉਹ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਪੇਸ਼ ਕਰਨ ਉਪਰੰਤ ਨਿਰਣੈ ਪੇਸ਼ ਕਰਦੇ ਹਨ ਪਰ ਕੋਠਾ ਗੁਰੂ ਜੀ ਦੀ ਟੀਕਾਕਾਰੀ ਵਿਚ ਅਜਿਹਾ ਵੇਖਣ ਨੂੰ ਨਹੀਂ ਮਿਲਦਾ। ਦੋਨਾਂ ਵਿਦਵਾਨਾਂ ਨੇ ਇਕ ਤੁਕ ਦਾ ਇਕ ਹੀ ਅਰਥ ਕੀਤਾ ਹੈ। ਉਹ ਨਿਰਮਲੇ ਅਤੇ ਸੰਪ੍ਰਦਾਈ ਵਿਦਵਾਨਾਂ ਵਾਂਗ ਇਕ ਤੁਕ ਦੇ ਕਈ-ਕਈ ਅਰਥ ਨਹੀਂ ਕਰਦੇ। ਦੋਨੋਂ ਵਿਦਵਾਨ ਪਦਛੇਦ ਕਰ ਕੇ ਮੂਲ ਪਾਠ ਦਿੰਦੇ ਹਨ।

ਇਸ ਤਰ੍ਹਾਂ ਤਿੰਨਾਂ ਵਿਦਵਾਨਾਂ ਵਿਚੋਂ ਗਿਆਨੀ ਜੀ ਦੀ ਟੀਕਾਕਾਰੀ ਪੁਰਾਤਨ ਟੀਕਾਕਾਰਾਂ ਦੇ ਵਧੇਰੇ ਨੇੜੇ ਹੈ ਜਦੋਂ ਕਿ ਦੂਜੇ ਵਿਦਵਾਨਾਂ ਦੀ ਟੀਕਾਕਾਰੀ ਆਧੁਨਿਕ ਹੈ। ਤਿੰਨੋਂ ਵਿਦਵਾਨਾਂ ਦੁਆਰਾ ਕੀਤੀ ਵਿਆਖਿਆ ਵਿਚ ਕੁਝ ਸੁਮੇਲਤਾ ਅਤੇ ਭਿੰਨਤਾ ਵੇਖਣ ਨੂੰ ਮਿਲਦੀ ਹੈ। ਤਿੰਨੋਂ ਵਿਦਵਾਨਾਂ ਨੇ ਗੁਰਮਤਿ ਆਸ਼ੇ ਅਨੁਸਾਰ ਵਿਆਖਿਆ ਕੀਤੀ ਹੈ। ਇਕ ਤੁਕ ਦਾ ਇਕੋ ਅਰਥ ਕਰਦੇ ਹਨ। ਉਨ੍ਹਾਂ ਨੇ ਨਿਰਮਲੇ ਵਿਦਵਾਨਾਂ ਵਾਂਗ ਇਕ ਤੁਕ ਦੇ ਕਈ ਕਈ ਅਰਥ ਨਹੀਂ ਕੀਤੇ ਜਿਵੇਂ ਭਾਈ ਸੰਤੋਖ ਸਿੰਘ ਨੇ ਗਰਬ ਗੰਜਨੀ ਟੀਕੇ ਵਿਚ

198 ਗਿਆਨੀ ਹਰਬੰਸ ਸਿੰਘ, *ਦਰਸ਼ਨ-ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 181.

199 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 93.

ਕੀਤੇ ਹਨ। ਗਿਆਨੀ ਜੀ ਨੇ ਭਾਈ ਮਨੀ ਸਿੰਘ ਵਾਂਗ ਪਉੜੀਵਾਰ ਮੂਲ ਪਾਠ ਦੇ ਕੇ ਟੀਕਾ ਦਿਤਾ ਹੈ। ਲਗਭਗ ਮੂਲ ਪਾਠ ਜਿਨਾ ਹੀ ਟੀਕਾ ਹੈ। ਪ੍ਰੋ. ਸਾਹਿਬ ਸਿੰਘ ਅਤੇ ਗਿ. ਹਰਬੰਸ ਸਿੰਘ ਨੇ ਵਿਆਕਰਣ ਨਿਯਮਾਂ ਅਨੁਸਾਰ ਅਰਥ ਕੀਤੇ ਹਨ ਜਦੋਂ ਕਿ ਗਿਆਨੀ ਜੀ ਨੇ ਸੰਪ੍ਰਦਾਇ ਵਿਦਵਾਨਾਂ ਵਾਂਗ ਅਰਥ ਕੀਤੇ ਹਨ। ਗਿਆਨੀ ਜੀ ਨੇ ਪ੍ਰੋ. ਸਾਹਿਬ ਸਿੰਘ ਅਤੇ ਗਿ. ਹਰਬੰਸ ਸਿੰਘ ਵਾਂਗ ਪਦ ਛੇਦ ਕਰਕੇ ਪਾਠ ਅੰਕਿਤ ਕੀਤਾ ਹੈ ਪਰ ਆਪ ਇਨ੍ਹਾਂ ਆਧੁਨਿਕ ਟੀਕਾਕਾਰਾਂ ਵਾਂਗ ਪਦ ਅਰਥ, ਵਿਆਕਰਣਕ ਨਿਯਮ, ਉਚਾਰਨ ਸੇਧ, ਤੁਲਾਨਤਮਕ ਅਧਿਐਨ ਪੇਸ਼ ਨਹੀਂ ਕਰਦੇ। ਜਿਸ ਤੋਂ ਸਿੱਧ ਹੁੰਦਾ ਹੈ ਕਿ ਗਿਆਨੀ ਜੀ ਦੀ ਟੀਕਾਕਾਰੀ ਪੁਰਾਤਨ ਹੈ। ਆਪ ਨੇ ਗੁਰਬਾਣੀ, ਸਿੱਖ ਇਤਿਹਾਸ ਅਤੇ ਪਰੰਪਰਾ ਦੇ ਅਧਾਰ 'ਤੇ ਟੀਕਾ ਕੀਤਾ ਹੈ।

**ਸਿਧਾਂਤ:** ਗਿਆਨੀ ਜੀ ਨੇ ਜਿਥੇ ਜਪੁ ਬਾਣੀ ਦੀ ਵਿਆਖਿਆ ਕੀਤੀ ਹੈ ਉਥੇ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਵੀ ਕੀਤੀ ਹੈ। ਨਿਮਨਲਿਖਤ ਅਸੀਂ ਗਿਆਨੀ ਜੀ ਦੁਆਰਾ ਕੀਤੀ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਬਾਰੇ ਵਿਚਾਰ ਕਰਾਂਗੇ:

**1. ਸਚਿਆਰ:** ਸਿੱਖ ਧਰਮ ਅਨੁਸਾਰ ਮਨੁਖੀ ਜੀਵਨ ਦਾ ਮਨੋਰਥ ਸਚਿਆਰ ਬਣਨਾ ਹੈ। ਮਨੁਖ ਇਸ ਸੰਸਾਰ ਵਿਚ ਆ ਕੇ ਸੰਸਾਰੀ ਜੰਜਾਲਾਂ ਵਿਚ ਉਲਝ ਜਾਂਦਾ ਹੈ ਅਤੇ ਆਪਣੇ ਅਸਲ ਮਨੋਰਥ ਨੂੰ ਭੁੱਲ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਜਪੁ' ਬਾਣੀ ਵਿਚ ਮਨੁਖ ਨੂੰ ਸਚਿਆਰ ਬਣਨ ਲਈ ਕਿਹਾ ਹੈ। ਗਿਆਨੀ ਜੀ ਨੇ *ਜਪੁ ਜੀ ਸਾਹਿਬ ਸਟੀਕ* ਵਿਚ ਸਚਿਆਰ ਦਾ ਅਰਥ 'ਸਚਾਈ ਦਾ ਘਰ' ਕੀਤਾ ਹੈ। ਸਚਿਆਰ ਹੋਣ ਲਈ ਪਰਮਾਤਮਾ ਦੇ ਹੁਕਮ ਵਿਚ ਰਹਿਣਾ ਲਾਜ਼ਮੀ ਹੈ। ਗੁਰਬਾਣੀ ਦਾ ਫੁਰਮਾਣ ਹੈ **ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥** ਇਸਦੀ ਵਿਆਖਿਆ ਕਰਦੇ ਕੋਠਾ ਗੁਰੂ ਜੀ ਲਿਖਦੇ ਹਨ, 'ਸਚਿਆਰਾ ਫਿਰ ਕਿਵੇਂ ਸਚੇ, ਤੇ ਸਚੇ (ਅਕਾਲਪੁਰਖ) ਦੇ ਹੋ ਸਕੀਏ ਅਤੇ ਕੂੜ ਦੀ ਪਾਲ (ਝੂਠ ਦੇ ਪਰਦੇ) ਨੂੰ ਕਿਵੇਂ ਤੋੜ ਸਕੀਏ? ਅਗਲੀ ਪੰਕਤੀ ਵਿਚ ਉਤਰ ਦਿੰਦੇ ਹਨ ਕਿ ਰਜ਼ਾ ਵਾਲੇ ਦਾ ਹੁਕਮ (ਭਾਣਾ) ਨਾਲ ਜਾਂਦਾ ਹੈ। ਏਹ ਆਪ ਸ੍ਰੀ ਗੁਰੂ ਨਾਨਕ ਦੇਵ ਜੀ (ਪ੍ਰਮੇਸ੍ਵਰ) ਨੇ ਲਿਖਿਆ ਹੈ ਸਚੇ ਅਕਾਲਪੁਰਖ ਦੇ ਹੋਣਾ।[200] ਸਪੱਸ਼ਟ ਹੈ ਕਿ ਮਨੁਖ ਪਰਮਾਤਮਾ ਦੇ ਹੁਕਮ ਵਿਚ ਰਹਿ ਕੇ ਹੀ ਕੂੜਿ ਦੀ ਪਾਲਿ ਨੂੰ ਤੋੜ ਸਕਦਾ ਹੈ ਅਤੇ ਸਚਿਆਰ ਬਣ ਸਕਦਾ ਹੈ।

**2. ਨਾਮ:** ਨਾਮ ਉਹ ਸੰਗਿਆ ਹੈ ਜਿਸ ਦੁਆਰਾ ਕਿਸੇ ਵਸਤੂ, ਸਥਾਨ ਜਾਂ ਵਿਅਕਤੀ ਦਾ ਗਿਆਨ ਹੁੰਦਾ ਹੈ। ਇਸੇ ਦੁਆਰਾ ਕਿਸੇ ਵਸਤੂ ਦੇ ਗੁਣ, ਸੁਭਾ ਅਤੇ ਸਰੂਪ ਬਾਰੇ ਜਾਣਕਾਰੀ ਮਿਲਦੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ, 'ਪਰਮਾਤਮਾ ਦੇ ਕਈ ਨਾਮ ਰੱਖੇ ਗਏ ਹਨ, ਜਿਨ੍ਹਾਂ ਵਿਚ ਸਰਵੋਤਮ ਸਰੂਪ ਪਰਮਾਤਮਾ ਦੇ ਵਿਰਾਟ ਵਿਅਕਤੀਤਵ ਦੀ ਧਾਰਣਾ ਕਿਸੇ ਨਾ ਕਿਸੇ ਮਾਤ੍ਰਾ ਵਿਚ ਬਣੀ ਰਹਿੰਦੀ ਹੈ ਪਰ ਇਹ ਨਾਮ ਜਿਗਿਆਸੂ, ਸਾਧਕ ਅਥਵਾ ਚਿੰਤਕ ਦੇ ਹਿਰਦੇ ਦੀਆਂ ਭਾਵਨਾਵਾਂ ਦੇ ਪ੍ਰਤੀਕ ਵਜੋਂ ਪ੍ਰਚਲਿਤ ਹੋਏ ਹਨ।[201]

---

200 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 57.

201 ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਪਹਿਲਾ)*, ਪੰਨਾ 165.

ਗਿਆਨੀ ਜੀ ਨੇ ਨਾਮ ਸ਼ਬਦ ਦੀ ਵਰਤੋਂ ਪਰਮਸਤ ਦੇ ਰੂਪ ਵਿਚ ਕੀਤੀ ਹੈ। ਨਾਮ ਦੀ ਵਿਆਖਿਆ ਕਰਦੇ ਹੋਏ ਗਿਆਨੀ ਜੀ ਲਿਖਦੇ ਹਨ ਕਿ 'ਨਾਮ ਕਿਸੇ ਵਿਅਕਤੀ ਦਾ ਕਲਪਿਆ ਹੋਇਆ ਸ਼ਬਦ ਨਹੀਂ ਹੈ, ਇਹ ਨਿਰੰਕਾਰ ਦੀ ਦਾਤ ਹੈ, ਨਾਮ ਸਰਬ ਵਿਆਪਕ ਹੈ। ਨਾਮ ਸੰਗਯਾ ਮਾਤ੍ਰ ਨਹੀਂ ਇਹ ਹੁਕਮ, ਸ਼ਬਦ, ਬਾਣੀ ਦੇ ਰੂਪ ਵਿਚ ਉਚੇਰੀ ਅਤੇ ਵਡੇਰੀ ਵਸਤੂ ਹੈ।[202] ਗਿਆਨੀ ਜੀ ਦਸਦੇ ਹਨ ਕਿ 'ਨਾਮ ਦੀ ਦਾਤ ਗੁਰੂ ਨਾਨਕ ਦੇਵ ਜੀ ਨੂੰ ਸਚਖੰਡ ਵਿਚੋਂ ਪ੍ਰਾਪਤ ਹੋਈ। ਵੇਂਈ ਨਦੀ ਦੇ ਪ੍ਰਵੇਸ਼ ਦਾ ਚਮਤਕਾਰ ਇਹ ਵਾਪਰਿਆ ਕਿ ਨਿਰੰਕਾਰ ਦੇ ਦਰ ਤੋਂ ਮੂਲ ਮੰਤ੍ਰ ਦੀ ਪ੍ਰਾਪਤੀ ਹੋਈ। ਗੁਰੂ ਨਾਨਕ ਦੇਵ ਜੀ ਨੇ ਪ੍ਰਗਟ ਹੋ ਕੇ ਜਿਸ ਸਤ ਤੋਂ ਜਾਣੂ ਕਰਵਾਇਆ, ਉਸਨੂੰ ਨਾਮ ਕਿਹਾ ਗਿਆ। ਨਾਮ ਸਰਬ ਵਿਆਪਕ ਹੈ। ਨਾਮ ਤੋਂ ਬਿਨਾਂ ਕੋਈ ਥਾਂ ਖਾਲੀ ਨਹੀਂ ਹੈ।'[203]

**3. ਹੁਕਮ:** ਸਿੱਖ ਧਰਮ ਵਿਚ 'ਹੁਕਮ' ਦਾ ਸਿਧਾਂਤ ਪ੍ਰਮੁਖ ਸਿਧਾਂਤਾਂ ਵਿਚੋਂ ਇਕ ਹੈ। ਗੁਰਬਾਣੀ ਪਰਮਾਤਮਾ ਦੇ ਹੁਕਮ ਵਿਚ ਰਹਿਣ ਦੀ ਤਾਕੀਦ ਕਰਦੀ ਹੈ। ਇਹ ਸਾਰਾ ਸੰਸਾਰ ਪਰਮਾਤਮਾ ਦੇ ਹੁਕਮ ਵਿਚ ਚਲ ਰਿਹਾ ਹੈ। ਗੁਰਬਾਣੀ ਅਕਾਲ ਪੁਰਖ ਨੂੰ ਸਰਵ ਵਿਆਪਕ ਮੰਨਦੀ ਹੈ। ਅਕਾਲ ਪੁਰਖ ਦੇ ਹੁਕਮ ਵਿਚ ਸਾਰੀ ਰਚਨਾ ਦਾ ਅਸਤਿਤ੍ਵ ਛਿਨ ਵਿਚ ਬਣ ਗਿਆ।[204] ਗਿਆਨੀ ਜੀ ਹੁਕਮ ਦਾ ਅਰਥ 'ਭਾਣਾ, ਆਗਿਆ' ਕਰਦੇ ਹਨ। ਗਿਆਨੀ ਜੀ ਅਨੁਸਾਰ ਪਰਮਾਤਮਾ ਦੇ ਹੁਕਮ ਵਿਚ ਹੀ ਸ੍ਰਿਸ਼ਟੀ ਵਜੂਦ ਵਿਚ ਆਈ ਹੈ। ਹੁਕਮ ਵਿਚ ਹੀ ਜੀਵਾਂ ਦੀ ਪੈਦਾਇਸ਼ ਹੁੰਦੀ ਹੈ ਅਤੇ ਆਗਿਆ ਵਿਚ ਹੀ ਵਡਿਆਈ ਪ੍ਰਾਪਤ ਹੁੰਦੀ ਹੈ। ਹੁਕਮ ਵਿਚ ਪ੍ਰਾਣੀ ਚੰਗਾ-ਮੰਦਾ ਬਣਦਾ ਹੈ ਅਤੇ ਹੁਕਮ ਵਿਚ ਹੀ ਦੁਖ-ਸੁਖ ਭੋਗੀਦਾ ਹੈ। ਇਕਨਾਂ ਨੂੰ ਅਕਾਲ ਪੁਰਖ ਹੁਕਮ ਵਿਚ ਬਖਸ਼ਸ਼ਾਂ ਬਖਸ਼ਦਾ ਹੈ ਅਤੇ ਇਕ ਹੁਕਮ ਵਿਚ ਆਵਾਗਵਨ ਦੇ ਚਕਰ ਵਿਚ ਫਿਰਦੇ ਹਨ। ਜੇਕਰ ਮਨੁਖ ਅਕਾਲ ਪੁਰਖ ਦੇ ਭਾਣੇ ਨੂੰ ਸਮਝ ਲਵੇ ਤਾਂ ਨਿਰਅਹੰਕਾਰ ਹੋ ਕੇ ਸਹਜੇ ਹੀ ਮੋਖ ਪ੍ਰਾਪਤ ਕਰ ਸਕਦਾ ਹੈ।[205]

**4. ਜਗਤ:** ਜਗਤ ਸ਼ਬਦ ਸੰਸਕ੍ਰਿਤ ਮੂਲ ਦਾ ਹੈ ਅਤੇ ਇਸ ਨੂੰ ਸ੍ਰਿਸ਼ਟੀ, ਸੰਸਾਰ, ਜਗ, ਦੁਨੀਆਂ ਅਤੇ ਵਿਸ਼ਵ ਆਦਿ ਸਮਾਨਅਰਥੀ ਸ਼ਬਦਾਂ ਵਜੋਂ ਵਰਤਿਆ ਜਾਂਦਾ ਹੈ। ਸਰਦੂਲ ਸਿੰਘ ਕਵੀਸ਼ਰ ਅਨੁਸਾਰ, 'ਜਗਤ, ਸੰਸਾਰ, ਕੁਦਰਤ ਇਸ ਪਦਾਰਥਿਕ ਹੋਂਦ ਨੂੰ ਜੋ ਚਾਹੋ ਕਹਿ ਲਵੋ। ਕੇਵਲ ਇਕ ਸਿਟਾ ਹੈ ਜਿਸ ਦਾ ਕਾਰਨ ਪਰਮਾਤਮਾ ਹੈ। ਪਰਮਾਤਮਾ ਮੂਲ ਕਾਰਨ ਸਦੀਵੀ ਕਾਰਨ ਹੈ। ਪਰਮਾਤਮਾ ਹੀ ਆਦਿ, ਮਧ, ਅੰਤ ਹੈ, ਉਸੇ ਵਾਹਿਗੁਰੂ ਨੇ ਸਾਰਾ ਪਸਾਰਾ ਕੀਤਾ ਹੈ ਤੇ ਇਕ ਸੂਤ ਵਿਚ ਸਭ ਨੂੰ ਪਰੋ ਦਿਤਾ, ਫਿਰ ਤਿੰਨ ਗੁਣਾਂ ਦਾ ਖਲਾਰਾ ਕੀਤਾ ਹੈ ਤੇ ਨਿਰਗੁਣ ਤੋਂ ਸਰਗੁਣ ਰੂਪ ਵਿਚ ਪਰਗਟ ਹੋਇਆ।[206]

---

202 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 157.

203 ਉਹੀ, ਪੰਨਾ 158.

204 ਉਹੀ, ਪੰਨਾ 120.

205 ਉਹੀ, *ਜਪੁ ਜੀ ਸਾਹਿਬ ਸਟੀਕ*, ਪੰਨਾ 57.

206 ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ*, ਪੰਨਾ 102.

ਗਿਆਨੀ ਬਲਵੰਤ ਸਿੰਘ ਨੇ ਵੀ ਜਗਤ ਦੇ ਸਤ ਹੋਣ ਦਾ ਸਿਧਾਂਤ ਦਿਤਾ ਹੈ। ਗਿਆਨੀ ਜੀ ਅਨੁਸਾਰ, 'ਸ੍ਰਿਸ਼ਟੀ ਦਾ ਕਰਤਾ 'ਕਰਤਾ ਪੁਰਖ' ਹੈ। ਕੋਈ ਮਾਇਆ ਛਾਇਆ ਨਹੀਂ, ਸਰਬ ਸ਼ਕਤੀਮਾਨ ਨੂੰ ਵਿਸ਼ੇਸ਼ ਸਬਲ ਹੋਣ ਦੀ ਲੋੜ ਨਹੀਂ। ਨਿਰੰਜਨ ਨੂੰ ਮਾਇਆ ਦੀ ਕਾਲਖ ਨਾਲ ਦੂਸ਼ਤ ਹੋਣ ਦੀ ਲੋੜ ਨਹੀਂ।[207] ਸ੍ਰਿਸ਼ਟੀ ਦੀ ਰਚਨਾ ਅਕਾਲ ਪੁਰਖ ਦੇ ਹੁਕਮ ਵਿਚ ਹੋਈ ਹੈ। ਆਪਣੀ ਰਚਨਾ ਵੇਖ ਕੇ ਵਾਹਿਗੁਰੂ ਆਪ ਆਨੰਦਤ ਹੋ ਰਿਹਾ ਹੈ। ਇਸੇ ਵਾਸਤੇ ਉਸਨੂੰ ਸਤ ਚਿਤ ਆਨੰਦ ਕਿਹਾ ਗਿਆ ਹੈ।[208] ਸ੍ਰਿਸ਼ਟੀ ਕਦੋਂ ਹੋਂਦ ਵਿਚ ਆਈ ਇਸ ਪ੍ਰਸ਼ਨ ਦੇ ਉਤਰ ਵਿਚ ਗਿਆਨੀ ਜੀ ਲਿਖਦੇ ਹਨ, 'ਇਸ ਬਾਰੇ ਨਾ ਪੰਡਿਤ ਜਾਣਦੇ ਹਨ, ਨਾ ਮੁਲਾਂ-ਕਾਜ਼ੀ, ਨਾ ਜੋਤਿਸ਼ੀ, ਨਾ ਜੋਗੀ ਜਾਣਦੇ ਹਨ। ਸ੍ਰਿਸ਼ਟੀ ਕਦੋਂ ਅਤੇ ਕਿਵੇਂ ਹੋਂਦ ਵਿਚ ਆਈ ਇਸ ਗੱਲ ਨੂੰ ਵਾਹਿਗੁਰੂ ਆਪ ਜਾਣਦਾ ਹੈ। ਪਰਮਾਤਮਾ ਆਪਣੀ ਰਚਨਾ ਵਿਚ ਸਮਾਇਆ ਹੋਇਆ ਹੈ।[209] ਗਿਆਨੀ ਜੀ ਨੇ ਗੁਰਬਾਣੀ ਨੂੰ ਅਧਾਰ ਬਣਾ ਕੇ ਵਿਆਖਿਆ ਕਰਦੇ ਹਨ।

**5. ਪੰਜ ਖੰਡ**: ਸਿੱਖ ਧਰਮ ਵਿਚ ਪੰਜ ਖੰਡ ਅਧਿਆਤਮਕ ਅਵਸਥਾ ਦੀਆਂ ਪਉੜੀਆਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਨੂੰ 'ਜਪੁ' ਬਾਣੀ ਵਿਚ ਪੰਜ ਖੰਡਾਂ ਦੇ ਰੂਪ ਵਿਚ ਨਿਰੂਪਿਤ ਕੀਤਾ ਹੈ। ਗਿਆਨੀ ਜੀ ਨੇ *ਜਪੁ ਜੀ ਸਾਹਿਬ ਸਟੀਕ* ਵਿਚ ਵਿਚ ਇਨ੍ਹਾਂ ਪੰਜ ਖੰਡਾਂ ਦੀ ਵਿਆਖਿਆ ਕੀਤੀ ਹੈ। ਸਭ ਤੋਂ ਪਹਿਲਾ ਧਰਮ ਖੰਡ ਹੈ। ਜਦੋਂ ਮਨੁਖ ਦੇ ਅੰਤਹਕਰਣ ਵਿਚ ਪਰਮਾਤਮਾ ਦੀ ਕ੍ਰਿਪਾ ਨਾਲ ਜਾਗ੍ਰਿਤੀ ਪੈਦਾ ਹੁੰਦੀ ਹੈ ਤਾਂ ਆਚਾਰ ਦੀ ਪੂਰਣਤਾ ਦਾ ਯਤਨ ਕੀਤਾ ਜਾਂਦਾ ਹੈ। ਧਰਮ ਖੰਡ ਵਿਚ ਪ੍ਰਕ੍ਰਿਤੀ ਦੇ ਨਿਯਮਾਂ ਦੀ ਉਚਿਤ ਵਿਵਸਥਾ ਬਾਰੇ ਪਤਾ ਚਲਦਾ ਹੈ ਜਿਸ ਵਿਚ ਪਰਮਾਤਮਾ ਨੇ ਸਾਰੀ ਪ੍ਰਕ੍ਰਿਤੀ ਵਿਚ ਧਰਤੀ ਨੂੰ ਧਰਮਸਾਲ ਦੇ ਰੂਪ ਵਿਚ ਸਥਾਪਿਤ ਕੀਤਾ ਹੈ। ਇਸ ਧਰਮਸ਼ਾਲ ਰੂਪੀ ਸ੍ਰਿਸ਼ਟੀ ਵਿਚ ਜੀਵਾਂ ਦੇ ਅਨੇਕ ਤਰ੍ਹਾਂ ਦੇ ਰੰਗ, ਰੂਪ, ਨਾਮ, ਚਿੰਨ੍ਹ ਅਤੇ ਨਿਸ਼ਾਨ ਕਾਇਮ ਕੀਤੇ ਗਏ ਹਨ। ਹਰ ਪ੍ਰਾਣੀ ਦਾ ਕਰਮਾਂ ਅਨੁਸਾਰ ਲੇਖਾ ਹੁੰਦਾ ਹੈ। ਸਚੇ ਅਕਾਲ ਪੁਰਖ ਦੀ ਸਚੀ ਕਚਹਿਰੀ ਵਿਚ ਪ੍ਰਵਾਨ ਹੋਏ ਪੰਚਾਂ (ਗੁਰਮੁਖ) ਨੂੰ ਅਕਾਲ ਪੁਰਖ ਦੀ ਬਖਸ਼ਸ਼ ਪ੍ਰਾਪਤ ਹੁੰਦੀ ਹੈ। ਇਥੇ ਖੋਟੇ ਖਰੇ ਦੀ ਪਰਖ ਹੁੰਦੀ ਹੈ ਅਤੇ ਜੀਵਾਂ ਦੇ ਚੰਗੇ ਮੰਦੇ ਕਰਮਾਂ ਦਾ ਪਤਾ ਲਗਦਾ ਹੈ।[210]

ਗਿਆਨ ਖੰਡ ਦੂਜੀ ਅਵਸਥਾ ਹੈ ਜਿਥੇ ਮਨੁਖ ਨੂੰ ਪਰਮਾਤਮਾ ਦੀਆਂ ਸ਼ਕਤੀਆਂ ਦਾ ਗਿਆਨ ਹੁੰਦਾ ਹੈ। ਗਿਆਨ ਖੰਡ ਵਿਚ ਦੇਸ ਵਾਸੀਆਂ ਵਾਸਤੇ ਅਕਾਲ ਪੁਰਖ ਵਲੋਂ ਅਣਗਿਣਤ ਪਵਣ, ਪਾਣੀ, ਬੈਸੰਤਰ, ਕ੍ਰਿਸ਼ਨ, ਸ਼ਿਵ, ਬ੍ਰਹਮਾ, ਧਰਤੀਆਂ, ਪਰਬਤ, ਚੰਦ, ਸੂਰਜ, ਬ੍ਰਹਮੰਡ, ਬਣਾਏ ਗਏ ਹਨ। ਕਿੰਨੀਆਂ ਹੀ ਸਿਧਾਂ ਦੀ ਸੰਪ੍ਰਦਾਵਾਂ ਅਤੇ ਕਿੰਨੇ ਹੀ ਭਗਵਾਨ ਬੁਧ ਦੇ ਸੰਘ ਹਨ। ਕਿੰਨੀਆਂ ਦੇਵੀਆਂ ਆਪਣੇ ਵਖਰੇ-ਵਖਰੇ ਰੂਪਾਂ ਵਿਚ ਵਿਦਮਾਨ ਹਨ। ਕਿੰਨੇ ਹੀ ਸਮੁੰਦਰ, ਖਾਣੀਆਂ, ਭਾਸ਼ਾਵਾਂ, ਵੰਸਾਵਲੀਆਂ ਹਨ। ਗਿਆਨ ਖੰਡ ਦੀ ਸੋਭਾ ਵਰਣਨ ਤੋਂ ਬਾਹਰ ਹੈ।[211]

---

207 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ-ਵੇਦਾਂਤ ਨਿਰਣੈ*, ਪੰਨਾ 114.

208 ਉਹੀ, ਪੰਨਾ 113.

209 ਉਹੀ, ਪੰਨਾ 115.

210 ਉਹੀ, *ਜਪੁ ਜੀ ਸਾਹਿਬ ਸਟੀਕ*, ਪੰਨਾ 90.

211 ਉਹੀ, ਪੰਨਾ 91.

ਤੀਜੀ ਅਵਸਥਾ ਦਾ ਨਾਂ 'ਸਰਮ ਖੰਡ' ਹੈ। ਇਸ ਖੰਡ ਨੂੰ ਗਿਆਨੀ ਜੀ ਨੇ ਹਿੰਮਤੀ ਜਾਂ ਪ੍ਰੀਸ਼ਰਮ ਮੰਡਲ ਕਹਿੰਦੇ ਹਨ। ਸਰਮ ਖੰਡ ਦੀ ਭਾਸ਼ਾ ਵੀ ਦੈਵੀ ਹੈ ਅਤੇ ਉਥੇ ਅਸਚਰਜ ਕਿਸਮ ਨਾਲ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ। ਇਸ ਦੈਵੀ ਦਿਬ ਮੰਡਲ ਦੀਆਂ (ਰੂਹਾਨੀ) ਸ਼ਕਤੀਆਂ (ਆਤਮਾਵਾਂ) ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਸ ਖੰਡ ਵਿਚ ਦੇਵਤਿਆਂ ਰਿਸ਼ੀਆਂ ਦੀ ਸੁਧ (ਦੈਵੀ ਅਗੰਮੀ) ਅਕਲ ਨੂੰ ਘੜਿਆ ਜਾਂਦਾ ਹੈ।[212]

ਕਰਮ ਖੰਡ ਆਤਮਿਕ ਜੀਵਨ ਦੀ ਚੌਥੀ ਅਵਸਥਾ ਹੈ। ਗਿਆਨੀ ਜੀ ਕਰਮ ਦਾ ਅਰਥ ਪਰਮਾਤਮਾ ਦੀ ਮਿਹਰ ਕਰਦੇ ਹਨ। ਇਹ ਬਖਸ਼ੇ ਹੋਏ ਨਿਹਕਰਮੀਆਂ ਦਾ ਖੰਡ ਹੈ ਜਿਸ ਵਿਚ ਕੇਵਲ ਗੁਰਬਾਣੀ ਦਾ ਹੀ ਅਗੰਮੀ ਪ੍ਰਕਾਸ਼ ਹੈ। ਇਥੇ ਕੇਵਲ ਨਾਮ ਅਭਿਆਸੀ ਸੂਰਮੇ ਹੀ ਪਹੁੰਚਦੇ ਹਨ। ਇਥੇ ਜਰਰੇ-ਜਰਰੇ ਵਿਚ ਅਕਾਲ ਪੁਰਖ ਰਮਿਆ ਹੋਇਆ ਹੈ। ਆਤਮਿਕ ਅਨੰਦ ਕਾਰਨ ਸ਼ਾਂਤੀ ਹੀ ਸ਼ਾਂਤੀ ਵਰਤੀ ਹੋਈ ਹੈ। ਉਨ੍ਹਾਂ ਸ਼ਾਂਤ ਪਰਉਪਕਾਰੀ ਵਿਅਕਤੀਆਂ ਦੇ ਦਿਬ ਸਰੂਪਾਂ ਦਾ ਵਰਣਨ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਪਰਉਪਕਾਰੀ ਗੁਰਮੁਖ ਪਿਆਰੇ ਆਵਾਗਵਨ ਦੇ ਚੱਕਰ ਵਿਚ ਪੈਂਦੇ ਹਨ। ਇਹ ਗੁਰਮੁਖ ਪਿਆਰੇ ਭਗਤਾਂ ਦੇ ਨਿਵਾਸ ਦਾ ਸਥਾਨ ਹੈ ਜਿਥੇ ਉਹ ਸ਼ਾਂਤੀ ਭਰਿਆ ਆਤਮਿਕ ਅਨੰਦ ਪ੍ਰਾਪਤ ਕਰਦੇ ਹਨ।[213]

ਗਿਆਨੀ ਜੀ ਨੇ 'ਸਚਖੰਡ' ਨੂੰ 'ਨਿਰੰਕਾਰ ਦਾ ਦੇਸ' ਕਿਹਾ ਹੈ। ਇਸ ਖੰਡ ਵਿਚ ਕੇਵਲ ਅਕਾਲ ਪੁਰਖ ਦਾ ਸਵੈ-ਪ੍ਰਕਾਸ਼ ਹੈ। ਇਥੇ ਕੋਈ ਸਰੀਰਧਾਰੀ ਵਿਅਕਤੀ ਨਹੀਂ ਹੈ। ਅਕਾਲ ਪੁਰਖ ਸਮੂਹ ਖੰਡਾਂ ਬ੍ਰਹਮੰਡਾਂ ਨੂੰ ਆਪਣੀ ਮਿਹਰ ਭਰੀ ਤਕਣੀ ਨਾਲ ਪ੍ਰਬੰਧ ਕਰ ਰਿਹਾ ਹੈ। ਸਚਖੰਡ ਦੇ ਕੰਟਰੋਲ ਵਿਚ ਅਸਚਰਜ ਲੋਕ ਹਨ ਜੋ ਸਮੂਹ ਸਚਖੰਡ ਦੇ ਅਧੀਨ ਅਕਾਲ ਪੁਰਖ ਦੇ ਹੁਕਮ ਅਨੁਸਾਰ ਕਾਰ ਵਿਚ ਚਲ ਰਹੇ ਹਨ।[214]

**6. ਮੁਕਤੀ:** ਦੁਖਾਂ ਤੋਂ ਬਚ ਕੇ ਸੁਖ ਦੀ ਪ੍ਰਾਪਤੀ ਦਾ ਨਾਮ ਹੀ ਮੁਕਤਿ ਹੈ। ਮੁਕਤਿ ਬਾਰੇ ਗਿਆਨੀ ਜੀ ਲਿਖਦੇ ਹਨ ਕਿ 'ਗੁਰਮਤਿ ਵਿਚ ਸਵਰਗ ਬੈਕੁੰਠ ਦਾ ਲੋਭ ਨਹੀਂ ਦਿਤਾ। ਜੇਕਰ ਨਰਕ-ਸਵਰਗ ਦਾ ਵਰਨਣ ਆਇਆ ਵੀ ਹੈ ਤਾਂ ਉਹ ਭਿਆਨਕ, ਰੌਚਕ, ਯਥਾਰਥ ਕਥਨ ਅਨੁਸਾਰ ਹੈ। ਜੋ ਸਵਰਗ ਬੈਕੁੰਠ ਦੀ ਇੱਛਾ ਰਖਦੇ ਹਨ, ਉਨ੍ਹਾਂ ਦੀ ਅੰਤਰੀਵ ਭਾਵਨਾ ਭੋਗ ਭੋਗਣ ਤੋਂ ਸਿਵਾਏ ਹੋਰ ਕੁੱਝ ਨਹੀਂ ਹੈ। ਸਵਰਗ ਬੈਕੁੰਠ ਤੱਕ ਪ੍ਰਾਪਤ ਕਰ ਲੈਣਾ ਮਨੁਖ ਜਨਮ ਦਾ ਸਫਲ ਆਦਰਸ਼ ਨਹੀਂ ਹੈ। ਇਸ ਵਾਸਤੇ ਗੁਰਬਾਣੀ ਨੇ ਸਵਰਗ ਬੈਕੁੰਠ ਦਾ ਖੰਡਨ ਕਰਕੇ ਸਤਿਗੁਰੂ ਜੀ ਦੇ ਚਰਨ ਕਮਲਾਂ ਨੂੰ ਅਤੇ ਸਾਧਸੰਗਤ ਨੂੰ ਬੈਕੁੰਠ ਕਿਹਾ ਹੈ।'[215] ਸਤਿਗੁਰੂ ਜੀ ਨੇ ਹਉਮੈ, ਹੰਕਾਰ, ਅਭਿਮਾਨ, ਮੋਹ, ਮਤਿਸਰ, ਈਰਖਾ, ਦ੍ਵੈਸ਼ ਦਾ ਤਿਆਗ ਕਰਕੇ ਸ਼ਰਧਾ, ਭਗਤੀ, ਸੇਵਾ-ਸਿਮਰਨ, ਪ੍ਰੇਮ, ਸਤਿਸੰਗਤ ਨੂੰ ਬੈਕੁੰਠ ਦੀ ਉਪਮਾ ਦਿਤੀ ਹੈ। ਲੋਕ ਦਾ ਰਾਜ ਅਤੇ ਪਰਲੋਕ ਦੇ ਸੁੱਖ ਦੀ ਬਜਾਏ ਪ੍ਰਭੂ- ਪ੍ਰੇਮ ਦੀ ਮੰਗ ਕੀਤ ਹੈ। ਜਿਸਦੇ ਹਿਰਦੇ ਵਿਚ ਪ੍ਰਭੂ-ਪ੍ਰੇਮ ਹੈ ਉਹ ਮੁਕਤਿ ਰੂਪ ਹੈ।

---

212 ਉਹੀ, ਪੰਨਾ 92.

213 ਉਹੀ, ਪੰਨਾ 94.

214 ਉਹੀ, ਪੰਨਾ 94.

215 ਉਹੀ, *ਗੁਰਬਾਣੀ-ਵੇਦਾਂਤ ਨਿਰਣੈ*, ਪੰਨਾ 105.

ਗੁਰਬਾਣੀ ਦੇ ਭਾਣੇ ਵਿਚ ਰਹਿਣ ਵਾਲਿਆਂ ਨੂੰ ਹਰਖ-ਸ਼ੋਕ, ਨਿੰਦਾ-ਉਸਤਤਿ, ਮਾਨ-ਅਪਮਾਨ, ਕੰਚਨ-ਮਿੱਟੀ ਨੂੰ ਸਮ ਸਮਝਣ ਵਾਲੇ ਸਦੈਵ ਆਨੰਦ ਵਿਚ, ਰੋਮ-ਰੋਮ ਸਿਮਰਨ ਕਰਨ ਵਾਲੇ ਗੁਰਬਾਣੀ ਦੇ ਨਿਤਨੇਮੀ ਨੂੰ ਜੀਵਨ ਮੁਕਤਿ ਮੰਨਿਆ ਹੈ।[216] ਗਿਆਨੀ ਜੀ ਅਨੁਸਾਰ, 'ਮੁਕਤੀ (ਮੋਖ) ਅਕਾਲ ਪੁਰਖ ਦੀ ਨਦਰ ਨਿਹਾਲਤਾ ਤੋਂ ਪ੍ਰਾਪਤ ਹੁੰਦੀ ਹੈ। 'ਸੋ ਜਨੁ ਮੁਕਤੁ ਜਿਸੁ ਏਕੁ ਲਿਵ ਲਾਗੀ ਸਦਾ ਰਹੈ ਹਰਿ ਨਾਲੇ।'[217]

**3.1.4 ਗਿਆਨੀ ਜੀ ਦੀ ਵਿਆਖਿਆਕਾਰੀ ਦੀਆਂ ਵਿਸ਼ੇਸ਼ਤਾਵਾਂ:** ਗਿਆਨੀ ਜੀ ਦੀ ਵਿਆਖਿਆਕਾਰੀ ਗੁਰਮਤਿ ਦੇ ਅਨੁਸਾਰੀ ਹੈ। ਗਿਆਨੀ ਜੀ ਵੀ ਹੋਰਨਾਂ ਵਿਆਖਿਆਕਾਰਾਂ ਵਾਂਗ ਗੁਰਬਾਣੀ ਵਿਚੋਂ ਪ੍ਰਮਾਣ ਦੇਣ ਦੀ ਵਿਧੀ ਅਪਣਾਉਂਦੇ ਹਨ ਜਿਸ ਨੂੰ ਡਾ. ਤਾਰਨ ਸਿੰਘ ਨੇ ਸਹਿਜ ਵਿਆਖਿਆ ਦਾ ਨਾਂ ਦਿਤਾ ਹੈ। ਵਿਆਖਿਆ ਕਰਦਿਆਂ ਗਿਆਨੀ ਜੀ ਸੰਬੰਧਤ ਸ਼ਬਦ ਦੇ ਅਰਥ ਹੋਰ ਸਪੱਸ਼ਟ ਕਰਨ ਲਈ ਗੁਰਬਾਣੀ ਵਿਚੋਂ ਹਵਾਲਾ ਦਿੰਦੇ ਹਨ ਜਿਵੇਂ: 'ਸਤਿਨਾਮੁ' ਦੀ ਵਿਆਖਿਆ ਕਰਦੇ ਲਿਖਦੇ ਹਨ, 'ਸਤਿ ਸਥਿਰ ਪ੍ਰਮਤਤਯ ਗਿਆਨ ਸਰੂਪ (ਜਿਸ ਦਾ) ਨਾਮ ਸਤਿ ਹੈ, ਅਮਰ ਹੈ, (ਏਹ ਕ੍ਰਿਤਮ ਸ਼ਬਦ ਨਹੀਂ ਬਲਕੇ ਪ੍ਰਾਪੂਰਬਲਾ ਸ਼ਬਦ ਹੈ ਇਸ ਅਜਪਾ ਜਾਪ ਦੀ ਮੁੜ ਮੁੜ ਅਭਿਆਸ ਕਰਨ ਦੀ ਆਗਿਆ ਹੈ।)

ਕਿਰਤਮ ਨਾਮ ਕਥੇ ਤੇਰੇ ਜਿਹਬਾ॥
ਸਤਿਨਾਮੁ ਤੇਰਾ ਪਰਾ ਪੂਰਬਲਾ॥[218]
ਜਪੁ ਮਨ ਸਤਿ ਨਾਮੁ ਸਦਾ ਸਤਿ ਨਾਮ॥[219]

ਗਿਆਨੀ ਜੀ ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਕਰਦਿਆਂ ਅਰਥ ਸਪਸ਼ਟ ਕਰਨ ਲਈ ਸੰਖੇਪ ਵਿਚ ਪ੍ਰਸ਼ਨੋਤਰੀ ਵਿਧੀ ਵੀ ਵਰਤਦੇ ਹਨ। ਬਹੁਤੇ ਵਿਆਖਿਆਕਾਰਾਂ ਨੇ ਇਸ ਵਿਧੀ ਦੀ ਵਰਤੋਂ ਸੰਖੇਪ ਰੂਪ ਵਿਚ ਕੀਤੀ ਹੈ। ਕੇਵਲ ਗਿਆਨੀ ਮਨੀ ਸਿੰਘ ਨੇ ਸੰਪੂਰਨ ਸਟੀਕ ਵਿਚ ਇਸ ਜੁਗਤ ਨੂੰ ਵਰਤਦੇ ਹਨ। ਗਿਆਨੀ ਬਲਵੰਤ ਸਿੰਘ ਜੀ ਦੇ *ਜਪੁ ਜੀ ਸਾਹਿਬ ਸਟੀਕ* ਵਿਚ ਸੰਖੇਪ ਵਿਚ ਇਸ ਸ਼ੈਲੀ ਦੀ ਵਰਤੋਂ ਵੇਖੀ ਜਾ ਸਕਦੀ ਹੈ ਜਿਵੇ ਪ੍ਰਸ਼ਨ- ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥[220] ਫਿਰ ਕਿਵੇਂ ਸਚੇ, ਤੇ ਸਚੇ (ਅਕਾਲਪੁਰਖ) ਦੇ ਹੋ ਸਕੀਏ ਅਤੇ ਕੂੜ ਦੀ ਪਾਲ (ਝੂਠ ਦੇ ਪਰਦੇ) ਨੂੰ ਕਿਵੇਂ ਤੋੜ ਸਕੀਏ?[221]
ਉਤਰ- ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥[222] (ਅਗਲੀ ਪੰਕਤੀ ਵਿਚ ਉਤਰ ਦਿੰਦੇ ਹਨ ਕਿ) ਰਜ਼ਾ ਵਾਲੇ ਦਾ ਹੁਕਮ (ਭਾਣਾ) ਨਾਲ ਜਾਂਦਾ ਹੈ ਏਹ ਆਪ ਸ੍ਰੀ ਗੁਰੂ ਨਾਨਕ ਦੇਵ ਜੀ (ਪ੍ਰਮੇਸ੍ਵਰ) ਨੇ ਲਿਖਿਆ ਹੈ।[223]

216 ਉਹੀ, ਪੰਨਾ 106.

217 ਉਹੀ, *ਜਪੁ ਜੀ ਸਾਹਿਬ ਸਟੀਕ*, ਪੰਨਾ 60.

218 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੮੩.

219 ਉਹੀ, ਅੰਗ ੬੭੦.

220 ਉਹੀ, ਅੰਗ ੧.

221 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 57.

222 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧.

223 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 57.

ਗਿਆਨੀ ਜੀ ਦੀ ਵਿਆਖਿਆਕਾਰੀ ਦੀ ਇਹ ਵਿਲੱਖਣਤਾ ਹੈ ਕਿ ਉਨ੍ਹਾਂ ਨੇ ਸੰਪ੍ਰਦਾਈ ਤੇ ਨਿਰਮਲੇ ਵਿਦਵਾਨਾਂ ਵਾਂਗ ਇਕ ਤੁਕ ਦੇ ਕਈ ਅਰਥ ਨਹੀਂ ਕੀਤੇ ਜਿਵੇਂ ਭਾਈ ਸੰਤੋਖ ਸਿੰਘ ਜੀ ਗਰਬ ਗੰਜਨੀ ਟੀਕੇ ਵਿਚ ਕਰਦੇ ਹਨ। ਕਠਨ ਪਦ ਦਾ ਅਰਥ () ਬਰੈਕਟ ਵਿਚ ਦਿੰਦੇ ਹਨ। ਹਰ ਮੂਲ ਪਾਠ ਦੀਆਂ ਪੰਕਤੀਆਂ ਨਾਲ ਹਿੰਦਸੇ ਦਿਤੇ ਹਨ ਜਿਨ੍ਹਾਂ ਦਾ ਅਰਥ ਨਾਲ ਸੰਬੰਧ ਹੈ। ਇਸ ਨਾਲ ਪਾਠਕ ਨੂੰ ਹਰ ਤੁਕ ਦਾ ਅਰਥ ਲਭਣ ਵਿਚ ਅਸਾਨੀ ਹੁੰਦੀ ਹੈ। ਇਕ ਤੁਕ ਦਾ ਕੇਵਲ ਇਕ ਹੀ ਅਰਥ ਕੀਤਾ ਗਿਆ ਹੈ। ਉਦਾਹਰਨ ਵਜੋਂ: ੧ ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥ ੨ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਤਾਰੁ॥[224]

੧ ਉਹ (ਅਕਾਲ ਪੁਰਖ) ਹਰ ਤਰ੍ਹਾਂ ਨਾਲ ਸਚਾ ਹੈ, ਅਤੇ ਉਸ ਦਾ ਨਾਂਉ ਵੀ ਸਚਾ ਹੈ। ਅਨੇਕਾਂ ਭਾਸ਼ਾਵਾਂ (ਦੇ ਰਾਹੀਂ ਭਾਸ਼ਾ ਵਿਗਿਆਨੀ ਉਸ ਦੇ ਫ਼ਲਸਫ਼ੇ ਨੂੰ ਵਰਨਨ ਕਰਦੇ) ਹਨ।

੨ ਇਸ ਤਰ੍ਹਾਂ ਅਕਾਲ ਪੁਰਖ ਦਾ ਕਥਨ (ਉਪਮਾਂ) ਕਰਦੇ (ਸਮੂਹ) ਪ੍ਰਾਨੀ ਸਰਬ ਸ਼ਕਤੀਮਾਨ ਤੋਂ ਦਾਤਾ (ਦਾਨ) ਮੰਗਦੇ ਹਨ। ਪ੍ਰਮੇਸ੍ਵਰ ਸਭ ਦੀਆਂ ਮਨੋ ਕਾਮਨਾ ਪੂਰਨ ਕਰਦਾ ਹੋਇਆ ਹਰ ਤਰ੍ਹਾਂ ਦੇ ਪਦਾਰਥ ਬਖਸ਼ਦਾ ਹੈ।[225]

ਗਿਆਨੀ ਜੀ ਨੇ *ਜਪੁ ਜੀ ਸਾਹਿਬ ਸਟੀਕ* ਵਿਚ ਜਪੁ ਬਾਣੀ ਦੇ ਸਿਰਲੇਖ ਦੀ ਵਿਆਖਿਆ ਬੜੀ ਸੁਹਿਰਦਤਾ ਨਾਲ ਕੀਤੀ ਹੈ। ਉਦਾਹਰਨ ਵਜੋਂ ਜਪੁ ਬਾਣੀ ਦੇ ਸਿਰਲੇਖ ਦੀ ਵਿਆਖਿਆ ਕਰਦੇ ਲਿਖਦੇ ਹਨ, 'ਜਪੁ ਸੰਹਿਤਾ ਦਾ ਨਾਉਂ 'ਜਪੁ' ਹੈ। ਇਹ ਨਾਂਉ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਸੰਵਿਧਾਨ ਕੀਤਾ ਹੈ। ਮੂਲ ਮੰਤ੍ਰ ਸੰਹਿਤਾ ਦੇ 'ਗੁਰਪ੍ਰਸਾਦਿ' ਤੋਂ ਅਗੇ ਜੋ ॥ਜਪੁ॥ ਸ਼ਬਦ ਹੈ, ਉਹ ਕੇਵਲ ਬਾਣੀ ਦਾ ਹੀ ਨਾਂਉ ਹੈ। ਉਸ 'ਜਪੁ' ਸ਼ਬਦ ਨੂੰ ਗੁਰਮੁਖ ਪਿਆਰੇ ਪ੍ਰੇਮੀ ਗੁਰਸਿਖ ਸਤਿਕਾਰ ਨਾਲ 'ਜਪੁ ਜੀ' ਕਹਿਣ ਲਗ ਪਏ ਤੇ ਉਪਰੰਤ 'ਜਪੁ ਜੀ ਸਾਹਿਬ' ਪ੍ਰਸਿਧ ਹੋ ਗਿਆ। ਇਸ ਬਾਣੀ ਵਾਸਤੇ ਗੁਰਬਾਣੀ ਵਿਚ, ਰਹਿਤ ਨਾਮਿਆ, ਅਤੇ ਸੋਢੀ ਮਿਹਰਵਾਨ ਜੀ ਨੇ ਕੇਵਲ 'ਜਪੁ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਕਈ ਪ੍ਰਾਚੀਨ ਨੁਸਖਿਆਂ ਵਿਚ 'ਜਪੁ ਨਿਸਾਣੁ' ਲਿਖਿਆ ਮਿਲਦਾ ਹੈ ਜਿਸ ਦਾ ਭਾਵ ਗੁਰਮਤਿ ਅਧਿਆਤਮਿਕ ਫ਼ਿਲਾਸਫੀ ਦੀ ਮੋਹਰ ਹੈ। ਪੰਡਿਤ ਕਰਤਾਰ ਸਿੰਘ ਦਾਖਾ ਸਾਹਿਤਯਚਾਰਯ ਨੇ ਵੀ (ਆਪਣੇ) 'ਕਾਮਧੇਨ ਵਿਆਖਿਆ' ਜਪੁ ਸਟੀਕ ਦੇ ਟਾਈਟਲ ਤੇ 'ਜਪੁ ਨਿਸਾਣੁ' ਹੀ ਲਿਖਿਆ ਹੈ। 'ਨਿਸਾਣੁ' ਸ਼ਬਦ ਜਪੁ ਸੰਹਿਤਾ ਵਿਚ ਕੇਵਲ ਤਿੰਨ ਵਾਰ ਪਉੜੀ ੨੬ ਤੇ ੩੪ ਵਿਚ ਆਇਆ ਹੈ।'[226]

ਗਿਆਨੀ ਜੀ ਨੇ *ਜਪੁ ਜੀ ਸਾਹਿਬ ਸਟੀਕ* ਦੇ ਅੰਤ ਵਿਚ ਜਪੁ ਜੀ ਬਾਣੀ ਵਿਚ ਆਏ ਔਖੇ ਸ਼ਬਦਾਂ ਦੇ ਅਰਥ ਦਸਣ ਲਈ ਅਖਰ ਕ੍ਰਮ ਅਨੁਸਾਰ ਸ਼ਬਦ ਕੋਸ਼ ਅੰਕਿਤ ਕੀਤਾ ਹੈ ਜਿਸ ਵਿਚ 242 ਦੇ ਕਰੀਬ ਕਠਨ ਸ਼ਬਦਾਂ ਦੇ ਅਰਥ ਦਿਤੇ ਗਏ ਹਨ ਜਿਵੇਂ ਉਤਮ-ਚੰਗੇ, ਅਨੀਲੁ-ਮਾਇਆ ਤੋਂ ਰਹਿਤ, ਸਹਸ-ਹਜਾਰ ਆਦਿ।

---

224 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨.

225 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 59.

226 ਉਹੀ, ਪੰਨਾ 35.

ਨਿਰਮਲੇ ਵਿਦਵਾਨ ਵੇਦਾਂ, ਸ਼ਾਸਤ੍ਰਾਂ ਦੇ ਵਿਦਵਾਨ ਹੋਣ ਕਰਕੇ ਉਨ੍ਹਾਂ ਦੀ ਟੀਕਾਕਾਰੀ ਕਠਨ ਅਤੇ ਗੁੰਝਲਦਾਰ ਸੀ। ਉਨ੍ਹਾਂ ਦੁਆਰਾ ਟੀਕੇ ਵਿਚ ਸੰਸਕ੍ਰਿਤ, ਬ੍ਰਜ ਭਾਸ਼ਾ ਵਰਤੀ ਜਾਂਦੀ ਸੀ। ਜਨ ਸਧਾਰਨ ਲਈ ਅਜਿਹੇ ਟੀਕਿਆਂ ਨੂੰ ਸਮਝਣਾ ਕਠਿਨ ਸੀ। ਗਿਆਨੀ ਜੀ ਵੀ ਵੇਦਾਂ, ਸ਼ਾਸਤ੍ਰਾਂ, ਕਾਵਿ ਪਿੰਗਲ ਦੇ ਗਿਆਤਾ ਸਨ। ਉਨ੍ਹਾਂ ਨੂੰ ਬ੍ਰਜ ਭਾਸ਼ਾ, ਸੰਸਕ੍ਰਿਤ ਆਦਿ ਬੋਲੀਆਂ ਵਿਚ ਮੁਹਾਰਤ ਹਾਸਲ ਸੀ ਪਰ ਉਨ੍ਹਾਂ ਦੀ ਵਿਆਖਿਆਕਾਰੀ ਦੀ ਭਾਸ਼ਾ ਅਤੇ ਸ਼ੈਲੀ ਅਸਾਨ ਹੈ ਜਿਸਨੂੰ ਵਿਦਵਾਨਾਂ ਦੇ ਨਾਲ-ਨਾਲ ਆਮ ਪਾਠਕ ਵੀ ਅਸਾਨੀ ਨਾਲ ਸਮਝ ਸਕਦਾ ਹੈ। ਉਨ੍ਹਾਂ ਦੁਆਰਾ ਟੀਕੇ ਵਿਚ ਸਰਲ ਪੰਜਾਬੀ ਵਰਤੀ ਗਈ ਹੈ ਪਰ ਕਿਤੇ ਕਿਤੇ ਹਿੰਦੀ ਦੇ ਸ਼ਬਦ ਵੀ ਆਏ ਹਨ।

ਗਿਆਨੀ ਜੀ ਨੇ 'ਜਪੁ ਜੀ ਸਾਹਿਬ ਸਟੀਕ' ਰਾਹੀਂ ਗੁਰਬਾਣੀ ਵਿਆਖਿਆਕਾਰੀ ਵਿਚ ਵਡਮੁਲਾ ਯੋਗਦਾਨ ਪਾਇਆ। ਕੋਠਾ ਗੁਰੂ ਜੀ ਦੁਆਰਾ ਕੀਤੀ 'ਜਪੁ ਬਾਣੀ' ਦੀ ਵਿਆਖਿਆ ਦਾ ਉਨ੍ਹਾਂ ਦੇ ਸਮਕਾਲੀ ਵਿਦਵਾਨਾਂ ਨਾਲ ਤੁਲਨਾਤਮਕ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੁਆਰਾ ਕੀਤੇ ਅਰਥ ਪ੍ਰੋ. ਸਾਹਿਬ ਸਿੰਘ ਦੁਆਰਾ ਕੀਤੇ ਅਰਥਾਂ ਨਾਲੋਂ ਕਾਫੀ ਭਿੰਨ ਹਨ। ਇਹ ਭਿੰਨਤਾ ਸਾਨੂੰ ਲਗਪਗ 21 ਪੰਕਤੀਆਂ ਵਿਚ ਵੇਖਣ ਨੂੰ ਮਿਲਦੀ ਹੈ। ਕੋਠਾ ਗੁਰੂ ਜੀ ਦੁਆਰਾ ਕੀਤੇ ਜਪੁ ਜੀ ਦੇ ਅਰਥ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੀ ਵਿਆਖਿਆ ਦੇ ਵਧੇਰੇ ਨੇੜੇ ਹਨ। ਕਈ ਸ਼ਬਦਾਂ ਜਿਵੇਂ ਗੁਰਪ੍ਰਸਾਦਿ, ਕੋ, ਵਡਿਆਈ ਆਚਾਰ, ਭਾਖਿਆ ਭਾਉ ਅਪਾਰ, ਕੇਹਾ, ਗੁਣ, ਪੰਥ, ਚਿਤੁ ਗੁਪਤੁ, ਘਾੜਤ, ਸੀਤੋ ਸੀਤਾ ਆਦਿ ਦੇ ਅਰਥ ਕੋਠਾ ਗੁਰੂ ਜੀ ਨੇ ਉਪਰੋਕਤ ਦੋਨਾਂ ਵਿਦਵਾਨਾਂ ਨਾਲੋਂ ਵਿਲੱਖਣ ਕੀਤੇ ਹਨ।

ਗਿਆਨੀ ਜੀ ਨੇ ਆਪਣੇ ਤੋਂ ਪਹਿਲੇ ਨਿਰਮਲੇ ਵਿਦਵਾਨਾਂ ਤੋਂ ਵਿਲੱਖਣ ਵਿਆਖਿਆ ਕੀਤੀ ਹੈ। ਨਿਰਮਲੇ ਵਿਦਵਾਨਾਂ ਨੇ ਸਾਧ ਭਾਖਾ ਵਿਚ ਟੀਕੇ ਕੀਤੇ ਅਤੇ ਉਨ੍ਹਾਂ ਦੇ ਟੀਕਿਆਂ ਵਿਚ ਸੰਸਕ੍ਰਿਤ ਸ਼ਬਦਾਵਲੀ ਦੀ ਭਰਮਾਰ ਸੀ ਪਰ ਗਿਆਨੀ ਜੀ ਦੀ ਭਾਸ਼ਾ ਸ਼ੈਲੀ ਅਸਾਨ ਹੈ। ਨਿਰਮਲਾ ਪ੍ਰਣਾਲੀ ਵਿਚ ਗੁਰਬਾਣੀ ਦੇ ਅਨੇਕ ਪਦ-ਛੇਦ ਕੀਤੇ ਜਾਣ ਲਗੇ ਅਤੇ ਇਕੋ ਤੁਕ ਦੇ ਕਈ ਕਈ ਪਾਠ ਹੋਣ ਲਗੇ। ਇਕ ਤੁਕ ਦੇ ਕਈ ਪਾਠ ਹੋਣ ਦੇ ਨਾਲ ਅਰਥ ਵੀ ਕਈ ਕਈ ਕੀਤੇ ਜਾਣ ਲਗੇ ਪਰ ਗਿਆਨੀ ਜੀ ਦੀ ਵਿਆਖਿਆਕਾਰੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਇਕ ਤੁਕ ਦਾ ਕੇਵਲ ਇਕ ਅਰਥ ਕਰਦੇ ਹਨ। ਨਿਰਮਲਿਆਂ ਦੀ ਵਿਆਖਿਆ ਵਿਚ ਵੇਦਾਂਤੀ ਰੰਗ ਸੀ ਪਰ ਗਿਆਨੀ ਜੀ ਦੁਆਰਾ ਕੀਤੀ ਵਿਆਖਿਆ ਗੁਰਬਾਣੀ ਦੀ ਵਿਲਖਣਤਾ ਨੂੰ ਉਜਾਗਰ ਕਰਦੀ ਹੈ।

**3.2 ਸਿਧਾਂਤਕਾਰੀ:** ਸਿਧਾਂਤ ਸਿੱਖ ਦੇ ਜੀਵਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ ਕਿਉਂਕਿ ਸਿਧਾਂਤ ਅਧਾਰਿਤ ਜੀਵਨ ਜਾਚ ਦਾ ਨਾਂ ਹੀ ਧਰਮ ਹੈ। ਸਿੱਖ ਜੀਵਨ-ਜਾਚ ਦੀ ਰੂਹ ਸਿਧਾਂਤ ਹਨ। ਸਿੱਖ ਧਰਮ ਦੀ ਵਿਲੱਖਣ ਹੋਂਦ-ਹਸਤੀ ਸਿਧਾਂਤਾਂ ਕਰਕੇ ਹੀ ਹੈ। ਸਿਧਾਂਤ ਭਲੀ ਪ੍ਰਕਾਰ ਸੋਚ ਵਿਚਾਰ ਕੇ ਸਥਿਰ ਕੀਤੇ ਹੋਏ ਮਤ ਨੂੰ ਕਹਿੰਦੇ ਹਨ, ਖ਼ਾਸ ਕਰ ਐਸੇ ਮਤ ਨੂੰ ਜੋ ਪੂਰਬਲੇ ਪੱਖਾਂ ਦੇ ਖੰਡਨ-ਮੰਡਨ ਉਪਰੰਤ ਥਿਰ ਕੀਤਾ ਗਿਆ ਹੋਵੇ। ਰੂਪ ਸਿੰਘ ਅਨੁਸਾਰ, 'ਸਿਧਾਂਤ ਦਾ ਅਰਥ ਨਿਰਣਾ, ਨਿਚੋੜ, ਤਤਸਾਰ, ਅੰਤਮ ਫੈਸਲਾ, ਅੰਤ

ਨੂੰ ਸਿਧ ਹੋਈ ਬਾਤ, ਪਰਮਸਤਿ ਆਦਿ ਹੈ।'[227] ਪੰਜਾਬੀ ਸਾਹਿਤ ਕੋਸ਼ ਅਨੁਸਾਰ, 'ਕਿਸੇ ਵਿਚਾਰ ਜਾਂ ਦ੍ਰਿਸ਼ਟੀਕੋਣ ਨੂੰ ਪਰਸਪਰ ਵਿਚਾਰ, ਤੁਲਨਾ ਅਰਥਾਤ ਤਰਕ-ਵਿਤਰਕ ਨਾਲ ਸਿਧ ਕੀਤਾ ਜਾਵੇ, ਉਹ ਸਿਧਾਂਤ (ਸਿਧ-ਅੰਤ) ਹੈ।'[228] ਇਸ ਤਰ੍ਹਾਂ ਨਿਸਚਿਤ ਹੋਇਆ ਮਤ ਹੀ ਵਿਦਵਾਨਾਂ ਵਿਚ ਪਰਵਾਨ ਹੋਣ ਦੇ ਲਾਇਕ ਸਮਝਿਆ ਜਾਂਦਾ ਹੈ।

ਧਰਮ, ਵਿਗਿਆਨ, ਦਰਸ਼ਨ, ਨੀਤੀ ਅਤੇ ਰਾਜਨੀਤੀ ਸਭ ਸਿਧਾਂਤਾਂ 'ਤੇ ਅਧਾਰਿਤ ਹਨ। ਧਾਰਮਿਕ ਸਿਧਾਂਤ ਕਿਸੇ ਧਰਮ ਬਾਰੇ ਸਿੱਧ ਕੀਤੇ ਸਿਧਾਂਤ ਨੂੰ ਕਹਿੰਦੇ ਹਨ। ਸਿਧਾਂਤ ਧਰਮ ਨਹੀਂ ਹੁੰਦਾ। ਧਰਮ ਦਾ ਸੰਬੰਧ ਮਨੁਖੀ ਜ਼ਿੰਦਗੀ ਨਾਲ ਹੈ; ਸਿਧਾਂਤ ਦਾ ਮਨੁਖੀ ਬੋਧ ਨਾਲ। ਧਰਮ ਮਨੁਖ ਦੇ ਕਿਰਦਾਰ ਨੂੰ ਸੇਧ ਦਿੰਦਾ ਹੈ; ਸਿਧਾਂਤ ਬੌਧਿਕ ਜਗਿਆਸਾ ਦੀ ਸੰਤੁਸ਼ਟੀ ਕਰਦਾ ਹੈ। ਧਰਮ ਮਨੁਖ ਨੂੰ ਪਰਮਾਰਥ ਵਲ ਪ੍ਰੇਰਦਾ ਹੈ; ਸਿਧਾਂਤ ਐਸੇ ਪਰਮਾਰਥ ਦੀ ਸਫ਼ਾਈ ਪੇਸ਼ ਕਰਦਾ ਹੈ।[229] ਗੁਰਮਤਿ ਸਿੱਖ ਸਤਿਗੁਰਾਂ ਦੇ ਥਾਪੇ ਸਿਧਾਂਤਾਂ ਦੇ ਸਮੁੱਚ ਦਾ ਨਾਮ ਹੈ। ਗੁਰੂ ਸਾਹਿਬਾਨ ਨੇ ਆਪ ਕਿਸੇ ਸਿਧਾਂਤਕ ਗ੍ਰੰਥ ਦੀ ਰਚਨਾ ਨਹੀਂ ਕੀਤੀ। ਉਨ੍ਹਾਂ ਦੀ ਰਚਨਾ ਜਿਸਨੂੰ ਗੁਰਬਾਣੀ ਕਿਹਾ ਜਾਂਦਾ ਹੈ, ਕਾਵਿ ਰਚਨਾ ਹੈ। ਇਸ ਨੂੰ ਭਾਵੇਂ ਦਾਰਸ਼ਨਿਕ ਕਾਵਿ ਵੀ ਕਹਿ ਲਈਏ ਪਰ ਇਹ ਔਪਚਾਰਿਕ ਦਰਸ਼ਨ ਦੀ ਸਥਾਪਨਾ ਨਹੀਂ ਕਰਦੀ। ਗੁਰਮਤਿ ਦਾਰਸ਼ਨਿਕ ਕਾਵਿ ਦੇ ਰਚੈਤਿਆਂ ਪਾਸ ਆਪਣਾ ਦਾਰਸ਼ਨਿਕ ਪਰਿਪੇਖ ਤਾਂ ਹੈ ਪਰ ਉਹ ਆਪਣੇ ਕਾਵਿ ਰਾਹੀਂ ਇਸ ਨੂੰ ਨਿਸਚਿਤ ਢੰਗ ਨਾਲ ਨਿਰਧਾਰਤ ਕਰਨ ਦਾ ਯਤਨ ਨਹੀਂ ਕਰਦੇ। ਬੁਨਿਆਦੀ ਤੌਰ 'ਤੇ ਗੁਰਬਾਣੀ ਭਗਤੀ, ਨਾਮ ਰਸ, ਤੇ ਵਾਹਿਗੁਰੂ-ਪ੍ਰੀਤਮ ਨਾਲ ਆਪਣੇ ਸੰਬੰਧਾਂ ਦੀ ਪ੍ਰਗੀਤਕ ਪੇਸ਼ਕਾਰੀ ਹੈ। ਇਨ੍ਹਾਂ ਦੇ ਪਿਛੋਕੜ ਵਿਚ ਕੋਈ ਸਿਧਾਂਤਕ ਵਿਚਾਰਧਾਰ ਜਰੂਰ ਵਰਤਦੀ ਹੈ। ਇਸ ਵਿਚਾਰਧਾਰਾ ਦੇ ਸਿਧਾਂਤਾਂ ਦੀ ਨਿਖੜਵੀਂ ਨਿਰਧਾਰਣਾ ਸਿੱਖ ਵਿਦਵਤਾ ਨੂੰ ਲਗਾਤਾਰ ਚੁਣੌਤੀ ਦਿੰਦੀ ਆਈ ਹੈ।

ਗੁਰਮਤਿ ਸਿਧਾਂਤਾਂ ਦਾ ਨਿਰੂਪਣ ਅਤੇ ਵਿਆਖਿਆ ਦੇ ਯਤਨ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਏ ਸਨ। ਡਾ. ਜਸਵੰਤ ਸਿੰਘ ਨੇਕੀ ਨੇ ਸਦਾ ਵਿਗਾਸ ਪੁਸਤਕ ਵਿਚ ਇਨ੍ਹਾਂ ਯਤਨਾਂ ਨੂੰ ਤਿੰਨ ਵਰਗਾਂ ਵਿਆਖਿਆਕਾਰੀ ਯਤਨ, ਸੰਸਥਾਗਤ ਯਤਨ ਅਤੇ ਸਿੰਘ ਸਭਾਈ ਯਤਨ ਵਿਚ ਵੰਡਿਆਂ ਹੈ। ਕੁਝ ਵਿਦਵਾਨਾਂ ਨੇ ਗੁਰਬਾਣੀ ਦੀ ਸਿੱਧੀ ਜਾਂ ਇਤਿਹਾਸ ਰਾਹੀਂ ਇਸ ਦੀ ਵਿਆਖਿਆ ਦੇ ਯਤਨ ਕੀਤੇ ਇਨ੍ਹਾਂ ਨੂੰ ਸਮੂਹਿਕ ਤੌਰ 'ਤੇ ਵਿਆਖਿਆਕਾਰੀ ਯਤਨ ਕਿਹਾ ਜਾਣ ਲੱਗਾ। ਇਨ੍ਹਾਂ ਵਿਦਵਾਨਾਂ ਵਿਚ ਭਾਈ ਗੁਰਦਾਸ, ਮਿਹਰਬਾਨ ਜੀ, ਹਰਿ ਜੀ, ਅਨੰਦਘਣ ਜੀ, ਭਾਈ ਸੰਤੋਖ ਸਿੰਘ ਆਦਿ ਮੋਹਰੀ ਵਿਦਵਾਨ ਸਨ। ਇਨ੍ਹਾਂ ਵਿਦਵਾਨਾਂ ਨੇ ਗੁਰਬਾਣੀ ਦੇ ਪ੍ਰਯਾਇਵਾਚੀ ਅਰਥ ਕੀਤੇ, ਬਾਣੀ ਵਿਚ ਆਏ ਪੌਰਾਣਿਕ ਸੰਕੇਤਾਂ ਤੇ ਪਰਿਭਾਸ਼ਕ ਸ਼ਬਦਾਂ ਦੀ ਵਿਆਖਿਆ ਕੀਤੀ ਅਤੇ ਗੁਰ-ਇਤਿਹਾਸ ਦੀਆਂ ਟੂਕਾਂ ਰਾਹੀਂ ਇਸ ਵਿਆਖਿਆ ਦਾ ਨਿਰਦੇਸ਼ਨ ਕੀਤਾ। ਦੂਜਾ

---

227 ਰੂਪ ਸਿੰਘ (ਸੰਪਾ.) *ਸਿੱਖ ਸਕੰਲਪ ਸਿਧਾਂਤ ਤੇ ਸੰਸਥਾਵਾਂ*, ਪੰਨਾ 9.

228 ਡਾ. ਸੁਰਿੰਦਰ ਸਿੰਘ ਕੋਹਲੀ, *ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ)*, ਪੰਨਾ 442.

229 ਡਾ. ਜਸਵੰਤ ਸਿੰਘ ਨੇਕੀ, *ਸਦਾ ਵਿਗਾਸ*, ਪੰਨਾ 206.

ਸੰਸਥਾਗਤ ਸੰਪ੍ਰਦਾਈ ਯਤਨ, ਇਸ ਵਿਚ ਨਿਰਮਲੇ ਸੰਤਾਂ ਅਤੇ ਉਦਾਸੀ ਸਾਧੂਆਂ ਦੀ ਉਚੇਚੀ ਦੇਣ ਹੈ। ਨਿਰਮਲੇ ਵਿਦਵਾਨਾਂ ਦਾ ਚਿੰਤਨ ਭਾਰਤੀ ਖਟ-ਦਰਸ਼ਨ, ਵਿਸ਼ੇਸ਼ ਕਰ ਵੇਦਾਂਤ ਦੇ ਅਸਰ ਹੇਠ ਪੁੰਗਰਿਆਂ। ਇਸੇ ਕਰਕੇ ਇਨ੍ਹਾਂ ਦੀਆਂ ਰਚਨਾਵਾਂ ’ਤੇ ਵੇਦਾਂਤ ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਇਸ ਦੇ ਬਾਵਜ਼ੂਦ ਵੀ ਇਨ੍ਹਾਂ ਨੇ ਸਿੱਖ ਚਿੰਤਨ ਦੀ ਮੌਲਿਕਤਾ ਦਾ ਕਾਫੀ ਉਥਾਨ ਕੀਤਾ। ਉਦਾਸੀਆਂ ਵਿਚ ਬ੍ਰਾਹਮਣੀ ਅਤੇ ਪੁਜਾਰੀ ਰੁਚੀਆਂ ਦਾ ਵੱਡਾ ਦਖ਼ਲ ਰਿਹਾ ਹੈ। ਇਸ ਦੇ ਚਾਰ ਧੂਣਿਆਂ ਦੇ ਵਿਚੋਂ ਦੋ (ਅਲਮਸਤ ਤੇ ਬਾਲੂ ਹਸਨਾ) ਆਪ ਬ੍ਰਾਹਮਣ ਸਨ। ਇਸ ਲਈ ਇਸ ਮਤ ‘ਤੇ ਬ੍ਰਾਹਮਣਵਾਦ ਦਾ  ਪ੍ਰਭਾਵ ਸੁਭਾਵਿਕ ਹੈ। ਇਸਦੇ ਬਾਵਜ਼ੂਦ ਵੀ ਇਨ੍ਹਾਂ ਦੀ ਦੇਣ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਅਨੰਦਘਣ ਜੀ ਨੇ ਗੁਰਬਾਣੀ ਦੇ ਟੀਕੇ ਕੀਤੇ। ਸੰਤ ਰੇਣ ਜੀ ਨੇ ਕਈ ਗ੍ਰੰਥਾਂ ਦੀ ਰਚਨਾ ਕੀਤੀ। ਸੇਵਾ ਪੰਥੀ ਸੰਪ੍ਰਦਾਇ ਦੀ ਵਧੇਰੇ ਦੇਣ ਸਦਾਚਾਰਕ ਹੈ, ਸਾਹਿਤਕ ਤੇ ਸਿਧਾਂਤਕ ਘੱਟ ਹੈ। ਇਨ੍ਹਾਂ ਦੀਆਂ ਰਚਨਾਵਾਂ ’ਤੇ ਵੇਦਾਂਤਕ ਅਤੇ ਸੂਫੀਵਾਦ ਦਾ ਪ੍ਰਭਾਵ ਜ਼ਿਆਦਾ ਹੈ। ਤੀਜਾ ਯਤਨ ਸਿੰਘ ਸਭਾਈ ਹੈ। ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਲੋਕ-ਬੋਲੀ ਵਿਚ ਹੋਣ ਲਗੀ। ਸਿੰਘ ਸਭਾਈ ਵਿਆਖਿਆਕਾਰਾਂ ਵਿਚੋਂ ਭਾਈ ਜੋਧ ਸਿੰਘ, ਪ੍ਰਿੰ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਸ. ਸਰਦੂਲ ਸਿੰਘ ਕਵੀਸ਼ਰ, ਭਾਈ ਸੇਵਾ ਰਾਮ ਸਿੰਘ ਦੇ ਨਾਮ ਉਘੇ ਹਨ।[230]

ਗੁਰਮਤਿ ਸਿਧਾਂਤ ਦਾ ਮੂਲ ਸ੍ਰੋਤ ਸੁਭਾਵਿਕ ਤੌਰ ’ਤੇ ਸਿੱਖ ਧਰਮ ਦੇ ਧਰਮ ਗ੍ਰੰਥ ਹੀ ਹਨ। ਇਨ੍ਹਾਂ ਵਿਚੋਂ ਸਰਬੋਤਮ ਦਰਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ। ਇਸ ਤੋਂ ਬਾਅਦ ਦਸਮ ਗ੍ਰੰਥ ਦੀ ਵੱਡੀ ਮਹੱਤਤਾ ਹੈ। ਇਨ੍ਹਾਂ ਦੋ ਪ੍ਰਮੁਖ ਗ੍ਰੰਥਾਂ ਤੋਂ ਬਿਨਾਂ ਦੋ ਹੋਰ ਗ੍ਰੰਥਾਂ ਦੀਆਂ ਟੂਕਾਂ ਵਿਆਖਿਆਕਾਰਾਂ ਵਲੋਂ ਵਰਤੀਆਂ ਜਾਂਦੀਆਂ ਹਨ। ਭਾਈ ਗੁਰਦਾਸ ਜੀ ਦੁਆਰਾ ਰਚਿਤ ਵਾਰਾਂ ਤੇ ਕਬਿੱਤ ਸਵੱਯੇ ਅਤੇ ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ। ਇਨ੍ਹਾ ਪ੍ਰਮਾਣਿਕ ਗ੍ਰੰਥਾਂ ਤੋਂ ਛੁੱਟ ਕਈ ਅਪ੍ਰਮਾਣਿਕ ਅਤੇ ਅਰਧ- ਪ੍ਰਮਾਣਿਕ ਗ੍ਰੰਥਾਂ ਦੇ ਹਵਾਲੇ ਵੀ ਗੁਰਮਤਿ ਸਿਧਾਂਤਾਂ ਦੀ ਪੁਸ਼ਟੀ ਲਈ ਵਰਤੀਂਦੇ ਹਨ। ਇਨ੍ਹਾਂ ਵਿਚ ਸਰਬ ਲੋਹ ਗ੍ਰੰਥ ਰਹਿਤਨਾਮੇ, ਹੁਕਮਨਾਮੇ, ਸੌ ਸਾਖੀ ਆਦਿ ਸ਼ਾਮਿਲ ਹਨ।[231]

ਪਹਿਲੇ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ ਤੋਂ ਦਸਵੇਂ ਗੁਰੂ ਸਾਹਿਬਾਨ ਗੁਰੂ ਗੋਬਿੰਦ ਸਿੰਘ ਜੀ ਨੇ 239 ਸਾਲਾਂ ਦੇ ਸਮੇਂ ਵਿਚ ਆਪਣੇ ਪੈਰੋਕਾਰਾਂ ਵਾਸਤੇ ਜਿਹੜੇ ਸਿਧਾਂਤਾਂ ਦੀ ਵਿਆਖਿਆ ਕੀਤੀ ਉਹ ਸਾਰੇ ਕਦੇ ਵਾਰਤਕ ਰੂਪ ਵਿਚ ਤੇ ਕਦੇ ਕਵਿਤਾ ਦੇ ਰੂਪ ਵਿਚ ਰਚੇ ਗਏ ਪਰ ਇਨ੍ਹਾਂ ਸਿਧਾਂਤਾਂ ਦਾ ਮੂਲ ਆਧਾਰ ਗੁਰਬਾਣੀ ਹੀ ਰਿਹਾ ਹੈ। ਸਿੱਖ ਧਰਮ ਸੰਬੰਧੀ ਸਿਧਾਂਤਾਂ ਦੀ ਵਿਆਖਿਆ ਹਰੇਕ ਵਿਦਵਾਨ ਨੇ ਕੁਝ ਪੂਰਵ ਨਿਰਧਾਰਤ ਸਿਧਾਂਤਾਂ ਦੇ ਆਧਾਰ ’ਤੇ ਹੀ ਕੀਤੀ ਹੈ, ਇਨ੍ਹਾਂ ਵਿਚੋਂ ਪ੍ਰਮੁਖ ਨਾਮ, ਗੁਰੂ, ਪਰਮਾਤਮਾ, ਜਗਤ, ਮਾਇਆ, ਮੁਕਤੀ, ਨੈਤਿਕਤਾ ਤੇ ਹਉਮੈ ਆਦਿ ਹਨ। ਇਨ੍ਹਾਂ ਦੀ ਵਿਆਖਿਆ ਗੁਰਬਾਣੀ ਦੇ ਆਧਾਰ ’ਤੇ ਕੀਤੀ ਗਈ ਮਿਲਦੀ ਹੈ। ਇਸ ਤਰ੍ਹਾਂ ਧਰਮ ਦਾ ਸੰਬੰਧ ਸਿਰਫ਼ ਜੀਵਨ ਜਾਚ ਨਾਲ ਹੀ ਨਹੀਂ ਹੁੰਦਾ, ਸਗੋਂ ਸਿਧਾਂਤਾਂ ਨਾਲ

230 ਉਹੀ, ਪੰਨਾ 208.

231 ਉਹੀ, ਪੰਨਾ 210.

ਵੀ ਹੁੰਦਾ ਹੈ। ਅਸਲ ਵਿਚ ਧਰਮ ਦੇ ਸਿਧਾਂਤ ਹੀ ਉਸ ਦਾ ਸਿਧਾਂਤਕ ਪੱਖ ਹੁੰਦਾ ਹੈ ਤੇ ਜੀਵਨ ਜਾਚ ਉਨ੍ਹਾਂ ਦਾ ਅਮਲੀ ਪੱਖ। ਇਸ ਤਰ੍ਹਾਂ ਧਰਮ ਸਿਧਾਂਤਾਂ ਤੇ ਜੀਵਨ ਜਾਚ ਦਾ ਸੁਮੇਲ ਹੁੰਦਾ ਹੈ। ਸਿੱਖ ਨੇ ਗੁਰਮਤਿ ਸਿਧਾਂਤਾਂ ਅਨੁਸਾਰ ਹੀ ਜੀਵਨ ਜਿਉਣਾ ਹੈ। ਸਿਧਾਂਤਾਂ ਨੂੰ ਸਿੱਖ ਜੀਵਨ ਜਾਚ ਦੀ ਰੂਹ ਜਾਂ ਅਧਾਰਸ਼ਿਲਾ ਕਹਿ ਦਿਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਆਪਣੀਆਂ ਰਚਨਾਵਾਂ ਵਿਚ ਗੁਰਬਾਣੀ ਦੀ ਰੌਸ਼ਨੀ ਰਾਹੀਂ ਸਿੱਖ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ। ਇਨ੍ਹਾਂ ਰਚਨਾਵਾਂ ਵਿਚ ਪ੍ਰਮੁਖ *ਗੁਰਬਾਣੀ ਵੇਦਾਂਤ ਨਿਰਣੈ, ਜਪੁ ਜੀ ਸਾਹਿਬ ਸਟੀਕ, ਸੰਪ੍ਰਦਾਇ ਮਸਤੂਆਣਾ, ਗੁਰੂ ਵੰਸ ਖਾਲਸਾ ਪੰਥ, ਸ੍ਰੀ ਨਿਰਮਲ ਪੰਥ ਬੋਧ, ਤਖ਼ਤ ਸ੍ਰੀ ਦਮਦਮਾ ਸਾਹਿਬ, ਕੋਠਾ ਗੁਰੂ ਦੀ ਗੌਰਵ ਗਾਥਾ* ਆਦਿ ਹਨ। ਇਥੇ ਅਸੀਂ ਗਿਆਨੀ ਬਲਵੰਤ ਸਿੰਘ ਜੀ ਦੀਆਂ ਰਚਨਾਵਾਂ ਵਿਚ ਉਸਰੇ ਗੁਰਮਤਿ ਸਿਧਾਂਤਾਂ ਦੀ ਪੜਚੋਲ ਕਰਾਂਗੇ। ਇਨ੍ਹਾਂ ਸਿਧਾਂਤਾਂ ਨੂੰ ਅਸੀਂ ਵਿਸ਼ੇ ਅਧਾਰਿਤ ਹੇਠ ਲਿਖੇ ਭਾਗਾਂ ਵਿਚ ਵੰਡ ਰਹੇ ਹਾਂ:

3.2.1 ਦਾਰਸ਼ਨਿਕ

3.2.2 ਧਾਰਮਿਕ

3.2.3 ਸੰਸਥਾਗਤ

### 3.2.1 ਦਾਰਸ਼ਨਿਕ

ਭਾਰਤੀ ਦਰਸ਼ਨ ਦੀ ਵਿਸ਼ੇਸ਼ਤਾ ਹੈ ਕਿ ਇਹ ਮੂਲ ਰੂਪ ਵਿਚ ਅਧਿਆਤਮਕ ਹੈ। ਭਾਰਤੀ ਅਧਿਆਤਮਕਤਾ ਦਾ ਇਕ ਪੱਖ ਸਤ ਦੀ ਸਥਾਪਨਾ ਰਿਹਾ ਹੈ। ਭਾਰਤੀ ਦਰਸ਼ਨ ਦੀ ਰੁਚੀ ਕਿਸੇ ਕਾਲਪਨਿਕ ਏਕਾਂਤ ਵਿਚ ਨਹੀਂ, ਸਗੋਂ ਮਨੁੱਖੀ ਭਾਈਚਾਰੇ ਵਿਚ ਹੈ। ਇਸ ਦਾ ਆਰੰਭ ਜੀਵਨ ਵਿਚੋਂ ਹੁੰਦਾ ਹੈ। ਡਾ. ਰਾਧਾ ਕ੍ਰਿਸ਼ਨਨ ਦਾ ਵਿਚਾਰ ਹੈ, 'ਦਰਸ਼ਨ ਇਕ ਅਜਿਹਾ ਅਧਿਆਤਮਿਕ ਗਿਆਨ ਹੈ ਜੋ ਆਤਮਾ ਰੂਪੀ ਇੰਦਰੀ ਦੇ ਸਨਮੁਖ ਸੰਪੂਰਨ ਰੂਪ ਵਿਚ ਪ੍ਰਗਟ ਹੁੰਦਾ ਹੈ। ਇਹ ਆਤਮ ਦ੍ਰਿਸ਼ਟੀ ਉਥੇ ਹੀ ਪਹਿਚਾਣ ਹੈ। ਇਸ ਤਰ੍ਹਾਂ ਦਰਸ਼ਨ ਸ਼ਾਸਤਰ ਦੇ ਵਿਸ਼ੇ ਵਿਚ ਸਭ ਤੋਂ ਉਚੀ ਜਿੱਤ ਉਨ੍ਹਾਂ ਵਿਅਕਤੀਆਂ ਨੂੰ ਪ੍ਰਾਪਤ ਹੋ ਸਕਦੀ ਹੈ ਜਿਨ੍ਹਾਂ ਨੇ ਆਪਣੇ ਅੰਦਰ ਆਤਮਾ ਦੀ ਪਵਿੱਤਰਤਾ ਨੂੰ ਪ੍ਰਾਪਤ ਕਰ ਲਿਆ ਹੈ।'[232] ਇਸ ਸ਼੍ਰੇਣੀ ਵਿਚ ਅਸੀਂ ਦਰਸ਼ਨ ਦੇ ਮੁਢਲੇ ਸਵਾਲ-ਪਰਮਸਤਿ, ਸ੍ਰਿਸ਼ਟੀ ਅਤੇ ਮਨੁਖ ਬਾਰੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੁਆਰਾ ਕੀਤੀ ਵਿਆਖਿਆ ਦੀ ਪੜਚੋਲ ਕਰਾਂਗੇ। ਇਹ ਪੜਚੋਲ ਗੁਰਬਾਣੀ ਅਤੇ ਉਘੇ ਵਿਦਵਾਨਾਂ ਦੀਆਂ ਲਿਖਤਾਂ ਦੇ ਅਧਾਰ ਤੇ ਕੀਤੀ ਜਾਵੇਗੀ। ਗਿਆਨੀ ਜੀ ਦੀਆਂ ਗੁਰਮਤਿ ਨਾਲ ਸੰਬੰਧਿਤ ਲਗਭਗ ਸਾਰੀਆਂ ਰਚਨਾਵਾਂ ਵਿਚ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਮਿਲਦੀ ਹੈ। ਦਾਰਸ਼ਨਿਕ ਸਿਧਾਂਤਾਂ ਦੀ ਵਿਆਖਿਆ *ਜਪੁ ਜੀ ਸਾਹਿਬ ਸਟੀਕ* ਅਤੇ *ਗੁਰਬਾਣੀ-ਵੇਦਾਂਤ ਨਿਰਣੈ* ਪੁਸਤਕਾਂ ਨੂੰ ਅਧਾਰ ਬਣਾ ਕੇ ਕੀਤੀ ਜਾਵੇਗੀ।

**(ੳ) ਅਕਾਲਪੁਰਖ**

---

232 ਡਾ. ਰਾਧਾ ਕ੍ਰਿਸ਼ਨਨ, *ਭਾਰਤੀਯ ਦਰਸ਼ਨ (ਜਿਲਦ ਪਹਿਲੀ)*, ਪੰਨਾ 38.

ਮਨੁਖੀ ਮਨ ਵਿਚ ਸਭ ਤੋਂ ਪਹਿਲਾ ਸਵਾਲ ਰਬ ਦੀ ਹੋਂਦ ਸੰਬੰਧੀ ਪੈਦਾ ਹੁੰਦਾ ਹੈ ਕਿ ਕੀ ਰਬ ਹੈ? ਗੁਰਬਾਣੀ ਵਿਚ ਪਰਮਾਤਮਾ ਨੂੰ ਕਿਸੇ ਦਲੀਲ ਜਾਂ ਸਬੂਤ ਰਾਹੀਂ ਸਿਧ ਨਹੀਂ ਕੀਤਾ ਗਿਆ ਸਗੋਂ ਗੁਰੂ ਸਾਹਿਬਾਨ ਨੇ ਸ਼ਰਧਾ ਅਤੇ ਵਿਸ਼ਵਾਸ ਨਾਲ ਪਰਮਾਤਮਾ ਨੂੰ ਪ੍ਰਤੱਖ ਮੰਨਿਆ ਹੈ। ਨਾਨਕ ਦਾ ਪਾਤਸਾਹ ਜਾਹਰ-ਜਹੂਰ ਤੇ ਹਾਜਰ-ਹਜੂਰ ਹੈ।

ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥[233]

ਗਿਆਨੀ ਜੀ ਅਨੁਸਾਰ 'ਗੁਰਬਾਣੀ ਨੇ ਪਰਮੇਸ੍ਰਰ ਬਾਰੇ ਪਹਿਲੀ ਵਾਰ ਸਪੱਸ਼ਟ ਨਿਰਣੈ ਪੂਰਬਕ ਕਥਨ ਕੀਤਾ ਹੈ ਕਿ ਨਿਰਾਕਾਰ, ਸ੍ਵਯੰਭ, ਸ੍ਵੈਪ੍ਰਕਾਸ਼ ਕੇਵਲ ਇਕ ਹੈ। ਨਿਰਭੈ ਨਿਰਵੈਰ ਹੈ, ਕਾਲ ਤੋਂ ਰਹਿਤ ਅਕਾਲ ਹੈ। ਅਗੰਮ, ਅਗੋਚਰ ਹੈ, ਸਰਬਗਯ ਸਮਰੱਥ ਹੈ।'[234] ਗਿਆਨੀ ਜੀ ਗੁਰਬਾਣੀ ਦਾ ਹਵਾਲਾ ਦੇ ਕੇ ਪਰਮਾਤਮਾ ਦੀ ਹੋਂਦ ਸੰਬੰਧੀ ਦਸਦੇ ਹਨ ਕਿ ਅਕਾਲਪੁਰਖ ਸਾਡੇ ਵਿਚ ਕਿਵੇਂ ਸਮਾਇਆ ਹੈ? ਜਿਵੇਂ ਬਨਸਪਤੀ ਵਿਚ ਅਗਨੀ ਸਮਾਈ ਹੈ, ਜਿਵੇਂ ਦੁਧ ਵਿਚ ਮੱਖਣ (ਘਿਉ) ਸਮਾਇਆ ਹੈ, ਇਸੀ ਤਰ੍ਹਾਂ ਘਟ-ਘਟ (ਸਾਰੇ ਜੀਵਾਂ) ਵਿਚ ਵਾਹਿਗੁਰੂ ਦੀ ਜੋਤਿ ਸ਼ਕਤੀ ਸਮਾਈ ਹੋਈ ਹੈ।[235] ਭਾਵ ਪਰਮਾਤਮਾ ਸਰਵਵਿਆਪੀ ਸਤਾ ਹੈ ਜੋ ਜਗਤ ਦੇ ਕਣ-ਕਣ ਵਿਚ ਸਮਾਈ ਹੋਈ ਹੈ। ਇਹ ਸਤਾ ਨਿਰਾਕਾਰ ਨਿਰਵਿਕਾਰ ਅਬਿਨਾਸੀ ਚੇਤਨ ਅਨਾਦਿ ਅਖੰਡ ਹੈ।[236] ਗੁਰਬਾਣੀ ਵਿਚ ਪਰਮਾਤਮਾ ਦੀ ਹੋਂਦ ਬਾਰੇ ਅਨੇਕਾਂ ਹਵਾਲੇ ਮਿਲਦੇ ਹਨ। ਪਰਮਾਤਮਾ ਹਰ ਥਾਂ ਰਮਿਆ ਹੋਇਆ ਹੈ। ਜਿਸ ਪਾਸੇ ਵੀ ਦੇਖੀਏ ਉਸਦੀ ਹਜ਼ੂਰੀ ਹੈ। ਗੁਰੂ ਨਾਨਕ ਦੇਵ ਜੀ ਪਰਮਾਤਮਾ ਦੀ ਹੋਂਦ ਦੀ ਵਿਆਪਕਤਾ ਬਾਰੇ ਦਸਦੇ ਹਨ ਕਿ ਉਸਨੂੰ ਜਿਧਰ ਵੀ ਦੇਖੋ ਉਹ ਉਸ ਪਾਸੇ ਹੀ ਮੌਜੂਦ ਹੈ।

ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦ॥[237]

ਗੁਰੂ ਅਰਜਨ ਦੇਵ ਜੀ ਪਰਮਸਤਾ ਦੀ ਹੋਂਦ ਅਤੇ ਵਿਆਪਕਤਾ ਬਾਰੇ ਬੜੇ ਸਰਲ ਸ਼ਬਦਾਂ ਵਿਚ ਦਰਸਾਉਂਦੇ ਹਨ। ਸਾਰੇ ਜੀਵਾਂ ਦਾ ਸੁਆਮੀ ਸਰਬਤ ਵਿਚ ਸਮਾਇਆ ਹੋਇਆ ਹੈ। ਇਕੋ-ਇਕ ਪਰਮਾਤਮਾ ਹੀ ਸਰਵ ਵਿਆਪਕ ਹੈ ਅਤੇ ਹੋਰ ਕੋਈ ਦੂਜਾ ਦਿਖਾਈ ਨਹੀਂ ਦਿੰਦਾ ਹੈ:

ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ॥
ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥[238]

---

233 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੯੭.

234 *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਫਰਵਰੀ 2008, ਪੰਨਾ 84.

235 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ-ਵੇਦਾਂਤ ਨਿਰਣੈ,* ਪੰਨਾ 109.

236 ਉਹੀ, ਪੰਨਾ 57.

237 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮੪.

238 ਉਹੀ, ਅੰਗ ੨੯੨.

ਇਸ ਤਰ੍ਹਾਂ ਗਿਆਨੀ ਜੀ ਦੇ ਪਰਮਾਤਮਾ ਦੀ ਹੋਂਦ ਸੰਬੰਧੀ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਪਰਮਾਤਮਾ ਆਪਣੇ ਆਪ ਤੋਂ ਪ੍ਰਗਟ ਰੂਪ ਹਰ ਥਾਂ ਵਿਆਪਕ ਹੈ। ਉਸ ਤੋਂ ਬਿਨਾਂ ਕੋਈ ਥਾਂ ਖਾਲੀ ਨਹੀਂ। ਕਣ-ਕਣ ਵਿਚ ਸਮਾਈ ਇਸ ਅਗੰਮੀ ਸ਼ਕਤੀ ਸੰਬੰਧੀ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ।

ਹਰੇਕ ਧਰਮ ਵਿਚ ਪਰਮਾਤਮਾ ਨੂੰ ਵਖ-ਵਖ ਨਾਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ ਜਿਵੇਂ ਅੱਲਾ, ਯਹੋਵਾ, ਰਾਮ, ਕ੍ਰਿਸ਼ਨ ਆਦਿ। ਭਾਰਤੀ ਫਲਸਫੇ ਵਿਚ ਪਰਮਸਤਾ ਲਈ 'ਬ੍ਰਹਮ' ਸ਼ਬਦ ਵਰਤਿਆ ਗਿਆ ਹੈ। ਗੁਰਬਾਣੀ ਵਿਚ ਪਰਮਾਤਮਾ ਦੀਆਂ ਕਿਰਤਾਂ, ਗੁਣਾਂ, ਵਡਿਆਈਆਂ ਨੂੰ ਦੇਖ ਕੇ ਅਨੇਕਾਂ ਨਾਮ ਵਰਤੇ ਗਏ ਹਨ। ਗਿਆਨੀ ਜੀ ਨੇ ਪਰਮਾਤਮਾ ਪਰਥਾਇ ਅਕਾਲਪੁਰਖ, ਪਰਮਾਤਮਾ, ਪਰਮੇਸ੍ਵਰ, ਪਾਰਬ੍ਰਹਮ, ਵਾਹਿਗੁਰੂ, ਕਰਤਾ ਪੁਰਖ, ਸਤਿਨਾਮ ਸ਼ਬਦ ਵਰਤੇ ਹਨ। ਗਿਆਨੀ ਜੀ ਨੇ ਪਰਮਾਤਮਾ ਦੇ ਦੋ ਤਰ੍ਹਾਂ ਦੇ ਨਾਮ ਦਸੇ ਹਨ, ਕਿਰਤਮ ਨਾਮ ਅਤੇ ਅਕ੍ਰਿਤਮ ਨਾਮ। ਕਿਰਤਮ ਨਾਮ ਜੋ ਪਰਮਾਤਮਾ ਦੀਆਂ ਕਿਰਤਾਂ, ਗੁਣਾਂ ਨੂੰ ਦੇਖ ਕੇ ਰਖੇ ਗਏ ਹਨ। ਗਿਆਨੀ ਜੀ ਨੇ ਦਸਿਆ ਹੈ ਕਿ ਸਤਿਨਾਮ ਪਰਮਾਤਮਾ ਦਾ ਅਕ੍ਰਿਤਮ ਨਾਮ ਹੈ। ਸਤਿਨਾਮ ਕਿਸੇ ਦੇਵੀ ਦੇਵਤੇ ਦੇ ਨਾਮ ਤੋਂ ਕਲਪਤ ਨਹੀਂ ਹੋਇਆ। ਸਤਿਨਾਮ ਸ੍ਵਯੰ ਪਰਮੇਸ੍ਵਰ ਦਾ ਨਾਮ ਹੈ। ਸੰਸਕ੍ਰਿਤ ਵਿਚ 'ਸਤਿ' ਦੋ ਤਰ੍ਹਾਂ ਦੇ ਸ਼ਬਦ ਜੋੜਾਂ ਵਿਚ ਲਿਖਿਆ ਜਾਂਦਾ ਹੈ। 'ਸਤਯ' ਅਤੇ 'ਸਤ'। ਸਤਯ ਦਾ ਅਰਥ ਸਚਾਈ, ਯਥਾਰਥ ਅਤੇ ਸਤ ਦਾ ਅਰਥ ਹੈ ਅਸਤਿਤਵ (ਹੋਂਦ) ਜੋ ਸਤਿ/ਸਚ ਹੈ, ਸਦਾ ਸਥਿਰ ਹੈ। ਉਹ ਸਤਿਨਾਮ ਹੈ। ਗੁਰੂ ਜੀ ਨੇ ਗੁਰਬਾਣੀ ਵਿਚ ਸੰਸਕ੍ਰਿਤ ਦੇ ਦੋਨਾਂ ਸ਼ਬਦਾਂ ਨੂੰ 'ਸਤਿ' ਬਣਾ ਦਿਤਾ। **ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥** ਸਤਿਨਾਮ ਪਰਮਸਤਾ ਦਾ ਸੂਚਕ ਹੈ। ਸਤਿ ਤੇ ਸਚ ਦਾ ਇਕੋ ਅਰਥ ਹੈ। ਤਿੰਨ ਕਾਲ ਇਕ ਰਸ ਰਹਿਣ ਵਾਲਾ।[239] ਗੁਰਬਾਣੀ ਦਾ ਫੁਰਮਾਣ ਹੈ:

ਕਿਰਤਮ ਨਾਮ ਕਥੇ ਤੇਰੇ ਜਿਹਬਾ॥
ਸਤਿ ਨਾਮੁ ਤੇਰਾ ਪਰਾ ਪੂਰਬਲਾ॥[240]

ਇਸ ਤਰ੍ਹਾਂ ਸਪਸ਼ਟ ਹੈ ਕਿ ਸਤਿਨਾਮ ਪਰਮਾਤਮਾ ਦਾ ਕਿਰਤਮ ਨਾਮ ਨਹੀਂ ਸਗੋਂ ਅਕਿਰਤਮ ਨਾਮ ਹੈ। ਗੁਰਬਾਣੀ ਅਨੁਸਾਰ ਸਤਿਨਾਮ ਪਰਮਾਤਮਾ ਦਾ ਪਰਾ ਪੂਰਬਲਾ ਨਾਮ ਹੈ ਜੋ ਉਸਦੀ ਸਦੀਵੀ ਹੋਂਦ ਦਾ ਸੂਚਕ ਹੈ।

ਪਰਮਸਤਾ ਕੀ ਹੈ? ਇਸਦੇ ਗੁਣ ਲਛਣ ਕੀ ਹਨ? ਜੀਵ ਅਤੇ ਬ੍ਰਹਿਮੰਡ ਦਾ ਇਸ ਨਾਲ ਕੀ ਸੰਬੰਧ ਹੈ? ਆਦਿ ਪ੍ਰਸ਼ਨਾਂ ਦੇ ਉਤਰ ਪਰਮਾਤਮਾ ਦੇ ਸਰੂਪ ਨਾਲ ਸੰਬੰਧਿਤ ਹਨ। ਗੁਰੂ ਨਾਨਕ ਦੇਵ ਜੀ ਦੁਆਰਾ ਜਪੁ ਬਾਣੀ ਵਿਚ ਦਿਤੇ ਮੂਲ ਮੰਤ੍ਰ ਤੋਂ ਪਰਮਾਤਮਾ ਦਾ ਸਰੂਪ ਸਪੱਸ਼ਟ ਹੋ ਜਾਂਦਾ ਹੈ। ਡਾ. ਵਜ਼ੀਰ ਸਿੰਘ ਅਨੁਸਾਰ, 'ਮੂਲ ਮੰਤ੍ਰ ਨਾਨਕ ਦੇ ਵਿਚਾਰਾਂ ਦਾ ਕੇਂਦਰ ਬਿੰਦੂ ਹੈ। ਉਨ੍ਹਾਂ ਦੇ ਅਧਿਆਤਮਕ ਸਿਧਾਂਤ ਦਾ ਨਿਚੋੜ ਹੈ ਅਤੇ ਉਨ੍ਹਾਂ ਦੇ ਧਰਮ-ਦਰਸ਼ਨ ਦਾ ਸਾਰ ਹੈ।'[241] ਇਥੇ ਅਸੀਂ ਗਿਆਨੀ ਜੀ ਦੇ ਪਰਮਸਤ ਸੰਬੰਧੀ ਵਿਚਾਰਾਂ

---

239 ਉਹੀ, *ਗੁਰਬਾਣੀ ਵੇਦਾਂਤ ਨਿਰਣੈ,* ਪੰਨਾ 159.

240 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੮੩.

241 ਡਾ. ਵਜ਼ੀਰ ਸਿੰਘ, *ਨਾਨਕ ਬਾਣੀ ਚਿੰਤਨ,* ਪੰਨਾ 46.

ਦਾ ਵਿਸ਼ਲੇਸ਼ਣ ਉਨ੍ਹਾਂ ਦੁਆਰਾ ਕੀਤੀ ਮੂਲ ਮੰਤ੍ਰ ਦੀ ਵਿਆਖਿਆ ਨੂੰ ਅਧਾਰ ਬਣਾ ਕੇ ਕਰਾਂਗੇ। ਉਨ੍ਹਾਂ ਨੇ ਆਪਣੇ ਵਿਸ਼ਲੇਸ਼ਣ ਵਿਚ ਮੂਲ ਮੰਤ੍ਰ ਦੇ ਨੌ ਅੰਗ (੧, ਓਅੰ, ਸਤਿਨਾਮ, ਕਰਤਾ ਪੁਰਖ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ ਸੈਭੰ, ਗੁਰ ਪ੍ਰਸਾਦਿ) ਦਸੇ ਹਨ। ਭਾਈ ਗੁਰਦਾਸ ਜੀ ਨੇ ਵੀ ਇਨ੍ਹਾਂ ਪਦਾਂ ਦੀ ਗਿਣਤੀ ਨੌ (ੴ, ਸਤਿਨਾਮ, ਕਰਤਾਪੁਰਖ, ਨਿਰਭਉ, ਨਿਰਵੈਰ, ਅਕਾਲਮੂਰਤਿ, ਅਜੂਨੀ, ਸੈਭੰ, ਗੁਰਪ੍ਰਸਾਦਿ) ਦਸੀ ਹੈ।

ਏਕਾ ਏਕੰਕਾਰੁ ਲਿਖਿ ਦੇਖਾਲਿਆ।
ਊੜਾ ਓਅੰਕਾਰੁ ਪਾਸਿ ਬਹਾਲਿਆ।
ਸਤਿਨਾਮੁ ਕਰਤਾਰ ਨਿਰਭਉ ਭਾਲਿਆ।
ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।
ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ।
ਪੰਜ ਅਖਰ ਉਪਕਾਰ ਨਾਮੁ ਸਮਾਲਿਆ।
ਪਰਮੇਸੁਰ ਸੁਖੁ ਸਾਰੁ ਨਦਰਿ ਨਿਹਾਲਿਆ।
ਨਉ ਅੰਗਿ ਸੁੰਨ ਸੁਮਾਰ ਸੰਗ ਨਿਰਾਲਿਆ।
ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ।[242]

ਭਾਈ ਗੁਰਦਾਸ ਜੀ ੴ ਨੂੰ ਇਕੱਠਾ ਪਦ ਮੰਨਦੇ ਹਨ ਪਰ ਗਿਆਨੀ ਜੀ ਨੇ ਇਸਨੂੰ ੧, ਓਅੰ ਵਖਰਾ ਪਦ ਮੰਨਿਆ ਹੈ। ਭਾਈ ਗੁਰਦਾਸ ਜੀ 'ਅਜੂਨੀ ਸੈਭੰ' ਨੂੰ ਵੱਖਰਾ ਮੰਨਦੇ ਹਨ ਪਰ ਗਿਆਨੀ ਜੀ 'ਅਜੂਨੀ ਸੈਭੰ' ਨੂੰ ਇਕ ਪਦ ਮੰਨਦੇ ਹਨ।

**ੴ**: ੴ ਦੀ ਵਿਆਖਿਆ ਦੁਆਰਾ ਗਿਆਨੀ ਜੀ ਨੇ ਪਰਮਾਤਮਾ ਦੇ ਇਕਤਵੀ (Oneness) ਸਰੂਪ ਨੂੰ ਬਿਆਨ ਕੀਤਾ ਹੈ। ਜਿਸ ਦਾ ਅਰਥ ਹੈ ਪਰਮਾਤਮਾ ਇਕ ਹੈ। ਗਿਆਨੀ ਜੀ ਅਨੁਸਾਰ 'ੴ ਭਾਵ ਇਕ ਓਅੰਕਾਰ (ਨਿਰੰਕਾਰ, ਨਿਰਾਕਾਰ=ਬ੍ਰਹਮ) ਗੁਰਮਤਿ ਦਰਸ਼ਨ ਨੇ ਇਸਦਾ ਰੂਪ ੧ ਰਖਿਆ ਹੈ। ਇਹ ਅਕਾਲਪੁਰਖ ਦੇ ਸਰਬ ਸ੍ਰੋਮਣਿ ਹੋਣ ਦਾ ਮਹਾਂ ਵਿਸ਼ੇਸ਼ਣ ਹੈ।'[243] ੴ ਗੁਰਬਾਣੀ ਦਾ ਅਧਾਰ ਹੈ ਜਿਸ ਦਾ ਅਰਥ ਹੈ ਪਾਰਬ੍ਰਹਮ /ਪਰਮੇਸ੍ਵਰ ਇਕ ਹੈ। ਇਹ ਪਾਰਬ੍ਰਹਮ ਦਾ ਲਖਾਇਕ ਹੈ, ਅਕਾਲ ਦੇ ਸਰੂਪ ਦਾ ਸੰਕੇਤ ਹੈ। ਭਾਵ ਓਅੰਕਾਰ ਦੇ ਨਾਲ ਲਗਾ ੧ ਪਰਮਾਤਮਾ ਦੀ ਹੋਂਦ ਨੂੰ ਦ੍ਰਿੜ੍ਹ ਕਰਵਾਉਂਦਾ ਹੈ ਜੋ ਇਕ ਹੈ।

ਗਿਆਨੀ ਜੀ ਨੇ ਦਸਿਆ ਹੈ ਕਿ ਹਿੰਦੂ ਫਿਲਾਸਫੀ ਵਿਚ ਓਅੰ ਦਾ ਸਰੂਪ ॐ ਵਿਖਾਇਆ ਹੈ ਅਤੇ ਇਸਨੂੰ ਤਿੰਨ ਦੇਵਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਕਲਪਿਆ ਹੈ ਪਰ ਗੁਰਮਤਿ ਫਿਲਾਸਫੀ ਵਿਚ ਗੁਰੂ ਨਾਨਕ ਦੇਵ ਜੀ ਨੇ ੧ ਏਕਾ ਲਗਾ ਕੇ ਸਮੂਹ ਵਿਸ਼ਵ ਨੂੰ ਸਰਬ ਸ਼ਕਤੀਮਾਨ ਪਰਮੇਸ਼ਵਰ ਦੀ ਪਹਿਚਾਨ ਕਰਵਾ ਦਿਤੀ। 'ਏਕਾਂਗ' ਨੂੰ ਸਤਿਗੁਰੂ ਜੀ ਨੇ ਵਿਅਕਤੀਗਤ ਤੌਰ ਤੇ ਸ੍ਵਯੰ ਨਿਯੁਕਤ ਨਹੀਂ ਕੀਤਾ, ਇਹ ਧੁਰ

242 *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ 3/15.

243 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 52.

ਦਰਗਾਹੋਂ ਅਕਾਲਪੁਰਖ ਦੀ ਬਖਸ਼ਿਸ਼ ਦਵਾਰੇ ਸ਼ਬਦ ਰੂਪ ਵਿਚ ਪ੍ਰਗਟ ਹੋਇਆ ਹੈ।'[244] ਭਾਵ ਗੁਰਮਤਿ ਦਰਸ਼ਨ ਵਿਚ ਓਅੰਕਾਰ ਦਾ ਅਰਥ ਤਿੰਨ ਦੇਵਤੇ (ਬ੍ਰਹਮਾ, ਵਿਸ਼ਨੂੰ, ਮਹੇਸ਼) ਨਹੀਂ ਸਗੋਂ ਇਕ ਅਕਾਲਪੁਰਖ ਹੈ। ਗੁਰੂ ਸਾਹਿਬਾਨ ਨੇ ਓਅੰਕਾਰ ਦੇ ਨਾਲ 'ਏਕਾ' ਲਗਾ ਕੇ ਇਕ ਵੱਖਰਾ ਸਿਧਾਂਤ ਪੇਸ਼ ਕੀਤਾ ਹੈ। ਏਕਾਂਗ ਤੋਂ ਬਾਅਦ 'ਕਾਰ' ੑਦਾ ਅਰਥ ਗਿਆਨੀ ਜੀ 'ਇਕ ਰਸ, ਵਿਕਸ਼ੇਪ, ਚੰਚਲਤਾ ਤੋਂ ਰਹਿਤ, ਅਡੋਲ, ਅਚਲ, ਸਥਿਰ ਕਰਦੇ ਹਨ। ਭਾਵ ਇਕ ਰਸ ਰਹਿਣ ਵਾਲਾ ਅਕਾਲਪੁਰਖ ਹੈ।

ਗਿਆਨੀ ਜੀ ਦੇ ਕਥਨ ਤੋਂ ਸਪਸ਼ਟ ਹੈ ਕਿ ਗੁਰਮਤਿ ਦਾ ੴ ਹਿੰਦੂ ਧਰਮ ਦੇ ੳਁ ਤੋਂ ਵਖਰਾ ਹੈ। ਗਿਆਨੀ ਜੀ ਨੇ ਓਅੰਕਾਰ ਦਾ ਭਾਵ ਬ੍ਰਹਮਾ, ਵਿਸ਼ਨੂੰ, ਸ਼ਿਵ ਨਹੀਂ ਮੰਨਿਆ ਸਗੋਂ ਇਹ ਇਕ ਰਸ ਵਿਆਪਕ ਪਰਮਾਤਮਾ ਦਾ ਲਖਾਇਕ ਹੈ। ਭਾਰਤੀ ਪਰੰਪਰਾ ਨੇ ਪਰਮਾਤਮਾ ਦੁਆਰ ਕੀਤੇ ਜਾਣ ਵਾਲੇ ਕਾਰਜਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਹੈ। ਉਪਜਾਉਣਾ, ਸੰਭਾਲਣਾ ਅਤੇ ਸੰਘਾਰਨ ਦਾ ਕੰਮ ਕ੍ਰਮਵਾਰ ਬ੍ਰਹਮਾ, ਵਿਸ਼ਨੂੰ, ਮਹੇਸ਼ ਕਰਦੇ ਹਨ ਪਰ ਗੁਰਮਤਿ ਇਸ ਗੱਲ ਨੂੰ ਪਰਵਾਨ ਨਹੀਂ ਕਰਦੀ। ਗੁਰਬਾਣੀ ਅਨੁਸਾਰ ਇਹ ਤਿੰਨੇ ਹੁਕਮ ਦੇ ਬਧੇ ਹੋਏ ਪਰਮਾਤਮਾ ਦੇ ਭਾਣੇ ਵਿਚ ਚਲਦੇ ਹਨ।[245]

ਗਿਆਨੀ ਜੀ ਦਸਦੇ ਹਨ ਕਿ ਇਥੇ ੧ ਰਾਹੀਂ ਪਰਮਾਤਮਾ ਦੇ ਨਿਰਗੁਣ ਸਰੂਪ ਨੂੰ ਬਿਆਨ ਕੀਤਾ ਹੈ। ਨਿਰਗੁਣ ਦਾ ਸ਼ਾਬਦਿਕ ਅਰਥ ਹੈ ਗੁਣ ਰਹਿਤ, ਗੁਣਾਂ ਤੋਂ ਬਿਨ੍ਹਾਂ ਆਦਿ। ਪਰ ਜਦੋਂ ਇਹ ਸ਼ਬਦ ਪਰਮਾਤਮਾ ਲਈ ਵਰਤਿਆ ਜਾਂਦਾ ਹੈ ਤਾਂ ਇਸਦਾ ਅਰਥ 'ਗੁਣ ਅਤੀਤ' 'ਗੁਣਾਂ ਤੋਂ ਬਾਹਰਾ', ਗੁਣਾਂ ਤੋਂ ਉਪਰ' ਹੈ।[246] ਗਿਆਨੀ ਜੀ ਦੇ ਸ਼ਬਦਾਂ ਵਿਚ ਗੁਰਮਤਿ ਦਰਸ਼ਨ ਵਿਚ ਨਿਰਗੁਣ ਬ੍ਰਹਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਹੀ ੧ ਰਾਹੀਂ ਸੰਬੋਧਿਤ ਕੀਤਾ ਗਿਆ ਹੈ ਕਿ ਉਹ ਇਕੋ ਇਕ ਪਰਮਸਤਾ ਹੈ ਜੋ ਆਪਣਾ ਕਾਰਣ ਆਪ ਹੈ, ਉਸ ਜਿਹਾ ਕੋਈ ਹੋਰ ਨਹੀਂ। ਗਿਆਨੀ ਜੀ ਅਨੁਸਾਰ ਗੁਰਬਾਣੀ ਨਿਰਗੁਣ/ਸਰਗੁਣ ਰੂਪ ਵਿਚ ਨਿਰਾਕਾਰ ਪਾਰਬ੍ਰਹਮ ਪਰਮੇਸ੍ਵਰ ਵਾਹਿਗੁਰੂ ਦੀ ਦਸ ਪਾਉਂਦੀ ਹੈ। ਜਿਸਦਾ ਸਰੂਪ ਨਹੀਂ, ਵਰਣ ਨਹੀਂ, ਚਿੰਨ੍ਹ ਨਹੀਂ ਹੈ, ਉਹ ਅਗਮ ਅਗੋਚਰ ਗੋਬਿੰਦ ਨਿਰਗੁਣ ਹੁੰਦਾ ਹੋਇਆ ਵੀ ਗੁਣਾਂ ਦਾ ਸਾਗਰ ਹੈ। ਸਰਗੁਣ ਹੋ ਕੇ ਸਭ ਗੁਣਾਂ ਤੋਂ ਰਹਿਤ ਹੈ। ਨਿਰਗੁਣ ਰੂਪ ਵਿਚ ਪਰਮਾਤਮਾ ਦਾ ਨਾ ਕੋਈ ਰੂਪ ਹੈ, ਨਾ ਚਕ੍ਰ ਚਿਹਨ ਹੈ ਅਤੇ ਨ ਰੰਗ ਹੈ। ਨਿਰਗੁਣ ਪਰਮਾਤਮਾ ਮਾਇਆ ਦੇ ਤਿੰਨਾਂ ਗੁਣਾਂ ਤੋਂ ਨਿਰਲੇਪ ਹੈ।

ਰੂਪ ਨ ਰੇਖ ਨ ਰੰਗੁ ਕਿਛੁ ਤ੍ਰਿਹ ਗੁਣ ਤੇ ਪ੍ਰਭ ਭਿੰਨ॥
ਤਿਸਹਿ ਬੁਝਾਏ ਨਾਨਕਾ ਜਿਸ ਹੋਵੈ ਸੁਪ੍ਰਸੰਨ॥[247]

---

244 ਉਹੀ, ਪੰਨਾ 28.

245 ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ ੭)

246 ਗੁਰਮੇਲ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਵਤ੍ਰਿਤ ਅਧਿਆਤਮਕਤਾ*, ਪੰਨਾ 35.

247 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨੮੩.

ਸਰਗੁਣ ਰੂਪ ਵਿਚ ਪਰਮਾਤਮਾ ਸ੍ਰਿਸ਼ਟੀ ਦੀ ਰਚਨਾ ਕਰਕੇ ਕਣ-ਕਣ ਵਿਚ ਸਮਾਇਆ ਹੈ। ਭਾਵ ਗੁਰਬਾਣੀ ਅਨੁਸਾਰ ਪਰਮਾਤਮਾ ਸਰਗੁਣ ਵੀ ਹੈ ਅਤੇ ਨਿਰਗੁਣ ਵੀ, ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

ਨਿਰਗੁਣ ਸਰਗੁਣੁ ਆਪੇ ਸੋਈ॥
ਤਤੁ ਪਛਾਣੈ ਸੋ ਪੰਡਿਤੁ ਹੋਈ॥[248]

ਗਿਆਨੀ ਜੀ ਅਨੁਸਾਰ ੧ਓ ਇਕ ਅਖੰਡ ਨਿਰਾਕਾਰ ਪਰਮੇਸ਼ਵਰ ਆਪਣੀ ਸ੍ਰਿਸ਼ਟੀ ਦਾ ਨਿਰਮਾਣ ਕਰਕੇ ਵੀ ਉਸ ਵਿਚ ਸਮਾਇਆ ਹੋਇਆ ਹੈ। ਸ੍ਰਿਸ਼ਟੀ ਜਿਸ ਤਰ੍ਹਾਂ ਇਕ ਸੀ, ਹੁਣ ਵੀ ਇਕ ਹੈ। ਉਸ ਇਕ ਵਿਚ ਅਨੇਕਤਾ ਸਚ ਪ੍ਰਤੀਤ ਹੋ ਰਹੀ ਹੈ। ਅਨੇਕਤਾ ਦਾ ਕੋਈ ਪ੍ਰਭਾਵ ਨਹੀਂ ਸਾਰੀ ਮਹਿਮਾ 'ਇਕ' ਦੀ ਹੈ। ਇਹ 'ਇਕ' ਆਪਣੀ ਸਤਾ ਨਾਲ ਅਨੇਕਤਾ ਨੂੰ ਸਤਿ ਵਸਤੂ ਦੇ ਵਿਚ ਵਿਖਾਉਂਦਾ ਹੋਇਆ ਆਪ ਇਸ ਅਨੇਕਤਾ ਦੇ ਪਰਦੇ ਵਿਚ ਛਿਪ ਕੇ ਇਸ ਅਨੇਕਤਾ ਨੂੰ ਚਲਾ ਰਿਹਾ ਹੈ। ਅਨੇਕਤਾ ਦੀ ਆਪਣੀ ਕੋਈ ਸਤਾ ਨਹੀਂ। ਇਹ 'ਇਕ' ਦੀ ਸੱਤਾ ਨਾਲ ਹੀ 'ਸਤਿ' ਹੈ। ਜੇਕਰ 'ਇਕ' ਅਨੇਕਤਾ ਤੋਂ ਵੱਖ ਹੋ ਜਾਏ ਤਾਂ ਅਨੇਕਤਾ ਦਾ ਕੋਈ ਅਰਥ ਹੀ ਨਹੀਂ ਰਹੇਗਾ। ਇਕ ਦੇ ਕਾਰਨ ਹੀ ਅਨੇਕਤਾ ਦੀ ਹੋਂਦ ਹੈ।[249] ਇਥੇ ਗਿਆਨੀ ਜੀ ਨੇ ਪਰਮਾਤਮਾ ਦੇ ਨਿਰਗੁਣ ਅਤੇ ਸਰਗੁਣ ਸਰੂਪ ਬਾਰੇ ਬਿਆਨ ਕੀਤਾ ਹੈ। ਭਾਵ ਪਰਮਾਤਮਾ ਦਾ ਇਕਤਵੀ ਸਰੂਪ ਨਿਰਗੁਣ ਹੈ ਅਤੇ ਸ੍ਰਿਸ਼ਟੀ ਰਚਨਾ ਉਸਦਾ ਸਰਗੁਣ ਸਰੂਪ ਹੈ। ਨਿਰਗੁਣ ਸਰੂਪ ਵਿਚ ਪਰਮਾਤਮਾ ਇਕ ਹੈ ਅਤੇ ਸਰਗੁਣ ਸਰੂਪ ਵਿਚ ਸ੍ਰਿਸ਼ਟੀ ਕਰਕੇ ਉਹ ਸਾਰੀ ਰਚਨਾ ਵਿਚ ਵਿਆਪਕ ਹੈ। ਓਅੰਕਾਰ ਦੇ ਨਾਲ ਲਗਾ ਇਕ ੧ ਸ੍ਰਿਸ਼ਟੀ ਵਿਚ ਇਕ ਦੀ ਵਿਆਪਕਤਾ ਨੂੰ ਬਿਆਨ ਕਰਦਾ ਹੈ। ਭਾਵ ਇਕ ਪਰਮਾਤਮਾ ਹੀ ਸਚ ਹੈ ਜੋ ਸ੍ਰਿਸ਼ਟੀ ਦੀ ਰਚਨਾ ਕਰਕੇ ਉਸਨੂੰ ਚਲਾ ਰਿਹਾ ਹੈ। ਪਰਮਾਤਮਾ ਤੋਂ ਬਿਨਾ ਸ੍ਰਿਸ਼ਟੀ ਦਾ ਆਪਣਾ ਕੋਈ ਅਸਤਿਤਵ ਨਹੀਂ। ੧ਓ ਕਿਸੇ ਹੋਰ ਧਰਮ 'ਚੋਂ ਨਹੀਂ ਲਿਆ ਗਿਆ ਸਗੋਂ ਗੁਰੂ ਨਾਨਕ ਪਾਤਸ਼ਾਹ ਦੁਆਰਾ ਬਖਸ਼ਿਆ ਨਿਵੇਕਲਾ ਸਿਧਾਂਤ ਹੈ।

ਉਪਰੋਕਤ ਵਿਚਾਰ ਦਾ ਸਾਰ ਇਹ ਹੈ ਕਿ ਗਿਆਨੀ ਜੀ ਨੇ ੧ਓ ਦੀ ਵਿਆਖਿਆ ਰਾਹੀਂ ਜਿਥੇ ਪਰਮਾਤਮਾ ਦੀ ਇਕਤਵੀ ਹੋਂਦ ਨੂੰ ਬਿਆਨ ਕੀਤਾ ਹੈ ਉਥੇ ਸਿੱਖ ਧਰਮ ਦੇ ਨਿਰਾਲੇਪਨ ਦੀ ਗੱਲ ਵੀ ਕੀਤੀ ਹੈ। ਹਿੰਦੂ ਧਰਮ ਵਿਚ ਓਅੰਕਾਰ ਦਾ ਭਾਵ ਬ੍ਰਹਮਾ, ਵਿਸ਼ਨੂੰ, ਮਹੇਸ਼ ਲਿਆ ਜਾਂਦਾ ਹੈ ਜਦਕਿ ਗੁਰਬਾਣੀ ਇਸ ਗੱਲ ਨੂੰ ਸਵੀਕਾਰ ਨਹੀਂ ਕਰਦੀ। ਗੁਰੂ ਸਾਹਿਬ ਨੇ ਓਅੰਕਾਰ ਦੇ ਨਾਲ ਏਕਾ ਲਗਾ ਕੇ ਇਕ ਨਵਾਂ ਸਿਧਾਂਤ ਪੇਸ਼ ਕੀਤਾ ਹੈ ਜਿਸਦਾ ਭਾਵ ਹੈ ਕਿ ਸਾਰੀ ਖੇਡ ਉਸ ਇਕ ਦੀ ਹੈ। ਤਿੰਨ ਦੇਵਤੇ (ਬ੍ਰਹਮਾ, ਵਿਸ਼ਨੂੰ, ਮਹੇਸ਼) ਪਰਮਾਤਮਾ ਦੀ ਆਗਿਆ ਅਨੁਸਾਰ ਕਾਰ ਕਰਦੇ ਹਨ। ਗਿਆਨੀ ਜੀ ਨੇ ਦਸਿਆ ਹੈ ਕਿ ਓਅੰਕਾਰ ਤੋਂ ਪਹਿਲਾਂ ਲਗਾ ੧ ਪਰਮਾਤਮਾ ਦੇ ਨਿਰਗੁਣ ਸਰੂਪ ਦਾ ਅਤੇ ਓਅੰਕਾਰ ਸਰਗੁਣ ਸਰੂਪ ਦਾ ਲਖਾਇਕ ਹੈ।

---

248 ਉਹੀ, ਅੰਗ ੧੨੮.

249 *ਗੁਰਮਤਿ ਪ੍ਰਕਾਸ਼*, ਫਰਵਰੀ 2008, ਪੰਨਾ 88.

ਪਰਮਾਤਮਾ ਆਪਣੇ ਸਰਗੁਣ ਸਰੂਪ ਭਾਵ ਸ੍ਰਿਸ਼ਟੀ ਵਿਚ ਵਿਆਪਕ ਹੈ। ਸ੍ਰਿਸ਼ਟੀ ਦੀ ਆਪਣੀ ਕੋਈ ਹੋਂਦ ਨਹੀਂ ਸਾਰੀ ਖੇਡ ਉਸ ਇਕ ਦੀ ਹੈ। ਇਕ ਹੀ ਅਨੇਕਤਾ ਵਿਚ ਭਾਸਦਾ ਹੈ।

**ਸਤਿਨਾਮੁ:** ਸਤਿਨਾਮੁ ਪਰਮਾਤਮਾ ਦੀ ਸਦੀਵੀ ਹਸਤੀ ਅਤੇ ਇਸਦੇ ਸਚ ਹੋਣ ਦਾ ਪ੍ਰਤੀਕ ਹੈ। ਗਿਆਨੀ ਜੀ ਨੇ 'ਸਤਿਨਾਮੁ' ਨੂੰ ਪਰਮਸਤਾ ਦਾ ਸੂਚਕ ਮੰਨਿਆ ਹੈ। ਅਸਲ ਵਿਚ ਓਅੰਕਾਰ ਤੋਂ ਲੈ ਕੇ ਅਜੂਨੀ ਸੈਭੰ ਤਕ ਸਾਰੇ ਪਦ ਪਰਮਾਤਮਾ ਦੇ ਸੂਚਕ ਹਨ ਅਤੇ ਉਸਦੇ ਨਿਰਗੁਣ ਅਤੇ ਸਰਗੁਣ ਸਰੂਪ ਦਾ ਪ੍ਰਗਟਾਵਾ ਕਰਦੇ ਹਨ ਜਿਵੇਂ 'ਪੁਰਖ', 'ਮੂਰਤਿ' ਸ਼ਬਦਾਂ ਤੋਂ ਪਰਮਾਤਮਾ ਦਾ ਸਰਗੁਣ ਸਰੂਪ ਪਰਗਟ ਹੁੰਦਾ ਹੈ ਅਤੇ ਇਨ੍ਹਾਂ ਸ਼ਬਦਾਂ ਤੋਂ ਪਹਿਲਾਂ 'ਕਰਤਾ' ਅਤੇ 'ਅਕਾਲ' ਅਕਾਲਪੁਰਖ ਦੇ ਨਿਰਗੁਣ ਸਰੂਪ ਦਾ ਸੂਚਕ ਹਨ। ਗਿਆਨੀ ਜੀ ਨੇ *ਜਪੁ ਜੀ ਸਾਹਿਬ ਸਟੀਕ* ਵਿਚ 'ਸਤਿਨਾਮੁ' ਸ਼ਬਦ ਨੂੰ ਇਕੱਠਾ ਦਸਿਆ ਹੈ ਪਰ ਅਰਥ ਕਰਨ ਵੇਲੇ 'ਸਤਿ' ਅਤੇ 'ਨਾਮ' ਦੋਹਾਂ ਪਦਾਂ ਨੂੰ ਵਖਰੇ-ਵਖਰੇ ਵੰਡ ਦਿਤਾ ਹੈ। ਗਿਆਨੀ ਜੀ ਅਨੁਸਾਰ ਸਤਿ ਅਤੇ ਨਾਮ ਸੰਯੁਕਤ ਰੂਪ ਵਿਚ ਹੈ। ਸਤਿ ਦਾ ਅਰਥ 'ਸਦੀਵੀ ਸਤਾ ਬਖਸ਼ਣ ਵਾਲਾ ਸਚ ਦਾ ਆਸਰਾ ਰੂਪ ਸਦੀਵ ਇਕ ਰਸ ਰਹਿਣ ਵਾਲਾ' ਕਰਦੇ ਹਨ ਅਤੇ ਨਾਮ ਦਾ ਅਰਥ 'ਅਪੂਰਬ ਵਸਤੂ (ਪ੍ਰਮਤਤ ਅਸਚਰਜ ਰੂਪ)' ਕਰਦੇ ਹਨ।[250] ਮੂਲਮੰਤ੍ਰ ਤੋਂ ਅਗਲਾ ਸਲੋਕ ਸਤਿ ਦਾ ਵਿਸਤਾਰ ਨਾਲ ਨਿਰੂਪਨ ਕਰਦਾ ਹੈ ਕਿ ਯੁਗਾਂ ਦੀ ਹੋਂਦ ਤੋਂ ਪਹਿਲਾਂ ਵੀ ਸਤਿ ਸੀ। ਯੁਗਾਂ ਦੇ ਆਰੰਭ ਵਿਚ ਵੀ ਸਤਿ ਸੀ। ਹੁਣ ਵੀ (ਵਰਤਮਾਨ) ਸਤਿ ਹੈ। ਅਗੇ ਭਵਿੱਖ ਵਿਚ ਵੀ ਸਤਿ ਰਹੇਗਾ।[251] ਗੁਰਬਾਣੀ ਦਾ ਫ਼ੁਰਮਾਣ ਹੈ:

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥[252]

ਗਿਆਨੀ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਜਿਸ 'ਸਤਿ' ਤੋਂ ਜਾਣੂ ਕਰਵਾਇਆ ਉਸ ਨੂੰ 'ਨਾਮ' ਕਿਹਾ ਹੈ। ਨਾਮ ਸਰਵ ਵਿਆਪਕ ਹੈ। ਨਾਮ ਤੋਂ ਬਿਨਾਂ ਕੋਈ ਥਾਂ ਖਾਲੀ ਨਹੀਂ ਹੈ। ਗੁਰਬਾਣੀ ਦਾ ਫ਼ੁਰਮਾਣ ਹੈ:

ਜੇਤਾ ਕੀਤਾ ਤੇਤਾ ਨਾਉ॥
ਵਿਣੁ ਨਾਵੈ ਨਾਹੀ ਕੋ ਥਾਉ॥[253]

ਗਿਆਨੀ ਜੀ ਨੇ ਗੁਰਮਤਿ ਵਿਚ ਨਾਮ ਦੀ ਵਿਲੱਖਣਤਾ ਨੂੰ ਬਿਆਨ ਕਰਦੇ ਹੋਏ ਦਸਿਆ ਹੈ ਕਿ ਛੇ ਸ਼ਾਸਤਰ ਸੰਸਾਰੀ ਕਰਮ ਕਾਂਡ ਦੱਸਣ ਤੋਂ ਬਾਅਦ ਚੁੱਪ ਹੋ ਜਾਂਦੇ ਹਨ। ਨਿਰਾਕਾਰ ਦੇ ਨਾਮ ਤੋਂ ਅਗਿਆਤ ਹਨ। ਇਸ ਕਰਕੇ ਗੁਰਬਾਣੀ ਨੇ ਸ਼ਾਸਤਰਾਂ ਨੂੰ ਸੰਸਾਰਕ ਵਰਤਾਰੇ ਤੋਂ ਅਗੇ ਨਹੀਂ ਮੰਨਿਆ। ਗੁਰਬਾਣੀ ਨੇ ਗੁਰੂ ਕੇ ਸ਼ਬਦ ਨੂੰ ਅਗੰਮ, ਅਪਾਰ ਦਸਿਆ ਹੈ, ਜੋ ਮੋਖਸ਼ ਦਾ ਘਰ ਹੈ। ਨਾਮ ਦੇ ਸਿਮਰਨ ਨਾਲ ਹਿਰਦੇ

---

250 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 53.

251 ਉਹੀ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 161.

252 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧.

253 ਉਹੀ, ਅੰਗ ੪.

ਵਿਚ ਸਤਿ ਦਾ ਨਿਵਾਸ ਹੁੰਦਾ ਹੈ। ਮਨ ਨਿਰਮਲ ਹੋ ਕੇ ਨਿਰਾਕਾਰ ਨਾਲ ਜੁੜ ਜਾਂਦਾ ਹੈ। ਇਸ ਕਰਕੇ ਛੇ ਸ਼ਾਸਤਰਾਂ ਤੋਂ ਗੁਰੂ ਕਾ ਸ਼ਬਦ ਉਪਰ ਹੈ।[254]

ਸਪਸ਼ਟ ਹੈ ਕਿ ਸਤਿਨਾਮ ਦੀ ਵਿਆਖਿਆ ਰਾਹੀਂ ਗਿਆਨੀ ਜੀ ਨੇ ਪਰਮਾਤਮਾ ਦੀ ਸਦੀਵੀ ਸਤਾ ਨੂੰ ਬਿਆਨ ਕੀਤਾ ਹੈ ਜਿਸਦਾ ਭਾਵ ਹੈ ਕਿ ਪਰਮਾਤਮਾ ਥਿਰ ਰਹਿਣ ਵਾਲੀ ਹਸਤੀ ਹੈ ਬਾਕੀ ਸਭ ਚਲਾਇਮਾਨ ਹੈ। ਗੁਰਮਤਿ ਵਿਚ ਪਰਮਾਤਮਾ ਦੇ ਨਾਮ ਨੂੰ ਸਰਵਉਚ ਕਿਹਾ ਹੈ। ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਹੀ ਮਨੁਖ ਉਸ ਵਿਚ ਅਭੇਦ ਹੋ ਸਕਦਾ ਹੈ।

**ਕਰਤਾਪੁਰਖ**: ਗੁਰਬਾਣੀ ਵਿਚ ਅਕਾਲਪੁਰਖ ਦੀ ਏਕਤਾ ਅਤੇ ਸਤਿਤਾ ਤੋਂ ਬਾਅਦ ਅਕਾਲਪੁਰਖ ਨੂੰ ਕਰਤਾ ਕਿਹਾ ਗਿਆ ਹੈ। ਭਾਵ ਪਰਮਾਤਮਾ ਸ੍ਰਿਸ਼ਟੀ ਦਾ ਕਰਤਾ ਹੈ। ਭਾਰਤੀ ਪਰੰਪਰਾ ਅਨੁਸਾਰ ਸ੍ਰਿਸ਼ਟੀ ਦੀ ਪੈਦਾਇਸ਼, ਪਾਲਣਾ ਅਤੇ ਸੰਘਾਰਣਾ ਤਿੰਨ ਦੇਵਤਿਆਂ ਦੇ ਹਥ ਵਿਚ ਹੈ ਪ੍ਰੰਤੂ ਗੁਰਮਤਿ ਅਨੁਸਾਰ ਸਾਰੇ ਕਾਰਨਾਂ ਦਾ ਕਾਰਨ ਅਕਾਲਪੁਰਖ ਆਪ ਹੈ। ਉਸ ਤੋਂ ਬਿਨਾਂ ਸ੍ਰਿਸ਼ਟੀ ਰਚਨਾ ਦਾ ਦੂਜਾ ਹੋਰ ਕੋਈ ਕਾਰਨ ਨਹੀਂ:

ਕਰਣ ਕਾਰਣ ਪ੍ਰਭ ਏਕੁ ਹੈ ਦੂਸਰ ਨਾਹੀ ਕੋਇ॥[255]

ਕਰਤਾ ਪੁਰਖ ਦੀ ਵਿਆਖਿਆ ਕਰਦੇ ਗਿਆਨੀ ਜੀ 'ਕਰਤਾ' ਦੇ ਅਰਥ 'ਸਰਬ ਵਿਸ੍ਵ (ਮਨੁਖ, ਪਸੂ, ਬਨਿਸਪਤੀ, ਤਤਾਂ, ਅਣੂਆਂ, ਪ੍ਰਮਾਣੂਆਂ) ਦਾ ਕਰਤਾ, ਰਚਨਾ ਕਰਨ ਵਾਲਾ, ਕਰਨ ਕਾਰਨ, ਉਤਪਤੀ ਕਰਨ ਵਾਲਾ ਕਰਦੇ ਹਨ ਅਤੇ 'ਪੁਰਖੁ' ਦੇ ਅਰਥ 'ਸੁਧ ਬ੍ਰਹਮ ਮਾਇਆ (ਅਵਿਦਿਆ) ਤੋਂ ਨਿਰਵਿਕਾਰ (ਅਲੇਪ) ਚੇਤਨ, ਸੁਧ ਸਰੂਪ, ਸਰਬ ਵਿਸ੍ਵ ਵਿਖੇ ਵਿਆਪਕ' ਕਰਦੇ ਹਨ।[256] ਭਾਵ ਵਿਸ਼ਵ ਦਾ ਕਰਤਾ ਅਕਾਲਪੁਰਖ ਆਪ ਹੈ ਜੋ ਮਾਇਆ ਤੋਂ ਨਿਰਲੇਪ ਹੈ। ਅਕਾਲਪੁਰਖ ਦੇ ਕਰਤਾ ਪਖ ਦੀ ਵਿਆਖਿਆ ਕਰਦੇ ਗਿਆਨੀ ਜੀ ਨੇ ਹੋਰਨਾਂ ਮਤਾਂ ਨਾਲੋਂ ਗੁਰਮਤਿ ਦੀ ਵਿਲੱਖਣਤਾ ਨੂੰ ਪ੍ਰਗਟਾਇਆ ਹੈ। ਗਿਆਨੀ ਜੀ ਅਨੁਸਾਰ ਅਣੂਵਾਦੀ ਅਣੂਆਂ-ਪ੍ਰਮਾਣੂਆਂ ਦੇ ਮੇਲ ਨਾਲ ਸ੍ਰਿਸ਼ਟੀ ਦੀ ਹੋਂਦ ਮੰਨਦੇ ਹਨ ਉਨ੍ਹਾਂ ਦਾ ਵਿਚਾਰ ਹੈ ਕਿ ਧਰਤੀ, ਹਵਾ, ਪਾਣੀ, ਅਗਨੀ ਦੇ ਸੰਪਰਕ ਨਾਲ ਜਗਤ ਦੀ ਹੋਂਦ ਕਾਇਮ ਹੋਈ। ਨਯਾਯ, ਵੇਸ਼ੈਸ਼ਕ ਅਤੇ ਮੀਮਾਂਸਾ ਸ਼ਾਸਤਰ ਵੀ ਇਸੇ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ। ਵੇਦਾਂਤ ਅਨੁਸਾਰ ਬ੍ਰਹਮ ਮਾਇਆ ਦੁਆਰਾ ਈਸ਼ਵਰ ਨੂੰ ਪੈਦਾ ਕਰਕੇ ਰਚਨਾ ਕਰਨ ਵਿਚ ਸਬਲ ਹੁੰਦਾ ਹੈ।[257] ਗਿਆਨੀ ਜੀ ਗੁਰਮਤਿ ਵਿਚ ਪਰਮਾਤਮਾ ਦੇ ਕਰਤਾ ਪੱਖ ਨੂੰ ਹੋਰਨਾਂ ਮੱਤਾਂ ਨਾਲੋਂ ਨਿਖੇੜਦੇ ਲਿਖਦੇ ਹਨ ਕਿ ਸ੍ਰਿਸ਼ਟੀ ਦੀ ਸਿਰਜਣਾ ਨਾ ਅਣੂਆਂ/ਪ੍ਰਮਾਣੂਆਂ ਤੋਂ ਹੋਈ ਹੈ, ਨਾ ਪ੍ਰਕ੍ਰਿਤੀ ਪੁਰਸ਼ ਦੇ ਸੰਪਰਕ ਨਾਲ ਹੋਂਦ ਵਿਚ ਆਈ ਹੈ, ਨਾ ਮਾਇਆ ਨੇ ਸਿਰਜੀ ਹੈ। ਸ੍ਰਿਸ਼ਟੀ

---

254 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 87.

255 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨੭੬.

256 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 54.

257 ਉਹੀ, *ਗੁਰਬਾਣੀ-ਵੇਦਾਂਤ ਨਿਰਣੈ*, ਪੰਨਾ 112.

ਦਾ ਕਰਤਾ 'ਕਰਤਾ ਪੁਰਖ' ਹੈ।[258] ਗੁਰਬਾਣੀ ਅਨੁਸਾਰ ਜਗਤ ਅਕਾਲਪੁਰਖ ਦੀ ਸਿਰਜਣਾ ਹੈ। ਆਪਣੀ ਰਚਨਾ ਵੇਖ ਕੇ ਵਾਹਿਗੁਰੂ ਆਪ ਵੀ ਅਨੰਦਿਤ ਹੋ ਰਿਹਾ ਹੈ। ਗੁਰਬਾਣੀ ਦਾ ਫੁਰਮਾਣ ਹੈ:

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥[259]

ਗੁਰਬਾਣੀ ਵਿਚ ਸ੍ਰਿਸ਼ਟੀ ਦਾ ਕਰਤਾ ਅਕਾਲ ਪੁਰਖ ਨੂੰ ਮੰਨਿਆ ਹੈ। ਗਿਆਨੀ ਜੀ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਕਰਨ ਲਈ ਪਰਮਾਤਮਾ ਸੁਤੰਤਰ ਹੈ ਅਤੇ ਉਸ ਦੇ ਹੁਕਮ ਵਿਚ ਸ੍ਰਿਸ਼ਟੀ ਦੀ ਰਚਨਾ ਹੋਈ ਹੈ। ਗਿਆਨੀ ਜੀ ਗੁਰਬਾਣੀ ਦਾ ਹਵਾਲਾ ਦੇ ਕੇ ਸ਼ੰਕਰ ਦੇ ਵਿਚਾਰ ਦਾ ਖੰਡਨ ਕਰਦੇ ਹੋਏ ਕਹਿੰਦੇ ਹਨ ਕਿ ਸ੍ਰਿਸ਼ਟੀ ਦਾ ਕਰਤਾ ਕਰਤਾ ਪੁਰਖ ਹੈ। ਕੋਈ ਮਾਇਆ ਛਾਇਆ ਨਹੀਂ, ਸਰਬ ਸ਼ਕਤੀਮਾਨ ਨਿਰੰਕਾਰ ਨੂੰ ਵਿਸ਼ੇਸ਼ ਸਬਲ ਹੋਣ ਦੀ ਲੋੜ ਨਹੀਂ। ਨਿਰੰਜਨ (ਨਿਰ-ਅੰਜਨ) ਨੂੰ ਮਾਇਆ ਦੀ ਕਾਲਖ ਨਾਲ ਦੂਸ਼ਤ ਹੋਣ ਦੀ ਲੋੜ ਨਹੀਂ। ਗੁਰਬਾਣੀ ਨੇ ਸਰਬ ਸ਼ਕਤੀਮਾਨ ਸਰਬੱਗ ਨਿਰਾਕਾਰ ਦੀ ਮਹਿਮਾ ਸਰਬ ਸ੍ਰਿਸ਼ਟੀਕਰਤਾ ਕਰਤਾ ਪੁਰਖ ਨੂੰ ਦਸ ਕੇ ਨਿਰਣੈ ਕਰ ਦਿਤਾ।[260]

ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥[261]

ਗਿਆਨੀ ਜੀ ਅਨੁਸਾਰ, 'ਗੁਰਬਾਣੀ ਦਾ ਈਸ਼੍ਵਰ ਸਰਬਗ ਹੈ, ਸੁਤੰਤਰ ਹੈ, ਸਰਬ ਬ੍ਰਹਿਮੰਡ ਦਾ ਕਰਤਾ ਸ੍ਵਾਮੀ ਹੈ। ਜਿਸ ਤਰ੍ਹਾਂ ਈਸ਼੍ਵਰ ਨੇ ਸਾਰਾ ਪਸਾਰਾ ਕੀਤਾ ਹੈ, ਉਸੇ ਤਰ੍ਹਾਂ ਮਾਇਆ ਨੂੰ ਵੀ ਪੈਦਾ ਕੀਤਾ ਹੈ।' ਗਿਆਨੀ ਜੀ ਦੇ ਵਿਚਾਰ ਤੋਂ ਸਪੱਸ਼ਟ ਹੈ ਕਿ ਸ੍ਰਿਸ਼ਟੀ ਰਚਨਾ ਕੇਵਲ ਪਰਮਾਤਮਾ ਹੀ ਕਰਦਾ ਹੈ। ਉਹ ਨਾ ਤਾਂ ਕਿਸੇ ਦੂਸਰੀ ਸ਼ਕਤੀ ਦਾ ਆਸਰਾ ਲੈਂਦਾ ਹੈ ਤੇ ਨਾ ਹੀ ਕਿਸੇ ਦੇ ਅਧੀਨ ਹੋ ਕੇ ਚਲਦਾ ਹੈ। ਜਗਤ ਦਾ ਪਸਾਰਾ ਉਸੇ ਦਾ ਹੀ ਹੈ। ਗੁਰੂ ਨਾਨਕ ਦੇਵ ਜੀ ਨੇ ਇਸੇ ਵਿਚਾਰ ਨੂੰ ਮਾਝ ਦੀ ਵਾਰ ਵਿਚ ਇਨ੍ਹਾਂ ਸ਼ਬਦਾਂ ਰਾਹੀਂ ਬਿਆਨ ਕੀਤਾ ਹੈ:

ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲ ਤੁਮਾਤੀ॥[262]

ਗੁਰਮਤਿ ਨੇ ਪਰਮਾਤਮਾ ਦੁਆਰਾ ਰਚੀ ਸ੍ਰਿਸ਼ਟੀ ਨੂੰ ਸਚ ਮੰਨਿਆ ਹੈ। ਗਿਆਨੀ ਜੀ ਅਨੁਸਾਰ ਗੁਰੂ ਸਾਹਿਬ ਨੇ ਪੁਰਾਣੀ ਮਿਥਿਆਵਾਦੀ ਪਰੰਪਰਾ ਨੂੰ ਤੋੜ ਕੇ ਜਗਤ ਨੂੰ 'ਸੱਚੇ ਦੀ ਕੋਠੜੀ' ਕਿਹਾ ਹੈ ਅਤੇ

---

258 ਉਹੀ, ਪੰਨਾ 113.

259 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੬੩.

260 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ-ਵੇਦਾਂਤ ਨਿਰਣੈ*, ਪੰਨਾ 114.

261 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੯੪.

262 ਉਹੀ, ਪੰਨਾ ੧੩੮.

ਦਸਿਆ ਹੈ ਕਿ ਵਾਹਿਗੁਰੂ ਸਤਿ ਹੈ ਅਤੇ ਉਸਦੀ ਰਚਨਾ ਵੀ ਸਤ ਹੈ। ਨਾਨਕ ਸਚੇ ਕੀ ਸਾਚੀ ਕਾਰ॥ ਮਨੁਖਤਾ ਨੂੰ ਸਚ ਦਾ ਉਪਦੇਸ਼ ਦੇ ਕੇ ਸਚ ਨਾਲ ਜੋੜਿਆ।[263]

ਆਪਿ ਸਤਿ ਕੀਆ ਸਭੁ ਸਤਿ॥
ਤਿਸੁ ਪ੍ਰਭ ਤੇ ਸਗਲੀ ਉਤਪਤਿ॥[264]

ਇਸ ਤਰ੍ਹਾਂ ਗਿਆਨੀ ਜੀ ਦੇ ਵਿਚਾਰ ਤੋਂ ਸਪਸ਼ਟ ਹੈ ਕਿ ਪਰਮਾਤਮਾ ਵਿਸ਼ਵ ਦਾ ਕਰਤਾ ਹੈ। ਉਸਨੇ ਸ੍ਰਿਸ਼ਟੀ ਦੀ ਰਚਨਾ ਆਪ ਕੀਤੀ ਹੈ। ਗਿਆਨੀ ਜੀ ਨੇ ਹੋਰਨਾਂ ਮਤਾਂ ਨਾਲੋਂ ਗੁਰਮਤਿ ਦੀ ਵਿਲੱਖਣਤਾ ਬਿਆਨ ਕੀਤੀ ਹੈ। ਹੋਰਨਾਂ ਮਤਾਂ ਨੇ ਸ੍ਰਿਸ਼ਟੀ ਰਚਨਾ ਸੰਬੰਧੀ ਆਪੋ-ਆਪਣੇ ਵਿਚਾਰ ਪੇਸ਼ ਕੀਤੇ ਹਨ। ਸਾਂਖ ਨੇ ਪੁਰਸ਼ ਪ੍ਰਕ੍ਰਿਤੀ ਦੇ ਮੇਲ ਤੋਂ ਸ੍ਰਿਸ਼ਟੀ ਰਚਨਾ ਮੰਨੀ ਹੈ ਅਤੇ ਅਦ੍ਵੈਤ ਵੇਦਾਂਤ ਨੇ ਸ੍ਰਿਸ਼ਟੀ ਰਚਨਾ ਦਾ ਕਾਰਣ ਮਾਇਆ ਨੂੰ ਮੰਨਿਆ ਹੈ। ਗਿਆਨੀ ਜੀ ਨੇ ਦਸਿਆ ਹੈ ਕਿ ਗੁਰਮਤਿ ਅਨੁਸਾਰ ਸ੍ਰਿਸ਼ਟੀ ਰਚਨਾ ਦਾ ਕਾਰਣ ਮਾਇਆ ਨਹੀਂ ਸਗੋਂ ਪਰਮਾਤਮਾ ਆਪ ਹੈ। ਸ੍ਰਿਸ਼ਟੀ ਰਚਨਾ ਪਰਮਾਤਮਾ ਦੇ ਹੁਕਮ ਵਿਚ ਹੋਈ ਹੈ। ਅਕਾਲਪੁਰਖ ਆਪ ਵੀ ਸਚਾ ਹੈ ਅਤੇ ਉਸਦੀ ਰਚਨਾ ਵੀ ਸਚੀ ਹੈ।

**ਨਿਰਭਉ/ਨਿਰਵੈਰ:** ਗਿਆਨੀ ਜੀ ਅਨੁਸਾਰ ਪਰਮਾਤਮਾ ਸਦੀਵ ਕਾਲ ਤੋਂ ਭਉ ਅਤੇ ਵੈਰ ਭਾਵਨਾ ਤੋਂ ਰਹਿਤ ਹੈ।[265] ਉਹ ਨਿਰਭਉ ਤੇ ਨਿਰਵੈਰ ਹੈ। ਡਰ ਵਿਨਾਸ਼ ਤੋਂ ਹੁੰਦਾ ਹੈ। ਕਾਲ ਦਾ ਭੈ ਸਭ ਦੇ ਸਿਰ ਉਤੇ ਹੈ ਪਰ ਕਰਤਾਪੁਰਖੁ ਅਬਿਨਾਸ਼ੀ ਹੋਣ ਕਰਕੇ ਉਤਪਤੀ ਤੇ ਵਿਨਾਸ਼ ਦਾ ਮਾਲਕ ਹੈ। ਡਰ ਹਮੇਸ਼ਾ ਆਪਣੇ ਨਾਲੋਂ ਕਿਸੇ ਵਖਰੀ ਸ਼ਕਤੀ ਦਾ ਹੁੰਦਾ ਹੈ ਜਿਸ ਅਗੇ ਲੇਖਾ ਦੇਣਾ ਪਵੇ ਪਰ ਨਿਰਭਉ ਜੀ ਤਾਂ ਆਪ ਹੀ ਅਕਾਲ ਪੁਰਖੁ ਤੇ ਅਲੇਖ ਹਨ। ਬਾਕੀ ਸਾਰੀ ਰਚਨਾ ਨਿਰਭਉ ਦੇ ਭੈ ਵਿਚ ਹੈ।[266] ਵੈਰ ਜਾਂ ਲੜਾਈ ਝਗੜਾ ਵੀ ਦੂਜੇ ਨਾਲ ਹੀ ਹੁੰਦਾ ਹੈ। ਜਦੋਂ ਇਕੋ ਇਕ ਹੋਵੇ ਤਾਂ ਵਿਰੋਧ ਕਿਸ ਨਾਲ। ਨਿਰਵੈਰ ਜੀ ਤੋਂ ਬਿਨਾਂ ਸਭ ਵੈਰ ਵਿਰੋਧ ਵਿਚ ਹਨ।[267] ਜੋ ਮਨੁਖ ਨਿਰਭਉ ਅਕਾਲ ਪੁਰਖ ਨੂੰ ਜਪਦਾ ਹੈ, ਉਸਦਾ ਸਾਰਾ ਡਰ ਮਿਟ ਜਾਂਦਾ ਹੈ। ਨਿਰਵੈਰ ਪਰਮਾਤਮਾ ਦੇ ਭਗਤ ਵੀ ਵੈਰ ਰਹਿਤ ਹੁੰਦੇ ਹਨ। ਉਨ੍ਹਾਂ ਦੇ ਹਿਰਦੇ ਵਿਚ ਕਿਸੇ ਲਈ ਵੈਰ ਭਾਵਨਾ ਨਹੀਂ ਹੁੰਦੀ।

ਪਾਰਬ੍ਰਹਮ ਕੇ ਭਗਤ ਨਿਰਵੈਰ॥[268]

ਇਸ ਤਰ੍ਹਾਂ ਸਪੱਸ਼ਟ ਹੈ ਕਿ ਅਕਾਲਪੁਰਖ ਨੂੰ ਕਿਸੇ ਦਾ ਡਰ ਨਹੀਂ ਅਤੇ ਨਾ ਹੀ ਉਸਦਾ ਕਿਸੇ ਨਾਲ ਵੈਰ ਹੈ।

**ਅਕਾਲ ਮੂਰਤਿ:** ਕਾਲ ਦਾ ਭਾਵ ਹੈ ਸਮਾਂ। ਗਿਆਨੀ ਜੀ ਅਕਾਲ ਮੂਰਤਿ ਦਾ ਅਰਥ ਕਾਲ ਤੋਂ ਰਹਿਤ, ਹੋਂਦ ਵਾਲਾ[269] ਕਰਦੇ ਹਨ। ਭਾਵ ਉਹ ਹੋਂਦ ਜਿਸ ਤੇ ਕਾਲ ਦਾ ਅਸਰ ਨਹੀਂ ਹੁੰਦਾ। ਗੁਰਬਾਣੀ ਵਿਚ ਪਰਮਾਤਮਾ

---

263 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ-ਵੇਦਾਂਤ ਨਿਰਣੈ*, ਪੰਨਾ 114.

264 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨੮੪.

265 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 55.

266 ਗਿਆਨੀ ਹਰਬੰਸ ਸਿੰਘ, *ਦਰਸ਼ਨ ਨਿਰਣੈ ਸਟੀਕ (ਭਾਗ ਪਹਿਲਾ)*, ਪੰਨਾ 71.

267 ਉਹੀ, ਪੰਨਾ 72.

268 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੪੫.

269 ਉਹੀ, ਅੰਗ ੫੫.

ਕਾਲ ਦੀ ਹਦ ਤੋਂ ਪਰ੍ਹੇ ਹੈ। ਕਾਲ ਦੇ ਹਦ ਬੰਨੇ ਵਿਚ ਮਨੁਖ ਹੈ, ਪਰਮਾਤਮਾ ਨਹੀਂ। ਭਾਈ ਵੀਰ ਸਿੰਘ ਅਨੁਸਾਰ ਅਕਾਲ ਤੋਂ ਭਾਵ ਉਹ ਹੋਂਦ ਜਿਹੜੀ ਕਾਲ ਦੇ ਅਸਰ ਹੇਠ ਨਹੀਂ, ਜਿਸਦਾ ਵਿਨਾਸ਼ ਕਾਲ ਨਹੀਂ ਕਰ ਸਕਦਾ।[270] ਅਕਾਲ ਕਹਿ ਕੇ ਮੂਰਤਿ ਪਦ ਨਾਲ ਲਿਖਣਾ ਇਸ ਵਾਸਤੇ ਸਹੀ ਹੁੰਦਾ ਹੈ ਕਿ ਅਕਾਲ ਹੋਣ ਕਰਕੇ ਉਹ ਆਪ ਅਣਹੋਂਦ ਨਹੀਂ ਹੋ ਜਾਂਦਾ।[271] ਇਸ ਤਰ੍ਹਾਂ ਇਹ ਪਰਮਾਤਮਾ ਦਾ ਗੁਣ ਹੈ ਕਿ ਉਸ ’ਤੇ ਸਮੇਂ ਦਾ ਅਸਰ ਨਹੀਂ ਹੁੰਦਾ। ਉਹ ਅਕਾਲ ਮੂਰਤਿ ਹੈ।

**ਅਜੂਨੀ ਸੈਭੰ**: ਪਰਮਾਤਮਾ ਨੂੰ ਗੁਰਬਾਣੀ ਵਿਚ ਅਜੂਨੀ  ਕਿਹਾ ਗਿਆ ਹੈ। ਉਹ ਜੂਨਾਂ ਵਿਚ ਨਹੀਂ ਆਉਂਦਾ ਭਾਵ ਜਨਮ ਮਰਨ ਤੋਂ ਰਹਿਤ ਹੈ। ਗਿਆਨੀ ਜੀ ਅਜੂਨੀ ਦਾ ਅਰਥ ‘ਆਵਾਗਵਨ ਦੇ ਚਕਰ ਤੋਂ ਰਹਿਤ’ ਕਰਦੇ ਹਨ।[272] ਗੁਰੂ ਸਾਹਿਬ ਨੇ ਪਰਮਾਤਮਾ ਨੂੰ ਅਜੂਨੀ ਤੋਂ ਅਗੇ ‘ਸੈਭੰ’ ਕਿਹਾ ਹੈ। ਇਹ ਸੰਸਕ੍ਰਿਤ ਦਾ ਸ਼ਬਦ ਹੈ ਅਤੇ ਇਸਦੇ ਅਰਥ ਸ੍ਵਯਮ ਭਾਵ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੋਣ ਵਾਲਾ, ਅਥਵਾ ਜੋ ਕਿਸੇ ਤੋਂ ਨਹੀਂ ਬਣਿਆ। ਗਿਆਨੀ ਜੀ ਵੀ ਸੈਭੰ ਦਾ ਅਰਥ ‘ਸ੍ਵਯੰਭਵੰ (ਸ੍ਵੈ) ਆਪਣੇ ਆਪ ਤੋਂ ਪ੍ਰਗਟ ਰੂਪ’ ਕਰਦੇ ਹਨ। ਇਸਦੀ ਵਿਆਖਿਆ ਗਿਆਨੀ ਜੀ ਗੁਰਬਾਣੀ ਦੀਆਂ ਇਨ੍ਹਾਂ ਪੰਕਤੀਆਂ ਦੁਆਰਾ ਕਰਦੇ ਹਨ:

ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ॥[273]

ਪਾਰਬ੍ਰਹਮ ਆਜੋਨੀ ਸੰਭਉ॥[274]

ਭਾਵ ਪਰਮਾਤਮਾ ਅਜੂਨੀ ਹੈ, ਆਵਾਗਵਨ ਦੇ ਚਕਰ ਤੋਂ ਮੁਕਤ ਹੈ। ਉਸਦੇ ਦੇ ਜਨਮ ਦਾ ਕੋਈ ਕਾਰਣ ਨਹੀਂ ਹੈ, ਉਹ ਸੈਭੰ ਹੈ ਭਾਵ ਆਪਣੇ ਤੋਂ ਪ੍ਰਗਟ ਹੋਇਆ ਹੈ। ਪਰਮਾਤਮਾ ਆਪਣੇ ਆਪ ਹੋਂਦ ਵਿਚ ਆਇਆ ਹੈ। ਇਹ ਸੈਭੰ ਹੈ। ਇਸ ਵਿਚਾਰ ਨੂੰ ਗੁਰੂ ਸਾਹਿਬ ਨੇ ਜਪੁ ਜੀ ਵਿਚ **ਥਾਪਿਆ ਨ ਜਾਇ ਕੀਤਾ ਨਾ ਹੋਇ॥ ਆਪੇ ਆਪਿ ਨਿਰੰਜਨ ਸੋਇ॥** ਕਹਿ ਕੇ ਸਪੱਸ਼ਟ ਕੀਤਾ ਹੈ।

**ਗੁਰਪ੍ਰਸਾਦਿ**: ਗੁਰਪ੍ਰਸਾਦਿ ਦੇ ਅਰਥ ਕਰਦੇ ਗਿਆਨੀ ਜੀ ਲਿਖਦੇ ਹਨ ‘ਪ੍ਰਕਾਸ਼ ਸਰੂਪ ਸੁਧ ਬ੍ਰਹਮ ਅਵਿਦਿਆ (ਅਗਿਆਨਤਾ) ਨੂੰ ਆਪਣੇ ਅਪੂਰਬ ਪ੍ਰਮ ਕ੍ਰਿਪਾਲਤਾ ਭਰੇ ਗਿਆਨ ਦਵਾਰੇ ਮਿਟਾ ਦੇਣ ਵਾਲਾ, ਸਮੂਹ ਸਮੇਂ ਅਗੰਮੀ ਸਿਖਿਆ ਦੇਣ ਵਾਲਾ’।[275] ਭਾਵ ਪਰਮਾਤਮਾ ਆਪਣੀ ਅਪੂਰਵ ਕ੍ਰਿਪਾ ਰਾਹੀਂ ਮਨੁਖ ਦੀ ਅਗਿਆਨਤਾ ਦੂਰ ਕਰ ਦਿੰਦਾ ਹੈ ਜਿਸ ਨਾਲ ਮਨੁਖ ਨੂੰ ਪਰਮਾਤਮਾ ਦਾ ਗਿਆਨ ਹੋ ਜਾਂਦਾ ਹੈ। ਭਾਵ ਗੁਰੂ ਦੀ ਕਿਰਪਾ ਦੁਆਰਾ ਹੀ ਮਨੁਖ ਦੀ ਅਗਿਆਨਤਾ ਦੂਰ ਹੁੰਦੀ ਹੈ ਅਤੇ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ।

---

270 ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ)*, ਪੰਨਾ 27.

271 ਉਹੀ, ਪੰਨਾ 28.

272 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 55.

273 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੯.

274 ਉਹੀ, ਅੰਗ ੧੨੧੨.

275 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 56.

ਮੂਲ ਮੰਤ੍ਰ ਦੀ ਵਿਆਖਿਆ ਤੋਂ ਬਿਨਾਂ ਗਿਆਨੀ ਜੀ ਨੇ ਪਰਮਾਤਮਾ ਦੇ ਸਰੂਪ ਸੰਬੰਧੀ ਹੋਰ ਵੀ ਵਿਚਾਰ ਪੇਸ਼ ਕੀਤੇ ਹਨ। ਪਰਮਾਤਮਾ ਦਾ ਜੀਵ ਨਾਲ ਕੀ ਸੰਬੰਧ ਹੈ? ਇਸਦੇ ਉਤਰ ਵਿਚ ਗਿਆਨੀ ਜੀ ਕਹਿੰਦੇ ਹਨ ਗੁਰਬਾਣੀ ਜੀਵ ਨੂੰ ਪਰਮਾਤਮਾ ਦੀ ਅੰਸ਼ ਮੰਨਦੀ ਹੈ। ਸਾਰੇ ਜੀਵਾਂ ਵਿਚ ਅਕਾਲਪੁਰਖ ਦਾ ਨਿਵਾਸ ਹੈ। ਉਹ ਰੋਮ-ਰੋਮ ਵਿਚ ਰਮਿਆ ਹੈ ਜਿਵੇਂ ਵਨਸਪਤੀ ਵਿਚ ਅਗਨਿ ਸਮਾਈ ਹੋਈ ਹੈ, ਜਿਵੇਂ ਦੁਧ ਵਿਚ ਘਿਉ ਸਮਾਇਆ ਹੋਇਆ ਹੈ, ਇਸ ਤਰ੍ਹਾਂ ਜਲ-ਥਲ, ਤ੍ਰਿਣ-ਬਣ, ਵਨਸਪਤੀ ਅਤੇ ਕੀੜੀ ਤੋਂ ਹਾਥੀ ਤਕ ਸਮ ਸਤਯਾ ਉਸੇ ਦੀ ਹੈ। ਇਹ ਜੀਵ ਉਸਦੀ ਅੰਸ਼ ਹੈ ਬ੍ਰਹਮ ਨਹੀਂ। ਸਾਰੇ ਜੀਅ- ਜੰਤ ਪਰਮਾਤਮਾ ਦੇ ਹੀ ਬਣਾਏ ਹੋਏ ਹਨ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥[276]

ਗਿਆਨੀ ਜੀ ਵੇਦਾਂਤ ਦੇ ਅਹੰਬ੍ਰਹਮਾਸਮ ਦੇ ਸਿਧਾਂਤ ਦੀ ਗੁਰਬਾਣੀ ਨਾਲੋਂ ਭਿੰਨਤਾ ਦਸਦੇ ਹੋਏ ਲਿਖਦੇ ਹਨ ਗੁਰਬਾਣੀ ਵਿਚ ਅਜਿਹਾ ਦਾਅਵਾ ਨਹੀਂ ਕੀਤਾ ਕਿ ਜੀਵ ਸ੍ਵੰਯ ਬ੍ਰਹਮ ਹੈ। ਗੁਰਬਾਣੀ ਦਾ ਸਿਧਾਂਤ ਹੈ ਕਿ ਜੀਵ ਪਾਰਬ੍ਰਹਮ ਦੀ ਅੰਸ਼ ਹੈ, ਸਰਬ ਪ੍ਰਾਣੀ ਮਾਤ੍ਰ ਵਿਚ ਵਾਹਿਗੁਰੂ ਦਾ ਨਿਵਾਸ ਹੈ। ਵੇਦਾਂਤ ਦਾ ਸਿਧਾਂਤ ਜੀਵ ਨੂੰ ਬ੍ਰਹਮ ਕਹਿ ਕੇ ਜਿਥੇ ਹਉਮੈ ਪੈਦਾ ਕਰਦਾ ਹੈ ਉਥੇ ਗੁਰਬਾਣੀ ਨਿਮਰਤਾ ਤੇ ਜ਼ੋਰ ਦਿੰਦੀ ਹੈ।[277] ਗਿਆਨੀ ਜੀ ਦੇ ਵਿਚਾਰ ਤੋਂ ਸਪਸ਼ਟ ਹੈ ਕਿ ਉਨ੍ਹਾਂ ਨੇ ਗੁਰਬਾਣੀ ਅਨੁਸਾਰ ਜੀਵ ਨੂੰ ਪਰਮਾਤਮਾ ਦੀ ਅੰਸ਼ ਦਸ ਕੇ ਸ਼ੰਕਰ ਦੇ ਅਹੰਬ੍ਰਹਮਾਸਮਿ ਦੇ ਸਿਧਾਂਤ ਤੋਂ ਗੁਰਮਤਿ ਦੀ ਵਿਲੱਖਣਤਾ ਨੂੰ ਬਿਆਨ ਕੀਤਾ ਹੈ। ਵੇਦਾਂਤ ਜੀਵ ਨੂੰ ਬ੍ਰਹਮ ਕਹਿੰਦਾ ਹੈ ਜਦੋਂ ਕਿ ਗੁਰਬਾਣੀ ਅਨੁਸਾਰ ਜੀਵ ਬ੍ਰਹਮ ਨਹੀਂ ਸਗੋਂ ਪਰਮਾਤਮਾ ਦੀ ਅੰਸ਼ ਹੈ ਜਿਸਨੇ ਉਸ ਪਰੀਪੂਰਨ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰਕੇ ਜੀਵਨ ਲਕਸ਼ ਦੀ ਪ੍ਰਾਪਤੀ ਕਰਨੀ ਹੈ।

ਗਿਆਨੀ ਜੀ ਨੇ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰਨ ਦਾ ਢੰਗ ਸਿਮਰਨ ਦਸਿਆ ਹੈ। ਸਿਮਰਨ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਨੇ ਗੁਰੂ ਦੇ ਸ਼ਬਦ ਨੂੰ ਅਗੰਮ, ਅਪਾਰ ਦਸਿਆ ਹੈ। ਨਾਮ ਦੇ ਸਿਮਰਨ ਨਾਲ ਹਿਰਦੇ ਵਿਚ ਸਤ ਦਾ ਨਿਵਾਸ ਹੁੰਦਾ ਹੈ। ਮਨ ਨਿਰਮਲ ਹੋ ਕੇ ਨਿਰਾਕਾਰ ਨਾਲ ਜੁੜ ਜਾਂਦਾ ਹੈ। ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਪਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਸਵਾਸ-ਸਵਾਸ ਨਾਮ, ਸਿਮਰਨ, ਸੇਵਾ ਕਰਕੇ ਇਹ ਅੰਸ਼ ਅੰਸ਼ੀ ਨਾਲ ਅਭੇਦ ਹੋ ਸਕਦੀ ਹੈ।[278] ਗਿਆਨੀ ਜੀ ਨੇ ਦਸਿਆ ਹੈ ਕਿ ਗੁਰਬਾਣੀ ਸੇਵਾ, ਸਿਮਰਨ, ਪਰਉਪਕਾਰ, ਸ਼ੁਭ ਕਰਮਾਂ ਨੂੰ ਪ੍ਰਭੂ ਭਗਤੀ ਦਾ ਸਾਧਨ ਮੰਨਦੀ ਹੈ। ਗੁਰਮਤਿ ਵਿਚ ਸ਼ਰਧਾ, ਭਗਤੀ, ਨਾਮ, ਦਾਨ, ਇਸ਼ਨਾਨ, ਨਿਤਨੇਮ, ਸੇਵਾ, ਪਰਉਪਕਾਰ ਨੂੰ ਸਰਵਉਤਮ ਮੰਨਿਆ ਗਿਆ ਹੈ। ਗੁਰਬਾਣੀ ਨੇ ਮੁਕਤੀ ਦਾ ਬੜਾ ਸਰਲ ਜਿਹਾ ਰਸਤਾ ਦਸਿਆ ਹੈ

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥

---

276 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੪੯.

277 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ-ਵੇਦਾਂਤ ਨਿਰਣੈ*, ਪੰਨਾ 121.

278 ਉਹੀ, ਪੰਨਾ 158.

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥[279]

ਉਪਰੋਕਤ ਵਿਚਾਰ ਦਾ ਸਾਰ ਇਹ ਹੈ ਕਿ ਗਿਆਨੀ ਜੀ ਦੁਆਰਾ ਕੀਤੀ ਪਰਮਸਤ ਦੀ ਵਿਆਖਿਆ ਗੁਰਬਾਣੀ ਦੇ ਅਨੁਸਾਰੀ ਹੈ। ਉਨ੍ਹਾਂ ਨੇ ਪਰਮਾਤਮਾ ਦੀ ਹੋਂਦ ਨੂੰ ਪ੍ਰਤਖ ਮੰਨਿਆ ਹੈ। ਪਰਮਾਤਮਾ ਦੇ ਸਰੂਪ ਸੰਬੰਧੀ ਜਿਥੇ ਗੁਰਮਤਿ ਦੇ ਅਨੁਸਾਰ ਵਿਚਾਰ ਪੇਸ਼ ਕੀਤੇ ਹਨ ਉਥੇ ਗੁਰਮਤਿ ਦਰਸ਼ਨ ਦੀ ਵਿਲੱਖਣਤਾ ਨੂੰ ਪ੍ਰਗਟ ਕੀਤਾ ਹੈ। ੧ਓ ਦੀ ਵਿਆਖਿਆ ਦੁਆਰਾ ਪਰਮਾਤਮਾ ਦੇ ਇਕਤਵੀ ਸਰੂਪ ਨੂੰ ਬਿਆਨ ਕੀਤਾ ਹੈ ਅਤੇ ਦਸਿਆ ਹੈ ਕਿ ਗੁਰਮਤਿ ਵਿਚ ਓਮ ਬ੍ਰਹਮਾ, ਵਿਸ਼ਨੂੰ, ਮਹੇਸ਼ ਦਾ ਪ੍ਰਤੀਕ ਨਹੀਂ ਸਗੋਂ ਇਕ ਪਰਮਾਤਮਾ ਦਾ ਲਖਾਇਕ ਹੈ ਜੋ ਇਕ ਹੋ ਕੇ ਵੀ ਅਨੇਕ ਹੈ ਅਤੇ ਅਨੇਕ ਹੋ ਕੇ ਵੀ ਇਕ ਹੈ। ਸਤਿਨਾਮ ਉਸਦੀ ਸਦੀਵੀ ਸਤਾ ਦਾ ਸੂਚਕ ਹੈ। ਕਰਤਾ ਪੱਖ ਵਿਚ ਪਰਮਾਤਮਾ ਸ੍ਰਿਸ਼ਟੀ ਦੀ ਰਚਨਾ ਕਰਨ ਵਿਚ ਸੁਤੰਤਰ ਹੈ ਅਤੇ ਰਚਨਾ ਕਰਕੇ ਆਪ ਇਸ ਵਿਚ ਵਿਦਮਾਨ ਹੈ। ਅਕਾਲਪੁਰਖ ਕਾਲ ਦੀ ਹਦ ਤੋਂ ਪਰ੍ਹੇ ਭਾਵ ਅਕਾਲ ਹੈ। ਉਸ ’ਤੇ ਸਮੇਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਅਵਾਗਵਨ ਦੇ ਚਕਰ ਤੋਂ ਰਹਿਤ ਪਰਮਾਤਮਾ ਆਪਣੇ ਆਪ ਤੋਂ ਪ੍ਰਗਟ ਹੋਇਆ ਹੈ ਭਾਵ ਉਸਦੇ ਜਨਮ ਦਾ ਕੋਈ ਕਾਰਣ ਨਹੀਂ ਸਗੋਂ ਆਪਣੇ ਆਪ ਤੋਂ ਪ੍ਰਗਟ ਰੂਪ ਹੈ। ਅਜਿਹੇ ਸਰੂਪ ਵਾਲੇ ਪਰਮਾਤਮਾ ਦਾ ਗਿਆਨ ਉਸਦੀ ਪ੍ਰਮ ਕ੍ਰਿਪਾਲਤਾ ਦੁਆਰਾ ਹੁੰਦਾ ਹੈ।

**(ਅ) ਸ੍ਰਿਸ਼ਟੀ:** ਮਨੁਖੀ ਚਿੰਤਨ ਦਾ ਦੂਜਾ ਅਹਿਮ ਸਵਾਲ ਸ੍ਰਿਸ਼ਟੀ ਸੰਬੰਧੀ ਹੈ। ਸ੍ਰਿਸ਼ਟੀ ਕੀ ਹੈ? ਇਸਦੀ ਰਚਨਾ ਕਦੋਂ ਹੋਈ? ਇਹ ਬੇਅੰਤ ਪਸਾਰਾ ਕਿਵੇਂ ਬਣ ਗਿਆ? ਇਸਦਾ ਵਿਸਤਾਰ ਕਿੰਨਾ ਹੈ? ਇਸਦੇ ਸਰੂਪ, ਕਾਰਨ, ਅੰਤ ਅਤੇ ਉਦੇਸ਼ ਬਾਰੇ ਅਨੇਕਾਂ ਸਵਾਲ ਮਨੁਖੀ ਦਿਮਾਗ ਵਿਚ ਪੈਦਾ ਹੁੰਦੇ ਹਨ। ਦਾਰਸ਼ਨਿਕਾਂ ਨੇ ਆਪਣੇ-ਆਪਣੇ ਧਰਮ ਅਨੁਸਾਰ ਇਸ ਸਥੂਲ ਪਸਾਰੇ ਦੀ ਵਿਆਖਿਆ ਕੀਤੀ ਹੈ। ਗੁਰਮਤਿ ਦੇ ਵਿਦਵਾਨਾਂ ਨੇ ਗੁਰਬਾਣੀ ਨੂੰ ਅਧਾਰ ਬਣਾ ਕੇ ਸ੍ਰਿਸ਼ਟੀ ਰਚਨਾ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਹੈ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਵੀ ਆਪਣੀਆਂ ਰਚਨਾਵਾਂ ਵਿਚ ਸ੍ਰਿਸ਼ਟੀ ਰਚਨਾ ਸੰਬੰਧੀ ਵਿਚਾਰਾਂ ਨੂੰ ਪੇਸ਼ ਕੀਤਾ ਹੈ।

ਗਿਆਨੀ ਜੀ ਨੇ ਸ੍ਰਿਸ਼ਟੀ ਪ੍ਰਥਾਇ ਸੰਸਾਰ, ਸਰਗੁਣ, ਮਾਇਆ, ਸ੍ਰਿਸ਼ਟੀ, ਪਸਾਰਾ, ਬ੍ਰਹਿਮੰਡ, ਰਚਨਾ, ਜਗਤ, ਆਦਿ ਸ਼ਬਦ ਵਰਤੇ ਹਨ। ਸ੍ਰਿਸ਼ਟੀ ਕੀ ਹੈ? ਜੋ ਸਿਰਜੀ ਗਈ ਹੈ, ਜੋ ਰਚੀ ਗਈ ਹੈ, ਸਮੁਚਾ ਭੋਤਿਕ ਪਸਾਰ, ਇਸ ਦੀਆਂ ਨਾਨਾਂ ਪ੍ਰਕਾਰੀ ਕ੍ਰਿਆਵਾਂ, ਵਸਤੂਆਂ ਆਦਿ ਸਭ ਸ੍ਰਿਸ਼ਟੀ ਹੈ। ਗੁਰਬਾਣੀ ਅਨੁਸਾਰ ਅਕਾਲ ਦੀ ‘ਕਾਲਗਤ ਸਥਿਤੀ’, ਅਫੁਰ ਦਾ ‘ਸਫੁਰ ਫੁਰਨਾ’, ਨਿਰਗੁਣ ਦਾ ਸਰਗੁਣ ਸਰੂਪ ਸ੍ਰਿਸ਼ਟੀ ਹੈ।[280] ਭਾਵ ਪਰਮਾਤਮਾ ਦੁਆਰਾ ਸਿਰਜੀ ਗਈ ਰਚਨਾ ਸ੍ਰਿਸ਼ਟੀ ਹੈ। ਗਿਆਨੀ ਬਲਵੰਤ ਸਿੰਘ ਸ੍ਰਿਸ਼ਟੀ ਰਚਨਾ ਦੇ ਪਿਛੋਕੜ ਤੋਂ ਆਪਣੀ ਵਿਆਖਿਆ ਸ਼ੁਰੂ ਕਰਦੇ ਹਨ। ਭਾਵ ਸ੍ਰਿਸ਼ਟੀ ਰਚਨਾ ਤੋਂ ਪਹਿਲਾ ਕੀ ਸਥਿਤੀ ਸੀ? ਗੁਰਬਾਣੀ ਅਨੁਸਾਰ ਉਸ ਸਮੇਂ ਪਰਮਾਤਮਾ ਨਿਰਗੁਣ ਰੂਪ ਵਿਚ ਸੀ, ਸਭ ਧੁੰਧੂਕਾਰ ਸੀ।

279 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੨੨.

280 ਗੁਰਮੇਲ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਵਕ੍ਰਿਤ ਅਧਿਆਤਮਕਤਾ*, ਪੰਨਾ 75.

ਧਰਤੀ, ਅਕਾਸ਼, ਸੂਰਜ, ਚੰਦ, ਦਿਨ, ਰਾਤ, ਪਾਣੀ, ਹਵਾ, ਜੀਵ-ਜੰਤ ਕੁਝ ਵੀ ਨਹੀਂ ਸੀ। ਕੇਵਲ ਪਰਮਾਤਮਾ ਹੀ ਸੀ। ਇਸ ਸੰਬੰਧੀ ਗੁਰਬਾਣੀ ਦਾ ਫੁਰਮਾਣ ਹੈ:

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥[281]

ਸ੍ਰਿਸ਼ਟੀ ਰਚਨਾ ਤੋਂ ਪਹਿਲਾ ਦੀ ਅਵਸਥਾ ਬਾਰੇ ਗਿਆਨੀ ਜੀ ਸਿਧ ਗੋਸਟਿ ਬਾਣੀ ਦੀਆਂ ਪੰਕਤੀਆਂ ਦਾ ਹਵਾਲਾ ਦੇ ਕੇ ਦਸਦੇ ਹਨ ਕਿ ਗੁਰੂ ਨਾਨਕ ਦੇਵ ਜੀ ਅਗੇ ਸਿੱਧਾਂ ਨੇ ਪ੍ਰਸ਼ਨ ਕੀਤਾ:

ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ॥[282]

ਭਾਵ ਸ੍ਰਿਸ਼ਟੀ ਦੇ ਮੁਢ ਬਾਰੇ ਤੁਹਾਡਾ ਕੀ ਵਿਚਾਰ ਹੈ? ਉਤਰ ਵਿਚ ਸਤਿਗੁਰੂ ਜੀ ਨੇ ਫੁਰਮਾਇਆ:

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ॥[283]

ਭਾਵ ਸਿਸ੍ਰਟੀ ਰਚਨਾ ਤੋਂ ਪਹਿਲਾ ਦੇ ਸਮੇਂ ਨੂੰ ਗੁਰੂ ਨਾਨਕ ਸਾਹਿਬ ਨੇ 'ਬਿਸਮਾਦ' ਕਿਹਾ ਹੈ। ਉਦੋਂ ਇਕ ਰਸ ਅਫੁਰ ਪਰਮਾਤਮਾ ਦਾ ਵਜੂਦ ਸੀ। ਇਸ ਅਕਥ ਸਥਿਤੀ ਬਾਰੇ ਜਾਣ ਕੇ ਅਸਚਰਜ ਹੋ ਜਾਈਦਾ ਹੈ।[284] ਸਪਸ਼ਟ ਹੈ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾ ਸੁੰਨ, ਧੰਧੂਕਾਰ ਦੀ ਸਥਿਤੀ ਸੀ। ਉਸ ਸਮੇਂ ਪਰਮਾਤਮਾ ਆਪਣੇ ਨਿਰਗੁਣ ਸਰੂਪ ਵਿਚ ਸੀ।

ਸ੍ਰਿਸ਼ਟੀ ਕਦੋਂ ਹੋਂਦ ਵਿਚ ਆਈ? ਇਸ ਪ੍ਰਸ਼ਨ ਦੇ ਉਤਰ ਵਿਚ ਗਿਆਨੀ ਜੀ ਗੁਰਬਾਣੀ ਨੂੰ ਅਧਾਰ ਬਣਾ ਕੇ ਕਹਿੰਦੇ ਹਨ ਕਿ ਇਸ ਬਾਰੇ ਨਾ ਪੰਡਿਤ, ਨਾ ਮੁਲਾਂ, ਨਾ ਕਾਜ਼ੀ, ਨਾ ਜੋਤਿਸ਼ੀ, ਨਾ ਜੋਗੀ ਜਾਣਦੇ ਹਨ ਕਿ ਸ੍ਰਿਸ਼ਟੀ ਕਦੋਂ ਤੇ ਕਿਵੇਂ ਹੋਂਦ ਵਿਚ ਆਈ, ਇਸ ਗੱਲ ਨੂੰ ਵਾਹਿਗੁਰੂ ਆਪ ਜਾਣਦਾ ਹੈ। ਵਾਹਿਗੁਰੂ ਆਪਣੀ ਰਚਨਾ ਦੇ ਵਿਚ ਸਮਾਇਆ ਹੋਇਆ ਹੈ। ਆਪਣੇ ਇਸ ਕਥਨ ਦੀ ਵਿਆਖਿਆ ਗਿਆਨੀ ਜੀ ਗੁਰਬਾਣੀ ਦੀਆਂ ਨਿਮਨਲਿਖਤ ਪੰਕਤੀਆਂ ਦਾ ਹਵਾਲਾ ਦੇ ਕੇ ਕਰਦੇ ਹਨ:

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥

---

281 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੩੫.

282 ਉਹੀ, ਅੰਗ ੯੩੮.

283 ਉਹੀ, ਅੰਗ ੯੩੮.

284 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 112.

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥[285]

ਪਰਮਾਤਮਾ ਦੁਆਰਾ ਰਚੇ ਇਸ ਪਸਾਰੇ ਦਾ ਵਿਸਤਾਰ ਕਿੰਨਾ ਕੁ ਹੈ? ਇਸ ਪ੍ਰਸ਼ਨ ਦੇ ਉਤਰ ਵਿਚ ਗਿਆਨੀ ਜੀ ਲਿਖਦੇ ਹਨ ਕਿ ਜਿਸ ਬ੍ਰਹਿਮੰਡ ਵਿਚ ਸਾਡਾ ਨਿਵਾਸ ਹੈ ਅਜਿਹੇ ਅਣਗਿਣਤ ਬ੍ਰਹਿਮੰਡ ਵਾਹਿਗੁਰੂ ਦੇ ਸਿਰਜੇ ਹੋਏ ਹਨ।[286] ਭਾਵ ਪਰਮਾਤਮਾ ਆਪ ਬੇਅੰਤ ਹੈ ਅਤੇ ਉਸਦੀ ਰਚਨਾ ਵੀ ਬੇਅੰਤ ਹੈ। ਗੁਰਬਾਣੀ ਦਾ ਫੁਰਮਾਣ ਹੈ:

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥[287]

ਇਥੇ ਅਕਾਲਪੁਰਖ ਦੀ ਬੇਅੰਤਤਾ ਦਸਦੇ ਹਨ ਕਿ ਪਤਾਲ ਇਕ ਨਹੀਂ ਬਲਕੇ ਲਖਾਂ ਪਤਾਲ ਹਨ। ਇਸੇ ਤਰ੍ਹਾਂ ਅਕਾਸ਼ ਵੀ ਲਖਾਂ ਹਨ। ਪਰਮਾਤਮਾ ਦਾ ਅੰਤ ਲਭ ਕੇ ਥਕ ਗਏ ਪਰ ਉਸਦੀ ਬੇਅੰਤਤਾ ਦਾ ਕੋਈ ਥਾਹ ਨਹੀਂ ਪਾ ਸਕਿਆ। ਪਰਮਾਤਮਾ ਦੀ ਬੇਅੰਤਤਾ ਬਾਰੇ ਗਿਆਨੀ ਜੀ ਨੇ ਭਾਈ ਗੁਰਦਾਸ ਜੀ ਦੀ ਵਾਰ ਦਾ ਹਵਾਲਾ ਦਿੰਦੇ ਹਨ, ਜਿਸ ਵਿਚ ਭਾਈ ਗੁਰਦਾਸ ਜੀ ਨੇ ਗੁਲਰ ਦੇ ਬ੍ਰਿਛ ਦਾ ਦ੍ਰਿਸ਼ਟਾਂਤ ਦੇ ਕੇ ਨਿਰੰਕਾਰ ਦੀ ਬੇਅੰਤਤਾ ਦਾ ਵਿਸਤਾਰ ਨਾਲ ਵਰਣਨ ਕੀਤਾ ਹੈ:

ਗੁਲਰ ਅੰਦਰਿ ਭੁਣਹਣਾ ਗੁਲਰ ਨੋਂ ਬ੍ਰਹਮੰਡੁ ਵਖਾਣੈ।
ਗੁਲਰ ਲਗਣ ਲਖ ਫਲ ਇਕਦੂ ਲਖ ਅਲਖ ਨ ਜਾਣੈ।
ਲਖ ਲਖ ਬਿਰਖ ਬਗੀਚਿਅਹੁ ਲਖ ਬਗੀਚੇ ਬਾਗ ਵਖਾਣੈ।
ਲਖ ਬਾਗ ਬ੍ਰਹਮੰਡ ਵਿਚਿ ਲਖ ਬ੍ਰਹਮੰਡ ਲੂਅ ਵਿਚਿ ਆਣੈ।[288]

ਭਾਈ ਗੁਰਦਾਸ ਜੀ ਨੇ ਇਸ ਪਉੜੀ ਵਿਚ ਵਿਚ ਗੁਲਰ ਦੇ ਬ੍ਰਿਛ ਦੇ ਫਲ ਦਾ ਪ੍ਰਮਾਣ ਦੇ ਕੇ ਵਾਹਿਗੁਰੂ ਦੀ ਬੇਅੰਤਤਾ ਬਾਰੇ ਬਿਆਨ ਕੀਤਾ ਹੈ। ਗੁਲਰ ਨੂੰ ਜੋ ਫਲ ਲਗਦੇ ਹਨ, ਉਸ ਫਲ ਵਿਚ ਬਹੁਤ ਸਾਰੇ ਕੀੜੇ ਹੁੰਦੇ ਹਨ। ਭਾਈ ਸਾਹਿਬ ਪ੍ਰਮਾਣ ਦਿੰਦੇ ਹੋਏ ਕਹਿੰਦੇ ਹਨ ਕਿ ਕੀੜੇ ਇਸ ਫਲ ਵਿਚ ਬੈਠੇ ਇਸ ਫਲ ਨੂੰ ਹੀ ਬ੍ਰਹਿਮੰਡ ਸਮਝਦੇ ਹਨ। ਇਕ ਬ੍ਰਿਛ ਨੂੰ ਸੈਂਕੜੇ ਫਲ ਲਗਦੇ ਹਨ। ਇਕ ਬਾਗ ਵਿਚ ਅਨੇਕ ਬ੍ਰਿਛ ਹੁੰਦੇ ਹਨ। ਇਕ ਪਿੰਡ/ਸ਼ਹਿਰ ਵਿਚ ਕਈ-ਕਈ ਬਾਗ ਹੁੰਦੇ ਹਨ। ਸਾਰੇ ਸੰਸਾਰ ਵਿਚ ਲੱਖਾਂ ਕਰੋੜਾਂ ਗੁਲਰ ਬ੍ਰਿਛ ਹਨ। ਬ੍ਰਿਛਾਂ ਦੇ ਅੰਦਰ ਅਰਬਾਂ ਫਲ ਬਣਦੇ ਹਨ। ਜੋ ਇਨ੍ਹਾਂ ਕੀੜਿਆਂ ਦੀ ਸਥਿਤੀ ਹੈ, ਮਨੁਖ ਦੀ ਵੀ ਬ੍ਰਹਿਮੰਡ ਸੰਬੰਧੀ ਅਜਿਹੀ ਸਥਿਤੀ ਹੈ।[289] ਇਸ ਤਰ੍ਹਾਂ ਗਿਆਨੀ ਜੀ ਦੇ ਵਿਚਾਰ ਤੋਂ ਸਪਸ਼ਟ ਹੈ ਕਿ

285 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪.

286 ਉਹੀ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 113.

287 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫.

288 *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ ੫/19.

289 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 11੫.

ਪਰਮਾਤਮਾ ਅਸੀਮ ਹੈ ਅਤੇ ਉਸ ਦੁਆਰਾ ਸਿਰਜੀ ਸ੍ਰਿਸ਼ਟੀ ਵੀ ਅਸੀਮ ਹੈ ਜਿਸਦਾ ਮਨੁਖ ਆਪਣੀ ਸੀਮਤ ਬੁਧੀ ਨਾਲ ਥਾਹ ਨਹੀਂ ਪਾ ਸਕਦਾ।

ਅਕਾਲਪੁਰਖ ਦੁਆਰਾ ਸਿਰਜੀ ਇਹ ਰਚਨਾ ਕਿਵੇਂ ਹੋਂਦ ਵਿਚ ਆਈ? ਇਸ ਸੰਬੰਧੀ ਹਰੇਕ ਧਰਮ ਨੇ ਵਖੋ-ਵਖਰੇ ਵਿਚਾਰ ਪੇਸ਼ ਕੀਤੇ ਹਨ। ਸਾਮੀ ਧਰਮ ਪਰੰਪਰਾ ਦੇ ਯਹੂਦੀ ਮਤ ਨੇ ਤੁਰੈਤ ਪੁਸਤਕ ਵਿਚ ਸ੍ਰਿਸ਼ਟੀ ਰਚਨਾ ਨੂੰ ਸਤ ਦਿਨਾਂ ਵਿਚ ਹੋਈ ਮੰਨਿਆ ਹੈ। ਇਸਲਾਮ ਅਨੁਸਾਰ ਅਲਾਹ ਦੇ 'ਕੁਨ' ਸ਼ਬਦ (ਜਿਸਦਾ ਭਾਵ ਹੈ- ਹੋ ਜਾ) ਕਹਿਣ ਨਾਲ ਇਹ ਸਭ ਪਸਾਰਾ ਹੋਂਦ ਵਿਚ ਆ ਗਿਆ।[290] ਅਣੂਵਾਦੀ ਅਣੂਆਂ-ਪ੍ਰਮਾਣੂਆਂ ਦੇ ਮੇਲ ਨਾਲ ਸ੍ਰਿਸ਼ਟੀ ਦੀ ਹੋਂਦ ਮੰਨਦੇ ਹਨ। ਅਣੂਵਾਦੀਆਂ ਦਾ ਵਿਚਾਰ ਹੈ ਕਿ ਧਰਤੀ, ਪਵਣ, ਪਾਣੀ, ਅਗਨੀ ਦੇ ਸੰਪਰਕ ਨਾਲ ਜਗਤ ਦੀ ਹੋਂਦ ਕਾਇਮ ਹੋਈ। ਨਯਾਯ, ਵੇਸ਼ੈਸ਼ਕ ਅਤੇ ਮੀਮਾਂਸਾ ਸ਼ਾਸਤਰ ਇਸੇ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ। ਸ਼ਾਂਖ ਸ਼ਾਸਤਰ ਪੁਰਸ਼ ਪ੍ਰਕ੍ਰਿਤੀ ਦੇ ਮੇਲ ਨਾਲ ਜਗਤ ਦੀ ਰਚਨਾ ਹੋਈ ਮੰਨਦਾ ਹੈ। ਪੁਰਸ਼ ਅਤੇ ਪ੍ਰਕ੍ਰਿਤੀ ਦਾ ਸੰਪਰਕ ਹੀ ਮਾਇਆ ਦਾ ਵਰਤਾਰਾ ਹੈ। ਮਾਇਆ ਨੂੰ ਸ਼ਾਂਖ ਪ੍ਰਕ੍ਰਿਤੀ ਕਹਿੰਦਾ ਹੈ। ਪੁਰਸ਼ ਸ਼ੁਧ ਚੇਤਨ ਸਰੂਪ ਹੈ ਅਤੇ ਪ੍ਰਕ੍ਰਿਤੀ ਤੋਂ ਵੱਖਰੀ ਹੋਂਦ ਰੱਖਦਾ ਹੈ। ਵੇਦਾਂਤ ਜਗਤ ਦਾ ਕਾਰਣ ਮਾਇਆ ਨੂੰ ਮੰਨਦਾ ਹੈ। ਮਾਇਆ ਈਸ਼ਵਰ ਦੀ ਸ਼ਕਤੀ ਹੈ। ਮਾਇਆ ਨੇ ਜਗਤ ਦੀ ਸਿਰਜਣਾ ਕੀਤੀ।[291]

ਗਿਆਨੀ ਜੀ ਗੁਰਮਤਿ ਦਰਸ਼ਨ ਦੇ ਸ੍ਰਿਸ਼ਟੀ ਪ੍ਰਕ੍ਰਿਆ ਦੇ ਸਿਧਾਂਤ ਸੰਬੰਧੀ ਦਸਦੇ ਹਨ ਕਿ ਅਕਾਲਪੁਰਖ ਦੇ ਹੁਕਮ ਵਿਚ ਸਾਰੀ ਰਚਨਾ ਦਾ ਅਸਤਿਤ੍ਵ ਛਿਨ ਵਿਚ ਬਣ ਗਿਆ। ਗਿਆਨੀ ਜੀ ਹੁਕਮ ਦਾ ਅਰਥ ਭਾਣਾ, ਆਗਿਆ ਕਰਦੇ ਹਨ। ਉਹ ਅਟਲ ਹੁਕਮ ਸਾਰੇ ਵਰਤ ਰਿਹਾ ਹੈ। ਗਿਆਨੀ ਜੀ ਅਨੁਸਾਰ ਪਰਮੇਸਰ ਦੇ ਭਾਣੇ ਵਿਚ ਹੀ ਇਹ ਰਚਨਾ ਰਚਿਤ ਹੋਈ ਹੈ ਭਾਵ ਸਾਰੀ ਸ੍ਰਿਸ਼ਟੀ ਅਕਾਲ ਪੁਰਖ ਦੇ ਹੁਕਮ ਨਾਲ ਵਜੂਦ ਵਿਚ ਆਈ ਹੈ ਪ੍ਰੰਤੂ ਉਸਦੇ ਹੁਕਮ (ਭਾਣੇ) ਨੂੰ ਵਰਣਨ ਨਹੀਂ ਕੀਤਾ ਜਾ ਸਕਦਾ। ਆਗਿਆ ਵਿਚ ਹੀ ਜੀਵਾਂ ਦੀ ਪੈਦਾਇਸ਼ ਹੁੰਦੀ ਹੈ। ਆਗਿਆ (ਹੁਕਮ) ਵਿਚ ਹੀ ਵਡਿਆਈ ਪ੍ਰਾਪਤ ਹੁੰਦੀ ਹੈ।[292] ਗੁਰਬਾਣੀ ਦਾ ਫੁਰਮਾਣ ਹੈ:

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥[293]

ਗੁਰਬਾਣੀ ਅਨੁਸਾਰ ਬ੍ਰਹਮ ਨੇ ਅੱਖ ਫਰਕਣ ਦੇ ਜਿਤਨੇ ਸਮੇਂ ਵਿਚ ਜਗਤ ਰਚ ਦਿਤਾ। ਉਸ ਸਰਬ ਸ਼ਕਤੀਮਾਨ ਨੇ ਇਕੋ ਬੋਲ ਨਾਲ ਸਾਰੀ ਰਚਨਾ ਰਚ ਦਿਤੀ, **ਏਕ ਕਵਾਵੈ ਤੇ ਸਭ ਹੋਆ॥** ਜਿਸ ਨਾਲ ਸਮੂਹ ਪਸ਼ੂ, ਪੰਛੀ, ਮਨੁਖ, ਬਨਿਸਪਤੀ, ਜੰਗਲ, ਪਹਾੜ, ਦਰਿਆ, ਸਮੁੰਦਰ, ਤੇ ਸਮੂਹ ਪਸਾਰਾ ਹੋਇਆ।[294]

---

290 ਉਧਰਿਤ, ਗੁਰਮੇਲ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਵਦ੍ਰਿਤ ਅਧਿਆਤਮਕਤਾ*, ਪੰਨਾ 80.

291 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ-ਵੇਦਾਂਤ ਨਿਰਣੈ*, ਪੰਨਾ 112.

292 ਉਹੀ, *ਜਪੁ ਜੀ ਸਾਹਿਬ ਸਟੀਕ*, ਪੰਨਾ 57.

293 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧.

294 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਜਪੁ ਜੀ ਸਾਹਿਬ ਸਟੀਕ*, ਪੰਨਾ 70.

ਕੀਤਾ ਪਸਾਉ ਏਕੋ ਕਵਾਉ

ਤਿਸ ਤੇ ਹੋਏ ਲਖ ਦਰੀਆਉ॥[295]

ਗਿਆਨੀ ਜੀ ਨੇ 'ਪਸਾਉ' ਦਾ ਅਰਥ 'ਪਸਰਨਾ' ਕੀਤਾ ਹੈ ਅਤੇ ਕਵਾਉ ਦਾ ਅਰਥ 'ਬੋਲ' ਕੀਤਾ ਹੈ। ਡਾ. ਸ਼ੇਰ ਸਿੰਘ ਵੀ ਪਸਾਉ ਦਾ ਅਰਥ ਕਰਦੇ ਲਿਖਦੇ ਹਨ ਕਿ ਇਹ ਨਹੀਂ ਕਿ ਸ੍ਰਿਸ਼ਟੀ ਝਟਪਟ ਅਣਹੋਂਦ ਤੋਂ ਹੋਂਦ ਵਿਚ ਆ ਗਈ। 'ਪਸਾਉ' ਦਾ ਧਾਤੂ ਹੈ: ਪਸਰਨਾ, ਫੈਲਣਾ, ਵਧਣਾ, ਫੁਲਣਾ। 'ਕਵਾਉ' ਦੇ ਅਰਥ 'ਵਚਨ' 'ਸ਼ਬਦ' ਹਨ। ਹੁਕਮ ਦਾ ਭਾਵ Order ਜਾਂ Command ਨਹੀਂ ਹਨ। ਹੁਕਮ ਦਾ ਭਾਵ ਇਛਾ ਜਾਂ ਇਰਾਦਾ ਹੈ। ਇਸ ਦਾ ਭਾਵ 'ਰੱਬੀ ਫੁਰਨਾ' ਹੈ।[296] ਗੁਰਬਾਣੀ ਅਨੁਸਾਰ ਇਹ ਰੱਬੀ ਫੁਰਨਾ ਹੀ ਸ੍ਰਿਸ਼ਟੀ ਦੀ ਹੋਂਦ ਦਾ ਕਾਰਨ ਹੈ। ਸਪੱਸ਼ਟ ਹੈ ਕਿ ਸ੍ਰਿਸ਼ਟੀ ਦੀ ਰਚਨਾ ਦਾ ਕਾਰਨ ਪਰਮਾਤਮਾ ਦਾ ਹੁਕਮ ਹੈ। ਪਰਮਾਤਮਾ ਦੇ ਹੁਕਮ ਜਾਂ ਆਗਿਆ ਵਿਚ ਸ੍ਰਿਸ਼ਟੀ ਦੀ ਰਚਨਾ ਹੋਈ ਹੈ। ਗਿਆਨੀ ਬਲਵੰਤ ਸਿੰਘ ਹੋਰਨਾਂ ਮਤਾਂ ਨਾਲੋਂ ਗੁਰਮਤਿ ਦਰਸ਼ਨ ਦੇ ਸ੍ਰਿਸ਼ਟੀ ਰਚਨਾ ਦੇ ਸਿਧਾਂਤ ਦੀ ਵਿਲੱਖਣਤਾ ਦਸਦੇ ਕਹਿੰਦੇ ਹਨ ਕਿ ਸ੍ਰਿਸ਼ਟੀ ਦੀ ਰਚਨਾ ਨਾ ਅਣੂਆਂ ਪ੍ਰਮਾਣੂਆਂ ਤੋਂ ਹੋਈ ਹੈ, ਨਾ ਪ੍ਰਕ੍ਰਿਤੀ ਪੁਰਸ਼ ਦੇ ਸੰਪਰਕ ਨਾਲ ਹੋਂਦ ਵਿਚ ਆਈ ਹੈ, ਨਾ ਮਾਇਆ ਨੇ ਸਿਰਜੀ ਹੈ। ਸ੍ਰਿਸ਼ਟੀ ਦਾ ਕਰਤਾ 'ਕਰਤਾ ਪੁਰਖ' ਹੈ।[297] ਇਸ ਤਰ੍ਹਾਂ ਗਿਆਨੀ ਜੀ ਦੇ ਵਿਚਾਰ ਤੋਂ ਸਪਸ਼ਟ ਹੈ ਗੁਰਮਤਿ ਦਾ ਸ੍ਰਿਸ਼ਟੀ ਰਚਨਾ ਦਾ ਸਿਧਾਂਤ ਵਿਲੱਖਣ ਹੈ। ਗੁਰਬਾਣੀ ਅਨੁਸਾਰ ਜਗਤ ਦੀ ਰਚਨਾ ਪਰਮਾਤਮਾ ਦੇ ਹੁਕਮ ਵਿਚ ਹੋਈ ਹੈ। ਹੁਕਮ ਦਾ ਭਾਵ ਪਰਮਾਤਮਾ ਦੀ ਆਗਿਆ, ਇਛਾ ਜਾਂ ਭਾਣਾ ਹੈ। ਪਰਮਾਤਮਾ ਦੀ ਇਛਾ ਹੋਈ ਤਾਂ ਉਸਨੇ ਸ੍ਰਿਸ਼ਟੀ ਦੀ ਰਚਨਾ ਕਰ ਦਿਤੀ। ਸ੍ਰਿਸ਼ਟੀ ਦਾ ਇਕੋ ਇਕ ਕਾਰਣ 'ਹੁਕਮ' ਹੈ ਹੁਕਮੀ ਹੋਵਨਿ ਆਕਾਰ॥ ਹੁਕਮੁ ਨ ਕਹਿਆ ਜਾਈ॥[298]

ਪਰਮਾਤਮਾ ਨੇ ਆਪਣੇ ਹੁਕਮ ਵਿਚ ਇਹ ਪਸਾਰਾ ਰਚ ਦਿਤਾ। ਕੀ ਇਹ ਪਸਾਰਾ ਸਚ ਹੈ ਜਾਂ ਝੂਠ? ਇਸ ਪ੍ਰਸ਼ਨ ਦੇ ਉਤਰ ਵਿਚ ਗਿਆਨੀ ਜੀ ਨੇ ਦਸਿਆ ਹੈ ਕਿ 'ਸ਼ੰਕਰ ਦੇ ਸਿਧਾਂਤ ਅਨੁਸਾਰ ਸਰਬ ਬ੍ਰਹਿਮੰਡ ਮਾਇਆ ਹੈ। ਇਹ ਦਿਸ ਰਿਹਾ ਜਗਤ ਝੂਠਾ ਹੈ। ਜੋ ਕੁਝ ਵੀ ਦਿਸ ਰਿਹਾ ਹੈ ਧੋਖੇ ਦਾ ਪਸਾਰਾ ਹੈ। ਕੇਵਲ ਬ੍ਰਹਮ ਸੱਚ ਹੈ ਪਰ ਇਹ ਜੀਵ ਤੇ ਜਗਤ ਬ੍ਰਹਮ ਦੀ ਸਿਰਜਣਾ ਨਹੀਂ, ਮਾਇਆ ਦੀ ਰਚਨਾ ਹੈ। ਇਸ ਵਾਸਤੇ ਜਗਤ ਝੂਠਾ ਹੈ, ਜੋ ਕੁਝ ਵੀ ਜੀਵ-ਜੰਤ ਧਰਤੀ-ਅਕਾਸ਼, ਸਾਰਾ ਬ੍ਰਹਿਮੰਡ ਮਾਇਆ ਦਾ ਛਲਾਵਾ ਹੈ।'[299] ਗਿਆਨੀ ਜੀ ਗੁਰਬਾਣੀ ਦੀ ਵਿਲਖਣਤਾ ਦਰਸਾਉਂਦੇ ਕਹਿੰਦੇ ਹਨ ਕਿ ਗੁਰਬਾਣੀ ਵਿਚ ਜਗਤ ਨੂੰ ਮਿਥਿਆ ਨਹੀਂ ਮੰਨਿਆ ਗਿਆ। ਜਗਤ ਰਚਨਾ ਵਾਸਤੇ ਅਕਾਲ ਪੁਰਖ ਨੂੰ ਕਿਸੇ ਮਾਇਆ ਦੀ ਸਹਾਇਤਾ ਦੀ

---

295 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩.

296 ਡਾ. ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਪੰਨਾ 324.

297 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 113.

298 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧.

299 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 71.

ਲੋੜ ਨਹੀਂ ਸੀ। ਗੁਰਬਾਣੀ ਅਨੁਸਾਰ ਜਗਤ ਵਾਹਿਗੁਰੂ ਦੀ ਸਿਰਜਣਾ ਹੈ। ਗੁਰਬਾਣੀ ਅਨੁਸਾਰ ਵਾਹਿਗੁਰੂ ਆਪ ਵੀ ਸਚ ਅਤੇ ਅਤੇ ਉਸਦੀ ਰਚਨਾ ਵੀ ਸਚ ਹੈ।

ਆਪਿ ਸਤਿ ਕੀਆ ਸਭੁ ਸਤਿ॥

ਤਿਸੁ ਪ੍ਰਭ ਤੇ ਸਗਲੀ ਉਤਪਤਿ॥[300]

ਵੇਦਾਂਤ ਤੋਂ ਗੁਰਮਤਿ ਨੂੰ ਨਿਖੇੜਦੇ ਹੋਏ ਗਿਆਨੀ ਜੀ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਵੇਦਾਂਤੀਆਂ ਵਾਂਗ ਸ੍ਰਿਸ਼ਟੀ ਨੂੰ ਭਰਮ ਜਾਂ ਝੂਠ ਨਹੀਂ ਮੰਨਿਆ ਸਗੋਂ ਸਚੇ ਦੀ ਰਚਨਾ ਨੂੰ ਸਚ ਦਸਿਆ ਹੈ। ਸ੍ਰਿਸ਼ਟੀ ਦਾ ਕਰਤਾ 'ਕਰਤਾ ਪੁਰਖ' ਹੈ। ਕੋਈ ਮਾਇਆ ਨਹੀਂ। ਗੁਰਮਤਿ ਦਾ ਬ੍ਰਹਮ ਸਰਬ ਸਮਰਥ ਹੈ। ਨਿਰੰਜਨ ਨੂੰ ਮਾਇਆ ਦੀ ਕਾਲਖ ਨਾਲ ਦੂਸ਼ਤ ਹੋਣ ਦੀ ਲੋੜ ਨਹੀਂ। ਜਗਤ ਦਾ ਕਾਰਣ ਮਾਇਆ ਨਹੀਂ, ਵਾਹਿਗੁਰੂ ਆਪ ਹੈ। ਗੁਰੂ ਸਾਹਿਬ ਨੇ ਗੁਰਬਾਣੀ ਵਿਚ 'ਕਰਤਾ ਪੁਰਖ' ਕਹਿ ਕੇ ਸ਼ੰਕਰ ਦਾ ਖੰਡਨ ਕਰ ਦਿਤਾ। ਗਿਆਨੀ ਜੀ ਨੇ ਦਸਿਆ ਹੈ ਕਿ ਗੁਰਬਾਣੀ ਵਿਚ ਮਾਇਆ ਦਾ ਸਰੂਪ ਵੱਖਰਾ ਹੈ। ਜੇਕਰ ਕੋਈ ਮਾਇਆ ਹੈ ਵੀ ਅਤੇ ਜਗਤ ਦੀ ਕਾਰ ਚਲਾਉਂਦੀ ਹੈ, ਤਾਂ ਉਹ ਵਾਹਿਗੁਰੂ ਦੇ ਹੁਕਮ ਵਿਚ ਵਰਤ ਰਹੀ ਹੈ। ਗੁਰਬਾਣੀ ਦਾ ਫ਼ੁਰਮਾਣ ਹੈ:

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥

ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥[301]

ਗੁਰਬਾਣੀ ਅਨੁਸਾਰ ਮਾਇਆ ਪਰਮਾਤਮਾ ਦੇ ਹੁਕਮ ਵਿਚ ਕਾਰ ਕਰ ਰਹੀ ਹੈ, ਮਾਇਆ ਦੀ ਆਪਣੀ ਕੋਈ ਸਮਰਥਾ ਨਹੀਂ ਹੈ। ਬਾਕੀ ਬ੍ਰਹਿਮੰਡ ਦੀ ਤਰ੍ਹਾਂ ਮਾਇਆ ਵਾਹਿਗੁਰੂ ਦੀ ਸਾਜੀ ਹੋਈ ਹੈ, ਜੋ ਵਾਹਿਗੁਰੂ ਦੀ ਆਗਿਆਕਾਰ ਹੈ।[302] ਗੁਰਬਾਣੀ ਅਨੁਸਾਰ ਮਾਇਆ ਤੋਂ ਭਾਵ ਉਹ ਹਰ ਚੀਜ਼ ਜਿਸ ਨਾਲ ਜੀਵ ਰੱਬ ਨੂੰ ਭੁੱਲ ਜਾਂਦਾ ਹੈ ਅਤੇ ਦੁਨੀਆਂ ਦੇ ਮੋਹ ਵਿਚ ਪੈ ਜਾਂਦਾ ਹੈ। **ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥** ਉਹ ਹਰ ਚੀਜ਼ ਮਾਇਆ ਹੈ ਜੋ ਪਰਮਾਤਮਾ ਦੀ ਪ੍ਰਾਪਤੀ ਵਿਚ ਰੁਕਾਵਟ ਹੈ। ਗਿਆਨੀ ਜੀ ਅਨੁਸਾਰ ਮਾਇਆ ਨਾਮ ਅਗਿਆਨ ਦਾ ਹੈ। ਅਗਿਆਨ ਕਰਕੇ ਜੀਵ ਅਨੇਕ ਤਰ੍ਹਾਂ ਦੇ ਕਲੇਸ਼ ਸਹੇੜਦਾ ਹੈ। ਲੋਭ, ਮੋਹ, ਅਹੰਕਾਰ ਦਾ ਸ਼ਿਕਾਰ ਹੁੰਦਾ ਹੈ। ਦੁਰਲਭ ਮਾਨਸ ਜਨਮ ਨੂੰ ਬਰਬਾਦ ਕਰ ਲੈਂਦਾ ਹੈ। ਗਿਆਨ ਦੁਆਰਾ ਜੀਵਨ ਸੁਖਦਾਈ ਬਣ ਸਕਦਾ ਹੈ। ਗਿਆਨ ਦੀ ਪ੍ਰਾਪਤੀ ਸਤਿਸੰਗ, ਸੇਵਾ, ਸਿਮਰਨ ਨਾਲ ਹੁੰਦੀ ਹੈ।[303]

ਇਸ ਤਰ੍ਹਾਂ ਸਪੱਸ਼ਟ ਹੈ ਕਿ ਗੁਰਮਤਿ ਵਿਚ ਮਾਇਆ ਦਾ ਸਰੂਪ ਵੇਦਾਂਤ ਨਾਲੋਂ ਵਖਰਾ ਆਇਆ ਹੈ। ਮਾਇਆ ਜਗਤ ਦੀ ਸਿਰਜਕ ਨਹੀਂ ਸਗੋਂ ਅਕਾਲਪੁਰਖ ਦੀ ਆਗਿਆ ਵਿਚ ਕਾਰ ਕਰਦੀ ਹੈ। ਗਿਆਨੀ ਜੀ ਨੇ ਅਗਿਆਨ ਨੂੰ ਮਾਇਆ ਦਸਿਆ ਹੈ। ਗਿਆਨ ਦੀ ਪ੍ਰਾਪਤੀ ਪਰਮਾਤਮਾ ਦੇ ਨਾਮ ਤੋਂ ਬਿਨਾਂ ਨਹੀਂ ਹੋ

---

300 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨੯੩.

301 ਉਹੀ, ਅੰਗ ੬.

302 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 68.

303 ਉਹੀ, ਪੰਨਾ 69.

ਸਕਦੀ। ਵੇਦਾਂਤ ਨੇ ਜਿਥੇ ਜਗਤ ਦਾ ਕਾਰਣ ਮਾਇਆ ਨੂੰ ਕਿਹਾ ਹੈ ਅਤੇ ਇਸ ਕਰਕੇ ਜਗਤ ਝੂਠਾ ਹੈ ਪਰ ਗੁਰਬਾਣੀ ਦਾ ਵਿਚਾਰ ਹੈ ਕਿ ਜਗਤ ਸਚੇ ਦੀ ਸਚੀ ਰਚਨਾ ਹੈ।

ਗਿਆਨੀ ਜੀ ਦੇ ਸ਼ਬਦਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਪੁਰਾਣੀ ਮਿਥਿਆਵਾਦੀ ਪਰੰਪਰਾ ਨੂੰ ਤੋੜ ਕੇ ਜਗਤ ਨੂੰ 'ਸਚੇ ਦੀ ਕੋਠੜੀ' ਕਿਹਾ ਹੈ। ਸ਼ੰਕਰੀ ਨਿਰਾਸ਼ਾਵਾਦੀ ਘਾੜਤਾਂ ਦਾ ਖੰਡਨ ਕਰ ਕੇ ਜਗਤ ਨੂੰ 'ਸਤ' ਮਨਨ ਕਰਾਇਆ ਅਤੇ ਦਸਿਆ ਕਿ ਵਾਹਿਗੁਰੂ ਆਪ ਸਤ ਹੈ ਅਤੇ ਉਸਦੀ ਰਚਨਾ ਵੀ ਸਤ ਹੈ।[304] ਗਿਆਨੀ ਜੀ ਦੇ ਕਥਨ ਤੋਂ ਸਪਸ਼ਟ ਹੈ ਉਨ੍ਹਾਂ ਨੇ ਸ਼ੰਕਰ ਦੇ ਮਾਇਆਵਾਦ ਦਾ ਖੰਡਨ ਕਰਦੇ ਹੋਏ ਜਗਤ ਨੂੰ ਸਚ ਕਿਹਾ ਹੈ। ਜੇਕਰ ਮੂਲ ਸਤ ਹੈ ਤਾਂ ਉਸ ਤੋਂ ਪੈਦਾ ਹੋਣ ਵਾਲਾ ਜਗਤ ਵੀ ਸਚ ਹੈ। ਜਗਤ ਦੇ ਸਚ ਹੋਣ ਸੰਬੰਧੀ ਗੁਰਬਾਣੀ ਵਿਚ ਅਨੇਕਾਂ ਪ੍ਰਮਾਣ ਆਏ ਹਨ:

ਸਚੇ ਤੇਰੇ ਖੰਡ ਸਚੇ ਬ੍ਰਹਮੰਡ॥ ਸਚੇ ਤੇਰੇ ਲੋਅ ਸਚੇ ਆਕਾਰ॥[305]

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥[306]

ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥[307]

ਡਾ. ਸ਼ੇਰ ਸਿੰਘ ਵੀ ਇਸੇ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ, 'ਗੁਰੂ ਸਾਹਿਬ ਸਾਧਾਰਣ ਵੇਦਾਂਤੀਆਂ ਵਾਂਗ ਸ੍ਰਿਸ਼ਟੀ ਨੂੰ ਭਰਮ ਜਾਂ ਨਿਰਾਧਾਰ ਭਰਮ ਨਹੀਂ ਸਮਝਦੇ। ਅਕਾਲਪੁਰਖ ਸ੍ਰਿਸ਼ਟੀ ਦਾ ਆਪ ਹੀ ਕਰਨ-ਕਾਰਨ ਹੈ, ਹੋਰ ਦੂਜਾ ਕੋਈ ਨਹੀਂ। ਸੰਸਾਰ ਉਸੇ ਦੀ ਖੇਡ ਹੋਣ ਕਰਕੇ, ਉਸੇ ਦੀ ਰਚਨਾ ਹੋਣ ਕਰਕੇ ਛਾਇਆ (ਝੂਠ) ਨਹੀਂ ਹੈ। ਇਸ ਸਾਰੇ ਬ੍ਰਹਿਮੰਡ ਦੀ ਉਹ ਆਪ ਹੀ ਜਿੰਦ-ਜਾਨ ਹੈ। ਸ੍ਰਿਸ਼ਟੀ ਰਚਨਾ ਤਾਂ ਇਕ ਮਾਲਾ ਹੈ, ਮਣੀ ਹੈ, ਵਿਚਲਾ ਧਾਗਾ ਤੇ ਸੂਤ ਉਹ ਆਪ ਹੈ। ਮਣਕੇ ਬਾਹਰੋਂ ਭਾਵੇਂ ਵਖ-ਵਖ ਜਾਪਦੇ ਹਨ ਪਰ ਪ੍ਰੋਤੇ ਇਕ ਲੜੀ ਵਿਚ ਹਨ।[308]

ਸੋ ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਗੁਰਮਤਿ ਨੇ ਜਗਤ ਨੂੰ ਮਾਇਆ ਕਹਿ ਕੇ ਇਸ ਨੂੰ ਝੂਠ ਨਹੀਂ ਕਿਹਾ ਸਗੋਂ ਇਹ ਪਰਮਾਤਮਾ ਦੁਆਰਾ ਸਿਰਜੀ ਹੋਈ ਇਕ ਮਨੁਖੀ ਬਿਰਤੀ ਦਸਿਆ ਹੈ, ਜਿਸ ਦੀ ਸਹੀ ਸਮਝ ਤੋਂ ਵਿਹੂਣਾ ਆਦਮੀ ਪਰਮਾਤਮਾ ਅਤੇ ਉਸਦੀ ਕਿਰਤ ਦੀ ਅਸਲੀਅਤ ਤੋਂ ਦੂਰ ਹੋ ਜਾਂਦਾ ਹੈ। ਗੁਰਮਤਿ ਵਿਚ ਜਗਤ ਮਾਇਆ ਦਾ ਸਰੂਪ ਨਹੀਂ, ਇਹ ਸਚ ਹੈ। ਇਹ ਸਚੇ ਦੀ ਸਚੀ ਕਿਰਤ ਹੈ। ਪਰਮਾਤਮਾ ਆਪਣੀ ਪੈਦਾ ਕੀਤੀ ਕਿਰਤ ਵਿਚ ਰਮਿਆ ਹੋਇਆ ਹੈ। ਇਸ ਕਰਕੇ ਇਹ ਜਗਤ ਝੂਠਾ ਨਹੀਂ ਸਗੋਂ ਸਚਾ ਹੈ।

ਪਰਮਾਤਮਾ ਦੁਆਰਾ ਰਚਿਆ ਇਹ ਜਗਤ ਸਤ ਹੈ ਪਰ ਗੁਰਬਾਣੀ ਵਿਚ ਇਸਨੂੰ ਕਈ ਥਾਈਂ ਪਾਣੀ ਦਾ ਬੁਦਬੁਦਾ, ਸੁਪਨਾ ਰੈਨਿ ਕਾ, ਧੂਏ ਕਾ ਧਵਲਹਰੁ, ਬਾਲੂ ਕੀ ਭੀਤ, ਕੂੜ ਵੀ ਕਿਹਾ ਗਿਆ ਹੈ। ਇਸਦਾ

---

304 ਉਹੀ, ਪੰਨਾ 144.

305 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੬੩.

306 ਉਹੀ.

307 ਉਹੀ, ਅੰਗ ੨੮੪.

308 ਡਾ. ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਪੰਨਾ 331.

ਭਾਵ ਹੈ ਕਿ ਜਗਤ ਸਚ ਤਾਂ ਹੈ ਪਰ ਚਲਾਇਮਾਨ ਹੈ। ਜਗਤ ਦੀ ਹਰ ਚੀਜ਼ ਪੈਦਾ ਹੁੰਦੀ ਹੈ ਅਤੇ ਬਿਨਸ ਜਾਂਦੀ ਹੈ। ਜਿਵੇਂ ਪਾਣੀ ਦਾ ਬੁਦਬਦਾ ਪਾਣੀ ਵਿਚੋਂ ਪੈਦਾ ਹੋ ਕੇ ਉਸੇ ਵਿਚ ਸਮਾ ਜਾਂਦਾ ਹੈ ਪਰ ਉਸਦੀ ਹੋਂਦ ਤਾਂ ਯਕੀਨੀ ਹੈ। ਇਸੇ ਤਰ੍ਹਾਂ ਜਗਤ ਪਰਮਾਤਮਾ ਦੀ ਕਿਰਤ ਹੈ ਇਸ ਵਿਚੋਂ ਅਨੇਕਾਂ ਜੀਵ ਜਨਮ ਲੈਂਦੇ ਹਨ ਅਤੇ ਫਿਰ ਪਰਮਾਤਮਾ ਵਿਚ ਹੀ ਸਮਾ ਜਾਂਦੇ ਹਨ। ਜੇਕਰ ਹਰ ਜੀਵ ਵਿਚ ਪਰਮਾਤਮਾ ਦੀ ਹੋਂਦ ਨੂੰ ਅਨੁਭਵ ਕੀਤਾ ਜਾਵੇ ਤਾਂ ਇਹ ਜਗ ਸਚ ਹੈ, ਜੇਕਰ ਮਨੁਖ ਪਰਮਾਤਮਾ ਦੀ ਹੋਂਦ ਨੂੰ ਅਨੁਭਵ ਨਹੀਂ ਕਰਦਾ ਹੈ ਤਾਂ ਇਹ ਜਗਤ ਝੂਠ ਹੈ। ਡਾ. ਵਜ਼ੀਰ ਸਿੰਘ ਅਨੁਸਾਰ, 'ਬਾਣੀ ਦੀ ਭਾਵਨਾ ਦਾ ਸਾਰ ਇਹ ਹੈ ਕਿ ਜਗਤ ਹਕੀਕੀ ਤਦ ਹੈ, ਜੇਕਰ ਇਸ ਦੇ ਹਰ ਭਾਗ ਤੇ ਕੋਨੇ ਵਿਚ ਦੈਵੀ ਵਿਆਪਕਤਾ ਨੂੰ ਪਰਵਾਨ ਕੀਤਾ ਜਾਵੇ; ਉਹੀ ਜਗਤ ਕੂੜ ਤੇ ਅਸਤਿ ਹੈ, ਜੇਕਰ ਕੁਦਰਤਿ ਦੇ ਖੰਡਾਂ-ਮੰਡਲਾਂ ਵਿਚ ਅਸੀਂ ਕਾਦਰ ਵਸਿਆ-ਰਸਿਆ ਅਨੁਭਵ ਨਾ ਕਰੀਏ।'[309]

ਗਿਆਨੀ ਜੀ ਦੇ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਨੇ ਗੁਰਬਾਣੀ ਦੇ ਪਰਿਪੇਖ ਵਿਚ ਸ੍ਰਿਸ਼ਟੀ ਰਚਨਾ ਬਾਰੇ ਬਿਆਨ ਕੀਤਾ ਹੈ। ਉਨ੍ਹਾਂ ਨੇ ਵੇਦਾਂਤੀਆਂ ਵਾਂਗ ਇਸ ਨੂੰ ਮਿਥਿਆ ਨਹੀਂ ਕਿਹਾ ਸਗੋਂ ਸਚੇ ਦੀ ਰਚਨਾ ਨੂੰ ਸਚ ਹੀ ਦਸਿਆ ਹੈ। ਗਿਆਨੀ ਜੀ ਸ੍ਰਿਸ਼ਟੀ ਰਚਨਾ ਬਾਰੇ ਵਖ-ਵਖ ਧਰਮਾਂ ਦੇ ਵਿਚਾਰ ਪੇਸ਼ ਕਰ ਕੇ ਆਪਣਾ ਨਿਰਣਾ ਗੁਰਬਾਣੀ ਦੇ ਪਖ ਵਿਚ ਦਿੰਦੇ ਹਨ। ਸ੍ਰਿਸ਼ਟੀ ਦੀ ਰਚਨਾ ਪਰਮਾਤਮਾ ਦੇ ਹੁਕਮ ਵਿਚ ਹੋਈ ਹੈ। ਇਸਦੇ ਰਚਨਾ ਕਾਲ ਬਾਰੇ ਵਾਹਿਗੁਰੂ ਆਪ ਜਾਣਦਾ ਹੈ ਕਿ ਉਸਨੇ ਇਸ ਬੇਅੰਤ ਪਸਾਰੇ ਦੀ ਸਿਰਜਣਾ ਕਦੋਂ ਕੀਤੀ। ਬੇਅੰਤ ਆਕਲਪੁਰਖ ਵਾਂਗ ਉਸਦੀ ਰਚਨਾ ਵੀ ਬੇਅੰਤ ਹੈ ਜਿਸਦਾ ਮਨੁਖ ਥਾਹ ਨਹੀਂ ਪਾ ਸਕਦਾ। ਪਰਮਾਤਮਾ ਆਪਣੀ ਰਚਨਾ ਵਿਚ ਆਪ ਵਿਆਪਕ ਹੈ। ਗਿਆਨੀ ਜੀ ਨੇ ਸਚੇ ਦੀ ਕਿਰਤ ਨੂੰ ਸਚ ਮੰਨਿਆ ਹੈ।

**ਮਨੁਖ**: ਪਰਮਸਤ ਅਤੇ ਸ੍ਰਿਸ਼ਟੀ ਤੋਂ ਬਾਅਦ ਮਨੁਖੀ ਚਿੰਤਨ ਦਾ ਤੀਜਾ ਸਵਾਲ ਮਨੁਖ ਹੈ। ਪਰਮਾਤਮਾ ਵਲੋਂ ਸਾਜੇ ਇਸ ਸੰਸਾਰ ਵਿਚ ਬੇਅੰਤ ਜੀਵ ਪੈਦਾ ਕੀਤੇ ਗਏ ਹਨ ਇਨ੍ਹਾਂ ਵਿਚੋਂ ਮਨੁਖ ਨੂੰ ਸਭ ਤੋਂ ਉਤਮ ਦਰਜਾ ਦਿਤਾ ਗਿਆ ਹੈ।[310] ਚਉਰਾਸੀਹ ਲਖ ਜੂਨਾਂ ਵਿਚੋਂ ਮਨੁਖ ਨੂੰ ਹੀ ਸਭ ਤੋਂ ਸ੍ਰੇਸ਼ਟ ਮੰਨਿਆ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ: ਚਉਰਾਸੀ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ॥[311] ਮਨੁਖਾ ਸਰੀਰ ਅਕਾਲਪੁਰਖ ਦੀ ਅਦਭੁਤ ਰਚਨਾ ਹੈ। ਗੁਰਬਾਣੀ ਅਨੁਸਾਰ ਮਨੁਖਾ ਜਨਮ ਸਾਨੂੰ ਕਈ ਜਨਮਾਂ ਵਿਚ ਭਟਕਣ ਤੋਂ ਬਾਅਦ ਪ੍ਰਾਪਤ ਹੋਇਆ ਹੈ।[312] ਇਸ ਲਈ ਇਸਨੂੰ ਗੁਰਬਾਣੀ ਵਿਚ ਦੁਰਲਭ ਕਿਹਾ ਹੈ। ਇਹ ਇਕ ਅਜਿਹਾ ਅਵਸਰ ਹੈ ਜਿਸ ਵਿਚ ਮਨੁਖ ਮੋਖਸ਼ (ਪਰਮਾਤਮਾ) ਦੀ ਪ੍ਰਾਪਤੀ ਕਰ ਸਕਦਾ ਹੈ।

---

309 ਡਾ. ਵਜ਼ੀਰ ਸਿੰਘ, *ਸਿਖ ਦਰਸ਼ਨਧਾਰਾ*, ਪੰਨਾ 35.

310 ਲਖ ਚਉਰਾਸੀਹ ਜੋਨਿ ਸਬਾਈ॥
ਮਾਣਸ ਕਉ ਪ੍ਰਭ ਦੀਈ ਵਡਿਆਈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ ੧੦੭੫).

311 *ਵਾਰਾਂ ਭਾਈ ਗੁਰਦਾਸ*, ਵਾਰ 1/ਪਉੜੀ 3.

312 ਕਈ ਜਨਮ ਭਏ ਕੀਟ ਪਤੰਗਾ॥
ਕਈ ਜਨਮ ਗਜ ਮੀਨ ਕੁਰੰਗਾ॥
..................................
ਲਖ ਚਉਰਾਸੀਹ ਜੋਨਿ ਭ੍ਰਮਾਇਆ॥ (*ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ ੧੭੬).

ਧਰਮ ਦਰਸ਼ਨ ਮਨੁਖ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦਾ ਹੈ। ਇਸ ਵਿਚ ਮਨੁਖ ਨਾਲ ਸੰਬੰਧਿਤ ਕਈ ਸਵਾਲ ਜਿਵੇਂ ਮਨੁਖ ਕੀ ਹੈ? ਇਸਦਾ ਜੀਵਨ ਮਨੋਰਥ ਕੀ ਹੈ? ਮਨੁਖ ਜੀਵਨ ਮਨੋਰਥ ਦੀ ਪ੍ਰਾਪਤੀ ਕਿਨ੍ਹਾਂ ਸਾਧਨਾਂ ਰਾਹੀਂ ਕਰ ਸਕਦਾ ਹੈ? ਆਦਿ ਵਿਸ਼ਿਆ ਤੇ ਚਰਚਾ ਕੀਤੀ ਜਾਂਦੀ ਹੈ। ਮਨੁਖ ਦਾ ਅਧਿਐਨ ਕਰਨ ਲਈ ਅਸੀਂ ਉਪਰੋਕਤ ਪ੍ਰਸ਼ਨਾਂ ਦੇ ਉਤਰ ਗਿਆਨੀ ਜੀ ਦੁਆਰਾ ਪ੍ਰਸਤੁਤ ਕੀਤੇ ਵਿਚਾਰਾਂ ਅਤੇ ਗੁਰਬਾਣੀ ਦੇ ਅਧਾਰ ’ਤੇ ਲਭਣ ਦਾ ਯਤਨ ਕਰਾਂਗੇ।

ਗੁਰਬਾਣੀ ਵਿਚ ਮਨੁਖ ਲਈ ਮਨੁਖ, ਪ੍ਰਾਣੀ, ਭਾਈ, ਬੰਦਾ, ਜੀਵ, ਜੀਓ, ਜਿੰਦ ਆਦਿ ਸ਼ਬਦ ਵਰਤੇ ਗਏ ਹਨ। ਗਿਆਨੀ ਜੀ ਨੇ ਆਪਣੇ ਵਿਸ਼ਲੇਸ਼ਣ ਵਿਚ ਮਨੁਖ ਪਰਥਾਇ ਮਨੁਖ, ਜੀਵ, ਜੀਵਆਤਮਾ ਆਦਿ ਸ਼ਬਦ ਵਰਤੇ ਹਨ। ਮਨੁਖ ਕੀ ਹੈ? ਇਸ ਪ੍ਰਸ਼ਨ ਦਾ ਸੰਬੰਧ ਮਨੁਖ ਦੇ ਸਰੂਪ ਨਾਲ ਹੈ। ਭਾਵ ਮਨੁਖ ਦੀ ਪ੍ਰਕ੍ਰਿਤੀ ਕੀ ਹੈ? ਕੀ ਇਹ ਸਥੂਲ ਸਰੀਰ ਮਨੁਖ ਹੈ? ਆਤਮਾ ਹੈ? ਅੰਤਹਕਰਣ ਹੈ? ਜਾਂ ਇਨ੍ਹਾਂ ਸਭ ਦਾ ਸੁਮੇਲ ਹੈ। ਡਾ. ਸ਼ੇਰ ਸਿੰਘ ਨੇ ਮਨੁਖ ਦੇ ਅਸਲ ਵਿਚ ਦੋ ਪਹਿਲੂ ਹੀ ਮੰਨੇ ਹਨ। ਇਕ ਸਰੀਰ ਤੇ ਦੂਜੀ ਆਤਮਾ। ‘ਇਸੇ ਤਰ੍ਹਾਂ ਨਾਲ ਮਨੁਖ ਦੇ ਦੋ ਵਡੇ ਪਹਿਲੂ ਹਨ: ਇਕ ਸਰੀਰ ਤੇ ਦੂਜੀ ਆਤਮਾ, ਹਰਿ ਜੋਤਿ। ਦੋਹਾਂ ਦਾ ਅਸਲਾ ਇਕ ਹੈ। ਅਵਸਥਾ ਭੇਦ ਕਰਕੇ ਇਕ ਸਥੂਲ ਹੈ ਤੇ ਦੂਜਾ ਸੂਖਮ।’[313] ਗੁਰਬਾਣੀ ਅਨੁਸਾਰ ਪੰਜ ਤਤ ਮਿਲ ਕੇ ਮਨੁਖੀ ਸਰੀਰ ਦੀ ਘਾੜਤ ਘੜਦੇ ਹਨ। ਗੁਰਬਾਣੀ ਵਿਚ ਅਨੇਕਾਂ ਅਜਿਹੇ ਪ੍ਰਮਾਣ ਮਿਲਦੇ ਹਨ:

ਪੰਚ ਤਤੁ ਮਿਲਿ ਇਹੁ ਤਨੁ ਕੀਆ॥[314]

ਪੰਚ ਤਤੁ ਮਿਲਿ ਕਾਇਆ ਕੀਨੀ॥[315]

ਗੁਰਬਾਣੀ ਵਿਚ ਜਿਥੇ ਪੰਜ ਤੱਤਾਂ ਤੋਂ ਮਨੁਖੀ ਸਰੀਰ ਦੀ ਬਣਤਰ ਦੀ ਗੱਲ ਕੀਤੀ ਗਈ ਹੈ ਉਥੇ ਮਾਤਾ-ਪਿਤਾ ਦੇ ਸੰਜੋਗ ਨੂੰ ਵੀ ਸਰੀਰ ਦੀ ਉਪਜ ਦਾ ਕਾਰਨ ਮੰਨਿਆ ਗਿਆ ਹੈ। ਸਥੂਲ ਸਰੀਰ ਮਾਤਾ ਪਿਤਾ ਦੇ ਸੰਯੋਗ ਨਾਲ ਹੋਂਦ ਵਿਚ ਆਉਂਦਾ ਹੈ। ਭਾਵ ਰਕਤ ਬਿੰਦ ਦੇ ਮੇਲ ਤੋਂ ਬਣਦਾ ਹੈ। ‘ਰਕਤ ਇਸਤਰੀ ਦੇ ਸਰੀਰ ਦਾ ਅਤੇ ਬਿੰਦ ਮਰਦ ਦੇ ਸਰੀਰ ਦਾ ਹਿਸਾ ਹੁੰਦੀ ਹੈ। ਇਹ ਦੋਨੋਂ ਮਿਲ ਕੇ ਪ੍ਰਫੁਲਤ ਹੁੰਦੇ ਹਨ ਅਤੇ ਜੀਵਆਤਮਾ ਲਈ ਸਰੀਰ ਤਿਆਰ ਕਰਦੇ ਹਨ।’[316] ਬਿੰਦੁ ਰਕਤੁ ਮਿਲਿ ਪਿੰਡੁ ਸਰੀਆ॥[317] ਇਸ ਤਰ੍ਹਾਂ ਸਪਸ਼ਟ ਹੈ ਕਿ ਮਨੁਖ ਦੇ ਸਥੂਲ ਸਰੀਰ ਦਾ ਕਾਰਣ ਮਾਤਾ ਪਿਤਾ ਦਾ ਸੰਜੋਗ ਅਤੇ ਪੰਜ ਤੱਤਾਂ ਦਾ ਸੰਜੋਗ ਹੈ।

ਗਿਆਨੀ ਜੀ ਅਨੁਸਾਰ, ‘ਗੁਰਬਾਣੀ ਨੇ ਆਤਮਾ (ਮਨ) ਪਰਮਾਤਮਾ ਦੀ ਅਭਿੰਨਤਾ ਪ੍ਰਗਟ ਕਰਕੇ ਸਭ ਜਗਤ ਨੂੰ ਬ੍ਰਹਮ ਬਣਾ ਦਿਤਾ।[318] ਗਿਆਨੀ ਜੀ ਦੇ ਕਥਨ ਤੋਂ ਸਪੱਸ਼ਟ ਹੈ ਕਿ ਉਨ੍ਹਾ ਨੇ ਆਤਮਾ ਅਤੇ

---

313 ਡਾ. ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਪੰਨਾ 305.

314 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੩੯.

315 ਉਹੀ, ਅੰਗ ੧੦੩੦.

316 ਡਾ. ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਪੰਨਾ 340.

317 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੨੬.

318 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 93.

ਮਨ ਵਿਚ ਕੋਈ ਅੰਤਰ ਨਹੀਂ ਮੰਨਿਆ। ਸ. ਸਰਦੂਲ ਸਿੰਘ ਕਵੀਸ਼ਰ ਵੀ ਇਸੇ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ, 'ਪਰ ਇਸ ਗੱਲ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਣ ਤੋਂ ਪਹਿਲਾ ਅਸੀਂ ਦਸ ਦੇਈਏ ਕਿ ਨਵੀਨ ਵਿਗਿਆਨੀਆਂ ਵਾਂਗ ਗੁਰੂ ਸਾਹਿਬਾਨ ਨੇ ਮਨ ਅਤੇ ਆਤਮਾ ਵਿਚ ਕੋਈ ਭਿੰਨ ਭੇਦ ਨਹੀਂ ਜਾਣਿਆ ਸਾਹਿਬਾਂ ਨੇ ਮਨੁਖੀ ਮਨ ਅਤੇ ਆਤਮਾ ਨੂੰ ਇਕੋ ਜਾਣਿਆ ਹੈ।[319] ਡਾ. ਸ਼ੇਰ ਸਿੰਘ ਮਨ ਨੂੰ ਆਤਮਾ ਅਤੇ ਸਰੀਰ ਦੇ ਵਿਚਕਾਰ ਦੀ ਸਥਿਤੀ ਮੰਨਦੇ ਹਨ। 'ਜਿਥੇ ਸਰੀਰ ਮੁਕਦਾ ਹੈ, ਉਥੇ ਮਨ ਸ਼ੁਰੂ ਹੁੰਦਾ ਹੈ, ਜਿਥੇ ਮਨ ਮੁਕਦਾ ਹੈ ਉਥੋਂ ਆਤਮਾ ਸ਼ੁਰੂ ਹੁੰਦੀ ਹੈ।[320] ਭਾਈ ਕਾਨ੍ਹ ਸਿੰਘ ਨਾਭਾ ਨੇ ਮਨ ਨੂੰ ਅੰਤਹਕਰਣ ਦਾ ਇਕ ਹਿੱਸਾ ਮੰਨਿਆਂ ਹੈ। ਉਨ੍ਹਾਂ ਨੇ ਅੰਤਹਕਰਣ ਦੇ ਚਾਰ ਭੇਦ ਦਸੇ ਹਨ। ਮਨ, ਬੁੱਧਿ, ਚਿੱਤ, ਅਹੰਕਾਰ। ਮਨ, ਜਿਸ ਕਰਕੇ ਸੰਕਲਪ ਵਿਕਲਪ ਫੁਰਦੇ ਹਨ। ਬੁੱਧਿ, ਜਿਸ ਤੋਂ ਵਿਚਾਰ ਅਤੇ ਨਿਸ਼ਚਾ ਹੁੰਦਾ ਹੈ। ਚਿੱਤ, ਜਿਸ ਕਰਕੇ ਸਮਰਣ (ਚੇਤਾ) ਹੁੰਦਾ ਹੈ। ਅਹੰਕਾਰ, ਜਿਸ ਤੋਂ ਪਦਾਰਥਾਂ ਨਾਲ ਆਪਣਾ ਸੰਬੰਧ ਹੁੰਦਾ ਹੈ।[321] ਇਸ ਤਰ੍ਹਾਂ ਸਪੱਸ਼ਟ ਹੈ ਕਿ ਗਿਆਨੀ ਜੀ ਨੇ ਉਨ੍ਹਾਂ ਵਿਦਵਾਨਾਂ ਨਾਲ ਸਹਿਮਤੀ ਪ੍ਰਗਟਾਈ ਹੈ ਜੋ ਮਨ ਅਤੇ ਆਤਮਾ ਨੂੰ ਇਕੋ ਮੰਨਦੇ ਹਨ ਪਰ ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਤੋਂ ਪਤਾ ਲਗਦਾ ਹੈ ਕਿ ਮਨ ਤੇ ਆਤਮਾ ਵਿਚ ਅੰਤਰ ਹੈ। ਮਨ ਅੰਤਹਕਰਣ ਦਾ ਹਿੱਸਾ ਹੈ।

ਗਿਆਨੀ ਜੀ ਮਨੁਖੀ ਸਰੀਰ ਵਿਚ ਮੌਜੂਦ ਆਤਮਾ ਦੀ ਵਿਆਖਿਆ ਗੁਰਬਾਣੀ ਦੇ ਪਰਿਪੇਖ ਵਿਚ ਕਰਦੇ ਹਨ। ਉਨ੍ਹਾਂ ਅਨੁਸਾਰ ਸਰੀਰ ਵਿਚ ਆਤਮਾ ਚੇਤਨ ਨੂੰ ਗੁਰਬਾਣੀ ਨੇ ਆਤਮਾ ਕਿਹਾ ਹੈ। ਆਤਮਾ ਮਨੁਖੀ ਸਰੀਰ ਦਾ ਅਧਾਰ ਹੈ। ਅਸਲ ਤਤ ਹੈ। ਮਨੁਖੀ ਸਰੀਰ ਆਤਮਾ ਕਰਕੇ ਹੀ ਕਾਇਮ ਹੈ। ਗਿਆਨੀ ਜੀ ਨੇ ਜੀਵ ਅਤੇ ਜੀਵਾਤਮਾ ਨੂੰ ਇਕ ਹੀ ਮੰਨਿਆ ਹੈ। ਗੁਰੂ ਗ੍ਰੰਥ ਕੋਸ਼ ਵਿਚ ਜੀਵ ਦਾ ਅਰਥ ਮਨ, ਜਾਨ, ਜਿੰਦ, ਰੂਹ, ਜੀਵਾਤਮਾ ਕੀਤਾ ਹੈ।

ਗਿਆਨੀ ਜੀ ਦਸਦੇ ਹਨ ਕਿ ਜਦੋਂ ਪਰਮਾਤਮਾ ਆਪਣੀ ਜੋਤਿ ਨੂੰ ਸਰੀਰ ਵਲ ਕਰਦਾ ਹੈ ਤਾਂ ਜੀਵ ਹੋਂਦ ਵਿਚ ਆਉਂਦਾ ਹੈ।[322] ਗੁਰੂ ਅਮਰਦਾਸ ਜੀ ਦਾ ਕਥਨ ਹੈ:

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥
ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ॥[323]

ਗਿਆਨੀ ਜੀ ਅਨੁਸਾਰ ਜੀਵ ਅਤੇ ਆਤਮਾ ਵਿਚ ਕੋਈ ਭਿੰਨਤਾ ਨਹੀਂ। ਜੋ ਭਿੰਨਤਾ ਅਨੁਭਵ ਹੋ ਰਹੀ ਹੈ ਉਹ ਅਗਿਆਨ ਦੇ ਕਾਰਣ ਪ੍ਰਤੀਤ ਹੋ ਰਹੀ ਹੈ। ਵੇਦਾਂਤ ਇਸੇ ਨੂੰ ਮਾਇਆ ਕਹਿੰਦਾ ਹੈ। ਸਤ ਸਰੂਪ

---

319 ਸਰਦੂਲ ਸਿੰਘ ਕਵੀਸ਼ਰ, *ਸਿਖ ਧਰਮ ਦਰਸ਼ਨ,* ਪੰਨਾ 140.

320 ਡਾ. ਸ਼ੇਰ ਸਿੰਘ, *ਗੁਰਮਤਿ ਦਰਸ਼ਨ,* ਪੰਨਾ 309.

321 ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 948.

322 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ,* ਪੰਨਾ 85.

323 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੨੧.

ਆਤਮਾ ਅਗਿਆਨ ਕਰਕੇ ਆਪਣੇ ਸ਼ੁਧ ਸਰੂਪ ਨੂੰ ਭੁੱਲੀ ਹੋਈ ਹੈ।[324] ਜੀਵਾਤਮਾ ਪਰਮਾਤਮਾ ਦੀ ਅੰਸ਼ ਹੈ।[325] ਗੁਰਬਾਣੀ ਅਨੁਸਾਰ ਆਤਮਾ, ਪਰਮਾਤਮਾ ਦਾ ਸੰਬੰਧ ਬੂੰਦ ਅਤੇ ਸਾਗਰ ਦੀ ਤਰ੍ਹਾਂ ਹੈ।

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ॥[326]

ਇਸ ਤਰ੍ਹਾਂ ਗਿਆਨੀ ਜੀ ਨੇ ਮਨੁਖੀ ਸਰੀਰ ਵਿਚ ਵਿਦਮਾਨ ਆਤਮਾ ਦੀ ਵਿਆਖਿਆ ਗੁਰਬਾਣੀ ਦੇ ਅਨੁਸਾਰ ਕੀਤੀ ਹੈ। ਆਤਮਾ ਲਈ ਗੁਰਬਾਣੀ ਵਿਚ 'ਜੋਤਿ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਸਾਰੇ ਸਰੀਰਾਂ ਵਿਚ ਇਕ ਹੀ ਜੋਤਿ ਵਰਤ ਰਹੀ ਹੈ। ਇਸ ਹਰੀ ਜੋਤਿ ਦਾ ਪ੍ਰਕਾਸ਼ ਗਿਆਨ ਨਾਲ ਅਨੁਭਵ ਹੁੰਦਾ ਹੈ। ਨਾਮ ਸਿਮਰਨ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਨੇ ਸਰੀਰ ਨੂੰ ਹਰਿਮੰਦਰ ਵੀ ਆਖਿਆ ਹੈ, ਇਹ ਜੋਤਿ ਸਾਰੇ ਸਰੀਰਾਂ ਵਿਚ ਪ੍ਰਕਾਸ਼ਤ ਹੋ ਰਹੀ ਹੈ :

ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥[327]

ਗਿਆਨੀ ਜੀ ਨੇ ਆਤਮਾ ਅਤੇ ਮਨ ਵਿਚ ਕੋਈ ਭੇਦ ਨਹੀਂ ਮੰਨਿਆ। ਉਨ੍ਹਾਂ ਅਨੁਸਾਰ ਸਤਿਗੁਰੂ ਜੀ ਨੇ ਮਨ ਨੂੰ ਅਕਾਲ ਪੁਰਖ ਦਾ ਰੂਪ ਮੰਨਿਆ ਹੈ।[328] ਜੀਵ ਆਤਮਾ ਨੇ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰਨੀ ਹੈ। ਗੁਰਬਾਣੀ ਦਾ ਕਥਨ ਹੈ:

ਮਨ ਤੂ ਜੋਤਿ ਸਰੂਪੁ ਹੈ ਆਪਣਾ ਮੂਲ ਪਛਾਣੁ॥[329]

ਮਨ ਮਹਿ ਆਪਿ ਮਨ ਅਪੁਨੇ ਮਾਹਿ॥[330]

ਅਗੇ ਸਵਾਲ ਪੈਦਾ ਹੁੰਦਾ ਹੈ ਕਿ ਮਨੁਖ ਇਸ ਸੰਸਾਰ ਵਿਚ ਕੀ ਕਰਨ ਆਇਆ ਹੈ? ਭਾਵ ਮਨੁਖੀ ਜੀਵਨ ਦਾ ਆਦਰਸ਼ ਕੀ ਹੈ? ਇਸ ਸੰਬੰਧੀ ਸੰਸਾਰ ਦੇ ਧਰਮਾਂ ਨੇ ਆਪੋ-ਆਪਣੇ ਢੰਗ ਨਾਲ ਵਿਚਾਰ ਅੰਕਿਤ ਕੀਤੇ ਹਨ। ਗੁਰਬਾਣੀ ਅਨੁਸਾਰ ਮਨੁਖੀ ਜੀਵਨ ਦਾ ਮਨੋਰਥ ਪਰਮਾਤਮਾ ਨਾਲ ਇਕਮਿਕ ਹੋਣਾ ਹੈ। ਗੁਰਮਤਿ ਜੀਵ ਦੇ ਜਿਉਂਦੇ ਜੀਅ ਜੀਵਨ ਮੁਕਤਿ ਦੀ ਗੱਲ ਕਰਦੀ ਹੈ। ਗਿਆਨੀ ਜੀ ਨੇ ਮੁਕਤੀ ਬਾਰੇ ਵਿਚਾਰ ਪੇਸ਼ ਕਰਦਿਆਂ ਗੁਰਮਤਿ ਅਤੇ ਅਦ੍ਵੈਤ ਵੇਦਾਂਤ ਦੇ ਮੁਕਤੀ ਦੇ ਸਿਧਾਂਤ ਵਿਚ ਭਿੰਨਤਾ ਪ੍ਰਗਟਾਈ ਹੈ ਅਤੇ ਦਸਿਆ ਹੈ ਕਿ ਗੁਰਮਤਿ ਵਿਚ ਮੁਕਤੀ ਦਾ ਮਾਰਗ ਹੋਰਨਾਂ ਧਰਮਾਂ ਨਾਲੋ ਸਰਲ ਅਤੇ ਵਿਲੱਖਣ ਹੈ।

ਵੇਦਾਂਤ ਮੁਕਤੀ ਦਾ ਸਾਧਨ ਗਿਆਨ ਨੂੰ ਮੰਨਦਾ ਹੈ। ਕਰਮ ਕਰਨ ਨਾਲ ਮੋਕਸ਼ ਨਹੀਂ ਮਿਲਦਾ। ਕਰਮ ਫਲ ਪੈਦਾ ਕਰਨ ਕਰਕੇ ਤਿਆਗਣਜੋਗ ਹਨ। ਕਰਮ ਕਰਨ ਦਾ ਸ਼ੰਕਰ ਨੇ ਖੰਡਨ ਕੀਤਾ ਹੈ। ਕਰਮ

---

324 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 85.

325 ਕਹੁ ਕਬੀਰ ਇਹ ਰਾਮ ਕੀ ਅੰਸ॥ (*ਸ੍ਰੀ ਗੁਰੂ ਗ੍ਰੰਥ ਸਾਹਿਬ*, ਅੰਗ ੮੭੧).

326 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮੭੮.

327 ਉਹੀ, ਅੰਗ ੧੩੪੬.

328 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 93.

329 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੪.

330 ਉਹੀ, ਅੰਗ ੨੭੯.

ਫਲ ਨੂੰ ਪੈਦਾ ਕਰਦੇ ਹਨ। ਭਾਵੇਂ ਸ਼ੁਭ ਹੋਣ ਜਾਂ ਅਸ਼ੁਭ ਕਰਮ ਹੋਣ ਦੋਨੋਂ ਕਰਮ ਜਨਮ ਮਰਨ ਦੇ ਕਾਰਣ ਹਨ। ਜਦੋਂ ਕਰਮ ਰੂਪੀ ਬੀਜ ਗਿਆਨ ਅਗਨੀ ਵਿਚ ਦਗਧ ਹੋ ਜਾਂਦਾ ਹੈ ਤਦ ਹੀ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। ਇਸ ਕਰਕੇ ਕਰਮਾਂ ਦੇ ਤਿਆਗਣ ਨਾਲ ਹੀ ਵਿਅਕਤੀ ਵੇਦਾਂਤ ਵਿਦਿਆ ਦਾ ਅਧਿਕਾਰੀ ਬਣ ਸਕਦਾ ਹੈ। ਕਰਮ ਨਾਲ ਬ੍ਰਹਮ ਦੀ ਪ੍ਰਾਪਤੀ ਨਹੀਂ ਹੋ ਸਕਦੀ।[331] ਗਿਆਨੀ ਜੀ ਨੇ ਤਿੰਨ ਤਰ੍ਹਾਂ ਦੇ ਕਰਮਾਂ ਦਾ ਜ਼ਿਕਰ ਕੀਤਾ ਹੈ। ਸੰਚਿਤ, ਕ੍ਰਿਯਾਮਾਨ ਅਤੇ ਪ੍ਰਾਲਬਧ। ਅਨੇਕ ਪੂਰਵ ਜਨਮਾਂ ਵਿਚ ਇੱਕਠੇ ਹੋਏ ਕਰਮਾਂ ਨੂੰ ਸੰਚਿਤ ਕਰਮ, ਵਰਤਮਾਨ ਜਨਮ ਵਿਚ ਕੀਤੇ ਕਰਮਾਂ ਨੂੰ ਕ੍ਰਿਯਾਮਾਨ ਅਤੇ ਪੂਰਵ ਜਨਮਾਂ ਅਤੇ ਵਰਤਮਾਨ ਜਨਮ ਦੇ ਕਰਮ ਜਿਨ੍ਹਾਂ ਨੂੰ ਵਿਅਕਤੀ ਭੋਗ ਰਿਹਾ ਹੈ ਪ੍ਰਾਲਬਧ ਕਰਮ ਕਿਹਾ ਹੈ।[332]

ਵੇਦਾਂਤ ਅਨੁਸਾਰ ਜਦ ਜੀਵ ਗਿਆਨ ਪ੍ਰਾਪਤ ਕਰ ਲੈਂਦਾ ਹੈ, ਉਸਦੇ ਸਾਰੇ ਕਰਮਾਂ ਦਾ ਨਾਸ਼ ਹੋ ਜਾਂਦਾ ਹੈ। ਵੇਦਾਂਤ ਦੇ ਗਿਆਨ ਤੋਂ ਭਾਵ ਹੈ, ਵੇਦਾਂਤ ਵਿਚ ਪਰਪੱਕ ਵਿਸ਼ਵਾਸ ਹੋਣਾ। ਵੇਦਾਂਤ ਸਿਧਾਂਤ ਅਨੁਸਾਰ ਗਿਆਨ ਦੀ ਪ੍ਰਾਪਤੀ ਵਾਸਤੇ ਸੰਸਾਰ ਦਾ ਤਿਆਗ ਜਰੂਰੀ ਹੈ ਭਾਵ ਗ੍ਰਿਹਸਥੀ ਗਿਆਨ ਪ੍ਰਾਪਤ ਨਹੀਂ ਕਰ ਸਕਦਾ। ਬ੍ਰਹਮ ਗਿਆਨ ਦਾ ਅਧਿਕਾਰੀ ਉਹ ਵਿਅਕਤੀ ਹੈ ਜੋ ਲੋਕ-ਪ੍ਰਲੋਕ, ਸਵਰਗ ਅਤੇ ਸੰਸਾਰ ਤੋਂ ਉਪਰਾਮ ਹੋਵੇ। ਸਭ ਤਰ੍ਹਾਂ ਦੀਆਂ ਇਛਾਵਾਂ ਦਾ ਤਿਆਗੀ ਹੋਵੇ। ਸ਼ਰਵਨ ਮੰਨਨ ਗੁਰੂ ਵਾਕਾਂ ਵਿਚ ਸ਼ਰਧਾ ਰਖਦਾ ਹੋਵੇ। ਅਜਿਹਾ ਵਿਅਕਤੀ ਬ੍ਰਹਮ ਦਾ ਅਧਿਕਾਰੀ ਹੈ।[333]

ਇਸ ਤਰ੍ਹਾਂ ਸਪੱਸ਼ਟ ਹੈ ਕਿ ਵੇਦਾਂਤ ਨੇ ਮੁਕਤੀ ਦਾ ਸਾਧਨ ਗਿਆਨ ਨੂੰ ਮੰਨਿਆ ਹੈ। ਕਰਮ ਦਾ ਵੇਦਾਂਤ ਨੇ ਖੰਡਨ ਕੀਤਾ ਹੈ। ਕਰਮ ਬੰਧਨ ਦਾ ਕਾਰਣ ਬਣਦੇ ਹਨ ਅਤੇ ਕਰਮ ਕਰਨ ਨਾਲ ਵਿਅਕਤੀ ਮੁਕਤ ਪ੍ਰਾਪਤ ਨਹੀਂ ਕਰ ਸਕਦਾ। ਇਸ ਕਰਕੇ ਕਰਮਾਂ ਨੂੰ ਨਕਾਰਿਆ ਹੈ। ਸੰਸਾਰ ਵਲੋਂ ਉਪਰਾਮ ਵਿਅਕਤੀ ਹੀ ਗਿਆਨ ਪ੍ਰਾਪਤ ਕਰ ਸਕਦਾ ਹੈ ਅਤੇ ਬ੍ਰਹਮ ਦੀ ਪ੍ਰਾਪਤੀ ਕਰ ਸਕਦਾ ਹੈ।

ਗਿਆਨੀ ਜੀ ਮੁਕਤੀ ਸੰਬੰਧੀ ਗੁਰਬਾਣੀ ਦਾ ਪੱਖ ਪੇਸ਼ ਕਰਦੇ ਲਿਖਦੇ ਹਨ ਕਿ ਗੁਰਬਾਣੀ ਵਿਚ ਮਨੁਖੀ ਜੀਵਨ ਦਾ ਆਦਰਸ਼ ਮੁਕਤੀ ਨਹੀਂ ਸਗੋਂ ਪਰਮਾਤਮਾ ਨਾਲ ਇਕਮਿਕ ਹੋਣਾ ਹੈ। ਇਸਦੀ ਪ੍ਰਾਪਤੀ ਲਈ ਗੁਰਮਤਿ ਵਿਚ ਸੇਵਾ, ਸਿਮਰਨ, ਉਪਕਾਰ ਨੂੰ ਪ੍ਰਮੁਖਤਾ ਦਿਤੀ ਗਈ ਹੈ। ਗਿਆਨੀ ਜੀ ਨੇ ਗੁਰਬਾਣੀ ਦੀ ਰੌਸ਼ਨੀ ਵਿਚ ਦਸਿਆ ਹੈ ਕਿ ਗੁਰੂ ਘਰ ਵਿਚ ਸੇਵਾ ਨੂੰ ਸਰਵੋਪਰੀ ਸਥਾਨ ਪ੍ਰਾਪਤ ਹੈ। ਗੁਰਮਤਿ ਵਿਚ ਸੇਵਾ, ਉਪਕਾਰ, ਵਰਗੇ ਸ਼ੁਭ ਕਰਮ ਜਨਮ-ਮਰਣ ਦਾ ਕਾਰਣ ਨਹੀਂ ਬਲਕਿ ਮੋਕਸ਼ (ਈਸ਼ਵਰ) ਪ੍ਰਾਪਤੀ ਦਾ ਸਾਧਨ ਮੰਨੇ ਗਏ ਹਨ। ਗੁਰਬਾਣੀ ਵਾਰ-ਵਾਰ ਸੇਵਾ ਅਤੇ ਪਰਉਪਕਾਰ ਕਰਨ ਦੀ ਤਾਕੀਦ ਕਰਦੀ ਹੈ:

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥

---

331 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 99.

332 ਉਹੀ, ਪੰਨਾ 100.

333 ਉਹੀ, ਪੰਨਾ 99.

ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥[334]

ਇਸ ਤਰ੍ਹਾਂ ਗਿਆਨੀ ਜੀ ਨੇ ਵੇਦਾਂਤ ਤੋਂ ਗੁਰਮਤਿ ਨੂੰ ਨਿਖੇੜਦੇ ਹੋਏ ਕਹਿੰਦੇ ਹਨ ਕਿ ਗੁਰਮਤਿ ਦੇ ਧਾਰਨੀ ਜਿਥੇ ਪਰਉਪਕਾਰ ਅਤੇ ਸੇਵਾ ਕਰਨ ਲਈ ਹਮੇਸ਼ਾ ਤਤਪਰ ਰਹਿੰਦੇ ਹਨ ਉਥੇ ਵੇਦਾਂਤੀ ਕੋਈ ਕਰਮ ਕਰਨਾ ਜਨਮ-ਮਰਨ ਦੇ ਚੱਕਰ ਵਿਚ ਪੈਣ ਦਾ ਕਾਰਣ ਸਮਝਦਾ ਹੈ।[335]

ਗੁਰਮਤਿ ਦਾ ਮਾਰਗ ਸਰਲ ਹੈ। ਗੁਰੂ ਸਾਹਿਬ ਨੇ ਇਕੋ ਸਿਧਾਂਤ ਨਾਮ ਜਪਣਾ, ਵੰਡ ਛਕਣਾ, ਕਿਰਤ ਕਰਨੀ ਵਿਚ ਸਿੱਖੀ ਦੇ ਸਿਧਾਂਤ ਦਾ ਨਿਰੂਪਣ ਕੀਤਾ ਹੈ। ਮੁਕਤੀ ਦਾ ਬੜਾ ਸਰਲ ਮਾਰਗ ਦਸਿਆ ਹੈ:

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥[336]

ਗਿਆਨੀ ਜੀ ਅਨੁਸਾਰ ਸਤਿਗੁਰੂ ਜੀ ਨੇ ਆਪਣੇ ਅਨੁਯਾਈਆਂ ਨੂੰ ਸਵਰਗ ਬੈਕੁੰਠ ਦਾ ਲੋਭ ਨਹੀਂ ਦਿਤਾ। ਜੇਕਰ ਨਰਕ ਸਵਰਗ ਦਾ ਵਰਣਨ ਆਇਆ ਵੀ ਹੈ ਤਾਂ ਉਹ ਭਿਆਨਕ, ਰੌਚਕ, ਯਥਾਰਥ ਕਥਨ ਅਨੁਸਾਰ ਹੈ। ਸਵਰਗ ਬੈਕੁੰਠ ਤਕ ਪ੍ਰਾਪਤ ਕਰ ਲੈਣਾ ਮਨੁਖਾ ਜਨਮ ਦਾ ਸਫਲ ਆਦਰਸ਼ ਨਹੀਂ ਹੈ। ਇਸ ਵਾਸਤੇ ਗੁਰਬਾਣੀ ਨੇ ਸਵਰਗ ਬੈਕੁੰਠ ਦਾ ਖੰਡਨ ਕਰਕੇ ਸਤਿਗੁਰੂ ਜੀ ਦੇ ਚਰਨ ਕਮਲਾਂ ਨੂੰ ਅਤੇ ਸਾਧ ਸੰਗਤ ਨੂੰ ਬੈਕੁੰਠ ਕਿਹਾ ਹੈ:

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥[337]
ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥
ਚਰਣ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥[338]

ਗਿਆਨੀ ਜੀ ਦਸਦੇ ਹਨ ਕਿ ਜਿਸਦੇ ਹਿਰਦੇ ਵਿਚ ਪ੍ਰਭੂ ਪ੍ਰੇਮ ਹੈ ਉਹੀ ਮੁਕਤ ਹੈ ਇਸ ਲਈ ਗੁਰਬਾਣੀ ਵਿਚ ਲੋਕ ਦੇ ਰਾਜ ਅਤੇ ਮੁਕਤ ਦੀ ਬਜਾਇ ਪਰਮਾਤਮਾ ਨਾਲ ਪ੍ਰੇਮ ਦੀ ਮੰਗ ਕੀਤੀ ਹੈ।

ਰਾਜ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥[339]

ਗੁਰਬਾਣੀ ਵਿਚ ਹਰਖ-ਸ਼ੋਕ, ਨਿੰਦਾ-ਉਸਤਤਿ, ਮਾਨ-ਅਪਮਾਨ, ਕੰਚਨ-ਮਿਟੀ ਨੂੰ ਸਮਾਨ ਸਮਝਣ ਵਾਲੇ ਸਦਾ ਆਨੰਦ ਵਿਚ, ਰੋਮ-ਰੋਮ ਸਿਮਰਨ ਕਰਨ ਵਾਲੇ ਗੁਰਬਾਣੀ ਦੇ ਨਿਤਨੇਮੀ ਨੂੰ ਜੀਵਨ ਮੁਕਤਿ ਮੰਨਿਆ ਹੈ। ਗੁਰਬਾਣੀ ਵਿਚ ਅਜਿਹੇ ਮਹਾਂਪੁਰਖਾਂ ਨੂੰ ਬ੍ਰਹਮ ਗਿਆਨੀ ਕਿਹਾ ਹੈ। ਬ੍ਰਹਮ ਗਿਆਨੀ ਲੋਕ ਪ੍ਰਲੋਕ ਵਿਚ ਮੁਕਤ ਹੈ। ਪਰਮਾਤਮਾ ਦੀ ਅੰਸ਼ ਹੋਣ ਕਰਕੇ ਆਪਣੇ ਅੰਸ਼ੀ ਰਾਮ ਵਿਚ ਅਭੇਦ ਹੋ ਜਾਂਦਾ

---

334 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬੪੭.

335 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 102

336 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੨੨.

337 ਉਹੀ, ਅੰਗ ੯੬੯.

338 ਉਹੀ, ਅੰਗ ੧੩੭੦.

339 ਉਹੀ, ਅੰਗ ੫੩੪.

ਹੈ। ਬ੍ਰਹਮ ਗਿਆਨੀ ਨਾ ਸਵਰਗ ਵਿਚ ਜਾਂਦਾ ਹੈ ਅਤੇ ਨਾ ਬੈਕੁੰਠ ਵਿਚ ਜਾਂਦਾ ਹੈ। ਮੁਕਤੀ ਤਾਂ ਮਹਾਂਪੁਰਖਾਂ ਦੀ ਦਾਸੀ ਹੈ। ਮੁਕਤੀ ਵਲ ਤਾਂ ਬ੍ਰਹਮ ਗਿਆਨੀ ਦ੍ਰਿਸ਼ਟੀ ਵੀ ਨਹੀਂ ਕਰਦਾ। ਬ੍ਰਹਮ ਗਿਆਨੀ ਦੀ ਨਿਰਮਲ ਆਤਮਾ ਪਰਮਾਤਮਾ ਨਾਲ ਇਸ ਤਰ੍ਹਾਂ ਅਭੇਦ ਹੋ ਜਾਂਦੀ ਹੈ ਜਿਸ ਤਰ੍ਹਾਂ ਸੂਰਜ ਦੀਆਂ ਕਿਰਨਾਂ ਸੂਰਜ ਵਿਚ ਮਿਲ ਜਾਂਦੀਆਂ ਹਨ ਜਿਵੇਂ ਜਲ ਵਿਚ ਜਲ ਮਿਲ ਜਾਂਦਾ ਹੈ।

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥[340]
ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ॥[341]

ਵੇਦਾਂਤ ਅਨੁਸਾਰ ਮੁਕਤੀ ਪ੍ਰਾਪਤੀ ਦਾ ਸਾਧਨ ਗਿਆਨ ਹੈ, ਜਿਹੜਾ ਸੰਨਿਆਸ ਧਾਰਨ ਨਾਲ ਹੀ ਪ੍ਰਾਪਤ ਹੁੰਦਾ ਹ। ਗੁਰੂ ਸਾਹਿਬ ਨੇ ਸ਼ੰਕਰ ਦੇ ਇਸ ਸੰਨਿਆਸ ਨੂੰ ਪ੍ਰਵਾਨ ਨਹੀਂ ਕੀਤਾ। ਗੁਰਬਾਣੀ ਨੇ ਸੇਵਾ, ਸਿਮਰਨ ਨਿਰਮਲ ਕਰਮਾਂ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਮੰਨਿਆ ਹੈ। ਗੁਰਬਾਣੀ ਵਿਚ ਗ੍ਰਿਹਸਤ ਨੂੰ ਤਿਆਗਨ ਲਈ ਨਹੀਂ ਕਿਹਾ ਗਿਆ ਸਗੋਂ ਗ੍ਰਹਿਸਤੀ ਹੁੰਦਿਆਂ ਜੀਵਨ ਮੁਕਤ ਹੋਣ ਦਾ ਉਪਦੇਸ਼ ਦਿਤਾ ਗਿਆ ਹੈ। ਅਜਿਹੇ ਜੀਵਨ ਮੁਕਤ ਪੁਰਖਾਂ ਨੂੰ ਗੁਰਬਾਣੀ ਵਿਚ ਬ੍ਰਹਮ ਗਿਆਨੀ ਕਿਹਾ ਗਿਆ ਹੈ।

ਮਨੁਖ ਅਤੇ ਪਰਮਾਤਮਾ ਦੇ ਸੰਬੰਧ ਬਾਰੇ ਗਿਆਨੀ ਜੀ ਦਸਦੇ ਹਨ ਕਿ ਅਦ੍ਵੈਤ ਵੇਦਾਂਤ ਅਨੁਸਾਰ ਜੀਵ ਹੀ ਬ੍ਰਹਮ ਹੈ। ਵੇਦਾਂਤ 'ਅਹੰਬ੍ਰਹਮਾਸਮਿ' ਦੇ ਸਿਧਾਂਤ ਤੇ ਜੋਰ ਦਿੰਦਾ ਹੈ ਭਾਵ ਮੈਂ ਬ੍ਰਹਮ ਹਾਂ। ਗਿਆਨੀ ਜੀ ਅਨੁਸਾਰ 'ਵੇਦਾਂਤੀ ਬੜੇ ਅਭਿਮਾਨ ਨਾਲ ਕਹਿੰਦੇ ਹਨ 'ਅਹੰਬ੍ਰਹਮਾਸਮਿ' ਮੈਂ ਸ੍ਵਯੰ ਬ੍ਰਹਮ ਹਾਂ ਪਰ ਇਸਦੇ ਉਲਟ ਗੁਰਬਾਣੀ ਵਿਚ ਨਿਰਮਾਣਤਾ ਤੇ ਗਰੀਬੀ ਉਤੇ ਵਧੇਰੇ ਜ਼ੋਰ ਦਿਤਾ ਗਿਆ ਹੈ। ਗੁਰਬਾਣੀ ਵਿਚ ਹਉਮੈ ਵਾਲੇ ਕਥਨ ਨੂੰ ਕੋਈ ਥਾਂ ਨਹੀਂ। ਗੁਰਬਾਣੀ ਨਿਮਰਤਾ, ਪ੍ਰੇਮ, ਭਗਤੀ, ਸੇਵਾ, ਉਪਕਾਰ ਨੂੰ ਪ੍ਰਮੁਖਤਾ ਦਿੰਦੀ ਹੈ। ਗੁਰਬਾਣੀ ਵਿਚ ਸਵਾਸ-ਸਵਾਸ ਗੁਰਬਾਣੀ ਦਾ ਚਿੰਤਨ ਕਰਨ ਦਾ ਆਦੇਸ਼ ਹੈ। ਵੇਦ, ਸ਼ਾਸਤ੍ਰ, ਸਿਮ੍ਰਤੀਆਂ, ਪੁਰਾਣਾਂ ਦੇ ਪਾਠ ਦੀ ਬਜਾਇ ਕੇਵਲ ਸਿਮਰਨ ਦਾ ਉਪਦੇਸ਼ ਹੈ।[342]

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥[343]

ਗਿਆਨੀ ਜੀ ਅਨੁਸਾਰ ਗੁਰਬਾਣੀ ਦਾ ਸਿਧਾਂਤ ਹੈ ਕਿ ਇਹ ਜੀਵ/ਜਗਤ ਪਾਰਬ੍ਰਹਮ ਦੀ ਅੰਸ਼ ਹੈ, ਸਰਬ ਪ੍ਰਾਣੀ ਮਾਤ੍ਰ ਵਿਚ ਵਾਹਿਗੁਰੂ ਦਾ ਨਿਵਾਸ ਹੈ। ਉਹ ਰੋਮ ਰੋਮ ਵਿਚ ਵਸਿਆ ਹੈ ਜਿਵੇਂ ਵਨਸਪਤੀ ਵਿਚ

---

340 ਉਹੀ, ਅੰਗ ੨੭੮.

341 ਉਹੀ, ਅੰਗ ੮੪੬.

342 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 123.

343 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੨੬੫.

ਅਗਨਿ ਸਮਾਈ ਹੋਈ ਹੈ, ਜਿਵੇਂ ਦੁੱਧ ਵਿਚ ਘਿਉ ਸਮਾਇਆ ਹੋਇਆ ਹੈ ਇਸ ਤਰ੍ਹਾਂ ਜਲ-ਥਲ ਤ੍ਰਿਣ-ਬਣ, ਵਨਸਪਤੀ ਅਤੇ ਕੀੜੀ ਤੋਂ ਹਾਥੀ ਤਕ ਸਮ ਸਤਯਾ ਉਸੇ ਦੀ ਹੈ। ਇਹ ਜੀਵ ਉਸਦੀ ਅੰਸ਼ ਹੈ ਅੰਸ਼ੀ ਨਹੀਂ ਹੈ। ਗੁਰਬਾਣੀ ਦਾ ਫੁਰਮਾਣ ਹੈ:

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭ ਸੋਈ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥[344]

ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਗਿਆਨੀ ਜੀ ਨੇ ਮਨੁਖ ਸੰਬੰਧੀ ਤੁਲਨਾਤਮਿਕ ਵਿਚਾਰ ਪੇਸ਼ ਕਰਕੇ ਗੁਰਬਾਣੀ ਦੀ ਉਤਮਤਾਈ ਨੂੰ ਪੇਸ਼ ਕੀਤਾ ਹੈ। ਮਨੁਖ ਅਗਿਆਨ ਕਾਰਣ ਆਪਣੇ ਆਪ ਨੂੰ ਪਰਮਾਤਮਾ ਤੋਂ ਵੱਖਰਾ ਸਮਝਦਾ ਹੈ। ਗੁਰਮਤਿ ਅਨੁਸਾਰ ਪਰਮਾਤਮਾ ਵਿਚ ਅਭੇਦ ਹੋਣ ਲਈ ਨਿਰਮਲ ਕਰਮ ਕਰਨੇ ਚਾਹੀਦੇ ਹਨ। ਗਿਆਨੀ ਜੀ ਨੇ ਸੇਵਾ, ਸਿਮਰਨ ਨੂੰ ਮੁਕਤੀ (ਈਸ਼ਵਰ) ਪ੍ਰਾਪਤੀ ਦਾ ਸਾਧਨ ਦਸਿਆ ਹੈ। ਸੇਵਾ ਸਿਮਰਨ ਦੁਆਰਾ ਪਰਮਾਤਮਾ ਨਾਲ ਅਭੇਦ ਹੋਣ ਵਾਲੇ ਮਨੁਖ ਨੂੰ ਗੁਰਮਤਿ ਵਿਚ ਬ੍ਰਹਮਗਿਆਨੀ ਕਿਹਾ ਹੈ। ਜੀਵ ਖੁਦ ਬ੍ਰਹਮ ਨਹੀਂ ਸਗੋਂ ਪਰਮਾਤਮਾ ਦੀ ਅੰਸ਼ ਹੈ। ਪਰਮਾਤਮਾ ਆਪਣੀ ਰਚਨਾ ਵਿਚ ਆਪ ਸਮਾਇਆ ਹੋਇਆ ਹੈ।

ਇਸ ਤਰ੍ਹਾਂ ਗਿਆਨੀ ਬਲਵੰਤ ਸਿੰਘ ਦੁਆਰਾ ਕੀਤੀ ਸਿਧਾਂਤਾਂ ਦੀ ਵਿਆਖਿਆ ਦੇ ਅਧਾਰ ’ਤੇ ਅਸੀਂ ਕਹਿ ਸਕਦੇ ਹਾਂ ਕਿ ਗਿਆਨੀ ਜੀ ਨੇ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਗੁਰਬਾਣੀ ਨੂੰ ਅਧਾਰ ਬਣਾ ਕੇ ਕੀਤੀ ਹੈ। ਗਿਆਨੀ ਜੀ ਇਕ ਨਿਰਮਲੇ ਵਿਦਵਾਨ ਸਨ, ਉਨ੍ਹਾਂ ਨੇ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਭਾਰਤੀ ਦਰਸ਼ਨ ਨਾਲ ਤੁਲਨਾਤਮਿਕ ਵਿਧੀ ਦੁਆਰਾ ਕੀਤੀ ਹੈ। ਤੁਲਨਾਤਮਿਕ ਅਧਿਐਨ ਬਾਰੇ ਡਾ. ਜਸਵੰਤ ਸਿੰਘ ਨੇਕੀ ਲਿਖਦੇ ਹਨ, ‘ਗੁਰਮਤਿ ਸਿਧਾਂਤਾਂ ਦਾ ਅਨਮਤੀ ਸਿਧਾਂਤਾਂ ਨਾਲ ਟਾਕਰਾ ਇਨ੍ਹਾਂ ਸਿਧਾਂਤਾਂ ਦੀ ਨਿਖੜਵੀ ਨੁਹਾਰ ਸਥਾਪਿਤ ਕਰਨ ਵਿਚ ਸਹਾਈ ਹੋ ਸਕਦਾ ਹੈ। ਗੁਰਮਤਿ ਦੇ ਕਈ ਸਿਧਾਂਤ ਜਿਵੇਂ ਪੁਰਖ, ਮਾਇਆ, ਕਰਮ ਆਦਿ ਦਾ ਭਾਰਤੀ ਦਰਸ਼ਨ ਦੇ ਸਿਧਾਂਤਾਂ ਨਾਲ ਟਾਕਰਾ ਬੜਾ ਜਰੂਰੀ ਹੈ। ਤੁਲਾਨਤਮਿਕ ਅਧਿਐਨ ਦੁਆਰਾ ਹੀ ਐਸੇ ਗੁਰਮਤਿ ਸਿਧਾਂਤਾਂ ਦੀ ਸਹੀ ਤੇ ਨਵੇਕਲੀ ਨੁਹਾਰ ਸਥਾਪਿਤ ਹੋ ਸਕਦੀ ਹੈ। ਖੰਡਨ-ਮੰਡਨ ਤੇ ਸ਼ਾਸਤਰਾਰਥ ਦੀਆਂ ਪੁਰਾਤਨ ਵਿਧੀਆਂ ਐਸੇ ਹੀ ਯਤਨ ਸਨ। ਐਪਰ ਲਾਜ਼ਮੀ ਹੈ ਕਿ ਤੁਲਨਾਤਮਿਕ ਸੰਵਾਦ ਵਿਚ ਨੀਯਤ ਹੋਰਨਾਂ ਦੇ ਸੱਚ ਨੂੰ ਝੂਠਾ ਸਿੱਧ ਕਰਨ ਦੀ ਨਹੀਂ ਹੋਣੀ ਚਾਹੀਦੀ, ਆਪਣੇ ਸੱਚ ਨੂੰ ਸੱਚ ਸਿੱਧ ਕਰਨ ਦੀ ਹੋਣੀ ਚਾਹੀਦੀ ਹੈ।’[345] ਗਿਆਨੀ ਜੀ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਗੁਰਬਾਣੀ ਦੇ ਅਨੁਸਾਰੀ ਕਰਦੇ ਹਨ। ਉਨ੍ਹਾਂ ਨੇ ਭਾਰਤੀ ਦਰਸ਼ਨ ਖਾਸ ਕਰ ਵੇਦਾਂਤ ਦੇ

---

344 ਉਹੀ, ਅੰਗ ੪੮੫.

345 ਡਾ. ਜਸਵੰਤ ਸਿੰਘ ਨੇਕੀ, *ਸਦਾ ਵਿਗਾਸ,* ਪੰਨੇ 217-218.

ਵਿਚਾਰ ਵੀ ਪੇਸ਼ ਕੀਤੇ ਹਨ ਪਰ ਕਿਤੇ ਵੀ ਉਹ ਗੁਰਬਾਣੀ ਨੂੰ ਅਖੋਂ ਪਰੋਖੇ ਕਰਦੇ ਨਜ਼ਰ ਨਹੀਂ ਆਉਂਦੇ। ਨਿਰਮਲੇ ਵਿਦਵਾਨਾਂ ਬਾਰੇ ਇਹ ਧਾਰਨਾ ਪ੍ਰਚਲਿਤ ਹੈ ਕਿ ਉਨ੍ਹਾਂ ਦੁਆਰਾ ਪੇਸ਼ ਕੀਤੇ ਸਿਧਾਂਤਾਂ ਜਾਂ ਵਿਆਖਿਆ 'ਤੇ ਵੇਦਾਂਤ ਦਾ ਪ੍ਰਭਾਵ ਨਜ਼ਰ ਆਉਂਦਾ ਹੈ ਪਰ ਗਿਆਨੀ ਜੀ ਦੁਆਰਾ ਪੇਸ਼ ਕੀਤੇ ਸਿਧਾਂਤਾਂ ਨੂੰ ਵਾਚਣ ਤੋਂ ਬਾਅਦ ਅਜਿਹਾ ਨਹੀਂ ਜਾਪਦਾ। ਉਨ੍ਹਾਂ ਨੇ ਗੁਰਮਤਿ ਸਿਧਾਂਤਾਂ ਦੀ ਨਿਵੇਕਲੀ ਵਿਆਖਿਆ ਕੀਤੀ ਹੈ ਜਿਸ ਵਿਚ ਉਹ ਗੁਰਬਾਣੀ ਨੂੰ ਸਰਵਤੋਮ ਸਿਧ ਕਰਦੇ ਹਨ।

### 3.3.2 ਧਾਰਮਿਕ ਸਿਧਾਂਤ

**(ੳ) ਨਾਮ:** ਨਾਮ ਉਹ ਸੰਗਿਆ ਹੈ ਜਿਸ ਦੁਆਰਾ ਕਿਸੇ ਵਸਤੂ, ਸਥਾਨ ਜਾਂ ਵਿਅਕਤੀ ਦਾ ਗਿਆਨ ਹੁੰਦਾ ਹੈ। ਇਸੇ ਦੁਆਰਾ ਕਿਸੇ ਵਸਤੂ ਦੇ ਗੁਣ, ਸੁਭਾ ਅਤੇ ਸਰੂਪ ਬਾਰੇ ਜਾਣਕਾਰੀ ਮਿਲਦੀ ਹੈ। ਗੁਰਬਾਣੀ ਵਿਚ ਨਾਮ ਤੋਂ ਭਾਵ ਪਰਮਾਤਮਾ ਦੇ ਨਾਮ ਤੋਂ ਲਿਆ ਗਿਆ ਹੈ। ਗੁਰਬਾਣੀ ਵਿਚ ਨਾਮ ਨੂੰ ਸਭ ਤੋਂ ਉਚਾ ਮੰਨਿਆ ਗਿਆ ਹੈ ਅਤੇ ਸਵਾਸ ਸਵਾਸ ਸਿਮਰਨ ਕਰਨ ਦਾ ਹੁਕਮ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ, 'ਪਰਮਾਤਮਾ ਦੇ ਕਈ ਨਾਮ ਰੱਖੇ ਗਏ ਹਨ, ਜਿਨ੍ਹਾਂ ਵਿਚ ਸਰਵੋਤਮ ਸਰੂਪ ਪਰਮਾਤਮਾ ਦੇ ਵਿਰਾਟ ਵਿਅਕਤੀਤਵ ਦੀ ਧਾਰਣਾ ਕਿਸੇ ਨਾ ਕਿਸੇ ਮਾਤ੍ਰਾ ਵਿਚ ਬਣੀ ਰਹਿੰਦੀ ਹੈ। ਪਰ ਇਹ ਨਾਮ ਜਿਗਿਆਸੂ, ਸਾਧਕ ਅਥਵਾ ਚਿੰਤਕ ਦੇ ਹਿਰਦੇ ਦੀਆਂ ਭਾਵਨਾਵਾਂ ਦੇ ਪ੍ਰਤੀਕ ਵਜੋਂ ਪ੍ਰਚਲਿਤ ਹੋਏ ਹਨ।[346] ਗਿਆਨੀ ਜੀ ਨੇ ਆਪਣੀਆਂ ਲਿਖਤਾਂ ਵਿਚ ਗੁਰਮਤਿ ਦੇ ਸਿਧਾਂਤ 'ਨਾਮ' ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ। ਗਿਆਨੀ ਜੀ ਨੇ ਦਸਿਆ ਹੈ ਕਿ 'ਨਾਮ ਦੀ ਦਾਤ ਗੁਰੂ ਨਾਨਕ ਦੇਵ ਜੀ ਨੂੰ ਸਚਖੰਡ ਵਿਚੋਂ ਪ੍ਰਾਪਤ ਹੋਈ। ਨਿਰੰਕਾਰ ਦੇ ਦਰ ਤੋਂ ਮੂਲ ਮੰਤ੍ਰ ਦੀ ਪ੍ਰਾਪਤੀ ਹੋਈ। ਗੁਰੂ ਜੀ ਨੇ ਨਾਮ ਦੀ ਦਾਤ ਸੰਸਾਰ ਵਿਚ ਵੰਡ ਕੇ ਈਰਖਾ ਦੀ ਅਗਨੀ ਵਿਚ ਜਲ ਰਹੇ, ਅਗਿਆਨ ਦੇ ਹਨ੍ਹੇਰੇ ਵਿਚ ਭਟਕ ਰਹੇ ਜਗਤ ਨੂੰ ਸਦ ਮਾਰਗ ਪਾਇਆ।'[347] ਗੁਰੂ ਨਾਨਕ ਦੇਵ ਜੀ ਨੇ ਪ੍ਰਗਟ ਹੋ ਕੇ ਜਿਸ 'ਸਤਿ' ਤੋਂ ਜਾਣੂ ਕੀਤਾ, ਉਸਨੂੰ 'ਨਾਮ' ਕਿਹਾ ਹੈ। ਗੁਰਬਾਣੀ ਅਨੁਸਾਰ ਨਾਮ ਸਰਬ ਵਿਆਪਕ ਹੈ। ਨਾਮ ਤੋਂ ਬਿਨਾਂ ਕੋਈ ਥਾਂ ਖਾਲੀ ਨਹੀਂ ਹੈ।

ਜੇਤਾ ਕੀਤਾ ਤੇਤਾ ਨਾਉ ਵਿਣੁ ਨਾਵੈ ਨਾਹੀ ਕੋ ਥਾਉ॥[348]

ਗਿਆਨੀ ਜੀ ਅਨੁਸਾਰ ਗੁਰਬਾਣੀ ਵਿਚ ਨਾਮ ਨੂੰ ਹੁਕਮ, ਸ਼ਬਦ, ਬਾਣੀ ਕਿਹਾ ਗਿਆ ਹੈ। ਕਈ ਥਾਵਾਂ ਤੇ ਨਾਮ, ਬਾਣੀ, ਸ਼ਬਦ, ਹੁਕਮ ਦਾ ਇਕੱਠਾ ਵਰਣਨ ਵੀ ਆਇਆ ਹੈ। ਗਿਆਨੀ ਜੀ ਨੇ ਨਾਮ ਦੀ ਦੀਆਂ ਦੋ ਕਿਸਮਾਂ ਦਸੀਆਂ ਹਨ। ਕ੍ਰਿਤਮ ਨਾਮ ਅਤੇ ਅਕ੍ਰਿਤਮ ਨਾਮ। ਕ੍ਰਿਤਮ ਨਾਮ ਜੋ ਪਰਮਾਤਮਾ ਦੇ ਗੁਣ, ਵਿਸ਼ੇਸ਼ਤਾਵਾਂ ਅਤੇ ਕੰਮਾਂ ਦੇ ਅਧਾਰ 'ਤੇ ਰਖੇ ਗਏ ਹਨ। ਗਿਆਨੀ ਜੀ ਨੇ ਕ੍ਰਿਤਮ ਨਾਮ ਚਾਰ ਤਰ੍ਹਾਂ ਦੇ ਦਸੇ ਹਨ। ਜਾਤਿ, ਯਦਰਿਛਾ, ਗੁਣ, ਅਤੇ ਕ੍ਰਿਆ ਇਨ੍ਹਾਂ ਨੂੰ ਕ੍ਰਿਸ਼ਨ ਜੀ ਦਾ ਦ੍ਰਿਸ਼ਟਾਂਤ ਦੇ ਕੇ ਬਿਆਨ ਕੀਤਾ ਹੈ।

---

346 ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਪਹਿਲਾ)*, ਪੰਨਾ 165.

347 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 156.

348 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪.

ਜਾਤਿ- ਕ੍ਰਿਸ਼ਨ ਜੀ ਯਾਦਵ ਕੁਲ ਵਿਚ ਜਨਮ ਲੈਣ ਕਾਰਣ ਯਾਦਵ ਕਹੇ ਜਾਂਦੇ ਹਨ। ਜੇਕਰ ਕਿਸੀ ਹੋਰ ਬੰਸ ਵਿਚ ਜਨਮ ਹੁੰਦਾ ਤਾਂ ਉਸ ਬੰਸ ਦੇ ਨਾਮ ਨਾਲ ਪ੍ਰਸਿਧ ਹੋਣੇ ਸਨ ਜਿਵੇਂ ਰਾਮ ਚੰਦ੍ਰ ਜੀ ਰਘੂਕੁਲ ਵਿਚ ਜਨਮ ਲੈਣ ਦੇ ਕਾਰਣ 'ਰਘੂਨਾਥ' ਕਹੇ ਜਾਂਦੇ ਹਨ। ਯਦਰਿਛਾ-ਕ੍ਰਿਸ਼ਨ ਜੀ ਬਾਲ ਅਵਸਥਾ ਸਮੇਂ ਨੰਦ ਆਦਿਕ ਬਜ਼ੁਰਗ 'ਕ੍ਰਿਸ਼ਨ' ਕਹਿਣ ਦੀ ਬਜਾਇ ਪਿਆਰ ਨਾਲ ਕਾਨ੍ਹ ਕਹਿੰਦੇ ਸਨ। ਗੁਣ- ਸ਼ਯਾਮ (ਕਾਲਾ) ਰੰਗ ਕ੍ਰਿਸ਼ਨ ਦਾ ਗੁਣ ਹੋਣ ਕਰਕੇ 'ਸ਼ਯਾਮ' ਕਿਹਾ ਗਿਆ। ਕ੍ਰਿਆ-ਨਾਮ ਕੰਮ ਦਾ ਹੈ। 'ਮੁਰ' ਦੈਂਤ ਨੂੰ ਮਾਰਨ ਕਰਕੇ 'ਮੁਰਾਰੀ', ਪਹਾੜ ਉਠਾਉਣ ਕਰਕੇ 'ਗਿਰਧਾਰੀ' ਨਾਮ ਨਾਲ ਪ੍ਰਸਿੱਧ ਹੋਏ।[349] ਗਿਆਨੀ ਜੀ ਨੇ ਦਸਿਆ ਹੈ ਕਿ 'ਸਤਿਨਾਮ' ਪਰਮਾਤਮਾ ਦਾ ਅਕਿਰਤਮ ਨਾਮ ਹੈ। ਇਹ ਕਿਸੇ ਦੇਵੀ ਦੇਵਤੇ ਦੇ ਨਾਮ ਤੋਂ ਕਲਪਿਤ ਨਹੀਂ ਹੋਇਆ। ਸਤਿਨਾਮੁ ਸ੍ਵਯੰ ਪਰਮਾਤਮਾ ਦਾ ਨਾਮ ਹੈ। ਗੁਰਬਾਣੀ ਦਾ ਕਥਨ ਹੈ:

ਕਿਰਤਮ ਨਾਮ ਕਥੇ ਤੇਰੇ ਜਿਹਬਾ॥
ਸਤਿ ਨਾਮੁ ਤੇਰਾ ਪਰਾ ਪੂਰਬਲਾ॥[350]

ਗਿਆਨੀ ਜੀ ਨੇ ਦਸਿਆ ਹੈ ਕਿ ਜਿਸ ਤਰ੍ਹਾਂ ਸਤਿਨਾਮ ਪਰਮਾਤਮਾ ਦਾ ਅਕ੍ਰਿਤਮ ਨਾਮ ਹੈ ਇਸੇ ਤਰ੍ਹਾਂ 'ਵਾਹਿਗੁਰੂ' ਵੀ ਪਰਮਾਤਮਾ ਦਾ ਅਕ੍ਰਿਤਮ ਨਾਮ ਹੈ। 'ਵਾਹਿਗੁਰੂ' ਦਾ ਅਰਥ ਅਸ਼ਚਰਜ/ਅਦੁੱਤੀ/ ਸ੍ਵਯੰ ਗਿਆਨ, ਅਗਿਆਨ ਦਾ ਖਾਤਮਾ ਕਰਨ ਵਾਲਾ, ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਗਿਆਨ ਦਾਤਾ ਹੈ। ਨਿਰਾਕਾਰ ਹੋਣ ਕਰਕੇ ਵਾਹਿਗੁਰੂ ਦਾ ਜਨਮ ਨਹੀਂ, ਮੌਤ ਨਹੀਂ, ਮਾਤਾ ਨਹੀਂ, ਪਿਤਾ ਨਹੀਂ, ਪੁਤ੍ਰ ਨਹੀਂ, ਦੇਸ਼, ਪਿੰਡ, ਵੰਸ਼ ਨਹੀਂ। ਵਾਹਿਗੁਰੂ ਸ੍ਵਯੰ ਸਤਿ ਹੈ।[351]

ਗੁਰੂ ਨਾਨਕ ਦੇ ਘਰ ਵਿਚ ਵਾਹਿਗੁਰੂ ਮੰਤ੍ਰ ਹੀ ਸਰਬ ਉੱਚ ਅਤੇ ਪ੍ਰਮੁਖ ਹੈ। ਇਸ ਸ਼ਬਦ ਦੇ ਅਭਿਆਸ ਨਾਲ ਹੀ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। ਸਪੱਸ਼ਟ ਹੈ ਕਿ ਗਿਆਨੀ ਜੀ ਨੇ ਨਾਮ ਦੀ ਗੁਰਬਾਣੀ ਅਨੁਸਾਰ ਵਿਆਖਿਆ ਕਰਦੇ ਇਸਨੂੰ ਸਭ ਤੋਂ ਉਤਮ ਦਸਿਆ ਹੈ। ਨਾਮ ਦੇ ਅਭਿਆਸ ਨਾਲ ਹੀ ਮਨੁਖ ਨੂੰ ਪਰਮਾਤਮਾ ਦਾ ਗਿਆਨ ਹੋ ਜਾਂਦਾ ਹੈ

**(ਅ) ਕੀਰਤਨ:** ਕੀਰਤਨ ਦਾ ਸਿੱਖ ਧਰਮ ਵਿਚ ਵਿਸ਼ੇਸ਼ ਸਥਾਨ ਹੈ। ਕੀਰਤਨ ਸਿੱਖੀ ਦਾ ਕੇਂਦਰੀ ਧਰੁਵਾ ਹੈ। ਕੀਰਤਨ ਦੀ ਪਰੰਪਰਾ ਉਨੀ ਹੀ ਪੁਰਾਣੀ ਹੈ ਜਿੰਨਾ ਸਿੱਖ ਪੰਥ ਆਪ ਹੈ। ਕੀਰਤਨ ਪਰਮਾਤਮਾ ਦੇ ਮਿਲਾਪ ਦਾ ਸਾਧਨ ਹੈ। ਗੁਰਬਾਣੀ ਵਿਚ ਕੀਰਤਨ ਨੂੰ 'ਨਿਰਮੋਲਕ ਹੀਰਾ' ਕਿਹਾ ਗਿਆ ਹੈ। ਗੁਰਬਾਣੀ ਅਨੁਸਾਰ ਜਿਸ ਸਥਾਨ ਤੇ ਕੀਰਤਨ ਹੁੰਦਾ ਹੈ ਉਹ ਬੈਕੁੰਠ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰਮਤਿ ਵਿਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣਾ ਦਾ ਨਾਂ ਕੀਰਤਨ ਹੈ।[352]

---

349 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 159.

350 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੮੩.

351 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰਬਾਣੀ ਵੇਦਾਂਤ ਨਿਰਣੈ*, ਪੰਨਾ 170.

352 ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 348.

ਗਿਆਨੀ ਬਲਵੰਤ ਸਿੰਘ ਨੇ ਸਿੰਘ ਸਭਾ ਪਤ੍ਰਿਕਾ, ਸ੍ਰੀ ਅੰਮ੍ਰਿਤਸਰ (ਮਾਰਚ 1978) ਵਿਚ ਛਪੇ ਇਕ ਲੇਖ 'ਹਰਿ ਕੀਰਤਨ' ਵਿਚ ਗੁਰਮਤਿ ਵਿਚ ਕੀਰਤਨ ਸੰਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਗਿਆਨੀ ਜੀ ਅਨੁਸਾਰ, 'ਕੀਰਤਨ ਮੂਲ ਸ਼ਬਦ ਕੀਰਤੀ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਯਸ, ਉਸਤਤੀ, ਪ੍ਰਸੰਸਾ।'[353]

ਗਿਆਨੀ ਜੀ ਨੇ ਸਭ ਤੋਂ ਪਹਿਲਾਂ ਕੀਰਤਨੀਆਂ ਭਾਈ ਮਰਦਾਨਾ ਜੀ ਨੂੰ ਦਸਿਆ ਹੈ। ਕੀਰਤਨ ਦਾ ਮਹਾਤਮ ਬਿਆਨ ਕਰਦੇ ਲਿਖਦੇ ਹਨ ਕਿ 'ਹਰਿ ਕੀਰਤਨ ਈਰਸ਼ਾ ਦਵੈਸ਼ ਤੋਂ ਮੁਕਤ ਕਰਦਾ ਹੈ, ਹਉਮੈ ਦੀ ਨਵਿਰਤੀ ਕਰਦਾ ਹੈ। ਹਰਿ ਕੀਰਤਨ ਭਗਤੀ, ਸ਼ਰਧਾ ਅਤੇ ਪ੍ਰੇਮ ਦਾ ਅਦੁਤੀ ਸ੍ਰੋਤ ਹੈ। ਹਰਿ ਕੀਰਤਨ ਆਤਮਿਕ ਸ਼ਾਂਤੀ ਦਾ ਸੋਮਾ ਹੈ। ਹਰਿ ਕੀਰਤਨ ਸੁਰਤ ਨੂੰ ਉਚਾ ਚੁੱਕਦਾ ਹੈ। ਹਰਿ ਕੀਰਤਨ ਗੁਰਬਾਣੀ ਨੂੰ ਹਿਰਦੇ ਵਿਚ ਵਸਾਉਂਦਾ ਹੈ। ਹਰਿ ਕੀਰਤਨ ਈਸ਼ਵਰ ਨਾਲ ਅਭੇਦ ਹੋਣ ਦਾ ਪਰਮ ਸਾਧਨ ਹੈ।'[354]

ਗਿਆਨੀ ਜੀ ਨੇ ਪ੍ਰਸਿਧ ਕੀਰਤਨੀਏ ਸਿੰਘਾਂ ਦਾ ਵੇਰਵਾ ਦਿੰਦੇ ਹੋਏ ਸੰਤ ਅਤਰ ਸਿੰਘ ਜੀ ਮਸਤੂਆਣਾ, ਸੰਤ ਈਸ਼ਰ ਸਿੰਘ ਰਾੜਾ ਸਾਹਿਬ, ਭਾਈ ਰਣਧੀਰ ਸਿੰਘ ਨਾਰੰਗਵਾਲ, ਸੰਤ ਫਤਹ ਸਿੰਘ, ਭਾਈ ਹੀਰਾ ਸਿੰਘ ਜੀ, ਭਾਈ ਸੁਰਜਨ ਸਿੰਘ ਜੀ, ਭਾਈ ਸਮੁੰਦ ਸਿੰਘ, ਭਾਈ ਭਾਗ ਸਿੰਘ, ਭਾਈ ਜਵਾਲਾ ਸਿੰਘ ਆਦਿ ਬਾਰੇ ਬਿਆਨ ਕੀਤਾ ਹੈ।

**(ੲ) ਸੰਤ:** ਗੁਰਬਾਣੀ ਵਿਚ ਸੰਤ ਦੀ ਉਸਤਤ ਵਾਰ-ਵਾਰ ਕੀਤੀ ਗਈ ਹੈ। ਭਾਈ ਕਾਨ੍ਹ ਸਿੰਘ ਨਾਭਾ ਸੰਤ ਦਾ ਅਰਥ, ਮਨ ਇੰਦ੍ਰੀਆਂ ਨੂੰ ਜਿਸ ਨੇ ਟਿਕਾਇਆ ਹੈ ਸ਼ਾਂਤਾਤਮਾ' ਕਰਦੇ ਹਨ। ਗੁਰਬਾਣੀ ਸੰਤ ਮਹਿਮਾ ਕਰਨ ਦੀ ਤਾਕੀਦ ਕਰਦੀ ਹੈ।

ਗਿਆਨੀ ਬਲਵੰਤ ਸਿੰਘ ਨੇ ਵੀ ਆਪਣੀਆਂ ਲਿਖਤਾਂ ਵਿਚ 'ਸੰਤ' ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਸੰਤ ਦੀ ਪਰਿਭਾਸ਼ਾ ਗੁਰਬਾਣੀ ਦਾ ਹਵਾਲਾ ਦੇ ਕੇ ਦਿੰਦੇ ਹਨ, 'ਜੋ ਦਿਨ ਰਾਤ ਇਕ ਰਸ ਰਹੇ ਅਤੇ ਅਕਾਲ ਪੁਰਖ ਨੂੰ ਹਾਜ਼ਰ ਨਾਜ਼ਰ ਸਮਝੇ, ਜਿਸ ਦਾ ਇਕੋ ਵਪਾਰ ਨਾਮ ਸਿਮਰਨ ਹੋਵੇ। ਵਾਹਿਗੁਰੂ ਤੋਂ ਬਿਨਾਂ ਹੋਰ ਤੇ ਭਰੋਸਾ ਹੀ ਨਾ ਹੋਵੇ। ਹਰਖ ਸੋਗ ਖੁਸ਼ੀ ਗਮੀ ਤੋਂ ਨਿਰਲੇਪ ਰਹੇ। ਬਸ! ਉਹ ਸੰਤ ਹੈ। ਅਜਿਹੇ ਸੰਤਾਂ ਦੀ ਧੂੜੀ ਪਵਿਤਰ ਹੈ।'[355] ਗਿਆਨੀ ਜੀ ਸੰਤ ਦੇ ਲਛਣ ਦਸਦੇ ਹਨ ਕਿ 'ਜਿਹੜਾ ਵਾਹਿਗੁਰੂ ਦੇ ਧਿਆਨ ਵਿਚ ਮਸਤ ਰਹੇ, ਸਮਦ੍ਰਿਸਟੀ ਰਖੇ, ਦੁਖ ਸੁਖ ਸਮ ਜਾਣੇ, ਕਿਸੇ ਨਾਲ ਵੈਰ ਭਾਵ ਨ ਕਰੇ, ਕਾਮ ਕ੍ਰੋਧਾਦਿਕ ਪੰਜਾਂ ਵਿਕਾਰਾਂ ਤੋਂ ਰਹਿਤ ਅਤੇ ਜਿਹੜਾ ਸਭ ਪ੍ਰਾਣੀਆਂ ਨੂੰ ਸਾਂਝਾ ਉਪਦੇਸ਼ ਦੇਵੇ। ਜਿਸ ਵਿਚ ਉਪਰੋਕਤ ਲਛਣ ਹੋਣ ਬਸ! ਉਹ ਹੈ ਸੰਤ।'[356]

---

353 *ਸਿੰਘ ਸਭਾ ਪਤ੍ਰਿਕਾ*, ਮਾਰਚ 1978, ਪੰਨਾ 35.

354 ਉਹੀ, ਪੰਨਾ 37.

355 *ਪੰਜਾਬੀ ਪਰਵਾਨਾ*, ਜਨਵਰੀ 1955, ਪੰਨਾ 20.

356 ਉਹੀ, ਪੰਨਾ 21.

ਗਿਆਨੀ ਜੀ ਨੇ ਦਸਿਆ ਹੈ ਕਿ ਸਿੱਖ ਧਰਮ ਵਿਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਬਾਬਾ ਨੈਣਾ ਸਿੰਘ (ਨਿਹੰਗ ਸਿੰਘ), ਸੰਤ ਗੁਰਮੁਖ ਸਿੰਘ ਪਟਿਆਲਾ, ਸੰਤ ਕਰਮ ਸਿੰਘ ਹੋਤੀ ਮਰਦਾਨ, ਸੰਤ ਅਤਰ ਸਿੰਘ ਜੀ ਮਸਤੂਆਣਾ ਆਦਿ ਉਚ ਦਰਜੇ ਦੇ ਆਤਮਕ ਸਤਿਸੰਗੀ ਸੰਤ ਹੋਏ ਹਨ। ਗਿਆਨੀ ਜੀ ਨੇ ਇਤਿਹਾਸ ਲਿਖਦਿਆਂ ਕਈ ਸੰਤਾਂ ਮਹਾਂਪੁਰਖਾਂ ਦੇ ਜੀਵਨ ਅੰਕਤ ਕੀਤੇ ਹਨ। ਸੰਤ ਅਤਰ ਸਿੰਘ ਜੀ ਦੇ ਜੀਵਨ ਤੇ ਪੁਸਤਕ ਦੀ ਰਚਨਾ ਕੀਤੀ। ਜਿਸ ਵਿਚ ਉਨ੍ਹਾਂ ਦਾ ਜੀਵਨ ਵਿਸਤਾਰ ਸਹਿਤ ਅੰਕਤ ਕੀਤਾ ਗਿਆ ਹੈ। ਇਸ ਤੋਂ *ਅਗਮ ਅਗਾਧ ਪੁਰਖ* ਇਲਾਵਾ *ਕਲਾਧਾਰੀ ਪੁਰਖ, ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਅਤੇ ਸੰਤ ਅਤਰ ਸਿੰਘ ਦੇ ਪਰਉਪਕਾਰ, ਸੰਤ ਅਤਰ ਸਿੰਘ ਅਭਿਨੰਦਨ ਗ੍ਰੰਥ, ਸੰਪ੍ਰਦਾਇ ਮਸਤੂਆਣਾ* ਆਦਿ ਪੁਸਤਕਾਂ ਵਿਚ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਬਾਰੇ ਵਰਣਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸੰਤ ਬਾਬਾ ਬਲਵੰਤ ਸਿੰਘ ਧਲੇਰ ਵਾਲੇ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦ, ਬਾਬਾ ਮਹਾਰਾਜ ਸਿੰਘ, ਬਾਬਾ ਖੁਦਾ ਸਿੰਘ ਜੀ ਆਦਿ ਮਹਾਂਪੁਰਖਾਂ ਬਾਰੇ ਜਾਣਕਾਰੀ ਦਿਤੀ ਹੈ।

**(ਸ) ਸੇਵਾ**: ਸੇਵਾ ਨੂੰ ਸਿੱਖੀ ਵਿਚ ਸਰਬ ਸ੍ਰੇਸ਼ਟ ਕਰਮ ਮੰਨਿਆ ਗਿਆ ਹੈ। ਸੇਵਾ ਨਾਲ ਸਰੀਰ ਅਤੇ ਮਨ ਪਵਿੱਤਰ ਹੁੰਦੇ ਹਨ। ਸੇਵਾ ਆਤਮਿਕ ਉਨਤੀ ਦੀ ਮੁਖ ਪਉੜੀ ਹੈ। ਸੇਵਾ, ਸਿਮਰਨ, ਭਗਤੀ, ਮੁਕਤੀ ਦੇ ਮੁਖ ਸਾਧਨ ਹਨ। ਸੇਵਾ ਪਰਥਾਇ ਗੁਰਬਾਣੀ ਵਿਚ ਅਨੇਕਾਂ ਪ੍ਰਮਾਣ ਮਿਲਦੇ ਹਨ:

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥
ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥
ਬੰਧਨ ਤੋੜੈ ਮੁਕਤਿ ਹੋਇ ਸਚੇ ਰਹੈ ਸਮਾਇ॥[357]

ਗਿਆਨੀ ਜੀ ਅਨੁਸਾਰ ਸਤਿਗੁਰਾਂ ਨੇ ਸਿੱਖੀ ਵਿਚ ਸੇਵਾ ਨੂੰ ਸਭ ਤੋਂ ਉਚਾ ਦਰਜਾ ਦਿਤਾ ਹੈ। ਇਥੋਂ ਤਕ ਗੁਰਿਆਈ ਦੇ ਸਰਬ ਸ੍ਰੇਸ਼ਟ ਤਖਤ ਉਤੇ ਬੈਠਣ ਵਾਲੇ ਸਤਿਗੁਰੂ ਸੇਵਾ ਦੀ ਅਦੁੱਤੀ ਘਾਲਣਾ ਘਾਲਦੇ ਰਹੇ ਹਨ। ਸੇਵਾ ਦੇ ਪ੍ਰਕਰਣ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਉਲੇਖਨੀਯ ਹੈ। ਗਿਆਨੀ ਜੀ ਦਸਦੇ ਹਨ ਕਿ ਮਲ, ਵਿਕਸ਼ੇਪ, ਅਵਰਣ ਤਿੰਨ ਦੋਸ਼ ਮਨੁੱਖ ਵਿਚ ਮੰਨੇ ਜਾਂਦੇ ਹਨ ਜਿਨ੍ਹਾਂ ਦੀ ਨਿਵ੍ਰਿਤੀ ਸ਼ਾਸਤ੍ਰਾਂ ਨੇ ਇਸ ਤਰ੍ਹਾਂ ਮੰਨੀ ਹੈ। ਮਲ: ਜਨਮ ਜਨਮਾਤ੍ਰਾਂ ਦੇ ਪਾਪਾਂ ਦੇ ਕਾਰਣ ਮਨ ਰੂਪੀ ਸ਼ੀਸ਼ੇ ਦਾ ਧੁੰਦਲਾ ਹੋਣਾ। ਇਹ ਪਾਪਾਂ ਦੀ ਮਲ ਸੇਵਾ ਨਾਲ ਖਤਮ ਹੁੰਦੀ ਹੈ। ਮਲ ਦੇ ਖਤਮ ਹੋਣ ਨਾਲ ਮਨ ਨਿਰਮਲ ਹੋ ਜਾਂਦਾ ਹੈ। ਵਿਕਸ਼ੇਪ: ਦੋਸ਼ ਦੇ ਕਾਰਣ ਮਨ ਇਕਾਗਰ ਨਹੀਂ ਹੁੰਦਾ। ਡੋਲਦਾ ਰਹਿੰਦਾ ਹੈ। ਇਸ ਦੋਸ਼ ਦਾ ਖਾਤਮਾ ਸਿਮਰਨ ਨਾਲ ਹੁੰਦਾ ਹੈ। ਸਿਮਰਨ/ਚਿੰਤਨ ਕਰਨ ਨਾਲ ਮਨ ਇਕਾਗਰ ਹੋ ਜਾਂਦਾ ਹੈ। ਅਵਰਣ: ਜੀਵ ਨੂੰ ਅਗਿਆਨ ਦਾ ਪੜਦਾ ਰਹਿੰਦਾ ਹੈ। ਮੈਂ ਹੋਰ ਹਾਂ, ਈਸ਼ਵਰ ਹੋਰ ਹੈ। ਇਹ ਅਗਿਆਨ ਬ੍ਰਹਮ ਚਿੰਤਨ ਨਾਲ ਦੂਰ ਹੁੰਦਾ ਹੈ।[358] ਗਿਆਨੀ ਜੀ ਨੇ ਆਪਣੀਆਂ ਲਿਖਤਾਂ ਵਿਚ ਸੇਵਾ ਕਰਨ ਵਾਲੇ ਨਿਰਮਲੇ ਮਹਾਂਪੁਰਖਾਂ ਦਾ ਵਿਸਤਾਰ

---

357 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬੪੪.

358 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਸੰਤ ਬਾਬਾ ਬਲਵੰਤ ਸਿੰਘ ਧਲੇਰ ਵਾਲੇ*, ਪੰਨਾ 15.

ਨਾਲ ਵਰਣਨ ਕੀਤਾ ਹੈ। ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੁਆਰਾ ਮਨੁਖਤਾ ਦੇ ਭਲੇ ਲਈ ਅਨੇਕਾਂ ਕਾਰਜ ਕੀਤੇ ਗਏ। ਸੰਤ ਜੀ ਦੁਆਰਾ ਕੀਤੇ ਪਰਉਪਕਾਰਾਂ ਦਾ ਵੇਰਵਾ 'ਅਗਮ ਅਗਾਧ ਪੁਰਖ' ਪੁਸਤਕ ਵਿਚ ਅੰਕਿਤ ਕੀਤਾ ਹੈ। ਸੇਵਾ ਸਿਮਰਨ ਜੋ ਸਿੱਖੀ ਸਿਧਾਂਤ ਦਾ ਧੁਰਾ ਹੈ ਇਸਨੂੰ ਸਿੱਖ ਸੰਗਤ ਵਿਚ ਸੰਤ ਅਤਰ ਸਿੰਘ ਜੀ ਮਹਾਰਾਜ ਨੇ ਪ੍ਰਚਾਰਿਆ ਅਤੇ ਵਰਤੋਂ ਵਿਚ ਲਿਆਂਦਾ। ਇਕ-ਇਕ ਸਿੱਖ ਤੋਂ ਸੇਵਾ ਸਿਮਰਨ, ਅੰਮ੍ਰਿਤਪਾਨ, ਇਸਨਾਨ, ਦਾਨ ਕਰਨ ਦਾ ਪ੍ਰਣ ਲਿਆ। ਸੰਤ ਅਤਰ ਸਿੰਘ ਜੀ ਮਹਾਰਾਜ ਨੇ ਸੇਵਾ ਸਿਮਰਨ, ਇਸਨਾਨ, ਦਾਨ, ਗੁਰਬਾਣੀ, ਨਿਤਨੇਮ, ਅੰਮ੍ਰਿਤ ਪ੍ਰਚਾਰ ਦੀ ਮਹਾਨਤਾ ਨੂੰ ਸਿੱਖ ਸੰਗਤਾਂ ਦੇ ਹਿਰਦੇ ਵਿਚ ਵਸਾਇਆ। ਨਿਰਮਲੇ ਮਹਾਂਪੁਰਖਾਂ ਦੁਆਰਾ ਵਖ-ਵਖ ਖੇਤਰਾਂ ਵਿਚ ਪਾਇਆ ਯੋਗਦਾਨ ਅਦੁਤੀ ਹੈ। ਗਿਆਨੀ ਜੀ ਨੇ ਸਾਹਿਤਕ, ਗੁਰਮਤਿ ਪ੍ਰਚਾਰ ਅਤੇ ਚਕਿਤਸਾ ਦੁਆਰਾ ਸੇਵਾ ਕਰਨ ਵਾਲੇ ਮਹਾਂਪੁਰਖਾਂ ਦੇ ਵੇਰਵੇ ਅੰਕਤ ਕੀਤੇ ਹਨ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਗਿਆਨੀ ਜੀ ਨੇ ਉਪਰੋਕਤ ਸਿਧਾਂਤਾਂ ਦੀ ਵਿਆਖਿਆ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਅਨੁਸਾਰ ਕੀਤੀ ਹੈ।

### 3.2.3 ਸੰਸਥਾਗਤ

ਸੰਸਥਾਵਾਂ ਆਧੁਨਿਕ ਸੰਗਠਿਤ ਸਮਾਜ ਦਾ ਇਕ ਬੁਨਿਆਦੀ ਅੰਗ ਹਨ। ਸੰਸਥਾ ਦੀ ਪਰਿਭਾਸ਼ਾ ਵਖ-ਵਖ ਸਮਾਜ ਵਿਗਿਆਨੀਆਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਅਨੁਸਾਰ ਦਿਤੀ ਹੈ। ਕੁਝ ਵਿਦਵਾਨ ਇਸ ਨੂੰ 'ਆਦਰਸ਼ ਇੱਕਠ' ਕਹਿੰਦੇ ਹਨ, ਜਿਸ ਦੁਆਰਾ ਵਿਅਕਤੀਆਂ ਦੇ ਪਰਸਪਰ ਸਮਾਜਿਕ ਸੰਬੰਧਾਂ ਨੂੰ ਨਿਯਮਬੱਧ ਕੀਤਾ ਜਾਂਦਾ ਹੈ। ਇਸ ਅਨੁਸਾਰ ਵਿਸ਼ਵਵਿਦਿਆਲਾ, ਸਕੂਲ, ਹਸਪਤਾਲ ਅਤੇ ਫੌਜੀ ਆਦਿ ਸੰਸਥਾਵਾਂ ਹਨ।[359]

ਸੰਸਥਾ ਵਿਵਹਾਰ ਨੂੰ ਨਿਯਮਬੱਧ ਕਰਦੀ ਹੈ। ਨਿਯਮਬੱਧ ਵਿਵਹਾਰ ਦੇ ਪ੍ਰਗਟਾਅ ਨੂੰ ਸੰਸਥਾ ਕਿਹਾ ਜਾ ਸਕਦਾ ਹੈ ਪਰ ਅਜਿਹੇ ਪ੍ਰਭਾਵਾਂ ਦੇ ਪਿੱਛੇ ਕਿਸੇ ਸਿਧਾਂਤ ਦਾ ਹੋਣਾ ਜਰੂਰੀ ਹੈ। ਵਿਵਹਾਰ ਨੂੰ ਨਿਸ਼ਚਿਤ ਕਰਨਾ ਅਤੇ ਕਿਸੇ ਖ਼ਾਸ ਪੱਖ ਤੋਂ ਵਿਵਹਾਰ ਉਤੇ ਰੋਕ ਲਗਾਉਣਾ ਸੰਸਥਾ ਦਾ ਕੰਮ ਹੈ ਸੰਸਥਾ ਸਿਧਾਂਤ ਦੇ ਵਿਵਹਾਰਕਿ ਰੂਪ ਨੂੰ ਅਮਲ 'ਚ ਪ੍ਰਗਟ ਕਰਦੀ ਹੈ, ਇਸ ਅਨੁਸਾਰ ਕੁਝ ਕਰਨ ਤੇ ਕੁਝ ਨਾ ਕਰਨਯੋਗ ਨਿਯਮਾਵਲੀ ਨਿਰਧਾਰਿਤ ਕੀਤੀ ਜਾਂਦੀ ਹੈ। ਸਿਧਾਂਤ ਨੂੰ ਅਮਲ 'ਚ ਪ੍ਰਸਤੁਤ ਕਰਨ ਲਈ ਬਣਾਈ ਮਰਯਾਦਾ ਨੂੰ ਵੀ ਸੰਸਥਾ ਕਹਿ ਸਕਦੇ ਹਾਂ। ਸੰਸਥਾਵਾਂ ਸਿਧਾਂਤ ਨੂੰ ਅਮਲ 'ਚ ਲਿਆਉਣ ਵਾਲੇ ਸੰਗਠਨ ਦਾ ਨਾਂ ਹੈ।[360]

ਸਿੱਖ ਧਰਮ ਵਿਚ ਗੁਰੂ ਸਾਹਿਬਾਨ ਨੇ ਗੁਰਬਾਣੀ ਅਨੁਸਾਰ ਜੋ ਨਵੀਆਂ ਸੇਧਾਂ ਅਪਣਾਈਆਂ ਉਨ੍ਹਾਂ ਦੇ ਅਧਾਰ 'ਤੇ ਸਿੱਖ ਸੰਸਥਾਵਾਂ ਦੀ ਉਸਾਰੀ ਆਰੰਭ ਹੋਈ। ਇਨ੍ਹਾਂ ਸੰਸਥਾਵਾਂ ਨੇ ਸਿੱਖ ਧਰਮ ਦੇ ਵਿਕਾਸ ਵਿਚ ਆਪਣਾ ਅਹਿਮ ਯੋਗਦਾਨ ਪਾਇਆ। ਇਹ ਮੁਖ ਸੰਸਥਾਵਾਂ ਗੁਰਦੁਆਰਾ, ਸੰਗਤ-ਪੰਗਤ, ਤਖ਼ਤ, ਖਾਲਸਾ,

---

359 *ਪੰਜਾਬੀ ਵਿਸ਼ਵਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989, ਪੰਨਾ 301.

360 ਰੂਪ ਸਿੰਘ (ਸੰਪਾ.), *ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ*, ਪੰਨਾ 21.

ਮੀਰੀ-ਪੀਰੀ ਆਦਿ ਹਨ। ਗਿਆਨੀ ਬਲਵੰਤ ਸਿੰਘ ਨੇ ਇਨ੍ਹਾਂ ਵਿਚੋਂ ਕੁਝ ਸੰਸਥਾਵਾਂ ਨੂੰ ਵੀ ਆਪਣੇ ਅਧਿਐਨ ਦਾ ਹਿੱਸਾ ਬਣਾਇਆ ਹੈ ਜਿਨ੍ਹਾਂ ਬਾਰੇ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:

**(ੳ) ਗੁਰਦੁਆਰਾ**: ਗੁਰੂ ਨਾਨਕ ਸਾਹਿਬ ਨੇ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਜੋ ਧਰਮ-ਕੇਂਦਰ ਸਥਾਪਿਤ ਕੀਤੇ ਉਨ੍ਹਾਂ ਨੂੰ ਧਰਮਸਾਲ ਕਿਹਾ ਗਿਆ। ਧਰਮਸਾਲ ਦਾ ਸ਼ਾਬਦਿਕ ਅਰਥ ਧਰਮ ਕਮਾਉਣ ਦਾ ਸਥਾਨ ਹੈ। 'ਜਪੁ ਜੀ' ਵਿਚ ਗੁਰੂ ਨਾਨਕ ਦੇਵ ਜੀ ਨੇ ਧਰਤੀ ਨੂੰ 'ਧਰਮਸਾਲ' ਕਿਹਾ ਹੈ ਕਿਉਂਕਿ ਇਹੀ ਸਥਾਨ ਹੈ ਜਿਥੇ ਮਨੁਖ ਦੇਹ ਧਾਰਣ ਕਰਕੇ ਧਰਮ ਕਰਮ ਕਰਦਾ ਹੈ।[361] **ਤਿਸੁ ਵਿਚਿ ਧਰਤੀ ਥਾਪ ਰਖੀ ਧਰਮਸਾਲ॥** ਭਾਵੇਂ ਗੁਰੂ ਸਾਹਿਬ ਨੇ ਸਾਰੀ ਧਰਤੀ ਨੂੰ ਧਰਮਸਾਲ ਕਿਹਾ ਹੈ ਪਰ ਇਸ ਨੂੰ ਜਾਹਰ ਰੂਪ ਵਿਚ ਪ੍ਰਗਟ ਕਰਨ ਲਈ ਗੁਰੂ ਸਾਹਿਬ ਨੇ ਉਦਾਸੀਆਂ ਦੌਰਾਨ ਅਜਿਹੇ ਕੇਂਦਰਾਂ ਦੀ ਸਥਾਪਨਾ ਕੀਤੇ ਜਿਥੇ ਬੈਠ ਕੇ ਸੰਗਤ ਪਰਮਾਤਮਾ ਦੀ ਸਿਫਤ ਸਲਾਹ ਕਰ ਸਕੇ। ਗੁਰੂ ਅਰਜਨ ਦੇਵ ਜੀ ਧਰਮਸਾਲ ਬਾਰੇ ਕਥਨ ਕਰਦੇ ਹਨ:

ਮੈ ਬਧੀ ਸਚੁ ਧਰਮ ਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥[362]

ਇਹੋ ਧਰਮਸਾਲ ਬਾਅਦ ਵਿਚ ਗੁਰਦਆਰੇ ਦਾ ਰੂਪ ਧਾਰਦੀ ਹੈ। ਸਿਧਾਂਤਕ ਤੌਰ 'ਤੇ ਗੁਰਦੁਆਰਾ ਇਕ ਅਜਿਹੀ ਥਾਂ ਹੈ ਜਿਥੇ ਸੰਗਤ ਨੂੰ ਜੀਵਨ ਦੇ ਹਰੇਕ ਪਹਿਲੂ ਦੀ ਅਗਵਾਹੀ ਮਿਲਦੀ ਹੈ, ਉਹ ਚਾਹੇ ਮਾਨਸਿਕ ਹੋਵੇ, ਵਿਅਕਤੀਗਤ, ਸਮਾਜਿਕ, ਰਾਜਨੀਤਿਕ ਜਾਂ ਫਿਰ ਆਰਥਿਕ ਹੀ ਕਿਉਂ ਨਾ ਹੋਵੇ। ਗੁਰਦੁਆਰੇ ਆ ਕੇ ਮਨੁਖ ਸੋਝੀ ਪ੍ਰਾਪਤ ਕਰਦਾ ਹੈ। ਗੁਰੂ ਦੁਆਰੇ ਹੋਇ ਸੋਝੀ ਪਾਇਸੀ॥[363]

ਗਿਆਨੀ ਬਲਵੰਤ ਸਿੰਘ ਨੇ ਵੀ ਗੁਰਦੁਆਰਾ ਸੰਸਥਾ ਨੂੰ ਆਪਣੇ ਅਧਿਐਨ ਦਾ ਹਿਸਾ ਬਣਾਇਆ ਹੈ। ਉਨ੍ਹਾਂ ਅਨੁਸਾਰ ਗੁਰਦੁਆਰਾ ਉਹ ਸਥਾਨ ਹੈ, ਜਿਥੇ ਸੰਗਤਾਂ ਇਕਤਰ ਹੋ ਕੇ ਕਥਾ-ਕੀਰਤਨ, ਨਾਮ-ਬਾਣੀ ਦਾ ਚਿੰਤਨ ਕਰਦੀਆਂ ਹਨ।[364] ਭਾਈ ਗੁਰਦਾਸ ਜੀ ਦਾ ਕਥਨ ਹੈ **'ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।'**[365] ਗਿਆਨੀ ਜੀ ਨੇ ਗੁਰਦੁਆਰਾ ਸਾਹਿਬਾਨ ਦੇ ਦੋ ਪ੍ਰਚਲਿਤ ਰੂਪ ਦਸੇ ਹਨ। ਪਹਿਲੇ ਇਤਿਹਾਸਕ ਗੁਰਦੁਆਰੇ, ਜਿਥੇ ਦਸਾਂ ਗੁਰੂ ਸਾਹਿਬਾਨ ਵਿਚੋਂ ਕਿਸੇ ਇਕ ਜਾਂ ਵਧੀਕ ਗੁਰੂ ਸਾਹਿਬਾਨ ਨੇ ਪਾਵਨ ਚਰਨ ਪਾ ਕੇ ਧਰਤੀ ਨੂੰ ਪਵਿਤਰ ਕੀਤਾ ਅਤੇ ਵਿਸ਼ੇਸ਼ ਪਰਉਪਕਾਰੀ ਇਤਿਹਾਸ ਸਿਰਜਿਆ ਹੈ। ਦੂਜੇ ਕਥਾ ਕੀਰਤਨ ਸਤਿਸੰਗ ਵਾਸਤੇ ਪ੍ਰੇਮੀਆਂ ਵਲੋਂ ਸਥਾਪਿਤ ਕੀਤੇ ਹੋਏ।[366] ਗਿਆਨੀ ਜੀ ਦਾ ਮਾਲਵੇ ਦੇ ਗੁਰਦੁਆਰਿਆਂ ਦਾ ਇਤਿਹਾਸ ਲਿਖਣ ਵਿਚ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਦੁਆਰਾ ਕਈ ਗੁਰਦੁਆਰਿਆਂ ਜਿਵੇਂ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਗੁਰਦੁਆਰਾ ਕੌਲਸਰ ਸਾਹਿਬ, ਗੁਰਦੁਆਰਾ

---

361 ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ ਦੂਜਾ)*, ਪੰਨਾ 134.

362 ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੩.

363 ਉਹੀ, ਅੰਗ ੭੩੦.

364 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਸੰਪ੍ਰਦਾਇ ਮਸਤੂਆਣਾ*, ਪੰਨਾ 72.

365 *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ 1/27.

366 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਸੰਪ੍ਰਦਾਇ ਮਸਤੂਆਣਾ*, ਪੰਨਾ 72.

ਗੁੰਗਸਰ ਸਾਹਿਬ, ਲੋਹਗੜ੍ਹ ਸਾਹਿਬ ਦੀਨਾ, ਗੁਰਦੁਆਰਾ ਤਖਤੂਪੁਰਾ, ਗੁਰਦੁਆਰਾ ਗੁਰੂਸਰ ਨਥਾਣਾ ਆਦਿ ਦਾ ਇਤਿਹਾਸ ਅੰਕਿਤ ਕੀਤਾ ਹੈ।

**(ਅ) ਤਖ਼ਤ:** ਦੁਨਿਆਵੀ ਤੌਰ 'ਤੇ ਤਖ਼ਤ ਬਾਦਸ਼ਾਹ ਦੀ ਗੱਦੀ ਨੂੰ ਕਿਹਾ ਜਾਂਦਾ ਹੈ ਪਰ ਸਿੱਖ ਜਗਤ ਵਿਚ ਇਹ ਉਹ ਇਲਾਹੀ ਗੱਦੀ ਹੈ ਜਿੱਥੇ ਸੰਸਾਰਿਕ ਕਾਰ-ਵਿਹਾਰ ਦੇ ਨਾਲ-ਨਾਲ ਅਧਿਆਤਮਿਕ ਮਾਰਗ 'ਤੇ ਚੱਲਣ ਲਈ ਫੈਸਲੇ ਲਏ ਜਾਂਦੇ ਹਨ। ਗੁਰੂ ਸਾਹਿਬਾਨ ਜਦੋਂ ਸਰੀਰ ਵਿਚ ਵਿਚਰਦੇ ਸਨ ਤਾਂ ਸੰਗਤਾਂ ਨੂੰ ਇਥੇ ਬਿਰਾਜ ਕੇ ਉਪਦੇਸ਼ ਦਿੰਦੇ ਅਤੇ ਹੁਕਮਨਾਮੇ ਜਾਰੀ ਕਰਦੇ ਸਨ। ਹੁਣ ਗੁਰੂ ਸਾਹਿਬਾਨ ਦੇ ਸਰੀਰ ਦੀ ਜਗ੍ਹਾ ਉਨ੍ਹਾਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਅਤੇ ਉਨ੍ਹਾਂ ਦੀ ਅਗਵਾਈ ਵਿਚ ਪੰਜ ਪਿਆਰੇ ਇਨ੍ਹਾਂ ਵਿਸ਼ਿਆਂ 'ਤੇ ਗੁਰਮਤਾ ਕਰਦੇ ਹਨ। ਇਨ੍ਹਾਂ ਨੂੰ ਖ਼ਾਲਸੇ ਦੇ ਅਧਿਆਤਮਕ ਤਖ਼ਤ ਕਿਹਾ ਜਾਂਦਾ ਹੈ। ਤਖ਼ਤਾਂ 'ਤੇ ਮੀਰੀ ਪੀਰੀ ਦੇ ਫੈਸਲੇ ਲਏ ਜਾਂਦੇ ਹਨ ਜਦੋਂ ਕਿ ਧਾਰਮਿਕ ਗੁਰਦੁਆਰਿਆਂ ਵਿਖੇ ਕੇਵਲ ਨਾਮ ਬਾਣੀ ਸਿਮਰਨ ਤੋਂ ਇਲਾਵਾ ਹੋਰ ਕੋਈ ਗੱਲ ਨਹੀਂ ਹੁੰਦੀ।

ਸਿੱਖ ਜਗਤ ਵਿਚ ਪੰਜ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਹਨ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਜੀ ਦਾ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਲਿਖਣ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਤਖ਼ਤ ਦੀ ਮਾਨਤਾ ਦਵਾਉਣ ਵਿਚ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਨੇ ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ* ਪੁਸਤਕ ਵਿਚ ਅੰਕਿਤ ਕੀਤਾ ਹੈ। ਇਸ ਤੋਂ ਇਲਾਵਾ ਦੋ ਟਰੈਕਟ *ਤਖ਼ਤ ਸ੍ਰੀ ਦਮਦਮਾ ਸਾਹਿਬ* ਅਤੇ *ਸੰਖੇਪ ਇਤਿਹਾਸ ਸ੍ਰੀ ਦਮਦਮਾ ਸਾਹਿਬ* ਪ੍ਰਕਾਸ਼ਿਤ ਕੀਤੇ। ਸ੍ਰੀ ਦਮਦਮਾ ਸਾਹਿਬ ਦੇ ਇਤਿਹਾਸ ਨਾਲ ਸੰਬੰਧਿਤ ਗਿਆਨੀ ਜੀ ਦੇ ਵਖ-ਵਖ ਅਖ਼ਬਾਰਾਂ, ਪੱਤ੍ਰਿਕਾਵਾਂ ਵਿਚ ਲੇਖ ਵੀ ਛਪਦੇ ਰਹੇ। ਗਿਆਨੀ ਜੀ ਨੇ ਆਪਣੀਆਂ ਰਚਨਾਵਾਂ ਵਿਚ ਇਤਿਹਾਸਕ ਪ੍ਰਮਾਣ ਦੇ ਕੇ ਤਖ਼ਤ ਦਮਦਮਾ ਸਾਹਿਬ ਦੀ ਮਾਨਤਾ ਨੂੰ ਸਿਧ ਕੀਤਾ ਹੈ।

ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਸਿੱਖ ਪੰਥ ਦੇ ਪੰਜ ਤਖ਼ਤਾਂ ਵਿਚੋਂ ਚੌਥੇ ਸਥਾਨ 'ਤੇ ਹੈ। ਇਸ ਪਵਿਤਰ ਸਥਾਨ ਨੂੰ ਗੁਰੂ ਕੀ ਕਾਸ਼ੀ ਦਾ ਵਰਦਾਨ ਪ੍ਰਾਪਤ ਹੈ। ਗਿਆਨੀ ਜੀ ਅਨੁਸਾਰ ਤਲਵੰਡੀ ਸਾਬੋ ਦਾ ਸਿੱਖ ਇਤਿਹਾਸ ਨਾਲ ਸੰਬੰਧ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਜੁੜਿਆ। ਗੁਰੂ ਸਾਹਿਬ ਸਰਸੇ ਤੋਂ ਸੁਲਤਾਨਪੁਰ ਜਾਂਦੇ ਹੋਏ ਇਸ ਨਗਰ ਵਿਚ ਪਹੁੰਚੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ 159 ਸਾਲ ਮਗਰੋਂ ਸ੍ਰੀ ਗੁਰੂ ਤੇਗ ਬਹਾਦਰ ਜੀ 1674 ਈ. ਵਿਚ ਇਸ ਸਥਾਨ 'ਤੇ ਆਏ ਅਤੇ ਲਗਭਗ ਇਕ ਮਹੀਨਾ ਇਸ ਸਥਾਨ 'ਤੇ ਰਹੇ। ਨੌਵੇਂ ਪਾਤਸ਼ਾਹ ਨੇ ਸਲੇਮ ਸ਼ਾਹ ਦੇ ਪੁਤਰ ਭਾਈ ਡੱਲੇ ਨੂੰ ਅਨੇਕਾਂ ਵਰਦਾਨ ਦਿਤੇ। ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ 31 ਸਾਲ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਸਥਾਨ 'ਤੇ ਆਏ। ਭਾਈ ਡੱਲੇ ਅਤੇ ਇਲਾਕਾ ਨਿਵਾਸੀਆਂ ਨੇ ਦਸਮ ਪਾਤਸ਼ਾਹ ਦਾ ਇਸ ਸਥਾਨ ਤੇ ਪਹੁੰਚਣ 'ਤੇ ਸਵਾਗਤ ਕੀਤਾ।[367] ਦਸਮ

367 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ*, ਪੰਨੇ 18-21.

ਗੁਰੂ ਜੀ ਨੇ ਇਸ ਸਥਾਨ ਤੇ ਰਹਿ ਕੇ ਮਹਤਵਪੂਰਨ ਕਾਰਜ ਕੀਤੇ ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸੰਪੂਰਨ ਕਰਵਾਉਣਾ, ਗੁਰਬਾਣੀ ਦੇ ਅਰਥ ਬੋਧ ਤੇ ਕਥਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਉਤਾਰੇ ਕਰਨੇ ਅਤੇ ਦਮਦਮਾ ਸਾਹਿਬ ਨੂੰ ਗੁਰੂ ਕਾਸ਼ੀ ਦਾ ਵਰਦਾਨ ਦੇਣਾ ਸ਼ਾਮਲ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੱਖਣ ਜਾਣ ਤੋਂ ਪਹਿਲਾ ਤਖ਼ਤ ਦਮਦਮਾ ਸਾਹਿਬ ਦੀ ਸੰਭਾਲ ਬਾਬਾ ਦੀਪ ਸਿੰਘ ਨੂੰ ਸੌਂਪ ਗਏ। ਬਾਬਾ ਦੀਪ ਸਿੰਘ 1707 ਤੋਂ 1760 ਲਗਪਗ 53 ਸਾਲ ਦਮਦਮਾ ਸਾਹਿਬ ਵਿਖੇ ਨਿਰੰਤਰ ਸੇਵਾ ਕਰਦੇ ਰਹੇ। ਆਪ ਨੇ ਦਮਦਮਾ ਸਾਹਿਬ ਵਿਖੇ ਤਖ਼ਤ ਸਾਹਿਬ, ਬੁਰਜ ਸਾਹਿਬ, ਖੂਹ ਆਦਿ ਦੀ ਸੇਵਾ ਕਰਵਾਈ। ਗੁਰਬਾਣੀ ਦੀ ਸਿਖਿਆ ਲਈ ਇਕ ਟਕਸਾਲ ਕਾਇਮ ਕੀਤੀ ਜਿਸ ਨੂੰ ਦਮਦਮੀ ਟਕਸਾਲ ਕਿਹਾ ਜਾਂਦਾ ਹੈ। ਇਸ ਟਕਸਾਲ ਰਾਹੀਂ ਗੁਰਬਾਣੀ ਦਾ ਸ਼ੁਧ ਪਾਠ ਅਤੇ ਸ਼ੁਧ ਅਰਥ ਸਿਖਾਏ ਜਾਂਦੇ ਸਨ। ਇਸ ਦਮਦਮੀ ਟਕਸਾਲ ਨੇ ਅਗਲੇਰੇ ਸਮਿਆਂ ਵਿਚ ਬੇਅੰਤ ਧਾਰਮਕ ਜਾਗ੍ਰਿਤੀ ਲਿਆਂਦੀ ਅਤੇ ਗੁਰਮਤਿ ਦਾ ਪ੍ਰਚਾਰ ਕੀਤਾ।[368]

ਬਾਬਾ ਦੀਪ ਸਿੰਘ ਜੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਨੂੰ ਕੂਚ ਕਰਨ ਤੋਂ ਪਹਿਲਾਂ ਤਖ਼ਤ ਦਮਦਮਾ ਸਾਹਿਬ ਦੀ ਸੇਵਾ ਸੰਭਾਲ ਭਾਈ ਸੁਧਾ ਸਿੰਘ ਨੂੰ ਸੌਂਪ ਗਏ। ਭਾਈ ਸੁਧਾ ਸਿੰਘ ਤੋਂ ਬਾਅਦ ਭਾਈ ਕਰਮ ਸਿੰਘ ਨੇ ਮੁਖੀ ਬਣ ਕੇ ਤਖ਼ਤ ਸਾਹਿਬ ਦੀ ਜਿੰਮੇਵਾਰੀ ਸੰਭਾਲੀ। ਕਰਮ ਸਿੰਘ ਤੋਂ ਮਗਰੋਂ ਇਸਦਾ ਪੁੱਤਰ ਗੁਲਾਬ ਸਿੰਘ ਉਤਰਾਧਿਕਾਰੀ ਬਣਿਆ। ਗੁਲਾਬ ਸਿੰਘ ਤੋਂ ਬਾਅਦ ਇਸਦਾ ਪੁੱਤਰ ਕੁਝ ਦਿਨਾਂ ਲਈ ਉਤਰਾਧਿਕਾਰੀ ਬਣਿਆ। ਮਗਰੋਂ ਗੁਲਾਬ ਸਿੰਘ ਦਾ ਪੋਤਰਾ ਜੀਵਨ ਸਿੰਘ ਮੁਖੀ ਬਣਿਆ। ਇਨ੍ਹਾਂ ਦਾ ਪਿਛੋਕੜ ਸ਼ਹਿਜ਼ਾਦਪੁਰ (ਵਰਤਮਾਨ ਜ਼ਿਲ੍ਹਾ ਅੰਬਾਲਾ) ਪਿੰਡ ਦਾ ਸੀ।[369]

ਜੀਵਨ ਸਿੰਘ ਆਪਣੇ ਆਪ ਨੂੰ ਸ਼ਹੀਦੀ ਮਿਸਲ ਦਾ ਮੁਖੀ ਨਾ ਸਮਝ ਕੇ ਸ਼ਹਿਜ਼ਾਦਪੁਰੀਆਂ ਸਰਦਾਰ ਸਮਝਦਾ ਸੀ। ਜੀਵਨ ਸਿੰਘ ਦੀ ਪਟਿਆਲਾ ਦਰਬਾਰ ਵਿਚ ਕਾਫੀ ਇਜ਼ਤ ਸੀ ਕਿਉਂਕਿ ਮਹਾਰਾਜਾ ਰਾਜਿੰਦਰ ਸਿੰਘ ਨੇ ਆਪਣੀ ਭੈਣ ਜੀਵਨ ਸਿੰਘ ਨਾਲ ਵਿਆਹ ਦਿਤੀ ਅਤੇ ਦਮਦਮਾ ਸਾਹਿਬ ਦੀ ਸਮੁਚੀ ਜਾਇਦਾਦ ਨੂੰ ਇਕ ਜਾਗੀਰ ਦੇ ਰੂਪ ਵਿਚ ਆਪਣੀ ਭੈਣ ਨੂੰ ਦਾਜ ਦੇ ਰੂਪ ਵਿਚ ਦੇ ਦਿਤਾ। ਡਾ. ਸੁਖਦਿਆਲ ਸਿੰਘ ਨੇ ਸ੍ਰੀ ਦਮਦਮਾ ਸਾਹਿਬ ਦਾ ਤਖ਼ਤ ਦਾ ਸੰਕਲਪ ਖਤਮ ਹੋ ਜਾਣ ਦਾ ਇਸ ਨੂੰ ਮੁਖ ਕਾਰਨ ਮੰਨਿਆ ਹੈ। ਇਹ ਜਾਗੀਰਦਾਰਾਂ ਦੀ ਜਾਗੀਰ ਬਣ ਕੇ ਰਹਿ ਗਿਆ ਸੀ। ਤਖ਼ਤ ਦਮਦਮਾ ਸਾਹਿਬ ਤਖ਼ਤ ਹੈ ਜਾਂ ਨਹੀਂ ਇਹ ਚਰਚਾ ਨਿਜੀ ਜਾਗੀਰ ਦੇ ਸੰਕਲਪ ਵਿਚੋਂ ਪੈਦਾ ਹੋਈ। ਜਿਸ ਦਿਨ ਇਹ ਨਿਜੀ ਜਾਗੀਰ ਦਾ ਸੰਕਲਪ ਖਤਮ ਹੋ ਗਿਆ ਉਸੇ ਦਿਨ ਤੋਂ ਦਮਦਮਾ ਸਾਹਿਬ ਤਖ਼ਤ ਦੇ ਰੂਪ ਵਿਚ ਕਾਇਮ ਹੋ ਗਿਆ।[370]

---

368 ਡਾ. ਸੁਖਦਿਆਲ ਸਿੰਘ, *ਖਾਲਸਾ ਪੰਥ ਦੇ ਪੰਜ ਤਖ਼ਤ*, ਪੰਨਾ 162.

369 ਉਹੀ, ਪੰਨਾ 163.

370 ਉਹੀ, ਪੰਨਾ 164.

1940 ਈ. ਦੇ ਕਰੀਬ ਮਾਲਵੇ ਦੇ ਕੁਝ ਸਥਾਨਕ ਸਿੱਖਾਂ ਨੇ ਤਖ਼ਤ ਸਾਹਿਬ ਦਾ ਪ੍ਰਬੰਧ ਪੰਥਕ ਕੰਟਰੋਲ ਵਿਚ ਲੈਣ ਲਈ ਮੋਰਚਾ ਲਗਾਇਆ ਪਰ ਅਕਾਲੀ ਦਲ ਦੇ ਕੁਝ ਨੇਤਾਵਾਂ ਨੇ ਵਿਚਾਲੇ ਪੈ ਕੇ ਇਹ ਮੋਰਚਾ ਖਤਮ ਕਰਵਾ ਦਿਤਾ ਅਤੇ ਸ੍ਰੀ ਦਮਦਮਾ ਸਾਹਿਬ ਪਟਿਆਲਾ ਰਿਆਸਤ ਦੇ ਅਧੀਨ ਰਿਹਾ।[371] ਜਦੋਂ ਦਮਦਮਾ ਸਾਹਿਬ ਸ਼ਾਹਿਜ਼ਾਦਪੁਰੀਏ ਸਰਦਾਰਾਂ ਦੀ ਨਿਜੀ ਜਾਗੀਰ ਸੀ ਉਸ ਸਮੇਂ ਇਸਦਾ ਪ੍ਰਬੰਧ ਕੁਰਹਿਤਾਂ ਭਰਪੂਰ ਸੀ। ਇਸਦਾ ਹਾਲ ਉਸ ਸਮੇਂ ਦੀ ਚਿੱਠੀ ਵਿਚ ਦਰਜ ਹੈ, ਜਿਹੜੀ ਉਸ ਸਮੇਂ ਦੇ ਸੰਤਾਂ, ਮਹੰਤਾਂ ਗ੍ਰੰਥੀਆਂ ਵਲੋਂ ਸਿਰੀ ਮਾਨ ਸਰਦਾਰ ਡਿਉਢੀ, ਮੁਬਾਰਕ ਸਰਕਾਰ ਪਟਿਆਲਾ ਨੂੰ ਭੇਜੀ ਗਈ। ਇਹ ਚਿਠੀ *ਗੁਰਦੁਆਰਾ ਗਜ਼ਟ* ਵਿਚ ਨਵੰਬਰ 1965 ਵਿਚ ਛਪੀ। ਚਿਠੀ ਦਾ ਉਤਾਰਾ ਨਿਮਨਲਿਖਤ ਹੈ:

'ੴ ਸਿਰੀ ਵਾਹਿਗੁਰੂ ਜੀ ਕੀ ਫਤਹਿ।

ਸਿਰੀ ਮਾਨ ਸਰਦਾਰ ਸਾਹਿਬ ਡਿਉਢੀ ਸਰਕਾਰ ਪਟਿਆਲਾ,

ਸਿਰੀ ਮਾਨ ਜੀ,

ਸੰਤ ਮਹੰਤ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਾਸੀਆਂ ਦੀ ਬੇਨਤੀ ਹੈ ਕਿ ਸਿਰੀ ਦਮਦਮਾ ਸਾਹਿਬ ਗੁਰਦੁਆਰਾ ਵਿਚ ਇਸ ਵੇਲੇ ਜੋ ਕੁਰਹਿਤ ਹੋ ਰਹੀ ਹੈ ਉਹ ਸੰਤਾਂ ਮਹੰਤਾਂ ਤੋਂ ਦੇਖੀ ਨਹੀਂ ਜਾਂਦੀ। ਭੀਖਮ ਸਿੰਘ ਮੁਖਤਿਆਰ ਸ਼ਹਿਜ਼ਾਦਪੁਰ ਦਾੜ੍ਹੀ ਮੁੰਡੀ ਹੋਈ ਰਾਜਪੂਤ ਏਥੇ ਆਇਆ। ਮੈਨੇਜਰ ਨੇ ਬਾਰਾਂਦਾਰੀ ਵਿਚ ਦਰਬਾਰ ਸਾਹਿਬ ਦੇ ਪਾਸ ਉਸ ਨੂੰ ਰਹਿਣ ਵਾਸਤੇ ਜਗ੍ਹਾ ਦਿਤੀ। ਉਸ ਨੇ ਬਾਰਾਂਦਰੀ ਜੋ ਤਖ਼ਤ ਸਾਹਿਬ ਦੇ ਨਾਲ ਲਗਦੀ ਹੈ ਉਸ ਵਿਚ ਚੁਰਟਾਂ ਪੀਤੀਆਂ ਅਤੇ ਮੈਨੇਜਰ ਨਾਲ ਮਿਲ ਕੇ ਸ਼ਰਾਬ ਪੀਤੀ ਅਤੇ ਆਂਡੇ ਮਾਸ ਆਦਿਕ ਭੀ ਖਾਧਾ, ਸੰਗਤ ਨੂੰ ਪਤਾ ਲਗਾ ਤਾਂ ਮਹੰਤ ਨਰੈਣ ਸਿੰਘ ਬਾਬਾ ਝੰਡਾ ਸਿੰਘ ਦੇ ਬੁੰਗੇ ਵਾਲਾ ਉਸ ਭੀਖਮ ਸਿੰਘ ਅਤੇ ਮੈਨੇਜਰ ਦੇ ਪਾਸ ਗਿਆ ਤੇ ਕਿਹਾ ਰਾਤ ਨੂੰ ਤੁਸੀਂ ਮਾਸ ਅਧਿਕ ਕਿਉ ਖਾਧਾ ਅਤੇ ਚੁਰਟਾਂ ਕਿਉਂ ਪੀਤੀਆਂ? ਤਾਂ ਮਹੰਤ ਨਰੈਣ ਸਿੰਘ ਭੱਲੇ ਨੂੰ ਲੈ ਕੇ ਮਾਰਨ ਵਾਸਤੇ ਆਏ ਅਤੇ ਗਾਲ੍ਹਾਂ ਦਿਤੀਆਂ। ਉਸ ਵੇਲੇ ਮਹੰਤ ਹਰੀ ਸਿੰਘ ਨੇ ਛਡਾਇਆ। ਇਕ ਔਰਤ ਮਸਮਾਤ ਹੈ ਜੈ ਕੌਰ ਜ਼ਿਲਾ ਲੁਧਿਆਣਾ ਦੀ ਏਥੇ ਰਹਿੰਦੀ ਹੈ। ਮਾਸ ਸ਼ਰਾਬ ਖਾਂਦੀ ਪੀਂਦੀ ਹੈ, ਬਦਮਾਸ਼ ਔਰਤ ਹੈ ਜੇ ਕੋਈ ਸੰਤ ਮਹੰਤ ਸਿਰੀ ਤਖ਼ਤ ਸਾਹਿਬ ਮਥਾ ਟੇਕਣ ਵਾਸਤੇ ਜਾਵੇ ਤਾਂ ਬਦਜ਼ਬਾਨ ਬੋਲਦੀ ਹੈ, ਸੋ ਸੰਗਤ ਨੂੰ ਬੜਾ ਭਾਰੀ ਦੁਖ ਹੈ ਕਿ ਇਹ ਬੇਅਦਬੀ ਕਿਉਂ ਹੁੰਦੀ ਹੈ।' ਇਹ ਚਿਠੀ ਸੰਨ 1944 ਈ. ਦੀ ਹੈ ਜਿਸ ਤੋਂ ਤਖ਼ਤ ਦਮਦਮਾ ਸਾਹਿਬ ਦੇ ਨਿਘਰੇ ਹੋਏ ਪ੍ਰਬੰਧ ਦਾ ਪਤਾ ਲਗਦਾ ਹੈ।[372]

ਪਹਿਲਾਂ ਤਖ਼ਤ ਦਮਦਮਾ ਸਾਹਿਬ ਦੀ ਸੇਵਾ ਕਰਵਾਉਣ ਦੀ ਆਗਿਆ ਮਹਾਰਾਜਾ ਰਣਜੀਤ ਸਿੰਘ ਨੇ ਮੰਗੀ ਸੀ ਅਤੇ ਇਜਾਜ਼ਤ ਨਹੀਂ ਦਿਤੀ ਗਈ। ਬਾਅਦ ਵਿਚ 1920 ਈ. ਵਿਚ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਨੇ ਸੇਵਾ ਕਰਵਾਉਣ ਦੀ ਇਜਾਜ਼ਤ ਮੰਗੀ ਪਰ ਇਜਾਜ਼ਤ ਨਾ ਦਿਤੀ ਗਈ। ਪਰ

---

371 ਉਹੀ, ਪੰਨਾ 165.

372 *ਗੁਰਦੁਆਰਾ ਗਜ਼ਟ*, ਨਵੰਬਰ 1965, ਪੰਨਾ 141.

ਬਾਅਦ ਵਿਚ ਸੰਤ ਅਤਰ ਸਿੰਘ ਜੀ ਨੂੰ ਸੇਵਾ ਕਰਨ ਦੀ ਇਜ਼ਾਜ਼ਤ ਦਿਤੀ ਗਈ ਅਤੇ ਉਨ੍ਹਾਂ ਨੂੰ ਤਖ਼ਤ ਸਾਹਿਬ ਦੀ ਜ਼ਮੀਨ ਵਿਚੋਂ ਕੁੱਝ ਹਿਸਾ ਦੇ ਦਿਤਾ ਗਿਆ। ਜਿਥੇ ਸੰਤ ਜੀ ਨੇ 1923 ਈ. ਵਿਚ ਗੁਰਦੁਆਰਾ ਬੁੰਗਾ ਮਸਤੂਆਣਾ ਦੀ ਸਥਾਪਨਾ ਕੀਤੀ ਅਤੇ ਆਪਣਾ ਉਤਰਾਧਿਕਾਰੀ ਸੰਤ ਗੁਲਾਬ ਸਿੰਘ ਨੂੰ ਬਣਾਇਆ। ਬੁੰਗਾ ਮਸਤੂਆਣਾ ਦਾ ਨਿਰਮਾਣ ਹੋਣ ਨਾਲ ਤਖ਼ਤ ਸਾਹਿਬ ਦੀ ਇਮਾਰਤ ਹੋਰ ਵੀ ਪੁਰਾਣੀ ਲਗਣ ਲਗੀ। ਸੰਤ ਗੁਲਾਬ ਸਿੰਘ ਨੇ ਤਖ਼ਤ ਸਾਹਿਬ ਦੀ ਨਵੀਂ ਇਮਾਰਤ ਬਣਾਉਣ ਦੀ ਆਗਿਆ ਮੰਗੀ ਪਰ ਸ਼ਹਿਜ਼ਾਦਪੁਰੀਏ ਸਰਦਾਰ ਨਾ ਮੰਨੇ।

ਮਾਲਵੇ ਦੇ ਅਨੇਕਾਂ ਵਿਦਵਾਨ ਸ੍ਰੀ ਦਮਦਮਾ ਸਾਹਿਬ ਨੂੰ ਤਖ਼ਤ ਵਜੋਂ ਮਾਨਤਾ ਦਵਾਉਣ ਲਈ ਯਤਨਸ਼ੀਲ ਰਹੇ। ਵਿਦਵਾਨਾਂ ਦੁਆਰਾ ਸਮੇਂ ਸਮੇਂ ਤੇ ਟਰੈਕਟ, ਪੈਂਫਲਟ, ਲੇਖ ਪ੍ਰਕਾਸ਼ਤ ਕੀਤੇ ਗਏ ਜਿਨ੍ਹਾਂ ਵਿਚ ਇਤਿਹਾਸਕ ਪ੍ਰਮਾਣ ਦੇ ਕੇ ਦਮਦਮਾ ਸਾਹਿਬ ਨੂੰ ਤਖ਼ਤ ਸਿਧ ਕੀਤਾ ਗਿਆ। ਇਨ੍ਹਾਂ ਵਿਦਵਾਨਾਂ ਵਿਚ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, ਸੰਤ ਅਤਰ ਸਿੰਘ ਜੀ, ਭਾਈ ਰਣਧੀਰ ਸਿੰਘ ਨਾਰੰਗਵਾਲ, ਸੰਤ ਵਸਾਖਾ ਸਿੰਘ, ਗਿਆਨੀ ਗੁਰਬਚਨ ਸਿੰਘ ਭਿੰਡਰਾਂ ਵਾਲੇ, ਗਿਆਨੀ ਗੁਰਦਿੱਤ ਸਿੰਘ, ਗਿਆਨੀ ਚੰਨਣ ਸਿੰਘ ਗੁਰਨੇਕਲਾਂ, ਦਿਆਲ ਸਿੰਘ ਪਰਵਾਨਾ ਦੇ ਨਾਂ ਉਲੇਖਯੋਗ ਹਨ।

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਜੀ ਤਖਤ ਦਮਦਮਾ ਸਾਹਿਬ ਬਾਰੇ ਪ੍ਰਚਾਰ ਕਰ ਕੇ, ਲੇਖ ਅਤੇ ਟਰੈਕਟ ਲਿਖਕੇ ਦਮਦਮਾ ਸਾਹਿਬ ਨੂੰ ਤਖ਼ਤ ਦੇ ਰੂਪ ਵਿਚ ਮਾਨਤਾ ਦਵਾਉਣ ਲਈ ਯਤਨਸ਼ੀਲ ਰਹੇ। ਗਿਆਨੀ ਜੀ ਨੇ ਅਗਸਤ 1959 ਈ. ਵਿਚ *ਤਖਤ ਦਮਦਮਾ ਸਾਹਿਬ* ਟਰੈਕਟ ਪ੍ਰਕਾਸ਼ਿਤ ਕੀਤਾ ਜਿਸ ਵਿਚ ਇਤਿਹਾਸਕ ਹਵਾਲੇ ਦੇ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਧਾਰਮਿਕ ਅਤੇ ਇਤਿਹਾਸਕ ਮਹਾਨਤਾ ਨੂੰ ਬਿਆਨ ਕੀਤਾ ਹੈ ਅਤੇ ਸ਼੍ਰੋਮਣੀ ਗੁਰਦਾਵਾਰਾ ਪ੍ਰਬੰਧਕ ਕਮੇਟੀ ਨੂੰ ਦਮਦਮਾ ਸਾਹਿਬ ਨੂੰ ਤਖ਼ਤ ਦੀਆਂ ਸਹੂਲਤਾਂ ਮੁਹਈਆਂ ਕਰਵਾਉਣ ਲਈ ਮੰਗ ਕੀਤੀ ਗਈ ਹੈ। ਇਸ ਟਰੈਕਟ ਤੋਂ ਇਲਾਵਾ ਗਿਆਨੀ ਜੀ ਦੇ ਵਖ-ਵਖ ਮੈਗਜ਼ੀਨਾਂ ਵਿਚ ਦਮਦਮਾ ਸਾਹਿਬ ਨਾਲ ਸੰਬੰਧਿਤ ਲੇਖ ਵੀ ਛਪੇ ਮਿਲਦੇ ਹਨ ਜੋ ਇਸ ਗੱਲ ਦਾ ਸਬੂਤ ਹਨ ਕਿ ਗਿਆਨੀ ਜੀ ਤਖ਼ਤ ਦਮਦਮਾ ਸਾਹਿਬ ਨੂੰ ਦੇ ਰੂਪ ਵਿਚ ਮਾਨਤਾ ਦਵਾਉਣ ਅਤੇ ਦਮਦਮਾ ਸਾਹਿਬ ’ਤੇ ਤਖ਼ਤ ਵਾਲੀਆਂ ਸਹੂਲਤਾਂ ਮੁਹਈਆ ਕਰਵਾਉਣ ਦਾ ਯਤਨ ਕਰ ਰਹੇ ਸਨ।

ਗਿਆਨੀ ਜੀ ਦੁਆਰਾ 1959 ਵਿਚ ਪ੍ਰਕਾਸ਼ਿਤ ਟਰੈਕਟ ‘ਤਖ਼ਤ ਦਮਦਮਾ ਸਾਹਿਬ’ ਵਿਚ ਦਮਦਮਾ ਸਾਹਿਬ ਦੀ ਇਤਿਹਾਸਕ ਮਹਾਨਤਾ ਨੂੰ ਬਿਆਨ ਕੀਤਾ ਗਿਆ ਹੈ। ਗਿਆਨੀ ਜੀ ਨੇ ਪ੍ਰਮਾਣ ਦੇ ਕੇ ਸ੍ਰੀ ਦਮਦਮਾ ਸਾਹਿਬ ਨੂੰ ਤਖ਼ਤ ਸਿਧ ਕੀਤਾ ਹੈ। ਗਿਆਨੀ ਜੀ ਨੇ ਦਸਿਆ ਹੈ ਕਿ ਗੁਰੂ ਸਾਹਿਬਾਨ ਨੇ ਆਪਣੀ ਪਾਵਨ ਚਰਨ ਛੋਹ ਇਸ ਧਰਤੀ ਨੂੰ ਬਖਸ਼ੀ, ‘ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮਾਲਵੇ ਦੇ ਦੌਰੇ ਸਮੇਂ ਭਸੌੜ, ਤਖਤੂਪੁਰਾ, ਕੋਠਾ ਗੁਰੂ, ਲੱਖੀ ਜੰਗਲ ਅਤੇ ਬਠਿੰਡੇ ਵਿਚ ਦੀ ਦਮਦਮਾ ਸਾਹਿਬ ਪੁਜ ਕੇ

ਕਈ ਹਫਤੇ ਸਤਿਨਾਮ ਦਾ ਉਪਦੇਸ਼ ਦਿਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਿੱਲੀ ਨੂੰ ਜਾਂਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਦੀ ਯਾਤਰਾ ਕਰਨ ਹਿਤ ਪੁਜੇ'।[373]

ਗਿਆਨੀ ਜੀ ਨੇ ਦਮਦਮਾ ਸਾਹਿਬ ਨੂੰ ਤਖਤ ਦੇ ਰੂਪ ਵਿਚ ਮਾਨਤਾ ਦਵਾਉਣ ਦੇ ਚਾਹਵਾਨ ਸਨ ਇਸ ਲਈ ਲਿਖਦੇ ਹਨ ਕਿ ਗੁਰੂ ਜੀ ਨੇ ਮਾਲਵੇ ਦੇ ਨੌਜਵਾਨਾਂ ਨੂੰ ਆਪਣੇ 'ਅਮੁਲ ਸਿਪਾਹੀ' ਆਖਿਆ। ਜਿਨ੍ਹਾਂ 'ਤੇ ਇਤਨੀ ਕ੍ਰਿਪਾ ਦ੍ਰਿਸ਼ਟੀ ਹੋਵੇ ਉਹ ਦਸਮ ਗੁਰੂ ਦੀਆਂ ਨਜ਼ਰਾਂ ਵਿਚ ਕਿਉਂ ਅਕ੍ਰਿਤਘਣ ਬਨਣ? ਉਹ ਤਖਤ ਦਮਦਮਾ ਸਾਹਿਬ ਨੂੰ ਤਖ਼ਤਾਂ ਵਾਲੀਆਂ ਸਹੂਲਤਾਂ ਪ੍ਰਾਪਤ ਕਰਾਣ ਦਾ ਯਤਨ ਕਰਨਗੇ। ਜੇ ਕੋਈ ਈਰਖੀ ਸੜੇ ਤਾਂ ਸਾਨੂੰ ਕੀ ਇਤਰਾਜ਼ ਹੈ?

ਗਿਆਨੀ ਜੀ ਨੇ ਦਮਦਮਾ ਸਾਹਿਬ 'ਤੇ ਹੋਏ ਇਤਿਹਾਸਕ ਕਾਰਜਾਂ ਬਾਰੇ ਦਸਿਆ ਹੈ ਜਿਨ੍ਹਾਂ ਤੋਂ ਤਖ਼ਤ ਦਮਦਮਾ ਸਾਹਿਬ ਦੇ ਤਖ਼ਤ ਹੋਣ ਦਾ ਪਤਾ ਲਗਦਾ ਹੈ। ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਇਸ ਤਖ਼ਤ ਤੇ ਸੰਪੂਰਨ ਹੋਈ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੀ ਵਿਧੀ ਇਥੋਂ ਪ੍ਰਚਲਿਤ ਹੋਈ।
3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦੀ ਸੰਪ੍ਰਦਾਇ ਵੀ ਇਥੋਂ ਪ੍ਰਚਲਿਤ ਹੋਈ।
4. ਨਿਤਨੇਮ ਦੀ ਬਾਣੀ ਦਾ ਫੈਸਲਾ ਵੀ ਇਥੇ ਹੀ ਹੋਇਆ।
5. ਇਥੋਂ ਹੀ ਗਿਆਨੀ ਮਨੀ ਸਿੰਘ ਸ਼ਹੀਦ ਨੂੰ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) ਦੇ ਗ੍ਰੰਥੀ ਨੀਯਤ ਕੀਤਾ ਗਿਆ।
6. ਸੂਰਜ ਪ੍ਰਕਾਸ਼ ਨੂੰ ਪ੍ਰਮਾਣੀਕ ਮੰਨ ਕੇ ਕਥਾ ਕਰਨ ਦਾ ਫੈਸਲਾ ਵੀ ਇਥੇ ਹੀ ਹੋਇਆ।
7. ਦਸਮ ਗ੍ਰੰਥ ਦੀ ਬੀੜ ਦੇ ਸੰਗ੍ਰਹਿ ਦਾ ਫੈਸਲਾ ਇਥੇ ਹੋਇਆ।
8. ਜਦੋਂ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਆਪ ਨੂੰ ਗਿਆਰਵਾਂ ਗੁਰੂ ਅਖਵਾਉਣ ਲੱਗਾ ਤਾਂ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਦੀਪ ਸਿੰਘ ਜੀ ਨੇ ਤਖ਼ਤ ਵਲੋਂ ਉਸ ਨੂੰ ਬਾਹੋਂ ਫੜ ਕੇ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਚੋਂ ਬਾਹਰ ਕੱਢ ਦਿਤਾ ਤੇ ਉਸ ਦੀ ਗੱਦੀ ਫੜ ਕੇ ਸਰੋਵਰ ਵਿਚ ਸੁਟ ਦਿਤੀ।
9. ਮਸੇ ਰੰਘੜ ਨੂੰ ਗੁਰੂ ਘਰ (ਹਰਿਮੰਦਰ ਸਾਹਿਬ ਅੰਮ੍ਰਿਤਸਰ) ਦੀ ਬੇਅਦਬੀ ਬਾਰੇ ਸਜ਼ਾ ਦੇਣ ਦਾ ਫੈਸਲਾ ਵੀ ਇਥੇ ਹੀ ਹੋਇਆ। ਇਸ ਕੰਮ ਲਈ ਦੋ ਸਿੰਘ (ਭਾਈ ਮਹਿਤਾਬ ਸਿੰਘ ਅਤੇ ਭਾਈ ਸੁਖਾ ਸਿੰਘ ਜੀ) ਤਖ਼ਤ ਦਮਦਮਾ ਸਾਹਿਬ ਤੋਂ ਅਰਦਾਸ ਕਰਕੇ ਚਲੇ।
10. ਬਾਕੀ ਚੌਂਹਾਂ ਤਖ਼ਤਾਂ ਅਕਾਲ ਤਖ਼ਤ, ਪਟਨਾ ਸਾਹਿਬ, ਕੇਸਗੜ੍ਹ ਸਾਹਿਬ, ਅਤੇ ਹਜ਼ੂਰ ਸਾਹਿਬ ਦਾ ਐਲਾਨ ਵੀ ਤਖ਼ਤ ਦਮਦਮਾ ਸਾਹਿਬ ਤੋਂ ਕੀਤਾ ਗਿਆ।
11. ਤਖ਼ਤ ਦਮਦਮਾ ਸਾਹਿਬ ਤੋਂ ਚੌਹਾਂ ਤਖ਼ਤਾਂ ਵਾਸਤੇ ਬੀੜਾਂ ਭੇਜੀਆਂ ਗਈਆਂ।

---

373 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਤਖ਼ਤ ਦਮਦਮਾ ਸਾਹਿਬ (ਟਰੈਕਟ)*, ਪੰਨਾ ਸ.

12. ਸੰਮਤ 1962 ਵਿਚ ਪੰਚ ਖਾਲਸਾ ਦੀਵਾਨ ਪੰਚ ਖੰਡ ਭਸੌੜ ਦੇ ਸਿਆਣੇ ਆਗੂਆਂ ਨੇ ਤਖ਼ਤ ਦਮਦਮਾ ਸਾਹਿਬ ਵਿਖੇ ਅਰਦਾਸ ਕਰਕੇ 'ਪੰਚ ਖਾਲਸਾ ਦੀਵਾਨ ਪੰਚ ਖੰਡ ਭਸੌੜ' ਦਾ ਉਦਘਾਟਨ ਕੀਤਾ। (ਇਹ ਦੀਵਾਨ ਪੰਜਾਂ ਤਖ਼ਤਾਂ ਦਾ ਅਰਦਾਸਾ ਸੋਧਦਾ ਹੈ ਅਤੇ ਹੋਰਨਾਂ ਸੰਗਤਾਂ ਨੂੰ ਵੀ ਇਉਂ ਕਰਣ ਦੀ ਪ੍ਰੇਰਨਾ ਦਿੰਦਾ ਹੈ।[374]

ਉਪਰੋਕਤ ਪ੍ਰਮਾਣਾਂ ਤੋਂ ਇਲਾਵਾ ਗਿਆਨੀ ਜੀ ਨੇ ਤਖ਼ਤ ਦਮਦਮਾ ਸਾਹਿਬ ਤੋਂ ਜਾਰੀ ਹੋਏ 'ਹੁਕਮਨਾਮੇ' ਵੀ ਪ੍ਰਮਾਣ ਵਜੋਂ ਦਰਜ ਕੀਤੇ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਥ ਲਿਖਤ ਹੁਕਮਨਾਮੇ ਅੰਕਿਤ ਕੀਤੇ ਹਨ। ਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਤੋਂ ਇਲਾਵਾ ਅਨੇਕਾਂ ਪੰਥਕ ਮਸਲਿਆਂ ਨੂੰ ਲੈ ਕੇ ਸ੍ਰੀ ਦਮਦਮਾ ਸਾਹਿਬ ਤੋਂ ਹੁਕਮਨਾਮੇ ਨਿਕਲਦੇ ਰਹੇ। ਗਿਆਨੀ ਜੀ ਅਨੁਸਾਰ *ਹਮ ਹਿੰਦੂ ਨਹੀਂ* ਪੁਸਤਕ ਬਾਰੇ ਵੀ ਇਥੋਂ ਹੁਕਮ ਜਾਰੀ ਹੋਇਆ। 1887 ਵਿਚ ਪ੍ਰੋ. ਗੁਰਮੁਖ ਸਿੰਘ ਜੀ ਬਾਰੇ (ਜਦੋਂ ਤਨਖਾਹੀਆਂ ਕਰਾਰ ਦਿਤਾ) ਹੋਰ ਤਖਤਾਂ ਵਾਂਗੂ ਤਖ਼ਤ ਦਮਦਮਾ ਸਾਹਿਬ ਤੋਂ ਵੀ ਹੁਕਮਨਾਮਾ ਨਿਕਲਿਆ। ਸ੍ਰੀਮਾਨ ਪੰਥ ਰਤਨ ਬਾਬੂ ਤੇਜਾ ਸਿੰਘ ਪੰਚ ਖੰਡ (ਭਸੌੜ) ਦੇ ਉਤਰ ਵਿਚ ਛਪੀ ਪੁਸਤਕ *ਗੁਰਮਤਿ ਪ੍ਰਕਾਸ਼* ਦੇ ਸ਼ੁਰੂ ਵਿਚ ਇਥੋਂ ਦਾ ਹੁਕਮਨਾਮਾ ਦਰਜ ਹੈ। ਰਾਗ ਮਾਲਾ ਬਹਿਸ ਸਮੇਂ ਭਾਈ ਟਹਿਲ ਸਿੰਘ ਜੀ ਵਲੋਂ ਟਰੈਕਟ *ਰਾਗ ਮਾਲਾ ਮੰਡਨ* ਦੀ ਮਹਾਨਤਾ ਵਧਾਣ ਲਈ ਇਥੋਂ ਦਾ ਹੁਕਮ ਦਰਜ ਹੈ। ਇਸੇ ਤਰ੍ਹਾਂ ਗਿਆਨੀ ਸਾਹਿਬ ਸਿੰਘ ਜੀ ਪਕਾ ਪਥਰਾਲਾ ਨੇ *ਦਸਮ ਗੁਰ ਗਿਰਾ ਪ੍ਰਕਾਸ਼* ਨਾਨਕਸ਼ਾਹੀ ੪੩੯ ਮਾਘ ਪ੍ਰਵਿਸ਼ਟੇ ੧੫ ਦਾ ਇਕ ਹੁਕਮਨਾਮਾ ਤਖ਼ਤ ਦਮਦਮਾ ਸਾਹਿਬ ਵਲੋਂ ਪ੍ਰਕਾਸ਼ਤ ਹੋਇਆ ਹੈ। ਖਾਲਸਾ ਰਹਿਤ ਮਰਯਾਦਾ ਗ੍ਰੰਥ ਵੀ ਇਸੇ ਤਖ਼ਤ ਤੇ ਪ੍ਰਵਾਨ ਹੋਇਆ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੁਆਰਾ ਪ੍ਰਕਾਸ਼ਤ ਟਰੈਕਟ *ਤਖ਼ਤ ਦਮਦਮਾ ਸਾਹਿਬ* ਨੂੰ 6-9-1959 ਨੂੰ ਤਖ਼ਤ ਦਮਦਮਾ ਸਾਹਿਬ ਤੇ ਪ੍ਰਵਾਨ ਕਰਕੇ ਪ੍ਰਸੰਸਾ ਵਿਚ 'ਅਭਿਨੰਦਨ ਪੱਤ੍ਰ' ਦਿਤਾ ਗਿਆ।[375]

ਗਿਆਨੀ ਜੀ ਨੇ ਦਮਦਮਾ ਸਾਹਿਬ ਵਿਖੇ ਪਈ ਪੁਸਤਕ 'ਦੌਰਾ ਸਾਖੀ' ਜੋ ਦਸਮ ਗੁਰੂ ਜੀ ਤੋਂ 36 ਸਾਲ ਬਾਅਦ ਲਿਖੀ ਗਈ, ਦਾ ਹਵਾਲਾ ਦਿਤਾ ਹੈ ਜਿਸ ਵਿਚ ਦਮਦਮਾ ਸਾਹਿਬ ਨੂੰ ਚੌਥਾ ਤਖ਼ਤ ਲਿਖਿਆ ਹੈ। ਇਸ ਤੋਂ ਇਲਾਵਾ ਗਿਆਨੀ ਗਿਆਨ ਸਿੰਘ ਰਚਿਤ ਪੁਸਤਕ *ਗੁਰਧਾਮ ਸੰਗ੍ਰਹਿ* ਅਤੇ ਸੋਢੀ ਰਾਮ ਨਾਰਾਇਣ ਸਿੰਘ ਜੀ ਅਨੰਦਪੁਰ ਵਾਲਿਆਂ ਦੁਆਰਾ ਰਚਿਤ *ਖਾਲਸਾ ਧਰਮ ਸ਼ਾਸਤ੍ਰ* ਦਾ ਹਵਾਲਾ ਦਿਤਾ ਹੈ ਜਿਸ ਵਿਚ ਦਮਦਮਾ ਸਾਹਿਬ ਨੂੰ ਤਖਤ ਮੰਨਿਆ ਹੈ।

ਗਿਆਨੀ ਜੀ ਨੇ ਦਸਿਆ ਹੈ ਕਿ ਹੋਰ ਤਖ਼ਤਾਂ ਦੀ ਤਰ੍ਹਾਂ ਇਸ ਤਖ਼ਤ 'ਤੇ ਵੀ ਦਸਮ ਪਿਤਾ ਦੀਆਂ ਯਾਦਗਾਰੀ ਵਸਤਾਂ ਹਨ ਜਿਨ੍ਹਾਂ ਦੇ ਦਰਸ਼ਨ ਕਰਾਏ ਜਾਂਦੇ ਹਨ। ਇਨ੍ਹਾਂ ਵਿਚ ਬੰਦੂਕ (ਤੋੜੇਦਾਰ), ਗੋਲੀਆਂ ਟੈਂਕ, ਸ੍ਰੀ ਸਾਹਿਬ-ਕ੍ਰਿਪਾਨ, ਸੀਸਾ, ਖੜਗ ਬਾਬਾ ਦੀਪ ਸਿੰਘ ਆਦਿ ਸ਼ਾਮਲ ਹਨ।

---

374 *ਖਾਲਸਾ ਪਾਰਲੀਮੈਂਟ ਗਜ਼ਟ*, ਦਸੰਬਰ 1959, ਪੰਨਾ 19.

375 ਉਹੀ, ਪੰਨਾ 20.

ਸਮੇਂ ਸਮੇਂ ਤੇ ਤਖ਼ਤ ਦਮਦਮਾ ਸਾਹਿਬ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਆਵਾਜ਼ ਉਠਦੀ ਰਹੀ। ਤਖ਼ਤ ਦਮਦਮਾ ਸਾਹਿਬ ਨੂੰ ਤਖ਼ਤ ਵਜੋਂ ਮਾਨਤਾ ਦਵਾਉਣ ਲਈ ਮਤੇ ਵੀ ਪਾਸ ਹੁੰਦੇ ਰਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮਤਾ ਨੰਬਰ 789 (30-7-1964) ਦੇ ਅਧੀਨ ਤਿੰਨ ਮੈਂਬਰੀ ਕਮੇਟੀ ਗਠਨ ਕੀਤੀ ਗਈ। ਕਮੇਟੀ ਦੀ ਰਿਪੋਰਟ ਦੇ ਅਧਾਰ ’ਤੇ ਕਾਫੀ ਵਿਚਾਰ ਵਿਮਰਸ਼ ਤੋਂ ਬਾਅਦ 18 ਨਵੰਬਰ 1966 ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਖ਼ਤ ਦਮਦਮਾ ਸਾਹਿਬ ’ਤੇ ਤਖ਼ਤਾਂ ਵਾਲੀ ਮਰਿਆਦਾ ਕਾਇਮ ਕਰਨ ਦਾ ਮਤਾ ਪਾਸ ਕਰਕੇ ਵਿਧੀਵਧ ਤਖ਼ਤ ਪਰਵਾਨ ਕਰ ਲਿਆ।

ਗਿਆਨੀ ਜੀ ਨੇ ਸ੍ਰੀ ਦਮਦਮਾ ਸਾਹਿਬ ਦੀ ਤਖ਼ਤ ਵਜੋਂ ਮਾਨਤਾ ਨੂੰ ਸਿਧ ਕਰਨ ਲਈ ਉਦਮ ਕੀਤਾ। ਗਿਆਨੀ ਜੀ ਬਾਰੇ ਪ੍ਰਿੰਸੀਪਲ ਜਗਜੀਤ ਸਿੰਘ ਔਲਖ ਲਿਖਦੇ ਹਨ, ‘ਮਾਲਵੇ ਦੇ ਸਭ ਵਿਦਵਾਨਾਂ ਖਾਸ ਕਰ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਤਖ਼ਤ ਸਾਹਿਬ ਬਾਰੇ ਪ੍ਰਚਾਰ ਕਰ ਕੇ, ਲੇਖ ਜਾਂ ਪੈਂਫਲਿਟ ਆਦਿ ਰਾਹੀਂ ਜ਼ੋਰਦਾਰ ਯਤਨ ਜਾਰੀ ਰੱਖੇ। ਅਗਸਤ, 1959 ਈ. ਵਿਚ ਆਲ ਇੰਡੀਆ ਸ਼੍ਰੋਮਣੀ ਨਿਆਰਾ ਖਾਲਸਾ ਦਲ ਕੋਟਕਪੂਰਾ ਦੇ ਪ੍ਰਧਾਨ ਦਿਆਲ ਸਿੰਘ ਪਰਵਾਨਾ ਨੇ ਮੋਰਚਾ ਲਾਏ ਜਾਣ ਦੀ ਧਮਕੀ ਦਿਤੀ। ਉਨ੍ਹਾਂ ਗਿਆਨੀ ਬਲਵੰਤ ਸਿੰਘ ਤੋਂ ਇਕ ਟਰੈਕਟ *ਤਖਤ ਦਮਦਮਾ ਸਾਹਿਬ* ਲਿਖਵਾ ਕੇ ਸੰਗਤ ਵਿਚ ਪਰਚਾਰ ਹਿਤ ਵੰਡਿਆ ਜਿਸ ਵਿਚ ਸੰਤ ਅਤਰ ਸਿੰਘ ਜੀ, ਭਾਈ ਰਣਧੀਰ ਸਿੰਘ ਨਾਰੰਗਵਾਲ, ਸੰਤ ਵਿਸਾਖਾ ਸਿੰਘ ਜੀ, ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ, ਗਿਆਨੀ ਗੁਰਦਿੱਤ ਸਿੰਘ ਜੀ ਦੇ ਨਾਲ ਗਿਆਨੀ ਚੰਨਣ ਸਿੰਘ ਜੀ ਦੇ ਯਤਨਾਂ ਦਾ ਵੀ ਉਲੇਖ ਕੀਤਾ ਗਿਆ ਹੈ।[376]

ਇਸ ਤਰ੍ਹਾਂ ਸਪਸ਼ਟ ਹੈ ਕਿ ਤਖ਼ਤ ਦਮਦਮਾ ਸਾਹਿਬ ਨੂੰ ਤਖ਼ਤ ਦੇ ਰੂਪ ਵਿਚ ਮਾਨਤਾ ਦਵਾਉਣ ਲਈ ਵਖ-ਵਖ ਯਤਨ ਕੀਤੇ ਗਏ। ਕੋਠਾ ਗੁਰੂ ਜੀ ਦੇ ਤਖ਼ਤ ਸ੍ਰੀ ਦਮਦਮਾ ਸਾਹਿਬ ਨਾਲ ਸੰਬੰਧਿਤ ਟਰੈਕਟ ਅਤੇ ਖਾਲਸਾ ਪਾਰਲੀਮੈਂਟ, ਪੈਨਸ਼ਨਰ ਬਢਲਾਡਾ ਆਦਿ ਮੈਗਜ਼ੀਨਾਂ ਵਿਚ ਛਪੇ ਲੇਖ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਗਿਆਨੀ ਜੀ ਦਮਦਮਾ ਸਾਹਿਬ ਨੂੰ ਤਖ਼ਤ ਦੇ ਰੂਪ ਵਿਚ ਮਾਨਤਾ ਦਵਾਉਣ ਲਈ ਘਾਲਣਾ ਘਾਲਦੇ ਰਹੇ। ਗਿਆਨੀ ਜੀ ਦੁਆਰਾ ਲਿਖਿਆ ਟਰੈਕਟ *ਤਖ਼ਤ ਦਮਦਮਾ ਸਾਹਿਬ* ਜਿਸ ਵਿਚ ਅਨੇਕਾਂ ਇਤਿਹਾਸਕ ਹਵਾਲੇ ਦੇ ਕੇ ਦਮਦਮਾ ਸਾਹਿਬ ਨੂੰ ਤਖਤ ਸਿਧ ਕੀਤਾ ਗਿਆ ਹੈ। ਇਸ ਟਰੈਕਟ ਦੀ ਪ੍ਰਸੰਸਾ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੁਆਰਾ ‘ਅਭਿੰਨਦਨ ਪੱਤਰ’ ਵੀ ਦਿਤਾ ਗਿਆ।

ਸਪੱਸ਼ਟ ਹੈ ਕਿ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਜੀ ਦਾ ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਲਿਖਣ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਮਾਨਤਾ ਨੂੰ ਸਿਧ ਕਰਨ ਲਈ ਸੇਵਾ ਘਾਲਣਾ ਘਾਲਦੇ ਰਹੇ।

**(ੲ) ਨਿਰਮਲ ਪੰਥ:** ਭਾਈ ਕਾਨ੍ਹ ਸਿੰਘ ਨਾਭਾ ਨਿਰਮਲ ਦਾ ਅਰਥ ਮੈਲ ਰਹਿਤ ਸ਼ੁਧ, ਪਾਰਬ੍ਰਹਮ ਕਰਤਾਰ, ਪ੍ਰਕਾਸ਼ ਉਜਾਲਾ, ਰੌਸ਼ਨ ਕਰਦੇ ਹਨ। ਇਸੇ ਪ੍ਰਸੰਗ ਵਿਚ ‘ਨਿਰਮਲ ਪੰਥ’ ਦਾ ਅਰਥ ਕਰਦੇ ਲਿਖਦੇ ਹਨ ਸਿਖ ਸੰਪ੍ਰਦਾਯ, ਖ਼ਾਲਿਸ ਪੰਥ ‘ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ

---

376 ਪ੍ਰਿੰ. ਜਗਜੀਤ ਸਿੰਘ, *ਚੰਦਨ ਰੁੱਖ,* ਪੰਨਾ 269.

ਚਲਾਇਆ'।[377] 'ਨਿਰਮਲੇ' ਸ਼ਬਦ ਦੀ ਵਿਆਖਿਆ ਕਰਦੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘਾਂ (ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਸੋਭਾ ਸਿੰਘ) ਨੂੰ ਬ੍ਰਹਮਚਾਰੀ ਭੇਸ ਵਿਚ ਸੰਸਕ੍ਰਿਤ ਵਿਦਿਆ ਪੜ੍ਹਨ ਲਈ ਕਾਸ਼ੀ ਭੇਜਿਆ ਸੀ, ਉਨ੍ਹਾਂ ਦੀ ਨਿਰਮਲੇ ਸੰਗਯਾ ਹੋਈ, ਇਨ੍ਹਾਂ ਪੰਜਾਂ ਦੇ ਚਾਟੜੇ ਜੋ ਨਿਰਮਲ ਵਸਤ੍ਰ ਪਹਿਨ ਸ਼ਾਂਤ ਚਿਤ ਰਹਿ ਕੇ ਵਿਦਿਆ ਅਰ ਨਾਮ ਅਭਿਆਸ ਅਤੇ ਧਰਮ ਪ੍ਰਚਾਰ ਕਰਦੇ ਰਹੇ ਹਨ, ਉਹ ਨਿਰਮਲੇ ਸਦੇ ਜਾਂਦੇ ਹਨ, ਸਿੱਖ ਕੌਮ ਵਿਚ ਨਿਰਮਲੇ ਸਾਧੂ ਵਿਦਿਆ ਦੇ ਪ੍ਰੇਮੀ ਅਰ ਵਿਚਾਰਵਾਨ ਹਨ।'[378]

ਨਿਰਮਲ ਸੰਪ੍ਰਦਾਇ ਦੇ ਆਰੰਭ ਬਾਰੇ ਦੋ ਵਿਚਾਰ ਪ੍ਰਚਲਿਤ ਹਨ ਪਹਿਲਾ ਇਸਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਮੰਨਦੇ ਹਨ ਅਤੇ ਦੂਜੇ ਵਿਚਾਰ ਅਨੁਸਾਰ ਇਸ ਸੰਪ੍ਰਦਾਇ ਦਾ ਆਰੰਭ ਸ੍ਰੀ ਗੋਬਿੰਦ ਸਿੰਘ ਤੋਂ ਹੋਇਆ। ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਨਿਰਮਲ ਪੰਥ ਦੇ ਮੂਲ ਬਾਰੇ ਜੋ ਵਿਚਾਰ ਪ੍ਰਗਟ ਕੀਤੇ ਹਨ ਉਨ੍ਹਾਂ ਦਾ ਤਤ ਸਾਰ ਇਹ ਹੈ ਕਿ ਨਿਰਮਲ ਪੰਥ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੋਇਆ। ਆਪਣੇ ਇਸ ਵਿਚਾਰ ਦੀ ਪ੍ਰੋੜ੍ਹਤਾ ਲਈ ਗਿਆਨੀ ਜੀ ਭਾਈ ਭਾਗੀਰਥ ਦੀ ਵਾਰ ਦਾ ਹਵਾਲਾ ਦਿੰਦੇ ਹਨ:

ਰੀਤਿ ਫਕੀਰੀ ਧਾਰ ਕੇ, ਮਰਦਾਨਾ ਬਾਲਾ ਸੰਗਾਈ।
ਖੰਡ ਬ੍ਰਹਮੰਡੀ ਸੈਲ ਕਰ, ਭਵ ਨਿਧ ਤਾਰੀ ਖਲਕ ਸਬਾਈ।
'ਨਿਰਮਲ ਪੰਥ' ਚਲਾਇਓ ਏਕ ਵਿਵੇਕ ਭਗਤ ਦ੍ਰਿੜਾਈ।
ਸਾਧਨ ਕਠਿਨ ਛਡਾਇ ਕੇ, ਗੁਰ ਚੇਲੇ ਦੀ ਰੀਤ ਚਲਾਈ।
ਕਲਿਯੁਗ ਨਾਨਕ ਕਲਾ ਦਿਖਾਈ।[379]

ਉਪਰੋਕਤ ਹਵਾਲਾ ਦੇਣ ਤੋਂ ਬਾਅਦ ਗਿਆਨੀ ਜੀ ਨੇ ਆਪਣਾ ਨਿਰਣਾ ਦਿੰਦੇ ਲਿਖਦੇ ਹਨ ਕਿ ਇਸ ਪੁਰਾਤਨ ਵਾਰ ਵਿਚ ਨਿਰਮਲ ਪੰਥ ਦਾ ਸਤਿਗੁਰੂ ਨਾਨਕ ਦੇਵ ਜੀ ਤੋਂ ਪ੍ਰਗਟ ਹੋਣਾ ਦਸਿਆ ਹੈ।[380] ਆਪਣੇ ਇਸ ਵਿਚਾਰ ਦੀ ਪੁਸ਼ਟੀ ਲਈ ਗਿਆਨੀ ਜੀ ਭਾਈ ਗੁਰਦਾਸ ਜੀ ਦੀ ਵਾਰ ਦਾ ਹਵਾਲਾ ਦਿੰਦੇ ਹਨ:

ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ।
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਯਾ।[381]

ਉਪਰੋਕਤ ਤੁਕਾਂ ਦੀ ਵਿਆਖਿਆ ਕਰਦੇ ਗਿਆਨੀ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਨਿਰਮਲ ਪੰਥ ਦੇ ਦੂਸਰੇ ਸਤਿਗੁਰ ਨਿਯਤ ਕੀਤਾ। ਨਾਲ ਹੀ ਆਪਣੇ ਸੰਪ੍ਰਦਾਈ ਸਿੱਕੇ 'ਨਿਰਮਲ ਪੰਥ' ਦੀ ਵੀ ਘੋਸ਼ਣਾ ਕੀਤੀ। ਇਸ ਨਿਰਮਲ ਪੰਥ ਰੂਪੀ ਸਿੱਕੇ ਨੂੰ ਚਾਲੂ ਕਰਨ

---

377 ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 712.

378 ਉਹੀ, ਪੰਨਾ 712.

379 ਉਧਰਿਤ, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 17.

380 ਉਹੀ, ਪੰਨਾ 18.

381 *ਵਾਰਾਂ ਭਾਈ ਗੁਰਦਾਸ*, ਵਾਰ/ਪਉੜੀ 1/45.

ਅਤੇ ਸ੍ਰੀ ਗੁਰੂ ਅੰਗਦ ਦੇਵ ਨੂੰ ਪੰਥ ਪ੍ਰਸਿਧ ਕਰਨ ਅਤੇ ਅਗਵਾਈ ਕਰਨ ਦਾ ਆਦੇਸ਼ ਦਿਤਾ। ਇਸੇ ਪ੍ਰਸੰਗ ਵਿਚ ਆਪਣੇ ਵੀਚਾਰਾਂ ਦੀ ਵਿਆਖਿਆ ਕਰ ਕੇ ਗੁਰਬਾਣੀ ਵਿਚੋਂ ਕੁਝ ਹੋਰ ਪ੍ਰਮਾਣ ਦੇ ਕੇ ਇਹ ਸਿਧ ਕਰਨ ਦਾ ਯਤਨ ਕੀਤਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਨਿਰਮਲ ਪੰਥ ਪੂਰਨ ਰੂਪ ਵਿਚ ਉਨਤ ਹੋ ਚੁੱਕਾ ਸੀ।

ਗੁਰਬਾਣੀ ਤੋਂ ਬਿਨਾ ਗਿਆਨੀ ਜੀ ਨੇ ਹੋਰ ਵਿਦਵਾਨਾਂ ਦੇ ਵਿਚਾਰ ਵੀ ਪੇਸ਼ ਕੀਤੇ ਹਨ। ਇਨ੍ਹਾਂ ਵਿਚਾਰਾਂ ਦਾ ਭਾਵ ਅਰਥ ਇਹ ਕਢਿਆ ਹੈ ਹੈ ਕਿ ਦੂਜੇ ਇਤਿਹਾਸਕਾਰਾਂ ਨੇ ਵੀ ਸਿੱਖ ਮਤ ਨੂੰ ਨਿਰਮਲ ਪੰਥ ਆਖਿਆ ਹੈ। ਜਿਨ੍ਹਾਂ ਤੁਕਾਂ ਨੂੰ ਗਿਆਨੀ ਜੀ ਨੇ ਆਪਣੇ ਵਿਚਾਰ ਦੀ ਪ੍ਰੋੜ੍ਹਤਾ ਕਰਨ ਲਈ 'ਸ੍ਰੀ ਨਿਰਮਲ ਪੰਥ ਬੋਧ' ਵਿਚ ਪ੍ਰਗਟ ਕੀਤਾ ਹੈ ਉਹ ਇਸ ਤਰ੍ਹਾਂ ਹਨ:

ਜੋਗ ਭੋਗ ਸੋ ਦੋਨੋ ਰੀਤ। ਦਈ 'ਨਿਰਮਲ ਪੰਥ' ਕੋ ਚੀਤ।
ਸਤਿਨਮੁ ਕੋ ਸੁਮਰਨ ਕਰਨੋ। ਇਹੀ ਯੋਗ ਇਕ ਲਿਵ ਕੋ ਵਰਨੋ।
ਲਰਨ ਰਿਪਨ ਸੋ ਕਰਯੋ ਕਾਜ। ਇਹੀ ਭੋਗ ਦੇ ਦੀਏ ਸਮਾਜ।
ਇਤਯਾਦਿਕ ਨਿਰਮਲ ਯਸ ਕੋ। ਬੰਦਹਿ ਸਤਿਗੁਰ ਪਾਇ ਪਰਸ ਕੋ।[382]

ਇਤਿਹਾਸਕਾਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸਬੰਧਿਤ ਦੋ ਵਿਸ਼ੇਸ਼ ਘਟਨਾਵਾਂ ਦਾ ਵਰਣਨ ਕੀਤਾ ਹੈ ਜਿਨ੍ਹਾਂ ਅਨੁਸਾਰ ਗੁਰੂ ਸਾਹਿਬ ਨੇ ਸਿੱਖ ਕੌਮ ਨੂੰ ਵਿਲੱਖਣ ਰੂਪ ਵਿਚ ਢਾਲਿਆ। ਦਸਮ ਪਾਤਸ਼ਾਹ ਨੇ ਸ਼ਾਸਤ੍ਰ ਤੇ ਸ਼ਸ਼ਤ੍ਰ ਦਾ ਏਕੀਕਰਨ ਕੀਤਾ। ਇਨ੍ਹਾਂ ਵਿਚੋਂ ਇਕ ਘਟਨਾ ਖ਼ਾਲਸਾ ਪੰਥ ਦੀ ਸਾਜਨਾ ਤੇ ਦੂਜੀ ਸੰਸਕ੍ਰਿਤ ਸਿਖਣ ਲਈ ਪੰਜ ਸਿੱਖਾਂ ਨੂੰ ਬਨਾਰਸ ਭੇਜਣਾ ਹੈ। ਗਿਆਨੀ ਜੀ ਵੀ ਇਸ ਵਿਚਾਰ ਨਾਲ ਸਹਿਮਤੀ ਪ੍ਰਗਟਾਉਂਦੇ ਲਿਖਦੇ ਹਨ ਕਿ ਦਸਮ ਸਤਿਗੁਰੂ ਜੀ ਨੇ ਖੰਡੇ ਦੇ ਅੰਮ੍ਰਿਤ ਦੀ ਮਰਿਯਾਦਾ ਕਾਇਮ ਕਰਕੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਕੇ ਵਿਧੀਵਤ ਨਿਰਮਲ ਪੰਥ ਨੂੰ ਕੌਮੀ ਰੂਪ ਦਿਤਾ। ਗਿਆਨੀ ਜੀ ਪੰਡਿਤ ਗੁਲਾਬ ਸਿੰਘ ਕ੍ਰਿਤ 'ਮੋਕਸ਼ ਪੰਥ ਪ੍ਰਕਾਸ਼' ਦਾ ਹਵਾਲਾ ਦਿੰਦੇ ਹਨ:

ਸ੍ਰੀ ਗੁਰੁ ਗੋਬਿੰਦ ਸਿੰਘ ਸੁ, ਪੂਰਣ ਹਰਿ ਅਵਤਾਰ।
ਰਚਯੋ ਪੰਥ ਭਵ ਮੈ ਪ੍ਰਗਟ, ਦੋ ਬਿਧ ਕੋ ਵਿਸਤਾਰ।
ਏਕਨ ਕੇ ਕਰ ਖੜਗ ਦੈ, ਭੁਜ ਬਲ ਬਹੁ ਬਿਸਤਾਰ।
ਪਾਲਨ ਭੂਮੀ ਕੋ ਕਰਯੋ, ਦੁਸਿਟਨ ਮੂਲ ਉਖਾਰ।
ਔਰਨ ਕੀ ਪਿਖ ਵਿਮਲ ਮਤਿ, ਦੀਨੋ ਪਰਮ ਵਿਵੇਕ।
ਨਿਰਮਲ ਭਾਖੇ ਜਗਤ ਤਿਹ, ਹੇਰੇ ਬ੍ਰਹਮ ਸੁ ਏਕ।[383]

ਉਪਰੋਕਤ ਤੁਕਾਂ ਦੀ ਵਿਆਖਿਆ ਕਰਦੇ ਗਿਆਨੀ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੂਰਣ ਅਵਤਾਰ ਸਨ ਜਿਨ੍ਹਾਂ ਨੇ ਪੰਥ ਰਚਕੇ ਦੋ ਰੂਪਾਂ ਵਿਚ ਸੰਗਠਤ ਕੀਤਾ। ਇਕ ਜੱਥਾ ਸ਼ਸਤਰਾਂ ਦੁਆਰਾ

---

382 ਉਧਰਿਤ, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 18.

383 ਉਹੀ, ਪੰਨਾ 20.

ਧਰਮ ਦੀ ਰਖਿਆ ਕਰਨ ਵਾਸਤੇ ਜ਼ਾਲਮਾਂ ਨਾਲ ਸੰਗ੍ਰਾਮ ਲਈ ਨਿਯਤ ਕੀਤਾ। ਦੂਸਰੇ ਜੱਥੇ ਵਿਚ ਵਿਵੇਕ ਬੁਧੀ ਵਾਲੇ ਸ਼ਾਸਤ੍ਰਾਂ ਦੇ ਪਠਨ-ਪਾਠਨ ਵਿਚ ਲਾਏ ਜੋ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਨਾਮ-ਬਾਣੀ ਅਤੇ ਵਿਦਿਆ ਦਾ ਪ੍ਰਚਾਰ ਕਰਨ ਵਾਸਤੇ ਦੇਸ-ਦੇਸਾਂਤਰਾਂ ਵਿਚ ਚਲੇ ਗਏ ਅਤੇ ਸੰਸਾਰ ਵਿਚ ਨਿਰਮਲ ਪੰਥ ਦੇ ਨਾਮ ਨਾਲ ਪ੍ਰਸਿਧ ਹੋਏ।

ਗਿਆਨੀ ਜੀ ਨੇ ਸਪਸ਼ਟ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਗੁਰੂ ਜੀ ਤਕ ਗੁਰਸਿੱਖੀ ਦੀ ਸੰਪ੍ਰਦਾਇ ਦਾ ਨਾਮ 'ਨਿਰਮਲ ਪੰਥ' ਹੀ ਸੀ। ਖਾਲਸਾ, ਸਹਿਜਧਾਰੀ, ਸਹਿਲੰਗ ਆਦਿ ਉਪ ਸ਼ਾਖਾਂ ਹਨ ਜੋ ਸੰਗਤ ਸਤਿਗੁਰੂ ਜੀ ਦੇ ਸਿਧੀ ਅਧੀਨ ਸੀ ਉਸ ਨੂੰ ਖਾਲਸਾ ਕਿਹਾ ਜਾਂਦਾ ਸੀ। ਮਸੰਦਾਂ ਅਧੀਨ ਸੰਗਤ ਨੂੰ ਸਹਲੰਗ ਆਖਿਆ ਜਾਂਦਾ ਸੀ। ਪੂਰੇ ਪੰਥ ਦਾ ਨਾਮ 'ਨਿਰਮਲ ਪੰਥ' ਸੀ। ਖ਼ਾਲਸਾ ਅਤੇ ਨਿਰਮਲ ਸ਼ਬਦ ਵਿਚ ਭਾਸ਼ਾ ਭੇਦ ਤੋਂ ਬਿਨਾਂ ਕੋਈ ਅੰਤਰ ਨਹੀਂ ਹੈ। ਦੋਨੋਂ ਸ਼ਬਦ ਸਮਾਨਅਰਥਕ ਹਨ। ਖ਼ਾਲਸਾ ਸ਼ਬਦ ਅਰਬੀ ਦਾ ਹੈ ਜੋ ਅਗੇ ਫਾਰਸੀ ਵਿਚ ਪ੍ਰਵੇਸ਼ ਕਰ ਚੁੱਕਾ ਹੈ ਅਤੇ ਨਿਰਮਲ ਸੰਸਕ੍ਰਿਤ ਦਾ। ਦਸਮ ਗੁਰੂ ਜੀ ਦੇ ਦੇਸ਼ ਦੀ ਰਾਜਕੀ ਭਾਸ਼ਾ ਫਾਰਸੀ ਸੀ। ਗੁਰੂ ਜੀ ਫਾਰਸੀ ਦੇ ਵਿਦਵਾਨ ਸਨ। ਇਸ ਵਾਸਤੇ ਸਮੂਹ ਸਿੱਖੀ ਨੂੰ ਖਾਲਸਾ ਦੀ ਉਪਾਧੀ ਨਾਲ ਸਨਮਾਨਿਆ ਗਿਆ। ਨਿਰਮਲੇ ਸੰਤ ਸਤਿਗੁਰੂ ਜੀ ਦੇ ਅਸ਼ੀਰਵਾਦ ਨਾਲ ਸੰਸਕ੍ਰਿਤ, ਭਾਸ਼ਾ, ਸਾਹਿਤ, ਦਰਸ਼ਨ, ਭਾਰਤੀ ਇਤਿਹਾਸ ਮਿਥਿਹਾਸ ਅਤੇ ਗੁਰਬਾਣੀ ਦੇ ਵਿਦਵਾਨ ਰਹੇ ਹਨ, ਇਸ ਵਾਸਤੇ ਉਹ ਪੁਰਾਤਨ ਸੰਪ੍ਰਦਾਈ ਨਾਉਂ 'ਨਿਰਮਲ ਪੰਥ' ਨਾਲ ਹੀ ਪ੍ਰਸਿਧ ਰਹੇ ਵਰਨਾ ਖ਼ਾਲਸਾ ਨਿਰਮਲ ਪੰਥ ਦੀ ਉਪਸ਼ਾਖਾ ਸੀ।[384]

ਗਿਆਨੀ ਜੀ ਦੂਜੀ ਘਟਨਾ ਬਾਰੇ ਦਸਦੇ ਹਨ ਕਿ 1686 ਈ. ਵਿਚ ਪਾਉਂਟਾ ਸਾਹਿਬ ਦੀ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਗਮ ਬੁਲਾਇਆ ਜਿਸ ਵਿਚ ਪੰਜ ਵਿਦਵਾਨ ਸੰਤ ਕਰਮ ਸਿੰਘ, ਸੰਤ ਰਾਮ ਸਿੰਘ, ਸੰਤ ਗੰਡਾ ਸਿੰਘ, ਸੰਤ ਵੀਰ ਸਿੰਘ, ਸੰਤ ਸੈਣਾ ਸਿੰਘ ਨੂੰ ਚੁਣ ਕੇ ਸੰਸਕ੍ਰਿਤ ਪੜ੍ਹਨ ਵਾਸਤੇ ਕਾਸ਼ੀ ਜੀ ਭੇਜਿਆ। ਜਦੋਂ ਇਹ ਪੰਜ ਵਿਦਵਾਨ ਸਿੱਖ 13 ਸਾਲ ਬਾਅਦ ਵਿਦਿਆ ਪ੍ਰਾਪਤ ਕਰ ਕੇ ਵਾਪਸ ਆਏ ਤਾਂ ਉਸ ਸਮੇਂ ਖਾਲਸਾ ਪੰਥ ਦੀ ਸਿਰਜਣਾ ਹੋ ਚੁੱਕੀ ਸੀ। ਇਨ੍ਹਾਂ ਪੰਜ ਨਿਰਮਲੇ ਸਿੱਖਾਂ ਨੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਉਸ ਸਮੇਂ ਪੰਜ ਪਿਆਰਿਆਂ ਵਿਚ ਭਾਈ ਧਰਮ ਸਿੰਘ ਅਤੇ ਭਾਈ ਦਇਆ ਸਿੰਘ ਸ਼ਾਮਲ ਸਨ ਇਸੇ ਲਈ ਇਨ੍ਹਾਂ ਨਿਰਮਲੇ ਸਿੰਘਾਂ ਦੀਆਂ ਸੰਪ੍ਰਦਾਵਾਂ ਇਨ੍ਹਾਂ ਪਿਆਰਿਆਂ ਤੋਂ ਚਲਦੀਆਂ ਹਨ।

ਗਿਆਨੀ ਜੀ ਦੇ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਨੇ ਨਿਰਮਲ ਪੰਥ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਮੰਨਿਆ ਹੈ। ਨਿਰਮਲ ਸੰਪ੍ਰਦਾਇ ਦਾ ਆਰੰਭ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਹੀ ਹੋਇਆ। ਇਹ ਵਿਦਵਾਨਾਂ ਦੀ ਸੰਪ੍ਰਦਾਇ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਨ੍ਹਾਂ ਪੰਜ ਸਿੱਖਾਂ ਨੂੰ ਸੰਸਕ੍ਰਿਤ ਸਿਖਣ ਲਈ ਬਨਾਰਸ ਭੇਜਿਆ ਉਹ ਨਿਰਮਲੇ ਅਖਵਾਏ ਅਤੇ ਉਨ੍ਹਾਂ ਤੋਂ ਨਿਰਮਲ ਸੰਪ੍ਰਦਾਇ ਦਾ ਵਿਕਾਸ ਹੋਇਆ।

384 ਉਹੀ, ਪੰਨਾ 24.

ਨਿਰਮਲ ਸੰਪ੍ਰਦਾਇ ਸਿੱਖ ਪੰਥ ਵਿਚ ਵਿਸ਼ੇਸ਼ ਸਥਾਨ ਰਖਦੀ ਹੈ। ਇਹ ਵਿਦਵਾਨਾਂ ਦੀ ਸੰਪ੍ਰਦਾਇ ਹੈ। ਗੁਰਬਾਣੀ ਦੀ ਵਿਆਖਿਆ ਕਰਨ ਵਾਲੀ ਸਿੱਖਾਂ ਦੀ ਇਕ ਵਿਦਵਾਨ ਅਤੇ ਅਧਿਆਪਕ ਸੰਪ੍ਰਦਾਇ ਜਿਸਦੀ ਭਾਰਤੀ ਅਧਿਆਤਮਕ ਸਾਹਿਤ ਦੇ ਪਠਨ-ਪਾਠਨ ਵਿਚ ਵਿਸ਼ੇਸ਼ ਰੁਚੀ ਹੈ। ਨਿਰਮਲੇ ਮਹਾਂਪੁਰਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਖ ਕੇ ਧਰਮਸ਼ਾਲਾ, ਗੁਰਦਵਾਰਿਆਂ ਵਿਚ ਪ੍ਰਕਾਸ਼ਤ ਕੀਤੀਆਂ। ਬੱਚਿਆਂ ਨੂੰ ਗੁਰਮੁਖੀ ਪੜ੍ਹਾ ਕੇ ਗੁਰਬਾਣੀ ਨਾਲ ਜੋੜਿਆ। ਗੁਰਅਸਥਾਨਾਂ ਦੀ ਨਿਸ਼ਾਨਦੇਹੀ ਕੀਤੀ। ਗੁਰੂ ਸਾਹਿਬਾਨ ਅਤੇ ਪੰਥ ਦਾ ਇਤਿਹਾਸ ਲਿਖਕੇ ਸਾਹਿਤਕ ਸੇਵਾ ਕਰਦੇ ਰਹੇ। ਨਿਰਮਲੇ ਮਹਾਂਪੁਰਖ ਜਿਥੇ ਕਲਮੀ ਸੇਵਾ ਕਰਦੇ, ਵਿਦਿਆ ਦਾਨ ਕਰਦੇ, ਅੰਮ੍ਰਿਤ ਸੰਚਾਰ, ਗੁਰਦਵਾਰਿਆਂ ਦੀ ਸੇਵਾ ਸੰਭਾਲ ਕੀਤੀ ਉਥੇ ਸ਼ਾਸਤ੍ਰਾਂ ਦੇ ਨਾਲ ਨਾਲ ਸ਼ਸ਼ਤ੍ਰਾਂ ਦੀ ਵਰਤੋਂ ਵੀ ਕੀਤੀ। ਦੇਸ਼ ਦੀ ਅਜ਼ਾਦੀ ਵਿਚ ਵਿਸ਼ੇਸ਼ ਯੋਗਦਾਨ ਪਾਇਆ।

ਗਿਆਨੀ ਬਲਵੰਤ ਸਿੰਘ ਨੇ ਨਿਰਮਲ ਸੰਪ੍ਰਦਾਇ ਦਾ ਇਤਿਹਾਸ ਅੰਕਿਤ ਕਰ ਕੇ ਸਿੱਖ ਸਾਹਿਤ ਵਿਚ ਯੋਗਦਾਨ ਪਾਇਆ। ਉਨ੍ਹਾਂ ਨੇ *ਸ੍ਰੀ ਨਿਰਮਲ ਪੰਥ ਬੋਧ* ਵਿਚ ਨਿਰਮਲ ਪੰਥ ਦੇ ਆਰੰਭ, ਵਿਕਾਸ, ਨਿਰਮਲੇ ਮਹਾਂਪੁਰਖਾਂ ਦੀ ਸੇਵਾ, ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੀ ਸਥਾਪਨਾ, ਸ੍ਰੀ ਮਹੰਤਾਂ ਦੇ ਜੀਵਨ ਅਤੇ ਨਿਰਮਲ ਭੇਖ ਦੀਆਂ ਉਪ ਸੰਪ੍ਰਦਾਵਾਂ, ਡੇਰਿਆਂ ਅਤੇ ਮਹੰਤਾਂ ਬਾਰੇ ਵਿਸਤਾਰ ਪੂਰਬਕ ਜਾਣਕਾਰੀ ਦਿਤੀ ਹੈ। ਗਿਆਨੀ ਜੀ ਨੇ ਉਪ ਸੰਪ੍ਰਦਾਵਾਂ ਅਤੇ ਡੇਰਿਆਂ ਦੀਆਂ ਵੰਸਾਵਲੀਆਂ ਵੀ ਅੰਕਿਤ ਕੀਤੀਆਂ ਹਨ। ਗਿਆਨੀ ਜੀ ਨੇ ਆਪਣੇ ਤੋਂ ਪਹਿਲਾਂ ਨਿਰਮਲ ਭੇਖ 'ਤੇ ਹੋਏ ਕਾਰਜਾਂ ਨਾਲੋਂ ਨਵੇਂ ਵਾਧੇ ਕਰ ਕੇ ਤਰਤੀਬ ਅਨੁਸਾਰ ਇਤਿਹਾਸ ਅੰਕਿਤ ਕੀਤਾ ਹੈ ਜੋ ਭਵਿੱਖ ਵਿਚ ਨਿਰਮਲ ਭੇਖ 'ਤੇ ਕਾਰਜ ਕਰਨ ਵਾਲੇ ਵਿਦਵਾਨਾਂ ਅਤੇ ਖੋਜਾਰਥੀਆਂ ਲਈ ਸਹਾਇਕ ਸਿੱਧ ਹੋਵੇਗਾ ਅਤੇ ਇਸ ਤਰ੍ਹਾਂ ਦੇ ਕਾਰਜ ਕਰਨ ਲਈ ਪ੍ਰੇਰਨਾ ਸ੍ਰੋਤ ਬਣੇਗਾ।

ਉਕਤ ਸਾਰ ਵਜੋਂ ਕਹਿ ਸਕਦੇ ਹਾਂ ਕਿ ਗਿਆਨੀ ਜੀ ਨੇ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਪਰੰਪਰਾ ਦੇ ਅਧਾਰ 'ਤੇ ਕੀਤੀ ਹੈ। ਦਾਰਸ਼ਨਿਕ ਸਿਧਾਂਤਾਂ (ਅਕਾਲਪੁਰਖ, ਸ੍ਰਿਸ਼ਟੀ, ਮਨੁਖ) ਦੀ ਤੁਲਨਾਤਮਕ ਵਿਆਖਿਆ ਕਰਕੇ ਸਿੱਖ ਮਤ ਨੂੰ ਹੋਰਨਾਂ ਮਤਾਂ ਨਾਲੋਂ ਨਿਖੇੜਿਆ ਹੈ। ਉਨ੍ਹਾਂ ਦੁਆਰਾ ਕੀਤੀ ਵਿਆਖਿਆ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਨ੍ਹਾਂ ਨੇ ਸਿੱਖ ਧਰਮ ਦੇ ਨਿਆਰੇਪਨ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਗਿਆਨੀ ਜੀ ਨੇ ਦਸਿਆ ਹੈ ਕਿ ਬਹੁਤ ਸਾਰੇ ਹਿੰਦੂ ਪ੍ਰਚਾਰਕ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਅੰਗ ਕਹਿ ਕੇ ਪ੍ਰਚਾਰਦੇ ਰਹੇ। ਨਿਰਮਲੇ ਵਿਦਵਾਨਾਂ ਦੁਆਰਾ ਕੀਤੀ ਵਿਆਖਿਆ ਵਿਚ ਵੇਦਾਂਤਕ ਪ੍ਰਭਾਵ ਨਜ਼ਰ ਆਉਂਦਾ ਹੈ। ਗਿਆਨੀ ਜੀ ਨਿਰਮਲੇ ਵਿਦਵਾਨ ਹੋ ਕੇ ਸਿੱਖ ਧਰਮ ਦੇ ਨਿਆਰੇਪਨ ਨੂੰ ਪੂਰੀ ਤਰ੍ਹਾਂ ਨਾਲ ਉਜਾਗਰ ਕਰਦੇ ਹਨ। ਗਿਆਨੀ ਜੀ ਦੀ ਸਿਧਾਂਤਕਾਰੀ ਤੋਂ ਪਤਾ ਚਲਦਾ ਹੈ ਕਿ ਉਨ੍ਹਾਂ ਨੇ ਗੁਰਮਤਿ ਦੇ ਸਿਧਾਂਤ ਦੀ ਉਸਾਰੀ ਸਿਖ ਧਰਮ ਦੇ ਮੂਲ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਾਰ 'ਤੇ ਕੀਤੀ ਹੈ। ਇਸ ਤੋਂ ਇਲਾਵਾ ਸ੍ਰੀ ਦਸਮ ਗ੍ਰੰਥ ਸਾਹਿਬ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਭਾਈ ਨੰਦ ਲਾਲ ਜੀ ਦੀ ਰਚਨਾ ਦੇ ਹਵਾਲੇ ਵੀ ਦਿਤੇ ਹਨ। ਇਨ੍ਹਾਂ ਪ੍ਰਮਾਣਿਕ ਗ੍ਰੰਥਾਂ ਤੋਂ

ਇਲਾਵਾ ਕਈ ਅਪ੍ਰਮਾਣਿਕ ਅਤੇ ਅਰਧ-ਪ੍ਰਮਾਣਿਕ ਗ੍ਰੰਥਾਂ ਦੇ ਹਵਾਲੇ ਵੀ ਗੁਰਮਤਿ ਸਿਧਾਂਤਾਂ ਦੀ ਪੁਸ਼ਟੀ ਲਈ ਵਰਤੇ ਹਨ ਜਿਵੇਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਗੁਰਬਿਲਾਸ ਪਾਤਸ਼ਾਹੀ ਛੇਵੀਂ ਅਤੇ ਦਸਵੀਂ, ਬੰਸਾਵਲੀਨਾਮਾ, ਪੰਥ ਪ੍ਰਕਾਸ਼, ਸਰਬਲੋਹ ਪ੍ਰਕਾਸ਼ ਆਦਿ। ਗਿਆਨੀ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਨਿਰਮਲ ਪੰਥ ਦਾ ਇਤਿਹਾਸ ਅੰਕਿਤ ਕਰਕੇ ਸਿੱਖ ਸਾਹਿਤ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਇਸ ਤਰ੍ਹਾਂ ਗਿਆਨੀ ਜੀ ਨੇ ਗੁਰਬਾਣੀ ਅਤੇ ਸਿੱਖ ਪਰੰਪਰਾ ਦੇ ਅਧਾਰ ’ਤੇ ਸਿਧਾਤਾਂ ਦੀ ਵਿਆਖਿਆ ਕੀਤੀ ਹੈ।

**3.3 ਇਤਿਹਾਸਕਾਰੀ:** ਇਤਿਹਾਸ ਨੂੰ ਜਾਣਨ ਵੱਲ ਮਨੁਖ ਦਾ ਸ਼ੁਰੂ ਤੋਂ ਹੀ ਝੁਕਾਅ ਰਿਹਾ ਹੈ। ਸ਼ੁਰੂ ਵਿਚ ਇਹ ਇਤਿਹਾਸ ਆਮ ਹੀ ਪੁਰਾਣੀਆਂ ਗੱਲਾਂ ਦਾ ਦੁਹਰਾਉ ਸੀ ਪਰਤੂੰ ਜਿਵੇਂ-ਜਿਵੇਂ ਮਨੁਖੀ ਸੋਚ ਇਤਿਹਾਸ ਨੂੰ ਇਕ ਅਨੁਸ਼ਾਸ਼ਨੀ ਰੂਪ ਦੇਣ ਲਗੀ ਤਾਂ ਆਮ ਕੀਤੀਆਂ ਜਾਣ ਵਾਲੀਆਂ ਗੱਲਾਂ ਨੇ ਪੂਰਨ ਰੂਪ ਵਿਚ ਇਕ ਸਿਧਾਂਤ ਦਾ ਰੂਪ ਧਾਰ ਲਿਆ ਜੋ ਕਿ ਇਤਿਹਾਸਕਾਰੀ ਵਜੋਂ ਜਾਣਿਆ ਗਿਆ। ਇਨਸਾਈਕਲੋਪੀਡੀਆ ਆਫ਼ ਰਿਲਿਜਨ ਅਨੁਸਾਰ ਅੰਗਰੇਜ਼ੀ ਸ਼ਬਦ ‘History’ ਫਰੇਂਚ ਸ਼ਬਦ ‘Histoire’ ਅਤੇ ਇਟਾਲੀਅਨ ਸ਼ਬਦ ‘storia’, ਪਹਿਲਾਂ ਆਮ ਪੁੱਛ-ਗਿੱਛ ਲਈ ਵਰਤੇ ਗਏ ਸਨ ਪਰਤੂੰ ਸਮਾਂ ਲੰਘਣ ਤੇ ਇਹ ਸਭ ਇਤਿਹਾਸ ਸ਼ਬਦ ਨਾਲ ਜਾਣਿਆ ਜਾਣ ਲੱਗਾ। ਇਤਿਹਾਸ ਲਈ ਜਰਮਨ ਵਿਚ ‘Geschichte’ ਸ਼ਬਦ ਵਰਤਿਆ ਜਾਂਦਾ ਹੈ ਜਿਸ ਦਾ ਭਾਵ ਵਾਪਰਨਾ ਹੈ। ਚੀਨੀ ਸ਼ੀਹ ਸ਼ਬਦ, ਜਿਸ ਦਾ ਭਾਵ ਤੱਥ ਅਤੇ ਇਤਿਹਾਸ ਦੋਵਾਂ ਤੋਂ ਲਿਆ ਜਾਂਦਾ ਹੈ। ਪੁਰਾਣ (ਪਰਾਚੀਨ ਇਤਿਹਾਸ) ਅਤੇ ਅਰਬੀ ਵਿਚ ਤਾਰੀਖ (ਘਟਨਾ ਦਾ ਦਿਨ ਸਿੱਧ ਕਰਨ ਲਈ), ਖਬਰ (ਰਿਪੋਰਟ) ਅਤੇ ਇਬਾਰ ਸ਼ਬਦ ਦਾ ਭਾਵ ਬੀਤ ਚੁੱਕੇ ਜਾਂ ਪਰ੍ਹੇ ਤੋਂ ਲਿਆ ਜਾਂਦਾ ਹੈ। ਇਨ੍ਹਾਂ ਸ਼ਬਦਾਂ ਦਾ ਵਿਉਂਤਕਾਰੀ ਵਿਸ਼ਲੇਸ਼ਣ ਇਤਿਹਾਸ ਲਿਖਣ ਦੀ ਵਿਆਪਕਤਾ ਲਈ ਇਕ ਤਿਆਰ ਸਪੱਸ਼ਟੀਕਰਨ ਨਹੀਂ ਮਿਲਦਾ ਕਿਉਂਕਿ ਇਨ੍ਹਾਂ ਸ਼ਬਦਾਂ ਦਾ ਭਾਵ ਸਭਿਆਚਾਰ ਅਤੇ ਸਮੇਂ ਨਾਲ ਜੁੜਿਆ ਹੋਇਆ ਹੈ।[385]

ਮਹਾਨ ਕੋਸ਼ ਵਿਚ ਇਤਿਹਾਸ ਸ਼ਬਦ ਨੂੰ ਸੰਧੀ ਵਿਛੇਦ ਕਰਕੇ ‘ਇਤਿ-ਹਾ-ਆਸ’ ਲਿਖਿਆ ਹੈ ਜਿਸ ਤੋਂ ਭਾਵ ਅਜਿਹਾ ਗ੍ਰੰਥ ਜਿਸ ਵਿਚ ਬੀਤੀ ਹੋਈ ਘਟਨਾ ਦਾ ਕ੍ਰਮ ਅਨੁਸਾਰ ਜ਼ਿਕਰ ਹੋਵੇ।[386] ਇਤਿਹਾਸ ਬੀਤੇ ਸਮੇਂ ਦੀਆਂ ਘਟਨਾਵਾਂ ਦੇ ਯਥਾਰਥ ਤੇ ਵਿਗਿਆਨਕ ਢੰਗ ਨਾਲ ਕੀਤਾ ਬਿਆਨ ਹੈ। ਵਿਗਿਆਨਕ ਇਤਿਹਾਸ ਦਾ ਸਰੂਪ 1824 ਈ. ਵਿਚ ਰਾਂਕੇ ਦੀ ਪੁਸਤਕ ‘History of Romanic and Germanic People (from 1494 to 1514) ਨਾਲ ਸਥਾਪਿਤ ਹੋਇਆ ਹੈ ਤੇ ਇਸ ਨਵੇਂ ਯਤਨ ਨੂੰ ਬੀ.ਜੀ ਨਿਭੁਰ  ਨਾਂ ਦੇ ਵਿਦਵਾਨ ਨੇ ਜਾਰੀ ਰੱਖਿਆ। 19ਵੀਂ ਸਦੀ ਤੋਂ ਪਹਿਲਾਂ ਬਹੁਤ ਸਾਰੇ ਵਿਦਵਾਨ ਜਿਵੇਂ ਗ੍ਰੀਕ ਇਤਿਹਾਸਕਾਰ ਹੀਰੋਡੋਟਸ ਜਿਸ ਨੂੰ Father of History, ਥਯੂਸੀਡਿਡਸ ਜਿਸ ਨੂੰ Father of Critical History, ਪੋਲੀਬਿਅਸ, ਲਿਵੀ, ਸਲਊਟਸ, ਟੈਕਟਸ, ਈਬਨ, ਖਲਦੂਨ, ਬਰਨੀ, ਮਿਸ ਚੈਵਲੀ ਆਦਿ

---

385 Mircea Eliade (ed.) *The Encyclopedia of Religion*, Macmillian publishing company, New York, 1986, p.371.

386 ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 93.

ਇਤਿਹਾਸਕਾਰੀ ਨਾਲ ਸਿੱਧੇ ਜਾਂ ਅਸਿੱਧੇ ਤੌਰ ’ਤੇ ਜੁੜੇ ਰਹੇ। ਇਤਿਹਾਸ ਨੂੰ ਅਲੱਗ-ਅਲੱਗ ਵਿਦਵਾਨਾਂ ਨੇ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਹੈ।

ਈ.ਐਚ.ਕਾਰ ਅਨੁਸਾਰ, ਅਸਲ ਵਿਚ ਇਤਿਹਾਸ ਇਤਿਹਾਸਕਾਰ ਅਤੇ ਤੱਥਾਂ ਵਿਚ ਅੰਤਰਕਿਰਿਆ ਦੀ ਪ੍ਰਕਿਰਿਆ ਹੈ ਅਤੇ ਵਰਤਮਾਨ ਤੇ ਬੀਤੇ ਸਮੇਂ ਵਿਚ ਕਦੀ ਨਾ ਖਤਮ ਹੋਣ ਵਾਲਾ ਸੰਵਾਦ ਹੈ।’[387]

ਪ੍ਰੋ. ਘਾਟੇ ਅਨੁਸਾਰ ‘ਇਤਿਹਾਸ ਸਾਡੇ ਸਾਰੇ ਬੀਤੇ ਸਮੇਂ ਦਾ ਵਿਗਿਆਨਿਕ ਅਧਿਐਨ ਅਤੇ ਲੇਖਾ-ਜੋਖਾ ਅਰਥਾਤ ਸਪੱਸ਼ਟ ਜਾਣਿਆ ਪ੍ਰਮਾਣ ਹੈ।’[388]

ਡਾ. ਰਾਧਾ ਕ੍ਰਿਸ਼ਨਨ ਇਤਿਹਾਸ ਬਾਰੇ ਲਿਖਦੇ ਹਨ,‘ਇਤਿਹਾਸ ਰਾਸ਼ਟਰ ਦੀ ਯਾਦਾਸ਼ਤ ਸ਼ਕਤੀ ਹੈ।’[389]

ਗਿਆਨੀ ਬਲਵੰਤ ਸਿੰਘ ਅਨੁਸਾਰ, ‘ਹਰ ਥਾਂ ਦਾ ਆਪਣਾ ਇਤਿਹਾਸ ਹੈ, ਇਤਿਹਾਸ ਸ਼ੀਸ਼ਾ ਹੈ ਜਿਸਦੇ ਰਾਹੀਂ ਅਸੀਂ ਭੂਤਕਾਲ ਦੀਆਂ ਘਟਨਾਵਾਂ ਤੋਂ ਵਾਕਫ ਹੁੰਦੇ ਹਾਂ। ਇਤਿਹਾਸ ਜਿੰਦਗੀ ਦੀਆਂ ਸਮੂਹ ਲੋੜਾਂ ’ਚੋਂ ਆਵਸ਼ਯਕ ਹੈ। ਇਤਿਹਾਸ ਦੀਪਕ ਹੈ ਜਿਸਦੇ ਚਾਨਣ ਰਾਹੀਂ ਅਸੀਂ ਗਿਆਨ ਪ੍ਰਾਪਤ ਕਰ ਸਕਦੇ ਹਾਂ।[390]

ਸੋ ਆਖ ਸਕਦੇ ਹਾਂ ਕਿ ਇਤਿਹਾਸ ਗਿਆਨ ਦਾ ਇਕ ਅਜਿਹਾ ਰੂਪ ਹੈ ਜੋ ਬੀਤ ਚੁੱਕੀਆਂ ਮਨੁਖੀ ਘਟਨਾਵਾਂ ਨਾਲ ਸੰਬੰਧਿਤ ਹੁੰਦਾ ਹੈ। ਇਤਿਹਾਸ ਕਾਲਕ੍ਰਮਿਕ ਵਿਕਾਸ ਦਾ ਅਜਿਹਾ ਕ੍ਰਮ ਹੈ ਜਿਸ ਦੀ ਪ੍ਰਕਿਰਤੀ ਗਤੀ ਰਹਿਤ ਨਹੀਂ, ਸਗੋਂ ਗਤੀਸ਼ੀਲ ਹੈ। ਜਿਸ ਵਿਚ ਖੜੋਤ ਨਹੀਂ ਸਗੋਂ ਨਿਰੰਤਰਤਾ ਹੈ। ਨਿਰੰਤਰਤਾ ਵਿਚ ਤੱਥ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਇਸਦੀ ਮੁੱਢਲੀ ਲੋੜ ਹਨ। ਇਤਿਹਾਸ ਵਿਚ ਤੱਥ ਖੁਦ ਨਹੀਂ ਬੋਲਦੇ ਸਗੋਂ ਇਤਿਹਾਸਕਾਰ ਉਨ੍ਹਾਂ ਨੂੰ ਬੁਲਵਾਉਂਦਾ ਹੈ, ਜਿਸ ਨਾਲ ਨਿਰੰਤਰਤਾ ਸਮੇਂ ਦੇ ਪ੍ਰਵਾਹ ਵਿਚ ਵਹਿੰਦੀ ਜਾਂਦੀ ਹੈ। ਇਤਿਹਾਸ ਲਿਖਣ ਦੀ ਕਲਾ ਨੂੰ ਇਤਿਹਾਸਕਾਰੀ (Historiography) ਕਿਹਾ ਜਾਂਦਾ ਹੈ। ਈ. ਐਚ. ਕਾਰ ਅਨੁਸਾਰ, ‘ਵਰਤਮਾਨ ਸਮੇਂ ਦੀ ਇਤਿਹਾਸਕਾਰੀ ਬੀਤੇ ਸਮੇਂ ਨੂੰ ਲਿਖਣ ਅਤੇ ਸਮਝਣ ਲਈ ਪ੍ਰੇਰਿਤ ਕਰਦੀ ਹੈ ਕਿਉਂਕਿ ਆਉਣ ਵਾਲੀ ਪੀੜ੍ਹੀ ਦੇ ਸੁਖਾਵੇਂ ਭਵਿੱਖ ਦੀ ਕਲਪਨਾ ਹਮੇਸ਼ਾ ਉਸ ਦੇ ਦਿਲ ਵਿਚ ਰਹਿੰਦੀ ਹੈ।[391]

ਭਾਰਤੀ ਇਤਿਹਾਸਕਾਰੀ ਮੱਧਕਾਲੀ ਯੁੱਗ ਵਿਚ ਧਾਰਮਿਕ ਪ੍ਰਭਾਵਾਂ ਹੇਠ ਪ੍ਰਫੁੱਲਿਤ ਹੋਈ ਅਤੇ ਜ਼ਿਆਦਾ ਕਰਕੇ ਕਵਿਤਾ ਵਿਚ ਲਿਖੀ ਜਾਂਦੀ ਰਹੀ। ਪੰਜਾਬ ਵਿਚ 16ਵੀਂ ਅਤੇ 17ਵੀਂ ਸਦੀ ਦਾ ਇਤਿਹਾਸ ਕਵਿਤਾ ਵਿਚ ਲਿਖਿਆ ਗਿਆ। ਸਿੱਖ ਇਤਿਹਾਸ ਲਿਖਣ ਦੀ ਮੁਖ ਸਮੱਗਰੀ ਸਿੱਖਾਂ ਦੀਆਂ ਰਵਾਇਤਾਂ ਸਨ। ਇਨ੍ਹਾਂ ਰਵਾਇਤਾਂ ਨੂੰ ਸਿੱਖ ਇਤਿਹਾਸ ਦਾ ਧੁਰਾ ਮੰਨਿਆ ਗਿਆ। ਸਿੱਖ ਇਤਿਹਾਸ ਦੀ ਇਤਿਹਾਸਕਾਰੀ ਦੀ ਵਿਲੱਖਣਤਾ ਦੀ ਪੇਸ਼ਕਾਰੀ ਬਾਰੇ ਡਾ. ਗੰਡਾ ਸਿੰਘ ਨੇ ਵਿਚਾਰ ਦਿਤੇ ਹਨ ਕਿ ‘ਗੁਰੂ ਸਾਹਿਬਾਨ ਨੇ ਆਪ

---

387 ਈ.ਐਚ.ਕਾਰ, *ਇਤਿਹਾਸ ਕੀ ਹੈ?*, ਪੰਨਾ 45.

388 ਉਧਰਿਤ, ਡਾ, ਐਸ. ਡੀ.ਗਜਰਾਨੀ, *ਇਤਿਹਾਸ ਲੇਖਣ*, ਪੰਨਾ 5.

389 ਉਹੀ, ਪੰਨਾ 4.

390 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਇਤਿਹਾਸ ਗੁਰਦੁਆਰਾ ਗੰਢੂ ਸਾਹਿਬ (ਅਪ੍ਰਕਾਸ਼ਤ)*, ਪੰਨਾ 2.

391 ਈ.ਐਚ.ਕਾਰ, *ਇਤਿਹਾਸ ਕੀ ਹੈ?*, ਪੰਨਾ 45.

ਪਹਿਲੇ ਗੁਰੂਆਂ ਦੇ ਹਾਲਾਤ ਲਿਖਵਾਏ ਤੇ ਫੇਰ ਸਿੱਖ ਗੁਰੂਆਂ ਦੇ ਜੀਵਨ ਕਰਤਵ ਅੰਕਤ ਕੀਤੇ ਤਾਂ ਜੋ ਸਿੱਖ ਗੁਰੂਆਂ ਦੇ ਪੂਰਨਿਆਂ ਤੇ ਚਲ ਸਕਣ। ਇਸ ਤਰ੍ਹਾਂ 'ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ' ਵਾਲਾ ਸਿਲਸਿਲਾ ਚਲਦਾ ਰਿਹਾ।'[392]

ਮੱਧਕਾਲੀ ਪੰਜਾਬ ਦਾ ਇਤਿਹਾਸ ਸਿੱਖਾਂ ਦੇ ਇਤਿਹਾਸ ਵਜੋਂ ਪੇਸ਼ ਹੁੰਦਾ ਹੈ। ਇਸ ਕਾਲ ਦੀ ਇਤਿਹਾਸਕਾਰੀ ਅਸਲ ਵਿਚ ਸਿੱਖ ਗੁਰੂ ਕਾਲ ਦੀ ਇਤਿਹਾਸਕਾਰੀ ਹੈ। ਭਾਈ ਪਰਮਾਨੰਦ ਨੇ ਤ੍ਵਾਰੀਖ਼ੇ ਪੰਜਾਬ ਵਿਚ ਪੰਜਾਬ ਦੀ ਇਤਿਹਾਸਕਾਰੀ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਮੰਨਿਆ ਹੈ।[393] ਡਾ. ਸੁਖਦਿਆਲ ਸਿੰਘ ਸਿੱਖ ਇਤਿਹਾਸਕਾਰੀ ਦਾ ਆਰੰਭ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਮੰਨਦੇ ਲਿਖਦੇ ਹਨ ਕਿ 'ਸਿੱਖ ਧਰਮ ਮੁੱਢੋਂ-ਸੁੱਢੋਂ ਹੀ ਇਕ ਨਵੀਂ ਸਥਾਪਨਾ ਸੀ। ਸਿੱਖ ਧਰਮ ਭਗਤੀ ਲਹਿਰ ਦਾ ਸਮਕਾਲੀ ਜਰੂਰ ਸੀ, ਪਰ ਉਸਦਾ ਹਿੱਸਾ ਜਾਂ ਪੈਦਾਇਸ਼ ਨਹੀਂ ਸੀ। ਸਿਧਾਂਤ, ਫ਼ਲਸਫ਼ਾ, ਵਿਚਾਰ, ਸੰਸਥਾਵਾਂ, ਪਰੰਪਰਾਵਾਂ ਸਭ ਕੁਝ ਹੀ ਨਵੀਆਂ ਸਥਾਪਿਤ ਕੀਤੀਆਂ ਗਈਆਂ ਸਨ। ਬਿਲਕੁਲ ਇਸੇ ਤਰ੍ਹਾਂ ਗੁਰੂ ਸਾਹਿਬਾਨ ਨੇ ਆਪਣੀ ਬੋਲੀ ਦੀ ਲਿਪੀ ਵੀ ਨਵੀਂ ਸਥਾਪਿਤ ਕੀਤੀ ਸੀ। ਭਾਈ ਲਹਿਣਾ ਜੀ ਨੇ ਗੁਰੂ ਬਣਨ ਉਪਰੰਤ ਲਿਪੀ ਨੂੰ ਹੋਰ ਵਿਕਸਿਤ ਕੀਤਾ ਅਤੇ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਗੁਰਮੁਖੀ ਲਿਪੀ ਵਿਚ ਅਤੇ ਪੰਜਾਬੀ ਬੋਲੀ ਵਿਚ ਸਿੱਖ ਧਰਮ ਦਾ ਪਹਿਲਾ ਗ੍ਰੰਥ ਸੰਪਾਦਿਤ ਕਰਕੇ ਅਤੇ ਲਿਖਵਾ ਕੇ ਗੁਰਮੁਖੀ ਲਿਪੀ ਦੀ ਇਕ ਬਕਾਇਦਾ ਲਿਖਤ ਦਾ ਆਗਾਜ਼ ਕਰ ਦਿੱਤਾ ਹੈ। ਇਥੋਂ ਹੀ ਗੁਰਮੁਖੀ ਇਤਿਹਾਸਕਾਰੀ ਸ਼ੁਰੂ ਹੁੰਦੀ ਹੈ।[394]

ਸਿੱਖ ਇਤਿਹਾਸ ਦੀ ਜਾਣਕਾਰੀ ਦੇਣ ਵਾਲੇ ਮੁਖ ਤੌਰ 'ਤੇ ਮੌਲਿਕ ਸਰੋਤ ਅਤੇ ਸਹਾਇਕ ਸਰੋਤ ਹਨ। ਇਨ੍ਹਾਂ ਸਰੋਤਾਂ ਦੇ ਅਧਾਰ 'ਤੇ ਬਹੁਤ ਚੰਗੇ ਰੂਪ ਵਿਚ ਇਤਿਹਾਸ ਲਿਖਿਆ ਜਾ ਸਕਦਾ ਹੈ। ਇਹ ਸਰੋਤ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਾਰਾਂ ਭਾਈ ਗੁਰਦਾਸ, ਦਸਮ ਗ੍ਰੰਥ ਸਾਹਿਬ, ਹੁਕਮਨਾਮੇ, ਜਨਮਸਾਖੀਆਂ, ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਤੇ ਦਸਵੀਂ, ਬੰਸਾਵਲੀਨਾਮਾ, ਪੰਥ ਪ੍ਰਕਾਸ਼, ਮਹਿਮਾ ਪ੍ਰਕਾਸ਼ ਆਦਿ ਹਨ। ਇਨ੍ਹਾਂ ਸ੍ਰੋਤਾਂ ਨੇ ਸਿੱਖ ਸਾਹਿਤ ਦੀ ਉਸਾਰੀ ਵਿਚ ਅਹਿਮ ਯੋਗਦਾਨ ਪਾਇਆ।

ਇਤਿਹਾਸਕਾਰੀ ਵਿਚ ਵਖ-ਵਖ ਦ੍ਰਿਸ਼ਟੀ ਅਨੁਸਾਰ ਇਤਿਹਾਸ ਰਚਿਆ ਜਾਂਦਾ ਹੈ, ਜਿਨ੍ਹਾਂ ਵਿਚ ਪ੍ਰਮੁਖ ਕਾਲਕ੍ਰਮਕ ਦ੍ਰਿਸ਼ਟੀ, ਇਤਿਹਾਸਵਾਦੀ ਦ੍ਰਿਸ਼ਟੀ ਅਤੇ ਇਤਿਹਾਸਕ ਦ੍ਰਿਸ਼ਟੀ ਹਨ। ਕਾਲਕ੍ਰਮਕ ਦ੍ਰਿਸ਼ਟੀ ਅਨੁਸਾਰ ਇਕ ਇਤਿਹਾਸਕਾਰ ਇਤਿਹਾਸ ਲਿਖਣ ਸਮੇਂ ਇਕੱਠੇ ਕੀਤੇ ਹੋਏ ਤੱਥਾਂ ਨੂੰ ਸਮੇਂ ਅਨੁਸਾਰ ਤਰਤੀਬ ਦੇ ਕੇ ਚਿਤਰਦਾ ਹੈ। ਇਤਿਹਾਸਵਾਦੀ ਦ੍ਰਿਸ਼ਟੀ ਅਨੁਸਾਰ ਇਕ ਇਤਿਹਾਸਕਾਰ ਲੋੜੀਂਦੇ ਤੱਥਾਂ ਨੂੰ ਇੱਕਠੇ ਕਰਦਾ ਹੈ, ਇਨ੍ਹਾਂ ਦੀ ਪੁਣਛਾਣ ਕਰਦਾ ਹੈ ਤੇ ਇਨ੍ਹਾਂ ਨੂ ਲੋੜ ਅਨੁਸਾਰ ਤਰਤੀਬ ਦੇ ਕੇ ਚਿਤਰਦਾ ਹੈ ਪਰ

---

392 ਉਹੀ, ਪੰਨਾ 13.

393 ਪ੍ਰੋ. ਪਿਆਰਾ ਸਿੰਘ ਪਦਮ, *ਅਠਾਰਵੀਂ ਸਦੀ ਦੀ ਇਤਿਹਾਸਕਾਰੀ, ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ: ਕੁੱਝ ਦ੍ਰਿਸ਼ਟੀਕੋਣ,* ਪੰਨਾ 38.

394 *ਪੰਜਾਬ ਹਿਸਟਰੀ ਕਾਨਫਰੰਸ ਪ੍ਰੋਸੀਡਿੰਗਜ਼,* 31 ਵਾਂ ਸੈਸ਼ਨ, 2000, ਪੰਨਾ 4.

ਵਰਤੇ ਤੱਥਾਂ ਅਤੇ ਉਨ੍ਹਾਂ ਦੇ ਸਰੋਤਾਂ ਬਾਰੇ ਲੋੜ ਪੈਣ ਤੇ ਕੋਈ ਵਿਗਿਆਨਕ ਵਿਆਖਿਆ ਨਹੀਂ ਕਰਦਾ। ਇਤਿਹਾਸਕ ਦ੍ਰਿਸ਼ਟੀ ਨਾਲ ਲਿਖੇ ਇਤਿਹਾਸ ਵਿਚ ਇਕ ਇਤਿਹਾਸਕਾਰ ਪ੍ਰਾਪਤ ਤੱਥਾਂ ਦੇ ਕਾਰਨਾਂ ਪਿਛੇ ਜਾ ਕੇ ਉਨ੍ਹਾਂ ਦੇ ਪ੍ਰਾਪਤ ਸਰੂਪ ਨੂੰ ਹਰ ਪੱਖੋਂ ਘੋਖਦਾ ਹੈ ਤੇ ਉਨ੍ਹਾਂ ਦਾ ਤੁਲਨਾਤਮਕ ਅਧਿਐਨ ਕਰਦਿਆਂ ਹੋਇਆ ਵਿਗਿਆਨਕ ਆਧਾਰ ਉਪਰ ਸਿੱਟੇ ਪ੍ਰਾਪਤ ਕਰਦਾ ਹੈ ਅਤੇ ਨਾਲ ਹੀ ਕਿਸੇ ਇਤਿਹਾਸਕ ਘਟਨਾ/ਤੱਥ ਦੀ ਸਹੀ ਸੰਦਰਭ ਵਿਚ ਵਿਆਖਿਆ ਕਰਨ ਦੀ ਕੋਸ਼ਿਸ਼ ਵੀ ਕਰਦਾ ਹੈ।

ਪੰਜਾਬ ਵਿਚ ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਨੇ ਸਿੱਖਾਂ ਨੂੰ ਆਪਣੇ ਪੁਰਾਤਨ ਇਤਿਹਾਸਕ ਵਿਰਸੇ ’ਤੇ ਮੁੜ ਝਾਤ ਪਾਉਣ ਲਈ ਪ੍ਰੇਰਿਆ। ਸਿੰਘ ਸਭਾ ਲਹਿਰ ਦੇ ਆਉਣ ਨਾਲ ਸਿੱਖਾਂ ਵਿਚ ਨਵੀਂ ਜਾਗਰਤੀ ਪੈਦਾ ਹੋਈ। ਪੰਜਾਬ ਵਿਚ ਆਰੰਭ ਹੋਈ ਧਾਰਮਿਕ ਅਤੇ ਫਿਰਕੂ ਖਿਚੋਤਾਣ ਨੇ ਸਾਰੀਆਂ ਕੌਮਾਂ ਨੂੰ ਆਪਣੇ ਧਾਰਮਿਕ ਇਤਿਹਾਸ ਦੀ ਨਵੀਂ ਖੋਜ ਵਲ ਪ੍ਰੇਰਿਆ। ਪੁਰਤਾਨ ਵਿਚਾਰਾਂ ਨੂੰ ਨਵੀਂ ਵਿਗਿਆਨਿਕ ਸੋਚ ਨਾਲ ਮੇਲ ਕੇ ਲਿਖਿਆ ਗਿਆ। ਇਤਿਹਾਸ ਦੀ ਵਿਗਿਆਨਿਕ ਖੋਜ ਇਸ ਸਮੇਂ ਆਰੰਭ ਹੋਈ ਅਤੇ ਕੁਝ ਕੁ ਇਤਿਹਾਸਕਾਰਾਂ ਨੇ ਇਸ ਸੰਬੰਧ ਵਿਚ ਪ੍ਰਸ਼ੰਸ਼ਾਯੋਗ ਕੰਮ ਕੀਤਾ। ਇਨ੍ਹਾਂ ਵਿਚ ਪ੍ਰਸਿਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਵੀਰ ਸਿੰਘ, ਡਾ. ਗੰਡਾ ਸਿੰਘ, ਕਰਮ ਸਿੰਘ ਹਿਸਟੋਰੀਅਨ, ਗਿਆਨੀ ਲਾਲ ਸਿੰਘ ਸੰਗਰੂਰ, ਸ਼ਮਸ਼ੇਰ ਸਿੰਘ ਅਸ਼ੋਕ, ਪ੍ਰੋ. ਪਿਆਰਾ ਸਿੰਘ ਪਦਮ ਆਦਿ ਦੇ ਨਾਂ ਵਰਣਨਯੋਗ ਹਨ।

ਗਿਆਨੀ ਗਿਆਨ ਸਿੰਘ ਨੇ *ਤਵਾਰੀਖ ਗੁਰੂ ਖਾਲਸਾ, ਸ਼ਮਸ਼ੇਰ ਖਾਲਸਾ, ਰਾਜ ਖਾਲਸਾ, ਸਰਦਾਰ ਖਾਲਸਾ* ਅਤੇ *ਪੰਥ ਖਾਲਸਾ* ਵਿਚ ਸਿੱਖ ਇਤਿਹਾਸ ਲਿਖਿਆ। ਇਸ ਪਰੰਪਰਾ ਵਿਚ ਗਿਆਨੀ ਸ਼ੇਰ ਸਿੰਘ ਰਚਿਤ *ਗੁਰੂ ਹਰਿਗੋਬਿੰਦ,* ਸੇਵਾ ਸਿੰਘ ਗਰੋਵਰ ਰਚਿਤ *ਸ੍ਰੋਮਣੀ ਤਵਾਰੀਖ ਖਾਲਸਾ*, ਹਰੀ ਸਿੰਘ ਗਿਆਨੀ ਰਚਿਤ *ਪ੍ਰਾਚੀਨ ਤਵਾਰੀਖ* ਆਦਿ ਇਤਿਹਾਸਕ ਪੁਸਤਕਾਂ ਰਾਹੀਂ ਸਿੱਖ ਸਾਹਿਤ ਨੂੰ ਪ੍ਰਫੁਲਿਤ ਕੀਤਾ। ਕਰਮ ਸਿੰਘ ਹਿਸਟੋਰੀਅਨ ਨੇ *ਕਤਕ ਕਿ ਵਿਸਾਖ* ਪੁਸਤਕ ਰਾਹੀਂ ਹਲਚਲ ਪੈਦਾ ਕੀਤੀ। ਡਾ. ਗੰਡਾ ਸਿੰਘ ਦੀਆਂ ਖੋਜ ਭਰੀਆਂ ਪੁਸਤਕਾਂ *ਸਿੱਖ ਇਤਿਹਾਸ ਵਲ, ਸਿੱਖ ਇਤਿਹਾਸ ਬਾਰੇ, ਕੂਕਿਆਂ ਦੀ ਵਿਥਿਆ, ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ* ਆਦਿ ਪੁਸਤਕਾਂ ਸਿੱਖ ਸਾਹਿਤ ਵਿਚ ਵਿਗਿਆਨਕ ਖੋਜ ਦਾ ਮੁਢ ਬੰਨਦੀਆਂ ਹਨ। ਗਿਆਨੀ ਲਾਲ ਸਿੰਘ ਨੇ *ਸਿੱਖਾਂ ਨੇ ਰਾਜ ਕਿਵੇਂ ਲਿਆ, ਖਾਲਸਾ ਦਰਬਾਰ, ਖਾਲਸਾ ਪੰਥ ਦੀ ਵਿਥਿਆ, ਤਵਾਰੀਖ ਗੁਰੂ ਖਾਲਸਾ, ਸਿੱਖ ਇਤਿਹਾਸ ਦੀ ਪੜਚੋਲ* ਆਦਿ ਪੁਸਤਕਾਂ ਰਾਹੀਂ ਯੋਗਦਾਨ ਪਾਇਆ। ਪਿਆਰਾ ਸਿੰਘ ਪਦਮ ਨੇ *ਸਾਡੇ ਗੁਰੂ ਦੇਵ, ਰਾਜ ਕਰੇਗਾ ਖਾਲਸਾ, ਪੰਜਾਬੀ ਮਹਾਰਾਜ* ਆਦਿ ਇਤਿਹਾਸਕ ਪੁਸਤਕਾਂ ਲਿਖੀਆਂ। ਉਪਰੋਕਤ ਇਤਹਾਸਕਾਰਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਸਿੱਖ ਇਤਿਹਾਸਕਾਰੀ ਨੂੰ ਪ੍ਰਫੁਲਿਤ ਕੀਤਾ।

ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਨਿਰਮਲ ਭੇਖ ਦਾ ਇਤਿਹਾਸ ਅੰਕਿਤ ਕਰਨ ਵਾਲੇ ਪ੍ਰਸਿਧ ਇਤਿਹਾਸਕਾਰ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਵੀ ਆਪਣੀਆਂ ਸਿਰਜਣਾਵਾਂ ਰਾਹੀਂ ਸਿੱਖ

ਇਤਿਹਾਸਕਾਰੀ ਵਿਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਨੇ ਨਿਰਮਲ ਸੰਪ੍ਰਦਾਇ ਦਾ ਇਤਿਹਾਸ, ਮਾਲਵੇ ਦੇ ਗੁਰਦੁਆਰਿਆਂ ਦਾ ਇਤਿਹਾਸ ਅਤੇ ਮਹਾਂਪੁਰਖਾਂ ਦੀਆਂ ਜੀਵਨੀਆਂ ਅੰਕਿਤ ਕੀਤੀਆਂ ਹਨ। ਇਥੇ ਅਸੀਂ ਗਿਆਨੀ ਜੀ ਦੀਆਂ ਇਤਿਹਾਸਕ ਰਚਨਾਵਾਂ ਨੂੰ ਅਧਾਰ ਬਣਾ ਕੇ ਉਨ੍ਹਾਂ ਦੀ ਇਤਿਹਾਸਕਾਰੀ ਨੂੰ ਸਮਝਣ ਦਾ ਜਤਨ ਕਰਾਂਗੇ। ਗਿਆਨੀ ਜੀ ਦੀਆਂ ਇਤਿਹਾਸਕ ਰਚਨਾਵਾਂ *ਅਦੁਤੀ ਸੇਵਕ, ਸੰਤ ਮਹਾਰਾਜ ਬਾਬਾ ਬਲਵੰਤ ਸਿੰਘ ਜੀ, ਅਗਮ ਅਗਾਧ ਪੁਰਖ, ਸ੍ਰੀ ਨਿਰਮਲ ਪੰਥ ਬੋਧ, ਵਿਦਿਆਸਰ ਦਾ ਵਿਦਿਆ ਸਾਗਰ, ਸ੍ਰੀ ਦਮਦਮਾ ਗੁਰੂ ਕੀ ਕਾਸ਼ੀ, ਸੁਧਾਸਰ ਕੇ ਰਤਨ, ਕੋਠਾ ਗੁਰੂ ਦੀ ਗੌਰਵ ਗਾਥਾ, ਨਿਰਮਲ ਪੰਥ ਦੀ ਗੌਰਵ ਗਾਥਾ, ਸੂਰਬੀਰ ਬਚਨ ਕੇ ਬਲੀ, ਕਲਾਧਾਰੀ ਪੁਰਖ, ਸੰਪ੍ਰਦਾਇ ਮਸਤੂਆਣਾ* ਆਦਿ ਹਨ।

ਗਿਆਨੀ ਜੀ ਦੀਆਂ ਇਤਿਹਾਸਕ ਰਚਨਾਵਾਂ ਵਿਚੋਂ ਵਿਅਕਤੀਆਂ ਦੇ ਜੀਵਨ, ਵਿਅਕਤੀਆਂ ਦੇ ਵੇਰਵੇ, ਤਿੱਥਾਂ ਅਤੇ ਹਵਾਲਾ ਗ੍ਰੰਥਾਂ ਬਾਰੇ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:

**1. ਅਦੁਤੀ ਸੇਵਕ**: *ਅਦੁਤੀ ਸੇਵਕ* ਪੁਸਤਕ ਵਿਚ ਜਥੇਦਾਰ ਦਿਆਲ ਸਿੰਘ ਪਰਵਾਨਾ ਦਾ ਜੀਵਨ ਅੰਕਤ ਕੀਤਾ ਗਿਆ ਹੈ। ਇਸ ਪੁਸਤਕ ਵਿਚ ਲਗਭਗ 54 ਤਿਥਾਂ, ਲਗਭਗ 224 ਵਿਅਕਤੀਆਂ ਦਾ ਵੇਰਵਾ ਅਤੇ ਲਗਭਗ 35 ਵਿਅਕਤੀਆਂ ਬਾਰੇ ਜਾਣਕਾਰੀ ਦਿਤੀ ਹੈ ਜਿਵੇਂ ਦਿਆਲ ਸਿੰਘ ਪਰਵਾਨਾ, ਗਿਆਨੀ ਜਾਗੀਰ ਸਿੰਘ ਰੋਡੇ, ਸੰਤ ਨਿਰੰਜਨ ਸਿੰਘ ਮੋਹੀ, ਸ. ਜਵਰ ਸਿੰਘ ਬੀਹਲਾ ਆਦਿ।

ਗਿਆਨੀ ਜੀ ਨੇ ਜਥੇਦਾਰ ਦਿਆਲ ਸਿੰਘ ਪਰਵਾਨਾ ਦੀ ਜੀਵਨੀ ਲਿਖਦੇ ਸਮੇਂ ਵਖ-ਵਖ ਘਟਨਾਵਾਂ ਦਾ ਵਰਣਨ ਤਿਥਾਂ ਦੇ ਅਧਾਰ ’ਤੇ ਕਾਲਕ੍ਰਮ ਅਨੁਸਾਰ ਕੀਤਾ ਹੈ ਜਿਵੇਂ:

1. ਜਥੇਦਾਰ ਦਿਆਲ ਸਿੰਘ ਪਰਵਾਨਾ ਦਾ ਜਨਮ 14 ਹਾੜ ਸੰਮਤ 1970 ਨੂੰ ਪਿੰਡ ਪੰਜ ਗਰਾਈਂ ਕਲਾਂ ਵਿਖੇ ਹੋਇਆ। (*ਅਦੁਤੀ ਸੇਵਕ*, ਪੰਨਾ 3)
2. ਦਿਆਲ ਸਿੰਘ ਪਰਵਾਨਾ ਨੂੰ 2 ਵਸਾਖ 2009 ਮੁਤਾਬਿਕ 14 ਅਪ੍ਰੈਲ 1952 ਈ. ਨੂੰ ਸਰਬ-ਸੰਮਤੀ ਨਾਲ ਆਲ-ਇੰਡੀਆ ਸ਼੍ਰੋਮਣੀ ਕਵੀ ਪ੍ਰਚਾਰਕ ਸਭਾ ਦਾ ਪ੍ਰਧਾਨ ਚੁਣਿਆ ਗਿਆ। (ਉਹੀ, ਪੰਨਾ 34)
3. ਸ੍ਰੋਮਣੀ ਗੁਰਮਤਿ ਪ੍ਰਚਾਰਕ ਸਭਾ ਕੋਠਾ ਗੁਰੂ ਦੀ ਸਥਾਪਨਾ 10 ਨਵੰਬਰ 1954 ਈ. ਨੂੰ ਕੀਤੀ ਗਈ। (ਉਹੀ, ਪੰਨਾ 56)
4. ਪਰਵਾਨਾ ਜੀ ਨੇ 7 ਜੁਲਾਈ 1955 ਈ. ਤੋਂ 5 ਸਤੰਬਰ 1955 ਈ. ਤਕ ਜੇਲ੍ਹ ਯਾਤਰਾ ਕੀਤੀ। (ਉਹੀ, ਪੰਨਾ 60)

ਗਿਆਨੀ ਜੀ ਨੇ ਦਿਆਲ ਸਿੰਘ ਪਰਵਾਨਾ ਦੀ ਜੀਵਨੀ ਲਿਖਣ ਲਈ ਪਰਵਾਨਾ ਜੀ ਦੀ ਡਾਇਰੀ, ਪੰਜ ਗਰਾਈਂ ਕਲਾ ਪਿੰਡ ਦੇ ਬਜ਼ੁਰਗਾਂ ਅਤੇ ਪਰਵਾਨਾ ਜੀ ਦੇ ਦੋਸਤਾਂ ਤੋਂ ਜਾਣਕਾਰੀ ਹਾਸਲ ਕੀਤੀ ਹੈ। ਆਪਣੇ ਨਿਜੀ ਅਨੁਭਵ ਵੀ ਜੀਵਨੀ ਵਿਚ ਅੰਕਿਤ ਕੀਤੇ ਹਨ ਕਿਉਂਕਿ ਗਿਆਨੀ ਜੀ ਨੇ ਆਪਣੀ ਜ਼ਿੰਦਗੀ ਦਾ ਕਾਫੀ ਸਮਾਂ ਉਨ੍ਹਾਂ ਨਾਲ ਗੁਜ਼ਾਰਿਆ। ਇਸ ਤੋਂ ਇਲਾਵਾ ਅਕਾਲੀ ਅਖ਼ਬਾਰ ਵਿਚੋਂ ਵੀ ਹਵਾਲੇ ਦਿਤੇ ਹਨ।

**2. ਸੰਤ ਬਾਬਾ ਬਲਵੰਤ ਸਿੰਘ ਧਲੇਰ ਵਾਲੇ:** ਇਹ ਪੁਸਤਕ ਸੰਤ ਬਾਬਾ ਬਲਵੰਤ ਸਿੰਘ ਜੀ ਧਲੇਰ ਵਾਲਿਆਂ ਦਾ ਸੰਖੇਪ ਜੀਵਨ ਹੈ। ਇਸ ਵਿਚ ਲਗਭਗ 11 ਤਿਥਾਂ ਅਤੇ 213 ਦੇ ਕਰੀਬ ਵਿਅਕਤੀਆਂ ਦਾ ਵੇਰਵਾ ਅਤੇ ਲਗਭਗ 10 ਵਿਅਕਤੀਆਂ ਬਾਰੇ ਵਿਸਤਾਰ ਨਾਲ ਵਰਣਨ ਕੀਤਾ ਹੈ ਜਿਵੇਂ ਸੰਤ ਬਾਬਾ ਬਲਵੰਤ ਸਿੰਘ ਜੀ ਧਲੇਰ, ਬੀਬੀ ਜਸਵੰਤ ਕੌਰ, ਸੰਤ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ, ਬੀਬੀ ਲਿਵਤਾਰ ਕੌਰ ਆਦਿ।

ਇਸ ਪੁਸਤਕ ਵਿਚ ਗਿਆਨੀ ਜੀ ਨੇ ਇਤਹਾਸ ਲਿਖਦੇ ਸਮੇਂ ਤਿਥਾਂ ਵੀ ਦਿਤੀਆਂ ਹਨ ਜਿਵੇਂ:

1. ਬੀਬੀ ਜਸਵੰਤ ਕੌਰ ਦਾ ਜਨਮ 10 ਨਵੰਬਰ 1912 ਈ. ਨੂੰ ਧਮੋਟ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। (ਸੰਤ ਬਾਬਾ ਬਲਵੰਤ ਸਿੰਘ ਧਲੇਰ ਵਾਲੇ, ਪੰਨਾ ੲ)
2. ਬੀਬੀ ਜਸਵੰਤ ਕੌਰ ਦਾ ਆਨੰਦ ਕਾਰਜ 5 ਫਗਣ 1927 ਈ. ਨੂੰ ਸ. ਚੈਨ ਸਿੰਘ ਨਾਲ ਹੋਇਆ। (ਉਹੀ, ਪੰਨਾ ਸ)
3. ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ 1924 ਈ. ਪਿੰਡ ਬਾਲੇਵਾਲ ਵਿਖੇ ਆਏ। (ਉਹੀ, ਪੰਨਾ 2)
4. ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ 31 ਜਨਵਰੀ 1927 ਈ. ਨੂੰ ਬ੍ਰਹਮਲੀਨ ਹੋਏ। (ਉਹੀ, ਪੰਨਾ 18)

ਬਾਬਾ ਬਲਵੰਤ ਸਿੰਘ ਦੀ ਜੀਵਨੀ ਲਿਖਦੇ ਸਮੇਂ ਗਿਆਨੀ ਜੀ ਨੇ ਗੁਰਬਾਣੀ ਵਿਚੋਂ ਹਵਾਲੇ ਦਿਤੇ ਹਨ। ਇਸ ਤੋਂ ਬਿਨਾਂ ਜਿਨ੍ਹਾਂ ਵਿਕਤੀਆਂ ਨੇ ਬਾਬਾ ਜੀ ਦੀ ਸੰਗਤ ਕੀਤੀ ਉਨ੍ਹਾਂ ਤੋਂ ਜਾਣਕਾਰੀ ਹਾਸਿਲ ਕੀਤੀ ਹੈ ਉਦਾਹਰਣ ਵਜੋਂ ਬੀਬੀ ਜਸਵੰਤ ਕੌਰ।

**3. ਅਗਮ ਅਗਾਧ ਪੁਰਖ:** *ਅਗਮ ਅਗਾਧ ਪੁਰਖ* ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਜੀਵਨੀ ਹੈ। ਇਸ ਪੁਸਤਕ ਵਿਚ ਲਗਭਗ 205 ਤਿਥਾਂ, ਲਗਭਗ 450 ਵਿਅਕਤੀਆਂ ਦੇ ਵੇਰਵੇ ਅਤੇ ਲਗਭਗ 68 ਵਿਅਕਤੀਆਂ ਬਾਰੇ ਵਿਸਤਾਰ ਨਾਲ ਬਿਆਨ ਕੀਤਾ ਹੈ ਜਿਵੇਂ ਸੰਤ ਅਤਰ ਸਿੰਘ ਜੀ ਮਸਤੂਆਣੇ, ਪੰਡਿਤ ਨਿਹਾਲ ਸਿੰਘ ਥੋਹਾ ਖਾਲਸਾ, ਸੰਤ ਸ਼ਾਮ ਸਿੰਘ, ਭਾਈ ਬਾਜ ਸਿੰਘ ਕੱਲਰ ਆਦਿ।

ਕੋਠਾ ਗੁਰੂ ਜੀ ਨੇ ਘਟਨਾਵਾਂ ਦਾ ਜ਼ਿਕਰ ਤਿੱਥਾਂ ਦੇ ਅਧਾਰ 'ਤੇ ਕਾਲਕ੍ਰਮ ਅਨੁਸਾਰ ਕੀਤਾ ਹੈ ਜਿਵੇਂ:

1. ਸੰਤ ਅਤਰ ਸਿੰਘ ਦੇ ਸੰਸਾਰ ਵਿਚ ਆਉਣ ਤੋਂ ਪਹਿਲਾਂ 1857 ਦਾ ਗਦਰ ਹੋ ਕੇ ਹਟਿਆ ਸੀ। (*ਅਗਮ ਅਗਾਧ ਪੁਰਖ*, ਪੰਨਾ 165)
2. ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਜਨਮ ਚੇਤਰ ਸੁਦੀ ਏਕਮ ਕ੍ਰਿਤਕਾ ਨਛੱਤਰ ਦਿਨ ਐਤਵਾਰ ਸੰਮਤ 1925 ਬਿ. (1866 ਈ.) ਨੂੰ ਹੋਇਆ। (ਉਹੀ, ਪੰਨਾ 81)
3. ਸ੍ਰੀਮਾਨ ਸੰਤ ਸ਼ਾਮ ਸਿੰਘ ਦਾ ਜਨਮ ਸ਼ਾਹਪੁਰ (ਪਾਕਿਸਤਾਨ) ਦੇ ਨਜ਼ਦੀਕ ਪਿਤਾ ਭਾਈ ਦਰਬਾਰੀ ਮਾਤਾ ਕਿਸ਼ਨ ਦੇਈ ਦੇ ਘਰ ਸੰਮਤ 1860 ਬਿ. ਵਿਚ ਹੋਇਆ। (ਉਹੀ, ਪੰਨਾ 150)
4. ਸੱਤਵੀਂ ਸਿਖ ਵਿਦਿਅਕ ਕਾਨਫ੍ਰੰਸ 10-11-12 ਅਪ੍ਰੈਲ ਨੂੰ ਨਿਯਤ ਹੋਈ ਅਤੇ ਸੰਤ ਅਤਰ ਸਿੰਘ ਜੀ ਕਈ ਦਿਨ ਪਹਿਲਾਂ ਪੁੱਜ ਗਏ। ਸੁਬਹ-ਸ਼ਾਮ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਨਾਲ ਜੋੜਦੇ। (ਉਹੀ, ਪੰਨਾ 278)

ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਜੀਵਨ ਲਿਖਣ ਲਈ ਲਗਭਗ 30 ਗ੍ਰੰਥਾਂ ਨੂੰ ਅਧਾਰ ਬਣਾਇਆ ਹੈ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਮਹਾਨ ਕੋਸ਼, ਵੇਦਿਕ ਗੁਰਮਤਿ (ਪ੍ਰਿੰ. ਧਰਮਾਨੰਤ ਸਿੰਘ), ਅਕਾਲੀ ਮੋਰਚਿਆਂ ਦਾ ਇਤਿਹਾਸ (ਸੋਹਨ ਸਿੰਘ ਜੋਸ਼), ਮੇਰੀ ਜੀਵਨ ਕਹਾਣੀ (ਪ੍ਰੋ. ਪ੍ਰੀਤਮ ਸਿੰਘ), ਸਾਡੀ ਦਸ਼ਾ (ਨਾਹਰ ਸਿੰਘ), ਨਾਮਧਾਰੀ ਇਤਿਹਾਸ (ਨਾਹਰ ਸਿੰਘ), ਹਿਸਟਰੀ ਆਫ ਖਾਲਸਾ ਕਾਲਜ ਅੰਮ੍ਰਿਤਸਰ (ਸੁੰਦਰ ਸਿੰਘ ਮਜੀਠੀਆ), ਨਿਰਮਲ ਜੀਵਨ (ਗਿਆਨੀ ਈਸ਼ਰ ਸਿੰਘ ਨਾਰਾ), ਜੀਵਨ ਕਥਾ ਸੰਤ ਅਤਰ ਸਿੰਘ ਜੀ ਮਹਾਰਾਜ (ਸੰਤ ਜੀਵਾ ਸਿੰਘ ਨਨਕਾਣਾ ਸਾਹਿਬ), ਸੰਤ ਬਿਲਾਸ (ਸੰਤ ਨਾਰਾਇਣ ਸਿੰਘ), ਨਿਰਮਲ ਪੰਥ ਦਰਸ਼ਨ (ਮਹੰਤ ਦਿਆਲ ਸਿੰਘ), ਨਿਰਮਲ ਸੰਪ੍ਰਦਾਇ (ਪ੍ਰੋ. ਪ੍ਰੀਤਮ ਸਿੰਘ), ਜੀਵਨ ਕਥਾ ਸੰਤ ਅਤਰ ਸਿੰਘ (ਸੰਤ ਤੇਜਾ ਸਿੰਘ), ਕੂਕਿਆਂ ਦੀ ਵਿਥਿਆ (ਡਾ. ਗੰਡਾ ਸਿੰਘ), ਬਡਰੁੱਖਾ ਸਰਵੇ ਪੁਸਤਕ, ਨਿਰਮਲ ਪੰਥ ਬੋਧ (ਗਿ. ਬਲਵੰਤ ਸਿੰਘ ਕੋਠਾਗੁਰੂ), ਜੀਵਨ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ (ਹਰਨਾਮ ਸਿੰਘ ਮਨੋਹਰ), ਜਪੁ ਜੀ ਏਕ ਉਅੰਕਾਰ (ਆਚਾਰਯ ਰਜਨੀਸ਼) ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਕਈ ਪਤ੍ਰਕਾਵਾਂ ਜਿਵੇਂ ਖਾਲਸਾ ਸਮਾਚਾਰ, ਖਾਲਸਾ ਅਖਬਾਰ, ਸਿੰਘ ਸਭਾ ਪਤ੍ਰਕਾ, ਪੰਜ ਦਰਿਆ, ਅਕਾਲੀ ਪਤ੍ਰਕਾ, ਗੁਰਮਤਿ ਪ੍ਰਕਾਸ਼, ਕੌਮੀ ਏਕਤਾ ਆਦਿ ਨੂੰ ਅਧਾਰ ਬਣਾਇਆ ਹੈ। ਇਸ ਤੋਂ ਇਲਾਵਾ ਗਿਆਨੀ ਜੀ ਨੇ ਉਨ੍ਹਾਂ ਬਜ਼ੁਰਗਾਂ ਤੋਂ ਮੌਖਿਕ ਜਾਣਕਾਰੀ ਹਾਸਿਲ ਕੀਤੀ ਜਿਨ੍ਹਾਂ ਨੇ ਸੰਤ ਅਤਰ ਸਿੰਘ ਜੀ ਦੀ ਸੰਗਤ ਕੀਤੀ।

**4. ਸ੍ਰੀ ਨਿਰਮਲ ਪੰਥ ਬੋਧ:** *ਸ੍ਰੀ ਨਿਰਮਲ ਪੰਥ ਬੋਧ* ਗ੍ਰੰਥ ਵਿਚ ਨਿਰਮਲ ਭੇਖ ਦਾ ਇਤਿਹਾਸ ਵਿਸਤਾਰ ਨਾਲ ਅੰਕਤ ਕੀਤਾ ਹੈ। ਇਸ ਵਿਚ ਲਗਭਗ 2274 ਤਿਥਾਂ, ਲਗਭਗ 1700 ਵਿਅਕਤੀਆਂ ਦੇ ਵੇਰਵੇ ਅਤੇ ਲਗਭਗ 750 ਵਿਅਕਤੀਆਂ ਦੇ ਜੀਵਨ ਅੰਕਿਤ ਕੀਤੇ ਹਨ ਜਿਵੇਂ ਸੰਤ ਬਾਬਾ ਮਿਸ਼ਰਾ ਸਿੰਘ, ਪੰਡਿਤ ਗੁਲਾਬ ਸਿੰਘ, ਚੂੜਾਮਣਿ ਮਹਾਂ ਕਵੀ ਭਾਈ ਸੰਤੋਖ ਸਿੰਘ, ਸ੍ਰੀਮਾਨ 108 ਬਾਬਾ ਮਹਿਤਾਬ ਸਿੰਘ ਜੀ, ਪੰਡਿਤ ਗਿਆਨ ਦੇਵ ਸਿੰਘ ਆਦਿ। ਗਿਆਨੀ ਜੀ ਨੇ ਨਿਰਮਲ ਭੇਖ ਦਾ ਇਤਿਹਾਸ ਤਿਥਾਂ ਦੇ ਅਧਾਰ ’ਤੇ ਕਾਲਕ੍ਰਮ ਅਨੁਸਾਰ ਅੰਕਿਤ ਕੀਤਾ ਹੈ ਜਿਵੇ:

1. ਗੁਰੂ ਗੋਬਿੰਦ ਸਿੰਘ ਜੀ ਨੇ 1686 ਈ. ਨੂੰ ਪਉਂਟਾ ਸਾਹਿਬ ਵਿਖੇ ਪੰਜ ਵਿਦਵਾਨਾਂ ਦੀ ਚੋਣ ਕਰਕੇ ਵਿਦਿਆ ਪ੍ਰਾਪਤ ਕਰਨ ਲਈ ਕਾਸ਼ੀ ਭੇਜਿਆ। (*ਸ੍ਰੀ ਨਿਰਮਲ ਪੰਥ ਬੋਧ*, ਪੰਨਾ 12)
2. ਸ੍ਰੀ ਜਪੁ ਜੀ ਦਾ ਗਰਬ ਗੰਜਨੀ ਟੀਕਾ 1829 ਈ. ਵਿਚ ਲਿਖਿਆ ਗਿਆ। (ਉਹੀ, ਪੰਨਾ 64)
3. ਪੰਡਿਤ ਰਾਮ ਸਿੰਘ ਕਬੇਰੀਏ ਦਾ ਜਨਮ ਸੰਮਤ 1872 ਬਿ. (1815 ਈ.) ਨੂੰ ਹੋਇਆ। (ਉਹੀ, ਪੰਨਾ 203)
4. ਪੰਡਿਤ ਤਾਰਾ ਸਿੰਘ ਨਰੋਤਮ ਦਾ ਜਨਮ ਸੰਮਤ 1879 ਬਿ. (ਸੰਨ 1822 ਈ.) ਨੂੰ ਪਿੰਡ ਕਾਲਮਾਂ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। (ਉਹੀ, ਪੰਨਾ 245)

ਨਿਰਮਲ ਭੇਖ ਦਾ ਇਤਿਹਾਸ ਲਿਖਣ ਲਈ ਗਿਆਨੀ ਜੀ ਨੇ ਹੇਠ ਲਿਖੇ ਸਰੋਤਾਂ ਨੂੰ ਅਧਾਰ ਬਣਾਇਆ:

ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ, ਰਾਮ ਚਰਿਤ ਮਾਨਸ (ਤੁਲਸੀ ਦਾਸ), ਵਾਰਾਂ ਭਾਈ ਗੁਰਦਾਸ, ਵਾਰ ਭਾਈ ਭਾਗੀਰਥ, ਗੁਰ ਪ੍ਰਤਾਪ ਸੂਰਜ ਗ੍ਰੰਥ (ਭਾਈ ਸੰਤੋਖ ਸਿੰਘ ਜੀ), ਨਿਰਮਲ ਸੰਪ੍ਰਦਾਇ (ਪ੍ਰੀਤਮ ਸਿੰਘ), ਮਹਾਨ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ), ਗੁਰਬਿਲਾਸ ਪਾ. 10, ਮੋਕਸ਼ ਪੰਥ ਪ੍ਰਕਾਸ਼ (ਪੰ. ਗੁਲਾਬ ਸਿੰਘ), ਹੁਕਮਨਾਮੇ ਪਾ. ਛੇਵੀ, ਹੁਕਮਨਾਮੇ ਪਾ. ਨੌਵੀ, ਸ੍ਰੀ ਗੁਰੁ ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ), ਸਰਬ ਲੋਹ ਪ੍ਰਕਾਸ਼, ਸ੍ਰੀ ਗੁਰ ਤੀਰਥ ਸੰਗ੍ਰਹਿ (ਪੰ. ਤਾਰਾ ਸਿੰਘ ਨਰੋਤਮ), ਕਵੀਦ੍ਰ ਪ੍ਰਕਾਸ਼ (ਸੰਤ ਨਿਹਾਲ ਸਿੰਘ), ਭਾਵਰਸਾਮ੍ਰਿਤ (ਪੰ. ਗੁਲਾਬ ਸਿੰਘ), ਅਧਿਆਤਮ ਰਾਮਾਯਣ (ਪੰ. ਗੁਲਾਬ ਸਿੰਘ), ਪ੍ਰਬੋਧ ਚੰਦ੍ਰੋਕਯ ਨਾਟਕ (ਪੰ. ਗੁਲਾਬ ਸਿੰਘ), ਨਾਮ ਕੋਸ਼ (ਭਾਈ ਸੰਤੋਖ ਸਿੰਘ), ਗੁਰ ਨਾਨਕ ਪ੍ਰਕਾਸ਼ (ਭਾਈ ਸੰਤੋਖ ਸਿੰਘ), ਗਰਬਗੰਜਨੀ ਟੀਕਾ (ਭਾਈ ਸੰਤੋਖ ਸਿੰਘ), ਗੁਰੂ ਭਾਵ ਦੀਪਕਾ (ਪੰ. ਤਾਰਾ ਸਿੰਘ ਨਰੋਤਮ), ਗੁਰੂ ਗਿਰਾਰਥ ਕੋਸ਼ (ਪੰ. ਤਾਰਾ ਸਿੰਘ ਨਰੋਤਮ), ਸ੍ਰੀ ਵੇਦਾਂਤੀ ਬਾਰ੍ਹਾ ਮਾਹ (ਸੰਤ ਨਿਹਾਲ ਸਿੰਘ ਕਵੀਦ੍ਰ), ਸ੍ਰੀ ਭਵ ਸਾਗਰ ਸੇਤੁ (ਸੰਤ ਨਿਹਾਲ ਸਿੰਘ ਕਵੀਦ੍ਰ), ਸ੍ਰੀ ਦੋਹਰਾ ਭੇਦਾਵਲੀ (ਸੰਤ ਨਿਹਾਲ ਸਿੰਘ ਕਵੀਦ੍ਰ), ਸੁਧਾਸਰੀ ਸਤਕ ਪਚੀਸਾ (ਸੰਤ ਨਿਹਾਲ ਸਿੰਘ ਕਵੀਦ੍ਰ), ਨ੍ਰਿਪਖ ਵਾਕ (ਸੰਤ ਨਿਹਾਲ ਸਿੰਘ ਕਵੀਦ੍ਰ), ਗੁਰਮਤ ਸਿਧਾਂਤ ਬਿਯੋਗ (ਸੰਤ ਸੰਪੂਰਨ ਸਿੰਘ), ਜੀਵਨ ਗਾਥਾ (ਸੰਤ ਸੰਪੂਰਨ ਸਿੰਘ), ਜਪੁ ਪ੍ਰਦੀਪ (ਪੰ. ਦੇਵਾ ਸਿੰਘ ਦੇਵਪੁਰਾ), ਸ਼ਧਰਮ ਮਾਰਗ ਗ੍ਰੰਥ (ਸੰਤ ਵਿਹਾਰ ਵ੍ਰਿੰਦਾਵਨ ਸਿੰਘ), ਭਾਰਤ ਮਤ ਦਰਪਨ (ਸ੍ਰੀਮਾਨ ਮਹੰਤ ਗਨੇਸ਼ਾ ਸਿੰਘ), ਸ੍ਰੀ ਗੁਰਮੁਖ ਪ੍ਰਕਾਸ਼ (ਸੰਤ ਗੁਰਬਚਨ ਸਿੰਘ ਖਾਲਸਾ ਭਿੰਡਰਾਂ ਵਾਲੇ), ਨਯਾਯ ਮੁਕਤਾਵਲੀ (ਪੰ. ਗੋਬਿੰਦ ਸਿੰਘ), ਵੇਦਾਂਤ ਪਰਿਭਾਸ਼ਾ (ਪੰ. ਗੋਬਿੰਦ ਸਿੰਘ), ਵਾਹਿਗੁਰੂ ਮੰਤ੍ਰਾਰਥ (ਪੰ. ਈਸ਼੍ਵਰ ਸਿੰਘ), ਗੁਰਮਤ ਦਿਗ ਵਿਜਯ (ਪੰ. ਈਸ਼੍ਵਰ ਸਿੰਘ), ਬੀਰ ਮ੍ਰਿਗੇਸ਼ ਕਲਪਤਰੂ (ਪੰ. ਸ਼ੇਰ ਸਿੰਘ), ਜੀਵਨ ਮੋਤੀ, ਤਵਾਰੀਖ ਅੰਮ੍ਰਿਤਸਰ (ਗਿ. ਗਿਆਨ ਸਿੰਘ), ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ (ਗਿ. ਕਿਰਪਾਲ ਸਿੰਘ), ਮਾਲਵਾ ਇਤਿਹਾਸ (ਸੰਤ ਵਿਸਾਖਾ ਸਿੰਘ), ਇਤਿਹਾਸ ਨਿਰਮਲ ਭੇਖ (ਮਹੰਤ ਗਨੇਸ਼ਾ ਸਿੰਘ), ਨਿਰਮਲ ਪੰਥ ਦਰਸ਼ਨ (ਮਹੰਤ ਦਿਆਲ ਸਿੰਘ)।

**5. ਵਿਦਿਆਸਰ ਦਾ ਵਿਦਿਆਸਾਗਰ:** *ਵਿਦਿਆਸਰ ਦਾ ਵਿਦਿਆਸਾਗਰ* ਪੁਸਤਕ ਭਾਈ ਫੁੰਮਨ ਸਿੰਘ ਦੀ ਜੀਵਨੀ ਹੈ। ਇਸ ਵਿਚ ਲਗਭਗ 140 ਤਿਥਾਂ, ਲਗਭਗ 265 ਵਿਅਕਤੀਆਂ ਦਾ ਵੇਰਵਾ ਅਤੇ ਲਗਭਗ 25 ਵਿਅਕਤੀਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ ਜਿਵੇਂ ਭਾਈ ਫੁੰਮਨ ਸਿੰਘ, ਬਾਬੂ ਚੰਦਾ ਸਿੰਘ, ਗਿਆਨੀ ਚੰਨਣ ਸਿੰਘ, ਪੰਡਿਤ ਕਰਤਾਰ ਸਿੰਘ ਦਾਖਾ, ਗਿਆਨੀ ਗੁਰਦਿੱਤ ਸਿੰਘ ਆਦਿ।

ਇਸ ਪੁਸਤਕ ਵਿਚ ਗਿਆਨੀ ਜੀ ਨੇ ਘਟਨਾਵਾਂ ਦਾ ਵਰਣਨ ਤਿਥਾਂ ਦੇ ਅਧਾਰ 'ਤੇ ਕੀਤਾ ਹੈ ਜਿਵੇਂ:

1. ਭਾਈ ਫੁੰਮਨ ਸਿੰਘ ਦਾ ਜਨਮ 1889 ਈ. ਵਿਚ ਪਿੰਡ ਅਮਰਗੜ੍ਹ ਜ਼ਿਲ੍ਹਾ ਬਠਿੰਡਾ ਵਿਚ ਹੋਇਆ। (*ਵਿਦਿਆਸਰ ਦਾ ਵਿਦਿਆਸਾਗਰ*, ਪੰਨਾ 19)

2. ਮੁਸਲਮਾਨਾਂ ਵਿਚੋਂ ਸਰ ਸਯਦ ਅਹਿਮਦ ਨੇ 1875 ਈ. ਨੂੰ ਅਲੀਗੜ੍ਹ ਵਿਚ ਮੁਸਲਿਮ ਯੂਨੀਵਰਸਿਟੀ ਕਾਇਮ ਕੀਤੀ। (ਉਹੀ, ਪੰਨਾ 48)
3. ਪੰਡਿਤ ਮਦਨ ਮੋਹਨ ਜੀ ਮਾਲਵੀਯ ਨੇ 1914 ਈ. ਵਿਚ 'ਕਾਸ਼ੀ ਹਿੰਦੂ ਯੂਨੀਵਰਸਿਟੀ' ਦੀ ਸਥਾਪਨਾ ਕੀਤੀ। (ਉਹੀ, ਪੰਨਾ 55)
4. 7 ਚੇਤਰ 1978 ਬਿ. ਨੂੰ ਮਾਲਵਾ ਚਕਰਵਰਤੀ ਖ਼ਾਲਸਾ ਦੀਵਾਨ ਦੀ ਛਤਰ ਛਾਇਆ ਹੇਠ ਕੋਟਕਪੂਰਾ ਸ਼ਹਿਰ ਵਿਚ ਦੀਵਾਨ ਸਜਿਆ ਅਤੇ 82 ਸਿੰਘਾਂ ਨੇ ਅੰਮ੍ਰਿਤ ਛਕਿਆ। (ਉਹੀ, ਪੰਨਾ 112)

ਗਿਆਨੀ ਜੀ ਨੇ ਭਾਈ ਫੂੰਮਨ ਸਿੰਘ ਦੀ ਜੀਵਨੀ ਲਿਖਣ ਲਈ ਹੇਠ ਲਿਖੇ ਹਵਾਲਾ ਗ੍ਰੰਥਾਂ ਨੂੰ ਅਧਾਰ ਬਣਾਇਆ:

ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਸਰਬਲੋਹ ਪ੍ਰਕਾਸ਼, ਸ੍ਰੀ ਭਗਵਤ ਗੀਤਾ, ਅਗਮ ਅਗਾਧ ਪੁਰਖ (ਗਿਆਨੀ ਬਲਵੰਤ ਸਿੰਘ ਕੋਠਾ ਗੁਰੂ), ਸ੍ਰੀ ਦਮਦਮਾ ਗੁਰੂ ਕੀ ਕਾਸ਼ੀ (ਗਿਆਨੀ ਬਲਵੰਤ ਸਿੰਘ ਕੋਠਾ ਗੁਰੂ) ਆਦਿ। ਇਸ ਤੋਂ ਇਲਾਵਾ ਭਾਈ ਫੂੰਮਨ ਸਿੰਘ ਦੀਆਂ ਹੱਥ ਲਿਖਤਾਂ, ਉਨ੍ਹਾਂ ਨਾਲ ਬਤਾਏ ਪਲ ਅਤੇ ਗੁਰਦੁਆਰਾ ਵਿਦਿਆਸਰ ਦੇ ਰਿਕਾਰਡ ਨੂੰ ਅਧਾਰ ਬਣਾਇਆ ਹੈ।

**6. ਸ੍ਰੀ ਦਮਦਮਾ ਗੁਰੂ ਕੀ ਕਾਸ਼ੀ:** ਪੁਸਤਕ *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ* ਵਿਚ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦਾ ਇਤਿਹਾਸ ਅੰਕਤ ਕੀਤਾ ਹੈ। ਇਸ ਵਿਚ ਲਗਭਗ 116 ਤਿਥਾਂ ਅਤੇ ਲਗਭਗ 388 ਵਿਅਕਤੀਆਂ ਦਾ ਵੇਰਵਾ ਦਿਤਾ ਹੈ। ਲਗਭਗ 32 ਵਿਅਕਤੀਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ। ਜਿਵੇਂ ਭਾਈ ਰਾਮ ਸਿੰਘ, ਭਾਈ ਤ੍ਰਿਲੋਕ ਸਿੰਘ ਫੂਲ ਕੇ, ਸੰਤ ਹੀਰਾ ਸਿੰਘ ਬੁੰਗਾ ਲਿਖਾਰੀਆਂ, ਭਾਈ ਜੀਤ ਸਿੰਘ, ਸੰਤ ਮਿੱਠਾ ਸਿੰਘ ਆਦਿ।

ਗਿਆਨੀ ਜੀ ਨੇ ਵਖ-ਵਖ ਘਟਨਾਵਾਂ ਦਾ ਜ਼ਿਕਰ ਤਿਥਾਂ ਦੇ ਅਧਾਰ ਤੇ ਕਾਲਕ੍ਰਮ ਅਨੁਸਾਰ ਕੀਤਾ ਹੈ। ਜਿਵੇਂ:

1. ਸ੍ਰੀ ਗੁਰੂ ਤੇਗ ਬਹਾਦਰ ਜੀ 1676 ਈ. ਵਿਚ ਤਲਵੰਡੀ ਆਏ। ਇਕ ਮਹੀਨਾ ਇਸ ਸਥਾਨ 'ਤੇ ਰਹਿ ਕੇ ਗੁਰੂਸਰ ਸਰੋਵਰ ਦੀ ਕਾਰ ਸੇਵਾ ਕਰਵਾਈ ਅਤੇ ਸੰਗਤਾਂ ਨੂੰ ਉਪਦੇਸ਼ ਦਿਤਾ। (*ਸ੍ਰੀ ਦਮਦਮਾ ਗੁਰੂ ਕੀ ਕਾਸ਼ੀ*, ਪੰਨਾ 19)
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਭਾਦ੍ਰੋਂ ਵਦੀ ਏਕਮ 1661 (1604 ਈ.) ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਰਾਮਸਰ (ਅੰਮ੍ਰਿਤਸਰ) ਵਿਖੇ ਭਾਈ ਗੁਰਦਾਸ ਜੀ ਤੋਂ ਲਿਖਵਾਈ ਸੀ। (ਉਹੀ, ਪੰਨਾ 24)
3. ਬਾਬਾ ਦੀਪ ਸਿੰਘ ਨੇ ਤਖ਼ਤ ਦਮਦਮਾ ਸਾਹਿਬ 'ਤੇ ਅਰਦਾਸ ਕਰ ਕੇ ਸੰਮਤ 1817 (1760 ਈ.) ਵਿਚ 500 ਸਿੰਘਾਂ ਦਾ ਜਥਾ ਲੈ ਕੇ ਅੰਮ੍ਰਿਤਸਰ ਨੂੰ ਕੂਚ ਕਰ ਦਿਤਾ। (ਉਹੀ, ਪੰਨਾ 72)
4. ਭਾਈ ਅਵਤਾਰ ਸਿੰਘ ਜੀ ਵਹੀਰੀਆ ਦੇ ਸੰਮਤ ਨਾਨਕ ਸ਼ਾਹੀ 445 ਵਿਚ *ਖ਼ਾਲਸਾ ਧਰਮ ਸ਼ਾਸਤ੍ਰ* ਅਤੇ ਸੰਮਤ 1973 ਵਿਚ *ਗੁਰਦਰਸ਼ਨ ਸ਼ਾਸਤ੍ਰ* ਗ੍ਰੰਥ ਪਰਵਾਨ ਹੋਏ। (ਉਹੀ, ਪੰਨਾ 75)

ਗਿਆਨੀ ਜੀ ਨੇ ਦਮਦਮਾ ਸਾਹਿਬ ਦਾ ਇਤਿਹਾਸ ਲਿਖਣ ਲਈ ਲਗਭਗ 25 ਸ੍ਰੋਤਾਂ ਨੂੰ ਅਧਾਰ ਬਣਾਇਆ ਹੈ। ਇਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਦੀ ਰਚਨਾ, ਦਸਮ ਗ੍ਰੰਥ, ਹੁਕਮਨਾਮੇ, ਗੁਰਪ੍ਰਤਾਪ ਸੂਰਜ ਗ੍ਰੰਥ, ਪ੍ਰਾਚੀਨ ਪੰਥ ਪ੍ਰਕਾਸ਼, ਗੁਰ ਬਿਲਾਸ ਪਾਤਸ਼ਾਹੀ ਦਸਵੀ, ਮਾਲਵਾ ਦੇਸ ਰਟਨ ਦੀ ਸਾਖੀ, ਮਾਲਵਾ ਇਤਿਹਾਸ, ਅਪ੍ਰਕਾਸ਼ਤ ਦੌਰਾ ਸਾਖੀ, ਸ੍ਰੀ ਗੁਰਮੁਖ ਪ੍ਰਕਾਸ਼ ਆਦਿ।

**7. ਸੁਧਾਸਰ ਕੇ ਰਤਨ:** *ਸੁਧਾਸਰ ਕੇ ਰਤਨ* ਪੁਸਤਕ ਵਿਚ ਡੇਰਾ ਬਾਬਾ ਮਿਸ਼ਰਾ ਸਿੰਘ, ਅੰਮ੍ਰਿਤਸਰ ਦਾ ਇਤਿਹਾਸ ਅੰਕਿਤ ਕੀਤਾ ਹੈ ਜਿਸ ਵਿਚ ਲਗਭਗ 51 ਤਿਥਾਂ ਅਤੇ ਲਗਭਗ 92 ਵਿਅਕਤੀਆਂ ਦਾ ਵੇਰਵਾ ਦਿਤਾ ਗਿਆ ਹੈ। ਲਗਭਗ 10 ਵਿਅਕਤੀਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ ਜਿਵੇਂ ਬਾਬਾ ਮਿਸ਼ਰਾ ਸਿੰਘ ਜੀ, ਮਹੰਤ ਰਤਨ ਸਿੰਘ ਜੀ, ਮਹੰਤ ਹਾਕਮ ਸਿੰਘ, ਗਿਆਨੀ ਸਰੋਵਰ ਸਿੰਘ, ਮਹੰਤ ਭੁਪਿੰਦਰ ਸਿੰਘ ਡੇਰਾ ਬਾਬਾ ਮਿਸ਼ਰਾ ਸਿੰਘ ਆਦਿ।

ਗਿਆਨੀ ਜੀ ਨੇ ਡੇਰਾ ਬਾਬਾ ਮਿਸ਼ਰਾ ਸਿੰਘ ਦਾ ਇਤਿਹਾਸ ਤੱਥਾਂ ਦੇ ਅਧਾਰ 'ਤੇ ਕਾਲਕ੍ਰਮ ਅਨੁਸਾਰ ਅੰਕਿਤ ਕੀਤਾ ਹੈ ਜਿਵੇਂ:

1. ਬਾਬਾ ਮਹਾਰਾਜ ਸਿੰਘ ਸਿੰਘਾਪੁਰ ਦੀ ਜੇਲ੍ਹ ਵਿਚ 1856 ਈ. ਨੂੰ ਬ੍ਰਹਮਲੀਨ ਹੋ ਗਏ। (*ਸੁਧਾਸਰ ਕੇ ਰਤਨ*, ਪੰਨਾ 19)
2. ਡੇਰਾ ਬਾਬਾ ਮਿਸ਼ਰਾ ਸਿੰਘ ਦੀ ਸਥਾਪਨਾ ਸੰਮਤ 1903 ਬਿ. ਵਿਚ ਕੀਤੀ ਗਈ। (ਉਹੀ, ਪੰਨਾ 34)
3. ਬਾਬਾ ਮਿਸ਼ਰਾ ਸਿੰਘ ਦਾ ਜਨਮ ਸੰਮਤ 1869 ਬਿ. ਨੂੰ ਹੋਇਆ। (ਉਹੀ, ਪੰਨਾ 36)
4. ਮਹੰਤ ਰਤਨ ਸਿੰਘ ਦਾ ਜਨਮ ਸੰਮਤ 1896 ਬਿ. ਨੂੰ ਪਨਿਆਲੀ ਪਿੰਡ (ਪਕਿਸਤਾਨ) ਵਿਚ ਹੋਇਆ। (ਉਹੀ, ਪੰਨਾ 46)

ਇਸ ਪੁਸਤਕ ਵਿਚ ਡੇਰਾ ਬਾਬਾ ਮਿਸ਼ਰਾ ਸਿੰਘ ਜੀ ਚੌਂਕ, ਲਛਮਣਸਰ ਅੰਮ੍ਰਿਤਸਰ ਦਾ ਇਤਿਹਾਸ ਲਿਖਣ ਲਈ ਅਧਾਰ ਬਣਾਏ ਗਏ ਹਵਾਲਾ ਗ੍ਰੰਥਾਂ ਦੀ ਸੂਚੀ ਇਸ ਪ੍ਰਕਾਰ ਹੈ:

ਭਗਵਤ ਗੀਤਾ, ਵਾਰਾਂ ਭਾਈ ਗੁਰਦਾਸ, ਨਾਨਕ ਪ੍ਰਕਾਸ਼ (ਭਾਈ ਸੰਤੋਖ ਸਿੰਘ), ਚਾਣਕਯ ਨੀਤੀ, ਰਾਮਾਯਣ (ਬਾਲਮੀਕ), ਰਾਮਾਯਣ (ਤੁਲਸੀਦਾਸ)। ਇਨ੍ਹਾਂ ਗ੍ਰੰਥਾਂ ਤੋਂ ਇਲਾਵਾ ਗਿਆਨੀ ਜੀ ਨੇ ਮਹੰਤਾਂ ਨਾਲ ਨਿਜੀ ਮੁਲਾਕਾਤਾਂ ਦੇ ਅਧਾਰ 'ਤੇ ਇਸ ਪੁਸਤਕ ਦੀ ਰਚਨਾ ਕੀਤੀ।

**8. ਕੋਠਾ ਗੁਰੂ ਦੀ ਗੌਰਵ ਗਾਥਾ:** ਪੁਸਤਕ *ਕੋਠਾ ਗੁਰੂ ਦੀ ਗੌਰਵ ਗਾਥਾ'* ਵਿਚ ਗਿਆਨੀ ਜੀ ਨੇ ਪਿੰਡ ਕੋਠਾ ਗੁਰੂ ਦਾ ਇਤਿਹਾਸ ਅੰਕਿਤ ਕੀਤਾ ਹੈ ਇਸ ਵਿਚ ਲਗਭਗ 293 ਤਿਥਾਂ, ਲਗਭਗ 430 ਵਿਅਕਤੀਆਂ ਦਾ ਵੇਰਵਾ ਅਤੇ ਲਗਭਗ 41 ਵਿਅਕਤੀਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ ਜਿਵੇਂ ਬਾਬਾ ਮਿਹਰਵਾਨ ਜੀ, ਬਾਬਾ ਹਰਿ ਜੀ, ਬਾਬਾ ਕੌਲ ਜੀ, ਭਾਈ ਕੁਸ਼ਲ ਦਾਸ, ਸੰਤ ਵੈਰਾਗਪੁਰੀ ਆਦਿ।

ਗਿਆਨੀ ਜੀ ਨੇ ਇਤਿਹਾਸ ਲਿਖਦੇ ਸਮੇਂ ਘਟਨਾਵਾਂ ਦਾ ਜ਼ਿਕਰ ਤਿਥਾਂ ਦੇ ਅਧਾਰ 'ਤੇ ਕਾਲਕ੍ਰਮ ਅਨੁਸਾਰ ਕੀਤਾ ਹੈ ਜਿਵੇਂ:

1. ਸ੍ਰੀ ਗੁਰੂ ਨਾਨਕ ਦੇਵ ਜੀ ਸਰਸੇ ਤੋਂ ਸੁਲਤਾਨਪੁਰ ਜਾਂਦੇ ਹੋਏ ਨਵੰਬਰ 1515 ਈ. ਵਿਚ ਪਿੰਡ ਕੋਠਾ ਗੁਰੂ ਵਿਚ ਵਿਰਾਜੇ। ਇਤਿਹਾਸ ਅਨੁਸਾਰ ਗੁਰੂ ਜੀ ਅਕਤੂਬਰ 1515 ਈ. ਦਾ ਮਹੀਨਾ ਸਰਸੇ ਵਿਚ ਰਹੇ ਸਨ ਅਤੇ ਨਵੰਬਰ ਦੇ ਅੰਤ ਵਿਚ ਸੁਲਤਾਨ ਪੁੱਜੇ ਸਨ। ਇਸ ਤਰ੍ਹਾਂ 16 ਨਵੰਬਰ ਤੋਂ 22 ਨਵੰਬਰ ਤਕ ਇਸ ਪਿੰਡ (ਕੋਠਾ ਗੁਰੂ) ਰਹੇ ਪ੍ਰਤੀਤ ਹੁੰਦੇ ਹਨ। (*ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨਾ 35)
2. ਮਿਹਰਵਾਨ ਜੀ ਦਾ ਜਨਮ ਮਾਘ ਸੁਦੀ ਬਸੰਤ ਸੰਮਤ 1637 ਬਿਕ੍ਰਮੀ (9 ਜਨਵਰੀ 1581 ਈ.) ਨੂੰ ਹੋਇਆ। (ਉਹੀ, ਪੰਨਾ 65)
3. ਬਾਬਾ ਗੁਰਦਿੱਤਾ ਜੀ ਨੇ ਛੇਵੇਂ ਪਾਤਸ਼ਾਹ ਦੀ ਆਗਿਆ ਅਨੁਸਾਰ ਸੰਮਤ 1687 ਬਿ./ਸੰਨ 1630 ਈ. ਵਿਚ ਕੀਰਤਪੁਰ ਦੀ ਮੋਹੜੀ ਗੱਡੀ। (ਉਹੀ, ਪੰਨਾ 106)
4. ਪ੍ਰੋਫੈਸਰ ਹਰਬੰਸ ਸਿੰਘ ਦਾ ਜਨਮ ਪਿਤਾ ਸ੍ਰੀ ਰਾਮ ਲਾਲ 'ਉਪਲ' ਮਾਤਾ ਰੂਪ ਕੌਰ ਦੇ ਘਰ 6 ਮਾਰਚ 1921 ਈ. ਨੂੰ ਪਿੰਡ ਕੋਠਾ ਗੁਰੂ ਵਿਖੇ ਹੋਇਆ। (ਉਹੀ, ਪੰਨਾ 200)

ਕੋਠਾ ਗੁਰੂ ਦਾ ਇਤਿਹਾਸ ਲਿਖਣ ਸਮੇਂ ਗਿਆਨੀ ਜੀ ਨੇ ਲਗਪਗ 36 ਸ੍ਰੋਤਾਂ ਨੂੰ ਅਧਾਰ ਬਣਾਇਆ ਹੈ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਸਮ ਗ੍ਰੰਥ ਜੀ, ਗੁਰਪ੍ਰਤਾਪ ਸੂਰਜ ਗ੍ਰੰਥ, ਗੁਰਬਿਲਾਸ ਪਾਤਸ਼ਾਹੀ ਛੇਵੀ, ਪ੍ਰਾਚੀਨ ਪੰਥ ਪ੍ਰਕਾਸ਼, ਬੰਸਾਵਲੀਨਾਮਾ, ਤਵਾਰੀਖ ਗੁਰੂ ਖਾਲਸਾ, ਵਾਰਾਂ ਭਾਈ ਗੁਰਦਾਸ, ਨੌਹਰ ਕਾ ਇਤਿਹਾਸ (ਪ੍ਰਹਿਲਾਦ ਦੱਤ ਪੰਡਾ), ਮਹਾਨ ਕੋਸ਼, ਤੋਜ਼ਕਿ ਜਹਾਂਗੀਰੀ, ਬਾਣੀ ਬਿਲਾਸ, ਸੁਖਮਨੀ ਸਹੰਸਰਨਾਮਾ, ਪੋਥੀ ਸਾਹਿਬ (ਕਵੀ ਕੁਸ਼ਲਦਾਸ), ਗੋਸਟਾਂ ਮਿਹਰਵਾਨ ਜੀ ਕੀਆਂ, ਪੋਥੀ ਸਾਹਿਬ (ਕੇਸ਼ੋਦਾਸ), ਸੁਖਮਨੀ ਸਹੰਸਰਨਾਮਾ ਦਾ ਭਾਸ਼ਯ (ਹਰਿ ਜੀ), ਸਚਖੰਡ ਪੋਥੀ (ਮਿਹਰਵਾਨ), ਵਾਰ ਪੀਰਾਂ ਦੀ, ਮਸਲੇ ਹਜ਼ਰਤ ਰਸੂਲ ਕੇ, ਜਪ ਪਰਮਾਰਥ, ਓਅੰਕਾਰ ਕਾ ਪਰਮਾਰਥ, ਸਿਧ ਗੋਸਟ ਕਾ ਪਰਮਾਰਥ, ਆਸਾ ਕੀ ਵਾਰ ਦਾ ਪਰਮਾਰਥ, ਸੋਹਲੇ ਆਰਤੀ ਕਾ ਪਰਮਾਰਥ, ਸ਼ਹੀਦ ਬਿਲਾਸ (ਭਾਈ ਸੇਵਾ ਸਿੰਘ), ਸ੍ਰੀ ਗੁਰਬੰਸ ਵਿਨੋਦ (ਪੱਥਰ ਛਾਪ) (ਭਾਈ ਗਨੇਸ਼ਾ ਸਿੰਘ ਬੇਦੀ), ਹਰੀਏ ਦੀ ਸਰਬ-ਪੱਖੀ ਕਾਵਿ ਰਚਨਾ (ਅਪ੍ਰਕਾਸ਼ਤ), ਹਰਿ ਜਸ ਕੀ ਪੋਥੀ (ਭਾਈ ਦਰਬਾਰੀ ਦਾਸ), ਮਾਲਵਾ ਦੇਸ ਰਟਨ ਦੀ ਸਾਖੀ (ਸੰਪਾ. ਭਾਈ ਵੀਰ ਸਿੰਘ), ਪਰਚੀਆਂ ਭਗਤਾਂ ਕੀਆਂ (ਦਰਬਾਰੀ ਦਾਸ), ਪ੍ਰਾਚੀਨ ਵਾਰਾਂ ਤੇ ਜੰਗਨਾਮੇ (ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ), ਮੱਲਾਂ ਦੀਆਂ ਗੱਲਾਂ (ਪ੍ਰੋ. ਕਰਮ ਸਿੰਘ ਬਠਿੰਡਾ), ਮਾਘੀ ਸਿੰਘ ਕਵੀਸ਼ਰ (ਡਾ. ਅਜਮੇਰ ਸਿੰਘ), ਕਿੱਸਾ ਸੰਦਰਭ ਕੋਸ਼ (ਡਾ. ਪ੍ਰੀਤਮ ਸੈਨੀ) ਆਦਿ।

**9. ਨਿਰਮਲ ਪੰਥ ਦੀ ਗੌਰਵ ਗਾਥਾ:** *ਨਿਰਮਲ ਪੰਥ ਦੀ ਗੌਰਵ ਗਾਥਾ* ਪੁਸਤਕ ਵਿਚ ਨਿਰਮਲ ਭੇਖ ਦਾ ਇਤਿਹਾਸ ਦਰਜ ਹੈ। ਇਸ ਵਿਚ ਲਗਭਗ 604 ਤਿਥਾਂ ਅਤੇ ਲਗਭਗ 625 ਵਿਅਕਤੀਆਂ ਦਾ ਵੇਰਵਾ

ਦਿਤਾ ਹੈ। ਲਗਭਗ 52 ਵਿਅਕਤੀਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ ਜਿਵੇਂ ਪੰਡਿਤ ਬਸੰਤ ਸਿੰਘ ਠੀਕਰੀਵਾਲੇ, ਮਹੰਤ ਗਨੇਸ਼ਾ ਸਿੰਘ, ਸੁਾਮੀ ਸੱਚਦਾਨੰਦ ਹਰੀ ਜੀ, ਕਵੀਰਾਜ ਸੰਤ ਹਰਿਭਜਨ ਸਿੰਘ, ਪੰਡਿਤ ਗੋਬਿੰਦ ਸਿੰਘ ਆਦਿ।

ਗਿਆਨੀ ਜੀ ਨੇ ਨਿਰਮਲ ਪੰਥ ਦੀ ਗੌਰਵ ਗਾਥਾ ਵਿਚ ਘਟਨਾਵਾਂ ਨੂੰ ਤਿਥਾਂ ਦੇ ਅਧਾਰ ’ਤੇ ਕਾਲਕ੍ਰਮ ਅਨੁਸਾਰ ਦਰਜ ਕੀਤਾ ਹੈ ਜਿਵੇਂ:

1. ਸ੍ਰੀ ਗੁਰੂ ਨਾਨਕ ਦੇਵ ਜੀ 1526 ਬਿ. (1469 ਈ.) ਨੂੰ ਰਾਇ ਭੋਇ ਦੀ ਤਲਵੰਡੀ (ਸ੍ਰੀ ਨਨਕਾਣਾ ਸਾਹਿਬ- ਹੁਣ ਪਾਕਿਸਤਾਨ) ਵਿਚ ਪ੍ਰਗਟ ਹੋਏ। (*ਨਿਰਮਲ ਪੰਥ ਦੀ ਗੌਰਵ ਗਾਥਾ*, ਪੰਨਾ 14)
2. ‘ਜਤਨ ਵਟ’ ਪ੍ਰਸਿਧ ਨਾਮ ‘ਚੇਤਨ ਮਠ’ ਕਾਂਸ਼ੀ ਜਿਥੇ 1743 ਬਿ. (1686 ਈ.) ਵਿਚ ਨਿਰਮਲੇ ਸੰਤ ਵਿਦਿਆ ਪ੍ਰਾਪਤੀ ਸਮੇਂ ਰਹੇ। ਇਹ ਨਿਰਮਲ ਭੇਖ ਦਾ ਪ੍ਰਸਿਧ ਇਤਿਹਾਸਕ ਸਥਾਨ ਹੈ। (ਉਹੀ, ਪੰਨਾ 37)
3. 1778 ਈ. ਵਿਚ ਪੰਡਿਤ ਗੁਲਾਬ ਸਿੰਘ ਨੇ *ਸ੍ਰੀ ਮੋਕਸ਼ ਪੰਥ ਪ੍ਰਕਾਸ਼* ਲਿਖਿਆ। (ਉਹੀ, ਪੰਨਾ 67)
4. ਨਿਰਮਲ ਭੇਖ ਦੇ ਮਹਾਂਪੁਰਖਾਂ ਨੇ ‘ਦਸਤੂਰ ਉਲ ਅਮਲ’ ਤੋਂ ਅੱਠ ਸਾਲ ਪਹਿਲਾਂ 1912 ਬਿ. (1855 ਈ.) ਨੂੰ ਹਰਿਦਵਾਰ ਦੇ ਮਹਾਂ ਕੁੰਭ ਪਰਵ ਤੇ ਵਿਧੀਵਤ ਅਖਾੜਾ ਸਥਾਪਤ ਕਰ ਦਿਤਾ। ਸ੍ਰੀ ਮਹੰਤ ਦੀ ਚੋਣ ਕੀਤੀ ਗਈ। ਉਸ ਸਮੇਂ ਨਿਰਮਲ ਭੇਖ ਦੇ ਮਹਾਂਪੁਰਖਾਂ ਨੇ ਸਰਬ ਸੰਮਤੀ ਨਾਲ ਅਖਾੜੇ ਦਾ ਨਾਮ ‘ਸ੍ਰੀ ਨਿਰਮਲ ਪੰਚਾਇਤੀ ਅਖਾੜਾ’ ਪਰਵਾਨ ਕੀਤਾ ਸੀ। ਮਗਰੋਂ ਸੰਨ 1862 ਈ. ਨੂੰ ਤਿੰਨ ਸਰਕਾਰਾਂ/ਰਿਆਸਤ (ਪਟਿਆਲਾ, ਨਾਭਾ, ਜੀਂਦ) ਨੇ ਅਖਾੜੇ ਨੂੰ ਦਾਨ ਦੇ ਕੇ ਵਿਧੀਵਤ ਸੰਗਠਨ ਕਰਨ ਲਈ ਅਖਾੜੇ ਦਾ ਦਸਤੂਰ ਉਲ ਅਮਲ (ਮਰਯਾਦਾ ਪਤ੍ਰ) ਲਿਖਿਆ ਜਿਸ ਵਿਚ ਨਾਮ ‘ਪੰਚਾਇਤੀ ਅਖਾੜਾ ਨਿਰਮਲਾ’ ਲਿਖਿਆ ਹੈ। (ਉਹੀ, ਪੰਨਾ 176)

ਇਸ ਪੁਸਤਕ ਨੂੰ ਲਿਖਣ ਲਈ ਅਧਾਰ ਬਣਾਏ ਗਏ ਗ੍ਰੰਥਾਂ ਦੀ ਸੂਚੀ ਇਸ ਪ੍ਰਕਾਰ ਹੈ:

ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ (ਭਾਈ ਸੰਤੋਖ ਸਿੰਘ), ਰਾਮਚਰਿਤ ਮਾਨਸ (ਤੁਲਸੀ ਦਾਸ), ਵਾਰ ਭਾਗੀਰਥ, ਨਿਰਮਲ ਸੰਪ੍ਰਦਾਇ (ਸੰਪਾ. ਪ੍ਰੋ. ਪ੍ਰੀਤਮ ਸਿੰਘ), ਪਾ. ਛੇਵੀਂ ਹੁਕਮਨਾਮਾ, ਪਾ. ਨੌਵੀਂ ਹੁਕਮਨਾਮਾ, ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ), ਮੋਕਸ਼ ਪੰਥ ਪ੍ਰਕਾਸ਼ (ਪੰ. ਗੁਲਾਬ ਸਿੰਘ), ਸ੍ਰੀ ਗੁਰਤੀਰਥ ਸੰਗ੍ਰਹਿ (ਪੰ. ਤਾਰਾ ਸਿੰਘ ਨਰੋਤਮ), ਪ੍ਰਬੋਧ ਚੰਦ੍ਰੋਦਯ ਨਾਟਕ (ਪੰ. ਗੁਲਾਬ ਸਿੰਘ), ਕਵੀਂਦ੍ਰ ਪ੍ਰਕਾਸ਼ (ਸੰਤ ਨਿਹਾਲ ਸਿੰਘ ਕਵੀਂਦ੍ਰ), ਗੁਰਮਤਿ ਸਿਧਾਂਤ ਬਯੋਗ (ਸੰਤ ਸੰਪੂਰਨ ਸਿੰਘ), ਵਾਹਿਗੁਰੂ ਮੰਤ੍ਰਾਰਥ (ਪੰਡਿਤ ਈਸੁਰ ਸਿੰਘ ਜੀ ਕਾਂਸ਼ੀ), ਮਾਂਡੂਕਯ ਉਪਨਿਸ਼ਦ, ਬਾਬਾ ਖੁਦਾ ਸਿੰਘ (ਗਿਆਨੀ ਪ੍ਰਤਾਪ ਸਿੰਘ), ਗੁਰਬਿਲਾਸ ਬਾਬਾ ਬੀਰ ਸਿੰਘ (ਭਾਈ ਮੋਹਰ ਸਿੰਘ), ਬੀਰਮ੍ਰਿਗੇਸ ਗੁਰਬਿਲਾਸ ਦੇਵਤਰੂ (ਪੰਡਿਤ ਸ਼ੇਰ ਸਿੰਘ), ਭਾਈ ਮਹਾਰਾਜ ਸਿੰਘ (ਸ. ਨਾਹਰ ਸਿੰਘ ਐਮ.ਏ), ਡੇਰਾ ਬਾਬਾ ਦਲ ਸਿੰਘ (ਗਿਆਨੀ ਬਲਵੰਤ ਸਿੰਘ ਕੋਠਾ ਗੁਰੂ), ਨਿਰਮਲ ਪੰਥ ਦਰਸ਼ਨ (ਮਹੰਤ ਦਿਆਲ ਸਿੰਘ ਲਾਹੌਰ)।

**10. ਸੂਰਬੀਰ ਬਚਨ ਕੇ ਬਲੀ**: *ਸੂਰਬੀਰ ਬਚਨ ਕੇ ਬਲੀ* ਪੁਸਤਕ ਵਿਚ ਤਿੰਨ ਮਹਾਂਪੁਰਖਾਂ (ਬਾਬਾ ਬੀਰ ਸਿੰਘ, ਬਾਬਾ ਮਹਾਰਾਜ ਸਿੰਘ, ਬਾਬਾ ਖੁਦਾ ਸਿੰਘ) ਦਾ ਜੀਵਨ ਅੰਕਿਤ ਕੀਤਾ ਹੈ। ਇਸ ਪੁਸਤਕ ਵਿਚ ਲਗਭਗ 82 ਤਿਥਾਂ, ਲਗਭਗ 188 ਵਿਅਕਤੀਆਂ ਦਾ ਵੇਰਵਾ ਅਤੇ 3 ਵਿਅਕਤੀਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ ਜਿਵੇਂ ਬਾਬਾ ਬੀਰ ਸਿੰਘ, ਬਾਬਾ ਮਹਾਰਾਜ ਸਿੰਘ, ਬਾਬਾ ਖੁਦਾ ਸਿੰਘ ਆਦਿ।

ਗਿਆਨੀ ਜੀ ਇਤਿਹਾਸ ਨੂੰ ਪੁਖਤਾ ਅਧਾਰ ਪ੍ਰਦਾਨ ਕਰਨ ਲਈ ਤਿਥਾਂ ਵੀ ਦਿੰਦੇ ਹਨ ਜਿਵੇਂ:

1. ਬਾਬਾ ਬੀਰ ਸਿੰਘ ਦਾ ਜਨਮ ਸਾਵਨ ਸੁਦੀ ਤੀਜ ਸੰਮਤ 1825 ਬਿ. ਨੂੰ ਪਿੰਡ ਗਗੋਬੂਆ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। (*ਸੂਰਬੀਰ ਬਚਨ ਕੇ ਬਲੀ*, ਪੰਨਾ 117)
2. ਬਾਬਾ ਬੀਰ ਸਿੰਘ 27 ਵਿਸਾਖ ਸੰਮਤ 1901 ਬਿ. ਦਿਨ ਮੰਗਲਵਾਰ ਨੂੰ ਸਤਲੁਜ ਕਿਨਾਰੇ ਬ੍ਰਹਮਲੀਨ ਹੋ ਗਏ। (ਉਹੀ, ਪੰਨਾ 133)
3. ਸੰਮਤ 1909 ਬਿ. ਵਿਚ ਬਾਬਾ ਖੇਮ ਸਿੰਘ ਬੇਦੀ ਬਾਬਾ ਖੁਦਾ ਸਿੰਘ ਨੂੰ ਮਿਲਣ ਆਏ। (ਉਹੀ, ਪੰਨਾ 162)
4. ਬਾਬਾ ਖੁਦਾ ਸਿੰਘ ਅਸੂ ਵਦੀ 10 ਵੀਂ ਸੰਮਤ 1918 ਬਿ. ਨੂੰ ਬ੍ਰਹਮਲੀਨ ਹੋ ਗਏ। (ਉਹੀ)

ਇਸ ਪੁਸਤਕ ਨੂੰ ਲਿਖਣ ਲਈ ਅਧਾਰ ਬਣਾਏ ਗਏ ਹਵਾਲਾ ਗ੍ਰੰਥਾਂ ਦੀ ਸੂਚੀ ਇਸ ਤਰ੍ਹਾਂ ਹੈ:

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਬਾਬਾ ਖੁਦਾ ਸਿੰਘ (ਗਿਆਨੀ ਪ੍ਰਤਾਪ ਸਿੰਘ), ਗੁਰ ਬਿਲਾਸ ਬਾਬਾ ਬੀਰ ਸਿੰਘ (ਅਪ੍ਰਕਾਸ਼ਤ ਪੋਥੀ ਕ੍ਰਿਤ ਭਾਈ ਮੋਹਰ ਸਿੰਘ ਜੀ), ਬੀਰ ਮ੍ਰਿਗੇਸ ਗੁਰਬਿਲਾਸ ਦੇਵਤਰੂ (ਪੰਡਿਤ ਸ਼ੇਰ ਸਿੰਘ), ਡੇਰਾ ਬਾਬਾ ਦਲ ਸਿੰਘ (ਗਿ. ਬਲਵੰਤ ਸਿੰਘ ਕੋਠਾ ਗੁਰੂ), ਅਖਬਾਰ 'ਵਰਤਮਾਨ' 28 ਜੂਨ 1953.

**11. ਕਲਾਧਾਰੀ ਪੁਰਖ**:*ਕਲਾਧਾਰੀ ਪੁਰਖ* ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਜੀਵਨੀ ਹੈ। ਪੁਸਤਕ ਵਿਚ ਲਗਭਗ 78 ਤਿਥਾਂ, ਲਗਭਗ 212 ਵਿਅਕਤੀਆਂ ਦਾ ਵੇਰਵਾ ਅਤੇ ਲਗਭਗ 28 ਵਿਅਕਤੀਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ ਜਿਵੇਂ ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾਪਤੀ, ਮਹਾਰਾਣੀ ਜਸਵੰਤ ਕੌਰ, ਪੰਡਿਤ ਨਿਹਾਲ ਸਿੰਘ ਥੋਹਾ ਖਾਲਸਾ, ਪੰਡਿਤ ਈਸ਼ਰ ਸਿੰਘ ਆਦਿ।

ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਦਾ ਵਰਣਨ ਕਰਦੇ ਹੋਏ ਲਗਭਗ 78 ਤਿਥਾਂ ਦਿਤੀਆਂ ਹਨ ਜਿਵੇਂ:

1. ਸੰਨ 1901 ਈ. ਵਿਚ ਸੰਤ ਅਤਰ ਸਿੰਘ ਜੀ ਨੇ ਗੁਰਦੁਆਰਾ ਗੁਰੁਸਾਗਰੁ ਮਸਤੂਆਣਾ ਸਾਹਿਬ ਦਾ ਨੀਂਹ ਪੱਥਰ ਰੱਖਿਆ। (*ਕਲਾਧਾਰੀ ਪੁਰਖ*, ਪੰਨਾ 20)
2. ਸੰਨ 1906 ਈ.ਵਿਚ ਸੰਤ ਅਤਰ ਸਿੰਘ ਜੀ ਨੇ ਇਲਾਕੇ ਦੇ ਬੱਚਿਆਂ ਲਈ ਵਿਦਿਆਲਯ ਆਰੰਭ ਕੀਤਾ ਜਿਸ ਵਿਚ ਗੁਰਮੁਖੀ/ਗੁਰਬਾਣੀ ਪੜ੍ਹਾਈ ਜਾਂਦੀ ਸੀ। (ਉਹੀ, ਪੰਨਾ 25)
3. ਸੰਨ 1920 ਈ. ਵਿਚ ਅਕਾਲ ਕਾਲਜ ਦੀ ਸਥਾਪਨਾ ਕੀਤੀ। (ਉਹੀ)
4. ਸੰਨ 1923 ਈ. ਨੂੰ 'ਧਾਰਮਿਕ ਮਹਾਂ ਵਿਦਿਆਲਯ ਗੁਰੂ ਕਾਸ਼ੀ' ਦੀ ਨੀਂਹ ਰੱਖੀ। (ਉਹੀ, ਪੰਨਾ 63)

ਇਸ ਪੁਸਤਕ ਨੂੰ ਲਿਖਣ ਲਈ ਕੋਠਾ ਗੁਰੂ ਜੀ ਨੇ ਹੇਠ ਲਿਖੇ ਸ੍ਰੋਤਾਂ ਨੂੰ ਅਧਾਰ ਬਣਾਇਆ ਹੈ:

ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਸੰਤ ਬਿਲਾਸ (ਭਾਈ ਨਾਰਾਇਣ ਸਿੰਘ), ਸੰਤ ਗਾਥਾ (ਮੇਜਰ ਸਿੰਘ), ਜੀਵਨ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ (ਭਾਈ ਹਰਨਾਮ ਸਿੰਘ), ਨਿਰਮਲ ਜੀਵਨ ਸੰਤ ਗੁਰਬਖਸ਼ ਸਿੰਘ ਜਬੋਵਾਲ, ਨਿਰਮਲ ਸੰਪ੍ਰਦਾਇ (ਸੰਪਾ. ਪ੍ਰੀਤਮ ਸਿੰਘ), ਅਗਮ ਅਗਾਧ ਪੁਰਖ (ਗਿਆਨੀ ਬਲਵੰਤ ਸਿੰਘ ਕੋਠਾ ਗੁਰੂ)। ਇਸ ਤੋਂ ਇਲਾਵਾ ਮਾਸਕ ਕੌਮੀ ਏਕਤਾ (ਫ਼ਰਵਰੀ 1975, ਦਿੱਲੀ), ਗੁਰਮਤਿ ਪ੍ਰਕਾਸ਼ (ਜੁਲਾਈ 1989, ਅੰਮ੍ਰਿਤਸਰ) ਆਦਿ ਪਤ੍ਰਿਕਾਵਾਂ ਵਿਚੋਂ ਵੀ ਹਵਾਲੇ ਦਿਤੇ ਹਨ।

**12. ਸੰਪ੍ਰਦਾਇ ਮਸਤੂਆਣਾ:** ਪੁਸਤਕ *ਸੰਪ੍ਰਦਾਇ ਮਸਤੂਆਣਾ* ਵਿਚ ਸੰਪ੍ਰਦਾਇ ਮਸਤੂਆਣਾ ਦੇ ਆਰੰਭ, ਵਿਕਾਸ ਅਤੇ ਸਿੱਖ ਪੰਥ ਦੇ ਵਿਗਾਸ ਵਿਚ ਪਾਏ ਯੋਗਦਾਨ ਬਾਰੇ ਬਿਆਨ ਕੀਤਾ ਹੈ। ਇਸ ਵਿਚ ਲਗਭਗ 406 ਤਿਥਾਂ, ਲਗਭਗ 586 ਵਿਕਤੀਆਂ ਦਾ ਵੇਰਵਾ ਅਤੇ 140 ਦੇ ਕਰੀਬ ਵਿਅਕਤੀਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ ਜਿਵੇਂ ਸੰਤ ਅਤਰ ਸਿੰਘ ਜੀ, ਸੰਤ ਗੁਰਬਖ਼ਸ਼ ਸਿੰਘ, ਸੰਤ ਨਿਹਾਲ ਸਿੰਘ, ਸੰਤ ਗੋਧਾ ਸਿੰਘ, ਸੰਤ ਲਾਭ ਸਿੰਘ ਆਦਿ।

ਗਿਆਨੀ ਜੀ ਨੇ ਇਸ ਪੁਸਤਕ ਵਿਚ ਲਗਪਗ 406 ਤਿਥਾਂ ਦਿਤੀਆਂ ਹਨ ਜਿਵੇਂ:

1. ਸੰਤ ਭਾਗ ਸਿੰਘ ਕੁਰੀ ਵਾਲਿਆਂ ਦਾ ਜਨਮ ਭਾਈ ਹਰ ਜੱਸ ਰਾਏ ਦੇ ਘਰ ਸੰਮਤ 1823 ਬਿ. ਨੂੰ ਹੋਇਆ। (*ਸੰਪ੍ਰਦਾਇ ਮਸਤੂਆਣਾ*, ਪੰਨਾ 23)
2. ਬਾਬਾ ਮਹਾਰਾਜ ਸਿੰਘ ਦਾ ਜਨਮ ਪਿੰਡ ਰਬੋਂ ਜ਼ਿਲ੍ਹਾ ਲੁਧਿਆਣਾ ਵਿਚ ਸੰਨ 1780 ਈ. ਵਿਚ ਹੋਇਆ। (ਉਹੀ, ਪੰਨਾ 40)
3. ਅੱਠਵੀਂ ਸਿੱਖ ਵਿਦਿਅਕ ਕਾਨਫ਼ਰੰਸ 15-16-17 ਅਕਤੂਬਰ 1915 ਈ. ਨੂੰ ਫ਼ਿਰੋਜ਼ਪੁਰ ਵਿਖੇ ਸੰਤ ਅਤਰ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ। (ਉਹੀ, ਪੰਨਾ 77)
4. ਸੰਤ ਮਹਿੰਦਰ ਸਿੰਘ ਦਾ ਜਨਮ ਸੰਨ 1945 ਈ. ਨੂੰ ਮਾਤਾ ਅਮਰ ਕੌਰ ਪਿਤਾ ਸ. ਹਰਨਾਮ ਸਿੰਘ ਦੇ ਘਰ ਪਿੰਡ ਲੰਬਿਆਂ ਵਿਚ ਹੋਇਆ। (ਉਹੀ, ਪੰਨਾ 177)

ਸੰਪ੍ਰਦਾਇ ਮਸਤੂਆਣਾ ਦਾ ਇਤਿਹਾਸ ਲਿਖਣ ਲਈ ਗਿਆਨੀ ਜੀ ਨੇ ਨਿਮਨਲਿਖਤ ਸ੍ਰੋਤਾਂ ਨੂੰ ਅਧਾਰ ਬਣਾਇਆ ਹੈ:

ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਸੰਤ ਬਿਲਾਸ (ਨਾਰਾਇਣ ਸਿੰਘ), ਮੇਰਾ ਪਿੰਡ ਬਹਾਦਰਪੁਰ (ਰਣਜੀਤ ਸਿੰਘ), ਬੀਰ ਮ੍ਰਿਗੇਸ਼ ਕਲਪਤਰੂ (ਪੰਡਿਤ ਸ਼ੇਰ ਸਿੰਘ), ਬੀਰ ਮ੍ਰਿਗੇਸ਼ ਗੁਰਬਿਲਾਸ ਦੇਵਤਰੂ (ਪੰਡਿਤ ਸ਼ੇਰ ਸਿੰਘ), ਨਿਰਮਲ ਪੰਥ ਦੀ ਗੌਰਵ ਗਾਥਾ (ਗਿਆਨੀ ਬਲਵੰਤ ਸਿੰਘ ਕੋਠਾ ਗੁਰੂ), ਅਗਮ ਅਗਾਧ ਪੁਰਖ (ਗਿਆਨੀ ਬਲਵੰਤ ਸਿੰਘ ਕੋਠਾ ਗੁਰੂ), ਮੇਰੀਆਂ ਖ਼ਬਰਾਂ ਮੇਰੇ ਲੇਖ (ਸ. ਹਰਿਗੋਬਿੰਦ ਸਿੰਘ ਸੇਖਪੁਰੀਆ), ਸੰਤ ਮੱਘਰ ਸਿੰਘ (ਸ. ਬਾਬੂ ਸਿੰਘ ਰਾਮਗੜ੍ਹ), ਜੀਵਨ ਕਥਾ ਸੰਤ ਜਵਾਲਾ ਸਿੰਘ ਹਰਖੋਵਾਲ (ਗਿਆਨੀ ਜੋਧ ਸਿੰਘ), ਬਖ਼ਸ਼ੀ ਰੂਹ (ਸੰਤ ਕ੍ਰਿਪਾਲ ਸਿੰਘ ਛੰਨਾ ਵਾਲੇ) ਆਦਿ। ਇਨ੍ਹਾਂ ਗ੍ਰੰਥਾਂ ਤੋਂ

ਇਲਾਵਾ ਖ਼ਾਲਸਾ ਸਮਾਚਾਰ (28 ਵਿਸਾਖ ਸੰਮਤ 1991), ਨਿਰਮਲ ਚਿੰਤਾਮਣੀ ਆਦਿ ਅਖ਼ਬਾਰਾਂ ਵਿਚੋਂ ਵੀ ਪ੍ਰਮਾਣ ਦਿਤੇ ਹਨ।

ਇਤਿਹਾਸ ਨਾਲ ਸੰਬੰਧਿਤ ਸਾਰੀਆਂ ਰਚਨਾਵਾਂ ਨੂੰ ਵਾਚਣ ਤੋਂ ਬਾਅਦ ਪਤਾ ਲਗਦਾ ਹੈ ਕਿ ਗਿਆਨੀ ਜੀ ਲਗਪਗ 498 ਵਿਅਕਤੀਆਂ ਦੇ ਜੀਵਨ ਅੰਕਿਤ ਕੀਤੇ ਅਤੇ ਲਗਪਗ 1240 ਵਿਅਕਤੀਆਂ ਦੇ ਵੇਰਵੇ ਦਿਤੇ ਹਨ। ਇਤਿਹਾਸ ਨੂੰ ਪੁਖਤਾ ਅਧਾਰ ਪ੍ਰਦਾਨ ਕਰਨ ਲਈ ਲਗਪਗ 110 ਸਰੋਤਾਂ ਦੀ ਵਰਤੋਂ ਕੀਤੀ ਹੈ। ਗਿਆਨੀ ਜੀ ਦਾ ਇਤਿਹਾਸ ਪ੍ਰਤੀ ਦ੍ਰਿਸ਼ਟੀਕੋਣ ਵਧੇਰੇ ਕਰਕੇ ਪਰੰਪਰਾ ਮੂਲਕ ਹੈ। ਉਹ ਤੱਥਮੂਲਕ ਇਤਿਹਾਸ ਵੀ ਅੰਕਿਤ ਕਰਦੇ ਹਨ, ਇਸ ਤੱਥ ਦਾ ਸਬੂਤ ਇਹ ਹੈ ਕਿ ਉਹ ਵਿਅਕਤੀਆਂ ਦੇ ਇਤਿਹਾਸਕ ਵੇਰਵੇ ਦੇਣ ਦੇ ਨਾਲ ਨਾਲ ਤਿੱਥਾਂ ਵੀ ਦਿੰਦੇ ਹਨ ਅਤੇ ਉਸਦੇ ਕਾਲਕ੍ਰਮ ਦਾ ਵੀ ਧਿਆਨ ਰਖਦੇ ਹਨ। ਗਿਆਨੀ ਜੀ ਮੌਖਿਕ ਪਰੰਪਰਾ ਅਤੇ ਸਿੱਖ ਸ੍ਰੋਤਾਂ ਦੇ ਅਧਾਰ ਤੇ ਇਤਿਹਾਸ ਅੰਕਿਤ ਕਰਦੇ ਹਨ। ਅਸੀਂ ਹੇਠ ਲਿਖੇ ਬਿੰਦੂਆਂ ਦੇ ਅਧਾਰ 'ਤੇ ਗਿਆਨੀ ਜੀ ਦੇ ਸਿੱਖ ਇਤਿਹਾਸਕਾਰੀ ਵਿਚ ਪਾਏ ਯੋਗਦਾਨ ਦਾ ਵੇਰਵਾ ਦੇਵਾਂਗੇ:

(ੳ) ਵਿਅਕਤੀਆਂ ਦੇ ਜੀਵਨ

(ਅ) ਵਿਅਕਤੀਆਂ ਦੇ ਵੇਰਵੇ

(ੲ) ਮੁਖ ਘਟਨਾਵਾਂ

(ਸ) ਹਵਾਲਾ ਗ੍ਰੰਥ

(ਹ) ਸੰਪ੍ਰਦਾਵਾਂ ਅਤੇ ਡੇਰਿਆਂ ਬਾਰੇ

(ਕ) ਪਿੰਡਾਂ ਬਾਰੇ

(ਖ) ਗੁਰਦੁਆਰਿਆਂ ਬਾਰੇ

(ਗ) ਜਾਤਾਂ ਗੋਤਾਂ ਬਾਰੇ

(ਘ) ਕਵਿਤਾ

**(ੳ) ਵਿਅਕਤੀਆਂ ਦੇ ਜੀਵਨ:** ਇਤਿਹਾਸ ਲਿਖਦੇ ਸਮੇਂ ਗਿਆਨੀ ਜੀ ਨੇ ਲਗਪਗ 498 ਵਿਅਕਤੀਆਂ ਦੇ ਜੀਵਨ ਅੰਕਿਤ ਕੀਤੇ ਹਨ। ਇਨ੍ਹਾਂ ਵਿਆਕਤੀਆਂ ਦੇ ਨਾਵਾਂ ਦੀ ਸੂਚੀ ਨਿਮਨਲਿਖਤ ਹੈ:

1. ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ 2. ਸੰਤ ਬਾਬਾ ਸਾਹਿਬ ਸਿੰਘ ਬੇਦੀ, ਊਨਾ ਸਾਹਿਬ ਵਾਲੇ 3. ਸੰਤ ਭਾਗ ਸਿੰਘ ਜੀ ਕੁਰੀ ਵਾਲੇ 4. ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ 5. ਬਾਬਾ ਮਹਾਰਾਜ ਸਿੰਘ ਜੀ 6. ਬਾਬਾ ਖੁਦਾ ਸਿੰਘ ਜੀ 7. ਸੰਤ ਰਾਮ ਸਿੰਘ ਵਿਰਕਤ 8. ਸੰਤ ਬਾਬਾ ਗੁਲਾਬ ਸਿੰਘ ਜੀ ਮਸਤੂਆਣਾ 9. ਸੰਤ ਬਿਸ਼ਨ ਸਿੰਘ ਜੀ ਕਾਂਝਲਾ 10. ਸੰਤ ਕਿਸ਼ਨ ਸਿੰਘ ਜੀ ਬਹਾਦਰਪੁਰ 11. ਸੰਤ ਤੇਜਾ ਸਿੰਘ ਡਬਲ ਐਮ.ਏ. 12. ਸੰਤ ਨਿਰੰਜਨ ਸਿੰਘ ਮੋਹੀ 13. ਸੰਤ ਰਣਜੀਤ ਸਿੰਘ ਮੂਲੋਵਾਲ 14. ਸੰਤ ਹਰਨਾਮ ਸਿੰਘ ਸਾਰੋਂ 15. ਸੰਤ ਮਿੱਠਾ ਸਿੰਘ 16. ਸੰਤ ਸੁਖਦੇਵ ਸਿੰਘ ਸਾਰੋਂ 17. ਸੰਤ ਗੁਲਾਬ ਸਿੰਘ ਵਾਲੀਆਂ ਵਾਲੇ 18. ਸੰਤ

ਹਜ਼ਾਰਾ ਸਿੰਘ ਮਸਤੂਆਣਾ 19. ਸੰਤ ਮੱਘਰ ਸਿੰਘ ਰਾਮਗੜ੍ਹ ਵਾਲੇ 20. ਸੰਤ ਗੁਰਬਖਸ਼ ਸਿੰਘ ਜਬੋਵਾਲ ਵਾਲੇ 21. ਸੰਤ ਮਿੱਤ ਸਿੰਘ ਕਿਸ਼ਨਪੁਰੇ ਵਾਲੇ 22. ਸੰਤ ਬਲਵੰਤ ਸਿੰਘ ਧਲੇਰ ਵਾਲੇ 23. ਸੰਤ ਈਸ਼ਰ ਸਿੰਘ ਲੰਬਿਆਂ ਵਾਲੇ 24. ਸੰਤ ਮਹਿੰਦਰ ਸਿੰਘ ਲੰਬਿਆਂ 25. ਸੰਤ ਨਿਹਾਲ ਸਿੰਘ ਚੇਲੇਆਣਾ ਵਾਲੇ 26. ਸੰਤ ਉਤਮ ਸਿੰਘ ਕਾਂਝਲਾ 27. ਸੰਤ ਗੋਧਾ ਸਿੰਘ 28. ਸੰਤ ਹਰੀ ਸਿੰਘ ਸਿਮਰੀ, ਜ਼ਿਲ੍ਹਾ ਰਾਵਲਪਿੰਡੀ 29. ਡਾ. ਖੇਮ ਸਿੰਘ ਗਿੱਲ 30. ਸੰਤ ਗਿ.ਕਰਮ ਸਿੰਘ ਦੁਭੇਰਨ 31. ਸੰਤ ਨਥਾ ਸਿੰਘ ਮੜ੍ਹਾਗਾ 32. ਸੰਤ ਤੀਰਥ ਸਿੰਘ 33. ਸੰਤ ਲਾਭ ਸਿੰਘ 34. ਗਿਆਨੀ ਆਤਮਾ ਸਿੰਘ ਰੂਪਾਲਹੇੜੀ 35. ਸੰਤ ਕਾਨ੍ਹ ਸਿੰਘ ਬਰਨਾਲਾ 36. ਸੰਤ ਪਾਲਾ ਸਿੰਘ 37. ਸੰਤ ਸੁਰਜਣ ਸਿੰਘ ਮੋਰਿੰਡਾ 38. ਸੰਤ ਪਹਾੜਾ ਸਿੰਘ 39. ਭਾਈ ਨੱਥਾ ਸਿੰਘ ਧਲੇਰ ਕਲਾਂ 40. ਸੰਤ ਮਲ ਸਿੰਘ ਕਾਂਝਲਾ 41. ਸੰਤ ਜਗਤ ਸਿੰਘ ਕੋਟ ਸ਼ਮੀਰ 42. ਸੰਤ ਛੋਟਾ ਸਿੰਘ 43. ਸੰਤ ਹਾਕਮ ਸਿੰਘ 44. ਸੰਤ ਜੰਗ ਸਿੰਘ ਰਾਗੀ 45. ਸੰਤ ਪ੍ਰੀਤਮ ਸਿੰਘ ਸੈਕਟਰੀ 46. ਗਿਆਨੀ ਤੇਜਾ ਸਿੰਘ 47. ਬਾਬਾ ਕਾਕਾ ਸਿੰਘ 48. ਭਾਈ ਸੰਤ ਸਿੰਘ 49. ਬੀਬੀ ਜਸਵੰਤ ਕੌਰ 50. ਸੰਤ ਕ੍ਰਿਪਾਲ ਸਿੰਘ ਛੰਨਾ ਵਾਲੇ 51. ਸੰਤ ਹਜ਼ੂਰਾ ਸਿੰਘ 52. ਸੰਤ ਟੇਕ ਸਿੰਘ ਧਨੌਲਾ 53. ਸੰਤ ਪ੍ਰੀਤਮ ਸਿੰਘ ਮਲੜ੍ਹੀ ਵਾਲੇ 54. ਗਿਆਨੀ ਮੇਹਰ ਸਿੰਘ ਬੀਰ 55. ਸੰਤ ਇਕਬਾਲ ਸਿੰਘ ਬੜੂ ਸਾਹਿਬ ਵਾਲੇ 56. ਬਾਬਾ ਰਾਮ ਸਿੰਘ ਚੀਮਾ ਸਾਹਿਬ 57. ਉਸਤਾਦ ਸੁਰਜੀਤ ਸਿੰਘ 58. ਸੰਤ ਸਾਧੂ ਸਿੰਘ ਮੋਨੀ 59. ਸੰਤ ਜਸਦੇਵ ਸਿੰਘ 60. ਪੰਡਿਤ ਗੁਲਾਬ ਸਿੰਘ, 61. ਭਾਈ ਸੰਤੋਖ ਸਿੰਘ ਚੂੜਾਮਣਿ, 62. ਪੰਡਿਤ ਤਾਰਾ ਸਿੰਘ ਨਰੋਤਮ 63. ਗਿਆਨੀ ਗਿਆਨ ਸਿੰਘ 64. ਸੰਤ ਨਿਹਾਲ ਸਿੰਘ ਕਵੀਂਦ੍ਰ 65. ਸੰਤ ਸੰਪੂਰਨ ਸਿੰਘ 66. ਗਿਆਨੀ ਬਦਨ ਸਿੰਘ ਸੇਖਵਾਂ ਵਾਲੇ 67. ਪੰਡਿਤ ਦੇਵਾ ਸਿੰਘ ਦੇਵਪੁਰਾ 68. ਠਾਕਰ ਨਿਹਾਲ ਸਿੰਘ ਥੋਹਾ ਖਾਲਸਾ 69. ਸੰਤ ਵਿਹਾਰ ਵ੍ਰਿੰਦਾਵਨ ਸਿੰਘ 70. ਕਵੀ ਰਾਜ ਸੰਤ ਹਰਿਭਜਨ ਸਿੰਘ 71. ਮਹੰਤ ਗਨੇਸ਼ਾ ਸਿੰਘ 72. ਸੰਤ ਗੁਰਬਚਨ ਸਿੰਘ ਖਾਲਸਾ ਭਿੰਡਰਾਂ ਵਾਲੇ 73. ਗਿਆਨੀ ਮੁਖਤਿਆਰ ਸਿੰਘ ਸਾਰੰਗ 74. ਸੰਤ ਨਾਰਾਇਣ ਸਿੰਘ ਮਹੇਰਨਾ ਕਲਾਂ 75. ਗਿਆਨੀ ਕਿਸ਼ਨ ਸਿੰਘ ਅਕਾਲ ਕਾਲਜ ਮਸਤੂਆਣਾ 76. ਮਹੰਤ ਬਿਸ਼ਨ ਸਿੰਘ ਕ੍ਰੀਟ 77. ਦਿਆਲ ਸਿੰਘ ਪਰਵਾਨਾ 78. ਸੰਤ ਟਹਿਲ ਸਿੰਘ 79. ਮਹੰਤ ਦਿਆਲ ਸਿੰਘ ਲਾਹੌਰ ਵਾਲੇ 80. ਪੰਡਿਤ ਸ਼ੇਰ ਸਿੰਘ ਨੌਰੰਗਾਬਾਦ ਵਾਲੇ 81. ਪੰਡਿਤ ਹਰਦੇਵ ਸਿੰਘ ਰਿਸ਼ੀਕੇਸ਼ 82. ਸੰਤ ਨਿਹਾਲ ਸਿੰਘ ਗੋਬਿੰਦ ਮੰਦਰ ਲਾਹੌਰ ਵਾਲੇ 83. ਪੰਡਿਤ ਗੋਬਿੰਦ ਸਿੰਘ 84. ਪੰਡਿਤ ਸੱਦਾ ਸਿੰਘ 85. ਪੰਡਿਤ ਗੁਰਦਿੱਤ ਸਿੰਘ 86. ਪੰਡਿਤ ਅਰਜਨ ਸਿੰਘ ਮੁਨੀ 87. ਸੁਾਮੀ ਹਜਾਰਾ ਸਿੰਘ ਆਤਮ ਦਰਸੀ ਹਾਂਡੀ ਵਾਲੇ 88. ਪੰਡਿਤ ਬਲਬੀਰ ਸਿੰਘ ਸ਼ਾਸਤ੍ਰੀ 89. ਪੰਡਿਤ ਈਸ੍ਰਰ ਸਿੰਘ 90. ਪੰਡਿਤ ਹਕੀਕਤ ਸਿੰਘ ਅਰਵਿੰਦ 91. ਪੰਡਿਤ ਬਲਬੀਰ ਸਿੰਘ ਵਿਯੋਗੀ 92. ਸੁਾਮੀ ਗਿਆਨੀ ਚੰਦਾ ਸਿੰਘ 93. ਸੁਾਮੀ ਸਦਾਨੰਦ ਹਰੀ ਜੀ 'ਸ਼ਾਕਸ਼ੀ' 94. ਬਾਬਾ ਮਹਿਤਾਬ ਸਿੰਘ ਪਹਿਲੇ ਸ੍ਰੀ ਮਹੰਤ 95. ਪੰਡਿਤ ਰਾਮ ਸਿੰਘ ਕਬੇਰੀਏ 96. ਪੰਡਿਤ ਦੀਵਾਨ ਸਿੰਘ ਠੀਕਰੀਵਾਲੇ 97. ਪੰਡਿਤ ਊਧਵ ਸਿੰਘ ਨਯਾਯਕ 98. ਪੰਡਿਤ ਸਾਧੂ ਸਿੰਘ ਪਟਿਆਲੇ ਵਾਲੇ 99. ਪੰਡਿਤ ਰਾਮ ਸਿੰਘ ਹਰੀਕੇ ਵਾਲੇ 100. ਪੰਡਿਤ ਮੋਹਰ ਸਿੰਘ ਪਟਿਆਲੇ ਵਾਲੇ 101. ਪੰਡਿਤ ਦਇਆ

ਸਿੰਘ ਉਗੋ 102. ਪੰਡਿਤ ਜੀਵਨ ਸਿੰਘ ਕਾਂਸ਼ੀ ਵਾਲੇ 103. ਪੰਡਿਤ ਸੁੱਚਾ ਸਿੰਘ ਪਿੰਡੀਘੇਬ ਵਾਲੇ 104. ਪੰਡਿਤ ਗਿਆਨ ਦੇਵ ਸਿੰਘ 105. ਸੰਤ ਬੀਰ ਸਿੰਘ (ਛੋਟੇ) 106. ਮਹੰਤ ਨਾਰਾਇਣ ਸਿੰਘ ਬੰਡਾਲਾ 107. ਸੰਤ ਮੋਹਰ ਸਿੰਘ ਮੁਠਿਆਂ ਵਾਲਾ 108. ਮਹੰਤ ਨਿਕੂ ਸਿੰਘ 109. ਮਹੰਤ ਹਰਨਾਮ ਸਿੰਘ ਭਾਣ 110. ਸੰਤ ਟੇਕ ਸਿੰਘ ਦਮਦਮਾ ਸਾਹਿਬ ਠੱਟਾ ਟਿੱਬਾ 111. ਸੰਤ ਕਾਨ੍ਹ ਸਿੰਘ 112. ਮਹੰਤ ਖੜਗ ਸਿੰਘ ਦੰਦੂਵਾਲ 113. ਸੰਤ ਭਾਗ ਸਿੰਘ ਗਿੱਦੜ ਵਿੰਡੀ 114. ਮਹੰਤ ਜਗਤ ਸਿੰਘ ਚੰਦੂਪੁਰ 115. ਸੰਤ ਕਰਤਾਰ ਸਿੰਘ ਗਿਦੜ ਵਿੰਡੀ 116. ਸੰਤ ਹੀਰਾ ਸਿੰਘ ਚੀਮਾ 117. ਗਿਆਨੀ ਬਖਸ਼ੀਸ਼ ਸਿੰਘ 118. ਸੰਤ ਖੜਗ ਸਿੰਘ ਮਾਲੂਵਾਲ 119. ਮਹੰਤ ਰਣ ਸਿੰਘ ਕਰੀਰ ਵਾਲਾ 120. ਮਹੰਤ ਗੁਰਬਚਨ ਸਿੰਘ ਕਰੀਰਵਾਲਾ 121. ਮਹੰਤ ਬਾਬਾ ਪ੍ਰੇਮ ਸਿੰਘ ਕਾਲੋਵਾਲ 122. ਮਹੰਤ ਹੀਰਾ ਸਿੰਘ ਘੁਘ 123. ਮਹੰਤ ਕ੍ਰਿਪਾ ਸਿੰਘ 124. ਮਹੰਤ ਹਰਕ੍ਰਿਸ਼ਨ ਸਿੰਘ 125. ਸੰਤ ਖਜ਼ਾਨ ਸਿੰਘ 126. ਸੰਤ ਰਣ ਸਿੰਘ ਪਠਲਾਵਾ 127. ਸੰਤ ਮੇਲਾ ਸਿੰਘ ਭੁੰਗਰਨੀ 128. ਸੰਤ ਮਲਕੀਅਤ ਸਿੰਘ 129. ਸੰਤ ਸੰਪੂਰਨ ਸਿੰਘ ਦਿਹਾਣਾ 130. ਸੰਤ ਕਪੂਰ ਸਿੰਘ ਜੰਡੂ ਸਿੰਘਾਂ 131. ਬਾਬਾ ਖੂਬ ਸਿੰਘ ਮਹਾਲਾ ਕਲਾਂ 132. ਮਹੰਤ ਮੀਹਾਂ ਸਿੰਘ 133. ਮਹੰਤ ਰਣ ਸਿੰਘ ਮਿਰਜ਼ਾ ਪੁਰ 134. ਸੰਤ ਕਰਮ ਸਿੰਘ ਹੋਤੀ ਮਰਦਾਨ ਵਾਲੇ 135. ਸੰਤ ਆਯਾ ਸਿੰਘ 136. ਸੰਤ ਬਾਬਾ ਰਾਮ ਸਿੰਘ 137. ਸੰਤ ਮਾਝਾ ਸਿੰਘ 138. ਸੰਤ ਰੋਸ਼ਨ ਸਿੰਘ 139. ਸੰਤ ਜਵਾਲਾ ਸਿੰਘ ਹਰਖੋਵਾਲ 140. ਸੰਤ ਮਹਿੰਦਰ ਸਿੰਘ ਲਖਨਪੁਰ 141. ਸੰਤ ਦੀਦਾਰ ਸਿੰਘ ਵੈਰੋਨੰਗਲ 142. ਸੰਤ ਜਗਜੀਤ ਸਿੰਘ 143. ਸੰਤ ਜਵੰਦ ਸਿੰਘ 144. ਸੰਤ ਕਾਲਾ ਸਿੰਘ ਭਦੌੜ 145. ਸੰਤ ਹਰਨਾਮ ਸਿੰਘ ਬੂੜ ਦਲਾ 146. ਪੰਡਿਤ ਸੰਤ ਸਿੰਘ ਮਰਗਜ਼ 147. ਪੰਡਿਤ ਪ੍ਰੇਮ ਸਿੰਘ ਊਨਾ ਸਾਹਿਬ 148. ਪੰਡਿਤ ਮਨੀ ਸਿੰਘ 149. ਸੰਤ ਆਤਮ ਸਿੰਘ 150. ਸੰਤ ਬਾਬਾ ਅਤਰ ਸਿੰਘ ਰੇਰੂ ਸਾਹਿਬ 151. ਸੰਤ ਈਸ਼ਰ ਸਿੰਘ ਰਾੜਾ ਸਾਹਿਬ 152. ਸੰਤ ਕਿਸ਼ਨ ਸਿੰਘ ਮਸੀਤਾਂ 153. ਸੰਤ ਤੇਜਾ ਸਿੰਘ ਭੋਰੇ ਵਾਲੇ 154. ਸੰਤ ਸ਼ਮਸ਼ੇਰ ਸਿੰਘ ਜਗੇੜਾ 155. ਸੰਤ ਹਰਨਾਮ ਸਿੰਘ ਨੰਗਲ ਛੋਟਾ 156. ਮਹੰਤ ਜਵਾਲਾ ਸਿੰਘ ਮੁਗੋਵਾਲ 157. ਮਹੰਤ ਚੰਨਣ ਸਿੰਘ ਜਮਸ਼ੇਰ 158. ਸੰਤ ਹਰੀ ਸਿੰਘ ਕਹਾਰ ਪੁਰ 159. ਸੰਤ ਬਸੰਤ ਸਿੰਘ ਮਰੂਲੀਆ 160. ਸ੍ਵਾਮੀ ਦਲੇਲ ਸਿੰਘ ਵਿਰਕਤ 161. ਸੰਤ ਪ੍ਰੀਤਮ ਹਰੀ ਜੀ ਅੰਮ੍ਰਿਤਸਰ 162. ਸੰਤ ਮੰਗਲ ਸਿੰਘ ਪਾਲਦੀ 163. ਸੰਤ ਨਾਰਾਇਣ ਸਿੰਘ ਭਸੀਨ 164. ਸੰਤ ਜੀਵਨ ਸਿੰਘ ਮਟਨ ਸਾਹਿਬ (ਕਸ਼ਮੀਰ) 165. ਸੰਤ ਜੈਮਲ ਸਿੰਘ ਭੂਰੀ ਵਾਲੇ 166. ਸੰਤ ਗੁਰਦਿਆਲ ਸਿੰਘ ਤਪੋਵਣ 167. ਸੰਤ ਬਾਬਾ ਲਾਲ ਸਿੰਘ ਹੋਤੀ 168. ਪੰਡਿਤ ਜੀਵਨ ਸਿੰਘ ਲਾਹੌਰ 169. ਸੰਤ ਗੁਲਾਬ ਸਿੰਘ ਡੇਰਾ ਡਫਰ ਵਾਲ 170. ਮਹੰਤ ਗੁਲਾਬ ਸਿੰਘ ਫਤਿਹ ਨੰਗਲ 171. ਮਹੰਤ ਵਰਿਆਮ ਸਿੰਘ ਸਾਲੋਪੁਰ 172. ਮਹੰਤ ਟਹਿਲ ਸਿੰਘ ਸੁਜੋ 173. ਸੰਤ ਬੋਧ ਸਿੰਘ ਕਾਸ਼ੀ 174. ਮਹੰਤ ਜੈਰਾਮ ਸਿੰਘ 175. ਮਹੰਤ ਰਘੁਬੀਰ ਸਿੰਘ ਚੁਰੰਡ 176. ਮਹੰਤ ਗੋਪਾਲ ਸਿੰਘ ਢਡਿਆਲ 177. ਸੰਤ ਹੀਰਾ ਸਿੰਘ ਗੁਰਦਾਸਪੁਰ 178. ਸੰਤ ਪਰਸ਼ੋਤਮ ਸਿੰਘ 179. ਪੰਡਿਤ ਰਾਮ ਸਿੰਘ ਸਲੀਨਾ 180. ਸੰਤ ਬਿਸ਼ਨ ਸਿੰਘ ਭਾਈ ਦਾ ਕੋਟ 181. ਠਾਕਰ ਨਾਰਾਇਣ ਸਿੰਘ ਦੁਭੇਰਨ 182. ਸ੍ਰੀ ਸਾਂਈ ਲੋਕ ਸੰਤ ਸੁਖਾ ਸਿੰਘ 183.

ਸਾਂਈ ਲੋਕ ਸੰਤ ਰਾਮ ਸਿੰਘ 184. ਮਹੰਤ ਹਰਨਾਮ ਸਿੰਘ ਗੋਲੜਾ 185. ਮਹੰਤ ਹਰੀ ਸਿੰਘ ਗੋਲੜਾ 187. ਮਹੰਤ ਗੁਰਦਿਤ ਸਿੰਘ ਸੇਰੀ ਕਥੀ (ਪੁਨਛ) 188. ਗਿਆਨੀ ਜਗਤ ਸਿੰਘ ਅੰਬਾਲਾ 189. ਸੰਤ ਸਾਧੂ ਸਿੰਘ ਪਿਸ਼ਾਵਰ 190. ਸੰਤ ਸੇਵਕ ਸਿੰਘ 191. ਸੰਤ ਮਲਾ ਸਿੰਘ ਗੰਡੇਕਸ (ਅਟਕ) 192. ਸੰਤ ਦੀਵਾਨ ਸਿੰਘ ਪਤਵਾਲੀ 193. ਪੰਡਿਤ ਸ਼ਾਮ ਸਿੰਘ ਘੀਲ ਕਲ੍ਹਾਂ (ਅਟਕ) 194. ਸੰਤ ਬੁਧ ਸਿੰਘ 195. ਮਹੰਤ ਅਮਰ ਸਿੰਘ ਪੈਣਨਾੜ ਸ਼ੇਰ ਅਲੀ ਖਾਂ (ਪੁਣਛ) 196. ਮਹੰਤ ਧਰਮ ਸਿੰਘ 197. ਸੰਤ ਦਿਆਲ ਸਿੰਘ ਢੁਢੰਬਰ (ਅਟਕ) 198. ਸੰਤ ਸਵਾਯਾ ਸਿੰਘ ਪਿਸ਼ਾਵਰ 199. ਸੰਤ ਹੈਬਾ ਸਿੰਘ 200. ਮਹੰਤ ਮਸਤਾਨ ਸਿੰਘ ਲਹਿਰਾ ਮੁਹਬਤ 201. ਮਹੰਤ ਗੁਲਾਬ ਸਿੰਘ ਕਾਲਾ ਬੂਲਾ 202. ਮਹੰਤ ਜਵਾਹਿਰ ਸਿੰਘ 203. ਸੰਤ ਤ੍ਰਿਲੋਕ ਸਿੰਘ ਵੈਦਯਰਾਜ 204. ਠਾਕੁਰ ਸਰਦੂਲ ਸਿੰਘ 205. ਪੰਡਿਤ ਨਾਨੂ ਸਿੰਘ 206. ਮਹੰਤ ਫੂਲਾ ਸਿੰਘ 207. ਮਹੰਤ ਸੇਵਾ ਸਿੰਘ ਵੈਦਯ ਰਾਜ 208. ਸੰਤ ਰਾਮ ਸਿੰਘ ਹਰਿਰਾਏਪੁਰ 209. ਮਹੰਤ ਦਲੀਪ ਸਿੰਘ 210. ਮਹੰਤ ਭੋਲਾ ਸਿੰਘ 211. ਸੰਤ ਮੇਵਾ ਸਿੰਘ 212. ਮਹੰਤ ਨੰਦ ਸਿੰਘ 213. ਠਾਕਰ ਸੁਧ ਸਿੰਘ 214. ਮਹੰਤ ਵੀਰ ਸਿੰਘ 215. ਮਹੰਤ ਮੰਗਲ ਸਿੰਘ ਦੌਧਰ 216. ਪੰਡਿਤ ਹਰਿਭਜਨ ਸਿੰਘ ਲੋਪੋ 217. ਪੰਡਿਤ ਬੇਲਾ ਸਿੰਘ ਘੁੰਮਣ ਕੇ 218. ਪੰਡਿਤ ਨਾਰਾਇਣ ਸਿੰਘ ਰਿਸ਼ੀਕੇਸ਼ 219. ਪੰਡਿਤ ਈਸ਼ਰ ਸਿੰਘ ਵਿਰਕਤ 220. ਬਾਬਾ ਗੋਪਾਲ ਸਿੰਘ 221. ਕਵੀ ਰਾਜ ਮਹੰਤ ਪ੍ਰਤਾਪ ਸਿੰਘ ਵੈਦ 222. ਪੰਡਿਤ ਜੀਵਾ ਸਿੰਘ ਧੂੜਕੋਟ 223. ਮਹੰਤ ਜੀਵਨ ਸਿੰਘ ਗੁਰੂਸਰ 224. ਸੰਤ ਭਗਵਾਨ ਸਿੰਘ ਫੂਲਾਂ ਵਾਲੇ 225. ਸੰਤ ਅਤਰ ਸਿੰਘ ਘੁੰਨਸਾਂ ਵਾਲੇ 226. ਸੰਤ ਈਸ਼ਰ ਸਿੰਘ ਸੇਮਾਂ 227. ਸੰਤ ਗੁਰਦਿਆਲ ਸਿੰਘ ਮਾਣਕਖਾਨਾ 228. ਬਾਬਾ ਪ੍ਰਧਾਨ ਸਿੰਘ 229. ਸੰਤ ਦੀਪ ਸਿੰਘ ਗੁਰਦਾਸਪੁਰ 230. ਸੰਤ ਮੱਜਾ ਸਿੰਘ 231. ਮਹੰਤ ਜਵੰਦ ਸਿੰਘ ਖਵਾਸਪੁਰ 232. ਮਹੰਤ ਹਰਦਿਆਲ ਸਿੰਘ 233. ਸੰਤ ਬਾਬਾ ਥਰਾਜ ਸਿੰਘ 234. ਮਹੰਤ ਸੁਰਮੁਖ ਸਿੰਘ 235. ਸੰਤ ਰਣ ਸਿੰਘ ਹਰੀਕੇ ਕਲ੍ਹਾਂ 236. ਮਹੰਤ ਨਿਹਾਲ ਸਿੰਘ ਕਾਉਣੀ 237. ਬਾਬਾ ਰਣ ਸਿੰਘ ਤਲਵੰਡੀ ਭਾਈਕੀ 238. ਸੰਤ ਦਲ ਸਿੰਘ 239. ਮਹੰਤ ਖੜਗ ਸਿੰਘ 240. ਮਹੰਤ ਕੁੰਢਾ ਸਿੰਘ 241. ਮਹੰਤ ਬਚਨ ਸਿੰਘ ਮੌੜ ਢਿਲਵਾਂ 242. ਸੰਤ ਮੋਹਰ ਸਿੰਘ ਮਹਿਮਾਸ਼ਾਹ 243. ਸੰਤ ਬੀਰ ਸਿੰਘ ਰੰਗਰੇਜ 244. ਮਹੰਤ ਖੂਬਦਿਆਲ ਸਿੰਘ 245. ਸੰਤ ਮਲੂਕ ਸਿੰਘ ਗੋਦੜੀਏ 246. ਮਹੰਤ ਨੌਰੰਗ ਸਿੰਘ 247. ਪੰਡਿਤ ਤ੍ਰਿਲੋਕ ਸਿੰਘ ਪੰਜ ਗਰਾਈ ਕਲਾਂ 248. ਮਹੰਤ ਮਾਹਣਾ ਸਿੰਘ 249. ਮਹੰਤ ਦਰਸ਼ਨ ਸਿੰਘ 250. ਮਹੰਤ ਨਛਤਰ ਸਿੰਘ 251. ਮਹੰਤ ਨਾਜਰ ਸਿੰਘ 252. ਸੰਤ ਦੀਨ ਦਿਆਲ 253. ਮਹੰਤ ਨਾਹਰ ਸਿੰਘ 254. ਮਹੰਤ ਵਰਿਆਮ ਸਿੰਘ ਕਾਉਂਕੇ ਕਲਾਂ 255. ਮਹੰਤ ਉਜਾਗਰ ਸਿੰਘ 256. ਮਹੰਤ ਅਮਰਜੀਤ ਹਰੀ 257. ਸ੍ਵਾਮੀ ਅਵਤਾਰ ਸਿੰਘ ਹਰੀ 258. ਮਹੰਤ ਗੱਜਾ ਸਿੰਘ ਸੰਗੀਤਚਾਰਯ 259. ਮਹੰਤ ਬੋਘ ਸਿੰਘ 260. ਸੰਤ ਖੜਗ ਸਿੰਘ ਜਲਾਲ 261. ਪੰਡਿਤ ਵੀਰ ਸਿੰਘ 262. ਪੰਡਿਤ ਮਹੰਤ ਗੁਲਾਬ ਸਿੰਘ ਮੁਕਤਸਰ 263. ਮਹੰਤ ਬਿਸ਼ਨ ਸਿੰਘ 264. ਮਹੰਤ ਜਵਾਲਾ ਸਿੰਘ 265. ਸੰਤ ਮਹਿਤਾਬ ਸਿੰਘ ਕੋਟਕਪੂਰਾ 266. ਮਹੰਤ ਜੈ ਸਿੰਘ ਵੈਦਰਾਜ 267. ਸੰਤ ਕਰਮ ਸਿੰਘ ਸੰਪ੍ਰਦਾਇ ਕਾਸ਼ੀ 268. ਸੰਤ ਅਮੀਰ ਸਿੰਘ 269. ਪੰਡਿਤ ਚੇਤ ਸਿੰਘ 270. ਪੰਡਿਤ ਸੱਦਾ

ਸਿੰਘ ਦੰਡੀ 271. ਪੰਡਿਤ ਸਿਰੀਆ ਸਿੰਘ ਵਿਰਕਤ 272. ਪੰਡਿਤ ਮਾਨ ਸਿੰਘ 273. ਬਾਬਾ ਦਰਗਾਹਾ ਸਿੰਘ 274. ਮਹੰਤ ਹਰਨਾਮ ਸਿੰਘ 275. ਮਹੰਤ ਸਾਧੂ ਸਿੰਘ ਦੇਹਰਾਦੂਨ 276. ਮਹੰਤ ਜਸਵਿੰਦਰ ਸਿੰਘ 277. ਬਾਬਾ ਗਰਜਾ ਸਿੰਘ 279. ਬਾਬਾ ਅਘੜ ਸਿੰਘ 280. ਸੰਤ ਰਾਮ ਸਿੰਘ ਜੰਡਿਆਲਾ 281. ਪੰਡਿਤ ਨਰੋਤਮ ਸਿੰਘ 282. ਮਹੰਤ ਮੂਲ ਸਿੰਘ ਸ੍ਰੀ ਗੋਇੰਦਵਾਲ 283. ਮਹੰਤ ਨਿਰੰਜਨ ਸਿੰਘ ਖਵਾਸਪੁਰ 284. ਮਹੰਤ ਗੋਪਾਲ ਸਿੰਘ ਖਵਾਸਪੁਰ 285. ਪੰਡਿਤ ਗੁਲਾਬ ਸਿੰਘ ਗਿਰਵੜੀ ਵਾਲੇ 286. ਪੰਡਿਤ ਰਾਮ ਸਿੰਘ ਕਾਲਰਾਂ 287. ਸੰਤ ਨਗੀਨਾ ਸਿੰਘ 288. ਪੰਡਿਤ ਗੰਗਾ ਸਿੰਘ ਕਥਾਵਾਚਕ 289. ਸੰਤ ਹਮੀਰ ਸਿੰਘ 290. ਮਹੰਤ ਬਿਸ਼ਨ ਸਿੰਘ ਬੋਹਤ 291. ਸੰਤ ਸੁੰਦਰ ਸਿੰਘ ਭਿੰਡਰ ਕਲਾਂ 292. ਸੰਤ ਇੰਦਰ ਸਿੰਘ 293. ਸੰਤ ਗੁਰਬਚਨ ਸਿੰਘ ਖਾਲਸਾ 294. ਗਿਆਨੀ ਮੋਹਨ ਸਿੰਘ 295. ਸੰਤ ਗੁਰਦਿਆਲ ਸਿੰਘ ਬੋਪਾਰਾਏ 296. ਗਿਆਨੀ ਅਜਾਇਬ ਸਿੰਘ 297. ਸੰਤ ਬਾਬਾ ਲੰਗਰ ਸਿੰਘ 298. ਪੰਡਿਤ ਨਿੱਕਾ ਸਿੰਘ 299. ਸੰਤ ਬਾਬਾ ਗਾਂਧਾ ਸਿੰਘ 300. ਮਹੰਤ ਰਘੁਬੀਰ ਸਿੰਘ ਸਸੁਰਾਮ (ਬਿਹਾਰ) 301. ਮਹੰਤ ਚੰਨਣ ਸਿੰਘ ਬਰਨਾਲਾ 302. ਮਹੰਤ ਭਾਨ ਸਿੰਘ ਬਰਨਾਲਾ 303. ਸੰਤ ਫਤਹ ਸਿੰਘ ਅੰਮ੍ਰਿਤਸਰ 304. ਠਾਕੁਰ ਦਿਆਲ ਸਿੰਘ 305. ਠਾਕੁਰ ਜੀਵਨ ਸਿੰਘ ਮੌੜ 306. ਸਜਨ ਸਿੰਘ 307. ਬਾਬਾ ਮਿਸ਼ਰਾ ਸਿੰਘ 308. ਮਹੰਤ ਰਤਨ ਸਿੰਘ ਪਨਿਆਲੀ 309. ਮਹੰਤ ਹਾਕਮ ਸਿੰਘ ਪਨਿਆਲੀ 310. ਮਹੰਤ ਮਨਜੀਤ ਸਿੰਘ 311. ਮਹੰਤ ਭੁਪਿੰਦਰ ਸਿੰਘ ਹਰਿਦੁਆਰ 312. ਸ੍ਵਾਮੀ ਭਗਤ ਸਿੰਘ ਪਿੰਡੀਘੇਬ ਵਾਲੇ 313. ਮਹੰਤ ਉਅੰਕਾਰ ਸਿੰਘ ਗਨਆਰੀ 314. ਗਿਆਨੀ ਜਗਰੂਪ ਸਿੰਘ 315. ਗਿਆਨੀ ਕੌਰ ਸਿੰਘ 316. ਮਹੰਤ ਕ੍ਰਿਪਾਲ ਸਿੰਘ ਟੰਗਿਆਟ (ਪੁਣਛ) 317. ਮਹੰਤ ਤ੍ਰਿਲੋਚਨ ਸਿੰਘ 318. ਬਾਬਾ ਪ੍ਰੇਮ ਸਿੰਘ ਝਾੜੀ ਵਾਲੇ 319. ਪੰਡਿਤ ਆਨੰਦ ਸਿੰਘ ਮੰਡਲੇਸ੍ਵਰ 320. ਬਾਬਾ ਬੱਠਾ ਸਿੰਘ 321. ਭਾਈ ਕਪੂਰ ਸਿੰਘ ਰਾਗੀ 322. ਪੰਡਿਤ ਹਰੀ ਸਿੰਘ ਵਿਰਕਤ ਰਿਸ਼ੀਕੇਸ਼ 323. ਪੰਡਿਤ ਗੁਰਦਿੱਤ ਸਿੰਘ ਵਿਰਕਤ 324. ਸੰਤ ਮੁਕੰਦ ਸਿੰਘ 325. ਮਹੰਤ ਬੁੱਢਾ ਸਿੰਘ 326. ਮਹੰਤ ਆਤਮਾ ਸਿੰਘ ਪੱਤੋ ਹੀਰਾ ਸਿੰਘ 327. ਮਹੰਤ ਰਾਮ ਸਿੰਘ ਨਿਰਮਲ ਆਸ਼੍ਰਮ ਰਿਸ਼ੀਕੇਸ਼ 328. ਮਹੰਤ ਮੂਲ ਸਿੰਘ ਖੈਰਾਬਾਦ 329. ਪੰਡਿਤ ਗੰਡਾ ਸਿੰਘ ਕਾਸ਼ੀ 330. ਸ੍ਵਾਮੀ ਸੰਤ ਸਿੰਘ ਤਰਨ ਤਾਰਨ 331. ਸੰਤ ਬਾਜ ਸਿੰਘ ਮਟੋਰ 332. ਮਹੰਤ ਅਵਤਾਰ ਸਿੰਘ ਗੋਲੜਾ 333. ਮਹੰਤ ਅਮਰ ਸਿੰਘ ਬਿਛੀਆਣਾ 334. ਸੰਤ ਫਕੀਰ ਸਿੰਘ ਨਾਰਾ 335. ਸੰਤ ਖਜ਼ਾਨ ਸਿੰਘ ਧਾਮੀਆਂ ਕਲਾਂ 336. ਸੰਤ ਰੋਚਾ ਸਿੰਘ ਦੁਗਨ 337. ਮਹੰਤ ਮਿਹਰ ਸਿੰਘ ਮੁਖੀਏ 338. ਸੰਤ ਭਾਈ ਫੇਰੂ ਸਿੰਘ 339. ਸੰਤ ਭਾਈ ਪੰਜਾਬ ਸਿੰਘ 340. ਸੰਤ ਰੋਚਾ ਸਿੰਘ ਕੌਸਾਂ ਜ਼ਿਲ੍ਹਾ ਹਜ਼ਾਰਾ 341. ਸੰਤ ਮੇਲਾ ਸਿੰਘ ਕੋਟੇੜ੍ਹੀ 342. ਸੰਤ ਮੰਨਾ ਸਿੰਘ 343. ਸੰਤ ਮੰਗਲ ਸਿੰਘ ਦੱਤ 344. ਸੰਤ ਰਤਨ ਸਿੰਘ ਸੂਦਨ 345. ਸੰਤ ਅਵਤਾਰ ਸਿੰਘ ਧੜਿਆਂ (ਪੁਣਛ) 346. ਸੰਤ ਰਤਨ ਸਿੰਘ ਮੋਦੀ 347. ਸੰਤ ਮੋਹਰ ਸਿੰਘ ਦੇਵਨਾਥ 348. ਸੰਤ ਮੰਗਲ ਸਿੰਘ 349. ਮਹੰਤ ਬਚਿੱਤਰ ਸਿੰਘ, 350. ਸੰਤ ਠਾਕਰ ਬੱਲਾ ਸਿੰਘ 351. ਮਹੰਤ ਕਾਹਨ ਸਿੰਘ ਕੁਟਹਿੜੀ (ਪੁਣਛ) 352. ਮਹੰਤ ਜੋਗਾ ਸਿੰਘ 353. ਪੰਡਿਤ ਖਟਦਰਸ਼ਨ ਸਿੰਘ ਵਿਰਕਤ 354. ਮਹੰਤ ਕਰਮ ਸਿੰਘ 355. ਮਹੰਤ

ਭੀਮ ਸਿੰਘ 356. ਗਿਆਨੀ ਅਨੋਖਸਰ ਸਿੰਘ ਵਿਵੇਕਸਰ ਅੰਮ੍ਰਿਤਸਰ ਵਾਲੇ 357. ਸੰਤ ਨਿਧਾਨ ਸਿੰਘ ਅਕਾਲਗੜ੍ਹ 358. ਮਹੰਤ ਉਤਮ ਸਿੰਘ 359. ਸੰਤ ਖੁਸ਼ਹਾਲ ਸਿੰਘ 360. ਪੰਡਿਤ ਫੌਜਾ ਸਿੰਘ 361. ਸੰਤ ਰਾਮ ਸਿੰਘ ਫਤਿਹਾਬਾਦ 362. ਮਹੰਤ ਬੂਟਾ ਸਿੰਘ 363. ਸੰਤ ਬਘੇਲ ਸਿੰਘ 364. ਪੰਡਿਤ ਸ਼ਮੀਰ ਸਿੰਘ ਬਲੋਂਗੀ ਵਾਲੇ 365. ਮਹੰਤ ਨਾਰਾਇਣ ਸਿੰਘ ਖੁਰਦਪੁਰ 366. ਮੰਡਲੇਸ੍ਵਰ ਪੰਡਿਤ ਕਾਲਾ ਸਿੰਘ 367. ਪੰਡਿਤ ਗੁਰਦੀਪ ਸਿੰਘ ਵੇਦਾਂਤਕੇਸਰੀ 368. ਮਹੰਤ ਰਘੁਬੀਰ ਸਿੰਘ ਸ਼ਾਸਤ੍ਰੀ ਕਾਂਗੜ 369. ਪੰਡਿਤ ਈਸ਼ਰ ਸਿੰਘ ਪੀਰੋ ਚੱਕ ਜ਼ਿਲ੍ਹਾ ਸਿਆਲਕੋਟ 370. ਮਹੰਤ ਚੰਦਾ ਸਿੰਘ ਛੀਨੇ ਕਰਮ ਸਿੰਘ 371. ਮਹੰਤ ਤ੍ਰਿਲੋਕ ਸਿੰਘ ਛੀਨੇ ਕਰਮ ਸਿੰਘ 372. ਮਹੰਤ ਨੱਥਾ ਸਿੰਘ ਰੱਤੋਕੇ 373. ਸੰਤ ਬਾਬਾ ਵਧਾਵਾ ਸਿੰਘ ਬੂਰੇ ਵਾਲੇ 374. ਸੰਤ ਚੇਤਨ ਸਿੰਘ 375. ਮਹੰਤ ਸਾਧੂ ਸਿੰਘ ਸ਼ਾਸਤ੍ਰੀ 376. ਸ੍ਵਾਮੀ ਮੰਗਲ ਹਰੀ ਜੀ 377. ਪੰਡਿਤ ਸਰੈਣ ਸਿੰਘ (ਸ੍ਵਾਮੀ ਸ਼ੰਕਰਾਨੰਦ) 378. ਸੰਤ ਤੋਤਾ ਸਿੰਘ 379. ਪੰਡਿਤ ਬਸੰਤ ਸਿੰਘ ਡੀਂਗਰੀਆਂ 380. ਮਹੰਤ ਜੁਝਾਰ ਸਿੰਘ 381. ਪੰਡਿਤ ਨਰ ਹਰੀ ਨਾਰਾਇਣ ਸਿੰਘ 382. ਪੰਡਿਤ ਤੇਜਿੰਦਰ ਸਿੰਘ ਸ਼ਾਸਤ੍ਰੀ 383. ਮਹੰਤ ਆਨੰਦ ਸਿੰਘ ਰਿਸ਼ੀਕੇਸ਼ 384. ਸੰਤ ਦੀਪ ਸਿੰਘ 385. ਸੰਤ ਬਾਬਾ ਬਚਨ ਸਿੰਘ 386. ਪੰਡਿਤ ਪ੍ਰੀਤਮ ਸਿੰਘ 387. ਸੰਤ ਦਿਆਲ ਸਿੰਘ ਗੰਧੀਆਂ 388. ਸੰਤ ਹਰਨਾਮ ਸਿੰਘ 389. ਮਹੰਤ ਰਘੁਬੀਰ ਸਿੰਘ ਸ਼ਾਸਤ੍ਰੀ 390. ਸੰਤ ਮਹਿੰਦਰ ਸਿੰਘ ਲਾਇਲਪੁਰ 391. ਗਿਆਨੀ ਦੀਦਾਰ ਸਿੰਘ ਬਦੋਵਾਲ 392. ਭਾਈ ਫਤਹ ਸਿੰਘ ਰਾਗੀ ਵਾਲਾ 393. ਬਾਬਾ ਦੀਪ ਸਿੰਘ ਸ਼ਹੀਦ 394. ਬਾਬਾ ਸੁਧਾ ਸਿੰਘ 395. ਸੰਤ ਵਧਾਵਾ ਸਿੰਘ ਜਖੇਪਲ 396. ਸੰਤ ਅਤਰ ਸਿੰਘ ਪੋਠੋਹਾਰ 397. ਸੰਤ ਜੋਧ ਸਿੰਘ ਪਿੰਡ ਮੌਜੋ 398. ਸੰਤ ਹਾਕਮ ਸਿੰਘ ਦਰਦੀ 399. ਪੰਡਿਤ ਮਾਨ ਸਿੰਘ ਮੌੜ 400. ਸੰਤ ਹੀਰਾ ਸਿੰਘ ਬੁੰਗਾ ਲਿਖਾਰੀਆਂ 401. ਸੰਤ ਗੁਰਬਖਸ਼ ਸਿੰਘ ਲਾਹੌਰ 402. ਮਹੰਤ ਜੀਤ ਸਿੰਘ 403. ਸੰਤ ਹੀਰਾ ਸਿੰਘ ਫਰੀਦਕੋਟ 404. ਗਿਆਨੀ ਪੰਜਾਬ ਸਿੰਘ 405. ਗਿਆਨੀ ਟਹਿਲ ਸਿੰਘ 406. ਸੰਤ ਚੰਦਾ ਸਿੰਘ 407. ਮਹੰਤ ਮਹਾਂ ਸਿੰਘ 408. ਸੰਤ ਦੇਵਾ ਸਿੰਘ ਕਟੂ 409. ਬਾਬਾ ਮੋਹਰ ਸਿੰਘ ਕਟਈ 410. ਮਹੰਤ ਅਜੀਤ ਸਿੰਘ 411. ਸੰਤ ਬਸੰਤ ਸਿੰਘ ਹਾਂਡਾ 412. ਮਹੰਤ ਦਸੌਂਦਾ ਸਿੰਘ ਅੰਤਰਜਾਮੀ 413. ਮਹੰਤ ਮਿਤ੍ਰਪ੍ਰਕਾਸ਼ ਸਿੰਘ 414. ਮਹੰਤ ਜਸਵੀਰ ਸਿੰਘ 415. ਸੰਤ ਬਾਬਾ ਮਹਿਤਾਬ ਸਿੰਘ ਮੁਕੰਦਪੁਰ ਸੋਢੀਆਂ 416. ਮਹੰਤ ਗੁਵਰਧਨ ਸਿੰਘ 417. ਗਿਆਨੀ ਉਤਮ ਸਿੰਘ ਸ਼ਹੀਦ 418. ਸੰਤ ਦੇਵਾ ਸਿੰਘ ਗੋਦੜੀਏ 419. ਠਾਕੁਰ ਮੋਹਰ ਸਿੰਘ ਮਸਤਗੜ੍ਹ 420. ਮਹੰਤ ਚਰਨ ਸਿੰਘ 421. ਮਹੰਤ ਜੈ ਸਿੰਘ ਚਨੌਤਾ 422. ਮਹੰਤ ਉਤਮ ਸਿੰਘ ਸ਼ਾਲਾਪੁਰ ਤਲਾਵਾ 423. ਮਹੰਤ ਹਮੀਰ ਸਿੰਘ ਖੁੱਡਾ 424. ਪੰਡਿਤ ਹਰੀਰਾਮ ਸਿੰਘ ਵੈਦਿਕ ਰਿਸ਼ੀ 425. ਠਾਕਰ ਗੁਰਮੁਖ ਸਿੰਘ 426. ਠਾਕਰ ਇਛਰ ਸਿੰਘ ਲਾਹੌਰ ਵਾਲੇ 427. ਬਾਬਾ ਬੇਲਾ ਸਿੰਘ 428. ਸੰਤ ਬਖਤਾਵਰ ਸਿੰਘ 429. ਮਹੰਤ ਸੁੰਦਰ ਸਿੰਘ ਜਾਗੂਵਾਲ 430. ਸੰਤ ਅਨੰਦ ਸਿੰਘ ਗੁਜਰਾਂ ਵਾਲੇ 431. ਸੰਤ ਪ੍ਰੇਮ ਸਿੰਘ ਗੁਜਰਾਂਵਾਲਾ 432. ਮਹੰਤ ਤੇਜਾ ਸਿੰਘ ਨਰਾਲੀ 433. ਸੰਤ ਖੜਗ ਸਿੰਘ ਵਿਰਕਤ 434. ਪੰਡਿਤ ਓਅੰਕਾਰ ਸਿੰਘ ਚੂਹੜਚੱਕ 435. ਸਾਂਈ ਲੋਕ ਸੰਤ ਮੱਲ ਸਿੰਘ 436. ਮਹੰਤ ਗੁਰਦਿੱਤ ਸਿੰਘ ਮੂਣਕਾਂ ਬੇਲੇਵਾਲ 437.

ਬੀਬੀ ਚਰਨ ਕੌਰ 438. ਪੰਡਿਤ ਸਾਧੂ ਸਿੰਘ ਬਾੜੀਆਂ ਕਲਾਂ 439. ਪੰਡਿਤ ਅਮਰ ਸਿੰਘ ਡੇਰਾ ਬੋਹੜ ਵਾਲਾ 440. ਸੰਤ ਗਿਆਨੀ ਲਾਲ ਸਿੰਘ ਪੰਡੋਰੀ ਨਿਝਰਾਂ 441. ਸੰਤ ਹਾਕਮ ਸਿੰਘ ਗੇਹਨਨ 442. ਸੰਤ ਜਸਵੰਤ ਸਿੰਘ 443. ਬਾਬਾ ਭਗਵੰਤ ਭਜਨ ਸਿੰਘ 444. ਸੰਤ ਹਰਨਾਮ ਸਿੰਘ ਹਥਨ 445. ਸੰਤ ਸਰੂਪ ਸਿੰਘ 446. ਸੰਤ ਹਰਨਾਮ ਸਿੰਘ ਮਨਸੂਰ ਵਾਲੇ 447. ਬਾਬਾ ਬਲਵਿੰਦਰ ਸਿੰਘ 448. ਸੰਤ ਨੰਦ ਸਿੰਘ ਨਾਨਕਸਰ ਵਾਲੇ 449. ਪੰਡਿਤ ਚੜ੍ਹਤ ਸਿੰਘ 450. ਸੰਤ ਮਨਸੂਰ ਸਿੰਘ 451. ਸੰਤ ਸਵਰਗ ਸਿੰਘ 452. ਸੰਤ ਆਤਮਾ ਸਿੰਘ 453. ਸੰਤ ਹਮੀਰ ਸਿੰਘ ਬਰਨਾਲਾ 454. ਸੰਤ ਸੁੰਦਰ ਸਿੰਘ 455. ਠਾਕਰ ਬਹਾਲ ਸਿੰਘ 456. ਮਹੰਤ ਪ੍ਰਤਾਪ ਸਿੰਘ 457. ਮਹੰਤ ਮਹਿਲ ਸਿੰਘ 458. ਮਹੰਤ ਇਕਬਾਲ ਸਿੰਘ ਵਰਪਾਲ 459. ਮਹੰਤ ਗੁਲਾਬ ਸਿੰਘ ਵਣਚਿੜੀ 460. ਬਾਬਾ ਕੂਮਾ ਸਿੰਘ ਜੀ 461. ਮਹੰਤ ਸੁਰਿੰਦਰ ਸਿੰਘ 462. ਸੰਤ ਮੰਗਲ ਸਿੰਘ ਸਿਆਲਕੋਟ 463. ਪੰਡਿਤ ਭਾਨ ਸਿੰਘ ਨਯਾਯ ਗੋਤਮ 464. ਸੰਤ ਬਿਹਾਰ ਬ੍ਰਿੰਦਾਵਨ ਸਿੰਘ 465. ਪ੍ਰਿਥੀ ਚੰਦ 466. ਮਿਹਰਵਾਨ 467. ਬਾਬਾ ਹਰਿ ਜੀ 468. ਭਾਈ ਦਰਬਾਰੀ ਦਾਸ 469. ਭਾਈ ਕੁਸ਼ਲ ਦਾਸ 470. ਭਾਈ ਕੇਸ਼ੋ ਦਾਸ 471. ਹਰੀਏ 472. ਬਾਲਾ 473. ਬਾਬਾ ਕੌਲ ਸਾਹਿਬ 474. ਭਾਈ ਭੂੰਦੜ 475. ਸੰਤ ਰਘੁਬੀਰ ਦਾਸ 476. ਸੰਤ ਵੈਰਾਗਪੁਰੀ 477. ਸੰਤ ਵਰਿਆਮ ਦਾਸ 478. ਭਗਤ ਕਾਕੂ ਜੀ 479. ਸੰਤ ਧਰਮ ਦਾਸ 480. ਪ੍ਰੋ. ਹਰਬੰਸ ਸਿੰਘ 481. ਸ. ਸਾਧੂ ਸਿੰਘ ਰੰਧਾਵਾ 482. ਸ. ਬੁੱਘਾ ਸਿੰਘ 483. ਬਾਬਾ ਫੌਜਦਾਰ ਸਿੰਘ ਸੋਢੀ 484. ਮਹੰਤ ਸੰਤੋਖ ਦਾਸ 485. ਪੰਡਿਤ ਕਰਤਾਰ ਸਿੰਘ ਦਾਖਾ 486. ਭਾਈ ਫੁੰਮਣ ਸਿੰਘ ਅਮਰਗੜ੍ਹ ਵਾਲੇ 487. ਭਾਈ ਅਮਰਜੀਤ ਸਿੰਘ 488. ਗਿਆਨੀ ਚੰਨਣ ਸਿੰਘ ਗੁਰਨੇਕਲਾਂ 489. ਬਾਬੂ ਚੰਦਾ ਸਿੰਘ 490. ਸੰਤ ਕਾਨ੍ਹ ਸਿੰਘ ਸੇਵਾ ਪੰਥੀ 491. ਗਿਆਨੀ ਅਜਮੇਰ ਸਿੰਘ ਐਮ.ਏ ਲੋਹਗੜ੍ਹ 492. ਸ. ਬੁਗਰ ਸਿੰਘ ਦਰੀਆਪੁਰ 493. ਗਿਆਨੀ ਗੁਰਚਰਨ ਸਿੰਘ ਮੁਕਤਸਰ 494. ਭਾਈ ਕਰਤਾਰ ਸਿੰਘ ਅਮਰਗੜ੍ਹ 495. ਭਾਈ ਦੁਲਾ ਸਿੰਘ 496. ਭਾਈ ਕਰਮ ਸਿੰਘ ਸ਼ਾਂਤ 497. ਜਥੇਦਾਰ ਮੱਖਣ ਸਿੰਘ 498. ਸ. ਪ੍ਰੀਤਮ ਸਿੰਘ ਭਾਸ਼ਾ ਵਿਭਾਗ।

ਉਪਰੋਕਤ ਵਿਚੋਂ ਗਿਆਨੀ ਜੀ ਨੇ ਵਿਸ਼ੇਸ਼ ਰੂਪ ਵਿਚ ਸੰਤ ਅਤਰ ਸਿੰਘ ਜੀ (*ਅਗਮ ਅਗਾਧ ਪੁਰਖ, ਕਲਾਧਾਰੀ ਪੁਰਖ, ਏਕ ਪੁਰਖ ਅਪਾਰ*), ਭਾਈ ਫੁੰਮਣ ਸਿੰਘ ਜੀ *(ਵਿਦਿਆਸਰ ਦਾ ਵਿਦਿਆਸਾਗਰ)* ਅਤੇ ਜਥੇਦਾਰ ਦਿਆਲ ਸਿੰਘ ਪਰਵਾਨਾ *(ਅਦੁਤੀ ਸੇਵਕ*) ਦੇ ਜੀਵਨ ਅੰਕਿਤ ਕੀਤੇ ਹਨ। ਇਨ੍ਹਾਂ ਤੋਂ ਇਲਾਵਾ ਉਪਰੋਕਤ ਸੂਚੀ ਵਿਚ ਵਰਣਿਤ ਵਿਅਤਕੀਆਂ ਦੇ ਜੀਵਨ ਨਿਰਮਲ ਭੇਖ ਦੇ ਇਤਿਹਾਸ, ਸੰਪ੍ਰਦਾਇ ਮਸਤੂਆਣਾ ਦਾ ਇਤਿਹਾਸ, ਪਿੰਡ ਕੋਠਾ ਗੁਰੂ ਦਾ ਇਤਿਹਾਸ, ਦਮਦਮਾ ਸਾਹਿਬ ਦੇ ਇਤਿਹਾਸ ਲਿਖਦੇ ਸਮੇਂ ਸੰਖੇਪ ਰੂਪ ਵਿਚ ਆਏ ਹਨ।

ਜਿਵੇਂ ਉਪਰੋਕਤ ਸੂਚੀ ਤੋਂ ਸਪੱਸ਼ਟ ਹੈ ਕਿ ਗਿਆਨੀ ਜੀ ਨੇ ਜੀਵਨੀ ਮੂਲਕ ਇਤਿਹਾਸ ਲਿਖਿਆ। ਗਿਆਨੀ ਜੀ ਦੀ ਜੀਵਨੀ ਸਾਹਿਤ ਵਿਚ ਸਭ ਤੋਂ ਪ੍ਰਮੁਖ ਦੇਣ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਜੀਵਨੀ ਹੈ। ਸੰਤ ਅਤਰ ਸਿੰਘ ਜੀ ਨੇ ਵੀਹਵੀਂ ਸਦੀ ਦੇ ਆਰੰਭ ਵਿਚ ਗੁਰਮਤਿ ਅਤੇ ਵਿਦਿਆ ਪ੍ਰਚਾਰ ਵਿਚ

ਯੋਗਦਾਨ ਪਾਇਆ। ਸਿੱਖੀ ਪ੍ਰਚਾਰ ਲਈ ਗੁਰਦੁਆਰਿਆਂ ਦੀ, ਵਿਦਿਆ ਪ੍ਰਚਾਰ ਵਾਸਤੇ ਸਕੂਲਾਂ ਤੇ ਕਾਲਜਾਂ ਦੀ ਸਥਾਪਨਾ ਕੀਤੀ। ਅੰਮ੍ਰਿਤ ਸੰਚਾਰ ਦੀ ਖੰਡੇ ਬਾਟੇ ਅਤੇ ਪੰਜਾਂ ਪਿਆਰਿਆਂ ਦੁਆਰਾ ਗੁਰੂ ਕਲਗੀਧਰ ਦੀ ਕਾਇਮ ਕੀਤੀ ਮਰਯਾਦਾ ਨੂੰ ਅਮਲ ਵਿਚ ਲਿਆਂਦਾ। ਲੰਗਰ ਨੂੰ ਵਿਸ਼ੇਸ਼ ਪ੍ਰਮੁਖਤਾ ਦਿਤੀ ਅਤੇ ਲੰਗਰ ਅਖੰਡ (ਰਾਤ-ਦਿਨ ਚੱਲਣ ਵਾਲੇ) ਆਰੰਭ ਕੀਤੇ। ਅਨੇਕ ਗੁਰਦੁਆਰੇ, ਸਕੂਲ, ਕਾਲਜ ਆਰੰਭ ਕੀਤੇ। ਅਨੇਕਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਵਿਚ ਵਾਧਾ ਕੀਤਾ। ਸੰਤ ਜੀ ਦੇ ਪ੍ਰਚਾਰ ਨਾਲ ਖ਼ਾਲਸੇ ਪੰਥ ਦਾ ਬੋਲਬਾਲਾ ਹੋ ਗਿਆ। ਇਸ ਤਰ੍ਹਾਂ ਸੰਤ ਜੀ ਨੇ ਗੁਰਮਤਿ ਪ੍ਰਚਾਰ ਅਤੇ ਵਿਦਿਆ ਪ੍ਰਚਾਰ ਵਿਚ ਅਹਿਮ ਯੋਗਦਾਨ ਪਾਇਆ। ਸੰਤ ਅਤਰ ਸਿੰਘ ਜੀ ਦੇ ਤਪ-ਤੇਜ, ਪ੍ਰਤਾਪ ਨਾਲ ਸੰਪ੍ਰਦਾਇ ਮਸਤੂਆਣਾ ਹੋਂਦ ਵਿਚ ਆਈ।[395]

ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਦੇ ਜੀਵਨ ਬਾਰੇ *ਅਗਮ ਅਗਾਧ ਪੁਰਖ (1983), ਏਕ ਪੁਰਖ ਅਪਾਰ (1983), ਪੂਜਯ ਸੰਤ ਅਤਰ ਸਿੰਘ ਜੀ (ਕਿਤਾਬਚਾ,1987), ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਅਤੇ ਸ੍ਰੀਮਾਨ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਉਪਕਾਰ (2017)* ਕਲਾਧਾਰੀ ਪੁਰਖ (2012), ਅਤੇ *ਸੰਪ੍ਰਦਾਇ ਮਸਤੂਆਣਾ* (2015) ਪੁਸਕਤਾਂ ਦੀ ਰਚਨਾ ਕੀਤੀ। ਗਿਆਨੀ ਜੀ ਤੋਂ ਪਹਿਲਾਂ ਸੰਤ ਅਤਰ ਸਿੰਘ ਬਾਰੇ ਪ੍ਰਚਾਰਾਤਮਿਕ ਸਾਹਿਤ ਰਚਿਆ ਗਿਆ ਜਿਹੜਾ ਸੰਤ ਜੀ ਦੀ ਅਧਿਆਤਮਿਕ ਸ਼ਖ਼ਸੀਅਤ ’ਤੇ ਚਾਨਣਾ ਪਾਉਂਦਾ ਹੈ। ਉਨ੍ਹਾਂ ਦੀ ਇਤਿਹਾਸਕ, ਵਿਦਿਅਕ ਜਾਂ ਸਮਾਜਿਕ ਸ਼ਖ਼ਸੀਅਤ ਨੂੰ ਨਹੀਂ ਉਭਾਰਿਆ ਗਿਆ। ਸਭ ਤੋਂ ਪਹਿਲਾ ਕ੍ਰਿਪਾਲ ਸਿੰਘ ਦਰਦ ਨੇ 1927 ਈ. ਵਿਚ *ਸ੍ਰੀ ਸੰਤ ਅਤਰ ਸਿੰਘ ਜੀ ਮਹਾਰਾਜ* ਪੁਸਤਕ ਲਿਖੀ। ਅਗਲਾ ਪ੍ਰਮੁਖ ਕਾਰਜ ਹਫਤਾਵਰੀ *ਅਕਾਲੀ ਪਤ੍ਰਿਕਾ ਲਾਹੌਰ* ਦਾ *ਸੰਤ ਅਤਰ ਸਿੰਘ ਵਿਸ਼ੇਸ਼ ਅੰਕ* 1933 ਈ. ਵਿਚ ਛਪਿਆ ਜਿਸ ਵਿਚ ਪ੍ਰਸਿਧ ਵਿਦਵਾਨਾਂ ਨੇ ਸੰਤ ਅਤਰ ਸਿੰਘ ਜੀ ਦੇ ਉਪਕਾਰਾਂ ਦਾ ਮੁਲੰਕਣ ਕੀਤਾ ਹੈ। ਇਸ ਪਤ੍ਰਿਕਾ ਵਿਚ ਮਾਸਟਰ ਤਾਰਾ ਸਿੰਘ, ਗਿਆਨੀ ਗੁਰਮੁਖ ਸਿੰਘ, ਗਿਆਨੀ ਪ੍ਰਤਾਪ ਸਿੰਘ, ਗੰਗਾ ਸਿੰਘ, ਤੇਜਾ ਸਿੰਘ, ਗਿਆਨੀ ਹੀਰਾ ਸਿੰਘ ਦਰਦ, ਸ਼ੇਰ ਸਿੰਘ, ਸ. ਈਸ਼ਰ ਸਿੰਘ ਨਾਰਾ, ਭਾਈ ਮੋਹਨ ਸਿੰਘ ਵੈਦ, ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਆਦਿ ਲੇਖਕਾਂ ਦੇ ਲੇਖ ਅਤੇ ਕਵਿਤਾਵਾਂ ਛਪੀਆਂ ਹਨ। ਅਗਲਾ ਕਾਰਜ ਭਾਈ ਨਾਰਾਇਣ ਸਿੰਘ ਦਾ *ਸੰਤ ਬਿਲਾਸ* ਜੁਲਾਈ 1953 ਵਿਚ ਛਪਿਆ। ਇਹ ਕਵਿਤਾ ਵਿਚ ਹੈ। ਇਨ੍ਹਾਂ ਨੇ ਸੰਤ ਜੀ ਦੇ ਜੀਵਨ ਨੂੰ ਸਾਲਵਾਰ ਅੰਕਿਤ ਕੀਤਾ ਹੈ। ਇਨ੍ਹਾਂ ਰਚਨਾਵਾਂ ਤੋਂ ਬਾਅਦ 1983 ਈ. ਵਿਚ ਕੋਠਾ ਗੁਰੂ ਜੀ ਦੁਆਰਾ ਸੰਤ ਅਤਰ ਸਿੰਘ ਜੀ ਦੇ ਜੀਵਨ ’ਤੇ *ਅਗਮ ਅਗਾਧ ਪੁਰਖ* ਪੁਸਤਕ ਲਿਖੀ ਗਈ। ਗਿਆਨੀ ਜੀ ਨੇ ਤਾਰਕਿਕ ਤਰਤੀਬ ਦੇ ਕੇ ਸੰਤ ਜੀ ਦੇ ਜੀਵਨ ਨੂੰ ਵਿਸਤਾਰ ਸਹਿਤ ਅੰਕਿਤ ਕੀਤਾ ਹੈ। ਗਿਆਨੀ ਜੀ ਨੇ ਵੀ ਸੰਤ ਜੀ ਦੇ ਜੀਵਨ ਨੂੰ ਸਾਲਵਾਰ ਹੀ ਅੰਕਿਤ ਕੀਤਾ ਹੈ ਜਿਸ ਵਿਚ ਸੰਤ ਅਤਰ ਸਿੰਘ ਜੀ ਦੇ ਜਨਮ ਤੋਂ ਪਹਿਲਾਂ ਦੀਆਂ ਸਮਕਾਲੀ ਪ੍ਰਸਥਿਤੀਆਂ, ਸੰਤ ਜੀ ਦੇ ਜਨਮ, ਵੰਸ਼, ਫੌਜ ਵਿਚ ਭਰਤੀ ਹੋਣਾ, ਗੁਰਮਤਿ ਅਤੇ ਵਿਦਿਆ ਪ੍ਰਚਾਰ ਵਿਚ

[395] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, ਸੰਪ੍ਰਦਾਇ ਮਸਤੂਆਣਾ, ਪੰਨਾ 13.

ਪਾਏ ਯੋਗਦਾਨ ਬਾਰੇ ਵਿਸਤਾਰ ਨਾਲ ਬਿਆਨ ਕੀਤਾ ਹੈ। ਸੰਤ ਅਤਰ ਸਿੰਘ ਨੇ ਵੱਖ-ਵੱਖ ਥਾਵਾਂ ’ਤੇ ਜਾ ਕੇ ਗੁਰਮਤਿ ਪ੍ਰਚਾਰ ਕੀਤਾ ਅਤੇ ਸੰਗਤਾਂ ਨੂੰ ਗੁਰਮਤਿ ਨਾਲ ਜੋੜਿਆ। ਗਿਆਨੀ ਜੀ ਨੇ ਤਿਥਾਂ ਦੇ ਅਧਾਰ ’ਤੇ ਕਾਲਕ੍ਰਮ ਅਨੁਸਾਰ ਸੰਤ ਜੀ ਦਾ ਜੀਵਨ ਅੰਕਿਤ ਕੀਤਾ। ਸੰਤ ਅਤਰ ਸਿੰਘ ਦੇ ਸ਼ਰਧਾਲੂਆਂ ਤੋਂ ਜਾਣਕਾਰੀ ਪ੍ਰਾਪਤ ਕੀਤੀ। ਗਿਆਨੀ ਜੀ ਗਿਆਨੀ ਜੀ ਨੇ ਸੰਤ ਜੀ ’ਤੇ ਆਪਣੇ ਤੋਂ ਪਹਿਲਾਂ ਹੋਏ ਕਾਰਜਾਂ ਅਤੇ ਮੌਖਿਕ ਪਰੰਪਰਾ ਨੂੰ ਅਧਾਰ ਬਣਾ ਕੇ ਸੰਤ ਜੀ ਬਾਰੇ ਲਿਖਿਆ। ਗਿਆਨੀ ਜੀ ਦੁਆਰਾ ਸੰਤ ਅਤਰ ਸਿੰਘ ਜੀ ’ਤੇ ਕੀਤਾ ਗਿਆ ਕਾਰਜ ਸਿੱਖ ਸਾਹਿਤ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ ਕਿਉਂਕਿ ਉਨ੍ਹਾਂ ਨੇ ਸੰਤ ਜੀ ਦਾ ਜੀਵਨ ਤਾਰਕਿਕ ਢੰਗ ਨਾਲ ਤਰਤੀਬਵਾਰ ਅੰਕਿਤ ਕੀਤਾ ਹੈ।

ਅਗਮ ਅਗਾਧ ਪੁਰਖ ਪੁਸਤਕ ਤੋਂ ਬਾਅਦ ਗਿਆਨੀ ਜੀ ਨੇ ਸੰਤ ਅਤਰ ਸਿੰਘ ਦੇ ਜੀਵਨ ’ਤੇ *ਕਲਾਧਾਰੀ ਪੁਰਖ* ਪੁਸਤਕ ਵੀ ਪ੍ਰਕਾਸ਼ਿਤ ਕੀਤੀ ਜਿਸ ਵਿਚ ਸੰਤ ਅਤਰ ਸਿੰਘ ਜੀ ਦੇ ਜੀਵਨ ਦੇ ਮਹੱਤਵਪੂਰਨ ਪਹਿਲੂਆਂ ਬਾਰੇ ਬਿਆਨ ਕੀਤਾ ਹੈ। ਇਹ ਅਗਮ ਅਗਾਧ ਪੁਰਖ ਨਾਲੋਂ ਸੰਖੇਪ ਵਿਚ ਹੈ। ਇਸ ਪੁਸਤਕ ਵਿਚ ਸੰਤ ਜੀ ਦੁਆਰਾ ਧਾਰਮਿਕ, ਵਿਦਿਅਕ ਅਤੇ ਸਮਾਜਿਕ ਪੱਖੋਂ ਸਿੱਖ ਪੰਥ ਦੀ ਵ੍ਰਿਧੀ ਲਈ ਪਾਏ ਯੋਗਦਾਨ ਨੂੰ ਬਿਆਨ ਕੀਤਾ ਹੈ। ਗਿਆਨੀ ਜੀ ਦਾ ਸੰਤ ਅਤਰ ਸਿੰਘ ਜੀ ਬਾਰੇ ਇਹ ਕਾਰਜ ਭਾਵੇਂ ਅਗਮ ਅਗਾਧ ਪੁਰਖ ਨਾਲੋਂ ਸੰਖੇਪ ਹੈ ਪਰ ਇਸ ਵਿਚ ਕਈ ਨਵੇਂ ਵਾਧੇ ਕਰ ਕੇ ਖੋਜ ਭਰਪੂਰ ਜਾਣਕਰੀ ਦਿਤੀ ਹੈ। *ਸੰਪ੍ਰਦਾਇ ਮਸਤੂਆਣਾ* ਪੁਸਤਕ ਵਿਚ ਸੰਤ ਅਤਰ ਸਿੰਘ ਜੀ ਨੂੰ ਸੰਪ੍ਰਦਾਇ ਮਸਤੂਆਣਾ ਦੇ ਸੰਸਥਾਪਕ ਦਸਿਆ ਗਿਆ ਹੈ ਅਤੇ ਇਸ ਸੰਪ੍ਰਦਾਇ ਦੇ ਸੰਤ ਅਤਰ ਸਿੰਘ ਤੋਂ ਲੈ ਕੇ ਵਰਤਮਾਨ ਸਮੇਂ ਤਕ ਦੇ ਮਹਾਂਪੁਰਖਾਂ ਦੇ ਜੀਵਨ ਅੰਕਿਤ ਕੀਤੇ ਹਨ।

ਗਿਆਨੀ ਜੀ ਨੇ ਆਪਣੇ ਸਮਕਾਲੀਆਂ ਦੇ ਜੀਵਨ ਵੀ ਅੰਕਿਤ ਕੀਤੇ ਹਨ ਜਿਨ੍ਹਾਂ ਨਾਲ ਗਿਆਨੀ ਜੀ ਆਪਣੀ ਜ਼ਿੰਦਗੀ ਦਾ ਕਾਫੀ ਸਮਾਂ ਬਿਤਾਇਆ ਅਤੇ ਜਿਨ੍ਹਾਂ ਨੇ ਗੁਰਮਤਿ ਪ੍ਰਚਾਰ ਅਤੇ ਵਿਦਿਆ ਪ੍ਰਚਾਰ ਵਿਚ ਯੋਗਦਾਨ ਪਾਇਆ ਜਿਵੇਂ ਜਥੇਦਾਰ ਦਿਆਲ ਸਿੰਘ ਪਰਵਾਨਾ ਅਤੇ ਭਾਈ ਫੁੰਮਣ ਸਿੰਘ ਆਦਿ।

ਗਿਆਨੀ ਜੀ ਨੇ ਆਪਣੀ ਪ੍ਰਸਿਧ ਰਚਨਾ *ਸ੍ਰੀ ਨਿਰਮਲ ਪੰਥ ਬੋਧ* ਵਿਚ ਨਿਰਮਲੇ ਵਿਦਵਾਨਾਂ ਅਤੇ ਡੇਰਿਆਂ ਦੇ ਮਹੰਤਾਂ ਦੇ ਜੀਵਨ ਵੀ ਸੰਖੇਪ ਵਿਚ ਲਿਖੇ ਹਨ ਜਿਵੇਂ ਉਪਰੋਕਤ ਸੂਚੀ 60-464 ਤਕ ਨਿਰਮਲੇ ਵਿਦਵਾਨਾਂ ਦਾ ਵੇਰਵਾ ਦਿਤਾ ਗਿਆ ਹੈ। ਗਿਆਨੀ ਜੀ ਨੇ ਨਿਰਮਲ ਸੰਪ੍ਰਦਾਇ ਨਾਲ ਸੰਬੰਧਿਤ ਵਖ-ਵਖ ਡੇਰਿਆਂ ਵਿਚ ਜਾ ਕੇ ਡੇਰਿਆਂ ਦੇ ਸੰਤਾਂ ਮਹੰਤਾਂ ਬਾਰੇ ਜਾਣਕਰੀ ਇਕਠੀ ਕੀਤੀ ਅਤੇ ਇਤਿਹਾਸ ਅੰਕਿਤ ਕੀਤਾ। ਗਿਆਨੀ ਜੀ ਤੋਂ ਪਹਿਲਾਂ ਲਿਖੇ ਇਤਿਹਾਸ ਵਿਚ ਵਰਤਮਾਨ ਸਮੇਂ ਤਕ ਕਾਫੀ ਬਦਲਾਅ ਆ ਚੁੱਕਾ ਸੀ ਜਿਵੇਂ ਕਈ ਨਵੀਆਂ ਸੰਪ੍ਰਦਾਵਾਂ ਬਣੀਆਂ, ਕਈ ਡੇਰੇ ਨਵੇਂ ਬਣੇ, ਕਈ ਡੇਰੇ ਖਤਮ ਹੋ ਗਏ, ਨਵੇਂ ਬਣੇ ਅਤੇ ਸਵਰਗਵਾਸ ਹੋ ਗਏ ਸੰਤਾਂ ਮਹੰਤਾਂ ਦੇ ਵੇਰਵੇ ਆਦਿ।

ਗਿਆਨੀ ਜੀ ਨੇ ਪਿੰਡ ਕੋਠਾ ਗੁਰੂ ਦੇ ਪ੍ਰਸਿਧ ਵਿਅਕਤੀਆਂ ਦੇ ਜੀਵਨ ਵੀ ਲਿਖੇ ਹਨ। ਉਨ੍ਹਾਂ ਦੇ ਕਿਤਾਬ *ਕੋਠਾ ਗੁਰੂ ਦੀ ਗੌਰਵ ਗਾਥਾ* ਇਕ ਪਿੰਡ ਦਾ ਇਤਿਹਾਸ ਹੈ। ਸੋਢੀਆਂ ਦਾ ਪਿੰਡ ਹੋਣ ਕਰਕੇ ਸੋਢੀਆਂ

ਦੁਆਰਾ ਕੀਤੀ ਸਾਹਿਤਕ ਸੇਵਾ ਦਾ ਵੇਰਵਾ ਵੀ ਦਿਤਾ ਹੈ ਜਿਵੇਂ ਪ੍ਰਿਥੀ ਚੰਦ, ਮਿਹਰਬਾਨ ਜੀ, ਹਰਿ ਜੀ ਆਦਿ। ਪਿੰਡ ਵਿਚ ਚੰਗੀ ਕਾਰਗੁਜਾਰੀ ਕਰਨ ਵਾਲੇ ਵਿਅਕਤੀਆਂ ਅਤੇ ਘਟਨਾਵਾਂ ਬਾਰੇ ਤਿੱਥਾਂ ਅਨੁਸਾਰ ਜਾਣਕਾਰੀ ਦਿਤੀ ਹੈ। ਇਸ ਕਿਤਾਬ ਤੋਂ ਭਵਿੱਖ ਪਿੰਡਾਂ ਦਾ ਇਤਿਹਾਸ ਲਿਖਣ ਵਾਲੇ ਖੋਜਾਰਥੀਆਂ ਨੂੰ ਸੇਧ ਮਿਲੇਗੀ।

ਗਿਆਨੀ ਜੀ ਨੇ ਵਧੇਰੇ ਧਾਰਮਿਕ ਵਿਅਕਤੀਆਂ ਦੇ ਜੀਵਨ ਲਿਖੇ ਹਨ। ਇਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਗਿਆਨੀ ਜੀ ਵਧੇਰੇ ਸਮਾਂ ਸੰਤਾਂ-ਮਹਾਂਪੁਰਖਾਂ ਦੀ ਸੰਗਤ ਵਿਚ ਰਹੇ। ਉਨ੍ਹਾਂ ਨੇ ਵਿਦਿਆ ਵੀ ਨਿਰਮਲੇ ਅਤੇ ਉਦਾਸੀ ਸੰਤਾਂ ਦੇ ਡੇਰਿਆਂ ’ਚੋਂ ਹਾਸਲ ਕੀਤੀ। ਗਿਆਨੀ ਜੀ ਨੇ ਜਿਨ੍ਹਾਂ ਵਿਅਕਤੀਆਂ ਦੇ ਜੀਵਨ ਲਿਖੇ ਹਨ ਉਨ੍ਹਾਂ ਦਾ ਗੁਰਮਤਿ ਪ੍ਰਚਾਰ ਅਤੇ ਵਿਦਿਆ ਪ੍ਰਚਾਰ, ਸਾਹਿਤਕ ਅਤੇ ਸਮਾਜਿਕ ਖੇਤਰ ਵਿਚ ਵਿਸ਼ੇਸ਼ ਯੋਗਦਾਨ ਰਿਹਾ ਹੈ। ਜੀਵਨੀਆਂ ਲਿਖਦੇ ਸਮੇਂ ਗਿਆਨੀ ਜੀ ਵਿਅਕਤੀ ਵਿਸ਼ੇਸ਼ ਨਾਲ ਸੰਬੰਧਿਤ ਜ਼ਿਆਦਾ ਤੋਂ ਜ਼ਿਆਦਾ ਜਾਣਕਾਰੀ ਦੇਣ ਦਾ ਯਤਨ ਕਰਦੇ ਹਨ। ਉਹ ਸੰਬੰਧਿਤ ਵਿਅਕਤੀ ਦੇ ਦੇ ਵੰਸ਼ ਪਿਛੋਕੜ, ਜਨਮ, ਪਿੰਡ ਅਤੇ ਵਿਸ਼ੇਸ਼ ਖੇਤਰ ਵਿਚ ਪਾਏ ਯੋਗਦਾਨ ਬਾਰੇ ਬਿਆਨ ਕਰਦੇ ਹਨ। ਜੀਵਨੀਆਂ ਲਿਖਣ ਲਈ ਉਨ੍ਹਾਂ ਨੇ ਜਿਥੇ ਆਪਣੇ ਤੋਂ ਪਹਿਲਾਂ ਹੋਏ ਕਾਰਜਾਂ ਨੂੰ ਅਧਾਰ ਬਣਾਇਆ ਉਥੇ ਮੌਖਿਕ ਪਰੰਪਰਾ ਨੂੰ ਵੀ ਅਧਾਰ ਬਣਾਇਆ ਹੈ। ਉਹ ਪਿੰਡ ਦੇ ਬਜ਼ੁਰਗਾਂ, ਡੇਰਿਆਂ ’ਚੋਂ ਜਾਣਕਾਰੀ ਇਕੱਤਰ ਕਰਦੇ ਹਨ। ਉਨ੍ਹਾਂ ਨੂੰ ਮੌਖਿਕ ਪਰੰਪਰਾ ਦਾ ਵਿਸ਼ਾਲ ਗਿਆਨ ਹੈ। ਇਤਿਹਾਸ ਲਿਖਦੇ ਸਮੇਂ ਉਹ ਤਿੱਥਾਂ ਵੀ ਦਿੰਦੇ ਹਨ ਅਤੇ ਕਾਲਕ੍ਰਮ ਦਾ ਖਿਆਲ ਵੀ ਰਖਦੇ ਹਨ ਪਰ ਇਤਿਹਾਸ ਪ੍ਰਤੀ ਗਿਆਨੀ ਜੀ ਦਾ ਦ੍ਰਿਸ਼ਟੀਕੋਣ ਵਧੇਰੇ ਕਰਕੇ ਪਰੰਪਰਾ ਮੂਲਕ ਹੈ। ਗਿਆਨੀ ਜੀ ਦੀ ਸ਼ਬਦਾਵਲੀ ਸਰਲ ਪੰਜਾਬੀ ਹੈ ਪਰ ਸੰਸਕ੍ਰਿਤ, ਹਿੰਦੀ ਅਤੇ ਬ੍ਰਿਜ ਭਾਸ਼ਾ ਦਾ ਅਸਰ ਵੀ ਵੇਖਣ ਨੂੰ ਮਿਲਦਾ ਹੈ। ਅਜਿਹਾ ਹੋਣਾ ਸੁਭਾਵਿਕ ਸੀ ਕਿਉਂਕਿ ਗਿਆਨੀ ਜੀ ਇਨ੍ਹਾਂ ਭਾਸ਼ਾਵਾਂ ਦੇ ਵਿਦਵਾਨ ਸਨ। ਗਿਆਨੀ ਜੀ ਦੁਆਰਾ ਕੀਤਾ ਇਹ ਕਾਰਜ ਜਿਥੇ ਸਿੱਖ ਅਧਿਐਨ ਦੇ ਵਿਦਵਾਨਾਂ ਅਤੇ ਖੋਜਾਰਥੀਆਂ ਲਈ ਸਹਾਇਕ ਸਿੱਧ ਹੋਵੇਗਾ ਉਥੇ ਇਹੋ ਜਿਹੇ ਜੀਵਨੀਮੂਲਕ ਖੋਜ ਕਾਰਜ ਕਰਨ ਲਈ ਪ੍ਰੇਰਨਾ ਸ੍ਰੋਤ ਵੀ ਬਣੇਗਾ।

**(ਅ) ਵਿਅਕਤੀਆਂ ਦੇ ਵੇਰਵੇ:** ਗਿਆਨੀ ਜੀ ਇਤਿਹਾਸ ਲਿਖਦੇ ਸਮੇਂ ਵਿਅਕਤੀਆਂ ਦੇ ਵੇਰਵੇ ਵੀ ਦਿੰਦੇ ਹਨ ਜਿਸ ਵਿਅਕਤੀ ਦਾ ਵੇਰਵਾ ਦਿੰਦੇ ਹਨ ਉਸ ਬਾਰੇ ਗਿਆਨੀ ਜੀ ਸੰਖੇਪ ਵਿਚ ਜਾਣਕਾਰੀ ਦਿੰਦੇ ਹਨ ਤਾਂ ਜੋ ਪਾਠਕਾਂ ਨੂੰ ਅਸਪੱਸ਼ਟਤਾ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਇਤਿਹਾਸ ਲਿਖਦੇ ਸਮੇਂ ਲਗਪਗ 1240 ਵਿਅਕਤੀਆਂ ਦੇ ਵੇਰਵੇ ਅੰਕਤ ਕੀਤੇ ਹਨ। ਇਨ੍ਹਾਂ ਵਿਅਕਤੀਆਂ ਦਾ ਜ਼ਿਕਰ ਇਤਿਹਾਸਕ ਪ੍ਰਸੰਗ ਜਿਵੇਂ ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ, ਬਾਬਾ ਰਾਮ ਕੋਇਰ ਬਾਬਾ ਬਨੋਦ, ਭਾਈ ਦਾਨ ਸਿੰਘ, ਭਾਈ ਧਰਮ ਸਿੰਘ ਭਾਈ ਰੂਪੇ ਕੇ ਵਿਚ ਆਇਆ ਹੈ। ਗਿਆਨੀ ਜੀ ਨੇ ਇਤਿਹਾਸ ਲਿਖਦੇ ਸਮੇਂ ਸੰਤਾਂ ਮਹੰਤਾਂ, ਵਿਦਵਾਨਾਂ, ਸੰਪ੍ਰਦਾਵਾਂ ਦੇ ਮੁਖੀਆਂ, ਡੇਰਿਆਂ ਦੇ ਮੁਖੀਆਂ ਦੀਆਂ ਵੰਸਾਵਲੀਆਂ ਵੀ ਅੰਕਿਤ ਕੀਤੀਆਂ ਹਨ। ਕਈ ਵਿਅਕਤੀਆਂ ਦੇ ਵੇਰਵੇ ਵੰਸਾਵਲੀਆਂ ਦੇ ਰੂਪ ਵਿਚ ਆਏ ਹਨ ਜਿਵੇਂ ਜੈ ਸਿੰਘ,

ਵਰਿਆਮ, ਹਸਨਾ, ਮੀਆਂ, ਬੇਗਾ, ਬਿਗੂ, ਬੀਰ ਸਿੰਘ, ਬਖਤਾ, ਆਸਾ, ਗਰੀਬ ਸਿੰਘ, ਨਿਹਾਲ ਸਿੰਘ, ਮਾਨ ਸਿੰਘ, ਖਜ਼ਾਨ ਸਿੰਘ, ਕਰਮ ਸਿੰਘ, ਰਾਏ ਸਿੰਘ, ਨਾਰਾਇਣ ਸਿੰਘ, ਸ਼ੇਰ ਸਿੰਘ, ਰਤਨ ਕੌਰ ਆਦਿ। ਇਹ ਵੇਰਵੇ ਸੰਤਾਂ ਮਹਾਂਪੁਰਖਾਂ ਦੇ ਮਾਤਾ ਪਿਤਾ ਅਤੇ ਸ਼ਰਧਾਲੂਆਂ ਦੇ ਰੂਪ ਵਿਚ ਵੀ ਆਏ ਹਨ ਜਿਵੇਂ , ਸੰਤਾਂ ਮਹਾਂਪੁਰਖਾਂ ਦੇ ਮਾਤਾ ਪਿਤਾ ਅਤੇ ਸ਼ਰਧਾਲੂਆਂ ਦੇ ਰੂਪ ਵਿਚ ਆਇਆ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਗਿਆਨੀ ਜੀ ਇਤਿਹਾਸ ਲਿਖਦੇ ਸਮੇਂ ਸੰਬੰਧਿਤ ਵਿਅਕਤੀ ਬਾਰੇ ਵਧੇਰੇ ਜਾਣਕਾਰੀ ਦੇਣ ਦਾ ਯਤਨ ਕਰਦੇ ਹਨ। ਇਸ ਤਰ੍ਹਾਂ ਗਿਆਨੀ ਜੀ ਦੁਆਰਾ ਇਤਿਹਾਸ ਲਿਖਦੇ ਸਮੇਂ ਵੰਸਾਵਾਲੀਆਂ ਵੀ ਦਿੱਤੀਆਂ ਗਈਆਂ ਹਨ ਜਿਨ੍ਹਾਂ ਨੂੰ ਸੰਬੰਧਿਤ ਵਿਅਕਤੀ ਬਾਰੇ ਲਿਖਣ ਲਈ ਹਵਾਲੇ ਵਜੋਂ ਵਰਤਿਆ ਜਾ ਸਕਦਾ ਹੈ।

**(ੲ) ਮੁਖ ਘਟਨਾਵਾਂ:** ਗਿਆਨੀ ਜੀ ਦੀ ਇਤਿਹਾਸ ਲਿਖਦੇ ਸਮੇਂ ਕਾਲਕ੍ਰਮਕ ਦ੍ਰਿਸ਼ਟੀ ਅਪਣਾਉਂਦੇ ਹਨ। ਉਹ ਇਕੱਠ ਕੀਤੇ ਹੋਏ ਤੱਥਾਂ ਨੂੰ ਸਮੇਂ ਅਨੁਸਾਰ ਤਰਤੀਬ ਦੇ ਕੇ ਚਿਰਤਦੇ ਹਨ। ਲਗਭਗ ਸਾਰੀਆਂ ਇਤਿਹਾਸਕ ਰਚਨਾਵਾਂ ਵਿਚ ਉਨ੍ਹਾਂ ਨੇ ਘਟਨਾਵਾਂ ਦਾ ਵਰਣਨ ਕਾਲਕ੍ਰਮ ਅਨੁਸਾਰ ਕੀਤਾ ਹੈ। ਉਦਾਹਰਣ ਵਜੋਂ ਸੰਤ ਅਤਰ ਸਿੰਘ ਜੀ ਦਾ ਜੀਵਨ ਉਨ੍ਹਾਂ ਨੇ ਸਾਲਵਾਰ ਅੰਕਿਤ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਬਾਕੀ ਲਿਖਤਾ ਵਿਚ ਵੀ ਇਹ ਵੇਖਣ ਨੂੰ ਮਿਲਦਾ ਹੈ।

ਗਿਆਨੀ ਜੀ ਇਤਿਹਾਸਵਾਦੀ ਦ੍ਰਿਸ਼ਟੀ ਵੀ ਅਪਣਾਉਂਦੇ ਹਨ ਕਿਉਂਕਿ ਉਹ ਇਤਿਹਾਸ ਲਿਖਦੇ ਸਮੇਂ ਮੁਢਲੇ ਅਤੇ ਸਹਾਇਕ ਸ੍ਰੋਤਾਂ ਅਤੇ ਪਰੰਪਰਾ ਦੇ ਅਧਾਰ ’ਤੇ ਇਤਿਹਾਸ ਪੇਸ਼ ਕਰਦੇ ਹਨ। ਗਿਆਨੀ ਜੀ ਨੇ ਆਪਣੀਆਂ ਮੁਢਲੀਆਂ ਲਿਖਤਾਂ ਵਿਚ ਕਾਲਕ੍ਰਮਕ ਅਤੇ ਇਤਿਹਾਸਵਾਦੀ ਦ੍ਰਿਸ਼ਟੀ ਨੂੰ ਅਪਣਾਇਆ ਹੈ। ਗਿਆਨੀ ਜੀ ਨੇ ਨਿਰਮਲ ਸੰਪ੍ਰਦਾਇ ਦਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਮੰਨਦੇ ਹਨ। ਆਪਣੇ ਇਸ ਵਿਚਾਰ ਦੀ ਪ੍ਰੋੜ੍ਹਤਾ ਲਈ ਉਨ੍ਹਾਂ ਨੇ ਭਾਈ ਗੁਰਦਾਸ ਦੀ ਵਾਰ, ਭਾਈ ਭਾਗੀਰਥ, ਭਾਈ ਬਾਲੇ ਵਾਲੀ ਜਨਮ ਸਾਖੀ, ਗੁਰਪ੍ਰਤਾਪ ਸੂਰਜ ਗ੍ਰੰਥ ਅਤੇ ਗੁਰਬਾਣੀ ਵਿਚੋਂ ਹਵਾਲਾ ਦਿੰਦੇ ਹਨ। ਗਿਆਨੀ ਜੀ ਨੇ ਨਿਰਮਲੇ ਵਿਦਵਾਨਾਂ ਦੁਆਰਾ ਜਿਵੇਂ ਗਿਆਨੀ ਗਿਆਨ ਸਿੰਘ[396], ਮਹੰਤ ਗਣੇਸ਼ਾ ਸਿੰਘ[397] ਅਤੇ ਮਹੰਤ ਦਿਆਲ ਸਿੰਘ[398] ਦੁਆਰਾ ਪੇਸ਼ ਕੀਤੇ ਗਏ ਵਿਚਾਰ ਨੂੰ ਹੀ ਅਪਣਾਇਆ ਹੈ। ਗੈਰ ਨਿਰਮਲੇ ਵਿਦਵਾਨਾਂ ਜਿਵੇਂ ਭਾਈ ਕਾਨ੍ਹ ਸਿੰਘ ਨਾਭਾ[399], ਪਿਆਰਾ ਸਿੰਘ ਪਦਮ[400] ਆਦਿ ਨੇ ਨਿਰਮਲ ਭੇਖ ਦਾ ਆਰੰਭ ਗੁਰੂ ਗੋਬਿੰਦ ਸਿੰਘ ਤੋਂ ਮੰਨਿਆ ਹੈ। ਅਸਲ ਵਿਚ ਨਿਰਮਲ ਭੇਖ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਤੋਂ ਹੋਇਆ ਹੈ। ਇਸ ਵਿਚਾਰ ਬਾਰੇ ਹਵਾਲੇ ਵੀ ਨਿਰਮਲਿਆਂ ਦੀ ਰਚਨਾਵਾਂ (ਪੰਡਿਤ ਗੁਲਾਬ ਸਿੰਘ, ਗਿਆਨੀ ਗਿਆਨ ਸਿੰਘ) ਵਿਚੋਂ ਹੀ ਮਿਲਦੇ ਹਨ। ਗੁਰਬਾਣੀ ਵਿਚ ਆਇਆ ਨਿਰਮਲ ਸ਼ਬਦ ਸੁਅੱਛ ਜਾਂ ਮੈਲ ਰਹਿਤ ਅਰਥਾਂ ਵਿਚ ਆਇਆ

---

[396] ਗਿਆਨੀ ਗਿਆਨ ਸਿੰਘ, ਨਿਰਮਲ ਪੰਥ ਪ੍ਰਦੀਪਕਾ, ਪੰਨਾ 5.

[397] ਮਹੰਤ ਗਣੇਸ਼ਾ ਸਿੰਘ, ਨਿਰਮਲ ਭੂਸ਼ਣ, ਪੰਨਾ 23.

[398] ਮਹੰਤ ਦਿਆਲ ਸਿੰਘ, ਨਿਰਮਲ ਪੰਥ ਦਰਸ਼ਨ (ਭਾਗ ਪਹਿਲਾ), ਪੰਨਾ 45

[399] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 697.

[400] ਪਿਆਰਾ ਸਿੰਘ ਪਦਮ, ਸਿੱਖ ਸੰਪ੍ਰਦਾਵਲੀ, ਪੰਨਾ 49.

ਹੈ। ਜਿਨ੍ਹਾਂ ਥਾਵਾਂ ’ਤੇ ਨਿਰਮਲ ਭੇਖ ਜਾਂ ਨਿਰਮਲ ਪੰਥ ਆਇਆ ਹੈ ਉਹ ਕਿਸੇ ਸੰਪ੍ਰਦਾਇ ਲਈ ਨਹੀਂ ਸਗੋਂ ਸਮੁੱਚੇ ਸਿੱਖ ਪੰਥ ਲਈ ਆਇਆ ਹੈ। ਇਸ ਤਰ੍ਹਾਂ ਨਿਰਮਲ ਭੇਖ ਦਾ ਆਰੰਭ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਹੀ ਹੋਇਆ ਹੈ। ਇਥੇ ਗਿਆਨੀ ਜੀ ਨਿਰਮਲੇ ਵਿਦਵਾਨਾਂ ਦੀ ਚਲੀ ਆਉਂਦੀ ਪਰੰਪਰਾ ਦੇ ਅਧਾਰ ’ਤੇ ਵਿਚਾਰ ਪੇਸ਼ ਕੀਤੇ ਹਨ। ਭਾਵੇਂ ਗਿਆਨੀ ਜੀ ਨੇ ਆਪਣੇ ਵਿਚਾਰ ਦੀ ਪੁਸ਼ਟੀ ਲਈ ਹਵਾਲੇ ਦਿੱਤੇ ਹਨ ਪਰ ਨਿਰਮਲ ਪੰਥ ਬੋਧ ਵਿਚ ਉਹ ਪਰੰਪਰਾ ਨੂੰ ਅਪਣਾਉਂਦੇ ਹਨ।

*ਅਦੁੱਤੀ ਸੇਵਕ* ਪੁਸਤਕ ਵਿਚ ਜਥੇਦਾਰ ਦਿਆਲ ਸਿੰਘ ਪਰਵਾਨਾ ਦੀ ਜੀਵਨੀ ਨੂੰ ਉਨ੍ਹਾਂ ਨੇ ਤੱਥਾਂ ਦੇ ਅਧਾਰ ’ਤੇ ਪੇਸ਼ ਕੀਤਾ ਹੈ। ਪਰਵਾਨਾ ਜੀ ਦੇ ਜਨਮ, ਜਥੇਦਾਰ ਬਣਨਾ, ਜੇਲ ਯਾਤਰਾ, ਸ਼੍ਰੋਮਣੀ ਗੁਰਮਤਿ ਪ੍ਰੀਚਾਰਕ ਸਭਾ ਦੀ ਸਥਾਪਨਾ ਆਦਿ ਘਟਨਾਵਾਂ ਨੂੰ ਮਿਤੀਆਂ ਅਤੇ ਸੰਨ ਦੇ ਅਧਾਰ ’ਤੇ ਅੰਕਿਤ ਕੀਤਾ ਹੈ। ਸੰਤ ਅਤਰ ਸਿੰਘ ਜੀ ਦਾ ਜੀਵਨ ਆਪਨ ਨੇ ਸਾਲਵਾਰ ਸ਼ਰਧਾ ਸਹਿਤ ਅੰਕਿਤ ਕੀਤਾ ਹੈ ਜਿਸ ਵਿਚ ਆਪਣੇ ਤੋਂ ਪਹਿਲਾਂ ਹੋ ਚੁੱਕੇ ਕਾਰਜਾਂ ਅਤੇ ਮੌਖਿਕ ਪਰੰਪਰਾ ਦੇ ਅਧਾਰ ’ਤੇ ਸੰਤ ਜੀ ਦੇ ਯੋਗਦਾਨ ਬਾਰੇ ਦਸਿਆ ਹੈ। ਇਸ ਵਿਚ ਸੰਤ ਜੀ ਦੁਆਰਾ ਵੱਖ-ਵੱਖ ਸਥਾਨਾਂ ’ਤੇ ਜਾ ਕੇ ਕੀਤੇ ਗੁਰਮਤਿ ਪ੍ਰੀਚਾਰ ਬਾਰੇ ਵਧੇਰੇ ਚਾਨਣਾ ਪਾਇਆ ਗਿਆ ਹੈ।

ਗਿਆਨੀ ਜੀ ਦੀ ਇਤਿਹਾਸਕਾਰੀ ਵਿਚ ਇਤਿਹਾਸਕ ਦ੍ਰਿਸ਼ਟੀ ਵੀ ਵੇਖਣ ਨੂੰ ਮਿਲਦੀ ਹੈ। ਉਨ੍ਹਾਂ ਨੇ ਆਪਣੀ ਪੁਸਤਕ *ਕੋਠਾ ਗੁਰੂ ਦੀ ਗੌਰਵ ਗਾਥਾ* ਵਿਚ ਘਟਨਾਵਾਂ ਨੂੰ ਸ੍ਰੋਤਾਂ ਦੇ ਅਧਾਰ ’ਤੇ ਕਾਲਕ੍ਰਮ ਅਨੁਸਾਰ ਪੇਸ਼ ਕੀਤਾ ਹੈ। ਉਹ ਵੱਖ-ਵੱਖ ਸ੍ਰੋਤਾਂ ਦਾ ਹਵਾਲਾ ਦੇ ਕੇ ਆਪਣਾ ਵਿਚਾਰ ਵੀ ਦਿੰਦੇ ਹਨ। ਬਾਬਾ ਮਿਹਰਵਾਨ ਜੀ ਦੇ ਜਨਮ ਬਾਰੇ ਦਸਦੇ ਹਨ ਕਿ ‘ਬਾਬਾ ਮਿਹਰਵਾਨ ਜੀ ਦਾ ਜਨਮ ਪ੍ਰਿਥੀ ਚੰਦ ਮਾਤਾ ਭਗਵਾਨੋ ਦੇ ਘਰ ਸੰਮਤ 1638 ਮਾਘ ਸੁਦੀ ਬਸੰਤ ਪੰਚਮੀ ਦੀ ਸਵਾ ਪਹਿਰ ਰਾਤ ਰਹਿੰਦੀ ਨੂੰ ਹੋਇਆ। ਇਸ ਤਰ੍ਹਾਂ ਦਿਨ ਐਤਵਾਰ 24 ਜਨਵਰੀ 1582 ਈ. ਦੀ ਤਾਰੀਖ ਬਣਦੀ ਹੈ, ਪਰ ਹਰਿ ਜੀ ਦੇ ਕਥਨ ਅਨੁਸਾਰ 9 ਦਿਨ ਤੋਂ ਉਪਰੰਤ ਮਾਤਾ ਭਾਨੀ ਜੀ ਨਵ ਬਾਲਕ ਅਤੇ ਸਾਰੇ ਪਰਿਵਾਰ ਨੂੰ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਪੁੱਜੀ। ਗਿਆਨੀ ਜੀ *ਗੋਸ਼ਟਾਂ ਮਿਹਰਵਾਰ ਕੀਆਂ* ਦਾ ਹਵਾਲਾ ਦਿੰਦੇ ਦਸਦੇ ਹਨ ਕਿ ‘ਤਬ ਗੁਰੂ ਮਿਹਰਵਾਨ ਛਿਆ ਸਤਾ ਮਹੀਨਿਆ ਕਾ ਹੋਆ। ਤਬ ਗੁਰੂ ਰਾਮਦਾਸ ਸੰਮਤ 1638 ਭਾਦਉ ਸੁਦੀ 3 ਕਉ ਸ਼ਬਦ ਕੀ ਥਾਪਨਾ ਗੁਰੂ ਅਰਜੁਨ ਕਉ ਦੇ ਕਰ ਸਚ ਖੰਡ ਕਉ ਸਿਧਾਰੇ।’ ਗਿਆਨੀ ਜੀ ਅਨੁਸਾਰ ਮਿਹਰਵਾਨ ਜੀ ਦਾ ਜਨਮ ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਬਣਦਾ ਹੈ। ਮਿਹਰਵਾਨ ਜੀ ਦੀ ਜਨਮ ਤਿਥਿ 1581 ਈ. ਬਣਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਦੇ ਹਿਸਾਬ ਅਨੁਸਾਰ ਸੱਤ ਮਹੀਨਿਆਂ ਦਾ ਫ਼ਰਕ ਪੈ ਜਾਂਦਾ ਹੈ। ਇਸ ਫ਼ਰਕ ਦਾ ਕਾਰਣ ਇਹ ਪ੍ਰਤੀਤ ਹੁੰਦਾ ਹੈ ਕਿ ਹਰਿ ਜੀ ਨੇ ਗਤ ਪੱਧਤੀ ਦੇਣ ਦੀ ਥਾਂ ਵਰਤਮਾਨ ਸੰਮਤ ਦੇ ਦਿਤਾ, ਜਿਸ ਕਾਰਣ ਇਹ ਭ੍ਰਾਂਤੀ ਖੜੀ ਹੋ ਗਈ। ਵਰਤਮਾਨ ਪੱਧਤੀ ਅਨੁਸਾਰ 1581 ਸੰਨ ਬਣਦਾ ਹੈ। ਇਸ ਵਿਚਾਰ ਅਨੁਸਾਰ ਵਾਸਤਵ ਵਿਚ ਮਿਹਰਵਾਨ ਜੀ ਦਾ ਜਨਮ ਮਾਘ ਸੁਦੀ ਬਸੰਤ ਪੰਚਮੀ ਸੰਮਤ 1637 ਬਿਕ੍ਰਮੀ (9 ਜਨਵਰੀ

1581 ਈ.) ਸਿੱਧ ਹੁੰਦਾ ਹੈ।'[401] ਗਿਆਨੀ ਜੀ ਨੇ ਦਸਿਆ ਹੈ ਕਿ ਕੇਸਰ ਸਿੰਘ ਛਿੱਬਰ ਨੇ ਜਨਮ 1626 ਬਿ. ਨੂੰ ਮੰਨਿਆ ਹੈ ਜੋ ਗਲਤ ਹੈ। ਇਸ ਤਰ੍ਹਾਂ ਗਿਆਨੀ ਜੀ ਤਥਾਂ ਦੀ ਪੁਣ-ਛਾਣ ਕਰਕੇ ਪੇਸ਼ ਕਰਦੇ ਹਨ। ਉਹ ਤਥਾਂ ਨੂੰ ਜਿਉਂ ਦਾ ਤਿਉਂ ਨਹੀਂ ਅਪਣਾਉਂਦੇ।

ਗਿਆਨੀ ਜੀ ਇਤਿਹਾਸ ਲਿਖਦੇ ਸਮੇਂ ਤਿਥਾਂ ਵੀ ਦਿੰਦੇ ਹਨ ਅਤੇ ਕਾਲਕ੍ਰਮ ਦਾ ਵੀ ਖਿਆਲ ਰਖਦੇ ਹਨ। ਉਨ੍ਹਾਂ ਦੁਆਰਾ ਕਈ ਥਾਵਾਂ 'ਤੇ ਕੇਵਲ ਸੰਮਤ ਦਿੱਤੇ ਹਨ ਅਤੇ ਕਈ ਥਾਵਾਂ 'ਤੇ ਸੰਨ ਅਤੇ ਸੰਮਤ ਦੋਨੋਂ ਦਿੰਦੇ ਹਨ। ਉਹ ਸਿੱਖ ਸ੍ਰੋਤਾਂ ਅਤੇ ਮੌਖਿਕ ਪਰੰਪਰਾ ਦੇ ਅਧਾਰ 'ਤੇ ਇਤਿਹਾਸ ਲਿਖਦੇ ਹਨ। ਵਿਅਕਤੀਆਂ ਦੇ ਜੀਵਨ ਲਿਖਦੇ ਸਮੇਂ ਉਹ ਸੰਬੰਧਿਤ ਵਿਅਕਤੀ ਦੀ ਡਾਇਰੀ, ਚਿੱਠੀ ਪੱਤਰ ਆਦਿ ਨੂੰ ਵੀ ਅਧਾਰ ਬਣਾਉਂਦੇ ਹਨ।

ਇਸ ਤਰ੍ਹਾਂ ਗਿਆਨੀ ਜੀ ਦੀ ਇਤਿਹਾਸਕਾਰੀ ਕਾਲਕ੍ਰਮਕ ਇਤਿਹਾਸਵਾਦੀ ਦ੍ਰਿਸ਼ਟੀ ਦੀ ਧਾਰਣੀ ਹੈ। ਇਕਵੀਂ ਸਦੀ ਵਿਚ ਲਿਖੀਆਂ ਉਨ੍ਹਾਂ ਦੀਆਂ ਰਚਨਾਵਾਂ ਵਿਚ ਇਤਿਹਾਸਕ ਦ੍ਰਿਸ਼ਟੀ ਵੀ ਵੇਖਣ ਨੂੰ ਮਿਲਦੀ ਹੈ। ਉਨ੍ਹਾਂ ਨੇ ਮੁਢਲੇ ਅਤੇ ਸਹਾਇਕ ਸ੍ਰੋਤਾਂ ਦੇ ਅਧਾਰ 'ਤੇ ਇਤਿਹਾਸ ਲਿਖਿਆ ਹੈ। ਨਿਰਮਲ ਭੇਖ ਦਾ ਇਤਿਹਾਸ ਲਿਖਣ ਵਿਚ ਆਪ ਦਾ ਵਿਸ਼ੇਸ਼ ਯੋਗਦਾਨ ਹੈ। ਆਪ ਉਨ੍ਹਾਂ ਚਾਰ ਪ੍ਰਸਿੱਧ ਵਿਦਵਾਨਾਂ ਵਿਚੋਂ ਇਕ ਹਨ ਜਿਨ੍ਹਾਂ ਨੇ ਨਿਰਮਲ ਭੇਖ ਦੇ ਕਾਰਜ ਕੀਤਾ। ਗਿਆਨੀ ਜੀ ਨੂੰ ਮੌਖਿਕ ਪਰੰਪਰਾ ਦਾ ਵਿਸ਼ਾਲ ਗਿਆਨ ਹੈ। ਨਿਰਮਲ ਭੇਖ ਦਾ ਇਤਿਹਾਸ ਲਿਖਦੇ ਸਮੇਂ ਉਨ੍ਹਾਂ ਨੇ ਲਗਭਗ 397 ਡੇਰਿਆਂ ਦਾ ਖੇਤਰੀ ਸਰਵੇਖਣ ਕਰ ਕੇ ਇਤਿਹਾਸ ਅੰਕਿਤ ਕੀਤਾ।

**(ਸ) ਹਵਾਲਾ ਗ੍ਰੰਥ**: ਗਿਆਨੀ ਜੀ ਨੇ ਇਤਿਹਾਸ ਲਿਖਦੇ ਸਮੇਂ ਮੁਢਲੇ ਅਤੇ ਸਹਾਇਕ ਸ੍ਰੋਤਾਂ ਨੂੰ ਅਧਾਰ ਬਣਾਇਆ ਹੈ। ਉਨ੍ਹਾਂ ਨੇ ਮੁਢਲੇ, ਸਹਾਇਕ ਸ੍ਰੋਤਾਂ ਅਤੇ ਮੌਖਿਕ ਪਰੰਪਰਾ ਦੇ ਅਧਾਰ 'ਤੇ ਇਤਿਹਾਸ ਲਿਖਿਆ। ਉਹ ਸਿੱਖ ਧਰਮ ਤੋਂ ਇਲਾਵਾ ਹੋਰਨਾਂ ਗ੍ਰੰਥ ਜਿਵੇਂ ਰਾਮ ਚਰਿਤ ਮਾਨਸ, ਰਾਮਾਯਣ ਆਦਿ ਗ੍ਰੰਥਾਂ ਦੇ ਹਵਾਲੇ ਵੀ ਦਿੰਦੇ ਹਨ। ਇਤਿਹਾਸ ਲਿਖਣ ਲਈ ਗਿਆਨੀ ਜੀ ਨੇ ਜਿਨ੍ਹਾਂ ਗ੍ਰੰਥਾਂ ਦੇ ਹਵਾਲੇ ਦਿੱਤੇ ਹਨ ਉਨ੍ਹਾਂ ਦੀ ਸੂਚੀ ਨਿਮਨਲਿਖਤ ਹੈ:

1. ਸ੍ਰੀ ਗੁਰੂ ਗ੍ਰੰਥ ਸਾਹਿਬ 2. ਸ੍ਰੀ ਦਸਮ ਗ੍ਰੰਥ ਸਾਹਿਬ 3. ਵਾਰਾਂ ਭਾਈ ਗੁਰਦਾਸ 4. ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ (ਭਾਈ ਸੰਤੋਖ ਸਿੰਘ) 5. ਰਾਮ ਚਰਿਤ ਮਾਨਸ (ਤੁਲਸੀ ਦਾਸ) 6. ਸ੍ਰੀ ਭਗਵਤ ਗੀਤਾ 7. ਰਾਮਾਯਣ (ਤੁਲਸੀਦਾਸ) 8. ਰਾਮਾਯਣ (ਬਾਲਮੀਕ) 9. ਚਾਣਕਯ ਨੀਤੀ 10. ਵਾਰ ਭਾਈ ਭਾਗੀਰਥ 11. ਗੁਰਬਿਲਾਸ ਪਾ.੬ 12. ਗੁਰਬਿਲਾਸ ਪਾ. ੧੦ 13. ਪ੍ਰਾਚੀਨ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ) 14. ਬੰਸਾਵਲੀਨਾਮਾ (ਕੇਸਰ ਸਿੰਘ ਛਿੱਬਰ) 15. ਤਵਾਰੀਖ ਗੁਰੂ ਖਾਲਸਾ (ਗਿਆਨੀ ਗਿਆਨ ਸਿੰਘ) 16. ਮੋਕਸ਼ ਪੰਥ ਪ੍ਰਕਾਸ਼ (ਪੰ. ਗੁਲਾਬ ਸਿੰਘ) 17. ਹੁਕਮਨਾਮੇ ਪਾ. ਛੇਵੀ, ਹੁਕਮਨਾਮੇ ਪਾ. ਨੌਵੀ 18. ਸ੍ਰੀ ਗੁਰੁ ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ) 19. ਸਰਬ ਲੋਹ ਪ੍ਰਕਾਸ਼ 20. ਸ੍ਰੀ ਗੁਰ ਤੀਰਥ ਸੰਗ੍ਰਹਿ (ਪੰ. ਤਾਰਾ ਸਿੰਘ ਨਰੋਤਮ) 21. ਕਵੀਦ੍ਰ ਪ੍ਰਕਾਸ਼ (ਸੰਤ ਨਿਹਾਲ ਸਿੰਘ) 22. ਭਾਵਰਸਾਮ੍ਰਿਤ (ਪੰ. ਗੁਲਾਬ ਸਿੰਘ) 23.

---

401 ਉਹੀ, ਪੰਨਾ 65.

ਅਧਿਆਤਮ ਰਾਮਾਯਣ (ਪੰ. ਗੁਲਾਬ ਸਿੰਘ) 24. ਪ੍ਰਬੋਧ ਚੰਦ੍ਰੋਦਯ ਨਾਟਕ (ਪੰ. ਗੁਲਾਬ ਸਿੰਘ) 25. ਨਾਮ ਕੋਸ਼ (ਭਾਈ ਸੰਤੋਖ ਸਿੰਘ) 26. ਗੁਰ ਨਾਨਕ ਪ੍ਰਕਾਸ਼ (ਭਾਈ ਸੰਤੋਖ ਸਿੰਘ) 27. ਗਰਬਗੰਜਨੀ ਟੀਕਾ (ਭਾਈ ਸੰਤੋਖ ਸਿੰਘ) 28. ਗੁਰੂ ਭਾਵ ਦੀਪਕਾ (ਪੰ. ਤਾਰਾ ਸਿੰਘ ਨਰੋਤਮ) 29. ਗੁਰੂ ਗਿਰਾਰਥ ਕੋਸ਼ (ਪੰ. ਤਾਰਾ ਸਿੰਘ ਨਰੋਤਮ) 30. ਸ੍ਰੀ ਵੇਦਾਂਤੀ ਬਾਰ੍ਹਾ ਮਾਹ (ਸੰਤ ਨਿਹਾਲ ਸਿੰਘ ਕਵੀਦ੍ਰ) 31. ਸ੍ਰੀ ਭਵ ਸਾਗਰ ਸੇਤੁ (ਸੰਤ ਨਿਹਾਲ ਸਿੰਘ ਕਵੀਦ੍ਰ) 32. ਸ੍ਰੀ ਦੋਹਰਾ ਭੇਦਾਵਲੀ (ਸੰਤ ਨਿਹਾਲ ਸਿੰਘ ਕਵੀਦ੍ਰ) 33. ਸੁਧਾਸਰੀ ਸਤਕ ਪਚੀਸਾ (ਸੰਤ ਨਿਹਾਲ ਸਿੰਘ ਕਵੀਦ੍ਰ) 34. ਨ੍ਰਿਪਖ ਵਾਕ (ਸੰਤ ਨਿਹਾਲ ਸਿੰਘ ਕਵੀਦ੍ਰ) 35. ਗੁਰਮਤ ਸਿਧਾਂਤ ਬਿਯੋਗ (ਸੰਤ ਸੰਪੂਰਨ ਸਿੰਘ)  37. ਜੀਵਨ ਗਾਥਾ (ਸੰਤ ਸੰਪੂਰਨ ਸਿੰਘ) 38. ਜਪੁ ਪ੍ਰਦੀਪ (ਪੰ. ਦੇਵਾ ਸਿੰਘ ਦੇਵਪੁਰਾ) 39. ਸ਼ਧਰਮ ਮਾਰਗ ਗ੍ਰੰਥ (ਸੰਤ ਵਿਹਾਰ ਵ੍ਰਿੰਦਾਵਨ ਸਿੰਘ) 40. ਭਾਰਤ ਮਤ ਦਰਪਨ (ਸ੍ਰੀਮਾਨ ਮਹੰਤ ਗਨੇਸ਼ਾ ਸਿੰਘ) 41. ਸ੍ਰੀ ਗੁਰਮੁਖ ਪ੍ਰਕਾਸ਼ (ਸੰਤ ਗੁਰਬਚਨ ਸਿੰਘ ਖਾਲਸਾ ਭਿੰਡਰਾਂ ਵਾਲੇ) 42. ਨਯਾਯ ਮੁਕਤਾਵਲੀ (ਪੰ. ਗੋਬਿੰਦ ਸਿੰਘ) 43. ਵੇਦਾਂਤ ਪਰਿਭਾਸ਼ਾ (ਪੰ. ਗੋਬਿੰਦ ਸਿੰਘ) 44. ਵਾਹਿਗੁਰੂ ਮੰਤ੍ਰਾਰਥ (ਪੰ. ਈਸ਼੍ਰਰ ਸਿੰਘ) 46. ਗੁਰਮਤ ਦਿਗ ਵਿਜਯ (ਪੰ. ਈਸ਼੍ਰਰ ਸਿੰਘ) 47. ਬੀਰ ਮ੍ਰਿਗੇਸ਼ ਕਲਪਤਰੂ (ਪੰ. ਸ਼ੇਰ ਸਿੰਘ) 48. ਜੀਵਨ ਮੋਤੀ, ਤਵਾਰੀਖ ਅੰਮ੍ਰਿਤਸਰ (ਗਿ. ਗਿਆਨ ਸਿੰਘ) 49. ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ (ਗਿ. ਕਿਰਪਾਲ ਸਿੰਘ) 50. ਮਾਲਵਾ ਇਤਿਹਾਸ (ਸੰਤ ਵਿਸਾਖਾ ਸਿੰਘ) 51. ਇਤਿਹਾਸ ਨਿਰਮਲ ਭੇਖ (ਮਹੰਤ ਗਨੇਸ਼ਾ ਸਿੰਘ) 52. ਨਿਰਮਲ ਸੰਪ੍ਰਦਾਇ (ਪ੍ਰੀਤਮ ਸਿੰਘ) 53. ਮਹਾਨ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ) 54. ਨੈਹਰ ਕਾ ਇਤਿਹਾਸ (ਪ੍ਰਹਿਲਾਦ ਦੱਤ ਪੰਡਾ) 55. ਤੋਜ਼ਕਿ ਜਹਾਂਗੀਰੀ 56. ਬਾਣੀ ਬਿਲਾਸ 57. ਸੁਖਮਨੀ ਸਹੰਸਰਨਾਮਾ (ਮਿਹਰਵਾਨ ਜੀ) 58. ਪੋਥੀ ਸਾਹਿਬ (ਕਵੀ ਕੁਸ਼ਲਦਾਸ) 59. ਪੋਥੀ ਸਾਹਿਬ (ਕੇਸ਼ੋਦਾਸ) 60. ਸੁਖਮਨੀ ਸਹੰਸਰਨਾਮਾ ਭਾਸ਼ਯ (ਹਰਿ ਜੀ) 61. ਸਚਖੰਡ ਪੋਥੀ (ਮਿਹਰਵਾਨ) 62. ਗੋਸਟਾਂ ਗੁਰੂ ਅਮਰਦਾਸ ਜੀ ਕੀਆਂ (ਮਿਹਰਵਾਨ ਜੀ) 63. ਮਸਲੇ ਹਜ਼ਰਤ ਰਸੂਲ ਕੇ (ਮਿਹਰਵਾਨ ਜੀ) 64. ਜਪ ਪਰਮਾਰਥ (ਮਿਹਰਵਾਨ ਜੀ) 65. ਓਅੰਕਾਰ ਕਾ ਪਰਮਾਰਥ (ਮਿਹਰਵਾਨ ਜੀ) 66. ਸਿਧ ਗੋਸਟ ਕਾ ਪਰਮਾਰਥ (ਮਿਹਰਵਾਨ ਜੀ) 67. ਆਸਾ ਕੀ ਵਾਰ ਦਾ ਪਰਮਾਰਥ (ਮਿਹਰਵਾਨ ਜੀ) 68. ਸੋਹਲੇ ਆਰਤੀ ਕਾ ਪਰਮਾਰਥ (ਮਿਹਰਵਾਨ ਜੀ) 69. ਸ਼ਹੀਦ ਬਿਲਾਸ (ਭਾਈ ਸੇਵਾ ਸਿੰਘ) 70. ਸ੍ਰੀ ਗੁਰਬੰਸ ਵਿਨੋਦ ਪੱਥਰ ਛਾਪ  71. ਹਰਿ ਜਸ ਕੀ ਪੋਥੀ (ਭਾਈ ਦਰਬਾਰੀ ਦਾਸ) 72. ਮਾਲਵਾ ਦੇਸ ਰਟਨ ਦੀ ਸਾਖੀ (ਸੰਪਾਦਿਤ ਭਾਈ ਵੀਰ ਸਿੰਘ) 73. ਪਰਚੀਆਂ ਭਗਤਾਂ ਕੀਆਂ (ਦਰਬਾਰੀ ਦਾਸ) 74. ਪ੍ਰਾਚੀਨ ਵਾਰਾਂ ਤੇ ਜੰਗਨਾਮੇ (ਸੰਪਾਦਤ ਸ਼ਮਸ਼ੇਰ ਸਿੰਘ ਅਸ਼ੋਕ) 75. ਮੱਲਾਂ ਦੀਆਂ ਗੱਲਾਂ (ਪ੍ਰੋ. ਕਰਮ ਸਿੰਘ ਬਠਿੰਡਾ) 76. ਮਾਘੀ ਸਿੰਘ ਕਵੀਸ਼ਰ (ਡਾ. ਅਜਮੇਰ ਸਿੰਘ) 77. ਕਿੱਸਾ ਸੰਦਰਭ ਕੋਸ਼ (ਡਾ. ਪ੍ਰੀਤਮ ਸੈਨੀ) 78. ਗੋਸਟਾਂ ਮਿਹਰਵਾਨ ਜੀ ਕੀਆਂ (ਹਰਿ ਜੀ) 79. ਵੈਦਿਕ ਗੁਰਮਤਿ (ਪ੍ਰਿੰ. ਧਰਮਾਨੰਤ ਸਿੰਘ) 80. ਅਕਾਲੀ ਮੋਰਚਿਆਂ ਦਾ ਇਤਿਹਾਸ (ਸੋਹਨ ਸਿੰਘ ਜੋਸ਼) 81. ਮੇਰੀ ਜੀਵਨ ਕਹਾਣੀ (ਪ੍ਰੋ. ਪ੍ਰੀਤਮ ਸਿੰਘ) 82. ਸਾਡੀ ਦਸ਼ਾ (ਨਾਹਰ ਸਿੰਘ) 83. ਨਾਮਧਾਰੀ ਇਤਿਹਾਸ (ਨਾਹਰ ਸਿੰਘ) 84. ਹਿਸਟਰੀ ਆਫ ਖਾਲਸਾ ਕਾਲਜ ਅੰਮ੍ਰਿਤਸਰ (ਸੁੰਦਰ ਸਿੰਘ ਮਜੀਠੀਆ) 85. ਨਿਰਮਲ ਜੀਵਨ (ਗਿਆਨੀ ਈਸ਼ਰ ਸਿੰਘ ਨਾਰਾ) 86. ਜੀਵਨ ਕਥਾ ਸੰਤ ਅਤਰ ਸਿੰਘ ਜੀ ਮਹਾਰਾਜ (ਸੰਤ ਜੀਵਾ ਸਿੰਘ ਨਨਕਾਣਾ ਸਾਹਿਬ) 87. ਨਿਰਮਲ ਸੰਪ੍ਰਦਾਇ (ਪ੍ਰੋ. ਪ੍ਰੀਤਮ ਸਿੰਘ) 88. ਮਾਂਡੂਕਯ ਉਪਨਿਸ਼ਦ 89. ਬਾਬਾ ਖੁਦਾ ਸਿੰਘ (ਗਿਆਨੀ ਪ੍ਰਤਾਪ

ਸਿੰਘ) 90. ਗੁਰਬਿਲਾਸ ਬਾਬਾ ਬੀਰ ਸਿੰਘ (ਭਾਈ ਮੋਹਰ ਸਿੰਘ) 91. ਬੀਰਮ੍ਰਿਗੇਸ ਗੁਰਬਿਲਾਸ ਦੇਵਤਰੂ (ਪੰਡਿਤ ਸ਼ੇਰ ਸਿੰਘ) 92. ਭਾਈ ਮਹਾਰਾਜ ਸਿੰਘ (ਸ. ਨਾਹਰ ਸਿੰਘ ਐਮ.ਏ) 93. ਡੇਰਾ ਬਾਬਾ ਦਲ ਸਿੰਘ (ਗਿਆਨੀ ਬਲਵੰਤ ਸਿੰਘ ਕੋਠਾ ਗੁਰੂ) 94. ਨਿਰਮਲ ਪੰਥ ਦਰਸ਼ਨ (ਮਹੰਤ ਦਿਆਲ ਸਿੰਘ ਲਾਹੌਰ) 95. ਜੀਵਨ ਕਥਾ ਸੰਤ ਅਤਰ ਸਿੰਘ (ਸੰਤ ਤੇਜਾ ਸਿੰਘ) 96. ਕੂਕਿਆਂ ਦੀ ਵਿਥਿਆ (ਡਾ. ਗੰਡਾ ਸਿੰਘ) 97. ਬਡਰੁੱਖਾ ਸਰਵੇ ਪੁਸਤਕ 98. ਨਿਰਮਲ ਪੰਥ ਬੋਧ (ਗਿ. ਬਲਵੰਤ ਸਿੰਘ ਕੋਠਾਗੁਰੂ) 99. ਜੀਵਨ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ (ਹਰਨਾਮ ਸਿੰਘ ਮਨੋਹਰ) 100. ਜਪੁਜੀ ਏਕ ਉਅੰਕਾਰ (ਆਚਾਰਯ ਰਜਨੀਸ਼) 101. ਅਪ੍ਰਕਾਸ਼ਤ ਦੌਰਾ ਸਾਖੀ 102. ਸ੍ਰੀ ਗੁਰਮੁਖ ਪ੍ਰਕਾਸ਼ 103. ਸੰਤ ਗਾਥਾ (ਮੇਜਰ ਸਿੰਘ) 104. ਜੀਵਨ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ (ਭਾਈ ਹਰਨਾਮ ਸਿੰਘ) 105. ਮੇਰਾ ਪਿੰਡ ਬਹਾਦਰਪੁਰ (ਰਣਜੀਤ ਸਿੰਘ) 106. ਮੇਰੀਆਂ ਖ਼ਬਰਾਂ ਮੇਰੇ ਲੇਖ (ਸ. ਹਰਿਗੋਬਿੰਦ ਸਿੰਘ ਸੇਖਪੁਰੀਆ) 107. ਸੰਤ ਮੱਘਰ ਸਿੰਘ (ਸ. ਬਾਬੂ ਸਿੰਘ ਰਾਮਗੜ੍ਹ) 108. ਜੀਵਨ ਕਥਾ ਸੰਤ ਜਵਾਲਾ ਸਿੰਘ ਹਰਖੋਵਾਲ (ਗਿਆਨੀ ਜੋਧ ਸਿੰਘ) 109. ਬਖ਼ਸ਼ੀ ਰੂਹ (ਸੰਤ ਕ੍ਰਿਪਾਲ ਸਿੰਘ ਛੰਨਾ ਵਾਲੇ) 110. ਸ੍ਰੀ ਗੁਰ ਬੰਸ ਵਿਨੋਦ (ਪੱਥਰ ਛਾਪ, ਭਾਈ ਗਨੇਸ਼ਾ ਸਿੰਘ ਬੇਦੀ)

**ਪਤ੍ਰਿਕਾਵਾਂ**

1. ਖਾਲਸਾ ਸਮਾਚਾਰ 2. ਖਾਲਸਾ ਅਖਬਾਰ 3. ਸਿੰਘ ਸਭਾ ਪਤ੍ਰਕਾ 4. ਪੰਜ ਦਰਿਆ 5. ਅਕਾਲੀ ਪਤ੍ਰਿਕਾ 6. ਗੁਰਮਤਿ ਪ੍ਰਕਾਸ਼ 7. ਕੌਮੀ ਏਕਤਾ 8. ਅਖਬਾਰ ਵਰਤਮਾਨ 9. ਨਿਰਮਲ ਚਿੰਤਾਮਣੀ

ਉਪਰੋਕਤ ਹਵਾਲਾ ਸੂਚੀ ਤੋਂ ਪਤਾ ਲਗਦਾ ਹੈ ਕਿ ਗਿਆਨੀ ਜੀ ਨੇ ਮੁਢਲੇ ਅਤੇ ਸਹਾਇਕ ਸ੍ਰੋਤਾਂ ਦੇ ਅਧਾਰ 'ਤੇ ਇਤਿਹਾਸ ਲਿਖਿਆ ਹੈ। ਇਸ ਤੋਂ ਇਲਾਵਾ ਗਿਆਨੀ ਜੀ ਨੇ ਨੇ ਖੇਤਰੀ ਸਰਵੇਖਣ ਕਰਕੇ ਵੀ ਜਾਣਕਾਰੀ ਇਕੱਤਰ ਕੀਤੀ ਜਿਵੇਂ ਗੁਰਦੁਆਰਿਆਂ ਅਤੇ ਡੇਰਿਆਂ ਦਾ ਇਤਿਹਾਸ ਅੰਕਿਤ ਕਰਨ ਲਈ ਉਨ੍ਹਾਂ ਥਾਵਾਂ 'ਤੇ ਗਏ। ਪੁਰਾਣੇ ਬਜ਼ੁਰਗਾਂ ਤੋਂ ਜਾਣਕਾਰੀ ਇਕੱਤਰ ਕਰਦੇ ਹਨ। ਇਸ ਤਰ੍ਹਾਂ ਸਪੱਸ਼ਟ ਹੈ ਕਿ ਗਿਆਨੀ ਜੀ ਨੇ ਸਿੱਖ ਸ੍ਰੋਤਾਂ ਅਤੇ ਮੌਖਿਕ ਪਰੰਪਰਾ ਦੇ ਅਧਾਰ 'ਤੇ ਇਤਿਹਾਸ ਲਿਖਿਆ ਜੋ ਕਿ ਸਿੱਖ ਅਧਿਐਨ ਦੇ ਵਿਦਵਾਨਾਂ ਅਤੇ ਖੋਜਾਰਥੀਆਂ ਲਈ ਬਹੁਤ ਲਾਹੇਵੰਦ ਸਿੱਧ ਹੋਵੇਗਾ।

**(ਹ) ਸੰਪ੍ਰਦਾਵਾਂ ਅਤੇ ਡੇਰਿਆਂ ਬਾਰੇ**: ਗਿਆਨੀ ਜੀ ਨੇ ਖੁਦ ਨਿਰਮਲੇ ਵਿਦਵਾਨ ਹੋਣ ਕਰਕੇ ਨਿਰਮਲ ਪੰਥ ਦਾ ਇਤਿਹਾਸ ਲਿਖਣ ਵਿਚ ਵਿਸ਼ੇਸ਼ ਰੁਚੀ ਲਈ ਹੈ। ਵੀਹਵੀਂ ਸਦੀ ਦੇ ਆਪ ਅਜਿਹੇ ਖੋਜਕਾਰ ਸਨ ਜਿਨ੍ਹਾਂ ਨੇ ਦਰਜਣ ਤੋਂ ਵੱਧ ਪੁਸਤਕਾਂ ਲਿਖੀਆਂ ਇਨ੍ਹਾਂ ਵਿਚੋਂ ਨਿਰਮਲ ਸੰਪ੍ਰਦਾਇ ਨਾਲ ਸੰਬੰਧਿਤ ਆਪ ਦੀਆਂ ਤਿੰਨ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਵਿਚ ਪਹਿਲੀ *ਸ੍ਰੀ ਨਿਰਮਲ ਪੰਥ ਬੋਧ* ਹੈ ਜਿਸ ਵਿਚ ਨਿਰਮਲ ਭੇਖ ਦੇ ਆਰੰਭ, ਵਿਕਾਸ, ਸੇਵਾ ਅਤੇ ਨਿਰਮਲ ਸੰਪ੍ਰਦਾਇ ਦੇ ਡੇਰਿਆਂ ਬਾਰੇ ਵਿਸਤਾਰ ਨਾਲ ਅੰਕਿਤ ਕੀਤਾ ਹੈ। ਇਹ ਆਪ ਦੀ ਸ਼ਾਹਕਾਰ ਰਚਨਾ ਹੈ ਜਿਸ ਨੂੰ ਨਿਰਮਲ ਪੰਥ ਦਾ ਕੋਸ਼ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੈ। ਇਸ ਵਿਚ ਗਿਆਨੀ ਜੀ ਨੇ ਬਹੁਤ ਵਿਸਤਾਰ ਨਾਲ ਜਿਥੇ ਨਿਰਮਲ ਭੇਖ ਦੇ ਇਤਿਹਾਸ 'ਤੇ ਚਾਨਣਾ ਪਾਇਆ ਹੈ ਉਥੇ ਨਿਰਮਲ ਭੇਖ ਦੀਆਂ ਕਰੀਬ 35 ਉਪ ਸੰਪ੍ਰਦਾਵਾਂ ਦੇ ਅਧੀਨ ਆਉਂਦੇ ਡੇਰਿਆਂ ਦਾ ਸਰਵੇਖਣ ਕਰਕੇ ਜਾਣਕਾਰੀ ਦਿਤੀ ਹੈ। ਇਹ ਖੋਜ ਕਾਰਜ ਆਪ ਦੀ ਕਈ ਵਰ੍ਹਿਆਂ ਦੀ ਅਣਥੱਕ ਮਿਹਨਤ ਦਾ ਨਤੀਜਾ ਹੈ। ਇਹ ਵਰ੍ਹਿਆਂ ਦੀ ਘਾਲਣਾ ਪਿਛੇ ਸਿੱਖੀ ਭਾਵਨਾ ਅਤੇ ਨਿਸ਼ਕਾਮ ਸੇਵਾ

ਭਾਵਨਾ ਸੀ। ਇਸ ਗ੍ਰੰਥ ਨਾਲ ਸੰਬੰਧਿਤ ਸਮੱਗਰੀ ਇਕੱਤਰ ਕਰਨ ਲਈ ਆਪ ਨੂੰ ਕਈ ਤਰ੍ਹਾਂ ਦੇ ਮਾਨ-ਅਪਮਾਨ ਵੀ ਸਹਿਣੇ ਪਏ ਪਰ ਆਪ ਨੇ ਲਗਨ ਅਤੇ ਮਿਹਨਤ ਨਾਲ ਇਹ ਕਾਰਜ ਸੰਪੂਰਨ ਕੀਤਾ।

ਦੂਜੀ ਪੁਸਤਕ *ਨਿਰਮਲ ਪੰਥ ਦੀ ਗੌਰਵ ਗਾਥਾ* ਪੁਸਤਕ ਇਸ ਨੂੰ *ਸ੍ਰੀ ਨਿਰਮਲ ਪੰਥ ਬੋਧ* ਦੇ ਪਹਿਲੇ ਭਾਗ ਦਾ ਸੰਖੇਪ ਕਿਹਾ ਜਾ ਸਕਦਾ ਹੈ ਜਿਸ ਵਿਚ ਨਿਰਮਲ ਭੇਖ ਦੇ ਆਰੰਭ, ਵਿਕਾਸ, ਸੇਵਾ ਬਾਰੇ ਬਿਆਨ ਕੀਤਾ ਹੈ। ਤੀਜੀ *ਨਿਰਮਲ ਭੇਖ ਭਾਸ਼ਕਰ* ਕਿਤਾਬਚਾ ਹੈ ਜਿਸ ਵਿਚ ਸੰਖੇਪ ਵਿਚ ਨਿਰਮਲ ਸੰਪ੍ਰਦਾਇ ਦਾ ਇਤਿਹਾਸ ਦਰਜ ਕੀਤਾ ਹੈ। ਇਸ ਤੋਂ ਇਲਾਵਾ ਗੁਰੂ ਵੰਸ਼ ਖਾਲਸਾ ਪੰਥ ਵਿਚ ਵੀ ਇਕ ਲੇਖ ਨਿਰਮਲ ਪੰਥ ਨਾਲ ਸੰਬੰਧਿਤ ਹੈ ਅਤੇ ਸੁਧਾਸਰ ਕੇ ਰਤਨ ਪੁਸਤਕ ਵਿਚ ਲੇਖਕ ਨੇ ਨਿਰਮਲਿਆਂ ਦੇ ਡੇਰੇ 'ਡੇਰਾ ਬਾਬਾ ਮਿਸ਼ਰਾ ਸਿੰਘ ਚੌਂਕ ਲਛਮਣਸਰ, ਅੰਮ੍ਰਿਤਸਰ' ਅਤੇ ਨਿਰਮਲਿਆਂ ਦੀ ਉਪ ਸੰਪ੍ਰਦਾਇ 'ਸੰਪ੍ਰਦਾਇ ਠਾਕੁਰ ਦਿਆਲ ਸਿੰਘ' ਦਾ ਇਤਿਹਾਸ ਅੰਕਿਤ ਕੀਤਾ ਹੈ। ਇਸ ਤੋਂ ਇਲਾਵਾ ਨਿਰਮਲ ਸੰਪ੍ਰਦਾਇ ਬਾਰੇ ਵਖ-ਵਖ ਪਤ੍ਰਿਕਾਵਾਂ ਵਿਚ ਲੇਖ ਵੀ ਛਪਦੇ ਰਹਿੰਦੇ।

ਗਿਆਨੀ ਜੀ ਤੋਂ ਪਹਿਲਾਂ ਨਿਰਮਲ ਭੇਖ ਦਾ ਇਤਿਹਾਸ ਲਿਖਣ ਵਾਲੇ ਵਿਦਵਾਨ ਗਿਆਨੀ ਗਿਆਨ ਸਿੰਘ, ਮਹੰਤ ਗਨੇਸ਼ਾ ਸਿੰਘ, ਮਹੰਤ ਦਿਆਲ ਸਿੰਘ ਲਾਹੌਰ ਵਾਲੇ ਹਨ। ਸਭ ਤੋਂ ਪਹਿਲਾ ਨਿਰਮਲ ਭੇਖ ਦਾ ਇਤਿਹਾਸ ਗਿਆਨੀ ਗਿਆਨ ਸਿੰਘ ਦੁਆਰਾ ਰਚਿਤ *ਨਿਰਮਲ ਪੰਥ ਪ੍ਰਦੀਪਕਾ* ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਇਸ ਗ੍ਰੰਥ ਵਿਚ ਨਿਰਮਲ ਭੇਖ ਦੀ ਸਿਰਜਣਾ, ਦਸ ਬਖਸ਼ੀਸ਼ਾਂ, ਨਿਰਮਲ ਅਖਾੜੇ ਦੀ ਸਥਾਪਨਾ ਬਾਰੇ ਵਰਣਨ ਕੀਤਾ ਹੈ। ਇਹ ਗ੍ਰੰਥ 1891 ਈ. ਵਿਚ ਗੁਰੂ ਗੋਬਿੰਦ ਸਿੰਘ ਪ੍ਰੈਸ (ਛਾਪਾ ਪੱਥਰ) ਵਿਚ ਛਪਿਆ ਹੈ। ਇਸਦੇ 100 ਪੰਨੇ ਹਨ। ਦੂਜੀ ਵਾਰ ਸ੍ਰੀ ਮਾਨ 108 ਸ੍ਰੀ ਮਹੰਤ ਪੰਡਿਤ ਸੁੱਚਾ ਸਿੰਘ ਮਹਾਰਾਜ ਦੇ ਯਤਨ ਨਾਲ ਨਿਰਮਲ ਪੰਚਾਇਤੀ ਅਖਾੜਾ ਕਨਖਲ ਨੇ ਪ੍ਰਕਾਸ਼ਤ ਕੀਤਾ ਹੈ। ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਦੀ ਸਮਾਪਤੀ ਤੇ ਸਿੱਖ ਸੰਪ੍ਰਦਾਵਾਂ ਦਾ ਪਹਿਲੀ ਵਾਰ ਵੇਰਵਾ ਦਿਤਾ ਹੈ ਜਿਸ ਵਿਚ ਨਿਰਮਲ ਭੇਖ ਦਾ ਵੀ ਸੰਖੇਪ ਵਿਚ ਵਰਣਨ ਕੀਤਾ ਹੈ। ਗਿਆਨੀ ਗਿਆਨ ਸਿੰਘ ਨੇ ਨਿਰਮਲ ਭੇਖ ਦੀਆਂ ਸਾਰੀਆਂ ਸੰਪ੍ਰਦਾਵਾਂ ਦੇ ਸਜ਼ਰੇ ਵੀ ਤਿਆਰ ਕੀਤੇ ਹਨ। ਇਸ ਰਚਨਾ ਦਾ ਨਾਮ *ਨਿਰਮਲ ਪੰਥ ਗੁਰੂ ਪ੍ਰਣਾਲਕਾ ਵ੍ਰਿਕਸ਼* ਹੈ। ਨਿਰਮਲ ਭੇਖ ਦਾ ਇਤਿਹਾਸ ਲਿਖਣ ਵਾਲੇ ਦੂਜੇ ਇਤਿਹਾਸਕਾਰ ਮਹੰਤ ਗਨੇਸ਼ਾ ਜੀ ਹਨ। ਇਨ੍ਹਾਂ ਦੀ ਰਚਨਾ *ਨਿਰਮਲ ਭੂਸ਼ਨ* ਸੰਖੇਪ ਵਿਚ ਹੈ ਜਿਸ ਵਿਚ ਚੌਹਾਂ ਕੁੰਭ ਮੇਲਿਆਂ ਅਤੇ ਦੂਸਰੇ ਤੀਰਥਾਂ (ਹਰਿਦਵਾਰ, ਇਲਾਹਾਬਾਦ, ਉਜੈਨ, ਤ੍ਰਿਯੰਬਕ, ਕੁਰੂਕਸ਼ੇਤ੍ਰ ਅਤੇ ਸ੍ਰੀ ਅੰਮ੍ਰਿਤਸਰ ਜੀ) ਦੀ ਮਹਿਮਾ ਦਾ ਵਿਸ਼ੇਸ਼ ਵਰਣਨ ਹੈ। ਪੰਚਾਇਤੀ ਅਖਾੜੇ ਦੇ ਸ੍ਰੀ ਮਹੰਤਾਂ ਦੇ ਸੰਖੇਪ ਜੀਵਨ ਅਤੇ ਭੇਖ ਦੇ ਪ੍ਰਸਿਧ ਮਹਾਂਪੁਰਖਾਂ ਦਾ ਸੰਖੇਪ ਵਿਚ ਵੇਰਵਾ ਦਿਤਾ ਹੈ।

ਤੀਜੇ ਇਤਿਹਾਸਕਾਰ ਮਹੰਤ ਦਿਆਲ ਸਿੰਘ ਜੀ ਲਾਹੌਰ ਵਾਲਿਆਂ ਨੇ ਨਿਰਮਲ ਭੇਖ ਦਾ ਇਤਿਹਾਸ *ਨਿਰਮਲ ਪੰਥ ਦਰਸ਼ਨ* ਵਿਚ ਅੰਕਿਤ ਕੀਤਾ ਹੈ। ਇਸ ਗ੍ਰੰਥ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਅਸ਼ੀਰਵਾਦ ਨਾਲ ਪਾਉਂਟਾ ਸਾਹਿਬ (1686) ਤੋਂ 1950 ਈ. ਤਕ ਦਾ ਵੇਰਵਾ ਹੈ। ਨਿਰਮਲ ਪੰਥ ਦੀਆਂ ਸਾਰੀਆਂ

ਸੰਪ੍ਰਦਾਵਾਂ (ਉਪ ਸਾਖਾ/ਪਧਤੀਆਂ) ਡੇਰਿਆਂ ਅਤੇ ਡੇਰਿਆਂ ਦੇ ਮਹੰਤਾਂ ਦਾ ਵਿਸਤਾਰ ਨਾਲ ਵਰਣਨ ਹੈ। ਇਸਦੇ ਚਾਰ ਭਾਗ ਹਨ। ਪਹਿਲੇ ਭਾਗ ਦੇ 511 ਪੰਨੇ, ਦੂਜੇ ਦੇ 512 ਪੰਨੇ, ਤੀਜੇ ਦੇ 555 ਪੰਨੇ ਅਤੇ ਚੌਥੇ ਭਾਗ ਦੇ 588 ਪੰਨੇ ਹਨ। ਇਸ ਵਿਚ ਨਿਰਮਲ ਭੇਖ ਦਾ ਵਿਸਤਾਰ ਪੂਰਬਕ ਇਤਿਹਾਸ ਅੰਕਤ ਕੀਤਾ ਹੈ।

ਚੌਥੇ ਇਤਿਹਾਸਕਾਰ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਹਨ। ਇਥੇ ਅਸੀਂ ਗਿਆਨੀ ਬਲਵੰਤ ਸਿੰਘ ਦੁਆਰਾ ਲਿਖੇ ਨਿਰਮਲ ਭੇਖ ਦੇ ਇਤਿਹਾਸ ਬਾਰੇ ਜਾਣਕਾਰੀ ਦੇਵਾਂਗੇ ਅਤੇ ਉਨ੍ਹਾਂ ਦੁਆਰਾ ਲਿਖੇ ਇਤਿਹਾਸ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕਰਾਂਗੇ। ਗਿਆਨੀ ਜੀ ਕਾਫੀ ਲੰਮੇ ਸਮੇਂ ਤੋਂ ਨਿਰਮਲ ਭੇਖ ਦੀ ਖੋਜ ਵਿਚ ਜੁਟ ਗਏ ਸਨ। ਗਿਆਨੀ ਜੀ ਦੇ 1960-61 ਦੇ ਸਪਤਾਹਿਕ *ਨਿਰਮਲ ਉਦੇਸ਼* ਅੰਮ੍ਰਿਤਸਰ ਵਿਚ ਨਿਰਮਲ ਪੰਥ ਬਾਰੇ ਲੇਖ ਛਪੇ ਮਿਲਦੇ ਹਨ। ਗਿਆਨੀ ਜੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਗੁਰੂ ਨਾਨਕ ਅਧਿਐਨ ਵਿਭਾਗ ਵਲੋਂ ਕਰਵਾਏ ਤਿੰਨ ਰੋਜ਼ਾ ਸੈਮੀਨਾਰ 'ਨਿਰਮਲ ਪੰਥ ਦੀ ਪੰਜਾਬ ਦੇ ਧਰਮ ਦਰਸ਼ਨ ਤੇ ਸਾਹਿੱਤ ਨੂੰ ਦੇਣ' ਵਿਚ 'ਨਿਰਮਲ ਸੰਪ੍ਰਦਾਇ: ਸਾਹਿੱਤ ਤੇ ਵਿਦਵਤਾ ਦਾ ਪੁੰਜ' ਵਿਸ਼ੇ ਤੇ ਪੇਪਰ ਪੜ੍ਹਿਆ ਜੋ *ਨਿਰਮਲ ਸੰਪ੍ਰਦਾਇ* ਪੁਸਤਕ ਵਿਚ 225 ਪੰਨੇ ਤੇ ਛਪਿਆ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਗਿਆਨੀ ਜੀ ਬਹੁਤ ਚਿਰ ਤੋਂ ਨਿਰਮਲ ਪੰਥ ਦੀ ਸੇਵਾ ਨੂੰ ਸਮਰਪਿਤ ਸਨ।

ਮਹੰਤ ਦਿਆਲ ਸਿੰਘ ਤੋਂ ਮਗਰੋਂ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਨਿਰਮਲ ਭੇਖ ਦੇ ਇਤਿਹਾਸ ਨੂੰ *ਸ੍ਰੀ ਨਿਰਮਲ ਪੰਥ ਬੋਧ* ਗ੍ਰੰਥ ਵਿਚ ਵਿਗਿਆਨਕ ਢੰਗ ਨਾਲ ਅੰਕਿਤ ਕੀਤਾ। ਪੁਰਾਣੇ ਗ੍ਰੰਥਾਂ ਨਾਲੋਂ ਇਸ ਗ੍ਰੰਥ ਵਿਚ ਕਈ ਨਵੇਂ ਵਾਧੇ ਵੀ ਕੀਤੇ ਗਏ ਹਨ। ਪਹਿਲਾ ਤਾਂ ਇਹ ਹੈ, ਮਹੰਤ ਦਿਆਲ ਸਿੰਘ ਦੇ ਇਤਿਹਾਸ ਤੋਂ ਮਗਰੋਂ ਕਈ ਪਰਿਵਰਤਨ ਹੋ ਗਏ। ਬਹੁਤ ਸਾਰੇ ਮਹੰਤ ਸਵਰਗਵਾਸ ਹੋ ਗਏ, ਨਵੇਂ ਬਣੇ ਮਹੰਤਾਂ ਅਤੇ ਨਵੇ ਬਣੇ ਡੇਰਿਆਂ ਦੇ ਵੇਰਵੇ ਗਿਆਨੀ ਜੀ ਨੇ ਅੰਕਤ ਕੀਤੇ ਹਨ। ਇਸ ਕਾਰਜ ਲਈ ਗਿਆਨੀ ਜੀ ਨੇ ਸਾਰੇ ਦੇਸ ਵਿਚ ਨਿਰਮਲਿਆਂ ਦੇ ਡੇਰਿਆਂ ਤੇ ਜਾ ਕੇ ਇਤਿਹਾਸ ਇਕਤਰ ਕੀਤਾ। ਕਈ ਤਰ੍ਹਾਂ ਦੇ ਮਾਨ ਅਪਮਾਨ ਵੀ ਸਹਿਣੇ ਪਏ। *ਸ੍ਰੀ ਨਿਰਮਲ ਪੰਥ ਬੋਧ* ਵਿਚ ਗਿਆਨੀ ਜੀ ਨੇ ਵਿਸ਼ੇਵਾਰ ਮਹਾਂਪੁਰਖਾਂ ਦੀ ਸੇਵਾ/ਵਿਦਵਤਾ ਦਾ ਇਕ ਥਾਂ ਸੰਗ੍ਰਹਿ ਕੀਤਾ ਹੈ।

ਗਿਆਨੀ ਜੀ ਨੇ ਨਿਰਮਲ ਭੇਖ ਦੇ ਆਰੰਭ, ਵਿਕਾਸ, ਨਿਰਮਲ ਪੰਚਾਇਤੀ ਅਖਾੜੇ ਦੀ ਸਥਾਪਨਾ, ਸ੍ਰੀ ਮਹੰਤਾਂ ਦੇ ਜੀਵਨ, ਯੋਗਦਾਨ, ਨਿਰਮਲ ਭੇਖ ਦੀਆਂ ਉਪ ਸੰਪ੍ਰਦਾਵਾਂ ਅਤੇ ਡੇਰਿਆਂ ਬਾਰੇ ਵਿਸਤਾਰ ਨਾਲ ਦਸਿਆ ਹੈ। ਇਥੇ ਅਸੀਂ ਨਿਰਮਲ ਭੇਖ ਦੀਆਂ ਉਪ ਸੰਪ੍ਰਦਾਵਾਂ ਅਤੇ ਡੇਰਿਆਂ ਬਾਰੇ ਜਾਣਕਾਰੀ ਦੇਵਾਂਗੇ। ਇਨ੍ਹਾਂ ਸੰਪ੍ਰਦਾਵਾਂ ਦੀ ਗਿਣਤੀ ਇਤਿਹਾਸਕਾਰਾਂ ਵਲੋਂ ਵਖ-ਵਖ ਦਿਤੀ ਗਈ ਹੈ। ਮਹੰਤ ਗਣੇਸ਼ ਸਿੰਘ ਨੇ ਨਿਰਮਲ ਭੇਖ ਦੀਆਂ ਸੰਪ੍ਰਦਾਵਾਂ ਦੀ ਗਿਣਤੀ ਸਤਾਰਾਂ ਦਸੀ ਹੈ ਜਿਨ੍ਹਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ:

ਸੰਪ੍ਰਦਾਇ ਕਟਈ, ਸੰਪ੍ਰਦਾਇ ਠਾਕੁਰਾਂ, ਸੰਪ੍ਰਦਾਇ ਪੰਡੋਰੀ ਨਿਝਰਾਂ, ਸੰਪ੍ਰਦਾਇ ਗੰਧੀਆਂ, ਸੰਪ੍ਰਦਾਇ ਅਯੁਧਿਆ, ਸੰਪ੍ਰਦਾਇ ਦੁਭੇਰਨੀ, ਸੰਪ੍ਰਦਾਇ ਭਗੀਰਥੀ, ਸੰਪ੍ਰਦਾਇ ਠੀਕਰੀਵਾਲ, ਸੰਪ੍ਰਦਾਇ ਖਡੂਰ ਸਾਹਿਬ,

ਸੰਪ੍ਰਦਾਇ ਨੌਰੰਗਾਬਾਦ, ਸੰਪ੍ਰਦਾਇ ਹੋਤੀ ਮਰਦਾਨ, ਸੰਪ੍ਰਦਾਇ ਰਾਮ ਤੀਰਥ, ਸੰਪ੍ਰਦਾਇ ਮਹਿਮੇ ਸ਼ਾਹ, ਸੰਪ੍ਰਦਾਇ ਸੇਖਵਾਂ, ਸੰਪ੍ਰਦਾਇ ਮੁਕਤਸਰ, ਸੰਪ੍ਰਦਾਇ ਡਰੌਲੀ ਭਾਈ, ਸੰਪ੍ਰਦਾਇ ਬਰਨਾਲਾ।

ਮਹੰਤ ਦਿਆਲ ਸਿੰਘ ਨੇ *ਨਿਰਮਲ ਪੰਥ ਦਰਸ਼ਨ* ਵਿਚ ਇਨ੍ਹਾਂ ਸੰਪ੍ਰਦਾਵਾਂ ਦੀ ਗਿਣਤੀ 33 ਲਿਖੀ ਹੈ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

ਸੰਪ੍ਰਦਾਇ ਠਾਕਰਾਂ, ਸੰਪ੍ਰਦਾਇ ਨੌਰੰਗਾਬਾਦ, ਸੰਪ੍ਰਦਾਇ ਹੋਤੀ ਮਰਦਾਨ, ਸੰਪ੍ਰਦਾਇ ਕਟਈ, ਸੰਪ੍ਰਦਾਇ ਦੁਭੇਰਨੀ, ਸੰਪ੍ਰਦਾਇ ਗੰਧੀਆਂ, ਸੰਪ੍ਰਦਾਇ ਮੰਗਲਵਾਲ, ਸੰਪ੍ਰਦਾਇ ਠਾਕੁਰ ਗੁਰਮੁਖ ਸਿੰਘ, ਸੰਪ੍ਰਦਾਇ ਬਾਬਾ ਕੂਮਾ ਸਿੰਘ, ਸੰਪ੍ਰਦਾਇ ਠਾਕੁਰ ਬਹਾਲ ਸਿੰਘ, ਸੰਪ੍ਰਦਾਇ ਗੁਰੂਸਰੀਆਂ, ਸੰਪ੍ਰਦਾਇ ਅੱਡਣਸ਼ਾਹੀ ਨਿਰਮਲੇ, ਸੰਪ੍ਰਦਾਇ ਕਾਦੀਆਂ, ਸੰਪ੍ਰਦਾਇ ਨੰਗਾਲੀ ਸਾਹਿਬ, ਸੰਪ੍ਰਦਾਇ ਖਡੂਰੀਆਂ, ਸੰਪ੍ਰਦਾਇ ਬਲੌਂਗੀ, ਸੰਪ੍ਰਦਾਇ ਗੁਰੂ ਮਾਂਗਟ, ਸੰਪ੍ਰਦਾਇ ਰਾਮ ਤੀਰਥੀਆਂ, ਸੰਪ੍ਰਦਾਇ ਪੰਡੋਰੀ ਨਿਝਰਾਂ, ਸੰਪ੍ਰਦਾਇ ਗਿਰਵੜੀ, ਸੰਪ੍ਰਦਾਇ ਕਬੇਰ, ਸੰਪ੍ਰਦਾਇ ਬਰਨਾਲਾ, ਸੰਪ੍ਰਦਾਇ ਡਰੌਲੀ, ਸੰਪ੍ਰਦਾਇ ਮੁਕਤਸਰੀਆਂ, ਸੰਪ੍ਰਦਾਇ ਜਲਾਲ, ਸੰਪ੍ਰਦਾਇ ਮਹਿਮਾਸ਼ਾਹ, ਸੰਪ੍ਰਦਾਇ ਦੌਧਰ, ਸੰਪ੍ਰਦਾਇ ਠੀਕਰੀਵਾਲ, ਸੰਪ੍ਰਦਾਇ ਸੇਖਵਾਂ ਦੋਦਾ, ਸੰਪ੍ਰਦਾਇ ਦਮਦਮੀਆਂ, ਸੰਪ੍ਰਦਾਇ ਕਾਸ਼ੀ, ਸੰਪ੍ਰਦਾਇ ਬ੍ਰਿੰਦਾਬਨੀਏ, ਸੰਪ੍ਰਦਾਇ ਅਯੁਧਿਆ।[402]

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਇਨ੍ਹਾਂ ਸੰਪ੍ਰਦਾਵਾਂ ਦੀ ਗਿਣਤੀ 35 ਦਸੀ ਹੈ। ਇਨ੍ਹਾਂ ਸੰਪ੍ਰਦਾਵਾਂ ਦੇ ਨਾਂ ਨਿਮਨਲਿਖਤ ਹਨ:

ਸੰਪ੍ਰਦਾਇ ਨੌਰੰਗਾਬਾਦ, ਪਧਤੀ ਹੋਤੀ ਮਰਦਾਨ, ਸੰਪ੍ਰਦਾਇ ਰਾਮ ਤੀਰਥ, ਸੰਪ੍ਰਦਾਇ ਅਯੁਧਿਆ, ਸੰਪ੍ਰਦਾਇ ਦੁਭੇਰਨ, ਸੰਪ੍ਰਦਾਇ ਠਾਕੁਰ ਮੱਲਾ ਸਿੰਘ, ਸੰਪ੍ਰਦਾਇ ਮੁਕਤਿਸਰ, ਸੰਪ੍ਰਦਾਇ ਡਰੌਲੀ, ਸੰਪ੍ਰਦਾਇ ਦੋਧਰ, ਸੰਪ੍ਰਦਾਇ ਕਾਦੀਆਂ, ਸੰਪ੍ਰਦਾਇ ਸੇਖਵਾਂ, ਸੰਪ੍ਰਦਾਇ ਮਹਿਮਾਸ਼ਾਹ, ਸੰਪ੍ਰਦਾਇ ਗੁਰੂਸਰ, ਸੰਪ੍ਰਦਾਇ ਜਲਾਲ, ਸੰਪ੍ਰਦਾਇ ਕਾਸ਼ੀ, ਸੰਪ੍ਰਦਾਇ ਕਬੇਰ, ਸੰਪ੍ਰਦਾਇ ਸੰਤ ਕੋਇਰ ਸਿੰਘ, ਸੰਪ੍ਰਦਾਇ ਗਿਰਵੜੀ, ਸੰਪ੍ਰਦਾਇ ਬਰਨਾਲਾ, ਸੰਪ੍ਰਦਾਇ ਠਾਕੁਰ ਦਿਆਲ ਸਿੰਘ, ਸੰਪ੍ਰਦਾਇ ਗੁਰੂ ਮਾਂਗਟ, ਸੰਪ੍ਰਦਾਇ ਨੰਗਾਲੀ ਸਾਹਿਬ, ਸੰਪ੍ਰਦਾਇ ਖਡੂਰ ਸਾਹਿਬ, ਸੰਪ੍ਰਦਾਇ ਮਸਤੂਆਣਾ, ਸੰਪ੍ਰਦਾਇ ਬਲੌਂਗੀ, ਸੰਪ੍ਰਦਾਇ ਠੀਕਰੀਵਾਲ, ਸੰਪ੍ਰਦਾਇ ਗੰਧੀਆਂ, ਸੰਪ੍ਰਦਾਇ ਦਮਦਮਾ, ਸੰਪ੍ਰਦਾਇ ਕਟਈ, ਸੰਪ੍ਰਦਾਇ ਠਾਕੁਰ ਗੁਰਮੁਖ ਸਿੰਘ, ਸੰਪ੍ਰਦਾਇ ਪੰਡੋਰੀ ਨਿਝਰਾਂ, ਸੰਪ੍ਰਦਾਇ ਠਾਕੁਰ ਬਹਾਲ ਸਿੰਘ, ਸੰਪ੍ਰਦਾਇ ਬਾਬਾ ਕੂਮਾ ਸਿੰਘ, ਸੰਪ੍ਰਦਾਇ ਵਿਹਾਰ ਵ੍ਰਿਦਾਵਨ, ਸੰਪ੍ਰਦਾਇ ਅੱਡਣਸ਼ਾਹੀ ਨਿਰਮਲੇ।

ਗਿਆਨੀ ਜੀ ਨੇ ਦੋ ਸੰਪ੍ਰਦਾਵਾਂ ਸੰਪ੍ਰਦਾਇ ਮਸਤੂਆਣਾ ਅਤੇ ਸੰਪ੍ਰਦਾਇ ਸੰਤ ਕੋਇਰ ਸਿੰਘ ਨਵੀਂਆਂ ਅੰਕਿਤ ਕੀਤੀਆਂ ਹਨ। ਮਹੰਤ ਦਿਆਲ ਸਿੰਘ ਨੇ *ਨਿਰਮਲ ਪੰਥ ਦਰਸ਼ਨ* ਵਿਚ 1950 ਈ. ਤੱਕ ਦਾ ਇਤਿਹਾਸ ਅੰਕਿਤ ਕੀਤਾ ਹੈ। ਗਿਆਨੀ ਜੀ ਨੇ 1950 ਈ. ਤੋਂ ਬਾਅਦ ਸਵਰਗਵਾਸ ਹੋਏ ਮਹੰਤਾਂ ਅਤੇ ਨਵੇਂ ਬਣੇ ਮਹੰਤਾਂ ਦੇ ਜੀਵਨ ਅੰਕਿਤ ਕੀਤੇ ਹਨ। ਗਿਆਨੀ ਜੀ ਨੇ ਇਨ੍ਹਾਂ 35 ਸੰਪ੍ਰਦਾਵਾਂ ਦੇ ਅੰਤਰਗਤ ਆਉਂਦੇ

402 ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਪੰਨਾ 66.

ਲਗਪਗ 395 ਡੇਰਿਆਂ ਦਾ ਇਤਿਹਾਸ ਅੰਕਤ ਕੀਤਾ ਹੈ। ਨਿਮਨਲਿਖਤ ਗਿਆਨੀ ਜੀ ਦੁਆਰਾ ਦਿਤੀਆਂ ਸੰਪ੍ਰਦਾਵਾਂ ਬਾਰੇ ਦਸਿਆ ਜਾਵੇਗਾ ਅਤੇ ਹਰੇਕ ਸੰਪ੍ਰਦਾਇ ਦੇ ਕੇਵਲ ਮੁਖ ਡੇਰਿਆਂ ਬਾਰੇ ਦਸਿਆ ਜਾਵੇਗਾ ਅਤੇ ਬਾਕੀ ਡੇਰਿਆਂ ਦੇ ਵੇਰਵੇ ਅੰਕਿਤ ਕੀਤੇ ਜਾਣਗੇ। ਇਸ ਦੇ ਨਾਲ ਹੀ ਗਿਆਨੀ ਜੀ ਦੁਆਰਾ ਕੀਤੇ ਨਵੇਂ ਵਾਧੇ ਬਾਰੇ ਵੀ ਦਸਿਆ ਜਾਵੇਗਾ।

**1. ਸੰਪ੍ਰਦਾਇ ਨੌਰੰਗਾਬਾਦ**[403]: ਨਿਰਮਲ ਭੇਖ ਵਿਚ ਸੰਪ੍ਰਦਾਇ ਨੌਰੰਗਾਬਾਦ ਦਾ ਮਹੱਤਵਪੂਰਨ ਸਥਾਨ ਹੈ। ਇਸ ਸੰਪ੍ਰਦਾਇ ਵਿਚ ਇਨੇ ਮਹਾਨ ਮਹਾਂਪੁਰਖ ਹੋਏ ਕਿ ਉਨ੍ਹਾਂ ਦੇ ਪ੍ਰਭਾਵ ਨਾਲ ਨੌਰੰਗਾਬਾਦ ਵਰਗੀਆਂ ਹੋਰ ਸੰਪ੍ਰਦਾਵਾਂ ਜਿਵੇਂ ਪਧਤਿ ਬਾਬਾ ਖੁਦਾ ਸਿੰਘ, ਪਧਤਿ ਹੋਤੀ ਮਰਦਾਨ, ਪਧਤਿ ਮਸਤੂਆਣਾ, ਪਧਤਿ ਰਾੜੇ ਵਾਲੇ ਆਦਿ ਸੁਤੰਤਰ ਸੰਪ੍ਰਦਾਵਾਂ ਪੈਦਾ ਹੋਈਆਂ। ਇਸ ਸੰਪ੍ਰਦਾਇ ਦਾ ਗੁਰਮਤਿ ਪ੍ਰਚਾਰ, ਦੇਸ਼ ਦੇ ਅਜ਼ਾਦੀ ਸੰਗਰਾਮ, ਗੁਰਦਵਾਰਿਆਂ ਦੀ ਸੇਵਾ, ਸਾਹਿਤ ਸਿਰਜਨਾ ਵਿਚ ਅਹਿਮ ਯੋਗਦਾਨ ਰਿਹਾ ਹੈ। ਇਸ ਸੰਪ੍ਰਦਾਇ ਦੇ ਸੰਸਥਾਪਕ ਬਾਬਾ ਬੀਰ ਸਿੰਘ ਸਨ। ਸੰਪ੍ਰਦਾਇ ਨੌਰੰਗਾਬਾਦ (ਬਾਬਾ ਬੀਰ ਸਿੰਘ) ਨਾਲ ਸੰਬੰਧਿਤ ਪ੍ਰਸਿਧ ਡੇਰੇ ਹੇਠ ਲਿਖੇ ਹਨ:

**(ੳ) ਡੇਰਾ ਨੌਰੰਗਾਬਾਦ, ਜ਼ਿਲ੍ਹਾ ਅੰਮ੍ਰਿਤਸਰ**: ਇਹ ਡੇਰਾ ਬਾਬਾ ਬੀਰ ਸਿੰਘ ਜੀ ਨੇ ਆਬਾਦ ਕੀਤਾ। ਇਸ ਡੇਰੇ ਦੇ ਉਤਰਾਧਿਕਾਰੀ ਕ੍ਰਮਵਾਰ ਬਾਬਾ ਮਹਾਰਾਜ ਸਿੰਘ, ਸੰਤ ਵੀਰ ਸਿੰਘ ਛੋਟੇ, ਸੰਤ ਕਾਨ੍ਹ ਸਿੰਘ, ਸੰਤ ਰਾਮ ਸਿੰਘ, ਮਹੰਤ ਨਰੈਣ ਸਿੰਘ ਬਣੇ।

**(ਅ) ਡੇਰਾ ਮੁਠਿਆਂ ਵਾਲਾ ਅਤੇ ਰਤੋਕੇ**: ਡੇਰਾ ਮੁਠਿਆਂ ਵਾਲਾ ਮਹੰਤ ਮੋਹਰ ਸਿੰਘ ਜੀ ਨੇ ਬਾਬਾ ਬੀਰ ਸਿੰਘ ਨੌਰੰਗਾਬਾਦ ਵਾਲਿਆਂ ਦੀ ਯਾਦ ਵਿਚ ਬਣਾਇਆ। ਇਥੇ ਬਾਬਾ ਜੀ ਦਾ ਸੰਸਕਾਰ ਕੀਤਾ ਗਿਆ। ਮਹੰਤ ਮੋਹਰ ਸਿੰਘ ਜੀ ਨੇ ਬਾਅਦ ਵਿਚ ਇਸ ਸਥਾਨ ਦੀ ਜਿੰਮੇਵਾਰੀ ਆਪਣੇ ਸ਼ਿਸ਼ ਹਰਨਾਮ ਸਿੰਘ ਨੂੰ ਦੇ ਕੇ ਇਥੋ ਪੰਜ ਮੀਲ ਦੂਰ ਪਿੰਡ ਰਤੋਕੇ ਵਿਚ ਡੇਰਾ ਆਬਾਦ ਕੀਤਾ। ਇਹ ਡੇਰਾ ਸਿਖੀ ਪ੍ਰਚਾਰ ਦਾ ਕੇਂਦਰ ਬਣ ਗਿਆ। ਇਸ ਡੇਰੇ ਦੇ ਕ੍ਰਮਵਾਰ ਮਹੰਤ ਮਹੰਤ ਨਿਕੂ ਸਿੰਘ ਜੀ, ਮਹੰਤ ਹਰਨਾਮ ਸਿੰਘ ਜੀ, ਸੰਤ ਆਤਮਾ ਸਿੰਘ, ਸੰਤ ਕੇਹਰ ਸਿੰਘ ਬਣੇ।

**(ੲ) ਸੰਤ ਟੇਕ ਸਿੰਘ ਜੀ ਦਮਦਮਾ ਠੱਟਾ ਟਿਬਾ**: ਇਸ ਡੇਰੇ ਦੇ ਸੰਸਥਾਪਕ ਸੰਤ ਟੇਕ ਸਿੰਘ ਜੀ ਸਨ। ਸੰਤ ਟੇਕ ਸਿੰਘ ਬਾਬਾ ਬੀਰ ਸਿੰਘ ਜੀ ਦੇ ਸ਼ਿਸ਼ ਸਨ। ਸੰਤ ਟੇਕ ਸਿੰਘ ਤੋਂ ਉਪਰੰਤ ਕ੍ਰਮਵਾਰ ਸੰਤ ਕਾਨ੍ਹ ਸਿੰਘ, ਸੰਤ ਖੜਗ ਸਿੰਘ, ਸੰਤ ਭਾਗ ਸਿੰਘ, ਸੰਤ ਹੀਰਾ ਸਿੰਘ, ਸੰਤ ਕਰਤਾਰ ਸਿੰਘ ਡੇਰੇ ਦੇ ਮਹੰਤ ਬਣੇ।

**(ਸ) ਡੇਰਾ ਬਾਬਾ ਖੜਗ ਸਿੰਘ ਵਾਲਾ**: ਇਸ ਡੇਰੇ ਦੀ ਸਥਾਪਨਾ ਗਿਆਨੀ ਬਖਸ਼ੀਸ਼ ਸਿੰਘ ਜੀ ਨੇ ਚੌਂਕ ਬਾਬਾ ਸਾਹਿਬ ਅੰਮ੍ਰਿਤਸਰ ਵਿਚ ਸੰਮਤ 1964 ਵਿਚ ਕੀਤੀ। ਇਸ ਡੇਰੇ ਦੇ ਕ੍ਰਮਵਾਰ ਮਹੰਤ, ਸੰਤ ਮਹਿਤਾਬ ਸਿੰਘ, ਸੰਤ ਹੀਰਾ ਸਿੰਘ, ਗਿਆਨੀ ਬਖਸ਼ੀਸ਼ ਸਿੰਘ, ਮਹੰਤ ਪ੍ਰਤਾਪ ਸਿੰਘ, ਸੰਤ ਖੜਗ ਸਿੰਘ, ਮਹੰਤ

---

403 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਸ੍ਰੀ ਨਿਰਮਲ ਪੰਥ ਬੋਧ*, ਪੰਨੇ 306-344.

ਰਣ ਸਿੰਘ, ਮਹੰਤ ਗੁਰਬਚਨ ਸਿੰਘ ਸਨ। ਇਥੇ ਗਿਆਨੀ ਜੀ ਨੇ ਮਹੰਤ ਰਣ ਸਿੰਘ ਦੇ ਸਵਰਗਵਾਸ ਹੋ ਜਾਣ ਉਪਰੰਤ ਨਵੇਂ ਬਣੇ ਮਹੰਤ ਮਹੰਤ ਗੁਰਬਚਨ ਸਿੰਘ ਬਾਰੇ ਜਾਣਕਾਰੀ ਅੰਕਤ ਕਰਕੇ ਨਵਾਂ ਵਾਧਾ ਕੀਤਾ ਹੈ।

**(ਹ) ਡੇਰਾ ਸੰਤ ਗਿਆਨੀ ਆਸਾ ਸਿੰਘ ਵਾਲਾ:** ਇਹ ਡੇਰਾ ਗਿਆਨੀ ਆਸਾ ਸਿੰਘ ਜੀ ਨੇ ਕਾਇਮ ਕੀਤਾ। ਇਹ ਡੇਰਾ ਖਤਮ ਹੋ ਚੁੱਕਾ ਹੈ।

**(ਕ) ਡੇਰਾ ਸਹਿਜਰੇ:** ਇਹ ਡੇਰਾ ਸੰਤ ਸੁਰਮੁਖ ਸਿੰਘ ਨੇ ਕਾਇਮ ਕੀਤਾ। ਆਪ ਤੋਂ ਬਾਅਦ ਮਹੰਤ ਨੱਥਾ ਸਿੰਘ, ਸੰਤ ਭੋਲਾ ਸਿੰਘ, ਸੰਤ ਨਿਕਾ ਸਿੰਘ, ਮਹੰਤ ਗੁਰਦੀਪ ਸਿੰਘ ਡੇਰੇ ਦੇ ਮਹੰਤ ਬਣੇ। ਇਹ ਡੇਰਾ ਪਾਕਿਸਤਾਨ ਵਿਚ ਆ ਗਿਆ।

**ਸੰਪ੍ਰਦਾਇ ਨੌਰੰਗਾਬਾਦ ਪਧਤਿ ਸੰਤ ਬਾਬਾ ਖੁਦਾ ਸਿੰਘ**[404] ਨਾਲ ਸੰਬੰਧਿਤ ਪ੍ਰਸਿਧ ਡੇਰੇ ਇਸ ਤਰ੍ਹਾਂ ਹਨ:

**(ੳ) ਡੇਰਾ ਬਾਬਾ ਖੁਦਾ ਸਿੰਘ ਜੀ, ਚੂਨਾ ਮੰਡੀ ਲਾਹੌਰ:** ਇਸ ਸਥਾਨ 'ਤੇ ਬਾਬਾ ਖੁਦਾ ਸਿੰਘ ਜੀ ਅਖੀਰ ਸਮੇਂ ਰਹੇ ਅਤੇ ਸਰੀਰ ਛੱਡਿਆ। ਬਾਬਾ ਖੁਦਾ ਸਿੰਘ ਜੀ ਤੋਂ ਬਾਅਦ ਮਹੰਤ ਪ੍ਰੇਮ ਸਿੰਘ, ਪੰਡਿਤ ਸ਼ੇਰ ਸਿੰਘ, ਮਹੰਤ ਹੀਰਾ ਸਿੰਘ, ਸੰਤ ਕ੍ਰਿਪਾ ਸਿੰਘ, ਮਹੰਤ ਹਰਿਕਿਸ਼ਨ ਸਿੰਘ ਕ੍ਰਮਵਾਰ ਮਹੰਤ ਬਣੇ।

**(ਅ) ਡੇਰਾ ਅਮਰ ਕੁਟੀਆ:** ਇਸ ਡੇਰੇ ਦੇ ਸੰਸਥਾਪਕ ਸੰਤ ਅਮਰ ਸਿੰਘ ਜੀ ਸਨ। ਇਨ੍ਹਾਂ ਨੇ 7-5-49 ਨੂੰ ਸੁਭਾਸ਼ ਨਗਰ (ਅੰਬਾਲਾ) ਵਿਚ ਦੋ ਅਹਾਤੇ ਮੁਲ ਖਰੀਦ ਕੇ ਡੇਰਾ ਅਮਰ ਕੁਟੀਆ ਕਾਇਮ ਕੀਤਾ।

**(ੲ) ਡੇਰਾ ਪੱਦੀ ਠੇਲੂ:** ਇਹ ਡੇਰਾ ਸੰਤ ਖਜ਼ਾਨ ਸਿੰਘ ਨੇ ਕਾਇਮ ਕੀਤਾ। ਸੰਤ ਖਜ਼ਾਨ ਸਿੰਘ ਸੰਤ ਰਵੇਲ ਸਿੰਘ ਦੇ ਸ਼ਿਸ਼ ਸਨ। ਸੰਤ ਖਜ਼ਾਨ ਸਿੰਘ ਤੋਂ ਬਾਅਦ ਸੰਤ ਹਰੀ ਸਿੰਘ, ਸੰਤ ਮੇਲਾ ਸਿੰਘ ਮਹੰਤ ਬਣੇ।

**(ਸ) ਡੇਰਾ ਬੰਗਾ:** ਇਹ ਡੇਰਾ ਸੰਤ ਰਣ ਸਿੰਘ ਨੇ ਕਾਇਮ ਕੀਤਾ। ਇਸ ਡੇਰੇ ਦੇ ਕ੍ਰਮਵਾਰ ਮਹੰਤ, ਸੰਤ ਮੇਲਾ ਸਿੰਘ, ਸੰਤ ਮਲਕੀਅਤ ਸਿੰਘ, ਸੰਤ ਭਾਗ ਸਿੰਘ, ਸੰਤ ਭੁਪਿੰਦਰ ਸਿੰਘ, ਸੰਤ ਜੀਤਾ ਸਿੰਘ ਸਨ। ਇਥੇ ਗਿਆਨੀ ਜੀ ਸੰਤ ਮਲਕੀਤ ਸਿੰਘ, ਸੰਤ ਭਾਗ ਸਿੰਘ, ਸੰਤ ਭੁਪਿੰਦਰ ਸਿੰਘ ਅਤੇ ਸੰਤ ਜੀਤਾ ਸਿੰਘ ਬਾਰੇ ਜਾਣਕਾਰੀ ਸ਼ਾਮਲ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਹ) ਕੁਟੀਆ ਬਿਲਾਸਪੁਰ:** ਇਸ ਡੇਰੇ ਦੇ ਸੰਸਥਾਪਕ ਸੰਤ ਸੰਪੂਰਨ ਸਿੰਘ ਸਨ। ਆਪ ਤੋਂ ਮਗਰੋਂ ਸੰਤ ਅਮਰ ਸਿੰਘ, ਗਿਆਨੀ ਮੇਲਾ ਸਿੰਘ, ਸੰਤ ਗੁਰਦਾਸ ਸਿੰਘ ਮਹੰਤ ਬਣੇ।

**(ਕ) ਕੁਟੀਆ ਭੁੰਗਰਨੀ:** ਇਹ ਕੁਟੀਆ ਸੰਤ ਰਣ ਸਿੰਘ ਜੀ ਨੇ ਸੰਤ ਨੰਦ ਸਿੰਘ ਜੀ ਦੇ ਖੇਤ ਵਿਚ ਤਿਆਰ ਕਰਵਾਈ। ਇਥੇ ਸੰਤ ਰਣ ਸਿੰਘ ਜੀ ਨਾਮ ਚਿੰਤਨ ਕਰਦੇ ਰਹੇ। ਸੰਤ ਨੰਦ ਸਿੰਘ ਉਨ੍ਹਾਂ ਦੇ ਸ਼ਿਸ਼ ਬਣੇ।

**(ਖ) ਡੇਰਾ ਰਾਨਾ ਡੁਮੇਲੀ:** ਇਹ ਡੇਰਾ ਸੰਤ ਕਪੂਰ ਸਿੰਘ ਨੇ ਕਾਇਮ ਕੀਤਾ। ਇਸ ਸਥਾਨ ਦਾ ਪ੍ਰਬੰਧ ਸੰਤ ਗਿਆਨੀ ਮੇਲਾ ਸਿੰਘ ਜੀ ਕੋਲ ਹੈ।

ਉਪਰੋਕਤ ਡੇਰਿਆਂ ਤੋਂ ਇਲਾਵਾ ਗਿਆਨੀ ਜੀ ਨੇ ਡੇਰਾ ਮੁਸਤਫਾ ਬਾਦ ਅੰਬਾਲਾ, ਡੇਰਾ ਮੁਕਾਮ, ਡੇਰਾ ਮਿਰਜ਼ਾਪੁਰ ਆਦਿ ਡੇਰਿਆਂ ਦਾ ਜ਼ਿਕਰ ਕੀਤਾ ਹੈ।

---

404 ਉਹੀ, ਪੰਨੇ 345-363.

**2. ਸੰਪ੍ਰਦਾਇ ਨੌਰੰਗਾਬਾਦ ਪੱਧਤਿ ਹੋਤੀ (ਮਰਦਾਨ)[405]:** ਇਸ ਸੰਪ੍ਰਦਾਇ ਦੇ ਮੋਢੀ ਬਾਬਾ ਕਰਮ ਸਿੰਘ ਹੋਤੀ ਮਰਦਾਨ (ਪਾਕਿਸਤਾਨ) ਵਾਲੇ ਸਨ। ਇਸ ਸੰਪ੍ਰਦਾਇ ਦਾ ਨਿਕਾਸ ਸੰਪ੍ਰਦਾਇ ਨੌਰੰਗਾਬਾਦ ਤੋਂ ਹੋਇਆ। ਇਸ ਸੰਪ੍ਰਦਾਇ ਦਾ ਮੁਖ ਡੇਰਾ ਹੋਤੀ ਮਰਦਾਨ (ਪਾਕਿਸਤਾਨ) ਵਿਚ ਸੀ। ਇਸੇ ਕਰਕੇ ਇਸਦਾ ਨਾਂ ਹੋਤੀ ਮਰਦਾਨ ਪੈ ਗਿਆ। ਪ੍ਰਸਿਧ ਡੇਰੇ ਇਸ ਤਰ੍ਹਾਂ ਹਨ:

**(ੳ) ਡੇਰਾ ਹੋਤੀ ਮਰਦਾਨ:** ਇਹ ਡੇਰਾ ਸੰਤ ਕਰਮ ਸਿੰਘ ਹੋਤੀ ਮਰਦਾਨ ਵਾਲਿਆਂ ਨੇ ਕਾਇਮ ਕੀਤਾ। ਆਪ ਤੋਂ ਬਾਅਦ ਕ੍ਰਮਵਾਰ ਸੰਤ ਆਯਾ ਸਿੰਘ, ਸੰਤ ਰਾਮ ਸਿੰਘ, ਸੰਤ ਮਾਝਾ ਸਿੰਘ ਡੇਰੇ ਦੇ ਮੁਖੀ ਬਣੇ। ਸੰਤ ਮਾਝਾ ਸਿੰਘ ਪਾਕਿਸਤਾਨ ਬਣ ਜਾਣ ਕਾਰਣ ਹੋਤੀ ਮਰਦਾਨ ਵਾਲਾ ਇਤਿਹਾਸਕ ਸਥਾਨ ਛਡ ਕੇ ਭਾਰਤ ਆ ਗਏ ਅਤੇ ਇਥੇ ਮਕਸੂਦਪੁਰ ਜ਼ਿਲ੍ਹਾਂ ਕਪੂਰਥਲਾ ਵਿਚ ਨਵਾਂ ਡੇਰਾ ਕਾਇਮ ਕੀਤਾ। ਸੰਤ ਮਾਝਾ ਸਿੰਘ ਤੋਂ ਬਾਅਦ ਡੇਰਾ ਮਕਸੂਦਪੁਰ ਦੇ ਮੁਖੀ ਸੰਤ ਰੋਸ਼ਨ ਸਿੰਘ ਜੀ ਬਣੇ।

**(ਅ) ਡੇਰਾ ਸੰਤਗੜ੍ਹ ਹਰਖੋਵਾਲ, ਹੁਸ਼ਿਆਰਪੁਰ:** ਇਹ ਡੇਰਾ ਸੰਤ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਨੇ ਕਾਇਮ ਕੀਤਾ। ਆਪ ਤੋਂ ਬਾਅਦ ਸੰਤ ਮਹਿੰਦਰ ਸਿੰਘ, ਸੰਤ ਦੀਦਾਰ ਸਿੰਘ ਡੇਰੇ ਦੇ ਮਹੰਤ ਬਣੇ।

**(ੲ) ਗੁਰਦਵਾਰਾ ਰੇਰੂ ਸਾਹਿਬ:** ਇਹ ਡੇਰਾ ਸੰਤ ਭਗਵਾਨ ਸਿੰਘ ਨੇ ਕਾਇਮ ਕੀਤਾ। ਇਹ ਡੇਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

**(ਸ) ਡੇਰਾ ਕਰਮਸਰ:** ਇਹ ਡੇਰਾ ਸੰਤ ਈਸ਼ਰ ਸਿੰਘ ਰਾੜੇ ਵਾਲਿਆਂ ਨੇ ਸਥਾਪਿਤ ਕੀਤਾ। ਆਪ ਤੋਂ ਬਾਅਦ ਕ੍ਰਮਵਾਰ ਸੰਤ ਕਿਸ਼ਨ ਸਿੰਘ, ਸੰਤ ਤੇਜਾ ਸਿੰਘ ਭੋਰੇ ਵਾਲੇ ਡੇਰੇ ਦੇ ਮੁਖੀ ਬਣੇ। ਇਸ ਡੇਰੇ ਦਾ ਸਿਖੀ ਪ੍ਰਚਾਰ ਵਿਚ ਮਹਤਵਪੂਰਨ ਯੋਗਦਾਨ ਹੈ। ਇਥੇ ਗਿਆਨੀ ਜੀ ਨੇ ਸੰਤ ਤੇਜਾ ਸਿੰਘ ਬਾਰੇ ਜਾਣਕਾਰੀ ਅੰਕਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਹ) ਡੇਰਾ ਜਿਆਣ:** ਇਹ ਡੇਰਾ ਸੰਤ ਹਰਨਾਮ ਸਿੰਘ ਨੇ ਸਥਾਪਿਤ ਕੀਤਾ। ਆਪ ਤੋਂ ਮਗਰੋਂ ਕ੍ਰਮਵਾਰ ਸੰਤ ਹਰੀ ਸਿੰਘ ਕਹਾਰਪੁਰ, ਸੰਤ ਪਾਲ ਸਿੰਘ, ਸੰਤ ਜਵਾਲਾ ਸਿੰਘ, ਸੰਤ ਚੰਨਣ ਸਿੰਘ, ਸੰਤ ਉਜਾਗਰ ਸਿੰਘ, ਮਹੰਤ ਪਿਆਰਾ ਸਿੰਘ ਡੇਰੇ ਦੇ ਮਹੰਤ ਥਾਪੇ ਗਏ।

ਉਪਰੋਕਤ ਡੇਰਿਆਂ ਤੋਂ ਇਲਾਵਾ ਸੰਤ ਜਗਜੀਤ ਸਿੰਘ ਜੀ ਸੰਤ ਆਸ਼ਰਮ ਸੁਲਤਾਨਪੁਰ ਲੋਧੀ, ਡੇਰਾ ਸੂਰ ਵਿੰਡ ਭੈਣੀ, ਡੇਰਾ ਰਾਜਾ ਸਾਂਸੀ, ਡੇਰਾ ਸ਼ੇਖੂਪੁਰਾ, ਡੇਰਾ ਪਿੰਡ ਤਾਜੇਵਾਲਾ, ਡੇਰਾ ਟਿੱਬਾ ਸਾਹਿਬ, ਡੇਰਾ ਜੌਹਲਾਂ, ਡੇਰਾ ਢਿਲਵਾਂ, ਡੇਰਾ ਪਿੰਡ ਪਾਲਦੀ, ਡੇਰਾ ਬਣਾ ਸਾਹਿਬ, ਡੇਰਾ ਭਿਟੇ ਵਢ, ਡੇਰਾ ਹਰੀਪੁਰ, ਡੇਰਾ ਜਲਵੇੜ੍ਹਾ, ਡੇਰਾ ਤਪੋਵਣ ਅੰਮ੍ਰਿਤਸਰ ਆਦਿ ਡੇਰੇ ਇਸ ਸੰਪ੍ਰਦਾਇ ਨਾਲ ਸੰਬੰਧਿਤ ਹਨ।

405 ਉਹੀ, ਪੰਨੇ 364-413.

**3. ਸੰਪ੍ਰਦਾਇ ਰਾਮ ਤੀਰਥ**[406]: ਬਾਬਾ ਸਾਹਿਬ ਸਿੰਘ ਬੇਦੀ ਇਸ ਸੰਪ੍ਰਦਾਇ ਦੇ ਪੂਰਵ ਪੁਰਸ਼ ਹਨ। ਸੰਤ ਭਾਗ ਸਿੰਘ ਕੁਰੀ ਵਾਲੇ ਅਤੇ ਸੰਤ ਦੀਵਾਨ ਸਿੰਘ ਬਾਬਾ ਸਾਹਿਬ ਸਿੰਘ ਬੇਦੀ ਦੇ ਸ਼ਿਸ਼ ਸਨ। ਸੰਤ ਭਾਗ ਸਿੰਘ ਕੁਰੀ ਵਾਲਿਆਂ ਦੇ ਸ਼ਿਸ਼ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ ਸਨ ਜਿਨ੍ਹਾਂ ਤੋਂ ਨੌਰੰਗਾਬਾਦ ਸੰਪ੍ਰਦਾਇ ਆਰੰਭ ਹੋਈ। ਸੰਤ ਦੀਵਾਨ ਸਿੰਘ ਨਾਮ ਸਿਮਰਨ ਵਾਲੇ ਮਹਾਂਪੁਰਖ ਸਨ। ਸਿਮਰਨ ਕਰਦੇ ਹੋਏ ਤੀਰਥ ਯਾਤਰਾ ਜਾਰੀ ਰਖਦੇ ਸਨ ਅਤੇ ਵਿਸਰਾਮ ਰਾਮ ਤੀਰਥ ਤੇ ਆ ਕੇ ਕਰਦੇ ਸਨ ਇਸ ਲਈ ਨਿਰਮਲ ਭੇਖ ਵਿਚ ਇਹ ਸੰਪ੍ਰਦਾਇ ਰਾਮ ਤੀਰਥ ਦੇ ਨਾਂ ਨਾਲ ਪ੍ਰਸਿਧ ਹੋਏ। ਇਸ ਸੰਪ੍ਰਦਾਇ ਦੇ ਪ੍ਰਮੁਖ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਡੇਰਾ ਡਫਰ ਵਾਲ**: ਇਸ ਡੇਰੇ ਦੇ ਸੰਸਥਾਪਕ ਸੰਤ ਦੀਵਾਨ ਸਿੰਘ ਦੇ ਸ਼ਿਸ਼ ਸੰਤ ਗੁਲਾਬ ਸਿੰਘ ਸਨ। ਸੰਤ ਗੁਲਾਬ ਸਿੰਘ ਪਹਿਲੇ ਗ੍ਰਹਿਸਥੀ ਸਨ। ਘਰ ਨੂੰ ਡੇਰੇ ਵਿਚ ਬਦਲ ਦਿਤਾ ਅਤੇ ਨਾਮ ਬਾਣੀ ਦਾ ਪ੍ਰਵਾਹ ਚਲਾਇਆ।

**(ਅ) ਡੇਰਾ ਪਿੰਡ ਮੂਦਲ**: ਇਸ ਡੇਰੇ ਦੇ ਸੰਸਥਾਪਕ ਮਹੰਤ ਵੀਰ ਸਿੰਘ ਸਨ। ਆਪ ਮਹੰਤ ਵਰਿਆਮ ਸਿੰਘ ਦੇ ਸ਼ਿਸ਼ ਸਨ। ਮਹੰਤ ਵੀਰ ਸਿੰਘ ਤੋਂ ਬਾਅਦ ਮਹੰਤ ਜਵਾਲਾ ਸਿੰਘ ਡੇਰੇ ਦੇ ਮੁਖੀ ਬਣੇ।

**(ੲ) ਸੰਗਤ ਲਾਹੌਰੀ ਟੋਲਾ**: ਸੰਗਤ ਲਾਹੌਰੀ ਟੋਲਾ ਮਹੰਤ ਰਾਮ ਸਿੰਘ ਦੇ ਸ਼ਿਸ਼ ਮਹੰਤ ਜੈਰਾਮ ਸਿੰਘ ਜੀ ਨੇ ਕਾਇਮ ਕੀਤਾ। ਇਥੇ ਵਿਦਿਆਰਥੀਆਂ ਨੂੰ ਵਿਦਿਆ ਦਿਤੀ ਜਾਂਦੀ ਹੈ। ਇਸ ਡੇਰੇ ਦੇ ਕ੍ਰਮਵਾਰ ਮਹੰਤ, ਮਹੰਤ ਰਘੁਬੀਰ ਸਿੰਘ, ਮਹੰਤ ਗੋਪਾਲ ਸਿੰਘ, ਸੰਤ ਗੁਰਬਖਸ਼ ਸਿੰਘ, ਸੰਤ ਗੁਰਦੀਪ ਸਿੰਘ ਕੇਸਰੀ ਸਨ। ਵਰਤਮਾਨ ਮਹੰਤ ਪੰਡਿਤ ਰਘੁਬੀਰ ਸਿੰਘ ਸ਼ਾਸਤ੍ਰੀ ਹਨ। ਗਿਆਨੀ ਜੀ ਨੇ ਪੰਡਿਤ ਰਘੁਬੀਰ ਸਿੰਘ ਸ਼ਾਸਤ੍ਰੀ ਬਾਰੇ ਅੰਕਤ ਕਰ ਕੇ ਨਵਾਂ ਵਾਧਾ ਕੀਤਾ ਹੈ।

ਉਪਰੋਕਤ ਡੇਰਿਆਂ ਤੋਂ ਇਲਾਵਾ ਇਸ ਸੰਪ੍ਰਦਾਇ ਨਾਲ ਸੰਬੰਧਤ ਡੇਰੇ ਡੇਰਾ ਸੁਜੋ, ਡੇਰਾ ਗੁਨੋਪੁਰ, ਡੇਰਾ ਡੀਂਗਰੀਆਂ ਆਦਿ ਹਨ।

**4. ਸੰਪ੍ਰਦਾਇ ਅਯੁਧਿਆ**[407]: ਇਸ ਸੰਪ੍ਰਦਾਇ ਦੇ ਮੋਢੀ ਪੰਡਿਤ ਕਾਨ੍ਹ ਸਿੰਘ ਜੀ ਹੋਏ ਹਨ। ਗਿਆਨੀ ਜੀ ਅਨੁਸਾਰ ਸੰਪ੍ਰਦਾਇ ਅਯੁਧਿਆ ਬਾਬਾ ਸਾਹਿਬ ਸਿੰਘ ਬੇਦੀ ਊਨਾ ਸਾਹਿਬ ਵਾਲਿਆਂ ਨਾਲ ਸੰਬੰਧ ਰਖਦੀ ਹੈ। ਬਾਬਾ ਸਾਹਿਬ ਸਿੰਘ ਬੇਦੀ ਦੇ ਸ਼ਿਸ਼ਾਂ ਪਰਸ਼ਿਸ਼ਾਂ ਦੇ ਤਪ ਤੇਜ ਨਾਲ ਕਈ ਸੰਪ੍ਰਦਾਵਾਂ ਹੋਂਦ ਵਿਚ ਆਈਆਂ। ਸੰਪ੍ਰਦਾਇ ਅਯੁਧਿਆ ਵੀ ਇਨ੍ਹਾਂ ਵਿਚੋਂ ਇਕ ਹੈ। ਪੰਡਿਤ ਕਾਨ੍ਹ ਸਿੰਘ ਸੰਤ ਬੁਧ ਸਿੰਘ ਦੇ ਸ਼ਿਸ਼ ਸਨ। ਪੰਡਿਤ ਕਾਨ੍ਹ ਸਿੰਘ ਅਯੁਧਿਆ ਰਹਿ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ। ਇਸੇ ਕਰਕੇ ਅਯੁਧਿਆ ਵਾਸੀ ਪ੍ਰਸਿਧ ਹੋ ਗਏ। ਆਪ ਦੇ ਨਾਂ ਤੋਂ ਸੰਪ੍ਰਦਾਇ ਅਯੁਧਿਆ ਹੋਂਦ ਵਿਚ ਆਈ। ਇਸ ਸੰਪ੍ਰਦਾਇ ਦੇ ਪ੍ਰਸਿਧ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਡੇਰਾ ਹਵੇਲੀ, ਸਿੰਘ ਪੁਰੀਆਂ, ਕੁਰੂਕਸ਼ੇਤਰ**: ਇਸ ਡੇਰੇ ਦੇ ਸੰਸਥਾਪਕ ਪੰਡਿਤ ਕਾਨ੍ਹ ਸਿੰਘ ਅਯੁਧਿਆ ਵਾਸੀ ਹੋਏ ਹਨ। ਆਪ ਨੇ ਇਥੇ ਅਨੇਕ ਸਾਧੂਆਂ ਨੂੰ ਵਿਦਿਆ ਦਾਨ ਦਿਤਾ।

---

406 ਉਹੀ, ਪੰਨੇ 414-424.

407 ਉਹੀ, ਪੰਨੇ 425-430.

**(ਅ) ਡੇਰਾ ਲਧੜਾ**: ਇਸ ਡੇਰੇ ਦੇ ਸੰਸਥਾਪਕ ਸੰਤ ਪਰਸ਼ੋਤਮ ਸਿੰਘ ਹੋਏ ਹਨ। ਇਸ ਡੇਰੇ ਦੇ ਕ੍ਰਮਵਾਰ ਮਹੰਤ, ਮਹੰਤ ਜਵਾਲਾ ਸਿੰਘ, ਸੰਤ ਮਾਨ ਸਿੰਘ ਸਨ। ਇਹ ਸਥਾਨ ਪਾਕਿਸਤਾਨ ਵਿਚ ਰਹਿ ਗਿਆ ਸੀ।

**(ੲ) ਡੇਰਾ ਮੱਤਾ**: ਇਸ ਡੇਰੇ ਦੇ ਮੋਢੀ ਪੰਡਿਤ ਰਾਮ ਸਿੰਘ ਜੀ ਸਨ। ਇਸ ਡੇਰੇ ਦੇ ਕ੍ਰਮਵਾਰ ਮਹੰਤ ਸੰਤ ਲਾਲ ਸਿੰਘ ਅਵਧੂਤ, ਸੰਤ ਕਪੂਰ ਸਿੰਘ ਬਣੇ।

ਉਪਰੋਕਤ ਡੇਰਿਆਂ ਤੋਂ ਬਿਨਾ ਇਸ ਸੰਪ੍ਰਦਾਇ ਨਾਲ ਸੰਬੰਧਿਤ ਡੇਰੇ ਡੇਰਾ ਚੂੰਘਾ, ਡੇਰਾ ਪਿੰਡ ਸ਼ੰਕਰਪੁਰ, ਡੇਰਾ ਕੋਟ ਕਰਮ ਚੰਦ, ਡੇਰਾ ਮਹੰਤ ਮਨੋਹਰ ਸਿੰਘ ਅੰਮ੍ਰਿਤਸਰ ਆਦਿ ਹਨ।

**5. ਸੰਪ੍ਰਦਾਇ ਦੁਭੇਰਨ**[408]: ਇਹ ਸੰਪ੍ਰਦਾਇ ਦੁਭੇਰਨ ਪਿੰਡ ਦੇ ਨਾਂ ਤੋਂ ਪ੍ਰਸਿਧ ਹੋਈ। ਇਹ ਪਿੰਡ ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਚ ਹੈ। ਇਸ ਸੰਪ੍ਰਦਾਇ ਦਾ ਆਰੰਭ ਪਿਆਰੇ ਦਇਆ ਸਿੰਘ ਤੋਂ ਹੁੰਦਾ ਹੈ। ਭਾਈ ਦਇਆ ਸਿੰਘ ਤੋਂ ਸੰਤ ਚਾੜ ਸਿੰਘ ਨੇ ਗੁਰਮੰਤ੍ਰ ਲਿਆ। ਸੰਤ ਚਾੜ ਸਿੰਘ ਦੇ ਸ਼ਿਸ਼ ਸੰਤ ਲੱਛਾ ਸਿੰਘ, ਉਨ੍ਹਾਂ ਦੇ ਚੇਲੇ ਬਾਬਾ ਮੋਹਰ ਸਿੰਘ ਅਤੇ ਬਾਬਾ ਮੋਹਰ ਸਿੰਘ ਦੇ ਚੇਲੇ ਠਾਕੁਰ ਨਾਰਾਇਣ ਸਿੰਘ ਹੋਏ। ਠਾਕੁਰ ਨਾਰਾਇਣ ਸਿੰਘ ਨੇ ਡੇਰਾ ਦੁਭੇਰਨ ਦੀ ਨੀਂਹ ਰੱਖੀ ਅਤੇ ਇਨ੍ਹਾਂ ਤੋਂ ਨਿਰਮਲ ਭੇਖ ਦੀ ਦੁਭੇਰਨ ਸੰਪ੍ਰਦਾਇ ਆਰੰਭ ਹੁੰਦੀ ਹੈ। ਸੰਪ੍ਰਦਾਇ ਦੁਭੇਰਨ ਦੇ ਪ੍ਰਸਿਧ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਡੇਰਾ ਦੁਭੇਰਨ**: ਇਸ ਡੇਰੇ ਦੀ ਸਥਾਪਨਾ ਠਾਕੁਰ ਨਾਰਾਇਣ ਸਿੰਘ ਨੇ ਕੀਤੀ। ਇਸ ਡੇਰੇ ਦੇ ਕ੍ਰਮਵਾਰ ਮਹੰਤ, ਮਹੰਤ ਗੁਰਮੁਖ ਸਿੰਘ, ਮਹੰਤ ਮੂਲ ਸਿੰਘ, ਮਹੰਤ ਜੋਤਾ ਸਿੰਘ ਹੋਏ। ਇਹ ਡੇਰਾ ਪਾਕਿਸਤਾਨ ਵਿਚ ਰਹਿ ਜਾਣ ਕਰਕੇ ਖਤਮ ਹੋ ਗਿਆ।

**(ਅ) ਡੇਰਾ ਰਾਵਲਪਿੰਡੀ**: ਇਸ ਡੇਰੇ ਦੀ ਸਥਾਪਨਾ ਸ੍ਰੀ ਸਾਂਈ ਲੋਕ ਸੰਤ ਸੁਖਾ ਸਿੰਘ ਜੀ ਨੇ ਕੀਤੀ। ਆਪ ਠਾਕੁਰ ਨਾਰਾਇਣ ਸਿੰਘ ਦੇ ਸ਼ਿਸ਼ ਸਨ। ਆਪ ਦੇ ਦੋ ਸ਼ਿਸ਼ ਸਾਂਈ ਲੋਕ ਸੰਤ ਰਾਮ ਸਿੰਘ ਅਤੇ ਮਹੰਤ ਨੰਦ ਸਿੰਘ ਸਨ। ਆਪ ਨੇ ਆਪਣੇ ਡੇਰੇ ਦਾ ਉਤਰਾਧਿਕਾਰੀ ਸਾਂਈ ਲੋਕ ਸੰਤ ਰਾਮ ਸਿੰਘ ਨੂੰ ਬਣਾਇਆ। ਸਾਂਈ ਲੋਕ ਸੰਤ ਰਾਮ ਸਿੰਘ ਨੇ ਅੰਮ੍ਰਿਤਸਰ ਵਿਚ ਡੇਰਾ ਕਾਇਮ ਕਰ ਲਿਆ ਇਸ ਲਈ ਇਸ ਡੇਰੇ ਦਾ ਮਹੰਤ ਆਪਣੇ ਗੁਰਭਾਈ ਮਹੰਤ ਨੰਦ ਸਿੰਘ ਨੂੰ ਨਿਯਤ ਕੀਤਾ। ਮਹੰਤ ਨੰਦ ਸਿੰਘ ਤੋਂ ਬਾਅਦ ਮਹੰਤ ਗੁਰਦਿਤ ਸਿੰਘ ਉਤਰਾਧਿਕਾਰੀ ਬਣੇ।

**(ੲ) ਡੇਰਾ ਗਲੀ ਬਾਗ ਵਾਲੀ ਅੰਮ੍ਰਿਤਸਰ**: ਇਸ ਡੇਰੇ ਦੀ ਸਥਾਪਨਾ ਸਾਂਈ ਲੋਕ ਸੰਤ ਰਾਮ ਸਿੰਘ ਨੇ ਕੀਤੀ। ਆਪ ਸਾਂਈ ਲੋਕ ਸੰਤ ਸੁਖਾ ਸਿੰਘ ਦੇ ਭਰਾ ਸਨ। ਦੋ ਸਾਲ ਰਾਵਲਪਿੰਡੀ ਡੇਰੇ ਰਹੇ ਪਰ ਬਾਅਦ ਵਿਚ ਅੰਮ੍ਰਿਤਸਰ ਆ ਗਏ। ਰਾਵਲਪਿੰਡੀ ਵਾਲਾ ਡੇਰਾ ਆਪਣੇ ਗੁਰਭਾਈ ਸੰਤ ਨੰਦ ਸਿੰਘ ਨੂੰ ਦੇ ਦਿਤਾ। ਆਪ ਜੀ ਤੋਂ ਬਾਅਦ ਇਸ ਡੇਰੇ ਦੇ ਕ੍ਰਮਵਾਰ ਮਹੰਤ ਪੰਡਿਤ ਤਾਰਾ ਸਿੰਘ, ਮਹੰਤ ਹਰਨਾਮ ਸਿੰਘ, ਮਹੰਤ ਹਰੀ ਸਿੰਘ, ਮਹੰਤ ਅਮਰੀਕ ਸਿੰਘ ਬਣੇ। ਗਿਆਨੀ ਜੀ ਨੇ ਮਹੰਤ ਅਮਰੀਕ ਸਿੰਘ ਬਾਰੇ ਅੰਕਤ ਕਰ ਕੇ ਨਵਾਂ ਵਾਧਾ ਕੀਤਾ ਹੈ।

---

408 ਉਹੀ, ਪੰਨੇ 431-443.

**(ਸ) ਡੇਰਾ ਹਿਲਾਂ ਪੁਣਛ ਕਸ਼ਮੀਰ:** ਇਹ ਡੇਰਾ ਸੰਤ ਸੰਤ ਸਿੰਘ ਨੇ ਕਾਇਮ ਕੀਤਾ। ਆਪ ਠਾਕੁਰ ਨਾਰਾਇਣ ਸਿੰਘ ਦੇ ਸ਼ਿਸ਼ ਸਨ। ਆਪ ਤੋਂ ਬਾਅਦ ਇਸ ਡੇਰੇ ਦੇ ਕ੍ਰਮਵਾਰ ਮਹੰਤ ਸੰਤ ਰਤਨ ਸਿੰਘ, ਮਹੰਤ ਸੁੰਦਰ ਸਿੰਘ, ਮਹੰਤ ਮੋਤਾ ਸਿੰਘ ਬਣੇ। ਪਾਕਿਸਤਾਨ ਬਣਨ ਤੋਂ ਬਾਅਦ ਮਹੰਤ ਮੋਤਾ ਸਿੰਘ ਭਾਰਤ ਆ ਗਏ ਅਤੇ ਨਵਾਂ ਡੇਰਾ ਨਾਭਾ ਵਿਚ ਕਾਇਮ ਕੀਤਾ।

ਉਪਰੋਕਤ ਡੇਰਿਆਂ ਤੋਂ ਇਲਾਵਾ ਡੇਰਾ ਥਮਾਲੀ, ਡੇਰਾ ਕਲਰ, ਡੇਰਾ ਤਖਤ ਪੜ੍ਹੀ ਇਸ ਸੰਪ੍ਰਦਾਇ ਦੇ ਡੇਰੇ ਹਨ।

**6. ਸੰਪ੍ਰਦਾਇ ਠਾਕੁਰ ਮੱਲਾ ਸਿੰਘ[409]:** ਸੰਪ੍ਰਦਾਇ ਮੰਗਵਾਲ ਪੱਛਮੀ ਪੰਜਾਬ ਦੀ ਪ੍ਰਸਿਧ ਸੰਪ੍ਰਦਾਇ ਹੈ। ਇਹ ਸੰਪ੍ਰਦਾਇ ਪਿਆਰੇ ਦਇਆ ਸਿੰਘ ਨਾਲ ਜਾ ਮਿਲਦੀ ਹੈ। ਸੰਤ ਮਲਾ ਸਿੰਘ ਨੇ ਪਿੰਡ ਮੰਗਲਵਾਲ (ਜ਼ਿਲ੍ਹਾ ਜੇਹਲਮ) ਵਿਚ ਡੇਰਾ ਕਾਇਮ ਕੀਤਾ। ਸੰਤ ਮੱਲਾ ਸਿੰਘ ਦੇ ਨਾਂ ਤੋਂ ਇਹ ਸੰਪ੍ਰਦਾਇ ਪ੍ਰਸਿਧ ਹੋਈ। ਇਸ ਸੰਪ੍ਰਦਾਇ ਦੇ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਡੇਰਾ ਮੰਗਲਵਾਲ:** ਇਸ ਡੇਰੇ ਦੀ ਸਥਾਪਨਾ ਸੰਤ ਮੱਲਾ ਸਿੰਘ ਨੇ ਕੀਤੀ। ਆਪ ਤੋਂ ਬਾਅਦ ਡੇਰੇ ਦੇ ਕ੍ਰਮਵਾਰ ਮਹੰਤ ਸੰਤ ਦੀਵਾਨ ਸਿੰਘ, ਪੰਡਿਤ ਸ਼ਾਮ ਸਿੰਘ, ਸੰਤ ਬੁਧ ਸਿੰਘ, ਮਹੰਤ ਅਮਰ ਸਿੰਘ, ਮਹੰਤ ਧਰਮ ਸਿੰਘ ਬਣੇ। ਮਹੰਤ ਧਰਮ ਸਿੰਘ ਤੋਂ ਬਾਅਦ ਉਨ੍ਹਾਂ ਦੀ ਸ਼ਿਸ਼ਯਾ ਮਾਤਾ ਹਰਬੰਸ ਕੌਰ ਅਤੇ ਬੀਬੀ ਕੁੰਦਨ ਕੌਰ ਟਰੱਸਟ ਦੇ ਸਹਿਯੋਗ ਨਾਲ ਡੇਰਾ ਚਲਾ ਰਹੇ ਹਨ।

**(ਅ) ਡੇਰਾ ਪੜਿਆਲ:** ਇਸ ਡੇਰੇ ਦੇ ਸੰਸਥਾਪਕ ਸੰਤ ਕਾਨ੍ਹ ਸਿੰਘ ਜੀ ਸਨ। ਆਪ ਸੰਤ ਦੀਵਾਨ ਸਿੰਘ ਦੇ ਸ਼ਿਸ਼ ਸਨ। ਸੰਤ ਕਾਨ੍ਹ ਸਿੰਘ ਤੋਂ ਬਾਅਦ ਸੰਤ ਸਜਨ ਸਿੰਘ ਮਹੰਤ ਬਣੇ।

**(ੲ) ਡੇਰਾ ਗੁਫਾ ਢਢੁੰਬਰ:** ਇਸ ਡੇਰੇ ਦੇ ਸੰਸਥਾਪਕ ਸੰਤ ਦਿਆਲ ਸਿੰਘ ਜੀ ਸਨ। ਇਨ੍ਹਾਂ ਤੋਂ ਉਪਰੰਤ ਕ੍ਰਮਵਾਰ ਸੰਤ ਹਰੀ ਸਿੰਘ, ਸੰਤ ਬੂਟਾ ਸਿੰਘ ਮਹੰਤ ਬਣੇ। ਸੰਤ ਬੂਟਾ ਸਿੰਘ ਤੋਂ ਬਾਅਦ ਪਕੇ ਤੋਰ ਤੇ ਕੋਈ ਮਹੰਤ ਨਿਯਤ ਨਹੀਂ ਕੀਤਾ ਗਿਆ।

**(ਸ) ਡੇਰਾ ਚਕਵਾਲ:** ਇਸ ਡੇਰੇ ਦੇ ਸੰਸਥਾਪਕ ਸੰਤ ਬਿਸ਼ਨ ਸਿੰਘ ਜੀ ਸਨ। ਆਪ ਤੋਂ ਬਾਅਦ ਕ੍ਰਮਵਾਰ ਮਹੰਤ ਖੜਕ ਸਿੰਘ, ਸੰਤ ਸਤਾਬ ਸਿੰਘ, ਸੰਤ ਸੁੰਦਰ ਸਿੰਘ, ਸੰਤ ਟਹਿਲ ਸਿੰਘ ਡੇਰੇ ਦੇ ਮਹੰਤ ਬਣੇ।

ਉਪਰੋਕਤ ਡੇਰਿਆਂ ਤੋਂ ਇਲਾਵਾ ਡੇਰਾ ਗੁਫਾ ਢਡਿਆਲ, ਡੇਰਾ ਨਾਰੰਗ ਧਰਮਸ਼ਾਲਾ ਪਿਸ਼ੋਰੀਆਂ ਆਦਿ ਡੇਰੇ ਇਸ ਸੰਪ੍ਰਦਇ ਨਾਲ ਸੰਬੰਧਿਤ ਹਨ।

**7. ਸੰਪ੍ਰਦਾਇ ਸ੍ਰੀ ਮੁਕਤਿਸਰ ਸਾਹਿਬ[410]:** ਇਸ ਸੰਪ੍ਰਦਾਇ ਦਾ ਆਰੰਭ ਭਾਈ ਦਇਆ ਸਿੰਘ ਪਿਆਰੇ ਤੋਂ ਹੁੰਦਾ ਹੈ। ਇਸ ਸੰਪ੍ਰਦਾਇ ਦੇ ਮੁਖੀ ਬਾਬਾ ਮਸਤਾਨ ਸਿੰਘ ਜੀ ਸਨ। ਆਪ ਬਾਬਾ ਹੈਬਾ ਸਿੰਘ ਦੇ ਸ਼ਿਸ਼ ਸਨ।

---

409 ਉਹੀ, ਪੰਨੇ 444-460.

410 ਉਹੀ, ਪੰਨੇ 461-477.

ਬਾਬਾ ਮਸਤਾਨ ਸਿੰਘ ਨੇ ਮੁਕਤਿਸਰ ਵਿਚ ਡੇਰਾ ਕਾਇਮ ਕੀਤਾ ਇਸੇ ਕਰਕੇ ਸੰਪ੍ਰਦਾਇ ਦਾ ਨਾਂ ਮੁਕਤਸਰੀਆਂ ਪ੍ਰਸਿਧ ਹੋ ਗਿਆ।

**(ੳ) ਡੇਰਾ ਸ੍ਰੀ ਮੁਕਤਿਸਰ ਸਾਹਿਬ:** ਇਹ ਡੇਰਾ ਮਹੰਤ ਮਸਤਾਨ ਸਿੰਘ ਨੇ ਕਾਇਮ ਕੀਤਾ। ਇਸ ਡੇਰੇ ਦੇ ਕ੍ਰਮਵਾਰ ਮਹੰਤ, ਮਹੰਤ ਗੁਲਾਬ ਸਿੰਘ, ਮਹੰਤ ਜਵਾਹਿਰ ਸਿੰਘ, ਮਹੰਤ ਰਤਨ ਸਿੰਘ, ਮਹੰਤ ਅਤਰ ਸਿੰਘ, ਮਹੰਤ ਕਿਸ਼ਨ ਸਿੰਘ, ਮਹੰਤ ਸੰਤਾ ਸਿੰਘ, ਮਹੰਤ ਭਾਗ ਸਿੰਘ, ਮਹੰਤ ਗੁਰਦਿਆਲ ਸਿੰਘ, ਮਹੰਤ ਕਸ਼ਮੀਰ ਸਿੰਘ, ਮਹੰਤ ਸੁਰਮੁਖ ਸਿੰਘ ਬਣੇ ਹਨ। ਇਥੇ ਗਿਆਨੀ ਜੀ ਨੇ ਮਹੰਤ ਕਿਸ਼ਨ ਸਿੰਘ ਤੋਂ ਬਾਅਦ ਨਵੇਂ ਬਣੇ ਮਹੰਤਾਂ (ਮਹੰਤ ਸੰਤਾ ਸਿੰਘ, ਮਹੰਤ ਭਾਗ ਸਿੰਘ, ਮਹੰਤ ਗੁਰਦਿਆਲ ਸਿੰਘ, ਮਹੰਤ ਕਸ਼ਮੀਰ ਸਿੰਘ, ਮਹੰਤ ਸੁਰਮੁਖ ਸਿੰਘ) ਦਾ ਵੇਰਵਾ ਦੇ ਕੇ ਨਵਾਂ ਵਾਧਾ ਕੀਤਾ ਹੈ।

**(ਅ) ਡੇਰਾ ਮਰਾੜ:** ਇਹ ਡੇਰਾ ਵੀ ਬਾਬਾ ਮਸਤਾਨ ਸਿੰਘ ਜੀ ਨੇ ਕਾਇਮ ਕੀਤਾ। ਜਦੋਂ ਆਪ ਨੇ ਡੇਰਾ ਮੁਕਤਿਸਰ ਕਾਇਮ ਕੀਤਾ ਤਾਂ ਮਰਾੜ ਦੇ ਡੇਰੇ ਵਿਚ ਆਪਣੇ ਸ਼ਿਸ਼ ਸੰਤ ਨਿਹਾਲ ਸਿੰਘ ਨੂੰ ਮਹੰਤ ਨਿਯਤ ਕਰਕੇ ਭੇਜਿਆ। ਸੰਤ ਨਿਹਾਲ ਸਿੰਘ ਤੋਂ ਬਾਅਦ ਕ੍ਰਮਵਾਰ ਹਰੀ ਸਿੰਘ, ਮਹੰਤ ਦਲੀਪ ਸਿੰਘ, ਮਹੰਤ ਭਾਗ ਸਿੰਘ, ਮਹੰਤ ਬਾਬੂ ਸਿੰਘ ਮਹੰਤ ਬਣੇ। ਗਿਆਨੀ ਜੀ ਨੇ ਮਹੰਤ ਦਲੀਪ ਸਿੰਘ ਤੋਂ ਬਾਅਦ ਬਣੇ ਮਹੰਤ, ਮਹੰਤ ਭਾਗ ਸਿੰਘ ਅਤੇ ਮਹੰਤ ਬਾਬੂ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

ਉਪਰੋਕਤ ਡੇਰਿਆਂ ਤੋਂ ਬਿਨਾਂ ਡੇਰਾ ਲੋਹਟਬੰਦੀ, ਸ੍ਰੀ ਗੁਰੂ ਨਾਨਕ ਨਿਵਾਸ ਅਯੁਧਿਆ, ਡੇਰਾ ਖੇਮ ਕਰਨ, ਡੇਰਾ ਨਿਰਮਲ ਆਸ਼੍ਰਮ ਮੁਕਤਿਸਰ, ਡੇਰਾ ਪਿੰਡ ਮਾਹਣਾ ਸਿੰਘ ਵਾਲਾ, ਡੇਰਾ ਪਿੰਡ ਸਰਾਵਾਂ, ਡੇਰਾ ਸੁਰੇਸ਼ ਵਾਲਾ ਸਿੱਖਾਂ, ਡੇਰਾ ਪਿੰਡ ਛੋਟੇ ਹਰੀਕੇ, ਡੇਰਾ ਗੁਮਟ, ਡੇਰਾ ਓਇੰਦ, ਡੇਰਾ ਪਿੰਡ ਮੜ੍ਹਾਕ, ਡੇਰਾ ਪਿੰਡ ਥਰਾਜ, ਡੇਰਾ ਪਿੰਡ ਸੁਖਾ ਨੰਦ, ਡੇਰਾ ਕੋਠਾ ਗੁਰੂ ਆਦਿ ਇਸ ਸੰਪ੍ਰਦਾਇ ਨਾਲ ਸੰਬੰਧਿਤ ਹਨ।

**8. ਸੰਪ੍ਰਦਾਇ ਡਰੋਲੀ ਭਾਈ**[411]**:** ਸੰਪ੍ਰਦਾਇ ਡਰੋਲੀ ਦੇ ਸੰਸਥਾਪਕ ਠਾਕੁਰ ਸਰਦੂਲ ਸਿੰਘ ਹੋਏ ਹਨ। ਇਹ ਸੰਪ੍ਰਦਾਇ ਪਿਆਰੇ ਦਇਆ ਸਿੰਘ ਤੋਂ ਸ਼ੁਰੂ ਹੁੰਦੀ ਹੈ। ਇਸ ਸੰਪ੍ਰਦਾਇ ਦੇ ਪ੍ਰਸਿਧ ਮਹਾਂਪੁਰਖ ਠਾਕੁਰ ਸਰਦੂਲ ਸਿੰਘ, ਪੰਡਿਤ ਸੁਚਾ ਸਿੰਘ ਰਿਸ਼ੀਕੇਸ਼, ਸੰਤ ਨਾਨੂ ਸਿੰਘ, ਮਹੰਤ ਰਾਮ ਸਿੰਘ, ਮਹੰਤ ਬਿਸ਼ਨ ਸਿੰਘ ਨੈਣੇ ਵਾਲਾ, ਮਹੰਤ ਭੋਲਾ ਸਿੰਘ, ਗਿਆਨੀ ਨਾਰਾਇਣ ਸਿੰਘ ਆਦਿ ਹੋਏ ਹਨ। ਇਸ ਸੰਪ੍ਰਦਾਇ ਦੇ ਪ੍ਰਸਿਧ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਡੇਰਾ ਡਰੋਲੀ:** ਇਸ ਡੇਰੇ ਦੇ ਸੰਸਥਾਪਕ ਠਾਕੁਰ ਸਰਦੂਲ ਸਿੰਘ ਸਨ। ਆਪ ਸੰਤ ਗੁਜ਼ਰ ਸਿੰਘ ਦੇ ਸ਼ਿਸ਼ ਸਨ। ਆਪ ਦਾ ਜਨਮ ਡਰੋਲੀ ਜ਼ਿਲ੍ਹਾ ਫਿਰੋਜ਼ਪੁਰ ਦਾ ਸੀ। ਇਥੇ ਹੀ ਡੇਰਾ ਆਬਾਦ ਕੀਤਾ ਅਤੇ ਆਪ ਦੇ ਨਾਂ 'ਤੇ ਸੰਪ੍ਰਦਾਇ ਡਰੋਲੀ ਪ੍ਰਸਿਧ ਹੋਈ। ਇਸ ਡੇਰੇ ਦੇ ਕ੍ਰਮਵਾਰ ਮਹੰਤ ਜਗਤ ਸਿੰਘ, ਮਹੰਤ ਰਣ ਸਿੰਘ, ਮਹੰਤ ਗੁਲਾਬ ਸਿੰਘ, ਮਹੰਤ ਗੋਪਾਲ ਸਿੰਘ, ਮਹੰਤ ਸਾਧੂ ਸਿੰਘ, ਸੰਤ ਦੇਵਾ ਸਿੰਘ ਬਣੇ। ਇਹ ਡੇਰਾ ਖਤਮ ਹੋ ਚੁੱਕਾ ਹੈ।

411 ਉਹੀ, ਪੰਨੇ 478-499.

**(ਅ) ਡੇਰਾ ਕੋਰੇ ਵਾਲਾ:** ਇਸ ਡੇਰੇ ਦੇ ਸੰਸਥਾਪਕ ਪੰਡਿਤ ਨਾਨੂ ਸਿੰਘ ਜੀ ਸਨ। ਇਸ ਡੇਰੇ ਦੇ ਕ੍ਰਮਵਾਰ ਮਹੰਤ, ਮਹੰਤ ਫੂਲਾ ਸਿੰਘ, ਮਹੰਤ ਸੇਵਾ ਸਿੰਘ, ਮਹੰਤ ਸਾਧੂ ਸਿੰਘ ਜੀ ਵੈਦ ਰਾਜ ਸਨ। ਇਹ ਡੇਰਾ ਖਤਮ ਹੋ ਗਿਆ ਹੈ।

**(ੲ) ਡੇਰਾ ਨੈਣੇ ਵਾਲਾ:** ਇਹ ਡੇਰਾ ਸੰਤ ਰਾਮ ਸਿੰਘ ਨੇ ਕਾਇਮ ਕੀਤਾ। ਇਸ ਡੇਰੇ ਦੇ ਕ੍ਰਮਵਾਰ ਮਹੰਤ ਮਹੰਤ ਬਿਸ਼ਨ ਸਿੰਘ, ਮਹੰਤ ਦਲੀਪ ਸਿੰਘ, ਮਹੰਤ ਜਗਰੂਪ ਸਿੰਘ, ਮਹੰਤ ਦਰਸ਼ਨ ਸਿੰਘ ਹੋਏ ਹਨ। ਗਿਆਨੀ ਜੀ ਨੇ ਮਹੰਤ ਦਲੀਪ ਸਿੰਘ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਮਹੰਤ ਜਗਰੂਪ ਸਿੰਘ, ਮਹੰਤ ਦਰਸ਼ਨ ਸਿੰਘ ਬਾਰੇ ਇਤਿਹਾਸ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਸ) ਡੇਰਾ ਭੋਲੇ ਨਾਰਾਇਣ ਭਗਤਾ ਭਾਈ:** ਇਹ ਡੇਰਾ ਮਹੰਤ ਭੋਲਾ ਸਿੰਘ ਨੇ ਕਾਇਮ ਕੀਤਾ। ਇਸ ਡੇਰੇ ਦੇ ਕ੍ਰਮਵਾਰ ਮਹੰਤ, ਮਹੰਤ ਨਾਰਾਇਣ ਸਿੰਘ, ਮਹੰਤ ਲਾਲ ਸਿੰਘ, ਮਹੰਤ ਸ਼ਾਮ ਸਿੰਘ ਸਨ। ਇਥੇ ਗਿਆਨੀ ਜੀ ਨੇ ਮਹੰਤ ਸ਼ਾਮ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਹ) ਡੇਰਾ ਪਿੰਡ ਲੋਹਗੜ੍ਹ:** ਇਹ ਡੇਰਾ ਸੰਤ ਮੇਵਾ ਸਿੰਘ ਨੇ ਆਬਾਦ ਕੀਤਾ। ਇਸ ਡੇਰੇ ਦੇ ਕ੍ਰਮਵਾਰ ਮਹੰਤ, ਮਹੰਤ ਭਾਨ ਸਿੰਘ, ਮਹੰਤ ਸ਼ੇਰ ਸਿੰਘ, ਮਹੰਤ ਭਗਵਾਨ ਸਿੰਘ, ਮਹੰਤ ਪ੍ਰਤਾਪ ਸਿੰਘ, ਬਾਬਾ ਬੀਰ ਸਿੰਘ ਵਿਰਕਤ ਹਨ। ਗਿਆਨੀ ਜੀ ਨੇ ਮਹੰਤ ਸ਼ੇਰ ਸਿੰਘ, ਮਹੰਤ ਭਗਵਾਨ ਸਿੰਘ, ਮਹੰਤ ਪ੍ਰਤਾਪ ਸਿੰਘ, ਬਾਬਾ ਬੀਰ ਸਿੰਘ ਵਿਰਕਤ ਦੇ ਜੀਵਨ ਲਿਖ ਕੇ ਨਵਾਂ ਵਾਧਾ ਕੀਤਾ ਹੈ।

ਉਪਰੋਕਤ ਡੇਰਿਆਂ ਤੋਂ ਇਲਾਵਾ ਇਸ ਸੰਪ੍ਰਦਾਇ ਦੇ ਅੰਤਰਗਤ ਡੇਰਾ ਮਾਣੂਕੇ, ਡੇਰਾ ਪਿੰਡ ਸ਼ਕੂਰ, ਡੇਰਾ ਤਾਜਪੁਰ, ਡੇਰਾ ਬੁਰਜ, ਡੇਰਾ ਭਾਂਗਰ, ਡੇਰਾ ਔਲਖ, ਡੇਰਾ ਪਿੰਡ ਕਾਉਂਕੇ ਕਲ੍ਹਾਂ, ਡੇਰਾ ਮੁਕਤਿਸਰ ਮਹੰਤ ਭੋਲਾ ਸਿੰਘ ਜੀ, ਡੇਰਾ ਪਿੰਡ ਸੀਰੀਏ ਵਾਲਾ ਆਦਿ ਆਉਂਦੇ ਹਨ।

**9. ਸੰਪ੍ਰਦਾਇ ਦੌਧਰ**[412]**:** ਇਸ ਸੰਪ੍ਰਦਾਇ ਦੇ ਮੁਖੀ ਠਾਕੁਰ ਦੀਦਾਰ ਸਿੰਘ ਜੀ ਹੋਏ ਹਨ। ਪਿਛੋਂ ਇਹ ਸੰਪ੍ਰਦਾਇ ਭਾਈ ਦਇਆ ਸਿੰਘ ਪਿਆਰੇ ਨਾਲ ਜਾ ਮਿਲਦੀ ਹੈ। ਠਾਕੁਰ ਦੀਦਾਰ ਸਿੰਘ ਸੰਤ ਆਲਮ ਸਿੰਘ ਦੇ ਚੇਲੇ ਸਨ। ਇਸ ਸੰਪ੍ਰਦਾਇ ਦੇ ਪ੍ਰਸਿਧ ਡੇਰਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

**(ੳ) ਡੇਰਾ ਪਿੰਡ ਮਾਣੂਕੇ:** ਇਹ ਡੇਰਾ ਠਾਕੁਰ ਦੀਦਾਰ ਸਿੰਘ ਨੇ ਕਾਇਮ ਕੀਤਾ। ਆਪ ਤੋਂ ਬਾਅਦ ਡੇਰੇ ਦੇ ਕ੍ਰਮਵਾਰ ਮਹੰਤ ਸੰਤ ਮਲੂਕ ਸਿੰਘ, ਸੰਤ ਹੀਰਾ ਸਿੰਘ, ਸੰਤ ਜਗਤ ਸਿੰਘ, ਸੰਤ ਇੰਦਰ ਸਿੰਘ ਬਣੇ।

**(ਅ) ਡੇਰਾ ਪਿੰਡ ਦੌਧਰ:** ਇਹ ਡੇਰਾ ਠਾਕਰ ਸੁਧ ਸਿੰਘ ਨੇ ਕਾਇਮ ਕੀਤਾ। ਆਪ ਤੋਂ ਬਾਅਦ ਮਹੰਤ ਸੰਤ ਵੀਰ ਸਿੰਘ, ਮਹੰਤ ਮੰਗਲ ਸਿੰਘ, ਮਹੰਤ ਸੰਤ ਸਿੰਘ, ਸੰਤ ਉਜਾਗਰ ਸਿੰਘ, ਸੰਤ ਲਖਬੀਰ ਸਿੰਘ ਬਣੇ। ਇਥੇ ਗਿਆਨੀ ਜੀ ਨੇ ਮਹੰਤ ਸੰਤ ਸਿੰਘ ਤੋਂ ਬਾਅਦ ਬਣੇ ਮਹੰਤਾਂ ਮਹੰਤ ਉਜਾਗਰ ਸਿੰਘ ਅਤੇ ਮਹੰਤ ਲਖਬੀਰ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ੲ) ਡੇਰਾ ਪਿੰਡ ਲੋਪੋ:** ਇਸ ਡੇਰੇ ਦੇ ਸੰਸਥਾਪਕ ਸੰਤ ਮੌਲਾ ਸਿੰਘ ਜੀ ਸਨ। ਇਨ੍ਹਾਂ ਤੋਂ ਬਾਅਦ ਸੰਤ ਗੱਜਨ ਸਿੰਘ ਮਹੰਤ ਬਣੇ। ਸੰਤ ਗਜਨ ਸਿੰਘ ਦੇ ਸਵਰਗਵਾਸ ਹੋ ਜਾਣ ਮਗਰੋਂ ਡੇਰੇ ਤੇ ਅਕਾਲੀਆਂ ਨੇ ਕਬਜ਼ਾ ਕਰ ਲਿਆ।

---

412 ਉਹੀ, ਪੰਨੇ 500-526.

**(ਸ) ਨਿਰਮਲ ਛੇਤਰ ਅੰਮ੍ਰਿਤਸਰ:** ਇਸ ਡੇਰੇ ਦੇ ਮੋਢੀ ਪੰਡਿਤ ਹਰਿਭਜਨ ਸਿੰਘ ਸਨ। ਆਪ ਸੰਤ ਬੁੱਧ ਸਿੰਘ ਦੇ ਸ਼ਿਸ਼ ਸਨ। ਪੰਡਿਤ ਹਰਿਭਜਨ ਸਿੰਘ ਤੋਂ ਬਾਅਦ ਕ੍ਰਮਵਾਰ ਪੰਡਿਤ ਬੇਲਾ ਸਿੰਘ, ਮਹੰਤ ਗਿਆਨ ਸਿੰਘ ਮਹੰਤ ਬਣੇ।

**(ਹ) ਡੇਰਾ ਰਸੂਲਪੁਰ:** ਇਹ ਡੇਰਾ ਮਹੰਤ ਮਲੂਕ ਸਿੰਘ ਨੇ ਕਾਇਮ ਕੀਤਾ। ਆਪ ਤੋਂ ਬਾਅਦ ਸੰਤ ਸਾਧੂ ਸਿੰਘ, ਸੰਤ ਚੇਤਨ ਸਿੰਘ ਮਹੰਤ ਬਣੇ।

**(ਕ) ਡੇਰਾ ਭੀਖੀ ਖਟੜਾ:** ਇਹ ਡੇਰਾ ਬਾਬਾ ਗੋਪਾਲ ਸਿੰਘ ਨੇ ਕਾਇਮ ਕੀਤਾ। ਆਪ ਤੋਂ ਬਾਅਦ ਕਵੀ ਰਾਜ ਮਹੰਤ ਪ੍ਰਤਾਪ ਸਿੰਘ ਵੈਦ, ਮਹੰਤ ਸੂਰਤ ਸਿੰਘ ਮਹੰਤ ਬਣੇ।

ਉਪਰੋਕਤ ਡੇਰਿਆਂ ਤੋਂ ਇਲਾਵਾ ਡੇਰਾ ਪਿੰਡ ਚਕਰ, ਡੇਰਾ ਪਿੰਡ ਮੰਡੀਰ, ਕੁਟੀਆ ਪਿੰਡ ਚੜ੍ਹਿਕ, ਡੇਰਾ ਪਿੰਡ ਰਣੀਆਂ, ਡੇਰਾ ਪਿੰਡ ਦੇਹੜਕਾ, ਡੇਰਾ ਪਿੰਡ ਗੁਰੂਸਰ, ਡੇਰਾ ਪਿੰਡ ਸਾਹੋ, ਡੇਰਾ ਪਿੰਡ ਮਲਿਕ, ਡੇਰਾ ਪਿੰਡ ਭੰਮੀਪੁਰ, ਡੇਰਾ ਰਾਂਗਲੀ ਸੰਗਤ ਮਿਰਜ਼ਾਪੁਰ (ਉਤਰ ਪ੍ਰਦੇਸ਼) ਆਦਿ ਡੇਰੇ ਸੰਪ੍ਰਦਾਇ ਦੌਧਰ ਨਾਲ ਸੰਬੰਧਿਤ ਹਨ।

**10. ਸੰਪ੍ਰਦਾਇ ਕਾਦੀਆਂ**[413]: ਇਸ ਸੰਪ੍ਰਦਾਇ ਦੇ ਮੋਢੀ ਬਾਬਾ ਜੱਸਾ ਸਿੰਘ ਸਨ। ਆਪ ਸੰਤ ਸ਼ਮੀਰ ਸਿੰਘ ਦੇ ਚੇਲੇ ਸਨ। ਬਾਬਾ ਜੱਸਾ ਸਿੰਘ ਕਈ ਸਾਲ ਕਾਦੀਆਂ ਵਿਖੇ ਰਹੇ। ਇਸ ਲਈ ਸੰਪ੍ਰਦਾਇ ਦਾ ਨਾਂ ਕਾਦੀਆਂ ਪ੍ਰਸਿਧ ਹੋ ਗਿਆ। ਇਸ ਸੰਪ੍ਰਦਾਇ ਦੇ ਪ੍ਰਸਿਧ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਡੇਰਾ ਕਾਦੀਆਂ:** ਇਹ ਡੇਰਾ ਬਾਬਾ ਜੱਸਾ ਸਿੰਘ ਨੇ ਕਾਇਮ ਕੀਤਾ। ਬਾਬਾ ਜੱਸਾ ਸਿੰਘ ਤੋਂ ਬਾਅਦ ਇਸ ਡੇਰੇ ਦੇ ਕ੍ਰਮਵਾਰ ਮਹੰਤ ਮਿਹਰ ਸਿੰਘ, ਮਹੰਤ ਲਹਿਣਾ ਸਿੰਘ, ਮਹੰਤ ਸੰਤਾ ਸਿੰਘ ਹੋਏ ਹਨ।

**(ਅ) ਡੇਰਾ ਫਤਹ ਜੰਗ:** ਇਹ ਡੇਰਾ ਬਾਬਾ ਪ੍ਰਧਾਨ ਸਿੰਘ ਨੇ ਕਾਇਮ ਕੀਤਾ। ਆਪ ਨੇ ਸੰਤ ਜੱਸਾ ਸਿੰਘ ਕਾਦੀਆਂ ਵਾਲਿਆਂ ਤੋਂ ਨਾਮ ਦੀ ਦਾਤ ਪ੍ਰਾਪਤ ਕੀਤੀ। ਇਸ ਡੇਰੇ ਦੇ ਕ੍ਰਮਵਾਰ ਮਹੰਤ ਗਾੜ੍ਹਾ ਸਿੰਘ, ਮਹੰਤ ਗੌਹਰ ਸਿੰਘ, ਮਹੰਤ ਨਿਹਾਲ ਸਿੰਘ, ਮਹੰਤ ਅਤਰ ਸਿੰਘ, ਮਹੰਤ ਸੁਖਾ ਸਿੰਘ ਬਣੇ।

**(ਸ) ਡੇਰਾ ਤਖਤ ਮਲ:** ਇਹ ਡੇਰਾ ਸੰਤ ਭਾਨ ਸਿੰਘ ਨੇ ਆਪਣੀ ਜ਼ਮੀਨ ਵਿਚ ਆਬਾਦ ਕੀਤਾ। ਇਥੇ ਕ੍ਰਮਵਾਰ ਸੰਤ ਹਮੀਰ ਸਿੰਘ, ਸੰਤ ਸੁਖਾ ਸਿੰਘ ਮਹੰਤ ਬਣੇ।

**(ਹ) ਡੇਰਾ ਸ੍ਰੀ ਹਰਿਗੋਬਿੰਦਪੁਰ:** ਇਹ ਡੇਰਾ ਸੰਤ ਗੁਲਾਬ ਸਿੰਘ ਨੇ ਬਾਬਾ ਜੱਸਾ ਸਿੰਘ ਦੀ ਯਾਦ ਵਿਚ ਕਾਇਮ ਕੀਤਾ। ਸੰਤ ਗੁਲਾਬ ਸਿੰਘ ਤੋਂ ਬਾਅਦ ਸੰਤ ਹਮੀਰ ਸਿੰਘ, ਮਹੰਤ ਗੁਰਦਿੱਤ ਸਿੰਘ, ਸੰਤ ਵੀਰ ਸਿੰਘ, ਮਹੰਤ ਕਿਸ਼ਨ ਸਿੰਘ, ਸੰਤ ਜੈਮਲ ਸਿੰਘ, ਸੰਤ ਮਿਹਰ ਸਿੰਘ, ਮਹੰਤ ਜੋਗਿੰਦਰ ਸਿੰਘ, ਮਹੰਤ ਤੇਜਾ ਸਿੰਘ ਮਹੰਤ ਬਣੇ। ਇਥੇ ਗਿਆਨੀ ਜੀ ਨੇ ਮਹੰਤ ਜੋਗਿੰਦਰ ਸਿੰਘ, ਮਹੰਤ ਤੇਜਾ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਕ) ਡੇਰਾ ਫਤਿਆਬਾਦ:** ਇਹ ਡੇਰਾ ਸੰਤ ਮੱਜਾ ਸਿੰਘ ਨੇ ਕਾਇਮ ਕੀਤਾ। ਆਪ ਤੋਂ ਬਾਅਦ ਕ੍ਰਮਵਾਰ ਸੰਤ ਮਾਹਣਾ ਸਿੰਘ, ਮਹੰਤ ਅਤਰ ਸਿੰਘ, ਪੰਡਿਤ ਭਗਤ ਸਿੰਘ, ਰਾਜਿੰਦਰ ਸਿੰਘ ਪਰਮਹੰਸ, ਸੰਤ ਜਗਜੀਤ ਸਿੰਘ ਡੇਰੇ ਦੇ ਮਹੰਤ ਬਣੇ। ਇਥੇ ਮਹੰਤ ਰਾਜਿੰਦਰ ਸਿੰਘ ਪਰਮਹੰਸ, ਮਹੰਤ ਜਗਜੀਤ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

---

413 ਉਹੀ, ਪੰਨੇ 527-543.

ਉਪਰੋਕਤ ਡੇਰਿਆਂ ਤੋਂ ਇਲਾਵਾ ਡੇਰਾ ਖੁਜਾਲਾ, ਡੇਰਾ ਮਜੀਠਾ, ਡੇਰਾ ਬਟਾਲਾ ਡੇਰਾ ਖਵਾਸਪੁਰ, ਡੇਰਾ ਫਗਵਾੜਾ, ਡੇਰਾ ਕੋਠਾ ਛਪਰਾ, ਕੁਟੀਆਂ ਢੰਢ ਕਸੇਲ ਆਦਿ ਸੰਪ੍ਰਦਾਇ ਕਾਦੀਆਂ ਦੇ ਡੇਰੇ ਹਨ।

**11. ਸੰਪ੍ਰਦਾਇ ਸੇਖਵਾਂ**[414]: ਇਸ ਸੰਪ੍ਰਦਾਇ ਦੇ ਮੋਢੀ ਬਾਬਾ ਦਰਬਾਰਾ ਸਿੰਘ ਹੋਏ ਹਨ। ਆਪ ਸੰਤ ਚਤਰ ਸਿੰਘ ਦੇ ਚੇਲੇ ਸਨ। ਇਨ੍ਹਾਂ ਦੇ ਅਗੇ ਸੰਤ ਦਲ ਸਿੰਘ, ਮਹਾਰਾਜ ਥਰਾਜ ਸਿੰਘ ਸੇਖਵਾਂ ਵਾਲੇ ਅਤੇ ਸੰਤ ਰਾਮ ਸਿੰਘ ਆਦਿ ਕਈ ਸੰਤ ਹੋਏ। ਇਨ੍ਹਾਂ ਵਿਚੋਂ ਸੰਤ ਥਰਾਜ ਸਿੰਘ ਸੇਖਵਾਂ ਵਾਲੇ ਕਾਫੀ ਪ੍ਰਸਿਧ ਹੋਏ। ਡੇਰਾ ਸੇਖਵਾਂ ਗੁਰਮਤਿ ਪ੍ਰਚਾਰ ਦਾ ਕਾਫੀ ਵਡਾ ਕੇਂਦਰ ਰਿਹਾ ਹੈ। ਇਸ ਸੰਪ੍ਰਦਾਇ ਦੇ ਮੁਖ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਡੇਰਾ ਦੋਦਾ**: ਇਹ ਡੇਰਾ ਬਾਬਾ ਦਰਬਾਰਾ ਸਿੰਘ ਨੇ ਬਣਾਇਆ। ਇਨ੍ਹਾਂ ਦੇ ਚੇਲੇ ਸੰਤ ਚਤਰ ਸਿੰਘ ਹੋਏ। ਸੰਤ ਚਤਰ ਸਿੰਘ ਨੂੰ ਡੇਰੇ ਦਾ ਉਤਰਾਧਿਕਾਰੀ ਬਣਾਇਆ। ਇਨ੍ਹਾਂ ਤੋਂ ਬਾਅਦ ਕ੍ਰਮਵਾਰ ਸੰਤ ਰਾਮ ਸਿੰਘ, ਮਹੰਤ ਹੀਰਾ ਸਿੰਘ, ਸੰਤ ਪ੍ਰੇਮ ਸਿੰਘ, ਮਹੰਤ ਜਾਗੀਰ ਸਿੰਘ ਮਹੰਤ ਬਣੇ।

**(ਅ) ਡੇਰਾ ਪਿੰਡ ਸੇਖਵਾਂ**: ਇਹ ਡੇਰਾ ਸੰਤ ਥਰਾਜ ਸਿੰਘ ਨੇ ਕਾਇਮ ਕੀਤਾ। ਇਨ੍ਹਾਂ ਤੋਂ ਬਾਅਦ ਮਹੰਤ ਠਾਕੁਰ ਨਾਰਾਇਣ ਸਿੰਘ, ਸੰਤ ਖੜਗ ਸਿੰਘ, ਮਹੰਤ ਨਾਰਾਇਣ ਸਿੰਘ, ਮਹੰਤ ਜੈਮਲ ਸਿੰਘ, ਮਹੰਤ ਨੱਥਾ ਸਿੰਘ, ਮਹੰਤ ਪਾਖਰ ਸਿੰਘ, ਮਹੰਤ ਭਗਵਾਨ ਸਿੰਘ, ਮਹੰਤ ਸਰਮੁਖ ਸਿੰਘ ਮਹੰਤ ਬਣੇ। ਇਥੇ ਗਿਆਨੀ ਜੀ ਨੇ ਮਹੰਤ ਸੁਰਮੁਖ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ੲ) ਡੇਰਾ ਪਿੰਡ ਹਰੀ ਕੇ ਕਲਾਂ**: ਇਹ ਡੇਰਾ ਸੰਤ ਰਣ ਸਿੰਘ ਨੇ ਆਬਾਦ ਕੀਤਾ। ਇਨ੍ਹਾਂ ਤੋਂ ਉਪਰੰਤ ਮਹੰਤ ਫੂਲਾ ਸਿੰਘ, ਪੰਡਿਤ ਮਸਤਾਨ ਸਿੰਘ, ਮਹੰਤ ਮੋਹਰ ਸਿੰਘ, ਸੰਤ ਗੁਰਮੁਖ ਸਿੰਘ, ਸੰਤ ਸਰਦਾਰਾ ਸਿੰਘ, ਸੰਤ ਸੁਰਿੰਦਰਪਾਲ ਸਿੰਘ ਮਹੰਤ ਬਣੇ। ਇਥੇ ਮਹੰਤ ਸੁਰਿੰਦਰਪਾਲ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਸ) ਡੇਰਾ ਪਿੰਡ ਕਾਉਣੀ**: ਇਸ ਡੇਰੇ ਦੇ ਸੰਸਥਾਪਕ ਮਹੰਤ ਨਿਹਾਲ ਸਿੰਘ ਸਨ। ਆਪ ਤੋਂ ਬਾਅਦ ਮਹੰਤ ਸਤੀਆ ਸਿੰਘ, ਸੰਤ ਹੀਰਾ ਸਿੰਘ ਅਤੇ ਜਸਵੰਤ ਸਿੰਘ ਮਹੰਤ ਬਣੇ।

ਉਪਰੋਕਤ ਡੇਰਿਆਂ ਤੋਂ ਇਲਾਵਾ ਗੁਰਦੁਆਰਾ ਝੰਡੂਆਣਾ ਖੋਸਾ, ਡੇਰਾ ਮਾਲ੍ਹਾ ਖੁਰਦ, ਡੇਰਾ ਪਿੰਡ ਕੋਟ ਭਾਈ, ਡੇਰਾ ਪਿੰਡ ਲੰਬੀ, ਡੇਰਾ ਸਮਾਧ ਸਿੱਖਾ ਵਾਲੀ ਆਦਿ ਡੇਰੇ ਇਸ ਸੰਪ੍ਰਦਾਇ ਨਾਲ ਸੰਬੰਧਿਤ ਹਨ।

**12. ਸੰਪ੍ਰਦਾਇ ਮਹਿਮਾਸ਼ਾਹ**[415]: ਸੰਪ੍ਰਦਾਇ ਮਹਿਮਾ ਸ਼ਾਹ ਦਾ ਮਾਲਵੇ ਵਿਚ ਵਿਸ਼ੇਸ਼ ਸਥਾਨ ਹੈ। ਸੰਪ੍ਰਦਾਇ ਮਹਿਮਾਸ਼ਾਹ ਦੇ ਸੰਚਾਲਕ ਸੰਤ ਮੋਹਰ ਸਿੰਘ ਜੀ ਮਹਿਮਾ ਸ਼ਾਹ ਸਨ। ਇਹ ਆਪਣੀ ਨਿਤ ਬੋਲਚਾਲ ਵਿਚ 'ਵਾਹਿਗੁਰੂ ਦੀ ਮਹਿਮਾ ਅਪਾਰ ਹੈ', ਪ੍ਰਭੂ ਦੀ ਮਹਿਮਾ ਬੇਅੰਤ ਹੈ ਆਦਿ ਸ਼ਬਦ ਬੋਲਿਆ ਕਰਦੇ ਸਨ।ਇਸ ਵਾਸਤੇ ਮਹਿਮਾ ਸ਼ਾਹੀਏ ਨਾਮ ਨਾਲ ਪ੍ਰਸਿਧ ਹੋਏ। ਕੁਝ ਪ੍ਰਸਿਧ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਡੇਰਾ ਪਿੰਡ ਉਗੋ**: ਇਸ ਡੇਰੇ ਦੇ ਸੰਸਥਾਪਕ ਮਹੰਤ ਸ਼ੇਰ ਸਿੰਘ ਸਨ। ਆਪ ਠਾਕੁਰ ਧਿਆਨ ਸਿੰਘ ਦੇ ਸ਼ਿਸ਼ ਸਨ। ਆਪ ਤੋਂ ਬਾਅਦ ਮਹੰਤ ਗੁਰਦਿੱਤ ਸਿੰਘ, ਮਹੰਤ ਲਾਲ ਸਿੰਘ, ਸੰਤ ਪ੍ਰੀਤਮ ਸਿੰਘ ਮਹੰਤ ਬਣੇ।

---

414 ਉਹੀ, ਪੰਨੇ 544-559.

415 ਉਹੀ, ਪੰਨੇ 560-587.

**(ਅ) ਡੇਰਾ ਸੰਤ ਗੁਰਮੁਖ ਸਿੰਘ ਜੀ ਵਾਲਾ ਉਗੋ (ਪੱਤੀ ਉਗੋ)**: ਇਸ ਡੇਰੇ ਦੇ ਸੰਸਥਾਪਕ ਸੰਤ ਗੁਰਮੁਖ ਸਿੰਘ ਸਨ। ਆਪ ਚਕਿਤਸਾ ਦੁਆਰਾ ਸੇਵਾ ਕਰਦੇ। ਸੰਤ ਗੁਰਮੁਖ ਸਿੰਘ ਤੋਂ ਬਾਅਦ ਪੰਡਿਤ ਲਾਲ ਸਿੰਘ, ਮਹੰਤ ਸੁਚਾ ਸਿੰਘ ਕ੍ਰਮਵਾਰ ਮਹੰਤ ਬਣੇ।

**(ੲ) ਡੇਰਾ ਸਕਰੋਦੀ**: ਇਹ ਡੇਰਾ ਮਹੰਤ ਰਾਮ ਸਿੰਘ ਦੇ ਸ਼ਿਸ਼ ਮਹੰਤ ਅਤਰ ਸਿੰਘ ਪੰਜ ਗਰਾਂਈ ਕਲਾਂ ਨੇ ਆਬਾਦ ਕੀਤਾ। ਹੁਣ ਇਹ ਸਥਾਨ ਖਤਮ ਹੋ ਚੁੱਕਾ ਹੈ।

**(ਸ) ਡੇਰਾ ਪੰਜ ਗਰਾਂਈ ਕਲਾਂ**: ਇਹ ਡੇਰਾ ਮਹੰਤ ਮਲੂਕ ਸਿੰਘ ਗੋਦੜੀਏ ਨੇ ਬਣਾਇਆ। ਇਸ ਡੇਰੇ ਦੇ ਕ੍ਰਮਵਾਰ ਮਹੰਤ ਨੌਰੰਗ ਸਿੰਘ, ਮਹੰਤ ਅਤਰ ਸਿੰਘ, ਪੰਡਿਤ ਤ੍ਰਿਲੋਕ ਸਿੰਘ, ਸ੍ਰੀ ਮਾਨ ਮਹੰਤ ਮਾਹਣਾ ਸਿੰਘ, ਮਹੰਤ ਦਰਸ਼ਨ ਸਿੰਘ, ਮਹੰਤ ਨਛਤਰ ਸਿੰਘ ਸਨ। ਮਹੰਤ ਦਿਆਲ ਸਿੰਘ ਨੇ ਮਹੰਤ ਮਾਹਣਾ ਸਿੰਘ ਤਕ ਦਾ ਇਤਿਹਾਸ ਦਰਜ ਕੀਤਾ ਹੈ। ਗਿਆਨੀ ਜੀ ਨੇ ਮਹੰਤ ਦਰਸ਼ਨ ਸਿੰਘ ਅਤੇ ਮਹੰਤ ਨਛਤਰ ਸਿੰਘ ਬਾਰੇ ਜਾਣਕਾਰੀ ਦੇ ਕੇ ਨਵਾਂ ਵਾਧਾ ਕੀਤਾ ਹੈ।

**(ਹ) ਡੇਰਾ ਪਿੰਡ ਸੇਖਾ**: ਇਸ ਡੇਰੇ ਦੇ ਸੰਸਥਾਪਕ ਸੰਤ ਰਾਮ ਸਿੰਘ ਜੀ ਸਨ। ਆਪ ਆਯੁਰਵੇਦ ਦੇ ਵਿਦਵਾਨ ਸਨ। ਆਪ ਨੇ ਆਪਣੇ ਸ਼ਿਸ਼ ਮਹੰਤ ਹਰਦੇਵ ਸਿੰਘ ਨੂੰ ਉਤਰਾਧਿਕਾਰੀ ਬਣਾਇਆ।

**(ਕ) ਡੇਰਾ ਲਾਹੌਰ ਅਤੇ ਰਿਸ਼ੀਕੇਸ਼**: ਇਸ ਡੇਰੇ ਦੇ ਸੰਸਥਾਪਕ ਪੰਡਿਤ ਹਰਨਾਮ ਸਿੰਘ ਸਨ। ਆਪ ਸੰਤ ਮਲੂਕ ਸਿੰਘ ਗੋਦੜੀਏ ਦੇ ਸ਼ਿਸ਼ ਸਨ। ਗੁਰਮਤਿ ਪ੍ਰਚਾਰ ਅਤੇ ਵਿਦਿਆ ਦਾਨ ਵਿਚ ਆਪ ਦਾ ਅਹਿਮ ਯੋਗਦਾਨ ਹੈ। ਇਸ ਡੇਰੇ ਦੇ ਮਹੰਤ ਕ੍ਰਮਵਾਰ ਪੰਡਿਤ ਸੰਪੂਰਨ ਸਿੰਘ, ਮਹੰਤ ਉਜਾਗਰ ਸਿੰਘ ਬਣੇ।

**(ਖ) ਡੇਰਾ ਰਿਸ਼ੀ ਆਸ਼ਰਮ ਜਗਰਾਉ**: ਇਸ ਡੇਰੇ ਦੇ ਸੰਸਥਾਪਕ ਮਹੰਤ ਨਾਹਰ ਸਿੰਘ ਸਨ। ਆਪ ਸੰਤ ਦੀਨ ਦਿਆਲ ਜੀ ਦੇ ਸ਼ਿਸ਼ ਸਨ। ਮਹੰਤ ਨਾਹਰ ਸਿੰਘ ਤੋਂ ਬਾਅਦ ਇਸ ਡੇਰੇ ਦੇ ਕ੍ਰਮਵਾਰ ਉਤਰਾਧਿਕਾਰੀ ਮਹੰਤ ਵਰਿਆਮ ਸਿੰਘ, ਮਹੰਤ ਉਜਾਗਰ ਸਿੰਘ, ਸ੍ਵਾਮੀ ਮਿਹਰ ਸਿੰਘ ਵਿਰਕਤ, ਮਹੰਤ ਅਮਰਜੀਤ ਸਿੰਘ ਹਰੀ, ਸ੍ਵਾਮੀ ਅਵਤਾਰ ਸਿੰਘ ਹਰੀ ਜੀ, ਸ੍ਵਾਮੀ ਜਗਦੀਸ਼ ਹਰੀ ਜੀ, ਸੰਤ ਮੋਤੀ ਰਾਮ ਜੀ ਬਣੇ। ਗਿਆਨੀ ਜੀ ਨੇ ਸ੍ਵਾਮੀ ਮਿਹਰ ਸਿੰਘ ਵਿਰਕਤ ਦੇ ਸਵਰਗਵਾਸ ਹੋਣ ਤੋਂ ਬਾਅਦ ਬਣੇ ਮਹੰਤ ਅਮਰਜੀਤ ਸਿੰਘ ਹਰੀ, ਸ੍ਵਾਮੀ ਅਵਤਾਰ ਸਿੰਘ ਹਰੀ ਜੀ, ਸ੍ਵਾਮੀ ਜਗਦੀਸ਼ ਹਰੀ ਜੀ, ਸੰਤ ਮੋਤੀ ਰਾਮ ਜੀ ਆਦਿ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

ਇਸ ਸੰਪ੍ਰਦਾਇ ਦੇ ਅੰਤਰਗਤ ਉਪਰੋਕਤ ਪ੍ਰਸਿਧ ਡੇਰਿਆਂ ਤੋਂ ਇਲਾਵਾ ਗਿਆਨੀ ਜੀ ਨੇ ਡੇਰਾ ਚੰਨੂਵਾਲ ਮੋਗਾ, ਡੇਰਾ ਪਿੰਡ ਬੁਗਰ, ਡੇਰਾ ਫੂਲੇਵਾਲ, ਡੇਰਾ ਮੂਲੇ ਚੱਕ, ਡੇਰਾ ਟਿਬਾ, ਡੇਰਾ ਖੰਡੇ ਬਧਣੀ ਕਲ੍ਹਾਂ ਡੇਰਾ ਰਕਬਾ, ਡੇਰਾ ਛੰਨਾ ਜੇਜੀਆਂ, ਡੇਰਾ ਪਿੰਡ ਔਲਖ ਆਦਿ ਬਾਰੇ ਸੰਖੇਪ ਜਾਣਕਾਰੀ ਦਿਤੀ ਹੈ।

**13. ਸੰਪ੍ਰਦਾਇ ਗੁਰੂਸਰ**[416]: ਗੁਰੂਸਰ ਉਹ ਅਸਥਾਨ ਹੈ ਜਿਥੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮਾਲਵੇ ਦੀ ਧਰਤੀ ਤੇ ਧਰਮ ਯੁਧ ਕਰਕੇ ਮੁਗਲ ਫੌਜਾਂ ਨੂੰ ਕਰਾਰੀ ਹਾਰ ਦਿਤੀ ਸੀ।

---

416 ਉਹੀ, ਪੰਨੇ 588-595.

ਗੁਰਦੁਆਰਾ ਗੁਰੂਸਰ ਦੇ ਨਾਂ ਤੇ ਨਿਰਮਲ ਭੇਖ ਵਿਚ ਸੰਪ੍ਰਦਾਇ ਗੁਰੂਸਰ ਪ੍ਰਸਿਧ ਹੈ। ਸੰਪ੍ਰਦਾਇ ਮੁਕਤਸਰ ਅਤੇ ਸੰਪ੍ਰਦਾਇ ਗੁਰੂਸਰ ਦਾ ਆਰੰਭ ਇਕੋ ਹੈ। ਆਦਿ ਮਹਾਂਪੁਰਖ ਦੋਨਾਂ ਸੰਪ੍ਰਦਾਵਾਂ ਦੇ ਇਕੋ ਹਨ। ਅਗੇ ਜਾ ਕੇ ਬਾਬਾ ਹੈਬਾ ਸਿੰਘ ਜੀ ਤੋਂ ਬਾਅਦ ਦੋ ਸੰਪ੍ਰਦਾਵਾਂ ਮੁਕਤਸਰ ਅਤੇ ਗੁਰੂਸਰ ਬਣ ਜਾਂਦੀਆਂ ਹਨ। ਇਸ ਸੰਪ੍ਰਦਾਇ ਦੇ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਗੁਰਦੁਆਰਾ ਗੁਰੂਸਰ:** ਸੰਤ ਸੁਖਾ ਸਿੰਘ ਜੀ ਨੇ ਪਹਿਲਾਂ ਅਨੰਦਪੁਰ ਸਾਹਿਬ ਸੇਵਾ ਕੀਤੀ। ਅਨੰਦਪੁਰ ਤੋਂ ਗੁਰਦੁਆਰਾ ਗੁਰੂਸਰ ਮਰਾਝ ਆ ਕੇ ਸੇਵਾ ਕਰਨ ਲਗੇ। ਗੁਰਦੁਆਰਾ ਗੁਰੂਸਰ ਆਪ ਨੇ ਆਬਾਦ ਕੀਤਾ। ਇਨ੍ਹਾਂ ਤੋਂ ਬਾਅਦ ਕ੍ਰਮਵਾਰ ਸੰਤ ਹੈਬਾ ਸਿੰਘ, ਮਹੰਤ ਗੱਜਾ ਸਿੰਘ, ਮਹੰਤ ਲਾਲ ਸਿੰਘ ਇਸ ਅਸਥਾਨ ਤੇ ਸੇਵਾ ਨਿਭਾਉਂਦੇ ਰਹੇ।

**(ਅ) ਡੇਰਾ ਭਾਈ ਬਖਤੌਰ:** ਇਸ ਡੇਰੇ ਨੂੰ ਮਹੰਤ ਬੋਘ ਸਿੰਘ ਨੇ ਕਾਇਮ ਕੀਤਾ। ਮਹੰਤ ਬੋਘ ਸਿੰਘ ਜੀ ਤੋਂ ਬਾਅਦ ਕ੍ਰਮਵਾਰ ਸੰਤ ਦਾਨ ਸਿੰਘ, ਭਾਈ ਬਖਤੌਰ ਸਿੰਘ, ਸੰਤ ਵਰਿਆਮ ਸਿੰਘ ਮਹੰਤ ਬਣੇ। ਇਥੇ ਗਿਆਨੀ ਜੀ ਨੇ ਭਾਈ ਬਖਤੌਰ ਸਿੰਘ, ਸੰਤ ਵਰਿਆਮ ਸਿੰਘ ਬਾਰੇ ਅੰਕਿਤ ਕਰਕੇ ਨਵਾਂ ਵਾਧਾ ਕੀਤਾ ਹੈ।

**(ੲ) ਡੇਰਾ ਫੂਲ:** ਇਹ ਡੇਰਾ ਗੁਲਾਬ ਸਿੰਘ ਨੇ ਆਬਾਦ ਕੀਤਾ। ਮਹੰਤ ਗੁਲਾਬ ਸਿੰਘ ਮਹੰਤ ਖੜਗ ਸਿੰਘ ਗੁਰੂਸਰ ਵਾਲਿਆ ਦੇ ਸ਼ਿਸ਼ ਸਨ। ਇਨ੍ਹਾਂ ਤੋਂ ਬਾਅਦ ਕ੍ਰਮਵਾਰ ਸੰਤ ਨਾਰਾਇਣ ਸਿੰਘ, ਸੰਤ ਕਿਸ਼ਨ ਸਿੰਘ ਮਹੰਤ ਬਣੇ।

**(ਸ) ਡੇਰਾ ਪਿੰਡ ਢੱਡੇ:** ਇਹ ਡੇਰਾ ਸੰਤ ਵਰਿਆਮ ਸਿੰਘ ਨੇ ਸਥਾਪਨ ਕੀਤਾ। ਸੰਤ ਵਰਿਆਮ ਸਿੰਘ ਤੋਂ ਬਾਅਦ ਕ੍ਰਮਵਾਰ ਸੰਤ ਕਾਨ੍ਹ ਸਿੰਘ ਅਤੇ ਸੰਤ ਕਿਸ਼ਨ ਸਿੰਘ ਮਹੰਤ ਬਣੇ।

**(ਹ) ਡੇਰਾ ਭਾਈ ਦਿਆਲਾ ਜੀ:** ਭਾਈ ਦਿਆਲਾ ਜੀ ਭਾਈ ਰੂਪ ਚੰਦ ਭਾਈ ਰੂਪੇ ਵਾਲਿਆਂ ਦੇ ਪੋਤਰੇ ਸਨ। ਇਹ ਡੇਰਾ ਭਾਈ ਦਿਆਲਾ ਜੀ ਨੇ ਕਾਇਮ ਕੀਤਾ। ਸੰਤ ਜੁਗਤਾਰ ਸਿੰਘ, ਭਾਈ ਸਾਧੂ ਰਾਮ ਜੀ, ਭਾਈ ਰਾਮ ਸਿੰਘ, ਸੰਤ ਦਾਨ ਸਿੰਘ, ਸੰਤ ਹੀਰਾ ਸਿੰਘ, ਸੰਤ ਵਰਿਆਮ ਸਿੰਘ, ਸੰਤ ਅਮਰ ਸਿੰਘ, ਸੰਤ ਹਰਨਾਮ ਸਿੰਘ ਕ੍ਰਮਵਾਰ ਮਹੰਤ ਬਣੇ। ਗਿਆਨੀ ਜੀ ਨੇ ਸੰਤ ਅਮਰ ਸਿੰਘ ਤੋਂ ਬਾਅਦ ਬਣੇ ਸੰਤ ਹਰਨਾਮ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ। ਉਪਰੋਕਤ ਡੇਰਿਆਂ ਤੋਂ ਇਲਾਵਾ ਡੇਰਾ ਮੰਡੀ ਕਲਾਂ ਅਤੇ ਡੇਰਾ ਕੁਤੀਵਾਲ ਕਲਾਂ ਡੇਰੇ ਇਸ ਸੰਪ੍ਰਦਾਇ ਨਾਲ ਸੰਬੰਧਿਤ ਸਨ।

**14. ਸੰਪ੍ਰਦਾਇ ਜਲਾਲ**[417]**:** ਇਸ ਸੰਪ੍ਰਦਾਇ ਦੇ ਮੋਢੀ ਬਾਬਾ ਖੜਗ ਸਿੰਘ ਜੀ ਹੋਏ ਹਨ। ਬਾਬਾ ਖੜਗ ਸਿੰਘ ਨੇ ਬਾਬਾ ਗੁਰਬਖਸ਼ ਸਿੰਘ ਅਤੇ ਬਾਬਾ ਗੁਰਬਖਸ਼ ਸਿੰਘ ਨੇ ਭਾਈ ਦਇਆ ਸਿੰਘ ਪਿਆਰੇ ਕੋਲੋ ਅੰਮ੍ਰਿਤ ਛਕਿਆ। ਬਾਬਾ ਖੜਗ ਸਿੰਘ ਨੇ ਜਲਾਲ ਆ ਕੇ ਡੇਰਾ ਬਣਾਇਆ ਇਸ ਤਰ੍ਹਾਂ ਸੰਪ੍ਰਦਾਇ ਦਾ ਨਾਂ ਜਲਾਲ ਪੈ ਗਿਆ। ਇਸ ਸੰਪ੍ਰਦਾਇ ਦੇ ਪ੍ਰਸਿਧ ਡੇਰੇ ਹੇਠ ਲਿਖੇ ਅਨੁਸਾਰ ਹਨ:

---

417 ਉਹੀ, ਪੰਨੇ 596-606.

**(ੳ) ਡੇਰਾ ਪਿੰਡ ਜਲਾਲ**: ਇਹ ਡੇਰਾ ਸੰਤ ਖੜਗ ਸਿੰਘ ਨੇ ਕਾਇਮ ਕੀਤਾ। ਇਨ੍ਹਾਂ ਤੋਂ ਬਾਅਦ ਕ੍ਰਮਵਾਰ ਪੰਡਿਤ ਵੀਰ ਸਿੰਘ, ਸੰਤ ਗੁਲਾਬ ਸਿੰਘ, ਸੰਤ ਬਿਸ਼ਨ ਸਿੰਘ, ਸੰਤ ਜਵਾਲਾ ਸਿੰਘ, ਸੰਤ ਰਣਬੀਰ ਸਿੰਘ ਮਹੰਤ ਬਣੇ। ਗਿਆਨੀ ਜੀ ਨੇ ਇਥੇ ਸੰਤ ਰਣਬੀਰ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਅ) ਡੇਰਾ ਪਿੰਡ ਜੰਡਾਂਵਾਲਾ**: ਇਸ ਡੇਰੇ ਦੀ ਸਥਾਪਨਾ ਸੰਤ ਮਹਿਤਾਬ ਸਿੰਘ ਨੇ ਕੀਤੀ। ਇਨ੍ਹਾਂ ਤੋਂ ਮਗਰੋਂ ਸੰਤ ਨਾਰਾਇਣ ਸਿੰਘ, ਸੰਤ ਜੈ ਸਿੰਘ, ਸੰਤ ਹਰਨਾਮ ਸਿੰਘ ਮਹੰਤ ਬਣੇ।

ਉਪਰੋਕਤ ਡੇਰਿਆਂ ਤੋਂ ਇਲਾਵਾ ਡੇਰਾ ਚੌਟੀਆਂ, ਡੇਰਾ ਵਡੀ ਗਾਲਬ, ਡੇਰਾ ਮੋਗਾ, ਡੇਰਾ ਖੇਮੂਆਣਾ, ਡੇਰਾ ਤਖਤੂਪੁਰਾ, ਡੇਰਾ ਪਿੰਡ ਮਾਖਾ, ਡੇਰਾ ਗਿਦੜ ਪਿੰਡੀ, ਡੇਰਾ ਪਿੰਡ ਹਮੀਰਗੜ੍ਹ, ਡੇਰਾ ਪਿੰਡ ਜੈਤੋ, ਡੇਰਾ ਕਲਿਆਣਾ, ਡੇਰਾ ਗਾਲਬ ਰਣ ਸਿੰਘ, ਡੇਰਾ ਭੋਡੀਪੁਰਾ, ਡੇਰਾ ਕੁਕਾਰੇ, ਡੇਰਾ ਰਮਾਣੇ ਆਦਿ ਡੇਰੇ ਇਸ ਸੰਪ੍ਰਦਾਇ ਨਾਲ ਸੰਬੰਧਿਤ ਹਨ।

**15. ਸੰਪ੍ਰਦਾਇ ਕਾਸ਼ੀ**[418]: ਇਹ ਸੰਪ੍ਰਦਾਇ ਭਾਈ ਧਰਮ ਸਿੰਘ ਪਿਆਰੇ ਨਾਲ ਜਾ ਮਿਲਦੀ ਹੈ। ਇਸ ਸੰਪ੍ਰਦਾਇ ਦੇ ਮੋਢੀ ਪੰਡਿਤ ਕਰਮ ਸਿੰਘ ਜੀ ਹੋਏ ਹਨ। ਗੁਰੂ ਗੋਬਿੰਦ ਸਿੰਘ ਜੀ ਨੇ 1686 ਈ. ਵਿਚ ਜਿਨ੍ਹਾਂ ਪੰਜ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਨ ਲਈ ਕਾਸ਼ੀ ਭੇਜਿਆ ਸੀ, ਆਪ ਉਨ੍ਹਾਂ ਵਿਚੋਂ ਇਕ ਸਨ। ਇਸ ਸੰਪ੍ਰਦਾਇ ਦੇ ਕੁਝ ਪ੍ਰਸਿਧ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਚੇਤਨ ਮਠ**: ਇਹ ਨਿਰਮਲ ਸੰਪ੍ਰਦਾਇ ਦਾ ਪ੍ਰਸਿਧ ਸਥਾਨ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸੰਤ ਕਰਮ ਸਿੰਘ ਆਦਿ ਪੰਜ ਸਿੱਖਾਂ ਨੂੰ ਵਿਦਿਆ ਪ੍ਰਾਪਤੀ ਵਾਸਤੇ ਕਾਸ਼ੀ ਭੇਜਿਆ ਸੀ। ਵਿਦਿਆ ਪ੍ਰਾਪਤੀ ਦੌਰਾਨ ਇਹ ਸਿੱਖ ਇਸੇ ਅਸਥਾਨ ’ਤੇ ਰਹੇ। ਨਿਰਮਲੇ ਸੰਤ ਇਥੇ ਧਰਮ, ਵਿਦਿਆ ਦਾ ਪ੍ਰਚਾਰ ਕਰਦੇ ਰਹੇ। ਸੰਤ ਕਰਮ ਸਿੰਘ ਤੋਂ ਬਾਅਦ ਉਨ੍ਹਾਂ ਦੇ ਸ਼ਿਸ਼ ਜੈ ਸਿੰਘ ਇਸ ਸਥਾਨ ਦੀ ਸੇਵਾ ਸੰਭਾਲ ਕਰਦੇ ਰਹੇ। ਸੰਤ ਜੈ ਸਿੰਘ ਤੋਂ ਮਗਰੋਂ ਕ੍ਰਮਵਾਰ ਸੰਤ ਮਿਹਰ ਸਿੰਘ, ਸੰਤ ਅਮੀਰ ਸਿੰਘ, ਸੰਤ ਚੇਤ ਸਿੰਘ, ਪੰਡਿਤ ਸਦਾ ਸਿੰਘ ਦੰਡੀ, ਸੰਤ ਮਲੂਕ ਸਿੰਘ, ਸੰਤ ਸਰੂਪ ਸਿੰਘ, ਮਹੰਤ ਸਾਹਿਬ ਸਿੰਘ, ਮਹੰਤ ਨਾਰਾਇਣ ਸਿੰਘ, ਮਹੰਤ ਰਤਨ ਸਿੰਘ, ਸੰਤ ਬਾਵਨ ਭਗਵਾਨ ਸਿੰਘ, ਮਹੰਤ ਪ੍ਰਿਤਪਾਲ ਸਿੰਘ, ਸੰਤ ਬਹਾਦਰ ਸਿੰਘ, ਮਹੰਤ ਇੰਦਰਜੀਤ ਸਿੰਘ ਚੇਤਨ ਮਠ ਦੇ ਮਹੰਤ ਬਣੇ। ਇਥੇ ਗਿਆਨੀ ਜੀ ਨੇ ਮਹੰਤ ਬਹਾਦਰ ਸਿੰਘ ਅਤੇ ਮਹੰਤ ਇੰਦਰਜੀਤ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਅ) ਡੇਰਾ ਕੈਂਥਲ**: ਇਸ ਸਥਾਨ ਨੂੰ ਪੰਡਿਤ ਚੇਤ ਸਿੰਘ ਨੇ ਆਬਾਦ ਕੀਤਾ। ਇਨ੍ਹਾਂ ਤੋਂ ਮਗਰੋਂ ਕ੍ਰਮਵਾਰ ਮਹੰਤ ਮੋਤਾ ਸਿੰਘ, ਮਹੰਤ ਠਾਕਰ ਸਿੰਘ, ਮਹੰਤ ਮੋਹਰ ਸਿੰਘ ਅਤੇ ਮਹੰਤ ਸੰਤੋਖ ਸਿੰਘ ਹੋਏ ਹਨ।

**16. ਸੰਪ੍ਰਦਾਇ ਕਬੇਰ**[419]: ਇਸ ਸੰਪ੍ਰਦਾਇ ਦਾ ਆਰੰਭ ਭਾਈ ਧਰਮ ਸਿੰਘ ਪਿਆਰੇ ਤੋਂ ਹੁੰਦਾ ਹੈ। ਸੰਤ ਕਰਮ ਸਿੰਘ (ਕਾਂਸ਼ੀ ਪੜ੍ਹਨ ਵਾਲੇ) ਨੇ ਭਾਈ ਧਰਮ ਸਿੰਘ ਤੋਂ ਅੰਮ੍ਰਿਤਪਾਨ ਕੀਤਾ। ਸੰਤ ਕਰਮ ਸਿੰਘ ਦੇ ਸ਼ਿਸ਼ ਸੰਤ

---

418 ਉਹੀ, ਪੰਨੇ 607-617.

419 ਉਹੀ, ਪੰਨੇ 618-643.

ਮਾਨ ਸਿੰਘ ਜੀ ਹੋਏ। ਇਸ ਸੰਪ੍ਰਦਾਇ ਵਿਚ ਸੰਤ ਮਾਨ ਸਿੰਘ ਦੇ ਨਾਂ ਦੇ ਦੋ ਮਹਾਂਪੁਰਖ ਹੋਏ ਹਨ। ਗਿਆਨੀ ਜੀ ਨੇ ਸਪੱਸ਼ਟ ਕੀਤਾ ਹੈ ਕਿ ਪਹਿਲੇ ਪੰਡਿਤ ਮਾਨ ਸਿੰਘ ਜੀ ਫੂਲ ਪ੍ਰਾਚੀ ਵਾਲੇ ਜਿਨ੍ਹਾਂ ਦੇ ਸ਼ਿਸ਼ ਪੰਡਿਤ ਗੁਲਾਬ ਸਿੰਘ (ਕਰਤਾ ਮੋਕਸ਼ ਪੰਥ ਪ੍ਰਕਾਸ਼) ਸਨ। ਇਹ 18ਵੀਂ ਸਦੀ ਵਿਚ ਹੋਏ ਹਨ। ਦੂਸਰੇ ਪੰਡਿਤ ਮਾਨ ਸਿੰਘ ਜਿਨ੍ਹਾਂ ਦੇ ਸ਼ਿਸ਼ ਪੰਡਿਤ ਰਾਮ ਸਿੰਘ ਕਬੇਰੀਏ (ਦੂਸਰੇ ਸ੍ਰੀ ਮਹੰਤ ਸ੍ਰੀ ਨਿਰਮਲ ਪੰਚਾਇਤੀ ਅਖਾੜਾ) ਸਨ। ਇਹ 19ਵੀਂ ਸਦੀ ਵਿਚ ਹੋਏ ਹਨ। ਇਸ ਸੰਪ੍ਰਦਾਇ ਦੇ ਪ੍ਰਸਿਧ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਡੇਰਾ ਬਾਬਾ ਦਰਗਾਹਾ ਸਿੰਘ ਕਨਖਲ, ਹਰਿਦਵਾਰ:** ਇਹ ਡੇਰਾ ਬਾਬਾ ਦਰਗਾਹਾ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਕੇਵਲ ਦੋ ਸਾਲ ਬਾਅਦ ਕਾਇਮ ਕੀਤਾ। ਬਾਬਾ ਦਰਗਾਹਾ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸੇਵਾ ਵਿਚ ਰਿਹਾ ਕਰਦੇ ਸਨ। ਇਹ ਹਰਿਦਵਾਰ ਵਿਚ ਨਿਰਮਲੇ ਸੰਤਾਂ ਦਾ ਸਭ ਤੋਂ ਪੁਰਾਣਾ ਡੇਰਾ ਹੈ। ਬਾਬਾ ਦਰਗਾਹਾ ਸਿੰਘ ਤੋਂ ਬਾਅਦ ਇਸ ਡੇਰੇ ਦੇ ਕ੍ਰਮਵਾਰ ਮਹੰਤ ਸੰਤ ਬਾਬਾ ਦਰਬਾਰਾ ਸਿੰਘ, ਸੰਤ ਸੁਖਾ ਸਿੰਘ, ਸੰਤ ਰਾਮ ਸਿੰਘ, ਸੰਤ ਭੋਲਾ ਸਿੰਘ, ਸੰਤ ਰਾਮ ਸਿੰਘ, ਸੰਤ ਗੁਲਾਬ ਸਿੰਘ, ਸੰਤ ਹਾਕਮ ਸਿੰਘ, ਸੰਤ ਮਨਸ਼ਾ ਸਿੰਘ, ਸੰਤ ਨਾਰਾਇਣ ਸਿੰਘ, ਸੰਤ ਹਰਨਾਮ ਸਿੰਘ, ਮਹੰਤ ਸਾਧੂ ਸਿੰਘ, ਮਹੰਤ ਜਸਵਿੰਦਰ ਸਿੰਘ ਮਹੰਤ ਬਣੇ। ਇਥੇ ਗਿਆਨੀ ਜੀ ਮਹੰਤ ਜਸਵਿੰਦਰ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਅ) ਡੇਰਾ ਕਬੇਰ ਵਾਲਾ:** ਇਸ ਡੇਰੇ ਦੇ ਸੰਸਥਾਪਕ ਪੰਡਿਤ ਨਿਹਾਲ ਸਿੰਘ ਸਨ। ਪੰਡਿਤ ਮਾਨ ਸਿੰਘ ਕਬੇਰੀਏ ਇਸ ਡੇਰੇ ਦੇ ਪ੍ਰਸਿਧ ਮਹਾਂਪੁਰਖ ਹੋਏ ਹਨ। ਨਿਰਮਲ ਭੇਖ ਵਿਚ ਇਸ ਡੇਰੇ ਦੇ ਨਾਂ ਤੋਂ ਸੰਪ੍ਰਦਾਇ ਕਬੇਰ ਪ੍ਰਸਿਧ ਹੋਈ। ਪੰਡਿਤ ਮਾਨ ਸਿੰਘ ਤੋਂ ਬਾਅਦ ਕ੍ਰਮਵਾਰ ਮਹੰਤ ਪੰਡਿਤ ਰਾਮ ਸਿੰਘ ਕਬੇਰੀਏ, ਮਹੰਤ ਸ਼ਾਮ ਸਿੰਘ, ਮਹੰਤ ਲਹਿਣਾ ਸਿੰਘ, ਮਹੰਤ ਗੁਲਾਬ ਸਿੰਘ, ਮਹੰਤ ਸੰਪੂਰਨ ਸਿੰਘ, ਮਹੰਤ ਕਲਿਆਣ ਸਿੰਘ ਬਣੇ। ਹੁਣ ਇਹ ਡੇਰਾ ਖਤਮ ਹੋ ਚੁੱਕਾ ਹੈ।

**(ੲ) ਡੇਰਾ ਕਪਾਲ ਮੋਚਨ:** ਇਹ ਡੇਰਾ ਬਾਬਾ ਗਰਜਾ ਸਿੰਘ ਨੇ ਸਥਾਪਿਤ ਕੀਤਾ। ਇਨ੍ਹਾਂ ਤੋਂ ਮਗਰੋਂ ਡੇਰੇ ਦੇ ਮਹੰਤ ਕ੍ਰਮਵਾਰ ਸੰਤ ਸਾਹਿਬ ਸਿੰਘ, ਸੰਤ ਲਖਾ ਸਿੰਘ, ਸੰਤ ਕਾਨ੍ਹ ਸਿੰਘ, ਸੰਤ ਜਵਾਲਾ ਸਿੰਘ ਬਣੇ।

**(ਸ) ਡੇਰਾ ਟੂਟੋ ਮਾਜਰਾ:** ਇਹ ਡੇਰਾ ਬਾਬਾ ਅਘੜ ਸਿੰਘ ਨੇ ਬਣਾਇਆ। ਇਨ੍ਹਾਂ ਤੋਂ ਬਾਅਦ ਡੇਰੇ ਦੇ ਕ੍ਰਮਵਾਰ ਮਹੰਤ ਸੰਤ ਟਹਿਲ ਸਿੰਘ, ਸੰਤ ਖਜ਼ਾਨ ਸਿੰਘ, ਸੰਤ ਜੈਮਲ ਸਿੰਘ, ਸੰਤ ਸ਼ੇਰ ਸਿੰਘ ਹੋਏ। ਇਥੇ ਗਿਆਨੀ ਜੀ ਨੇ ਮਹੰਤ ਸ਼ੇਰ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਹ) ਡੇਰਾ ਸਿੰਘ ਪੁਰਾ:** ਇਹ ਡੇਰਾ ਸੰਤ ਰਾਮ ਸਿੰਘ ਨੇ ਪਿੰਡ ਸਿੰਘਪੁਰਾ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਆਬਾਦ ਕੀਤਾ। ਆਪ ਤੋਂ ਮਗਰੋਂ ਡੇਰੇ ਦੇ ਕ੍ਰਮਵਾਰ ਮੁਖੀ ਸੰਤ ਆਲਾ ਸਿੰਘ, ਸੰਤ ਖਜ਼ਾਨ ਸਿੰਘ, ਭਗਵਾਨ ਸਿੰਘ, ਮਹੰਤ ਪ੍ਰੀਤਮ ਸਿੰਘ, ਸੰਤ ਪੂਰਨ ਸਿੰਘ ਬਣੇ। ਇਥੇ ਮਹੰਤ ਖਜ਼ਾਨ ਸਿੰਘ ਤੋਂ ਬਾਅਦ ਬਣੇ ਮਹੰਤਾਂ ਮਹੰਤ ਪ੍ਰੀਤਮ ਸਿੰਘ, ਸੰਤ ਪੂਰਨ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਗਿਆ ਹੈ।

ਉਪਰੋਕਤ ਡੇਰਿਆਂ ਤੋਂ ਇਲਾਵਾ ਆਸ਼੍ਰਮ ਗਿਆਨ ਗੋਦੜੀ ਹਰਿਦਵਾਰ, ਡੇਰਾ ਲਖੂਵਾਲ, ਡੇਰਾ ਪਠਲਾਵਾ ਆਦਿ ਡੇਰੇ ਇਸ ਸੰਪ੍ਰਦਾਇ ਦੇ ਅੰਤਰਗਤ ਆਉਂਦੇ ਹਨ।

**17. ਸੰਪ੍ਰਦਾਇ ਸੰਤ ਕੋਇਰ ਸਿੰਘ**[420]**:** ਇਸ ਸੰਪ੍ਰਦਾਇ ਦੇ ਮਾਝੇ ਅਤੇ ਮਾਲਵੇ ਵਿਚ ਵਡੀ ਗਿਣਤੀ ਵਿਚ ਡੇਰੇ ਮਿਲਦੇ ਹਨ। ਇਸ ਸੰਪ੍ਰਦਾਇ ਦੇ ਮੋਢੀ ਸੰਤ ਕੋਇਰ ਸਿੰਘ ਜੀ ਹਨ। ਆਪ ਪੰਡਿਤ ਕਰਮ ਸਿੰਘ ਕਾਸ਼ੀ ਵਾਲਿਆਂ ਦੇ ਸ਼ਿਸ਼ ਸਨ। ਸੰਤ ਕੋਇਰ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ 42 ਸਾਲ ਬਾਅਦ ਸੰਮਤ 1807 ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਡੇਰਾ ਕਾਇਮ ਕੀਤਾ। ਆਪ ਤੋਂ ਮਗਰੋਂ ਇਸ ਡੇਰੇ ਦੇ ਮਹੰਤ ਕ੍ਰਮਵਾਰ ਸੰਤ ਰਣ ਸਿੰਘ, ਸੰਤ ਜੋਗਾ ਸਿੰਘ, ਸੰਤ ਤਾਰਾ ਸਿੰਘ, ਸੰਤ ਹਰਨਾਮ ਸਿੰਘ, ਸੰਤ ਕਾਂਸ਼ੀ ਸਿੰਘ, ਸੰਤ ਰਾਮ ਸਿੰਘ, ਮਹੰਤ ਮੂਲ ਸਿੰਘ, ਮਹੰਤ ਨਿਰੰਜਨ ਸਿੰਘ ਗਿਆਨੀ, ਮਹੰਤ ਗੋਪਾਲ ਸਿੰਘ ਬਣੇ। ਇਥੇ ਗਿਆਨੀ ਜੀ ਨੇ ਮਹੰਤ ਮੂਲ ਸਿੰਘ, ਮਹੰਤ ਨਿਰੰਜਨ ਸਿੰਘ ਗਿਆਨੀ, ਮਹੰਤ ਗੋਪਾਲ ਸਿੰਘ ਬਾਰੇ ਅੰਕਤ ਕਰ ਕੇ ਨਵਾਂ ਵਾਧਾ ਕੀਤਾ ਹੈ। ਮਹੰਤ ਦਿਆਲ ਸਿੰਘ ਨੇ *ਨਿਰਮਲ ਪੰਥ ਦਰਸ਼ਨ* ਵਿਚ ਸੰਤ ਕੋਇਰ ਸਿੰਘ ਦੁਆਰਾ ਸਥਾਪਿਤ ਅਖਾੜਾ ਨਿਰਮਲ ਬੁੰਗਾ, ਅੰਮ੍ਰਿਤਸਰ ਦਾ ਜ਼ਿਕਰ ਕੀਤਾ ਹੈ ਉਨ੍ਹਾਂ ਨੇ ਵਖਰੀ ਸੰਪ੍ਰਦਾਇ ਨਹੀਂ ਗਿਣਿਆ। ਗਿਆਨੀ ਜੀ ਨੇ ਇਸ ਸੰਪ੍ਰਦਾਇ ਨੂੰ ਵਖਰੀ ਸੰਪ੍ਰਦਾਇ ਗਿਣਿਆ ਹੈ ਅਤੇ ਇਸ ਸੰਪ੍ਰਦਾਇ ਨਾਲ ਸੰਬੰਧਿਤ ਹੇਠ ਲਿਖੇ ਡੇਰਿਆਂ ਦੇ ਵੇਰਵੇ ਵੀ ਅੰਕਿਤ ਕੀਤੇ ਹਨ ਜੋ ਕਿ ਮਹੰਤ ਦਿਆਲ ਸਿੰਘ ਦੁਆਰਾ ਨਹੀਂ ਦਿਤੇ ਗਏ।

ਡੇਰਾ ਮਾਣੂਕੇ ਗਿੱਲ, ਡੇਰਾ ਸੁਖੋ, ਡੇਰਾ ਜੇਠੂਵਾਲ, ਡੇਰਾ ਰਾਜੋਕੇ, ਡੇਰਾ ਲੰਮੇ ਜਾਗੀਰ, ਡੇਰਾ ਬੁਚੋ ਕੇ, ਡੇਰਾ ਘੁਮਨ ਕੇ, ਡੇਰਾ ਜੰਦ੍ਰਾ ਕੇ, ਡੇਰਾ ਜੰਬਰ, ਅਟਾਰੀ ਡੰਡਿਆ ਵਾਲੀ, ਡੇਰਾ ਟਿਬਾ ਨਨਕਾਣਾ ਸਾਹਿਬ, ਡੇਰਾ ਘੋਲੀਆ ਖੁਰਦ, ਡੇਰਾ ਮਾਣੂਕੇ, ਡੇਰਾ ਫੂਲੇ ਵਾਲ, ਡੇਰਾ ਦੁਨੇ ਕੇ, ਦਿਆਲ ਗੜ੍ਹ, ਡੇਰਾ ਭਟੀਵਾਲ, ਡੇਰਾ ਤ੍ਰਖਾਣਵਧ, ਡੇਰਾ ਲਕੜਵਾਲ, ਡੇਰਾ ਖੇਮ ਕਰਨ ਆਦਿ ਡੇਰੇ ਇਸ ਸੰਪ੍ਰਦਾਇ ਵਿਚ ਹੋਏ ਹਨ।

**18. ਸੰਪ੍ਰਦਾਇ ਗਿਰਵੜੀ**[421]: ਇਸ ਸੰਪ੍ਰਦਾਇ ਦੇ ਮੋਢੀ ਪੰਡਿਤ ਗੁਲਾਬ ਸਿੰਘ ਗਿਰਵੜੀ ਵਾਲੇ ਸਨ। ਆਪ ਜੀ ਦਾ ਡੇਰਾ ਕੁਲਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਗਿਰਵੜੀ ਨਦੀ ਕਿਨਾਰੇ ਸੀ। ਇਸ ਕਰਕੇ, ਇਸਦਾ ਨਾਂ ਗਿਰਵੜੀ ਸੰਪ੍ਰਦਾਇ ਪ੍ਰਸਿਧ ਹੋ ਗਿਆ। ਇਸ ਸੰਪ੍ਰਦਾਇ ਵਿਚ ਪੰਡਿਤ ਤਾਰਾ ਸਿੰਘ ਨਰੋਤਮ, ਪੰਡਿਤ ਗੁਲਾਬ ਸਿੰਘ ਗਿਰਵੜੀ ਵਾਲੇ, ਪੰਡਿਤ ਬਿਸ਼ਨ ਸਿੰਘ ਮੁਰਾਲੇ ਵਾਲੇ, ਸੰਤ ਸੁੰਦਰ ਸਿੰਘ ਭਿੰਡਰਾਂ ਵਾਲੇ, ਪੰਡਿਤ ਹਕੀਕਤ ਸਿੰਘ ਅਰਵਿੰਦ, ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ ਆਦਿ ਪ੍ਰਸਿਧ ਮਹਾਂਪੁਰਖ ਹੋਏ ਹਨ।

**(ੳ) ਡੇਰਾ ਕੁਲਰੀਆਂ, ਜ਼ਿਲ੍ਹਾ ਹੁਸ਼ਿਆਰਪੁਰ:** ਇਹ ਡੇਰਾ ਸੰਤ ਗੁਲਾਬ ਸਿੰਘ ਗਿਰਵੜੀ ਵਾਲਿਆਂ ਦੁਆਰਾ ਕਾਇਮ ਕੀਤਾ ਗਿਆ। ਇਸ ਡੇਰੇ ਦੇ ਕ੍ਰਮਵਾਰ ਮਹੰਤ, ਮਹੰਤ ਗੁਰਮੁਖ ਸਿੰਘ, ਮਹੰਤ ਦਸੌਂਦਾ ਸਿੰਘ, ਮਹੰਤ

---

420 ਉਹੀ, ਪੰਨੇ 644-656.

421 ਉਹੀ, ਪੰਨੇ 657-679.

ਰਾਮ ਸਿੰਘ, ਮਹੰਤ ਸਰੂਪ ਸਿੰਘ, ਮਹੰਤ ਹਰਦਾਸ ਸਿੰਘ, ਮਹੰਤ ਸੰਤ ਸਿੰਘ, ਮਹੰਤ ਮਹਿਤਾਬ ਸਿੰਘ, ਮਹੰਤ ਨਿਹਾਲ ਸਿੰਘ, ਪੰਡਿਤ ਗੰਡਾ ਸਿੰਘ, ਮਹੰਤ ਹੀਰਾ ਸਿੰਘ, ਮਹੰਤ ਦਇਆ ਸਿੰਘ, ਮਹੰਤ ਲਾਭ ਸਿੰਘ ਬਣੇ।

**(ਅ) ਡੇਰਾ ਮੂਣਕ ਕਲਾਂ**: ਇਹ ਡੇਰਾ ਸੰਤ ਭਗਤ ਸਿੰਘ ਨੇ ਕਾਇਮ ਕੀਤਾ। ਇਸ ਡੇਰੇ ਦੇ ਮਹੰਤ ਸੰਤ ਭਗਵਾਨ ਸਿੰਘ, ਸੰਤ ਕਰਮ ਸਿੰਘ, ਪੰਡਿਤ ਰਾਮ ਸਿੰਘ, ਪੰਡਿਤ ਗੁਰਦਿਆਲ ਸਿੰਘ ਬਣੇ।

**(ੲ) ਡੇਰਾ ਖਮਾਣੋ**: ਇਸ ਡੇਰੇ ਦੇ ਸੰਸਥਾਪਕ ਸੰਤ ਨਗੀਨਾ ਸਿੰਘ ਸਨ। ਇਸ ਡੇਰੇ ਦੇ ਕ੍ਰਮਵਾਰ ਮਹੰਤ, ਮਹੰਤ ਫੱਗਾ ਸਿੰਘ, ਸੰਤ ਰਾਮ ਸਿੰਘ ਸਨ।

**(ਸ) ਡੇਰਾ ਰਾਜੇਆਣਾ**: ਇਹ ਡੇਰਾ ਪੰਡਿਤ ਮੀਹਾਂ ਸਿੰਘ ਨੇ ਕਾਇਮ ਕੀਤਾ। ਇਸ ਡੇਰੇ ਦੇ ਕ੍ਰਮਵਾਰ ਮਹੰਤ, ਮਹੰਤ ਸਰਵਨ ਸਿੰਘ, ਮਹੰਤ ਮਹਿੰਦਰ ਸਿੰਘ, ਮਹੰਤ ਜੋਗਿੰਦਰ ਸਿੰਘ ਜੋਗੀਰਾਜ ਬਣੇ।

**(ਹ) ਗੁਰਦੁਆਰਾ ਅਖੰਡਪ੍ਰਕਾਸ਼**: ਇਸ ਗੁਰਦੁਆਰੇ ਦੀ ਸਥਾਪਨਾ ਸੰਤ ਸੁੰਦਰ ਸਿੰਘ ਭਿੰਡਰਾਂ ਵਾਲਿਆਂ ਨੇ ਕੀਤੀ। ਆਪ ਨੇ ਆਪਣੇ ਛੋਟੇ ਭਰਾ ਸੰਤ ਇੰਦਰ ਸਿੰਘ ਨੂੰ ਗੁਰਦੁਆਰਾ 'ਅਖੰਡ ਪ੍ਰਕਾਸ਼' ਦਾ ਪਹਿਲਾਂ ਮਹੰਤ ਨਿਯਤ ਕੀਤਾ। ਸੰਤ ਇੰਦਰ ਸਿੰਘ ਤੋਂ ਬਾਅਦ ਕ੍ਰਮਵਾਰ ਸੰਤ ਗੁਰਬਚਨ ਸਿੰਘ ਖਾਲਸਾ, ਸੰਤ ਗਿਆਨੀ ਮੋਹਨ ਸਿੰਘ ਮੁਖੀ ਬਣੇ। ਇਥੇ ਗਿਆਨੀ ਜੀ ਨੇ ਸੰਤ ਗਿਆਨੀ ਮੋਹਨ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**19. ਸੰਪ੍ਰਦਾਇ ਬਰਨਾਲਾ**[422]: ਇਹ ਸੰਪ੍ਰਦਾਇ ਮਾਲਵੇ ਦੀਆਂ ਸੰਪ੍ਰਦਾਵਾਂ ਵਿਚੋਂ ਪ੍ਰਸਿਧ ਸੰਪ੍ਰਦਾਇ ਹੈ। ਇਹ ਸੰਪ੍ਰਦਾਇ ਪਿਆਰੇ ਧਰਮ ਸਿੰਘ ਜੀ ਨਾਲ ਜਾ ਮਿਲਦੀ ਹੈ। ਪ੍ਰਸਿਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਇਸ ਸੰਪ੍ਰਦਾਇ ਦੇ ਨਰ-ਰਤਨ ਹਨ। ਇਸ ਸੰਪ੍ਰਦਾਇ ਦੇ ਪ੍ਰਸਿਧ ਡੇਰੇ ਇਸ ਤਰ੍ਹਾ ਹਨ:

**(ੳ) ਡੇਰਾ ਹਰੀਕੇ ਕਲਾਂ**: ਇਸ ਡੇਰੇ ਦੀ ਸਥਾਪਨਾ ਬਾਬਾ ਲੰਗਰ ਸਿੰਘ ਨੇ ਕੀਤੀ। ਇਸ ਡੇਰੇ ਦੇ ਕ੍ਰਮਵਾਰ ਮਹੰਤ ਬਾਬਾ ਮੰਗਲ ਸਿੰਘ, ਬਾਬਾ ਨੱਥਾ ਸਿੰਘ, ਸੰਤ ਬਾਬਾ ਰਾਮ ਸਿੰਘ, ਮਹੰਤ ਹੀਰਾ ਸਿੰਘ, ਮਹੰਤ ਭਾਨ ਸਿੰਘ ਬਣੇ।

**(ਅ) ਡੇਰਾ ਬਰਨਾਲਾ**: ਡੇਰਾ ਬਰਨਾਲਾ ਦੇ ਸੰਸਥਾਪਕ ਪੰਡਿਤ ਨਿੱਕਾ ਸਿੰਘ ਸਨ। ਪੰਡਿਤ ਨਿੱਕਾ ਸਿੰਘ ਬਾਬਾ ਲੰਗਰ ਸਿੰਘ ਦੇ ਸ਼ਿਸ਼ ਸਨ। ਇਨ੍ਹਾਂ ਨੇ ਬਾਬਾ ਲੰਗਰ ਸਿੰਘ ਦੀ ਆਗਿਆ ਨਾਲ ਬਰਨਾਲਾ ਵਿਚ ਡੇਰਾ ਕਾਇਮ ਕੀਤਾ। ਪੰਡਿਤ ਨਿੱਕਾ ਸਿੰਘ ਤੋਂ ਬਾਅਦ ਇਸ ਡੇਰੇ ਦੇ ਕ੍ਰਮਵਾਰ ਮਹੰਤ ਸੰਤ ਭਾਗ ਸਿੰਘ, ਸੰਤ ਗਾਂਧਾ ਸਿੰਘ, ਮਹੰਤ ਵੀਰ ਸਿੰਘ, ਮਹੰਤ ਆਤਮਾ ਸਿੰਘ, ਮਹੰਤ ਨਿਹਾਲ ਸਿੰਘ, ਸੰਤ ਰਘੁਬੀਰ ਸਿੰਘ, ਮਹੰਤ ਚੰਨਣ ਸਿੰਘ, ਮਹੰਤ ਬਹਾਦਰ ਸਿੰਘ, ਸੰਤ ਗੰਗਾ ਸਿੰਘ, ਮਹੰਤ ਭਾਨ ਸਿੰਘ, ਮਹੰਤ ਗੁਰਬਚਨ ਸਿੰਘ, ਮਹੰਤ ਪਿਆਰਾ ਸਿੰਘ ਬਣੇ। ਇਥੇ ਗਿਆਨੀ ਜੀ ਨੇ ਮਹੰਤ ਪਿਆਰਾ ਸਿੰਘ ਬਾਰੇ ਅੰਕਤ ਕਰ ਕੇ ਨਵਾਂ ਵਾਧਾ ਕੀਤਾ ਗਿਆ ਹੈ। ਉਪਰੋਕਤ ਡੇਰਿਆਂ ਤੋਂ ਇਲਾਵਾ ਡੇਰਾ ਪੀਰ ਖਲਾਹੜਾ ਵੀ ਇਸੇ ਸੰਪ੍ਰਦਾਇ ਦੇ ਅੰਤਰਗਤ ਆਉਂਦਾ ਹੈ।

**20. ਸੰਪ੍ਰਦਾਇ ਠਾਕੁਰ ਦਿਆਲ ਸਿੰਘ**[423]: ਇਸ ਸੰਪ੍ਰਦਾਇ ਨੂੰ ਠਾਕੁਰਾਂ ਦੀ ਸੰਪ੍ਰਦਾਇ ਵੀ ਕਿਹਾ ਜਾਂਦਾ ਹੈ। ਇਸ ਸੰਪ੍ਰਦਾਇ ਦਾ ਆਰੰਭ ਠਾਕੁਰ ਦਿਆਲ ਸਿੰਘ ਤੋਂ ਹੁੰਦਾ ਹੈ। ਆਪ ਸੰਤ ਰਾਮ ਸਿੰਘ ਦੇ ਸ਼ਿਸ਼ ਸਨ। ਇਸ

---

422 ਉਹੀ, ਪੰਨਾ 680-697.

423 ਉਹੀ, ਪੰਨਾ 698-785.

ਸੰਪ੍ਰਦਾਇ ਦਾ ਮੁਖ ਕੇਂਦਰ ਅੰਮ੍ਰਿਤਸਰ ਵਿਚ ਸੀ ਇਸ ਲਈ ਨਿਰਮਲੇ ਸੰਤਾਂ ਦੀ ਰਾਜਨੀਤੀ ਵਿਚ ਵਿਸ਼ੇਸ਼ ਸਥਾਨ ਰਿਹਾ। ਜਦੋਂ ਨਿਰਮਲੇ ਸੰਤਾਂ ਦੀ ਰਾਜਨੀਤਿਕ ਸੰਸਥਾ 'ਨਿਰਮਲ ਮਹਾਂ ਮੰਡਲ' 1925 ਈ. ਵਿਚ ਕਾਇਮ ਕੀਤੀ ਗਈ ਤਾਂ ਉਸ ਦੇ ਪਹਿਲੇ ਪ੍ਰਧਾਨ ਮਹੰਤ ਰਤਨ ਸਿੰਘ ਡੇਰਾ ਬਾਬਾ ਮਿਸ਼ਰਾ ਸਿੰਘ ਜੀ ਵਾਲੇ ਬਣਾਏ ਗਏ। ਇਸ ਸੰਪ੍ਰਦਾਇ ਦੇ ਪ੍ਰਸਿਧ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਵੱਡਾ ਡੇਰਾ ਠਾਕੁਰਾਂ, ਅੰਮ੍ਰਿਤਸਰ:** ਇਹ ਡੇਰਾ ਠਾਕੁਰ ਦਿਆਲ ਸਿੰਘ ਦੁਆਰਾ ਬਣਾਇਆ ਗਿਆ। ਆਪ ਤੋਂ ਬਾਅਦ ਡੇਰੇ ਦੇ ਕ੍ਰਮਵਾਰ ਮਹੰਤ ਠਾਕੁਰ ਗੁਲਾਬ ਸਿੰਘ, ਠਾਕੁਰ ਭਗਤ ਸਿੰਘ, ਠਾਕੁਰ ਕਿਸ਼ਨ ਸਿੰਘ, ਠਾਕੁਰ ਜੀਵਨ ਸਿੰਘ, ਸੰਤ ਸਜਨ ਸਿੰਘ, ਸੰਤ ਹਰਿਦਿਆਲ ਸਿੰਘ ਬਣੇ। ਇਥੇ ਗਿਆਨੀ ਜੀ ਨੇ ਸੰਤ ਹਰਿਦਿਆਲ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਅ) ਡੇਰਾ ਬਾਬਾ ਮਿਸ਼ਰਾ ਸਿੰਘ ਚੌਂਕ ਲਛਮਨਸਰ, ਅੰਮ੍ਰਿਤਸਰ:** ਇਹ ਡੇਰਾ ਸੰਤ ਫਤਹ ਸਿੰਘ ਨੇ ਬਣਾਇਆ। ਆਪ ਸੰਤ ਰਾਮ ਸਿੰਘ ਦੇ ਸ਼ਿਸ਼ ਸਨ। ਸੰਤ ਫਤਹ ਸਿੰਘ ਨੇ ਇਸ ਡੇਰੇ ਦਾ ਉਤਰਾਧਿਕਾਰੀ ਆਪਣੇ ਸ਼ਿਸ਼ ਬਾਬਾ ਮਿਸ਼ਰਾ ਸਿੰਘ ਨੂੰ ਬਣਾਇਆ ਅਤੇ ਡੇਰੇ ਦਾ ਨਾਮ ਵੀ ਬਾਬਾ ਮਿਸ਼ਰਾ ਸਿੰਘ ਦੇ ਨਾਂ ਤੇ ਰਖਿਆ। ਬਾਬਾ ਮਿਸ਼ਰਾ ਸਿੰਘ ਤੋਂ ਬਾਅਦ ਇਸ ਡੇਰੇ ਦੇ ਕ੍ਰਮਵਾਰ ਮਹੰਤ ਸੰਤ ਰਤਨ ਸਿੰਘ, ਮਹੰਤ ਹਾਕਮ ਸਿੰਘ, ਮਹੰਤ ਮਨਜੀਤ ਸਿੰਘ, ਮਹੰਤ ਭੁਪਿੰਦਰ ਸਿੰਘ ਬਣੇ। ਗਿਆਨੀ ਜੀ ਨੇ ਮਹੰਤ ਮਨਜੀਤ ਸਿੰਘ ਅਤੇ ਮਹੰਤ ਭੁਪਿੰਦਰ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ੲ) ਬਾਬੇਆਣਾ ਡੇਰਾ ਬਾਬਾ ਬੱਠਾ ਸਿੰਘ ਜੀ, ਪਿੰਡ ਜੋਧੇ ਬਲਸਰਾਂਹ:** ਇਹ ਡੇਰਾ ਬਾਬਾ ਬੱਠਾ ਸਿੰਘ ਨੇ ਕਾਇਮ ਕੀਤਾ। ਬਾਬਾ ਬੱਠਾ ਸਿੰਘ ਤੋਂ ਬਾਅਦ ਕ੍ਰਮਵਾਰ ਬਾਬਾ ਗੋਪਾਲ ਰਾਮ, ਮਹੰਤ ਗੁਰਮੁਖ ਸਿੰਘ, ਸੰਤ ਬਿਸ਼ਨ ਸਿੰਘ, ਸੰਤ ਬਹਾਦਰ ਸਿੰਘ, ਸੰਤ ਪੂਰਨ ਸਿੰਘ, ਸੰਤ ਦਇਆ ਸਿੰਘ, ਸੰਤ ਸੰਤੋਖ ਸਿੰਘ ਡੇਰੇ ਦੇ ਉਤਰਾਧਿਕਾਰੀ ਬਣੇ।

**21. ਸੰਪ੍ਰਦਾਇ ਗੁਰੂ ਮਾਂਗਟ[424]:** ਇਹ ਸੰਪ੍ਰਦਾਇ ਸੰਤ ਸ਼ੇਰ ਸਿੰਘ ਤੋਂ ਆਰੰਭ ਹੁੰਦੀ ਹੈ। ਇਸ ਸੰਪ੍ਰਦਾਇ ਦਾ ਇਤਿਹਾਸ ਸੰਪ੍ਰਦਾਇ ਨੰਗਾਲੀ ਸਾਹਿਬ ਨਾਲ ਮਿਲਦਾ ਹੈ। ਪੂਰਵ ਮਹਾਂਪੁਰਖ ਦੋਨਾ ਸੰਪ੍ਰਦਾਵਾਂ ਦੇ ਇਕੋ ਹਨ ਅਗੋਂ ਸੰਪ੍ਰਦਾਇ ਖੰਡੂਰ ਸਾਹਿਬ ਅਤੇ ਸੰਪ੍ਰਦਾਇ ਬਲੌਂਗੀ ਵੀ ਇਨ੍ਹਾਂ ਵਿਚੋਂ ਹੀ ਨਿਕਲਦੀਆਂ ਹਨ। ਇਸ ਸੰਪ੍ਰਦਾਇ ਦੇ ਪ੍ਰਸਿਧ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਡੇਰਾ ਪਿੰਡ ਮਾਂਗਟ:** ਇਹ ਡੇਰਾ ਸੰਤ ਰੋਚਾ ਸਿੰਘ ਦੁਗਨ ਨੇ ਕਾਇਮ ਕੀਤਾ। ਇਨ੍ਹਾਂ ਤੋਂ ਬਾਅਦ ਸੰਤ ਤਾਰਾ ਸਿੰਘ, ਸੰਤ ਸੰਤਾ ਸਿੰਘ, ਸੰਤ ਪਿਆਰਾ ਸਿੰਘ, ਸੰਤ ਬੁਧ ਸਿੰਘ ਉਤਰਾਧਿਕਾਰੀ ਬਣੇ।

**(ਅ) ਡੇਰਾ ਕਠਮੰਡੂ, ਨੇਪਾਲ:** ਇਹ ਡੇਰਾ ਸੰਤ ਹਰੀ ਸਿੰਘ ਨੇ ਕਾਇਮ ਕੀਤਾ। ਇਨ੍ਹਾਂ ਤੋਂ ਬਾਅਦ ਸੰਤ ਸ਼ੰਭੂ ਸਿੰਘ ਇਸ ਡੇਰੇ ਦੇ ਉਤਰਾਧਿਕਾਰੀ ਬਣੇ।

---

424 ਉਹੀ, ਪੰਨਾ 786-793.

**22. ਸੰਪ੍ਰਦਾਇ ਨੰਗਾਲੀ ਸਾਹਿਬ**[425]**:** ਨੰਗਾਲੀ ਸਾਹਿਬ ਸੰਪ੍ਰਦਾਇ ਦਾ ਆਰੰਭ ਸੰਤ ਭਾਈ ਫੇਰੂ ਸਿੰਘ ਤੋਂ ਹੋਇਆ। ਪ੍ਰਚਾਰ ਦਾ ਕੇਂਦਰ ਪੁਣਛ, ਕਸ਼ਮੀਰ ਰਿਹਾ ਹੈ। ਇਸ ਸੰਪ੍ਰਦਾਇ ਵਿਚੋਂ ਨਿਰਮਲ ਭੇਖ ਦੀਆਂ ਤਿੰਨ ਸੰਪ੍ਰਦਾਵਾਂ (ਸੰਪ੍ਰਦਾਇ ਖਡੂਰ ਸਾਹਿਬ, ਸੰਪ੍ਰਦਾਇ ਗੁਰੂ ਮਾਂਗਟ, ਸੰਪ੍ਰਦਾਇ ਬਲੌਂਗੀ) ਹੋਰ ਚਲੀਆਂ।

**(ੳ) ਡੇਰਾ ਨੰਗਾਲੀ ਸਾਹਿਬ:** ਇਹ ਡੇਰਾ ਠਾਕੁਰ ਰੋਚਾ ਸਿੰਘ ਦੇ ਚੇਲੇ ਸੰਤ ਮੇਲਾ ਸਿੰਘ ਨੇ ਬਣਾਇਆ। ਇਸ ਡੇਰੇ ਦੇ ਨਾਂ ਤੋਂ ਸੰਪ੍ਰਦਾਇ ਦਾ ਨਾਂ ਨੰਗਾਲੀ ਸਾਹਿਬ ਪ੍ਰਸਿਧ ਹੋਇਆ। ਸੰਤ ਰੋਚਾ ਸਿੰਘ ਤੋਂ ਬਾਅਦ ਸੰਤ ਮੰਨਾ ਸਿੰਘ, ਸੰਤ ਮੰਗਲ ਸਿੰਘ ਦੱਤ, ਸੰਤ ਰਤਨ ਸਿੰਘ ਸੂਦਨ, ਸੰਤ ਅਵਤਾਰ ਸਿੰਘ, ਸੰਤ ਰਤਨ ਸਿੰਘ ਮੋਦੀ, ਸੰਤ ਮੋਹਰ ਸਿੰਘ, ਸੰਤ ਮੰਗਲ ਸਿੰਘ, ਮਹੰਤ ਬਚਿੱਤਰ ਸਿੰਘ, ਮਹੰਤ ਮਨਜੀਤ ਸਿੰਘ ਡੇਰੇ ਦੇ ਉਤਰਾਧਿਕਾਰੀ ਬਣੇ। ਇਥੇ ਮਹੰਤ ਮਨਜੀਤ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

ਇਸ ਡੇਰੇ ਤੋਂ ਇਲਾਵਾ ਡੇਰਾ ਸਾਂਈ, ਡੇਰਾ ਡੰਨਾ ਵਾਲਾ ਆਦਿ ਡੇਰੇ ਇਸ ਸੰਪ੍ਰਦਾਇ ਨਾਲ ਸੰਬੰਧਿਤ ਹਨ।

**23. ਸੰਪ੍ਰਦਾਇ ਖੰਡੂਰ ਸਾਹਿਬ**[426]**:** ਇਸ ਸੰਪ੍ਰਦਾਇ ਦਾ ਆਰੰਭ ਭਾਈ ਧਰਮ ਸਿੰਘ ਪਿਆਰੇ ਤੋਂ ਹੁੰਦਾ ਹੈ। ਸੰਪ੍ਰਦਾਇ ਦੇ ਮੋਢੀ ਸੰਤ ਬੱਲਾ ਸਿੰਘ ਹੋਏ ਹਨ। ਸੰਪ੍ਰਦਾਇ ਨੰਗਾਲੀ ਸਾਹਿਬ ਅਤੇ ਸੰਪ੍ਰਦਾਇ ਖੰਡੂਰ ਸਾਹਿਬ ਤੋਂ ਠਾਕੁਰ ਰੋਚਾ ਸਿੰਘ ਤਕ ਇਕੋ ਮਹਾਂਪੁਰਖ ਹਨ। ਠਾਕੁਰ ਰੋਚਾ ਸਿੰਘ ਦੇ ਦੋ ਸ਼ਿਸ਼ ਸਨ ਠਾਕੁਰ ਮੇਲਾ ਸਿੰਘ ਜਿਨ੍ਹਾਂ ਤੋਂ ਸੰਪ੍ਰਦਾਇ ਨੰਗਾਲੀ ਸਾਹਿਬ ਆਰੰਭ ਹੁੰਦੀ ਹੈ ਦੂਜੇ ਠਾਕੁਰ ਬੱਲਾ ਸਿੰਘ ਜਿਨ੍ਹਾਂ ਤੋਂ ਸੰਪ੍ਰਦਾਇ ਖੰਡੂਰ ਸਾਹਿਬ ਆਰੰਭ ਹੋਈ।

**(ੳ) ਖੰਡੂਰੀਆਂ ਦਾ ਡੇਰਾ:** ਇਹ ਡੇਰਾ ਸੰਤ ਬੱਲਾ ਸਿੰਘ ਨੇ ਆਬਾਦ ਕੀਤਾ। ਆਪ ਤੋਂ ਮਗਰੋਂ ਸੰਤ ਦਰਸ਼ਾ ਸਿੰਘ, ਮਹੰਤ ਕਾਹਨ ਸਿੰਘ, ਸੰਤ ਲਾਲ ਸਿੰਘ, ਸੰਤ ਮੰਨਾ ਸਿੰਘ, ਹਰਨਾਮ ਸਿੰਘ ਜੀ ਮਹੰਤ ਬਣੇ।

**(ਅ) ਡੇਰਾ ਸੰਤ ਜੋਗਾ ਸਿੰਘ, ਅੰਮ੍ਰਿਤਸਰ:** ਇਹ ਡੇਰਾ ਸੰਤ ਧਰਮ ਸਿੰਘ ਵਿਰੱਕਤ ਨੇ ਕਾਇਮ ਕੀਤਾ। ਆਪ ਠਾਕੁਰ ਬੱਲਾ ਸਿੰਘ ਜੀ ਦੇ ਸ਼ਿਸ਼ ਸਨ। ਇਨ੍ਹਾਂ ਤੋਂ ਬਾਅਦ ਮਹੰਤ ਜੋਗਾ ਸਿੰਘ, ਸੰਤ ਗੰਡਾ ਸਿੰਘ, ਸੰਤ ਦਇਆ ਸਿੰਘ, ਸੰਤ ਨਾਰਾਇਣ ਸਿੰਘ, ਭਾਈ ਕਿਸ਼ਨ ਸਿੰਘ, ਮਹੰਤ ਗੰਡਾ ਸਿੰਘ ਜੋਗੀਰਾਜ, ਸੰਤ ਹਰਨਾਮ ਸਿੰਘ, ਸੰਤ ਕੁਲਦੀਪ ਸਿੰਘ, ਮਹੰਤ ਜਸਵਿੰਦਰ ਸਿੰਘ ਉਤਾਰਧਾਕਰੀ ਬਣੇ। ਇਥੇ ਗਿਆਨੀ ਜੀ ਨੇ ਮਹੰਤ ਜਸਵਿੰਦਰ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ੲ) ਡੇਰਾ ਹੰਸਲੀਵਾਲਾ, ਅੰਮ੍ਰਿਤਸਰ:** ਇਸ ਡੇਰੇ ਦੇ ਸੰਸਥਾਪਕ ਮਹੰਤ ਕਰਮ ਸਿੰਘ ਹਨ। ਆਪ ਤੋਂ ਬਾਅਦ ਕ੍ਰਮਵਾਰ ਮਹੰਤ ਰਤਨ ਸਿੰਘ, ਗਿਆਨੀ ਬਿਸ਼ਨ ਸਿੰਘ, ਮਹੰਤ ਤਾਰਾ ਸਿੰਘ, ਸੰਤ ਸੰਤੋਖ ਸਿੰਘ ਮ੍ਰਿਗਿੰਦ ਡੇਰੇ ਦੇ ਮਹੰਤ ਬਣੇ। ਇਥੇ ਗਿਆਨੀ ਜੀ ਨੇ ਮਹੰਤ ਤਾਰਾ ਸਿੰਘ ਅਤੇ ਸੰਤ ਸੰਤੋਖ ਸਿੰਘ ਮ੍ਰਿਗਿੰਦ ਬਾਰੇ ਅੰਕਤ ਕਰ ਕੇ ਨਵਾਂ ਵਾਧਾ ਕੀਤਾ ਗਿਆ ਹੈ।

---

425 ਉਹੀ, ਪੰਨੇ 794-814.

426 ਉਹੀ, ਪੰਨਾ 815-850.

ਉਪਰੋਕਤ ਡੇਰਿਆਂ ਤੋਂ ਇਲਾਵਾ ਡੇਰਾ ਸੰਧਰਾਂ ਸੋਢੀਆਂ, ਡੇਰਾ ਕਟੜਾ ਦਲ ਸਿੰਘ ਅੰਮ੍ਰਿਤਸਰ, ਡੇਰਾ ਗੜ੍ਹੀ ਹਬੀ-ਬੁਲਾ, ਡੇਰਾ ਫਤਹ ਕਦਲ ਸ੍ਰੀ ਨਗਰ, ਡੇਰਾ ਬੈਸਾਂ, ਡੇਰਾ ਪਤੋ ਜ਼ਿਲ੍ਹਾ ਮੋਗਾ, ਡੇਰਾ ਸੰਤਪੁਰਾ ਪਿੰਡ ਹਜ਼ਰੋ, ਡੇਰਾ ਸਿਵੀਆਂ, ਡੇਰਾ ਢੁੱਡੀਕੇ, ਡੇਰਾ ਪਿੰਡ ਦਾਦਾਂ, ਡੇਰਾ ਗੁੱਜਰਵਾਲ, ਡੇਰਾ ਖੂਹਵਾਲਾ ਭਾਈ ਰੂਪਾ, ਬਾਲ ਲੀਲਾ ਮੈਣੀ ਸੰਗਤ ਪਟਨਾ ਸਾਹਿਬ, ਡੇਰਾ ਚੀਮੇ, ਡੇਰਾ ਚੰਨਣ ਸਿੰਘ, ਡੇਰਾ ਕਰੌੜੀ ਚੌਂਕ ਅੰਮ੍ਰਿਤਸਰ, ਕੁਟੀਆ ਕਨਖਲ, ਡੇਰਾ ਬੱਸੀਆਂ, ਡੇਰਾ ਪਿੰਡ ਮਹੌਲੀ ਆਦਿ ਡੇਰੇ ਇਸ ਸੰਪ੍ਰਦਾਇ ਨਾਲ ਸੰਬੰਧਿਤ ਹਨ।

**24. ਸੰਪ੍ਰਦਾਇ ਮਸਤੂਆਣਾ**[427]: ਸੰਪ੍ਰਦਾਇ ਮਸਤੂਆਣਾ ਸੰਤ ਅਤਰ ਸਿੰਘ ਜੀ ਤੋਂ ਆਰੰਭ ਹੁੰਦੀ ਹੈ। ਇਸ ਪੱਧਤਿ ਵਿਚ ਗਿਆਨੀ ਜੀ ਨੇ ਸੰਤ ਸੇਵਕ ਜਥੇ ਦੇ ਪ੍ਰਧਾਨ ਅਤੇ ਬੁੰਗਾ ਮਸਤੂਆਣਾ ਦੇ ਮਹਾਂਪੁਰਖਾਂ ਦੁਆਰਾ ਕੀਤੀ ਸੇਵਾ ਦਾ ਵਰਣਨ ਕੀਤਾ ਹੈ। ਗਿਆਨੀ ਜੀ ਨੇ ਇਹ ਸੰਪ੍ਰਦਾਇ ਨਵੀਂ ਅੰਕਤ ਕੀਤੀ ਹੈ। ਮਹੰਤ ਦਿਆਲ ਸਿੰਘ ਨੇ *ਨਿਰਮਲ ਪੰਥ ਦਰਸ਼ਨ (ਭਾਗ-3)* ਵਿਚ ਸੰਤ ਅਤਰ ਸਿੰਘ ਬਾਰੇ ਸੰਖੇਪ ਵਿਚ ਅੰਕਿਤ ਕੀਤਾ ਹੈ।

**(ੳ) ਸੰਤ ਸੇਵਕ ਜੱਥਾ**: ਸੰਤ ਅਤਰ ਸਿੰਘ ਜੀ ਤੋਂ ਬਾਅਦ ਸੰਤ ਗੁਲਾਬ ਸਿੰਘ ਨੂੰ ਸੰਤ ਸੇਵਕ ਜਥੇ ਦੇ ਜਥੇਦਾਰ ਨਿਯਤ ਕੀਤਾ ਗਿਆ। ਇਨ੍ਹਾਂ ਤੋਂ ਮਗਰੋਂ ਸੰਤ ਬਿਸ਼ਨ ਸਿੰਘ, ਸੰਤ ਕਿਸ਼ਨ ਸਿੰਘ, ਸੰਤ ਤੇਜਾ ਸਿੰਘ ਡਬਲ ਐਮ.ਏ., ਸੰਤ ਨਿਰੰਜਨ ਸਿੰਘ ਮੋਹੀ, ਸੰਤ ਰਣਜੀਤ ਸਿੰਘ ਮੂਲੋਵਾਲ, ਸੰਤ ਹਰਨਾਮ ਸਿੰਘ ਸਾਰੋਂ, ਸੰਤ ਮਿੱਠਾ ਸਿੰਘ ਸੰਤ ਸੇਵਕ ਜਥੇ ਦੇ ਪ੍ਰਧਾਨ ਬਣੇ।

ਗਿਆਨੀ ਜੀ ਨੇ ਮਸਤੂਆਣਾ ਪਧਤਿ ਨਾਲ ਸੰਬੰਧਿਤ ਮਹਾਂਪੁਰਖਾਂ ਸੰਤ ਹਾਕਮ ਸਿੰਘ, ਸੰਤ ਜੰਗ ਸਿੰਘ ਰਾਗੀ, ਸੰਤ ਪ੍ਰੀਤਮ ਸਿੰਘ ਸੈਕਟਰੀ, ਸੰਤ ਨਾਰਾਇਣ ਸਿੰਘ, ਸੰਤ ਜੰਗ ਸਿੰਘ ਤਲਵੰਡੀ ਸਾਬੋ, ਗਿਆਨੀ ਤੇਜਾ ਸਿੰਘ, ਸੰਤ ਛੋਟਾ ਸਿੰਘ, ਮਹੰਤ ਨਾਰਾਇਣ ਸਿੰਘ, ਸੰਤ ਹਜਾਰਾ ਸਿੰਘ, ਸੰਤ ਕਰਤਾਰ ਸਿੰਘ ਆਦਿ ਬਾਰੇ ਜਾਣਕਾਰੀ ਦਿਤੀ ਹੈ।

**25. ਸੰਪ੍ਰਦਾਇ ਬਲੋਂਗੀ**[428]: ਸੰਪ੍ਰਦਾਇ ਬਲੋਂਗੀ ਦੇ ਮੋਢੀ ਸੰਤ ਬਘੇਲ ਸਿੰਘ ਹੋਏ ਹਨ। ਆਪ ਬਾਬਾ ਦਰਸ਼ਾ ਸਿੰਘ ਦੇ ਚੇਲੇ ਸਨ। ਇਹ ਸੰਪ੍ਰਦਾਇ ਪਿਛੋਂ ਸੰਪ੍ਰਦਾਇ ਖੰਡੂਰ ਨਾਲ ਜਾ ਮਿਲਦੀ ਹੈ। ਮਹੰਤ ਗੁਰਦੀਪ ਸਿੰਘ ਕੇਸਰੀ ਵੀ ਇਸ ਸੰਪ੍ਰਦਾਇ ਨਾਲ ਸੰਬੰਧਿਤ ਹਨ। ਇਸ ਸੰਪ੍ਰਦਾਇ ਦੇ ਪ੍ਰਸਿਧ ਡੇਰੇ ਨਿਮਨਲਿਖਤ ਹਨ:

**(ੳ) ਡੇਰਾ ਨਾਗੋਕੇ ਅੰਮ੍ਰਿਤਸਰ**: ਇਹ ਡੇਰਾ ਪੰਡਿਤ ਕਾਲਾ ਸਿੰਘ ਮੰਡਲੇਸ਼ਵਰ ਨੇ ਬਣਾਇਆ। ਆਪ ਪੰਡਿਤ ਸ਼ਮੀਰ ਸਿੰਘ ਦੇ ਸ਼ਿਸ਼ ਸਨ। ਇਨ੍ਹਾਂ ਤੋਂ ਬਾਅਦ ਸੰਤ ਗੁਰਬਖਸ਼ ਸਿੰਘ ਗਿਆਨੀ, ਪੰਡਿਤ ਗੁਰਦੀਪ ਸਿੰਘ ਕੇਸਰੀ, ਮਹੰਤ ਰਘੁਬੀਰ ਸਿੰਘ ਸ਼ਾਸਤਰੀ ਇਸ ਡੇਰੇ ਦੇ ਮਹੰਤ ਬਣੇ।

**(ਅ) ਡੇਰਾ ਭਰਥਲਾ**: ਇਹ ਡੇਰਾ ਪੰਡਿਤ ਈਸ਼ਰ ਸਿੰਘ ਨੇ ਸਥਾਪਿਤ ਕੀਤਾ। ਇਨ੍ਹਾਂ ਤੋਂ ਮਗਰੋਂ ਕ੍ਰਮਵਾਰ ਸੰਤ ਜਗਨ ਸਿੰਘ, ਮਹੰਤ ਜਾਗੀਰ ਸਿੰਘ ਮਹੰਤ ਬਣੇ।

---

427 ਉਹੀ, ਪੰਨਾ 851-862.

428 ਉਹੀ, ਪੰਨਾ 863-892.

**(ੲ) ਡੇਰਾ ਤਪਯਾਣਾ ਸਾਹਿਬ**: ਇਹ ਡੇਰਾ ਸੰਤ ਨੱਥਾ ਸਿੰਘ ਨੇ ਕਾਇਮ ਕੀਤਾ। ਆਪ ਸੰਤ ਦਰਸ਼ਾ ਸਿੰਘ ਦੇ ਚੇਲੇ ਸਨ। ਆਪ ਤੋਂ ਬਾਅਦ ਕ੍ਰਮਵਾਰ ਸੰਤ ਸੰਤਾ ਸਿੰਘ, ਸੰਤ ਰਤਨ ਸਿੰਘ, ਸੰਤ ਗੰਗਾ ਸਿੰਘ, ਸੰਤ ਤਾਰਾ ਸਿੰਘ ਰਿਸ਼ੀ, ਮਹੰਤ ਤ੍ਰਿਲੋਕ ਸਿੰਘ, ਸੰਤ ਪੂਰਨ ਸਿੰਘ ਵੈਦ ਕ੍ਰਮਵਾਰ ਮਹੰਤ ਬਣੇ।

**(ਸ) ਨਿਰਮਲ ਆਸ਼ਰਮ ਸ੍ਰੀ ਖੰਡੂਰ ਸਾਹਿਬ**: ਇਹ ਡੇਰਾ ਸੰਤ ਚੇਤਨ ਸਿੰਘ ਨੇ ਕਾਇਮ ਕੀਤਾ। ਇਨ੍ਹਾਂ ਤੋਂ ਬਾਅਦ ਕ੍ਰਮਵਾਰ ਪੰਡਿਤ ਤਾਰਾ ਸਿੰਘ, ਪੰਡਿਤ ਸੁਰਜੀਤ ਸਿੰਘ, ਮਹੰਤ ਬਣੇ।

ਉਪਰੋਤਕ ਡੇਰਿਆਂ ਤੋਂ ਇਲਾਵਾ ਡੇਰਾ ਪਾਕਪਟਨ, ਡੇਰਾ ਚੱਕਵੇਂਹਡਲ, ਡੇਰਾ ਝੰਡੇਰ, ਡੇਰਾ ਕਿਲ੍ਹਾ ਪਿੰਡ ਭੈਲ, ਡੇਰਾ ਪਖੋਪੁਰ ਆਦਿ ਡੇਰੇ ਇਸ ਸੰਪ੍ਰਦਾਇ ਨਾਲ ਸੰਬੰਧਿਤ ਹਨ।

**26. ਸੰਪ੍ਰਦਾਇ ਠੀਕਰੀਵਾਲ[429]**: ਇਹ ਸੰਪ੍ਰਦਾਇ ਮਾਲਵੇ ਦੀਆਂ ਸੰਪ੍ਰਦਾਵਾਂ ਵਿਚ ਪ੍ਰਸਿਧ ਸੰਪ੍ਰਦਾਇ ਹੈ। ਇਸ ਸੰਪ੍ਰਦਾਇ ਦਾ ਆਰੰਭ ਭਾਈ ਧਰਮ ਸਿੰਘ ਪਿਆਰੇ ਤੋਂ ਹੁੰਦਾ ਹੈ। ਇਸ ਸੰਪ੍ਰਦਾਇ ਦੇ ਮੋਢੀ ਸੰਤ ਗੁਰਮੁਖ ਸਿੰਘ ਜੀ ਸਨ। ਇਸ ਸੰਪ੍ਰਦਾਇ ਨਾਲ ਸੰਬੰਧਿਤ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਡੇਰਾ ਠੀਕਰੀਵਾਲਾ, ਪਟਿਆਲਾ**: ਇਹ ਡੇਰਾ ਸੰਤ ਗੁਰਮੁਖ ਸਿੰਘ ਜੀ ਨੇ ਪਿੰਡ ਠੀਕਰੀਵਾਲ ਵਿਚ ਕਾਇਮ ਕੀਤਾ ਜਿਸ ਤੋਂ ਠੀਕਰੀਵਾਲ ਸੰਪ੍ਰਦਾਇ ਚਲੀ। ਸੰਤ ਗੁਰਮੁਖ ਸਿੰਘ ਤੋਂ ਬਾਅਦ ਸੰਤ ਤੋਤਾ ਸਿੰਘ, ਸੰਤ ਹੀਰਾ ਸਿੰਘ, ਪੰਡਿਤ ਦੀਵਾਨ ਸਿੰਘ, ਪੰਡਿਤ ਬਸੰਤ ਸਿੰਘ, ਮਹੰਤ ਜੁਝਾਰ ਸਿੰਘ, ਪੰਡਿਤ ਨਰ ਹਰੀ ਨਾਰਾਇਣ ਸਿੰਘ, ਮਹੰਤ ਹਰਿਭਜਨ ਸਿੰਘ ਡੇਰੇ ਦੇ ਉਤਰਾਧਿਕਾਰੀ ਬਣੇ। ਇਥੇ ਗਿਆਨੀ ਜੀ ਨੇ ਮਹੰਤ ਹਰਿਭਜਨ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਅ) ਡੇਰਾ ਭਜਨਗੜ੍ਹ, ਰਿਸ਼ੀਕੇਸ਼**: ਡੇਰਾ ਭਜਨਗੜ੍ਹ ਸੰਤ ਬਚਨ ਸਿੰਘ ਨੇ ਕਾਇਮ ਕੀਤਾ। ਆਪ ਸੰਤ ਅਨੂਪ ਸਿੰਘ ਦੇ ਸ਼ਿਸ਼ ਸਨ। ਆਪ ਤੋਂ ਬਾਅਦ ਕ੍ਰਮਵਾਰ ਮਹੰਤ ਸੰਤ ਸਿੰਘ, ਸੰਤ ਬਲਵੰਤ ਸਿੰਘ, ਗਿਆਨੀ ਖਜ਼ਾਨ ਸਿੰਘ ਡੇਰੇ ਦੇ ਮਹੰਤ ਬਣੇ। ਇਥੇ ਮਹੰਤ ਖਜ਼ਾਨ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

ਉਪਰੋਕਤ ਡੇਰਿਆਂ ਤੋਂ ਇਲਾਵਾ ਡੇਰਾ ਭਜਨਗੜ੍ਹ ਲੁਧਿਆਣਾ ਅਤੇ ਡੇਰਾ ਭਜਨਗੜ੍ਹ ਹਰਿਦਵਾਰ ਵੀ ਇਸ ਸੰਪ੍ਰਦਾਇ ਦੇ ਅਧੀਨ ਆਉਂਦੇ ਹਨ।

**27. ਸੰਪ੍ਰਦਾਇ ਗੰਧੀਆਂ[430]**: ਸੰਪ੍ਰਦਾਇ ਗੰਧੀਆਂ ਦਾ ਨਿਰਮਲ ਭੇਖ ਵਿਚ ਵਿਸ਼ੇਸ਼ ਯੋਗਦਾਨ ਹੈ। ਇਸ ਸੰਪ੍ਰਦਾਇ ਦੇ ਮਹਾਂਪੁਰਖਾਂ ਨੇ ਪੱਛਮੀ ਪੰਜਾਬ ਤੋਂ ਲੈ ਕੇ ਹਰਿਦਵਾਰ ਤਕ ਆਪਣੇ ਕੇਂਦਰ ਕਾਇਮ ਕੀਤੇ ਹਨ। ਇਹ ਸੰਪ੍ਰਦਾਇ ਵੀ ਭਾਈ ਧਰਮ ਸਿੰਘ ਪਿਆਰੇ ਨਾਲ ਜਾ ਮਿਲਦੀ ਹੈ। ਇਸ ਸੰਪ੍ਰਦਾਇ ਦੇ ਮੋਢੀ ਸੰਤ ਦਿਆਲ ਸਿੰਘ ਹੋਏ ਹਨ। ਸੰਪ੍ਰਦਾਇ ਦੇ ਪ੍ਰਸਿਧ ਡੇਰਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

**(ੳ) ਡੇਰਾ ਗੰਧੀਆਂ**: ਇਹ ਡੇਰਾ ਸੰਤ ਦਿਆਲ ਸਿੰਘ ਨੇ ਕਾਇਮ ਕੀਤਾ। ਆਪ ਤੋਂ ਮਗਰੋਂ ਕ੍ਰਮਵਾਰ ਸੰਤ ਘਣੀਆਂ ਸਿੰਘ, ਸੰਤ ਬੁਧ ਸਿੰਘ, ਸੰਤ ਹਰਿਮੰਦਰ ਸਿੰਘ ਡੇਰੇ ਦੇ ਮਹੰਤ ਬਣੇ।

---

429 ਉਹੀ, ਪੰਨੇ 892-904.

430 ਉਹੀ, ਪੰਨੇ 905-916.

**(ਅ) ਡੇਰਾ ਲਾਇਲਪੁਰ:** ਇਹ ਡੇਰਾ ਸੰਤ ਹਰਨਾਮ ਸਿੰਘ ਨੇ ਲਾਇਲਪੁਰ (ਪਾਕਿਸਤਾਨ) ਵਿਚ ਸਥਾਪਿਤ ਕੀਤਾ। ਪਾਕਿਸਤਾਨ ਬਣਨ ਤੋਂ ਬਾਅਦ ਪਿੰਡ ਮੂਲੇ ਚੱਕ ਅੰਮ੍ਰਿਤਸਰ ਆ ਗਏ। ਭਾਈ ਫਤਹ ਸਿੰਘ ਰਾਗੀ ਵਾਲਾ ਡੇਰਾ ਮਹੰਤ ਮੂਲ ਸਿੰਘ ਨੇ ਆਪ ਨੂੰ ਲੈ ਕੇ ਦਿਤਾ। ਬਾਅਦ ਵਿਚ ਆਪ ਨੇ ਡੇਰਾ ਨਿਰਮਲ ਸੰਤਪੁਰਾ, ਕਨਖਲ ਕਾਇਮ ਕੀਤਾ। ਆਪ ਤੋਂ ਮਗਰੋਂ ਸੰਤ ਹੀਰਾ ਸਿੰਘ, ਮਹੰਤ ਰਘੁਬੀਰ ਸਿੰਘ ਸ਼ਾਸਤ੍ਰੀ ਮਹੰਤ ਬਣੇ।

**(ੲ) ਡੇਰਾ ਸੰਤਪੁਰਾ, ਜਲੰਧਰ:** ਇਹ ਡੇਰਾ ਸੰਤ ਅਮਰਜੀਤ ਹਰੀ ਜੀ ਨੇ ਕਾਇਮ ਕੀਤਾ। ਆਪ ਤੋਂ ਬਾਅਦ ਸੰਤ ਪ੍ਰੀਤਮ ਸਿੰਘ ਡੇਰੇ ਦੇ ਮਹੰਤ ਬਣੇ।

ਉਪਰੋਕਤ ਡੇਰਿਆਂ ਤੋਂ ਇਲਾਵਾ ਡੇਰਾ ਸੰਤ ਫਤਹ ਸਿੰਘ ਰਾਗੀ ਵਾਲਾ, ਡੇਰਾ ਚੂਹਣੀਆਂ, ਡੇਰਾ ਜਮਸ਼ੇਰ, ਡੇਰਾ ਢੋਲਣ ਆਦਿ ਡੇਰੇ ਇਸ ਸੰਪ੍ਰਦਾਇ ਨਾਲ ਸੰਬੰਧਿਤ ਹਨ।

**28. ਸੰਪ੍ਰਦਾਇ ਦਮਦਮਾ ਸਾਹਿਬ**[431]**:** ਇਸ ਸੰਪ੍ਰਦਾਇ ਦੇ ਮੋਢੀ ਬਾਬਾ ਦੀਪ ਸਿੰਘ ਸ਼ਹੀਦ ਸਨ। ਸ਼ਹੀਦ ਹੋਣ ਤੋਂ ਪਹਿਲਾਂ ਦਮਦਮਾ ਸਾਹਿਬ ਦੀ ਸੇਵਾ ਦਸਵੇਂ ਪਾਤਸ਼ਾਹ ਨੇ ਹੀ ਆਪ ਨੂੰ ਦਿਤੀ। ਅਗੋਂ ਬਾਬਾ ਸੁਧਾ ਸਿੰਘ, ਬਾਬਾ ਕਰਮ ਸਿੰਘ, ਬਾਬਾ ਨੱਥਾ ਸਿੰਘ ਕ੍ਰਮਵਾਰ ਜਥੇਦਾਰ ਨਿਯਤ ਹੋਏ। ਇਨ੍ਹਾਂ ਤੋਂ ਪਿਛੋਂ ਬਾਬਾ ਰਣ ਸਿੰਘ ਜੀ ਨੂੰ ਇਹ ਸੇਵਾ ਦਿਤੀ ਗਈ। ਆਪ ਦੇ ਕਈ ਚੇਲੇ ਹੋਏ ਅਤੇ ਆਪ ਤੋਂ ਹੀ ਸੰਪ੍ਰਦਾਇ ਦਾ ਵਿਸਤਾਰ ਹੁੰਦਾ ਹੈ। ਇਸ ਸੰਪ੍ਰਦਾਇ ਦੇ ਡੇਰੇ ਵਧੇਰੇ ਕਰਕੇ ਬੁੰਗਿਆਂ ਦੇ ਰੂਪ ਵਿਚ ਬਣੇ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

**(ੳ) ਬੁੰਗਾ ਲਿਖਾਰੀਆਂ:** ਇਸ ਬੁੰਗੇ ਦੇ ਸੰਸਥਾਪਕ ਸੰਤ ਹੀਰਾ ਸਿੰਘ ਸਨ। ਆਪ ਗੁਰਬਾਣੀ ਅਤੇ ਗੁਰਇਤਿਹਾਸ ਦੇ ਵਿਦਵਾਨ ਅਤੇ ਗੁਰਮੁਖੀ ਲਿਪੀ ਦੇ ਲਿਖਾਰੀ ਸਨ। ਜਦੋਂ 1945 ਈ.ਵਿਚ ਲੁਧਿਆਣੇ ਈਸਾਈ ਮਿਸ਼ਨਰੀਆਂ ਨੇ ਪ੍ਰੈਸ ਲਈ ਗੁਰਮੁਖੀ ਅਖਰ ਢਾਲੇ ਤਾਂ ਗੁਰਮੁਖੀ ਦੀਆਂ ਲਿਪੀਆਂ ਦੇ ਕਈ ਤਰ੍ਹਾਂ ਦੇ ਨਮੂਨੇ ਵਿਚਾਰੇ ਗਏ ਅਤੇ ਆਪ ਦੁਆਰਾ ਲਿਖੀ ਗੁਰਮੁਖੀ ਲਿਪੀ ਨੂੰ ਸੁੰਦਰ ਸਮਝ ਕੇ ਢਾਲਿਆ ਗਿਆ। ਆਪ ਤੋਂ ਬਾਅਦ ਸੰਤ ਗੁਰਬਖਸ਼ ਸਿੰਘ ਉਤਰਾਧਿਕਾਰੀ ਬਣੇ ਅਤੇ ਹੁਣ ਬੁੰਗੇ ’ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਕਬਜ਼ਾ ਹੈ

**(ਅ) ਉਚਾ ਬੁੰਗਾ:** ਇਹ ਬੁੰਗਾ ਮਹੰਤ ਜੀਤ ਸਿੰਘ ਨੇ ਕਾਇਮ ਕੀਤਾ। ਆਪ ਤੋਂ ਮਗਰੋਂ ਕ੍ਰਮਵਾਰ ਸੰਤ ਦੁਨਾ ਸਿੰਘ, ਸੰਤ ਨਿਹਾਲ ਸਿੰਘ, ਸੰਤ ਬੂਟਾ ਸਿੰਘ, ਸੰਤ ਸੁੰਦਰ ਸਿੰਘ, ਸੰਤ ਮੋਹਰ ਸਿੰਘ, ਸੰਤ ਨੰਦ ਸਿੰਘ ਬੁੰਗੇ ਦੇ ਉਤਰਾਧਿਕਾਰੀ ਬਣੇ।

**(ੲ) ਬੁੰਗਾ ਮੁਕਤਸਰਿ:** ਇਹ ਬੁੰਗਾ ਸੰਤ ਨਿਹਾਲ ਸਿੰਘ ਨੇ ਕਾਇਮ ਕੀਤਾ। ਆਪ ਤੋਂ ਬਾਅਦ ਕ੍ਰਮਵਾਰ ਸੰਤ ਹੀਰਾ ਸਿੰਘ, ਸੰਤ ਲਾਲ ਸਿੰਘ, ਸੰਤ ਆਤਮਾ ਸਿੰਘ, ਸੰਤ ਧਰਮ ਸਿੰਘ ਬੁੰਗੇ ਦੇ ਉਤਰਾਧਿਕਾਰੀ ਨਿਯਤ ਹੋਏ।

**(ਸ) ਨੀਵਾਂ ਬੁੰਗਾ:** ਇਹ ਬੁੰਗਾ ਸੰਤ ਰਾਮ ਸਿੰਘ ਨੇ ਕਾਇਮ ਕੀਤਾ। ਆਪ ਤੋਂ ਮਗਰੋਂ ਸੰਤ ਜੈ ਸਿੰਘ, ਮਹੰਤ ਹਰੀ ਸਿੰਘ, ਮਹੰਤ ਰਣਜੋਧ ਸਿੰਘ ਮਹੰਤ ਬਣੇ।

---

431 ਉਹੀ, ਪੰਨੇ 917-938.

**(ਹ) ਬੁੰਗਾ ਮਦਰਸਾ:** ਇਹ ਬੁੰਗਾ ਸੰਤ ਗੁਲਾਬ ਸਿੰਘ ਨੇ ਕਾਇਮ ਕੀਤਾ। ਆਪ ਤੋਂ ਮਗਰੋਂ ਕ੍ਰਮਵਾਰ ਮਹੰਤ ਸ਼ੇਰ ਸਿੰਘ, ਸੰਤ ਪ੍ਰੇਮ ਸਿੰਘ, ਸੰਤ ਭਗਤ ਸਿੰਘ, ਸੰਤ ਨਾਰਾਇਣ ਸਿੰਘ ਮਹੰਤ ਬਣੇ।

**(ਕ) ਬੁੰਗਾ ਕਟੂਵਾਲਾ:** ਇਹ ਬੁੰਗਾ ਸੰਤ ਮਾਨ ਸਿੰਘ ਨੇ ਕਾਇਮ ਕੀਤਾ। ਸੰਤ ਕਿਸ਼ਨ ਸਿੰਘ, ਸੰਤ ਚੰਦਾ ਸਿੰਘ, ਸੰਤ ਬਿਸ਼ਨ ਸਿੰਘ ਕ੍ਰਮਵਾਰ ਮਹੰਤ ਬਣੇ। ਹੁਣ ਇਹ ਬੁੰਗਾ ਖਤਮ ਹੋ ਚੁੱਕਾ ਹੈ।

**(ਖ) ਮਲਵਈ ਬੁੰਗਾ:** ਇਹ ਬੁੰਗਾ ਸੰਤ ਸੁਖਾ ਸਿੰਘ ਨੇ ਸਥਾਪਿਤ ਕੀਤਾ। ਆਪ ਮਹੰਤ ਰਣ ਸਿੰਘ ਦੇ ਚੇਲੇ ਸਨ। ਆਪ ਤੋਂ ਬਾਅਦ ਸੰਤ ਨੰਦ ਸਿੰਘ, ਸੰਤ ਹਜਾਰਾ ਸਿੰਘ, ਸੰਤ ਬੀਰ ਸਿੰਘ, ਸੰਤ ਜੰਗ ਸਿੰਘ ਕ੍ਰਮਵਾਰ ਮਹੰਤ ਬਣੇ। ਇਹ ਬੁੰਗਾ ਖਤਮ ਹੋ ਚੁੱਕਾ ਹੈ।

**(ਗ) ਬੁੰਗਾ ਮਹੰਤ ਚੇਤ ਸਿੰਘ ਵਾਲਾ:** ਇਸ ਬੁੰਗੇ ਦੀ ਸਥਾਪਨਾ ਸੰਤ ਕਾਨ੍ਹ ਸਿੰਘ ਨੇ ਕੀਤੀ। ਆਪ ਮਹੰਤ ਜੀਤ ਸਿੰਘ ਦੇ ਸ਼ਿਸ਼ ਸਨ। ਆਪ ਤੋਂ ਮਗਰੋਂ ਕ੍ਰਮਵਾਰ ਸੰਤ ਚੇਤ ਸਿੰਘ, ਮਹੰਤ ਝੰਡਾ ਸਿੰਘ ਮਹੰਤ ਬਣੇ। ਹੁਣ ਇਹ ਬੁੰਗਾ ਖਤਮ ਹੋ ਚੁੱਕਾ ਹੈ।

ਉਪਰੋਕਤ ਬੁੰਗਿਆਂ ਤੋਂ ਇਲਾਵਾ ਡੇਰਾ ਗਿਲ, ਡੇਰਾ ਅਤਲਾ, ਡੇਰਾ ਸੰਤ ਜੋਧ ਸਿੰਘ, ਡੇਰਾ ਚਕ ਬੋਹੜ ਵਾਲਾ, ਗੁਰਦੁਆਰਾ ਪਿੰਡ ਦਰਾਜ, ਗੁਰਦੁਆਰਾ ਰਾਮੇ ਆਣਾ, ਡੇਰਾ ਘੁੰਮਨ, ਡੇਰਾ ਰਾਈਆਣਾ, ਡੇਰਾ ਭਲਾਈਆਣਾ, ਗੁਰਦੁਆਰਾ ਲਿਖਣਸਰ, ਡੇਰਾ ਪਿੰਡ ਝੰਡੂਕੇ, ਡੇਰਾ ਗੋਬਿੰਦਪੁਰਾ, ਡੇਰਾ ਭੂਰੇ ਨਾਭਾ, ਗੁਰਦੁਆਰਾ ਜੰਡਸਰ ਤਲਵੰਡੀ ਸਾਬੋ ਆਦਿ ਬਾਰੇ ਗਿਆਨੀ ਜੀ ਨੇ ਅੰਕਤ ਕੀਤਾ ਹੈ।

**29. ਸੰਪ੍ਰਦਾਇ ਕਟਈ**[432]: ਇਸ ਸੰਪ੍ਰਦਾਇ ਦੇ ਮੋਢੀ ਬਾਬਾ ਮੋਹਰ ਸਿੰਘ ਸਨ। ਆਪ ਹਰ ਸਮੇਂ ਕਮਰਕੱਸਾ ਲਗਾ ਕੇ ਰਖਦੇ ਸਨ ਜਿਸ ਕਾਰਨ ਸੰਪ੍ਰਦਾਇ ਦਾ ਨਾਂ ਕਟਈ ਪ੍ਰਸਿਧ ਹੋ ਗਿਆ। ਇਹ ਸੰਪ੍ਰਦਾਇ ਭਾਈ ਧਰਮ ਸਿੰਘ ਪਿਆਰੇ ਨਾਲ ਜਾ ਮਿਲਦੀ ਹੈ। ਇਸ ਸੰਪ੍ਰਦਾਇ ਦੇ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਡੇਰਾ ਬਿਬੇਕਸਰ, ਅੰਮ੍ਰਿਤਸਰ:** ਇਹ ਡੇਰਾ ਸੰਪ੍ਰਦਾਇ ਦੇ ਮੋਢੀ ਬਾਬਾ ਮੋਹਰ ਸਿੰਘ ਨੇ ਕਾਇਮ ਕੀਤਾ। ਆਪ ਤੋਂ ਮਗਰੋਂ ਕ੍ਰਮਵਾਰ ਮਹੰਤ ਸੁੰਦਰ ਸਿੰਘ, ਮਹੰਤ ਈਸ਼ਰ ਸਿੰਘ, ਸੰਤ ਸੁਰੈਣ ਸਿੰਘ, ਪੰਡਿਤ ਹਰਨਾਮ ਸਿੰਘ, ਮਹੰਤ ਅਜੀਤ ਸਿੰਘ ਡੇਰੇ ਦੇ ਮਹੰਤ ਬਣੇ। ਇਥੇ ਗਿਆਨੀ ਜੀ ਨੇ ਮਹੰਤ ਅਜੀਤ ਸਿੰਘ ਬਾਰੇ ਅੰਕਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਅ) ਡੇਰਾ ਅੰਤਰਜਾਮੀ, ਅੰਮ੍ਰਿਤਸਰ:** ਇਹ ਡੇਰਾ ਸੰਤ ਬਸੰਤ ਸਿੰਘ ਨੇ ਕਾਇਮ ਕੀਤਾ। ਆਪ ਤੋਂ ਮਗਰੋਂ ਕ੍ਰਮਵਾਰ ਸੰਤ ਦਸੌਂਦਾ ਸਿੰਘ, ਪੰਡਿਤ ਹਜ਼ੂਰਾ ਸਿੰਘ, ਸੰਤ ਬਿਸ਼ਨ ਸਿੰਘ, ਸੰਤ ਸਾਧੂ ਸਿੰਘ, ਮਹੰਤ ਠਾਕੁਰ ਸਿੰਘ, ਮਹੰਤ ਗਨੇਸ਼ਾ ਸਿੰਘ, ਪੰਡਿਤ ਕਰਤਾਰ ਸਿੰਘ, ਮਹੰਤ ਮਿਤ੍ਰਪ੍ਰਕਾਸ਼, ਮਹੰਤ ਤੇਜਾ ਸਿੰਘ, ਸੰਤ ਜਸਵੀਰ ਸਿੰਘ ਮਹੰਤ ਬਣੇ।

---

432 ਉਹੀ, ਪੰਨਾ 939.

**(ੲ) ਡੇਰਾ ਗੁਰੂਸਰ ਖੁੱਡਾ**: ਇਹ ਡੇਰਾ ਸੰਤ ਬੂਟਾ ਸਿੰਘ ਨੇ ਕਾਇਮ ਕੀਤਾ। ਆਪ ਠਾਕੁਰ ਮੋਹਰ ਸਿੰਘ ਦੇ ਚੇਲੇ ਸਨ। ਆਪ ਤੋਂ ਮਗਰੋਂ ਕ੍ਰਮਵਾਰ ਸੰਤ ਹੀਰਾ ਸਿੰਘ, ਮਹੰਤ ਹਮੀਰ ਸਿੰਘ, ਮਹੰਤ ਲਾਲ ਸਿੰਘ, ਮਹੰਤ ਤੇਜਾ ਸਿੰਘ ਮਹੰਤ ਬਣੇ।

ਉਪਰੋਕਤ ਡੇਰਿਆਂ ਤੋਂ ਇਲਾਵਾ ਡੇਰਾ ਤਰਨਤਾਰਨ, ਡੇਰਾ ਮੀਰਥਲ, ਡੇਰਾ ਨਿਰਮਲਿਆਂ ਪਿੰਡ ਡੱਲੀ, ਡੇਰਾ ਹਰਸ਼ੀ, ਡੇਰਾ ਪਿੰਡ ਮਾਨਖਹਰੇ, ਡੇਰਾ ਸ਼ਾਲਾਪੁਰ ਤਲਾਵਾਂ, ਡੇਰਾ ਬਾਬਾ ਝੰਡਾ ਸਾਹਿਬ ਪਿੰਡ ਨਾਹਲਾਂ (ਜਲੰਧਰ), ਡੇਰਾ ਭਗਾਉਤੀਪੁਰ, ਡੇਰਾ ਗੁਫਾਂ, ਡੇਰਾ ਨੈਣਾ ਕੋਟ, ਡੇਰਾ ਮਰਹਾਲਾ, ਡੇਰਾ ਬਘੇ ਕਲ੍ਹਾ, ਡੇਰਾ ਗਊ ਘਾਟ, ਨਿਰਮਲ ਡੇਰਾ ਬੇਰ ਕਲ੍ਹਾਂ, ਡੇਰਾ ਬਾਰਾਂ ਡਰੀ ਮਲੌਦ, ਡੇਰਾ ਸਮਾਧ ਬਾਬਾ ਬਸੰਤ ਸਿੰਘ, ਡੇਰਾ ਸਿਧਵੀ, ਡੇਰਾ ਆਸਾ ਬੁਟਰ, ਡੇਰਾ ਜੰਡਿਆਲਾ, ਡੇਰਾ ਝੰਝੋਟੀਆਂ, ਡੇਰਾ ਪਿੰਡ ਲੂਲੋਂ, ਡੇਰਾ ਅਜੀਤਵਾਲਾ ਆਦਿ ਡੇਰੇ ਇਸ ਸੰਪ੍ਰਦਾਇ ਨਾਲ ਸਬੰਧਿਤ ਹਨ।

**30. ਸੰਪ੍ਰਦਾਇ ਠਾਕੁਰ ਗੁਰਮੁਖ ਸਿੰਘ**[433]: ਇਸ ਸੰਪ੍ਰਦਾਇ ਦੇ ਮੋਢੀ ਠਾਕੁਰ ਗੁਰਮੁਖ ਸਿੰਘ ਹੋਏ ਹਨ। ਆਪ ਨਾਮ ਅਭਿਆਸ ਵਾਲੇ ਮਹਾਂਪੁਰਖ ਸਨ। ਇਸ ਸੰਪ੍ਰਦਾਇ ਨਾਲ ਸੰਬੰਧਿਤ ਡੇਰ ਹੇਠ ਲਿਖੇ ਅਨੁਸਾਰ ਹਨ:

**(ੳ) ਡੇਰਾ ਕੋਲਸਰ, ਅੰਮ੍ਰਿਤਸਰ**: ਇਸ ਡੇਰੇ ਦੇ ਮੁਖੀ ਠਾਕੁਰ ਗੁਰਮੁਖ ਸਿੰਘ ਹੋਏ ਹਨ। ਆਪ ਤੋਂ ਮਗਰੋਂ ਕ੍ਰਮਵਾਰ ਮਹੰਤ ਰਣਜੀਤ ਸਿੰਘ, ਸੰਤ ਬਿਸ਼ਨ ਸਿੰਘ, ਮਹੰਤ ਕਿਸ਼ਨ ਸਿੰਘ, ਸੰਤ ਜਵਾਹਿਰ ਸਿੰਘ, ਸੰਤ ਸੁਚਾ ਸਿੰਘ ਬਣੇ।

**(ਅ) ਡੇਰਾ ਲਾਹੌਰ**: ਇਹ ਡੇਰਾ ਠਾਕੁਰ ਇਛਰਾ ਸਿੰਘ ਨੇ ਸਥਾਪਿਤ ਕੀਤਾ। ਆਪ ਠਾਕੁਰ ਗੁਰਮੁਖ ਸਿੰਘ ਦੇ ਸ਼ਿਸ਼ ਸਨ। ਆਪ ਤੋਂ ਮਗਰੋਂ ਕ੍ਰਮਵਾਰ ਡੇਰੇ ਦੇ ਮਹੰਤ ਸੰਤ ਸੰਤ ਸਿੰਘ, ਸੰਤ ਨਾਰਾਇਣ ਸਿੰਘ, ਸੰਤ ਬੇਲਾ ਸਿੰਘ, ਮਹੰਤ ਜਵਾਹਿਰ ਸਿੰਘ, ਮਹੰਤ ਸੁੱਚਾ ਸਿੰਘ ਬਣੇ।

ਕੁਟੀਆ ਵੈਰੋਵਾਲ, ਡੇਰਾ ਸੰਤ ਗਿਆਨ ਸਿੰਘ ਵਾਲਾ, ਡੇਰਾ ਖਾਲੜਾ, ਡੇਰਾ ਅਲਾਦੀਨਪੁਰ, ਡੇਰਾ ਕਬੂਲਾ, ਡੇਰਾ ਕੈਲੇ, ਡੇਰਾ ਬਸੀਪੁਰ, ਡੇਰਾ ਬੂਹਣ ਪਟੀ, ਡੇਰਾ ਸੈਦੋ ਆਦਿ ਇਸ ਸੰਪ੍ਰਦਾਇ ਨਾਲ ਸੰਬੰਧਿਤ ਡੇਰੇ ਹਨ।

**31. ਸੰਪ੍ਰਦਾਇ ਪੰਡੋਰੀ ਨਿਝਰਾਂ**[434]: ਸੰਪ੍ਰਦਾਇ ਪੰਡੋਰੀ ਨਿਝਰਾਂ ਅਤੇ ਸੰਪ੍ਰਦਾਇ ਠਾਕੁਰ ਗੁਰਮੁਖ ਸਿੰਘ ਦਾ ਆਰੰਭ ਇਕੋ ਹੈ। ਦੋਨਾਂ ਸੰਪ੍ਰਦਾਵਾਂ ਦੇ ਆਦਿ ਪੁਰਖ ਇਕੋ ਹਨ। ਸੰਪ੍ਰਦਾਇ ਦੇ ਮੋਢੀ ਸੰਤ ਮੱਲ ਸਿੰਘ ਸਨ। ਆਪ ਸੰਤ ਮਸਤਾਨ ਸਿੰਘ ਦੇ ਚੇਲੇ ਸਨ। ਇਸ ਸੰਪ੍ਰਦਾਇ ਵਿਚ ਸੰਤ ਚਰਨ ਸਿੰਘ, ਪੰਡਿਤ ਈਸ਼ਰ ਸਿੰਘ ਕਲਯੁਗ, ਸੰਤ ਹਰਨਾਮ ਸਿੰਘ ਭੁੱਚੋ ਵਾਲੇ, ਪੰਡਿਤ ਰਾਮ ਸਿੰਘ ਮਲੇ ਵਾਲੇ, ਸੰਤ ਨੰਦ ਸਿੰਘ ਨਾਨਕਸਰ ਕਲੇਰਾਂ ਵਾਲੇ, ਸੰਤ ਈਸ਼ਰ ਸਿੰਘ ਨਾਨਕਸਰ ਕਲੇਰਾਂ, ਪੰਡਿਤ ਕਲਿਆਣ ਸਿੰਘ, ਸੰਤ ਭਗਵੰਤ ਭਜਨ ਸਿੰਘ ਵਰਗੇ ਅਨੇਕ ਮਹਾਂਪੁਰਖ ਹੋਏ ਹਨ। ਇਸ ਸੰਪ੍ਰਦਾਇ ਦੇ ਪ੍ਰਸਿਧ ਡੇਰੇ ਹੇਠ ਲਿਖੇ ਅਨੁਸਾਰ ਹਨ:

---

433 ਉਹੀ, ਪੰਨਾ 986-1015.

434 ਉਹੀ, ਪੰਨੇ 1016-1046.

**(ੳ) ਡੇਰਾ ਪੰਡੋਰੀ ਨਿਝਰਾਂ, ਜਲੰਧਰ:** ਇਸ ਡੇਰੇ ਦੇ ਮੋਢੀ ਸੰਤ ਮੱਲ ਸਿੰਘ ਹੋਏ ਹਨ। ਆਪ ਸੰਤ ਮਸਤਾਨ ਸਿੰਘ ਦੇ ਚੇਲੇ ਸਨ। ਆਪ ਤੋਂ ਬਾਅਦ ਕ੍ਰਮਵਾਰ ਮਹੰਤ ਗੁਰਦਿੱਤ ਸਿੰਘ, ਸੰਤ ਰਾਮ ਸਿੰਘ, ਸੰਤ ਸੁਰਜਨ ਸਿੰਘ, ਸੰਤ ਅਮੋਲਕ ਸਿੰਘ, ਡੇਰੇ ਦੇ ਉਤਰਾਧਿਕਾਰੀ ਬਣੇ। ਇਥੇ ਗਿਆਨੀ ਜੀ ਨੇ ਸੰਤ ਅਮੋਲਕ ਸਿੰਘ ਬਾਰੇ ਅੰਕਿਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਅ) ਡੇਰਾ ਪ੍ਰੇਮਸਰ ਬਾੜੀਆਂ ਕਲਾਂ:** ਇਹ ਡੇਰਾ ਪੰਡਿਤ ਸਾਧੂ ਸਿੰਘ ਨੇ ਕਾਇਮ ਕੀਤਾ। ਆਪ ਦੇ ਸ਼ਿਸ਼ ਸੰਤ ਪ੍ਰੇਮ ਸਿੰਘ, ਸੰਤ ਮਿਹਰ ਸਿੰਘ, ਪੰਡਿਤ ਈਸ਼ਰ ਸਿੰਘ ਕਲਯੁਗ ਆਦਿ ਸਨ। ਆਪ ਤੋਂ ਬਾਅਦ ਕ੍ਰਮਵਾਰ ਸੰਤ ਪ੍ਰੇਮ ਸਿੰਘ, ਸੰਤ ਦਲੀਪ ਸਿੰਘ, ਸੰਤ ਪਿਆਰਾ ਸਿੰਘ, ਸੰਤ ਬਿਕਰ ਸਿੰਘ, ਮਹੰਤ ਅਮਰ ਸਿੰਘ, ਸੰਤ ਪ੍ਰੀਤਮ ਸਿੰਘ ਡੇਰੇ ਦੇ ਮਹੰਤ ਬਣੇ। ਗਿਆਨੀ ਜੀ ਨੇ ਸੰਤ ਪਿਆਰਾ ਸਿੰਘ ਤੋਂ ਬਾਅਦ ਬਣੇ ਮਹੰਤਾਂ ਬਾਰੇ ਅੰਕਤ ਕਰ ਕੇ ਨਵੀ ਜਾਣਕਾਰੀ ਦਰਜ ਕੀਤੀ ਹੈ।

**(ੲ) ਨਿਰਮਲ ਤਖਤ ਰਾਮਦਾਸ, ਅੰਮ੍ਰਿਤਸਰ:** ਇਹ ਡੇਰਾ ਸੰਤ ਜਸਵੰਤ ਸਿੰਘ ਨੇ ਕਾਇਮ ਕੀਤਾ। ਆਪ ਤੋਂ ਮਗਰੋਂ ਸੰਤ ਭਗਵੰਤ ਭਜਨ ਸਿੰਘ ਡੇਰੇ ਦੇ ਉਤਰਾਧਿਕਾਰੀ ਬਣੇ। ਇਥੇ ਸੰਤ ਭਗਵਾਨ ਸਿੰਘ ਬਾਰੇ ਦਰਜ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਸ) ਡੇਰਾ ਪਿੰਡ ਗੋਲੇਵਾਲਾ, ਬਠਿੰਡਾ:** ਇਹ ਡੇਰਾ ਸੰਤ ਸਰੂਪ ਸਿੰਘ ਨੇ ਕਾਇਮ ਕੀਤਾ। ਆਪ ਸੰਤ ਮੱਲ ਸਿੰਘ ਦੇ ਸ਼ਿਸ਼ ਸੰਤ ਰਾਮ ਸਿੰਘ ਦੇ ਚੇਲੇ ਸਨ। ਆਪ ਤੋਂ ਮਗਰੋਂ ਸੰਤ ਗੁਰਦਿੱਤ ਸਿੰਘ, ਸੰਤ ਕੇਸਰ ਸਿੰਘ, ਮਹੰਤ ਸ਼ੇਰ ਸਿੰਘ, ਮਹੰਤ ਕਸ਼ਮੀਰ ਸਿੰਘ ਡੇਰੇ ਦੇ ਮੁਖੀ ਬਣੇ। ਇਥੇ ਮਹੰਤ ਕਸ਼ਮੀਰ ਸਿੰਘ ਬਾਰੇ ਅੰਕਤ ਕਰ ਕੇ ਨਵਾਂ ਵਾਧਾ ਕੀਤਾ ਹੈ।

**(ਹ) ਡੇਰਾ ਮੋਨੀ ਚੌਂਕ ਅੰਮ੍ਰਿਤਸਰ:** ਇਹ ਡੇਰਾ ਸੰਤ ਪ੍ਰਦੁਮਨ ਸਿੰਘ ਨੇ ਸਥਾਪਿਤ ਕੀਤਾ। ਆਪ ਤੋਂ ਮਗਰੋਂ ਸੰਤ ਈਸ਼ਰ ਸਿੰਘ, ਮਹੰਤ ਤ੍ਰਿਲੋਕ ਸਿੰਘ, ਸੰਤ ਅਮਰੀਕ ਸਿੰਘ ਡੇਰੇ ਦੇ ਮਹੰਤ ਬਣੇ।

ਉਪਰੋਕਤ ਡੇਰਿਆਂ ਤੋਂ ਇਲਾਵਾ ਡੇਰਾ ਪਿੰਡ ਠਵਾਨਾ, ਡੇਰਾ ਹਰੀਪੁਰ, ਡੇਰਾ ਜੌਹਲਾਂ, ਡੇਰਾ ਬੋਹੜ ਵਾਲਾ, ਡੇਰਾ ਕਾਲਾ ਬਕਰਾ, ਡੇਰਾ ਭਾਰੋਵਾਲ, ਡੇਰਾ ਬੂਥਗੜ੍ਹ, ਡੇਰਾ ਡਰੋਲੀ ਖੁਰਦ, ਡੇਰਾ ਨਰਯਾਲਾ, ਡੇਰਾ ਖੜਿਆਨਾ, ਡੇਰਾ ਧਾਲੀਵਾਲ, ਡੇਰਾ ਸੂਸਾਂ, ਕੁਟੀਆ ਦੁਮੁੰਢਾ, ਡੇਰਾ ਸੀਂਗੜੀ, ਡੇਰਾ ਗੜ੍ਹੁੰਦੀ, ਡੇਰਾ ਪਠਲਾਵਾ, ਡੇਰਾ ਸੰਤ ਨਾਰਾਇਣ ਸਿੰਘ ਵਾਲਾ, ਡੇਰਾ ਸੰਤਗੜ੍ਹ ਬਲਾਚੌਰ, ਡੇਰਾ ਨਿਰਮਲ ਸੰਤਪੁਰਾ ਪਿੰਡ ਬੋਹਨ, ਨਿਰਮਲ ਕੁਟੀਆ ਆਸਮਪੁਰ, ਕੁਟੀਆ ਸ੍ਰੀ ਗੰਗ ਭਵਨ, ਡੇਰਾ ਪਿੰਡ ਨੱਥੋ ਕੇ, ਡੇਰਾ ਨਿਰਮਲ ਦਰਬਾਰ, ਡੇਰਾ ਪਿੰਡ ਲਖਣ ਕੇ ਪੱਡੇ, ਡੇਰਾ ਰਾਮ ਟਿੱਲਾ ਮਲੂਕਾ, ਡੇਰਾ ਖਰੜ, ਡੇਰਾ ਪਿੰਡ ਭੂਤ, ਡੇਰਾ ਰਾਜੋਵਾਲ, ਡੇਰਾ ਡਰੋਲੀ ਨਵੀਂ, ਡੇਰਾ ਸ਼ਕਰੁਲਾਪੁਰ, ਡੇਰਾ ਪਿੰਡ ਨਾਰੰਗਪੁਰ, ਡੇਰਾ ਮਨੀਮਾਜਰਾ, ਡੇਰਾ ਦਿਆਲਪੁਰ (ਨਾਭਾ), ਡੇਰਾ ਕਮਾਲਪੁਰ, ਡੇਰਾ ਰਈਆਂ, ਡੇਰਾ ਚਉਲ ਮੰਡੀ, ਡੇਰਾ ਅਪਰਾ, ਡੇਰਾ ਬਜ਼ਾਜ ਆਦਿ ਡੇਰੇ ਇਸ ਸੰਪ੍ਰਦਾਇ ਨਾਲ ਸੰਬੰਧਿਤ ਹਨ।

**32. ਸੰਪ੍ਰਦਾਇ ਠਾਕੁਰ ਬਹਾਲ ਸਿੰਘ**[435]: ਇਸ ਸੰਪ੍ਰਦਾਇ ਦੇ ਮੋਢੀ ਠਾਕੁਰ ਬਹਾਲ ਸਿੰਘ ਸਨ। ਆਪ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਸਨ। ਇਸ ਸੰਪ੍ਰਦਾਇ ਦੇ ਪ੍ਰਸਿਧ ਡੇਰੇ ਇਸ ਤਰ੍ਹਾਂ ਹਨ:

**(ੳ) ਡੇਰਾ ਘੀ ਮੰਡੀ ਅੰਮ੍ਰਿਤਸਰ**: ਇਹ ਡੇਰਾ ਠਾਕੁਰ ਬਹਾਲ ਸਿੰਘ ਨੇ ਕਾਇਮ ਕੀਤਾ। ਆਪ ਤੋਂ ਮਗਰੋਂ ਕ੍ਰਮਵਾਰ ਮਹੰਤ ਦਲ ਸਿੰਘ, ਸੰਤ ਪ੍ਰਤਾਪ ਸਿੰਘ, ਸੰਤ ਖਜ਼ਾਨ ਸਿੰਘ, ਸੰਤ ਨਾਰਾਇਣ ਸਿੰਘ, ਸੰਤ ਹਰਨਾਮ ਸਿੰਘ, ਸੰਤ ਅਲਵੇਲ ਸਿੰਘ, ਮਹੰਤ ਬਾਜ ਸਿੰਘ, ਸੰਤ ਕਾਲਾ ਸਿੰਘ, ਸੰਤ ਬਾਬਾ ਵੀਰ ਸਿੰਘ, ਮਹੰਤ ਮਹਿਲ ਸਿੰਘ, ਮਹੰਤ ਇਕਬਾਲ ਸਿੰਘ ਡੇਰੇ ਦੇ ਮਹੰਤ ਬਣੇ।

**(ਅ) ਡੇਰਾ ਵਰਪਾਲ, ਅੰਮ੍ਰਿਤਸਰ**: ਇਹ ਡੇਰਾ ਸੰਤ ਸੇਵਾ ਸਿੰਘ ਨੇ ਕਾਇਮ ਕੀਤਾ। ਆਪ ਤੋਂ ਬਾਅਦ ਕ੍ਰਮਵਾਰ ਮਹੰਤ ਲਾਲ ਸਿੰਘ, ਮਹੰਤ ਕਿਸ਼ਨ ਸਿੰਘ ਉਤਰਾਧਿਕਾਰੀ ਬਣੇ।

ਉਪਰੋਕਤ ਡੇਰਿਆਂ ਤੋਂ ਇਲਾਵਾ ਡੇਰਾ ਪਿੰਡ ਕੈਰੋਂ, ਡੇਰਾ ਫਰੀਦ, ਡੇਰਾ ਸੁਹਾਵਾ, ਡੇਰਾ ਕੁਹਾਲਾ, ਡੇਰਾ ਠੇਹਰੀ, ਡੇਰਾ ਰੋੜਾਂ ਵਾਲਾ, ਡੇਰਾ ਬੁਡਾਲਾ, ਡੇਰਾ ਗਗੜ ਭਾਣਾ, ਕੁਟੀਆ ਮਲਸੀਹਾਂ, ਡੇਰਾ ਬਾਬਾ ਦਿਆਲ ਜੀ ਵਰਪਾਲ, ਡੇਰਾ ਨਾਲਾਂ, ਕੁਟੀਆ ਰੱਲਾ ਜੋਗਾ, ਡੇਰਾ ਬਲ, ਕੁਟੀਆ ਗਿੱਲਾਂ, ਡੇਰਾ ਭਾਣੇ ਲੰਗੇ, ਡੇਰਾ ਸੂਰਜ ਮੱਲ ਕੁਟੀਆ, ਪਿੰਡ ਕੁਹਾੜੀ ਕੁਟੀਆ, ਕੁਟੀਆ ਸੀਧਜੀ ਆਦਿ ਇਸ ਸੰਪ੍ਰਦਾਇ ਨਾਲ ਸੰਬੰਧਿਤ ਡੇਰੇ ਹਨ।

**33. ਸੰਪ੍ਰਦਾਇ ਬਾਬਾ ਕੂਮਾ ਸਿੰਘ**[436]: ਇਸ ਸੰਪ੍ਰਦਾਇ ਦੇ ਮੁਖੀ ਭਾਈ ਬਲਾਕਾ ਸਿੰਘ ਹੋਏ ਹਨ। ਆਪ 30-40 ਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਕਰਦੇ ਰਹੇ। ਜਦੋਂ ਗੁਰੂ ਸਾਹਿਬ ਨਾਂਦੇੜ ਚਲੇ ਗਏ ਤਾਂ ਪਿਛੋਂ ਆਪ ਨੇ ਲਾਹੌਰ ਆ ਕੇ ਆਪਣੇ ਪਰਿਵਾਰ ਵਿਚ ਰਹਿਣਾ ਸ਼ੁਰੂ ਕਰ ਦਿਤਾ। ਆਪ ਦਾ ਵਿਆਹ ਵੀ ਹੋ ਗਿਆ। ਆਪ ਦੀ ਸੰਪ੍ਰਦਾਇ ਨਾਦੀ ਅਤੇ ਬਿੰਦੀ ਪ੍ਰਚਲਤ ਹੋਈ। ਆਪ ਦੇ ਸੇਵਕ ਬਾਬਾ ਸੇਵਕ ਸਿੰਘ ਅਤੇ ਉਨ੍ਹਾਂ ਦੇ ਸੇਵਕ ਬਾਬਾ ਕੂਮਾ ਸਿੰਘ ਜੀ ਹੋਏ ਜਿਨ੍ਹਾਂ ਤੋਂ ਇਹ ਸੰਪ੍ਰਦਾਇ ਪ੍ਰਸਿਧ ਹੋਈ। ਇਸ ਸੰਪ੍ਰਦਾਇ ਦੇ ਪ੍ਰਸਿਧ ਡੇਰੇ ਹੇਠ ਲਿਖੇ ਅਨੁਸਾਰ ਹਨ:

**(ੳ) ਡੇਰਾ ਸਤਲਾਣੀ, ਕੌਲਸਰ ਸਾਹਿਬ ਅੰਮ੍ਰਿਤਸਰ**: ਇਸ ਡੇਰੇ ਦੇ ਮੋਢੀ ਬਾਬਾ ਕਿਰਪਾ ਸਿੰਘ ਹੋਏ ਹਨ। ਇਸ ਡੇਰੇ ਦੇ ਮਹੰਤ ਸੁਰਿੰਦਰ ਸਿੰਘ ਬਣੇ।

**(ਅ) ਡੇਰਾ ਵਧਾਈ ਦੀਆਂ ਚੀਮਾ**: ਇਹ ਡੇਰਾ ਸੰਤ ਮੰਗਲ ਸਿੰਘ ਨੇ ਕਾਇਮ ਕੀਤਾ। ਆਪ ਤੋਂ ਮਗਰੋਂ ਕ੍ਰਮਵਾਰ ਸੰਤ ਕਾਨ੍ਹ ਸਿੰਘ, ਸੰਤ ਸੋਭਾ ਸਿੰਘ, ਸੰਤ ਸੁਦਾਗਰ ਸਿੰਘ ਡੇਰੇ ਦੇ ਮਹੰਤ ਬਣੇ।

**(ੲ) ਡੇਰਾ ਪਿੰਡ ਧੁਲੇਤਾ**: ਇਹ ਡੇਰਾ ਸੰਤ ਸੇਵਾ ਸਿੰਘ ਨੇ ਸਥਾਪਿਤ ਕੀਤਾ। ਆਪ ਤੋਂ ਬਾਅਦ ਕ੍ਰਮਵਾਰ ਸੰਤ ਮੋਹਰ ਸਿੰਘ, ਸੰਤ ਅਰੂੜ ਸਿੰਘ, ਸੰਤ ਮੰਗਲ ਸਿੰਘ, ਸੰਤ ਗੁਰਬਚਨ ਸਿੰਘ, ਸੰਤ ਮਦਨਜੀਤ ਸਿੰਘ ਡੇਰੇ ਦੇ ਮੁਖੀ ਬਣੇ। ਇਥੇ ਮਹੰਤ ਮਦਨਜੀਤ ਸਿੰਘ ਬਾਰੇ ਅੰਕਤ ਕਰ ਕੇ ਨਵਾਂ ਵਾਧਾ ਕੀਤਾ ਹੈ।

---

435 ਉਹੀ, ਪੰਨੇ 1047-1054.

436 ਉਹੀ, ਪੰਨੇ 1055-1061.

ਉਪਰੋਕਤ ਡੇਰਿਆਂ ਤੋਂ ਇਲਾਵਾ ਡੇਰਾ ਸਮਰਾੜੀ, ਡੇਰਾ ਫਿਲੌਰ, ਡੇਰਾ ਨਥੂਵਾਲਾ ਆਦਿ ਡੇਰੇ ਵੀ ਇਸ ਸੰਪ੍ਰਦਾਇ ਨਾਲ ਸੰਬੰਧਿਤ ਹਨ।

**34. ਸੰਪ੍ਰਦਾਇ ਬਿਹਾਰ ਬ੍ਰਿੰਦਾਵਨ**[437]: ਇਸ ਸੰਪ੍ਰਦਾਇ ਦੇ ਮੋਢੀ ਸੰਤ ਬਿਹਾਰ ਬ੍ਰਿੰਦਾਵਨ ਸਿੰਘ ਹੋਏ ਹਨ। ਇਸ ਸੰਪ੍ਰਦਾਇ ਨੇ ਉਤਰ ਪ੍ਰਦੇਸ਼ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ। ਇਸ ਸੰਪ੍ਰਦਾਇ ਨੇ ਆਪਣਾ ਵਖਰਾ ਅਖਾੜਾ 'ਬਿਹਾਰ ਬ੍ਰਿੰਦਾਵਨ ਨਾਨਕਸ਼ਾਹੀ ਅਖਾੜਾ' ਕਾਇਮ ਕੀਤਾ ਜਿਸ ਨੂੰ 'ਛੋਟਾ ਨਿਰਮਲਾ ਅਖਾੜਾ' ਵੀ ਕਿਹਾ ਜਾਂਦਾ ਹੈ। ਸੰਤ ਬਿਹਾਰ ਬ੍ਰਿੰਦਾਵਨ ਸਿੰਘ ਜੀ ਤੋਂ ਮਗਰੋਂ ਸੰਤ ਅਤਰ ਸਿੰਘ, ਸੰਤ ਗੁਰਸ਼ਰਨ ਦਾਸ ਜੀ, ਰਾਮ ਸਿੰਘ ਡੇਰੇ ਦੇ ਮਹੰਤ ਬਣੇ।

**35. ਸੰਪ੍ਰਦਾਇ ਅਡਨਸ਼ਾਹੀ ਨਿਰਮਲੇ**[438]: ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਨਿਰਮਲੇ ਸੰਤਾਂ ਦੀ ਇਕ ਅੱਡਣਸ਼ਾਹੀ ਨਿਰਮਲੇ ਸੰਪ੍ਰਦਾਇ ਵੀ ਮੰਨੀ ਹੈ। ਇਸਦੇ ਮੋਢੀ ਭਾਈ ਘਨਈਆ ਜੀ ਹੋਏ ਹਨ। ਇਸ ਸੰਪ੍ਰਦਾਇ ਡੇਰੇ ਡੇਰਾ ਬੁਲੋ, ਡੇਰਾ ਗੁਰੂ ਨਾਨਕਪੁਰਾ ਆਦਿ ਹਨ।

ਗਿਆਨੀ ਜੀ ਨਿਰਮਲੇ ਵਿਦਵਾਨ ਸਨ ਅਤੇ ਉਨ੍ਹਾਂ ਨੇ ਨਿਰਮਲ ਸੰਪ੍ਰਦਾਇ ਦਾ ਇਤਿਹਾਸ ਲਿਖ ਕੇ ਸਿੱਖ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ। ਗਿਆਨੀ ਜੀ ਤੋਂ ਪਹਿਲਾਂ ਨਿਰਮਲ ਭੇਖ ਦਾ ਇਤਿਹਾਸ ਗਿਆਨੀ ਗਿਆਨ ਸਿੰਘ, ਮਹੰਤ ਗਣੇਸ਼ਾ ਸਿੰਘ ਅਤੇ ਮਹੰਤ ਦਿਆਲ ਸਿੰਘ ਨੇ ਅੰਕਿਤ ਕੀਤਾ ਪਰ ਇਹ ਸਾਹਿਤ ਬਹੁਤ ਦੁਰਲੱਭ ਹੋ ਗਿਆ ਸੀ ਅਤੇ ਇਤਿਹਾਸ ਵਿਚ ਕਈ ਤਬਦੀਲੀਆਂ ਆ ਚੁੱਕੀਆਂ ਸਨ ਜਿਸ ਕਾਰਨ ਗਿਆਨੀ ਜੀ ਨੇ ਨਿਰਮਲ ਭੇਖ ਦਾ ਇਤਿਹਾਸ ਲਿਖਣ ਦੀ ਲੋੜ ਮਹਿਸੂਸ ਕੀਤੀ। ਉਨ੍ਹਾਂ ਨੇ ਨਿਮਰਲ ਭੇਖ ਬਾਰੇ 'ਸ੍ਰੀ ਨਿਰਮਲ ਪੰਥ ਬੋਧ' ਅਤੇ 'ਨਿਰਮਲ ਪੰਥ ਦੀ ਗੌਰਵ ਗਾਥਾ' ਪੁਸਤਕਾਂ ਲਿਖੀਆਂ। ਇਨ੍ਹਾਂ ਵਿਚੋਂ ਸ੍ਰੀ ਨਿਰਮਲ ਪੰਥ ਬੋਧ ਮਹੱਤਵਪੂਰਨ ਰਚਨਾ ਹੈ। ਨਿਰਮਲ ਪੰਥ ਦੀ ਗੌਰਵ ਗਾਥਾ ਇਸ ਗ੍ਰੰਥ ਦਾ ਸੰਖੇਪ ਰੂਪ ਹੈ। ਗਿਆਨੀ ਜੀ ਨੇ ਨਿਰਮਲ ਭੇਖ ਦਾ ਇਤਿਹਾਸ ਅੰਕਿਤ ਕਰਦੇ ਹੋਏ ਨਿਰਮਲ ਭੇਖ ਦੇ ਆਰੰਭ, ਵਿਕਾਸ, ਸੇਵਾਵਾਂ, ਉਪ-ਸੰਪ੍ਰਦਾਵਾਂ ਅਤੇ ਡੇਰਿਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ। ਗਿਆਨੀ ਜੀ ਨੇ ਇਨ੍ਹਾਂ ਸੰਪ੍ਰਦਾਵਾਂ ਦਾ ਵਰਗੀਕਰਨ ਕਰ ਕੇ ਤਰਤੀਬ ਵਿਚ ਪੇਸ਼ ਕੀਤਾ ਹੈ ਜਿਵੇਂ ਪਹਿਲਾਂ ਭਾਈ ਦਇਆ ਸਿੰਘ ਅਤੇ ਫਿਰ ਭਾਈ ਧਰਮ ਸਿੰਘ ਨਾਲ ਸੰਬੰਧਿਤ ਸੰਪ੍ਰਦਾਵਾਂ ਬਾਰੇ ਦਸਿਆ ਹੈ। ਗਿਆਨੀ ਜੀ ਤੋਂ ਪਹਿਲੀਆਂ ਲਿਖਤਾਂ ਵਿਚ ਅਜਿਹਾ ਵੇਖਣ ਨੂੰ ਨਹੀਂ ਮਿਲਦਾ। ਮਹੰਤ ਗਣੇਸ਼ਾ ਸਿੰਘ ਨੇ ਨਿਰਮਲ ਭੇਖ ਦੀਆਂ ਸੰਪ੍ਰਦਾਵਾਂ ਦੀ ਗਿਣਤੀ 17 ਅਤੇ ਮਹੰਤ ਦਿਆਲ ਸਿੰਘ ਨੇ 33 ਦਸੀ ਹੈ ਜਦੋਂ ਕਿ ਗਿਆਨੀ ਜੀ ਨੇ ਇਨ੍ਹਾਂ ਦੀ ਗਿਣਤੀ 35 ਦਸੀ ਹੈ। ਉਨ੍ਹਾਂ ਨੇ ਦੋ ਨਵੀਆਂ ਸੰਪ੍ਰਦਾਵਾਂ ਸੰਪ੍ਰਦਾਇ ਮਸਤੂਆਣਾ ਅਤੇ ਸੰਪ੍ਰਦਾਇ ਸੰਤ ਕੋਇਰ ਸਿੰਘ ਨੂੰ ਵੱਖਰੇ ਰੂਪ ਵਿਚ ਮੰਨ ਕੇ ਇਤਿਹਾਸ ਅੰਕਿਤ ਕੀਤਾ ਹੈ ਜਦੋਂ ਕਿ ਮਹੰਤ ਦਿਆਲ ਸਿੰਘ ਨੇ ਇਨ੍ਹਾਂ ਸੰਪ੍ਰਦਾਵਾਂ ਨੂੰ ਵੱਖਰੇ ਤੌਰ 'ਤੇ ਪੇਸ਼ ਨਹੀਂ ਕੀਤਾ ਬਲਕਿ ਹੋਰਨਾਂ ਸੰਪ੍ਰਦਾਵਾਂ ਦੇ ਵਿਚ ਹੀ ਇਨ੍ਹਾਂ ਦਾ ਸੰਖੇਪ

437 ਉਹੀ, ਪੰਨਾ 1062.

438 ਉਹੀ, ਪੰਨਾ 1062.

ਇਤਿਹਾਸ ਅੰਕਿਤ ਕੀਤਾ ਹੈ। ਨਿਰਮਲ ਸੰਪ੍ਰਦਾਇ ਅਤੇ ਡੇਰਿਆਂ ਦਾ ਇਤਿਹਾਸ ਲਿਖਦੇ ਸਮੇਂ ਆਪ ਵਿਅਕਤੀਆਂ ਦੇ ਜੀਵਨ ਨੂੰ ਵਧੇਰੇ ਉਜਾਗਰ ਕਰਦੇ ਹਨ ਉਦਾਹਰਣ ਵਜੋਂ ਕਿਸੇ ਵੀ ਡੇਰੇ ਦੇ ਸੰਸਥਾਪਕ ਦਾ ਜੀਵਨ ਉਨ੍ਹਾਂ ਦੇ ਉਤਰਾਧਿਕਾਰੀਆਂ ਦੇ ਜੀਵਨ ਦਿੰਦੇ ਹਨ।

ਗਿਆਨੀ ਜੀ ਨੇ ਆਪਣੇ ਤੋਂ ਪਹਿਲੇ ਵਿਦਵਾਨਾਂ ਦੁਆਰਾ ਕੀਤੇ ਸਰਵੇਖਣ ਨਾਲੋਂ ਕਈ ਨਵੇਂ ਤੱਥ ਪੇਸ਼ ਕੀਤੇ ਹਨ ਜਿਵੇਂ ਡੇਰਿਆਂ ਦੇ ਪ੍ਰਬੰਧ ਵਿਚ ਹੋਇਆ ਫੇਰਬਦਲ, ਨਵੀਆਂ ਬਣੀਆਂ ਸੰਪ੍ਰਦਾਵਾਂ ਅਤੇ ਡੇਰਿਆਂ ਬਾਰੇ ਜਾਣਕਾਰੀ ਅੰਕਤ ਕੀਤੀ ਹੈ। ਗਿਆਨੀ ਜੀ ਨੇ ਕਈ ਡੇਰਿਆਂ ਦੇ ਪ੍ਰਬੰਧ ਵਿਚ ਆਈ ਤਬਦੀਲੀ ਅਤੇ ਨਵੇਂ ਬਣੇ ਮਹੰਤਾਂ ਦੇ ਜੀਵਨ ਅੰਕਿਤ ਕੀਤੇ ਹਨ। ਇਹ ਡੇਰੇ ਡੇਰਾ ਬਾਬਾ ਖੜਗ ਸਿੰਘ ਵਾਲਾ, ਡੇਰਾ ਬੰਗਾ, ਡੇਰਾ ਕਰਮਸਰ, ਡੇਰਾ ਸੰਗਤ ਲਾਹੌਰੀ ਟੋਲਾ, ਡੇਰਾ ਗਲੀ ਬਾਗ ਵਾਲੀ ਅੰਮ੍ਰਿਤਸਰ, ਡੇਰਾ ਸ੍ਰੀ ਮੁਕਤਸਰ ਸਾਹਿਬ, ਡੇਰਾ ਨੈਣੇ ਵਾਲਾ, ਡੇਰਾ ਭੋਲੇ ਨਾਰਾਇਣ ਭਗਤਾ ਭਾਈ, ਡੇਰਾ ਪਿੰਡ ਲੋਹਗੜ੍ਹ, ਡੇਰਾ ਪਿੰਡ ਦੌਧਰ, ਡੇਰਾ ਸ੍ਰੀ ਹਰਿਗੋਬਿੰਦਪੁਰ, ਡੇਰਾ ਫਤਿਆਬਾਦ, ਡੇਰਾ ਪਿੰਡ ਸੇਖਵਾਂ, ਡੇਰਾ ਪਿੰਡ ਹਰੀ ਕੇ ਕਲ੍ਹਾਂ, ਡੇਰਾ ਪੰਜ ਗਰਾਂਈ ਕਲਾਂ, ਡੇਰਾ ਰਿਸ਼ੀ ਆਸ਼ਰਮ ਜਗਰਾਉ, ਡੇਰਾ ਭਾਈ ਬਖਤੌਰ, ਡੇਰਾ ਭਾਈ ਦਿਆਲਾ ਜੀ, ਡੇਰਾ ਪਿੰਡ ਜਲਾਲ, ਚੇਤਨ ਮਠ, ਡੇਰਾ ਬਾਬਾ ਦਰਗਾਹਾ ਸਿੰਘ ਕਨਖਲ, ਹਰਿਦਵਾਰ, ਡੇਰਾ ਟੂਟੋ ਮਾਜਰਾ, ਡੇਰਾ ਸਿੰਘ ਪੁਰਾ, ਗੁਰਦੁਆਰਾ ਅਖੰਡ ਪ੍ਰਕਾਸ਼, ਡੇਰਾ ਬਰਨਾਲਾ, ਵੱਡਾ ਡੇਰਾ ਠਾਕੁਰਾਂ, ਡੇਰਾ ਨਗਾਲੀ ਸਾਹਿਬ, ਡੇਰਾ ਸੰਤ ਜੋਗਾ ਸਿੰਘ ਅੰਮ੍ਰਿਤਸਰ, ਡੇਰਾ ਹੰਸਲੀਵਾਲਾ, ਅੰਮ੍ਰਿਤਸਰ, ਡੇਰਾ ਠੀਕਰੀਵਾਲਾ ਪਟਿਆਲਾ, ਡੇਰਾ ਭਜਨਗੜ੍ਹ, ਡੇਰਾ ਬਿਬੇਕਸਰ ਅੰਮ੍ਰਿਤਸਰ, ਡੇਰਾ ਪ੍ਰੇਮਸਰ ਬਾੜੀਆਂ ਕਲ੍ਹਾਂ, ਨਿਰਮਲ ਤਖ਼ਤ ਰਾਮਦਾਸ ਅੰਮ੍ਰਿਤਸਰ, ਡੇਰਾ ਪਿੰਡ ਗੋਲੇਵਾਲਾ ਬਠਿੰਡਾ ਅਤੇ ਡੇਰਾ ਪਿੰਡ ਧੁਲੇਤਾ ਹਨ। ਗਿਆਨੀ ਜੀ ਨੇ ਕਈ ਖਤਮ ਹੋ ਚੁੱਕੇ ਡੇਰਿਆਂ ਬਾਰੇ ਵੀ ਜਾਣਕਾਰੀ ਦਿੱਤੀ ਹੈ ਜਿਵੇਂ ਡੇਰਾ ਦੁਭੇਰਨ, ਡੇਰਾ ਡਰੋਲੀ, ਡੇਰਾ ਕੋਰੇਵਾਲਾ, ਡੇਰਾ ਸਕਰੋਦੀ, ਡੇਰਾ ਕਬੇਰ ਵਾਲਾ ਆਦਿ ਬਾਰੇ ਵੀ ਦਸਿਆ ਹੈ।

ਗਿਆਨੀ ਜੀ ਦੁਆਰਾ ਰਚਿਤ ਗ੍ਰੰਥ *ਸ੍ਰੀ ਨਿਰਮਲ ਪੰਥ ਬੋਧ* ਨਿਰਮਲ ਸੰਪ੍ਰਦਾਇ ਦਾ ਕੋਸ਼ ਪ੍ਰਤੀਤ ਹੁੰਦਾ ਹੈ ਜਿਸ ਵਿਚ ਆਪਣੇ ਤੋਂ ਪਹਿਲੇ ਇਤਿਹਾਸਕਾਰਾਂ ਨਾਲੋਂ ਕਈ ਨਵੇਂ ਵਾਧੇ ਕੀਤੇ ਹਨ। ਉਨ੍ਹਾਂ ਨੇ ਨਿਰਮਲ ਸੰਪ੍ਰਦਾਇ ਦਾ ਇਤਿਹਾਸ ਲਿਖਣ ਲਈ ਕਈ ਇਤਿਹਾਸਕ ਸ੍ਰੋਤਾਂ ਨੂੰ ਅਧਾਰ ਬਣਾਇਆ ਹੈ। ਇਹ ਕਾਰਜ ਵਧੇਰੇ ਉਪਯੋਗੀ ਨਾ ਹੁੰਦਾ ਜੇਕਰ ਗਿਆਨੀ ਜੀ ਇਸ ਨੂੰ ਕਿਤਾਬੀ ਗਿਆਨ ਤਕ ਸੀਮਿਤ ਰੱਖਦੇ। ਉਨ੍ਹਾਂ ਨੇ ਨਿਰਮਲਿਆਂ ਦੇ ਡੇਰਿਆਂ ਵਿਚ ਜਾ ਕੇ ਜਾਣਾਕਾਰੀ ਇਕੱਤਰ ਕੀਤੀ ਅਤੇ ਇਕ ਤਰਤੀਬ ਵਿਚ ਇਸ ਨੂੰ ਪੇਸ਼ ਕੀਤਾ ਹੈ। ਵਰਤਮਾਨ ਸਮੇਂ ਵਿਚ ਜੇਕਰ ਕਿਸੇ ਨੇ ਨਿਰਮਲ ਸੰਪ੍ਰਦਾਇ ’ਤੇ ਖੋਜ ਕਰਨੀ ਹੋਵੇ ਤਾਂ ਗਿਆਨੀ ਜੀ ਦੀਆਂ ਨਿਰਮਲ ਭੇਖ ਨਾਲ ਸੰਬੰਧਿਤ ਰਚਨਾਵਾਂ ਨੂੰ ਅਧਾਰ ਬਣਾਏ ਬਿਨਾ ਅਸੰਭਵ ਜਾਪਦਾ ਹੈ। ਗਿਆਨੀ ਜੀ ਦੁਆਰਾ ਨਿਰਮਲ ਭੇਖ ’ਤੇ ਕੀਤਾ ਇਹ ਕਾਰਜ ਮਹੱਤਵਪੂਰਨ ਹੈ। ਇਹ ਕਾਰਜ ਭਵਿੱਖ ਵਿਚ ਨਿਰਮਲ ਸੰਪ੍ਰਦਾਇ ’ਤੇ ਖੋਜ ਕਾਰਜ ਕਰਨ ਵਾਲੇ ਵਿਦਿਆਰਥੀਆਂ ਲਈ ਸਹਾਇਕ ਸਿੱਧ ਹੋਵੇਗਾ।

**(ਕ) ਪਿੰਡਾਂ ਬਾਰੇ:** ਇਤਿਹਾਸ ਲਿਖਦੇ ਸਮੇਂ ਗਿਆਨੀ ਜੀ ਨੇ ਕਈ ਪਿੰਡਾਂ ਦਾ ਇਤਿਹਾਸ ਵੀ ਅੰਕਤ ਕੀਤਾ ਹੈ। ਇਨ੍ਹਾਂ ਵਿਚ ਮਹੱਵਪੂਰਨ ਕਾਰਜ ਗਿਆਨੀ ਜੀ ਦੁਆਰਾ ਆਪਣੇ ਪਿੰਡ ਕੋਠਾ ਗੁਰੂ ਦਾ ਇਤਿਹਾਸ ਹੈ ਜੋ *ਕੋਠਾ ਗੁਰੂ ਦੀ ਗੌਰਵ ਗਾਥਾ* ਪੁਸਤਕ ਵਿਚ ਅੰਕਿਤ ਕੀਤਾ ਹੈ। ਇਸ ਤੋਂ ਇਲਾਵਾ ਕਈ ਪਿੰਡਾਂ ਜਿਵੇਂ ਅਮਰਗੜ੍ਹ, ਮਸਤੂਆਣਾ, ਤਲਵੰਡੀ ਸਾਬੋ, ਪੰਜ ਗਰਾਂਈ ਕਲਾਂ, ਚੀਮਾ ਆਦਿ ਬਾਰੇ ਸੰਖੇਪ ਰੂਪ ਵਿਚ ਕਿਸੇ ਵਿਅਕਤੀ ਵਿਸ਼ੇਸ਼ ਦਾ ਦਾ ਜੀਵਨ ਲਿਖਦੇ ਸਮੇਂ ਪਿੰਡਾਂ ਦਾ ਇਤਿਹਾਸ ਲਿਖਿਆ ਹੈ। ਗਿਆਨੀ ਜੀ ਨੇ ਜਿਨ੍ਹਾਂ ਪਿੰਡਾਂ ਦਾ ਇਤਿਹਾਸ ਲਿਖਿਆ ਉਨ੍ਹਾਂ ਬਾਰੇ ਜਾਣਕਾਰੀ ਨਿਮਨਲਿਖਤ ਹੈ:

**(1) ਅਮਰਗੜ੍ਹ:** ਗਿਆਨੀ ਜੀ ਨੇ ਆਪਣੀ ਪੁਸਤਕ *ਵਿਦਿਆਸਰ ਦਾ ਵਿਦਿਆਸਾਗਰ* ਵਿਚ ਪਿੰਡ ਅਮਰਗੜ੍ਹ ਬਾਰੇ ਅੰਕਿਤ ਕੀਤਾ ਹੈ। ਅਮਰਗੜ੍ਹ ਭਾਈ ਸਾਹਿਬ ਭਾਈ ਫੂੰਮਨ ਸਿੰਘ ਦਾ ਪਿੰਡ ਹੈ। ਇਸ ਪੁਸਤਕ ਵਿਚ ਗਿਆਨੀ ਜੀ ਨੇ ਜਿਥੇ ਭਾਈ ਫੂੰਮਨ ਸਿੰਘ ਦਾ ਜੀਵਨ ਲਿਖਿਆ ਹੈ ਉਥੇ ਉਨ੍ਹਾਂ ਦੇ ਪਿੰਡ ਬਾਰੇ ਵੀ ਬਿਆਨ ਕੀਤਾ ਹੈ। ਗਿਆਨੀ ਜੀ ਨੇ ਪਿੰਡ ਦਾ ਇਤਿਹਾਸ ਲਿਖਦਿਆਂ ਪਿੰਡ ਦੇ ਨਾਮਕਰਣ, ਭੂਗੋਲਿਕ ਸਥਿਤੀ ਅਤੇ ਇਤਿਹਾਸਕ ਸਥਾਨਾਂ ਬਾਰੇ ਵੀ ਬਿਆਨ ਕੀਤਾ ਹੈ।

ਗਿਆਨੀ ਜੀ ਅਨੁਸਾਰ ਇਹ ਪਿੰਡ (ਸਾਬਕਾ ਰਿਆਸਤ ਫ਼ਰੀਦਕੋਟ) ਜ਼ਿਲ੍ਹਾ ਬਠਿੰਡਾ ਵਿਚ ਪੈਂਦਾ ਹੈ। ਪਿੰਡ ਅਮਰਗੜ੍ਹ ਦੇ ਨਾਮਕਰਣ ਬਾਰੇ ਗਿਆਨੀ ਜੀ ਦਸਦੇ ਹਨ ਕਿ ਪਿੰਡ ਅਮਰਗੜ੍ਹ ਨੂੰ ਜਨ ਸਾਧਾਰਨ 'ਝਬਰੁਟੀ' ਕਹਿੰਦੇ ਹਨ। ਇਸ ਨਾਮਕਰਣ ਦਾ ਕਾਰਣ ਸੀ ਕਿ ਜਿਸ ਦਿਨ ਪਿੰਡ ਅਮਰਗੜ੍ਹ ਦੀ ਮੋਹੜੀ ਗੱਡੀ ਗਈ ਸੀ, ਉਸੇ ਰਾਤ ਇਥੇ ਡਾਕਾ ਪੈ ਗਿਆ ਸੀ। ਭਾਵੇਂ ਡਾਕੂ ਬੁਰੀ ਮਾਰ ਖਾ ਕੇ ਗਏ ਸਨ, ਫਿਰ ਵੀ ਬਿੰਡੂ ਕਿਆਂ ਦੇ ਮਰਾਸੀ ਤੋਂ ਆਖਿਆ ਗਿਆ ਕਿ ਇਹ ਬਸਤੀ ਪਹਿਲੇ ਦਿਨ ਹੀ 'ਝਬਰੁਟੀ' ਗਈ। ਜਨ ਸਾਧਾਰਨ ਵਿਚ ਇਹੀ ਨਾਮ ਪ੍ਰਸਿਧ ਹੋ ਗਿਆ ਜਦੋਂ ਕਿ ਅਸਲ ਨਾਮ ਅਮਰਗੜ੍ਹ ਹੀ ਹੈ।[439]

ਗਿਆਨੀ ਜੀ ਨੇ ਪਿੰਡ ਅਮਰਗੜ੍ਹ ਦੀ ਭੂਗੋਲਿਕ ਸਥਿਤੀ ਬਾਰੇ ਦਸਿਆ ਹੈ ਕਿ ਜਿਸ ਸਮੇਂ ਵਿਚ ਅਮਰਗੜ੍ਹ ਦੀ ਮੋਹੜੀ ਗੱਡੀ ਸੀ ਉਸ ਵੇਲੇ ਇਹ ਥਾਂ ਨਿਰਾ ਰੇਗਿਸਤਾਨ ਸੀ। ਰੇਤਲੇ ਟਿੱਬੇ, ਉੱਚੀ ਨੀਵੀਂ ਧਰਤੀ ਨਿਰਾ ਜੰਗਲ ਸੀ, ਪਾਣੀ ਦੀ ਵੀ ਤੰਗੀ ਸੀ। ਵਰਖਾ ਹੋਣ ਨਾਲ ਹੀ ਖੇਤੀ ਵਾਸਤੇ ਅਤੇ ਪੀਣ ਵਾਸਤੇ ਪਾਣੀ ਦੀ ਪ੍ਰਾਪਤੀ ਹੁੰਦੀ ਸੀ। ਸਾਲ ਦੀਆਂ ਫ਼ਸਲਾਂ ਵਿਚੋਂ ਹਾੜ੍ਹੀ ਦੀ ਫ਼ਸਲ ਸਮੇਂ ਛੋਲੇ ਅਤੇ ਜੌਂ ਹੁੰਦੇ ਸਨ। ਸਾਉਣੀ ਦੀ ਫ਼ਸਲ ਵਿਚ ਮੋਠ, ਬਾਜਰੀ ਹੋ ਜਾਂਦੀ ਸੀ।[440]

ਗਿਆਨੀ ਜੀ ਨੇ ਪਿੰਡ ਅਮਰਗੜ੍ਹ ਦੇ ਆਲੇ-ਦੁਆਲੇ ਮੋਜੂਦ ਇਤਿਹਾਸਕ ਸਥਾਨਾਂ ਬਾਰੇ ਵੀ ਜਾਣਕਾਰੀ ਦਿਤੀ ਹੈ। ਅਮਰਗੜ੍ਹ ਤੋਂ 12 ਕਿਲੋਮੀਟਰ ਦੀ ਦੂਰੀ 'ਤੇ ਬਠਿੰਡੇ ਦਾ ਇਤਿਹਾਸਕ ਕਿਲ੍ਹਾ ਹੈ। ਇਹ ਕਿਲ੍ਹਾ ਪ੍ਰਾਚੀਨ ਹੈ। ਇਹ ਜਿਥੇ ਭਾਰਤੀ ਸਭਿਆਚਾਰ ਦੀ ਇਤਿਹਾਸਕ ਨਿਸ਼ਾਨੀ ਹੈ ਉਥੇ ਇਹ ਕਿਲ੍ਹਾ ਸਿੱਖਾਂ ਵਾਸਤੇ ਪਵਿਤਰ ਤੀਰਥ ਸਥਾਨ ਵੀ ਹੈ। ਇਸ ਕਿਲ੍ਹੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਦਿਨ ਰਹੇ।

---

439 ਉਹੀ, ਪੰਨਾ 20.

440 ਉਹੀ, ਪੰਨਾ 25

ਗਿਆਨੀ ਜੀ ਨੇ ਇਸ ਇਲਾਕੇ ਵਿਚ ਗੁਰੂ ਸਾਹਿਬਾਨ ਦੇ ਆਉਣ ਦਾ ਵੀ ਜ਼ਿਕਰ ਕੀਤਾ ਹੈ। ਇਸ ਇਲਾਕੇ ਨੂੰ ਲੱਖੀ ਜੰਗਲ ਵੀ ਕਿਹਾ ਜਾਂਦਾ ਹੈ। ਲੱਖੀ ਜੰਗਲ ਉਹ ਪ੍ਰਸਿਧ ਤੀਰਥ ਹੈ ਜਿਥੇ ਚਾਰ ਸਤਿਗੁਰੂਆਂ (ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਚਰਨ ਪਾਏ ਹਨ। ਪੁਰਾਤਨ ਮਹਾਂਪੁਰਖਾਂ ਤੋਂ ਇਹ ਵੀ ਸੁਣਿਆ ਹੈ ਕਿ ਲੱਖੀ ਜੰਗਲ ਦੇ ਸਥਾਨ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਦਾ ਸਵਾ ਲੱਖ ਪਾਠ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲੱਖੀ ਜੰਗਲ ਦੇ ਪ੍ਰਾਕ੍ਰਿਤਕ ਬਣ ਨੂੰ ਵੇਖ ਕੇ ਪਰਮ ਪ੍ਰਸੰਨ ਹੋਏ ਸਨ। ਇਥੇ ਕਈ ਦਿਨ ਬਿਰਾਜੇ। ਇਲਾਕਾ ਨਿਵਾਸੀ ਸੰਗਤਾਂ ਨੂੰ ਨਾਮ, ਬਾਣੀ, ਸਿੱਖੀ ਨਾਲ ਜੋੜਿਆ। ਲੱਖੀ ਜੰਗਲ ਵਿਚ ਮਾਲਵੇ ਦੇ ਕਵੀਆਂ ਨੂੰ ਇਕੱਤਰ ਕਰਕੇ ਕਵੀ ਦਰਬਾਰ ਕੀਤੇ। ਮੁਗਲਾਂ ਦੇ ਅਤਿਆਚਾਰ ਸਮੇਂ ਜਦੋਂ ਸਿੰਘਾਂ ਦੇ ਸਿਰਾਂ ਦੀਆਂ ਕੀਮਤਾਂ ਪੈਂਦੀਆਂ ਸਨ, ਦਲ ਖ਼ਾਲਸਾ ਮਾਲਵੇ ਦੇ ਲੱਖੀ ਜੰਗਲ ਦੇ ਬਣ ਵਿਚ ਰਿਹਾ ਕਰਦਾ ਸੀ। ਭਾਈ ਮਹਿਤਾਬ ਸਿੰਘ, ਭਾਈ ਸੁੱਖਾ ਸਿੰਘ ਮੱਸੇ ਰੰਗੜ ਦਾ ਸਿਰ ਕੱਟਣ ਦਾ ਪ੍ਰਣ ਕਰਕੇ ਅੰਮ੍ਰਿਤਸਰ ਨੂੰ ਜਾਂਦੇ ਹੋਏ ਇਥੇ ਆਏ ਸਨ। ਬਾਬਾ ਦੀਪ ਸਿੰਘ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਰੋਕਣ ਸਮੇਂ ਜਾਂਦੇ ਹੋਏ ਇਥੇ ਠਹਿਰੇ ਸਨ। ਲੱਖੀ ਜੰਗਲ ਮਾਲਵੇ ਦਾ ਪਵਿਤਰ ਇਤਿਹਾਸਕ ਸਥਾਨ ਹੈ ਜੋ ਅਮਰਗੜ੍ਹ ਤੋਂ ਕੇਵਲ 7 ਕਿਲੋਮੀਟਰ ਹੈ।'[441]

ਇਸ ਤਰ੍ਹਾਂ ਸਪੱਸ਼ਟ ਹੈ ਕਿ ਗਿਆਨੀ ਜੀ ਨੇ ਭਾਈ ਫੁੰਮਨ ਸਿੰਘ ਦਾ ਜੀਵਨ ਲਿਖਦਿਆਂ ਉਨ੍ਹਾਂ ਦੇ ਪਿੰਡ ਅਮਰਗੜ੍ਹ ਦਾ ਵੀ ਇਤਿਹਾਸ ਅੰਕਿਤ ਕੀਤਾ ਹੈ ਜਿਸ ਵਿਚ ਪਿੰਡ ਦੇ ਨਾਮਕਰਣ, ਭੂਗੋਲਿਕ ਸਥਿਤੀ ਅਤੇ ਪਿੰਡ ਦੇ ਨਾਲ ਲਗਦੇ ਇਤਿਹਾਸਕ ਸਥਾਨਾਂ ਬਾਰੇ ਵੀ ਜਾਣਕਾਰੀ ਦਿਤੀ ਹੈ।

**(2) ਮਸਤੂਆਣਾ**: ਪਿੰਡ ਮਸਤੂਆਣਾ ਦਾ ਜ਼ਿਕਰ ਗਿਆਨੀ ਜੀ ਨੇ ਆਪਣੀਆਂ ਪੁਸਤਕਾਂ ਜਿਵੇਂ *ਅਗਮ ਅਗਾਧ ਪੁਰਖ, ਕਲਾਧਾਰੀ ਪੁਰਖ, ਏਕ ਪੁਰਖ ਅਪਾਰ, ਸੰਪ੍ਰਦਾਇ ਮਸਤੂਆਣਾ* ਆਦਿ ਵਿਚ ਕੀਤਾ ਹੈ। ਉਪਰੋਕਤ ਪੁਸਤਕਾਂ ਸੰਤ ਅਤਰ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਹਨ। ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਜੀਵਨ ਲਿਖਦਿਆਂ ਗਿਆਨੀ ਜੀ ਨੇ ਪਿੰਡ ਮਸਤੂਆਣਾ ਦਾ ਇਤਿਹਾਸ ਵੀ ਅੰਕਿਤ ਕੀਤਾ ਹੈ। ਪਿੰਡ ਮਸਤੂਆਣੇ ਦੇ ਪਿਛੋਕੜ ਬਾਰੇ ਗਿਆਨੀ ਜੀ ਲਿਖਦੇ ਹਨ ਕਿ 'ਪੰਦਰ੍ਹਵੀਂ ਸਦੀ ਵਿਚ ਖਡੂਰ ਸਾਹਿਬ ਦੇ ਖਹਿਰੇ 'ਬਹਾਦਰ' ਨਾਮ ਦੇ ਵਿਅਕਤੀ ਨੇ ਪਿੰਡ ਬਹਾਰਦਪੁਰ ਆਬਾਦ ਕੀਤਾ। 'ਬਹਾਦਰ' ਦੇ ਚਾਰ ਪੁਤ੍ਰ ਰਾਜ, ਸਲਾਹੀ, ਸੌਲੀਆ ਅਤੇ ਮਸਤੂ ਸਨ। ਮਸਤੂ ਸਾਧੂ ਬ੍ਰਿਤੀ ਦਾ ਧਾਰਮਿਕ ਵਿਅਕਤੀ ਸੀ ਅਤੇ ਅਵਿਵਾਹਤ ਰਿਹਾ। ਆਪਣੇ ਹਿੱਸੇ ਦੀ 245 ਵਿੱਘੇ ਜ਼ਮੀਨ ਗਊਆਂ ਦੀ ਚਰਾਂਦ, ਸਾਧੂ-ਸੰਤਾਂ ਅਤੇ ਸਮਾਜ ਦੇ ਭਲੇ ਲਈ ਛੱਡ ਦਿਤੀ। ਮਸਤੂ ਦੀ ਜ਼ਮੀਨ ਹੋਣ ਕਰਕੇ 'ਮਸਤੂਆਣਾ' ਦੇ ਨਾਮ ਨਾਲ ਪ੍ਰਸਿਧ ਹੋਈ। ਇਹ 245 ਵਿਘੇ ਦਾ ਝਿੜਾ ਵਡੇ-ਵਡੇ ਵ੍ਰਿਛਾਂ ਨਾਲ ਸੰਘਣਾ ਜੰਗਲ ਬਣ ਗਿਆ, ਜਿਸ ਵਿਚ ਸ੍ਵਛ ਜਲ ਦੀ ਛਪੜੀ ਵੀ ਸੀ। ਇਸ ਜੰਗਲ ਵਿਚ ਏਕਾਂਤ ਨਾਮ ਚਿੰਤਨ ਵਾਲੇ ਸਾਧੂ-ਸੰਤ ਵੀ ਰਹਿੰਦੇ ਸਨ ਅਤੇ ਚੋਰ-

441 ਉਹੀ, ਪੰਨਾ 26.

ਡਾਕੂ, ਸ਼ਿਕਾਰੀ ਵੀ ਰਾਤ ਕੱਟ ਜਾਂਦੇ ਸਨ। ਇਥੇ ਇਕ 'ਘੱਪ-ਘੂੰ' ਨਾਮ ਦਾ ਤ੍ਰਿਕਾਲ ਦਰਸ਼ੀ ਸਾਧੂ ਵੀ ਰਹਿੰਦਾ ਸੀ ਜੋ ਸੰਤ ਅਤਰ ਸਿੰਘ ਜੀ ਦੇ ਆਗਮਨ ਬਾਰੇ ਭਵਿੱਖਬਾਣੀ ਕਰਦਾ ਰਹਿੰਦਾ ਸੀ। ਤੀਰਥ ਦੇ ਪ੍ਰਗਟ ਹੋਣ ਬਾਰੇ ਵੀ ਦਸਦਾ ਸੀ। ਨਹਿਰਾਂ ਅਤੇ ਰੇਲਾਂ ਦੇ ਆਉਣ ਦੀ ਭਵਿੱਖਬਾਣੀ ਕਰਿਆ ਕਰਦਾ ਸੀ। ਸੰਤ ਹਰਦਿੱਤ ਸਿੰਘ ਵੀ ਇਸੇ ਤਰ੍ਹਾਂ ਦੀ ਭਵਿੱਖਬਾਣੀ ਕਰਿਆ ਕਰਦੇ ਸਨ। ਇਕ ਨਾਂਗਾ ਸਾਧੂ ਚੇਤਨ ਦਾਸ ਵੀ ਇਕ ਵਰਸ਼ ਇਥੇ ਰਿਹਾ। ਸੰਤ ਸਾਹਿਬ ਦਾਸ ਜੀ ਵੀ ਕਈ-ਕਈ ਦਿਨ ਇਥੇ ਰਹਿੰਦੇ ਸਨ।'[442] ਇਸ ਤੋਂ ਇਲਾਵਾ ਗਿਆਨੀ ਜੀ ਨੇ ਸੰਤ ਅਤਰ ਸਿੰਘ ਜੀ ਦੁਆਰਾ ਇਸ ਪਿੰਡ ਵਿਚ ਸਥਾਪਿਤ ਕੀਤੇ ਗੁਰਦੁਆਰਰਿਆਂ, ਸਕੂਲਾਂ, ਕਲਾਜਾਂ ਬਾਰੇ ਵੀ ਦਸਿਆ ਹੈ। ਸੰਤ ਅਤਰ ਸਿੰਘ ਜੀ ਦੇ ਆਉਣ ਨਾਲ ਇਸ ਪਿੰਡ ਦਾ ਬਹੁਤ ਵਿਕਾਸ ਹੋਇਆ।

**(3) ਤਲਵੰਡੀ ਸਾਬੋ**: ਗਿਆਨੀ ਜੀ ਤਲਵੰਡੀ ਸਾਬੋ ਪਿੰਡ ਬਾਰੇ ਆਪਣੀ ਪੁਸਤਕ *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ* ਵਿਚ ਅੰਕਿਤ ਕੀਤਾ ਹੈ। ਜਿਸ ਵਿਚ ਤਲਵੰਡੀ ਸਾਬੋ ਦੇ ਇਤਿਹਾਸ, ਨਾਮਕਰਣ, ਇਤਿਹਾਸਕ ਸਥਾਨਾਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ। ਗਿਆਨੀ ਜੀ ਤਲਵੰਡੀ ਸਾਬੋ ਦੇ ਨਾਮਕਰਣ ਬਾਰੇ ਦੋ ਵਿਚਾਰ ਪੇਸ਼ ਕੀਤੇ ਹਨ। ਪਹਿਲੇ ਅਨੁਸਾਰ ਸੰਨ 1149 ਈ. ਵਿਚ ਤਲਵੰਡੀ ਤੇ ਹਿੰਦੂ ਗੁੱਜਰ ਨੇ ਕਬਜ਼ਾ ਕੀਤਾ ਜਿਨ੍ਹਾਂ ਨੇ ਸ਼ਮਿਸ਼ਉਲ ਦੀਨ ਅਲਤਮਸ਼ ਦੇ ਸਮੇਂ ਇਸਲਾਮ ਧਾਰਨ ਕਰਕੇ 48 ਪਿੰਡਾਂ ਦੀ ਚੌਧਰ ਪ੍ਰਾਪਤ ਕੀਤੀ। ਗੁੱਜਰ ਦੀ ਇਕੋ ਇਕ ਧੀ 'ਸਾਹਬੋ' ਸੀ ਜੋ ਤਲਵੰਡੀ ਦੀ ਚੌਧਰ ਤੇ ਕਾਬਜ਼ ਹੋਈ ਜਿਸ ਕਰਕੇ ਪਿੰਡ ਦਾ ਨਾਉਂ 'ਤਲਵੰਡੀ ਸਾਬੋ' ਬਣ ਗਿਆ। ਦੂਜੇ ਵਿਚਾਰ ਅਨੁਸਾਰ 'ਤਲਵੰਡੀ ਸਾਬੋ' ਦੇ ਸਰਦਾਰਾਂ ਦੀ ਬੰਸਾਵਲੀ ਵਿਚ 'ਬਰਾੜ' ਤੋਂ ਛੇਵੀਂ ਥਾਂ ਤੇ 'ਸਾਬੋ' ਨਾਉਂ ਦਾ ਇਕ ਸਰਦਾਰ ਵੀ ਹੋਇਆ ਹੈ। ਹੋ ਸਕਦਾ ਹੈ ਇਸ ਸਰਦਾਰ ਤੋਂ ਹੀ 'ਤਲਵੰਡੀ ਸਾਬੋ' ਪ੍ਰਸਿਧ ਹੋਈ ਹੋਵੇ।[443]

ਤਲਵੰਡੀ ਸਾਬੋ ਦਾ ਇਤਿਹਾਸ ਲਿਖਦੇ ਗਿਆਨੀ ਜੀ ਨੇ ਇਸ ਪਾਵਨ ਸਥਾਨ 'ਤੇ ਪਹਿਲੇ, ਨੌਵੇ ਅਤੇ ਦਸਵੇ ਪਾਤਸ਼ਾਹ ਦੇ ਆਉਣ ਦਾ ਜ਼ਿਕਰ ਕੀਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਧਰਤੀ 'ਤੇ ਪੰਥ ਦੇ ਮਹਾਨ ਕਾਰਜ ਕੀਤੇ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੰਪੂਰਨ ਕਰਨਾ, ਦਮਦਮੀ ਟਕਸਾਲ ਕਾਇਮ ਕਰਨਾ, ਅਖੰਡ ਪਾਠ ਦੀ ਮਰਿਆਦਾ ਆਰੰਭ ਕਰਨਾ, ਗੁਰੂ ਕੀ ਕਾਸ਼ੀ ਸਥਾਪਨਾ ਕਰਨਾ ਆਦਿ ਕਾਰਜ ਸ਼ਾਮਿਲ ਹਨ। ਗਿਆਨੀ ਜੀ ਨੇ ਤਲਵੰਡੀ ਸਾਬੋ ਦਾ ਇਤਿਹਾਸ ਲਿਖਦਿਆਂ ਇਥੋਂ ਦੇ ਇਤਿਹਾਸਕ ਸਥਾਨਾਂ ਬਾਰੇ ਵੀ ਬਿਆਨ ਕੀਤਾ ਹੈ ਅਤੇ ਸਥਾਨਾਂ ਦੀਆਂ ਤਸਵੀਰਾਂ ਵੀ ਦਿਤੀਆਂ ਹਨ। ਇਹ ਸਥਾਨ ਤਖ਼ਤ ਦਮਦਮਾ ਸਾਹਿਬ, ਮੰਜੀ ਸਾਹਿਬ ਪਾਤਸ਼ਾਹੀ ਨੌਵੀਂ, ਅਕਾਲਸਰ ਸਰੋਵਰ, ਲਿਖਣਸਰ, ਗੁਰੂਸਰ ਸਰੋਵਰ, ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਅਤੇ ਦਸਵੀਂ, ਗੁਰਦੁਆਰਾ ਜੰਡਸਰ,

442 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਸੰਪ੍ਰਦਾਇ ਮਸਤੂਆਣਾ*, ਪੰਨਾ 12.

443 ਉਹੀ, ਪੰਨਾ 14.

ਗੁਰਦੁਆਰਾ ਮਹੱਲਸਰ, ਮਾਤਾ ਜੀਆਂ ਕਾ ਗੁਰਦੁਆਰਾ, ਥੜਾ ਸਾਹਿਬ, ਦਮਦਮਾ ਸਾਹਿਬ, ਬੁਰਜ ਅਤੇ ਭੋਰਾ ਬਾਬਾ ਦੀਪ ਸਿੰਘ ਜੀ ਆਦਿ ਹਨ।

ਤਖ਼ਤ ਸਾਹਿਬ ਤੇ ਗੁਰੂ ਸਾਹਿਬ ਦੀਆਂ ਪਈਆਂ ਯਾਦਗਰੀ ਵਸਤਾਂ ਜਿਵੇਂ ਬੰਦੂਕ, ਸ਼ੀਸ਼ਾ, ਅੰਗਰਖਾ (ਅੰਦਰਲਾ), ਤੇਗਾ ਬਾਬਾ ਦੀਪ ਸਿੰਘ, ਮੋਹਰ, ਤਸਵੀਰ, ਕਰੀਰ ਦਾ ਬਿਰਛ ਆਦਿ ਬਾਰੇ ਵੀ ਜਾਣਕਾਰੀ ਦਿਤੀ ਹੈ। ਭਾਈ ਡੱਲੇ ਦੇ ਪਰਿਵਾਰ ਕੋਲ ਦਸਮ ਗੁਰੂ ਜੀ ਦੀਆਂ ਪਈਆਂ ਯਾਦਗਾਰੀ ਵਸਤਾਂ ਜਿਵੇਂ ਤੇਗਾ, ਸ੍ਰੀ ਸਾਹਿਬ, ਦਸਤਾਰ, ਵੱਡਾ ਚੋਗਾ, ਛੋਟਾ ਚੋਗਾ, ਬਾਜ਼ ਦੀ ਡੋਰ, ਰੇਬ ਪਜਾਮਾ, ਮਾਤਾ ਸਾਹਿਬ ਕੌਰ ਦਾ ਰੇਬ ਪਜਾਮਾ, ਛੋਟੇ ਅਕਾਰ ਦੀ ਬੀੜ ਆਦਿ ਬਾਰੇ ਬਿਆਨ ਕੀਤਾ ਹੈ।

ਤਲਵੰਡੀ ਸਾਬੋ ਦਾ ਇਤਿਹਾਸ ਅੰਕਿਤ ਕਰਦਿਆਂ ਇਥੋਂ ਦੇ ਬੁੰਗਿਆਂ ਜਿਵੇਂ ਉਚਾ ਬੁੰਗਾ, ਬੁੰਗਾ ਲਿਖਣਸਰ, ਬੁੰਗਾ ਮਦਰਸਾ, ਬੁੰਗਾ ਲਿਖਾਰੀਆਂ, ਬੁੰਗਾ ਕੱਟੂ ਵਾਲਾ, ਮਲਵਈ ਬੁੰਗਾ, ਨੀਵਾਂ ਬੁੰਗਾ, ਬੁੰਗਾ ਜੰਡਸਰ, ਬੁੰਗਾ ਬਾਰਾਂਦਰੀ, ਬੁੰਗਾ ਭਾਈ ਚੇਤ ਸਿੰਘ ਵਾਲਾ, ਬੁੰਗਾ ਬਾਬਾ ਖੜਕ ਸਿੰਘ ਵਾਲਾ, ਬੁੰਗਾ ਮਜ਼ਹਬੀ ਸਿੰਘਾਂ ਦਾ ਅਤੇ ਬੁੰਗਾ ਮਸਤੂਆਣਾ ਬਾਰੇ ਵੀ ਦਸਿਆ ਹੈ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਗਿਆਨੀ ਜੀ ਨੇ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਬਾਰੇ ਪ੍ਰਾਚੀਨ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤਕ ਦਾ ਇਤਿਹਾਸ ਅੰਕਿਤ ਕੀਤਾ ਹੈ ਜਿਸ ਵਿਚ ਤਲਵੰਡੀ ਸਾਬੋ ਦੇ ਨਾਮਕਰਣ, ਗੁਰੂ ਸਾਹਿਬਾਨ ਦੇ ਆਉਣ, ਦਸਮ ਗੁਰੂ ਜੀ ਦੁਆਰਾ ਕੀਤੇ ਮਹੱਤਵਪੂਰਨ ਕਾਰਜ, ਤਲਵੰਡੀ ਸਾਬੋ ਦੇ ਇਤਿਹਾਸਕ ਸਥਾਨਾਂ ਅਤੇ ਬੁੰਗਿਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ।

**(4) ਪੰਜ ਗਰਾਈ ਕਲਾਂ:** ਪਿੰਡ ਪੰਜ ਗਰਾਈ ਕਲਾਂ ਦਾ ਇਤਿਹਾਸ ਗਿਆਨੀ ਜੀ ਨੇ ਆਪਣੀ ਪੁਸਤਕ *ਅਦੁੱਤੀ ਸੇਵਕ* ਵਿਚ ਸੰਖੇਪ ਵਿਚ ਬਿਆਨ ਕੀਤਾ ਹੈ। *ਅਦੁੱਤੀ ਸੇਵਕ* ਜਥੇਦਾਰ ਦਿਆਲ ਸਿੰਘ ਪਰਵਾਨਾ ਦੀ ਜੀਵਨੀ ਹੈ। ਦਿਆਲ ਸਿੰਘ ਪਰਵਾਨਾ ਦਾ ਜਨਮ ਪਿੰਡ ਪੰਜ ਗਰਾਈ ਕਲਾਂ ਵਿਚ ਹੋਇਆ। ਗਿਆਨੀ ਜੀ ਅਨੁਸਾਰ, 'ਪਿੰਡ ਪੰਜ ਗਰਾਈ ਕਲਾਂ ਇਲਾਕੇ ਦੇ ਪਿੰਡਾਂ ਵਿਚ ਪ੍ਰਸਿਧ ਕਸਬਾ ਹੈ। ਇਹ ਮੋਗੇ ਤੋਂ ਕੋਟਕਪੂਰੇ ਵਾਲੀ ਪੱਕੀ ਸੜਕ ਉਤੇ ਇਕ ਵਿਸ਼ਾਲ ਨਗਰ ਹੈ। ਕੋਟਕਪੂਰੇ ਵਲੋਂ ਮੋਗੇ ਨੂੰ ਜਾਂਦਿਆਂ ਪਹਿਲਾਂ ਹੀ ਛੇ ਮੀਲ ਦੇ ਫਾਸਲੇ 'ਤੇ ਸਥਿਤ ਹੈ। ਇਸ ਪਿੰਡ ਵਿਚ ਤਿੰਨ ਪੱਤੀਆਂ ਦਾ ਨਿਵਾਸ ਹੈ; ਜਿਨ੍ਹਾਂ ਵਿਚੋਂ ਇਕ ਪੱਤੀ ਸਰਦਾਰ ਭਾਰੂ ਸਿੰਘ ਦੇ ਨਾਮ ਉਤੇ ਹੈ; ਇਹ ਸ਼ੇਰ ਗਿਲਾਂ ਦੀ ਪਤੀ ਹੈ; ਇਸ ਵਿਚ ਸੰਧੂ ਅਤੇ ਸਰਾਵਾਂ ਦੇ ਘਰ ਭੀ ਸ਼ਾਮਲ ਹਨ।[444] ਸਪੱਸ਼ਟ ਹੈ ਕਿ ਗਿਆਨੀ ਜੀ ਨੇ ਜਥੇਦਾਰ ਦਿਆਲ ਸਿੰਘ ਪਰਵਾਨਾ ਦਾ ਜੀਵਨ ਲਿਖਦਿਆਂ ਉਨ੍ਹਾਂ ਦੇ ਜੱਦੀ ਪਿੰਡ ਦੀ ਭੂਗੋਲਿਕ ਸਥਿਤੀ ਅਤੇ ਪਿੰਡ ਦੀਆਂ ਪੱਤੀਆਂ ਬਾਰੇ ਬਹੁਤ ਸੰਖੇਪ ਵਿਚ ਜਾਣਕਾਰੀ ਦਿਤੀ ਹੈ।

**(5) ਕੋਠਾ ਗੁਰੂ:** ਪਿੰਡ ਕੋਠਾ ਗੁਰੂ ਦਾ ਇਤਿਹਾਸ ਗਿਆਨੀ ਜੀ ਨੇ ਆਪਣੀ ਪੁਸਤਕ *ਕੋਠਾ ਗੁਰੂ ਦੀ ਗੌਰਵ ਗਾਥਾ* ਵਿਚ ਵਿਸਤਾਰ ਨਾਲ ਅੰਕਿਤ ਕੀਤਾ ਹੈ। ਗਿਆਨੀ ਬਲਵੰਤ ਸਿੰਘ ਇਸ ਪਿੰਡ ਦੇ ਨਿਵਾਸੀ, ਸਮਾਜ

---

444 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਅਦੁੱਤੀ ਸੇਵਕ*, ਪੰਨਾ 2.

ਸੇਵਕ, ਪਿੰਡ ਸੁਧਾਰ ਦੇ ਮੋਹਰੀ ਅਤੇ ਵਿਦਵਾਨ ਸਾਹਿਤਕਾਰ ਸਨ। ਗਿਆਨੀ ਜੀ ਨੇ ਮਾਲਵੇ ਅਤੇ ਮਾਲਵੇ ਦੇ ਪ੍ਰਸਿਧ ਪਿੰਡ ਕੋਠਾ ਗੁਰੂ ਬਾਰੇ ਲਿਖਦਿਆਂ ਪਿੰਡ ਦੇ ਰਾਜਕੀ, ਸਮਾਜਿਕ, ਸਭਿਆਚਾਰਕ, ਧਾਰਿਮਕ, ਭੂਗੋਲਿਕ ਅਤੇ ਵਿਦਿਅਕ ਵਿਕਾਸ ਦਾ ਵਰਣਨ ਪੂਰਬ ਕਾਲ ਤੋਂ ਲੈ ਕੇ ਉਤਰ ਕਾਲ ਤਕ ਕੀਤਾ ਹੈ। ਇਥੋਂ ਦੇ ਪ੍ਰਸਿਧ ਵਿਅਕਤੀਆਂ ਦੀ ਕਾਰਗੁਜ਼ਾਰੀ ਬਾਰੇ ਲਿਖਦਿਆਂ ਪਿੰਡ ਕੋਠਾ ਗੁਰੂ ਦੀ ਗੌਰਵਤਾ ਨੂੰ ਪ੍ਰਗਟ ਕੀਤਾ ਹੈ।

ਗਿਆਨੀ ਜੀ ਨੇ ਕੋਠਾ ਗੁਰੂ ਦੀ ਪ੍ਰਾਚੀਨਤਾ ਬਾਰੇ ਵੀ ਦਸਿਆ ਹੈ। ਪ੍ਰਾਚੀਨ ਧਾਰਮਿਕ ਤੇ ਇਤਿਹਾਸਕ ਗ੍ਰੰਥਾਂ ਪ੍ਰਤੀ ਆਪ ਦੀ ਸਿੱਧੀ ਪਹੁੰਚ ਹੈ ਜਿਸ ਕਾਰਨ ਆਪ ਨੇ ਇਹ ਸਿਧ ਕੀਤਾ ਹੈ ਕਿ ਕੋਠਾ ਗੁਰੂ ਪਿੰਡ ਰਾਮਾਇਣ-ਮਹਾਭਾਰਤ ਕਾਲ ਤੋਂ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਸੀ। ਇਥੋਂ ਦੇ ਜੰਗਲਾਂ, ਨਦੀਆਂ, ਵਿਦਿਆ, ਸਾਹਿਤ ਨੂੰ ਦੇਣ ਬਾਰੇ ਵੀ ਬਿਆਨ ਕੀਤਾ ਹੈ। ਪਿੰਡ ਦਾ ਇਤਿਹਾਸ ਲਿਖਦਿਆਂ ਮਾਲਵੇ ਦੇ ਭੂਗੋਲਿਕ ਪੱਖ ਬਾਰੇ ਵੀ ਭਰੋਸੇਯੋਗ ਤੇ ਪ੍ਰਮਾਣਿਕ ਜਾਣਕਾਰੀ ਉਪਲਬਧ ਕਰਵਾਈ ਹੈ।

ਗਿਆਨੀ ਜੀ ਨੇ ਇਸ ਪਿੰਡ ਵਿਚ 1515 ਈ. ਵਿਚ ਗੁਰੂ ਨਾਨਕ ਦੇਵ ਜੀ ਦੇ ਆਉਣ ਬਾਰੇ ਵੀ ਦਸਿਆ ਹੈ। ਗਿਆਨੀ ਜੀ ਲਿਖਦੇ ਹਨ ਸੱਤ ਦਿਨ ਬਾਬੇ ਨੇ ਇਸ ਨਗਰੀ ਨੂੰ ਤਾਰਿਆ। ਗੁਰੂ ਜੀ ਅਕਤੂਬਰ (1515 ਈਸਵੀ) ਦਾ ਮਹੀਨਾ ਸਰਸੇ ਵਿਚ ਰਹੇ ਸਨ ਅਤੇ ਨਵੰਬਰ ਦੇ ਅੰਤ ਵਿਚ ਸੁਲਤਾਨਪੁਰ ਪੁੱਜੇ ਸਨ। ਇਸ ਤਰ੍ਹਾਂ 16 ਨਵੰਬਰ ਤੋਂ 22 ਨਵੰਬਰ ਤਕ ਇਸ ਪਿੰਡ (ਕੋਠਾ ਗੁਰੂ) ਰਹੇ ਪ੍ਰਤੀਤ ਹੁੰਦੇ ਹਨ।[445]

ਗੁਰੂ ਰਾਮਦਾਸ ਜੀ ਦੇ ਸਪੁੱਤਰ ਬਾਬਾ ਪ੍ਰਿਥੀ ਚੰਦ ਨੇ ਇਸ ਪਿੰਡ ਵਿਚ ਰਹਾਇਸ਼ ਕੀਤੀ, ਆਪਣੇ ਮਤ ਦਾ ਪ੍ਰਚਾਰ ਕੀਤਾ, ਸਭਿਆਚਾਰਕ ਅਤੇ ਧਾਰਮਿਕ ਕ੍ਰਾਂਤੀ ਲਿਆਉਣ ਦਾ ਉਪਰਾਲਾ ਕੀਤਾ। ਪ੍ਰਿਥੀ ਚੰਦ ਤੋਂ ਬਾਅਦ ਉਸਦੀ ਦੇ ਉਤਰਾਧਿਕਾਰੀਆਂ ਅਤੇ ਪੈਰੋਕਾਰਾਂ ਨੇ ਇਸ ਇਲਾਕੇ ਦਾ ਵਿਕਾਸ ਕਰਨ ਵਿਚ ਮਹਤਵਪੂਰਨ ਭੂਮਿਕਾ ਨਿਭਾਈ। ਬਹੁਤ ਸਾਰੇ ਸੋਢੀ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕ ਕੇ ਮੁਖਧਾਰਾ ਵਿਚ ਸ਼ਾਮਲ ਹੋ ਗਏ। ਗਿਆਨੀ ਜੀ ਨੇ ਪ੍ਰਿਥੀ ਚੰਦ ਦੇ ਪੈਰੋਕਾਰਾਂ ਅਤੇ ਉਤਰਾਧਿਕਾਰੀਆਂ ਬਾਰੇ ਪ੍ਰਮਾਣਿਕ ਜਾਣਕਾਰੀ ਉਪਲਬਧ ਕਰਵਾਈ ਹੈ।

ਪਿੰਡ ਕੋਠਾ ਗੁਰੂ ਕੱਚੀ ਬਾਣੀ ਦੇ ਲੇਖਕਾਂ ਦਾ ਕੇਂਦਰ ਹੋਣ ਕਰਕੇ ਗਿਆਨੀ ਜੀ ਨੇ ਸੱਚੀ ਬਾਣੀ ਅਤੇ ਕੱਚੀ ਬਾਣੀ ਦੀ ਪਰਿਭਾਸ਼ਾ ਦਿਤੀ ਹੈ। ਕੱਚੀ ਬਾਣੀ ਬਾਰੇ ਲਿਖਦੇ ਹਨ ਕਿ ਕੱਚੀ ਬਾਣੀ ਉਹ ਹੈ ਜੋ ਕਿਸੇ ਚਤੁਰ ਵਿਅਕਤੀ ਨੇ ਮਹਲਾ ੧, ੨ ਦੇ ਸਿਰਲੇਖ ਹੇਠ ਨਾਨਕ ਕਾਵਿ ਛਾਪ ਰੱਖ ਕੇ ਕਵਿਤਾ ਲਿਖ ਕੇ ਬਾਣੀ ਦਾ ਭੁਲੇਖਾ ਪਾਉਣ ਦਾ ਯਤਨ ਕੀਤਾ। ਜਿਵੇਂ ਨਸੀਹਤਨਾਮਾ, ਪੈਂਤੀਸ ਅੱਖਰੀ, ਰਤਨਮਾਲਾ ਆਦਿਕ ਸਭ ਬਾਣੀਆਂ ਹਨ, ਜਿਨ੍ਹਾਂ ਦਾ ਸਿਰਲੇਖ ਮਹਲਾ ੧ ਲਿਖਿਆ ਹੋਇਆ ਮਿਲਦਾ ਹੈ। ਇਹ ਸਭ ਕੱਚੀ ਬਾਣੀ ਦਾ ਹਿੱਸਾ ਹਨ। ਭਾਵੇਂ ਇਹਨਾਂ ਬਾਣੀਆਂ ਉਤੇ ਸਲੋਕ ਮਹਲਾ ੧ ਲਿਖਿਆ ਹੋਇਆ ਹੈ ਪਰ ਗੁਰੂ ਗ੍ਰੰਥ ਸਾਹਿਬ ਦੀ ਬੀੜ ਸੰਪਾਦਨ ਕਰਨ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਲੋਚਨਾਤਮਿਕ ਦ੍ਰਿਸ਼ਟੀ ਅਤੇ ਸਰਵਗਯਤਾ ਦੁਆਰਾ ਜਾਣ ਲਿਆ ਸੀ ਕਿ ਇਹ ਕੱਚੀਆਂ ਬਾਣੀਆਂ ਹਨ। ਇਸੇ ਵਾਸਤੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ

---

445 ਉਹੀ, ਪੰਨਾ 36.

ਹੋਣ ਦਾ ਸਤਿਕਾਰ ਪ੍ਰਾਪਤ ਨਾ ਕਰ ਸਕੀਆਂ। ਮਿਹਰਵਾਨ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੁਆਰਾ ਲਿਖੀ ਸਾਰੀ ਬਾਣੀ ਕੱਚੀ ਬਾਣੀ ਹੈ।'[446]

ਸੱਚੀ ਬਾਣੀ ਬਾਰੇ ਲਿਖਦੇ ਹਨ ਕਿ 'ਸੱਚੀ ਬਾਣੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਗੁਰੂ ਸਾਹਿਬਾਨ ਦੁਆਰਾ ਸਿੱਖ ਨੂੰ ਸੱਚੀ ਬਾਣੀ ਪੜ੍ਹਨ, ਸੁਣਨ ਦਾ ਹੁਕਮ ਹੈ ਪਰ ਇਸਦਾ ਭਾਵ ਇਹ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਜੋ ਲਿਖਿਆ ਹੈ ਉਹ ਕੱਚੀ ਬਾਣੀ ਹੈ ਅਤੇ ਨਾ ਹੀ ਸਾਰਾ ਸਿੱਖ ਇਤਿਹਾਸ ਕੱਚੀ ਬਾਣੀ ਹੈ। ਸਾਰਾ ਸਿੱਖ ਇਤਿਹਾਸ ਜਿਵੇਂ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਥ ਪ੍ਰਕਾਸ਼, ਗੁਰ ਬਿਲਾਸ ਆਦਿਕ ਅਨੇਕ ਗ੍ਰੰਥ, ਭਾਈ ਵੀਰ ਸਿੰਘ ਵਰਗੇ ਨਾਮ ਦੇ ਰਸੀਏ ਮਹਾਂਪੁਰਖਾਂ ਦੀਆਂ ਗੁਰਮਤਿ ਸੰਬੰਧੀ ਕਵਿਤਾਵਾਂ ਦੇ ਸੰਗ੍ਰਹਿ, ਸ੍ਰੀਮਾਨ ਸੰਤ ਅਤਰ ਸਿੰਘ ਜੀ ਮਸਤੂਆਣੇ ਵਰਗੇ ਮਹਾਂਪੁਰਖਾਂ ਦੀਆਂ ਸਿਧੀਆਂ ਸ਼ਬਦੀ ਧਾਰਨਾ ਕੱਚੀ ਬਾਣੀ ਨਹੀਂ ਹਨ। ਇਨ੍ਹਾਂ ਵਿਚ ਸਤਿਗੁਰਾਂ ਦੀ ਮਹਿਮਾ, ਉਪਮਾ, ਪਰਉਪਕਾਰੀ ਜੀਵਨ ਚਰਿੱਤਰ ਅੰਕਤ ਕੀਤੇ ਗਏ ਹਨ। ਗ੍ਰੰਥ, ਕਵਿਤਾਵਾਂ ਅਤੇ ਮਹਾਂਪੁਰਸ਼ਾਂ ਦੀਆਂ ਸ਼ਬਦੀ ਧਾਰਨਾ ਗੁਰੂ ਸਾਹਿਬ ਦੇ ਜਸ ਨੂੰ ਵਧਾਉਂਦੀਆਂ ਹਨ। ਇਸ ਲਈ ਕੱਚੀ ਬਾਣੀ ਨਹੀਂ ਸਗੋਂ ਉੱਤਮ ਸ੍ਰੇਸ਼ਟ ਹੈ।'[447]

ਗਿਆਨੀ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿੰਡ ਕੋਠਾ ਗੁਰੂ ਵਿਚ ਆਉਣ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਗੁਰੂ ਜੀ ਦੁਆਰਾ ਪਿੰਡ ਕੋਠਾ ਗੁਰੂ ਦਾ ਨਾਮਕਰਣ ਕਰਨ ਅਤੇ ਮੀਣਿਆ ਦਾ ਮੁੜ ਗੁਰ ਪਰੰਪਰਾ ਵਿਚ ਸ਼ਾਮਲ ਹੋਣ ਬਾਰੇ ਦਸਿਆ ਹੈ। ਬਾਬਾ ਕੌਲ ਜੀ ਨੇ ਦਸਵੇਂ ਪਾਤਸ਼ਾਹ ਤੋਂ ਅੰਮ੍ਰਿਤਪਾਨ ਕਰ ਕੇ ਪ੍ਰਿਥੀ ਚੰਦ ਤੋਂ ਚਲੀ ਆ ਰਹੀ ਵੱਖਰੀ ਗੁਰਿਆਈ ਦੀ ਪਰੰਪਰਾ ਅਤੇ ਵਿਚਾਰਧਾਰਾ ਨੂੰ ਸਮਾਪਤ ਕਰ ਦਿਤਾ।'[448]

ਗਿਆਨੀ ਬਲਵੰਤ ਸਿੰਘ ਨੇ ਭਾਈ ਕੇਸ਼ੋ ਦਾਸ ਜੋ ਮਿਹਰਵਾਨ ਜੀ ਦੇ ਡੇਰੇ ਵਿਚ ਗ੍ਰੰਥਾਂ ਦੀ ਲਿਖਾਈ ਅਤੇ ਕਥਾ ਕਰਦਾ ਸੀ, ਉਸ ਦੁਆਰਾ ਲਿਖੇ ਗ੍ਰੰਥ 'ਪੋਥੀ ਸਾਹਿਬ' ਬਾਰੇ ਵੀ ਜਾਣਕਾਰੀ ਦਿਤੀ ਹੈ। ਇਸ ਗ੍ਰੰਥ ਵਿਚ ਭਾਈ ਕੇਸ਼ੋ ਦਾਸ ਨੇ ਮਿਹਰਵਾਨ ਅਤੇ ਹਰਿ ਜੀ ਦੀ ਉਸਤਤੀ ਲਿਖੀ ਹੈ। ਗਿਆਨੀ ਜੀ ਨੇ ਕਵਿਤਾ ਦੀ ਸ਼ੈਲੀ ਦੇ ਨਮੂਨੇ ਵੀ ਅੰਕਿਤ ਕੀਤੇ ਹਨ। ਗਿਆਨੀ ਜੀ ਨੇ ਮਿਹਰਵਾਨੀਆਂ ਦੀ ਗੁਰੂ ਪਰੰਪਰਾ ਵਿਚ ਸ਼ਰਧਾ ਰਖਣ ਵਾਲੇ ਭਾਈ ਕੇਸ਼ੋ ਦਾਸ, ਭਾਈ ਕੁਸ਼ਲ ਦਾਸ, ਦੀਦਾਰ ਦਾਸ, ਦਰਬਾਰੀ ਦਾਸ ਦੀ ਸਾਹਿਤਕ ਸੇਵਾ ਬਾਰੇ ਵੀ ਅੰਕਿਤ ਕੀਤਾ ਹੈ।

ਗਿਆਨੀ ਜੀ ਨੇ ਪਿੰਡ ਕੋਠਾ ਗੁਰੂ ਦੀ ਹੱਦਬੰਦੀ ਦੀ ਨਿਸ਼ਾਨਦੇਹੀ, ਸੋਢੀਆਂ ਦੀ ਵਿਸਵੇਦਾਰੀ ਖ਼ਤਮ ਕਰ ਕੇ ਜ਼ਮੀਨਾਂ ਦੇ ਮਾਲਕ ਕਿਸਾਨਾਂ ਨੂੰ ਬਣਾਉਣਾ, ਪਿੰਡ ਵਿਚ ਪਟਵਾਰੀ ਦਾ ਦਫ਼ਤਰ ਕਾਇਮ ਹੋਣਾ, ਆਟੇ ਦੀ ਪਿਸਾਈ ਵਾਲੀ ਪਹਿਲੀ ਮਸ਼ੀਨ ਲਗਣੀ, ਸੜਕਾਂ ਅਤੇ ਦੁਕਾਨਾਂ ਦਾ ਬਣਨਾ, ਦਾਣਾ ਮੰਡੀ ਬਣਨਾ, ਪਿੰਡ

446 ਉਹੀ, ਪੰਨਾ 103.

447 ਉਹੀ, ਪੰਨਾ 105.

448 ਉਹੀ, ਪੰਨਾ 128.

ਵਿਚ ਬਿਜਲੀ ਦੀ ਸ਼ੁਰੂਆਤ, ਪਹਿਲੇ ਬੈਂਕ ਦਾ ਖੁਲ੍ਹਣਾ, ਟੈਲੀਫ਼ੋਨ ਲਗਣਾ ਆਦਿਕ ਬਾਰੇ ਰੋਚਕ ਜਾਣਕਾਰੀ ਤਿੱਥਾਂ ਸਮੇਤ ਦਰਜ ਕੀਤੀ ਹੈ।

ਗਿਆਨੀ ਜੀ ਨੇ ਪਿੰਡ ਕੋਠਾ ਗੁਰੂ ਦੇ ਧਾਰਮਿਕ ਸਥਾਨਾਂ ਦੀ ਜਾਣਕਾਰੀ ਦਿੰਦਿਆਂ ਇਥੋਂ ਦੇ ਗੁਰਦੁਆਰੇ, ਡੇਰੇ ਅਤੇ ਮੰਦਿਰਾਂ ਬਾਰੇ ਦਸਿਆ ਹੈ। ਜਿਸ ਵਿਚ ਗੁਰਦੁਆਰਾ ਬਾਬਾ ਕੌਲ ਸਾਹਿਬ, ਗੁਰਦੁਆਰਾ ਗੁੰਗਸਰ ਸਾਹਿਬ, ਗੁਰਦੁਆਰਾ ਚਮਨਸਰ, ਗੁਰਦਵਾਰਾ ਅੰਮ੍ਰਿਤਸਰ ਜੀ, ਡੇਰਾ ਸੰਤ ਧਰਮ ਦਾਸ ਜੀ ਵਾਲਾ, ਡੇਰਾ ਟਿਲਾ ਬਾਬਾ ਰਘੁਬੀਰ ਦਾਸ, ਡੇਰਾ ਬਣਾ ਵਾਲਾ, ਡੇਰਾ ਖੂਹਾਂ ਵਾਲਾ, ਡੇਰਾ ਬਿਰਜਾਪੁਰੀ, ਨਾਥਾਂ ਦਾ ਟਿੱਲਾ, ਪ੍ਰਭਦਿਆਲ ਦਾ ਡੇਰਾ, ਮੁਸਲਮਾਨ ਫ਼ਕੀਰਾਂ ਦਾ ਡੇਰਾ, ਸੁਥਰਿਆਂ ਦਾ ਡੇਰਾ, ਠਾਕਰਦਵਾਰਾ, ਵਿਸ੍ਵਕਰਮਾ ਮੰਦਿਰ, ਮਸੀਤਾਂ ਆਦਿ ਸ਼ਾਮਿਲ ਹਨ। ਗਿਆਨੀ ਜੀ ਨੇ ਪਿੰਡ ਕੋਠਾ ਗੁਰੂ ਵਿਚ ਲੱਗਣ ਵਾਲੇ ਮੇਲਿਆਂ ਬਾਰੇ ਜਾਣਕਾਰੀ ਦਿਤੀ ਹੈ। ਕੋਠਾ ਗੁਰੂ ਵਿਚ ਪ੍ਰਾਚੀਨ ਕਾਲ ਤੋਂ ਮੇਲੇ ਲਗਣੇ ਆਰੰਭ ਹੋ ਗਏ ਸਨ। ਪਿੰਡ ਵਿਚ ਲੱਗਣ ਵਾਲੇ ਮੁਖ ਮੇਲੇ ਵੈਸਾਖੀ ਦਾ ਮੇਲਾ, ਚੇਤ੍ਰ ਵਦੀ ਸਪਤਮੀ ਦਾ ਮੇਲਾ, ਰੌਸ਼ਨੀ ਦਾ ਮੇਲਾ, ਸੰਤ ਧਰਮ ਦਾਸ ਦੀ ਬਰਸੀ ਆਦਿ ਹਨ।

ਗਿਆਨੀ ਜੀ ਨੇ ਜਿਥੇ ਪੂਰਵ ਕਾਲ ਵਿਚ ਪਿੰਡ ਕੋਠਾ ਗੁਰੂ ਵਿਚ ਪੈਦਾ ਹੋਏ ਮਹਾਨ ਪੁਰਸ਼ਾਂ ਦੀ ਕਾਰਗੁਜ਼ਾਰੀ ਤੋਂ ਪਾਠਕਾਂ ਨੂੰ ਜਾਣੂ ਕਰਵਾਇਆ ਹੈ ਉਥੇ ਉਤਰ ਕਾਲ ਵਿਚ ਵਖ-ਵਖ ਖੇਤਰਾਂ ਵਿਚ ਆਪਣਾ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਬਾਰੇ ਵੀ ਵਿਸਤਾਰ ਨਾਲ ਬਿਆਨ ਕੀਤਾ ਹੈ। ਇਸ ਲੜੀ ਵਿਚ ਪ੍ਰੋ.ਹਰਬੰਸ ਸਿੰਘ, ਸ. ਸਾਧੂ ਸਿੰਘ ਰੰਧਾਵਾ (ਸਿਖਿਆ ਵਿਭਾਗ ਪੰਜਾਬ ਦਾ ਡਾਇਰੈਕਟਰ), ਗਿਆਨੀ ਬਲਵੰਤ ਸਿੰਘ, ਸੋਢੀ ਸ਼ਿਵਇੰਦਰ ਸਿੰਘ, ਕੇ.ਐੱਸ.ਸੰਧੂ, ਸੋਢੀ ਗਿਆਨ ਸਿੰਘ, ਜ਼ੈਲਦਾਰ ਠਾਕਰ ਸਿੰਘ ਸੋਢੀ, ਪਹਿਲਵਾਨ ਸ. ਬੁੱਘਾ ਸਿੰਘ ਮਾਨ, ਗਿਆਨੀ ਜਗਰੂਪ ਸਿੰਘ ਕੋਠਾ ਗੁਰੂ, ਸ. ਗੁਰਦੀਪ ਸਿੰਘ ਗਿੱਲ ਆਦਿਕ ਬਾਰੇ ਅੰਕਿਤ ਕੀਤਾ ਹੈ।

ਅਖੀਰ ਵਿਚ ਗਿਆਨੀ ਜੀ ਨੇ ਪਿੰਡ ਵਿਚ ਵਾਪਰੀਆਂ ਘਟਨਾਵਾਂ ਦਾ ਵਰਣਨ ਕੀਤਾ ਹੈ ਜਿਵੇਂ ਕੋਠਾ ਗੁਰੂ ਵਿਚ ਬੀਮਾਰੀ ਫ਼ੈਲਣਾ, ਪਿੰਡ ਵਿਚ ਵਰਖਾ ਅਤੇ ਹੜ੍ਹ ਆਉਣੇ, ਕਰਫ਼ਿਊ ਲਗਣੇ, ਦੇਸ਼ ਦੀ ਵੰਡ ਆਦਿ ਬਾਰੇ ਜਾਣਕਾਰੀ ਦਿਤੀ ਹੈ।[449] ਇਸ ਤਰ੍ਹਾਂ ਗਿਆਨੀ ਜੀ ਨੇ ਆਪਣੇ ਪਿੰਡ ਕੋਠਾ ਗੁਰੂ ਦਾ ਪ੍ਰਾਚੀਨ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤਕ ਦਾ ਇਤਿਹਾਸ ਅੰਕਿਤ ਕੀਤਾ ਹੈ।

ਗਿਆਨੀ ਜੀ ਦੁਆਰਾ ਲਿਖੇ ਪਿੰਡਾਂ ਦੇ ਇਤਿਹਾਸ ਵਿਚ ਮਹੱਤਵਪੂਰਨ ਕਾਰਜ ਉਨ੍ਹਾਂ ਦੇ ਜੱਦੀ ਪਿੰਡ ਕੋਠਾ ਗੁਰੂ ਦਾ ਇਤਿਹਾਸ ਹੈ ਜਿਸ ਵਿਚ ਕੋਠਾ ਗੁਰੂ ਦੇ ਪ੍ਰਾਚੀਨ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਦਾ ਇਤਿਹਾਸ ਅੰਕਿਤ ਕੀਤਾ ਗਿਆ ਹੈ। ਪਿੰਡ ਕੋਠਾ ਗੁਰੂ ਇਸ ਕਰਕੇ ਵਿਸ਼ੇਸ਼ ਮਹੱਤਤਾ ਰੱਖਦਾ ਹੈ ਕਿਉਂਕਿ ਇਸ ਇਤਿਹਾਸਕ ਪਿੰਡ ਦੀ ਮਿੱਟੀ ਵਿਚੋਂ ਕਈ ਵਿਦਵਾਨਾਂ ਨੇ ਜਨਮ ਲਿਆ ਜਿਵੇਂ ਬਾਬਾ ਮਿਹਰਵਾਨ ਜੀ, ਬਾਬਾ ਹਰਿ ਜੀ, ਭਾਈ ਕੇਸ਼ੋ ਦਾਸ, ਕੁਸ਼ਲਦਾਸ, ਹਰੀਆ, ਦਰਬਾਰੀ ਦਾਸ, ਪ੍ਰੋ. ਹਰਬੰਸ ਸਿੰਘ ਆਦਿ। ਉਨ੍ਹਾਂ

449 ਉਹੀ, ਪੰਨੇ 242-248.

ਨੇ ਪਿੰਡ ਕੋਠਾ ਗੁਰੂ ਦੇ ਹਰ ਪਹਿਲੂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਉਹ ਜਿਥੇ ਪਿੰਡ ਦਾ ਇਤਿਹਾਸ ਲਿਖਦੇ ਹਨ ਉਥੇ ਰਾਜਨੀਤਿਕ ਸਥਿਤੀ, ਸੱਭਿਆਚਾਰਕ, ਧਾਰਮਿਕ ਅਤੇ ਭੂਗੋਲਿਕ ਪੱਖ ਬਾਰੇ ਵੀ ਦਿੰਦੇ ਹਨ। ਉਨ੍ਹਾਂ ਨੇ ਪਿੰਡ ਕੋਠਾ ਗੁਰੂ ਵਿਚ ਚੰਗੀ ਕਾਰਗੁਜ਼ਾਰੀ ਕਰਨ ਵਾਲੇ ਵਿਅਕਤੀਆਂ ਦੇ ਜੀਵਨ ਵੀ ਦਿੱਤੇ ਹਨ। ਗਿਆਨੀ ਜੀ ਨੇ ਤੱਥਾਂ ਦੇ ਅਧਾਰ ’ਤੇ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਪਿੰਡ ਦੇ ਬਜ਼ੁਰਗਾਂ ਕੋਲੋਂ ਮੌਖਿਕ ਘਟਨਾਵਾਂ ਪ੍ਰਾਪਤ ਕੀਤੀਆਂ ਹਨ। ਪਿੰਡ ਨਾਲ ਸੰਬੰਧਿਤ ਪੁਰਾਤਨ ਅਤੇ ਨਵੀਨ ਤਸਵੀਰਾਂ ਅਤੇ ਸਾਬਕਾ ਰਿਆਸਤ ਪਟਿਆਲਾ ਦੇ ਪਿੰਡ ਕੋਠਾ ਗੁਰੂ ਨਾਲ ਸੰਬੰਧਿਤ ਨਕਸ਼ੇ ਵੀ ਦਿੱਤੇ ਹਨ। ਇਸ ਪੁਸਤਕ ਵਿਚ ਗੁਰੂ ਸਾਹਿਬਾਨ ਅਤੇ ਮੀਣਿਆਂ ਦੁਆਰਾ ਰਚੇ ਸਾਹਿਤ ਬਾਰੇ ਵੀ ਮਹੱਤਵਪੂਰਨ ਜਾਣਾਕਰੀ ਲਿਖਦੀ ਹੈ। ਗਿਆਨੀ ਜੀ ਦੀ ਇਸ ਪੁਸਤਕ ਤੋਂ ਪਤਾ ਲਗਦਾ ਹੈ ਕਿ ਪਿੰਡ ਕੋਠਾ ਗੁਰੂ ਆਪਣੇ ਵਿਚ ਵਡਮੁੱਲਾ ਇਤਿਹਾਸ ਸਮੋਈ ਬੈਠਾ ਹੈ। ਪਿੰਡ ਦੇ ਨਾਮਕਰਣ, ਗੁਰੂ ਸਾਹਿਬਾਨ ਦੇ ਆਉਣ, ਮੀਣਿਆਂ ਦੁਆਰਾ ਇਸ ਸਥਾਨ ’ਤੇ ਸਾਹਿਤ ਰਚਨਾ, ਪਿੰਡ ਦੇ ਵਿਕਾਸ, ਪਿੰਡ ਦੇ ਧਾਰਮਿਕ ਸਥਾਨਾਂ, ਮੇਲਿਆਂ ਅਤੇ ਪ੍ਰਸਿਧ ਵਿਅਕਤੀਆਂ ਬਾਰੇ ਵਿਸਤਾਰ ਨਾਲ ਬਿਆਨ ਕੀਤਾ ਹੈ। ਗਿਆਨੀ ਜੀ ਦੁਆਰਾ ਕੀਤਾ ਇਹ ਕਾਰਜ ਜਿਥੇ ਪਿੰਡ ਕੋਠਾ ਗੁਰੂ ਬਾਰੇ ਖੋਜ ਭਰਪੂਰ ਜਾਣਾਕਰੀ ਮੁਹੱਈਆਂ ਕਰਵਾਉਂਦਾ ਹੈ ਉਥੇ ਖੋਜਾਰਥੀਆਂ ਨੂੰ ਅਜਿਹੇ ਕਾਰਜ ਕਰਨ ਲਈ ਪ੍ਰੇਰਨਾ ਵੀ ਦਿੰਦਾ ਹੈ। ਮਾਲਵੇ ਦੇ ਅਨੇਕਾਂ ਪਿੰਡ ਇਤਿਹਾਸ ਸਾਂਭੀ ਬੈਠੇ ਹਨ। ਅਜਿਹੇ ਕਾਰਜ ਹੋਰਨਾਂ ਲਈ ਪ੍ਰੇਰਨਾ ਸ੍ਰੋਤ ਬਣਦੇ ਹਨ। ਇਸ ਤੋਂ ਇਲਾਵਾ ਲਿਖੇ ਬਾਕੀ ਪਿੰਡਾਂ ਦਾ ਇਤਿਹਾਸ ਸੰਬੰਧਿਤ ਵਿਅਕਤੀਆਂ ਦੇ ਜੀਵਨ ਲਿਖਣ ਸਮੇਂ ਸੰਖੇਪ ਵਿਚ ਅੰਕਿਤ ਕੀਤਾ ਗਿਆ ਹੈ ਜਿਵੇਂ ਮਸਤੂਆਣਾ, ਅਮਰਗੜ, ਚੀਮਾ ਆਦਿ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗਿਆਨੀ ਜੀ ਜੀਵਨੀ ਲਿਖਦੇ ਸਮੇਂ ਉਸ ਵਿਅਕਤੀ ਦੇ ਪਿਛੋਕੜ ਬਾਰੇ ਵੀ ਭਰਪੂਰ ਜਾਣਕਾਰੀ ਅੰਕਿਤ ਕਰਦੇ ਹਨ।

**(ਖ) ਗੁਰਦੁਆਰਿਆਂ ਬਾਰੇ**: ਇਤਿਹਾਸ ਲਿਖਦੇ ਸਮੇਂ ਗਿਆਨੀ ਜੀ ਨੇ ਮਾਲਵੇ ਦੇ ਗੁਰਦੁਆਰਿਆਂ ਦਾ ਇਤਿਹਾਸ ਵੀ ਅੰਕਿਤ ਕੀਤਾ ਹੈ ਜਿਸ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਗੁਰਦੁਆਰਾ ਕੌਲਸਰ ਸਾਹਿਬ, ਗੁਰਦੁਆਰਾ ਗੁਰੂਸਰ ਨਥਾਣਾ, ਗੁਰਦੁਆਰਾ ਗੁੰਗਸਰ, ਗੁਰਦੁਆਰਾ ਲੋਹਗੜ੍ਹ ਸਾਹਿਬ ਦੀਨਾ ਅਤੇ ਤਖ਼ਤੂਪੁਰਾ ਸ਼ਾਮਲ ਹਨ। ਇਨ੍ਹਾਂ ਗੁਰਦੁਆਰਿਆਂ ਦਾ ਵਰਣਨ ਨਿਮਨਲਿਖਤ ਹੈ:

**(1) ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ**: ਸਭ ਤੋਂ ਪਹਿਲਾਂ ਗਿਆਨੀ ਜੀ ਨੇ ਸ੍ਰੀ ਦਮਦਮਾ ਸਾਹਿਬ ਦੇ ਇਤਿਹਾਸ ਨਾਲ ਸੰਬੰਧਿਤ 1959 ਵਿਚ ਟਰੈਕਟ ਤਖ਼ਤ ਸ੍ਰੀ ਦਮਦਮਾ ਸਾਹਿਬ ਪ੍ਰਕਾਸ਼ਿਤ ਕੀਤਾ ਜਿਸ ਵਿਚ ਉਨ੍ਹਾਂ ਨੇ ਇਤਿਹਾਸਕ ਹਵਾਲੇ ਦੇ ਕੇ ਦਮਦਮਾ ਸਾਹਿਬ ਦੀ ਮਾਨਤਾ ਨੂੰ ਸਿਧ ਕੀਤਾ ਹੈ। ਦੂਜੀ ਰਚਨਾ *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ* ਹੈ ਜਿਸ ਵਿਚ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦਾ ਇਤਿਹਾਸ ਅੰਕਿਤ ਕੀਤਾ ਹੈ। ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ) ਦਾ ਸਿੱਖ ਜਗਤ ਵਿਚ ਵਿਸ਼ੇਸ਼ ਸਥਾਨ ਹੈ। ਇਹ ਸਿੱਖ ਪੰਥ ਦਾ ਚੌਥਾ ਤਖ਼ਤ ਹੈ। ਇਸ ਸਥਾਨ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ

ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਚਰਨ ਛੋਹ ਪ੍ਰਾਪਤ ਹੈ। ਗਿਆਨੀ ਜੀ ਦਾ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਲਿਖਣ ਵਿਚ ਵਿਸ਼ੇਸ਼ ਯੋਗਦਾਨ ਹੈ।

ਗਿਆਨੀ ਜੀ ਅਨੁਸਾਰ ਨੇ ਸ੍ਰੀ ਦਮਦਮਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਉਣ ਬਾਰੇ ਲਿਖਦੇ ਹਨ ਕਿ ਦੂਸਰੀ ਉਦਾਸੀ ਸਮੇਂ ਸਤਿਗੁਰੂ ਨਾਨਕ ਦੇਵ ਜੀ ਇਥੇ ਪੁਜੇ ਅਤੇ ਉਸ ਬੇਰੀ ਹੇਠ ਵਿਰਾਜੇ ਜਿਥੇ ਮਾਰਕੰਡੇ ਰਿਸ਼ੀ ਨੇ ਤਪਸਿਆ ਕੀਤੀ। ਕੀਰਤਨ ਕੀਤਾ, ਸਤਿਨਾਮੁ ਦਾ ਉਪਦੇਸ਼ ਦਿਤਾ ਅਤੇ ਫਰਮਾਇਆ 'ਇਥੇ ਮਹਾਨ ਤੀਰਥ ਪ੍ਰਗਟ ਹੋਵੇਗਾ, ਇਥੇ ਦੇਗ ਤੇਗ ਭਗਤੀ ਸ਼ਕਤੀ ਮੋਕਸ਼ ਤੇ ਅੰਮ੍ਰਿਤ ਦਾ ਪ੍ਰਵਾਹ ਚਲੇਗਾ।[450]

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਥਾਨ ਨੂੰ ਗੁਰੂ ਕੀ ਕਾਸ਼ੀ ਦੇ ਰੂਪ ਵਿਚ ਪ੍ਰਗਟ ਕੀਤਾ। ਇਸ ਸਥਾਨ ਤੇ ਮਹੱਤਵਪੂਰਨ ਕਾਰਜ ਕੀਤੇ। ਇਥੇ ਭਾਈ ਮਨੀ ਸਿੰਘ ਸ਼ਹੀਦ ਅਤੇ ਬਾਬਾ ਦੀਪ ਸਿੰਘ ਸ਼ਹੀਦ ਨੂੰ ਲਿਖਾਰੀ ਨਿਯਤ ਕਰਕੇ ਨੌਵੇਂ ਪਾਤਸ਼ਾਹ ਦੀ ਬਾਣੀ ਦਰਜ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਮਾਣਿਕ ਸਰੂਪ ਤਿਆਰ ਕੀਤਾ। ਇਹ ਬੀੜ ਦਮਦਮੀ ਬੀੜ ਦੇ ਨਾਮ ਨਾਲ ਪ੍ਰਸਿਧ ਹੋਈ। ਇਸ ਸਥਾਨ ਤੇ ਹੀ ਅਖੰਡ ਪਾਠ ਦੀ ਵਿਧੀ ਸ਼ੁਰੂ ਕੀਤੀ। ਇਥੋਂ ਹੀ ਸੰਪ੍ਰਦਾਈ ਅਰਥਾਂ ਦੀ ਟਕਸਾਲ ਚਲੀ। ਲਿਖਣਸਰ ਸਰੋਵਰ ਵਿਚ ਸਿਆਹੀ ਅਤੇ ਕਲਮਾਂ ਪਾਕੇ ਇਸ ਸਥਾਨ ਨੂੰ ਵਰਦਾਨ ਦਿਤਾ ਕਿ ਇਹ ਗੁਰੂ ਕੀ ਕਾਸ਼ੀ ਸਥਾਪਨ ਕੀਤੀ ਹੈ ਇਥੇ ਬੈਲ ਬੁਧੀ ਵਾਲੇ ਵੀ ਪੜ੍ਹਨਗੇ ਅਤੇ ਵਿਦਵਾਨ ਬਣਨਗੇ।[451] ਗਿਆਨੀ ਜੀ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਇਸ ਸਥਾਨ ਤੇ ਨੌ ਮਹੀਨੇ, ਨੌ ਦਿਨ, ਨੌ ਪਹਿਰ, ਨੌ ਘੜੀਆਂ, ਨੌ ਪਲ ਠਹਿਰੇ।[452] ਦਸਮ ਗੁਰੂ ਜੀ ਬਾਬਾ ਦੀਪ ਸਿੰਘ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਜਥੇਦਾਰ ਨਿਯਤ ਕਰਕੇ ਦੱਖਣ ਵਲ ਚਲੇ ਗਏ।

ਗਿਆਨੀ ਜੀ ਨੇ ਸ੍ਰੀ ਦਮਦਮਾ ਸਾਹਿਬ ਦੇ ਹੋਰ ਇਤਿਹਾਸਕ ਸਥਾਨਾਂ ਦਾ ਇਤਿਹਾਸ ਵੀ ਸੰਖੇਪ ਵਿਚ ਅੰਕਿਤ ਕੀਤਾ ਹੈ, ਇਹ ਸਥਾਨ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀ, ਲਿਖਣਸਰ, ਗੁਰੂਸਰ, ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਂਵੀ ਅਤੇ ਦਸਵੀਂ, ਅਕਾਲਸਰ, ਗੁਰਦੁਆਰਾ ਜੰਡਸਰ, ਗੁਰਦੁਆਰਾ ਮਹੱਲਸਰ, ਗੁਰਦੁਆਰਾ ਮਾਤਾ ਸੁੰਦਰੀ ਜੀ, ਗੁਰਦੁਆਰਾ ਨਾਨਕਸਰ, ਗੁਰਦੁਆਰਾ ਭਾਈ ਬੀਰ ਸਿੰਘ ਧੀਰ ਸਿੰਘ, ਭੋਰਾ ਬਾਬਾ ਦੀਪ ਸਿੰਘ ਸ਼ਹੀਦ, ਬੁਰਜ ਬਾਬਾ ਦੀਪ ਸਿੰਘ ਸ਼ਹੀਦ, ਬੁੰਗਾ ਮਸਤੂਆਣਾ ਆਦਿ ਹਨ। ਇਸ ਤਰ੍ਹਾਂ ਗਿਆਨੀ ਜੀ ਨੇ ਦਮਦਮਾ ਸਾਹਿਬ ਦਾ ਇਤਿਹਾਸ ਲਿਖਦਿਆਂ ਉਥੋਂ ਦੀ ਭੂਗੋਲਿਕ ਸਥਿਤੀ, ਇਤਿਹਾਸ ਅਤੇ ਵਰਤਮਾਨ ਪ੍ਰਬੰਧ ਬਾਰੇ ਬਿਆਨ ਕੀਤਾ ਹੈ।

---

450 ਉਹੀ, *ਸੰਖੇਪ ਇਤਿਹਾਸ ਸ੍ਰੀ ਦਮਦਮਾ ਸਾਹਿਬ ਗੁਰੂ ਕਾਸ਼ੀ*, ਪੰਨਾ 4.

451 ਉਹੀ, ਪੰਨਾ 5.

452 ਉਹੀ, ਪੰਨਾ 6.

(2) **ਗੁਰਦੁਆਰਾ ਕੌਲ ਸਾਹਿਬ:** ਗੁਰਦੁਆਰਾ ਕੌਲ ਸਾਹਿਬ ਦਾ ਇਤਿਹਾਸ ਗਿਆਨੀ ਜੀ ਨੇ *ਬਾਬਾ ਕੌਲ ਸਾਹਿਬ* ਕਿਤਾਬਚੇ ਵਿਚ ਅੰਕਿਤ ਕੀਤਾ ਹੈ। ਇਹ ਪਿੰਡ ਕੋਠਾ ਗੁਰੂ ਦਾ ਉਹ ਇਤਿਹਾਸਕ ਸਥਾਨ ਹੈ ਜਿਥੇ ਬਾਬਾ ਮਿਹਰਵਾਨ ਜੀ, ਹਰਿ ਜੀ, ਚਤੁਰਭੁਜ ਜੀ ਅਤੇ ਬਾਬਾ ਕੌਲ ਸਾਹਿਬ ਰਹਿੰਦੇ ਸਨ। ਇਸ ਸਥਾਨ ਤੇ ਪੰਜਾਬੀ ਵਿਚ ਵਾਰਤਕ ਗ੍ਰੰਥ ਸੰਪਾਦਿਤ ਕੀਤੇ ਗਏ, ਕਵਿਤਾ ਦਾ ਵਿਕਾਸ ਹੋਇਆ, ਸਿੱਖ ਇਤਿਹਾਸ ਤੇ ਫਿਲਾਸਫੀ ਦੇ ਗ੍ਰੰਥ, ਜਨਮ ਸਾਖੀਆਂ, ਗੁਰਬਾਣੀ ਦੇ ਭਾਸ਼, ਪਰਮਾਰਥ ਅਤੇ ਟੀਕੇ ਕੀਤੇ ਗਏ। ਇਸ ਸਥਾਨ ਦਾ ਨਾਮਕਰਣ ਬਾਬਾ ਅਭੈ ਸਿੰਘ ਨੇ ਆਪਣੇ ਪੂਜਨੀਕ ਬਜ਼ੁਰਗ ਬਾਬਾ ਕੌਲ ਜੀ ਦੇ ਨਾਂ 'ਤੇ ਕੀਤਾ ਜੋ ਗੁਰਦੁਆਰਾ ਕੌਲ ਸਾਹਿਬ ਦੇ ਨਾਂ ਨਾਲ ਪ੍ਰਸਿਧ ਹੋਇਆ।

ਗਿਆਨੀ ਜੀ ਬਾਬਾ ਕੌਲ ਜੀ ਬਾਰੇ ਲਿਖਦੇ ਹਨ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਵਧੇਰੇ ਸਮਾਂ ਪਿੰਡ ਢਿਲਵਾਂ ਵਿਚ ਗੁਜ਼ਾਰਿਆ। ਇਥੇ ਹੀ ਆਪ ਜੀ ਦਾ ਮਿਲਾਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਇਆ ਅਤੇ ਦਸਮ ਪਾਤਸ਼ਾਹ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਦਸਮ ਗੁਰੂ ਜੀ ਦੀ ਆਗਿਆ ਨਾਲ ਪਿੰਡ ਕੋਠਾ ਗੁਰੂ ਚਲੇ ਗਏ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਗਿਆਨੀ ਜੀ ਨੇ ਇਸ ਸਥਾਨ ਦੀ ਵਰਤਮਾਨ ਹਾਲਤ ਬਿਆਨ ਕਰਦਿਆਂ ਦਸਿਆ ਹੈ ਕਿ ਇਹ ਗੁਰਦੁਆਰਾ ਸਾਹਿਬ ਗੁਰਦੁਆਰਾ ਐਕਟ 1959 ਦੀ ਸੋਧ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਚੁੱਕਾ ਹੈ।[453] ਇਸ ਤਰ੍ਹਾਂ ਇਸ ਕਿਤਾਬਚੇ ਵਿਚ ਗੁਰਦੁਆਰਾ ਕੌਲ ਸਾਹਿਬ ਦੇ ਇਤਿਹਾਸ ਬਾਰੇ ਖੋਜ ਭਰਪੂਰ ਜਾਣਕਾਰੀ ਮੁਹੱਈਆਂ ਕਰਵਾਈ ਹੈ ਜੋ ਭਵਿੱਖ ਵਿਚ ਖੋਜਾਰਥੀਆਂ ਲਈ ਲਾਹੇਵੰਦ ਹੋਵੇਗੀ।

(3) **ਗੁਰਦੁਆਰਾ ਗੁਰੂਸਰ ਨਥਾਣਾ:** ਇਸ ਸਥਾਨ ਦਾ ਇਤਿਹਾਸ ਗਿਆਨੀ ਜੀ ਨੇ *ਗੁਰਦੁਆਰਾ ਗੁਰੂਸਰ ਨਥਾਣਾ* ਕਿਤਾਬਚੇ ਵਿਚ ਅੰਕਿਤ ਕੀਤਾ ਹੈ। ਗਿਆਨੀ ਜੀ ਨੇ ਦਸਿਆ ਹੈ ਕਿ ਇਹ ਉਹ ਪਵਿੱਤਰ ਸਥਾਨ ਹੈ ਜਿਥੇ ਸ੍ਰੀ ਹਰਿਗੋਬਿੰਦ ਸਾਹਿਬ ਜੀ ਮਰਾਝ ਦੀ ਜੰਗ ਸਮੇਂ 21 ਦਿਨ ਠਹਿਰੇ ਸਨ। ਇਹ ਕਾਲੂ ਨਾਥ ਦਾ ਨਾਥ+ਆਣਾ (ਡੇਰਾ) ਸੀ। ਛੇਵੇਂ ਪਾਤਸ਼ਾਹ ਕਾਲੂ ਨਾਥ ਦੀ ਬੇਨਤੀ ਪ੍ਰਵਾਨ ਕਰਕੇ ਇਸ ਸਥਾਨ 'ਤੇ ਰਿਹਾਇਸ਼ ਕੀਤੀ। ਇਸ ਡੇਰੇ ਦੇ ਨਾਲ ਹੀ ਇਕ ਚੌਖੰਡੀ (ਚਾਰ ਪੱਕੇ ਥਮਲਿਆਂ ਉਪਰ ਇਕ ਉਚਾ ਮਕਾਨ) ਸੀ ਜਿਥੇ ਸਤਿਗੁਰੂ ਜੀ ਦੇ ਸਿੱਖ ਦਿਨ ਰਾਤ ਪਹਿਰਾ ਦਿੰਦੇ ਸਨ। ਇਸ ਸਮੇਂ ਛੇਵੇਂ ਪਾਤਸ਼ਾਹ ਨੇ ਇਲਾਕਾ ਨਿਵਾਸੀਆਂ ਤੇ ਅਨੇਕਾਂ ਉਪਕਾਰ ਕੀਤੇ। ਧਰਮ, ਅਣਖ, ਗੈਰਤ, ਸਵੈਮਾਨ ਨਾਲ ਰਹਿਣ ਦਾ ਉਪਦੇਸ ਦਿਤਾ। ਮਲਵਈਆਂ ਨੂੰ ਸੰਗਠਤ ਕਰਕੇ ਸਿੱਖੀ, ਨਾਮ, ਬਾਣੀ ਨਾਲ ਜੋੜਿਆ।[454]

---

453 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਬਾਬਾ ਕੌਲ ਸਾਹਿਬ*, ਪੰਨਾ 16.

454 ਉਹੀ, *ਗੁਰਦੁਆਰਾ ਗੁਰੂਸਰ ਨਥਾਣਾ*, ਪੰਨਾ 6.

ਮਿਸਲਾਂ ਦੇ ਸਮੇਂ ਨਿਰਮਲੇ ਅਤੇ ਉਦਾਸੀ ਸੰਤਾਂ ਨੇ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਿਆਂ ਦੀ ਨਿਸ਼ਾਨਦੇਹੀ ਕੀਤੀ ਤਾਂ ਨਥਾਣੇ ਵਿਚ ਉਨੀਵੀਂ ਸਦੀ ਵਿਚ ਗੁਰਦੁਆਰਾ ਕਾਇਮ ਕੀਤਾ।[455] ਵਰਤਮਾਨ ਸਮੇਂ ਵਿਚ ਇਹ ਸਥਾਨ ਨਥਾਣੇ ਵਿਚ ਗੁਰਦੁਆਰਾ ਗੁਰੂਸਰ ਦੇ ਨਾਂ ਤੇ ਪ੍ਰਸਿਧ ਹੈ।

**(4) ਗੁਰਦੁਆਰਾ ਗੁੰਗਸਰ**: ਇਸ ਸਥਾਨ ਦਾ ਇਤਿਹਾਸ ਗਿਆਨੀ ਜੀ ਨੇ *ਗੁਰਦੁਆਰਾ ਗੁੰਗਸਰ ਸਾਹਿਬ* ਕਿਤਾਬਚੇ ਵਿਚ ਅੰਕਿਤ ਕੀਤਾ ਹੈ। ਇਹ ਪਿੰਡ ਕੋਠਾ ਗੁਰੂ ਦਾ ਉਹ ਪਾਵਨ ਸਥਾਨ ਹੈ ਜਿਥੇ ਦਸਮ ਪਾਤਸ਼ਾਹ ਨੇ ਗੂੰਗੇ ਬਾਲਕ ਨੂੰ ਜ਼ੁਬਾਨ ਬਖਸ਼ ਕੇ ਪਿੰਡ ਕੋਠਾ ਗੁਰੂ ਦਾ ਨਾਮਕਰਣ ਕੀਤਾ। ਗਿਆਨੀ ਜੀ ਨੇ ਦਸਿਆ ਹੈ ਕਿ 'ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਿੰਡ ਕੋਠਾ ਗੁਰੂ ਵਿਚ ਆਏ ਤਾਂ ਇਥੇ ਲੋਕ ਪਸ਼ੂ ਚਾਰ ਰਹੇ ਸਨ। ਇਨ੍ਹਾਂ ਚਰਵਾਹਿਆਂ ਵਿਚ ਇਕ ਗੂੰਗਾ ਬੱਚਾ ਵੀ ਸੀ। ਸਤਿਗੁਰੂ ਜੀ ਇਸ ਦੇ ਨਜ਼ਦੀਕ ਆਏ ਅਤੇ ਬਾਲਕ ਤੋਂ ਪਿੰਡ ਦਾ ਨਾਂ ਪੁੱਛਿਆ। ਬਾਲਕ ਗੂੰਗਾ ਹੋਣ ਕਾਰਣ ਬੋਲਣ ਤੋਂ ਅਸਮਰੱਥ ਸੀ। ਸਤਿਗੁਰੂ ਜੀ ਨੇ ਕ੍ਰਿਪਾ ਕੀਤੀ, ਪ੍ਰਸੰਨ ਮੁਖ ਬਚੇ ਨਾਲ ਨੇਤਰ ਮਿਲਾਏ ਅਤੇ ਗੂੰਗਾ ਬਾਲਕ ਬੋਲਣ ਲਗ ਪਿਆ। ਸਤਿਗੁਰੂ ਜੀ ਨੇ ਮੁਸਕਰਾ ਕੇ ਪਿੰਡ ਦਾ ਨਾਮ ਪੁੱਛਿਆ। ਬੱਚੇ ਨੇ ਨਿਮਰਤਾ ਨਾਲ ਉਤਰ ਦਿਤਾ ਪਿੰਡ ਦਾ ਨਾਮ ਕੋਠਾ ਪ੍ਰਿਥੀ ਚੰਦ ਦਾ ਹੈ। ਸਤਿਗੁਰੂ ਜੀ ਨੇ ਕਿਹਾ ਭਾਈ 'ਕੋਠਾ ਪ੍ਰਿਥੀ ਚੰਦ ਦਾ' ਨਹੀਂ 'ਕੋਠਾ ਗੁਰੂ ਕਾ' ਹੈ।[456] ਇਸ ਸਥਾਨ 'ਤੇ ਗੁਰਦੁਆਰਾ ਗੁੰਗਸਰ ਸਥਿਤ ਹੈ। ਗਿਆਨੀ ਜੀ ਨੇ ਗੁਰਦੁਆਰਾ ਗੁੰਗਸਰ ਦੇ ਇਤਿਹਾਸ ਅਤੇ ਵਰਤਮਾਨ ਸਮੇਂ ਤਕ ਦੇ ਵਿਕਾਸ ਬਾਰੇ ਵਿਸਤਾਰ ਨਾਲ ਅੰਕਿਤ ਕੀਤਾ ਹੈ। ਗੁਰੂ ਸਾਹਿਬ ਦੇ ਵਰਦਾਨ ਸਦਕਾ ਇਸ ਸਥਾਨ 'ਤੇ ਗੂੰਗੇ ਬਚਿਆਂ ਨੂੰ ਜ਼ੁਬਾਨ ਮਿਲਦੀ ਹੈ। ਗਿਆਨੀ ਜੀ ਅਨੁਸਾਰ ਗੁਰਦੁਆਰਾ ਗੁੰਗਸਰ ਵਿਚ ਜੋ ਬਾਰਾਂ ਮੱਸਿਆ ਸ਼ਰਧਾ ਨਾਲ ਹਾਜ਼ਰੀਆਂ ਭਰਦੇ ਹਨ ਉਨ੍ਹਾਂ ਵਿਚੋਂ ਬਹੁਤੇ ਬੱਚਿਆਂ ਨੂੰ ਬੋਲਣ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ।[457]

**(5) ਗੁਰਦੁਆਰਾ ਲੋਹਗੜ੍ਹ ਦੀਨਾ**: ਗਿਆਨੀ ਜੀ ਨੇ ਗੁਰਦੁਆਰਾ ਲੋਹਗੜ੍ਹ ਸਾਹਿਬ ਦੀਨਾ ਦਾ ਇਤਿਹਾਸ *ਗੁਰਦੁਆਰਾ ਲੋਹਗੜ੍ਹ ਦੀਨਾ* ਕਿਤਾਬਚੇ ਵਿਚ ਅੰਕਿਤ ਕੀਤਾ ਹੈ। ਇਸ ਕਿਤਾਬਚੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੀਨੇ ਜਾਣ ਅਤੇ ਦੀਨੇ ਵਿਚ ਕੀਤੇ ਮਹਤਵਪੂਰਨ ਕਾਰਜਾਂ ਬਾਰੇ ਦਸਿਆ ਹੈ। ਭਾਈ ਸ਼ਮੀਰ ਦਾ ਖ਼ਾਨਦਾਨ ਅਤੇ ਲੋਹਗੜ੍ਹ ਦੀਨਾ ਦੀ ਵਰਤਮਾਨ ਸੇਵਾ ਬਾਰੇ ਵੀ ਬਿਆਨ ਕੀਤਾ ਹੈ।

ਲੇਖਕ ਨੇ ਦਸਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਤੋਂ ਬਾਅਦ ਗੁਰਦੁਆਰਾ ਲੋਹਗੜ੍ਹ ਸਾਹਿਬ (ਦੀਨਾ) ਨੂੰ ਆਪਣਾ ਕੇਂਦਰੀ ਸਥਾਨ ਬਣਾਇਆ। ਦੀਨੇ ਵਿਚ ਮਾਲਵੇ ਨੂੰ ਸਭ ਤੋਂ ਵਧ ਅਨਾਜ ਦੇਣ ਵਾਲੀ ਧਰਤੀ ਦਾ ਵਰਦਾਨ ਦਿਤਾ। ਭਾਈ ਸਮੀਰ ਨੇ ਦੀਨੇ ਵਿਚ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਇਸ ਸਥਾਨ 'ਤੇ ਸਤਿਗੁਰੂ ਜੀ ਨੇ ਅੰਮ੍ਰਿਤ ਪ੍ਰਚਾਰ ਕੀਤਾ। ਇਸ ਸਥਾਨ ਤੋਂ ਹੀ ਦਸਮ ਪਾਤਸ਼ਾਹ ਨੇ

---

455 ਉਹੀ, ਪੰਨਾ 14.

456 ਉਹੀ, *ਗੁਰਦੁਆਰਾ ਗੁੰਗਸਰ*, ਪੰਨਾ 5.

457 ਉਹੀ, ਪੰਨਾ 14.

ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖ ਕੇ ਭੇਜਿਆ। ਇਸ ਤਰ੍ਹਾਂ ਦਸਮ ਪਾਤਸ਼ਾਹ ਦੇ ਇਤਿਹਾਸਕ ਅਸਥਾਨ ਨਾਲ ਸੰਬੰਧਿਤ ਇਹ ਮਹੱਤਵਪੂਰਨ ਲੇਖ ਹੈ।

ਇਸ ਤਰ੍ਹਾਂ ਗਿਆਨੀ ਜੀ ਨੇ ਆਪਣੇ ਇਲਾਕੇ ਦੇ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ ਦਾ ਇਤਿਹਾਸ ਵੀ ਅੰਕਿਤ ਕੀਤਾ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਗਿਆਨੀ ਜੀ ਦਾ ਜਿਥੇ ਆਪਣੇ ਇਲਾਕੇ ਲਈ ਮੋਹ ਸੀ ਉਥੇ ਉਹ ਆਪਣੇ ਇਲਾਕੇ ਵਿਚ ਹੋਏ ਇਤਿਹਾਸਕ ਕਾਰਨਾਮਿਆਂ ਨੂੰ ਅੰਕਿਤ ਕਰਨ ਲਈ ਤਤਪਰ ਸਨ। ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਇਹ ਅਸਥਾਨ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਰੱਖਦੇ ਹਨ। ਤਖ਼ਤ ਸ੍ਰੀ ਦਮਦਮਾ ਸਾਹਿਬ ਸਿੱਖ ਪੰਥ ਦਾ ਚੌਥਾ ਤਖਤ ਹੈ। ਗਿਆਨੀ ਜੀ ਨੇ ਦਮਦਮਾ ਸਾਹਿਬ ਦਾ ਇਤਿਹਾਸ ਤਿੱਥਾਂ ਦੇ ਅਧਾਰ ’ਤੇ ਕਾਲਕ੍ਰਮ ਅਨੁਸਾਰ ਲਿਖਿਆ ਹੈ। ਗਿਆਨੀ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਬਾਰੇ ਪਹਿਲੀ ਵਾਰ ਉਦੋਂ ਲਿਖਿਆ ਜਦੋਂ ਤਖ਼ਤ ਸਾਹਿਬ ਦੀ ਮਾਨਤਾ ’ਤੇ ਮਹੰਤਾਂ ਦੇ ਪ੍ਰਬੰਧ ਕਾਰਨ ਪ੍ਰਸ਼ਨ ਚਿੰਨ੍ਹ ਲੱਗ ਰਹੇ ਸਨ। ਉਸ ਸਮੇਂ ਗਿਆਨੀ ਜੀ ਨੇ ਤਖਤ ਸ੍ਰੀ ਦਮਦਮਾ ਸਾਹਿਬ ਟਰੈਕਟ ਛਾਪਿਆ ਜਿਸ ਵਿਚ ਦਲੀਲਾਂ ਸਹਿਤ ਤਖ਼ਤ ਸਾਹਿਬ ਦੀ ਮਾਨਤਾ ਨੂੰ ਸਿੱਧ ਕੀਤਾ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਦਮਦਮਾ ਸਾਹਿਬ ਦਾ ਵਿਸਤਾਰ ਨਾਲ ਇਤਿਹਾਸ ਅੰਕਿਤ ਕੀਤਾ ਜੋ ਕਿ ਬਹੁਤ ਮਹੱਤਵਪੂਰਨ ਹੈ। ਇਸ ਵਿਚ ਗਿਆਨੀ ਜੀ ਨੇ ਸ੍ਰੋਤਾਂ ਦੇ ਅਧਾਰ ਦੇ ਇਤਿਹਾਸ ਅੰਕਿਤ ਕੀਤਾ ਹੈ। ਇਸ ਤੋਂ ਇਲਾਵਾ ਗੁਰਦੁਆਰਾ ਗੁੰਗਸਰ, ਗੁਰਦੁਆਰਾ ਕੌਲਸਰ, ਲੋਹਗੜ੍ਹ ਸਾਹਿਬ ਦੀਨਾ ਆਦਿ ਗੁਰਦੁਆਰਿਆਂ ਬਾਰੇ ਵੀ ਲਿਖਿਆ ਹੈ। ਉਨ੍ਹਾਂ ਨੇ ਇਨ੍ਹਾਂ ਅਸਥਾਨਾਂ ਦੀ ਭੂਗੋਲਿਕ ਸਥਿਤੀ, ਇਤਿਹਾਸ, ਵਰਤਮਾਨ ਪ੍ਰਬੰਧ, ਨਿਸ਼ਾਨੀਆਂ, ਪੁਰਾਤਾਨ ਅਤੇ ਵਰਤਮਾਨ ਸਥਿਤੀ ਬਾਰੇ ਵਿਸਤਾਰ ਨਾਲ ਦਸਿਆ ਹੈ। ਗਿਆਨੀ ਜੀ ਦੁਆਰਾ ਕੀਤਾ ਇਹ ਕਾਰਜ ਗੁਰਅਸਥਾਨਾਂ ’ਤੇ ਕਾਰਜ ਕਨ ਵਾਲੇ ਖੋਜਾਥੀਆਂ ਅਤੇ ਵਿਦਵਾਨਾਂ ਲਈ ਸਹਾਇਕ ਸਿੱਧ ਹੋਵੇਗਾ।

**(ਗ) ਜਾਤਾਂ ਗੋਤਾਂ ਬਾਰੇ**: ਇਤਿਹਾਸ ਲਿਖਦੇ ਸਮੇਂ ਗਿਆਨੀ ਜੀ ਨੇ ਕਈ ਗੋਤਾਂ ਜਿਵੇਂ ਸਿੱਧੂ, ਮਾਨ ਅਤੇ ਚੀਮਾ ਗੋਤ ਦਾ ਇਤਿਹਾਸ ਵੀ ਅੰਕਿਤ ਕੀਤਾ ਹੈ। ਇਨ੍ਹਾਂ ਗੋਤਾਂ ਦਾ ਸੰਬੰਧ ਉਨ੍ਹਾਂ ਵਿਅਤਕੀਆਂ ਨਾਲ ਹੈ ਜਿਨ੍ਹਾਂ ਦੇ ਜੀਵਨ ਗਿਆਨ ਜੀ ਨੇ ਲਿਖੇ ਹਨ। ਇਨ੍ਹਾਂ ਗੋਤਾਂ ਬਾਰੇ ਸੰਖੇਪ ਵਿਚ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:

**(1) ਸਿੱਧੂ**: ਸਿੱਧੂ ਵੰਸ਼ ਦਾ ਇਤਿਹਾਸ ਗਿਆਨੀ ਜੀ ਨੇ ਆਪਣੀ ਪੁਸਤਕ *ਵਿਦਿਆਸਾਰ ਦਾ ਵਿਦਿਆਸਾਗਰ* ਵਿਚ ਅੰਕਿਤ ਕੀਤਾ ਹੈ। ਭਾਈ ਡੂੰਮਨ ਸਿੰਘ ਦਾ ਜਨਮ ਸਿੱਧੂ ਵੰਸ਼ ਵਿਚ ਹੋਇਆ। ਸਿੱਧੂ ਵੰਸ਼ ਦਾ ਇਤਿਹਾਸ ਗੌਰਵਸ਼ਾਲੀ ਹੈ। ਗਿਆਨੀ ਜੀ ਨੇ ਦਸਿਆ ਹੈ ਕਿ ਸਿੱਧੂ ਗੋਤ ਦੀ ਸ਼੍ਰਿਖਲਾ ਭਗਵਾਨ ਕ੍ਰਿਸ਼ਨ ਜੀ ਨਾਲ ਜਾ ਮਿਲਦੀ ਹੈ। ਪੁਰਾਣਾਂ ਅਨੁਸਾਰ ਸਿੱਧੂਆਂ ਨੂੰ ਚੰਦ੍ਰ ਵੰਸ਼ੀ ਹੋਣ ਦਾ ਮਾਣ ਪ੍ਰਾਪਤ ਹੈ। ਇਸ ਵੰਸ਼ ਵਿਚ 12ਵੀਂ ਸਦੀ ’ਚ ਤਪ-ਤੇਜ, ਪ੍ਰਤਾਪ ਵਾਲਾ ਜੈਸਲ ਰਾਉ ਪ੍ਰਸਿਧ ਪੁਰਸ਼ ਹੋਇਆ ਹੈ। ਇਸ ਨੇ ਰਾਜਧਾਨੀ ‘ਲਧਰਵਾ’ ਦਾ ਤਿਆਗ ਕਰਕੇ 1155 ਈ. ਵਿਚ ਆਪਣੇ ਨਾਮ ’ਤੇ ‘ਜੈਸਲਮੇਰ’ ਕਿਲ੍ਹਾ ਬਣਾ ਕੇ ਰਾਜਧਾਨੀ ਕਾਇਮ ਕੀਤੀ। ਇਸ ਸਮੇਂ ਇਹ ਰਾਜਪੂਤ ਕਹਾਉਣ ਵਿਚ ਮਾਣ ਸਮਝਦੇ ਸਨ। 1167 ਈ. ਵਿਚ ਰਾਉ ਜੈਸਲ ਦੀ ਮੌਤ ਹੋ ਗਈ। ਰਾਉ ਜੈਸਲ ਦੇ ਕਾਲਿਨ, ਸਾਲ ਵਾਹਨ, ਪੇਮ ਅਤੇ ਹੇਮ ਚਾਰ ਪੁੱਤਰ ਹੋਏ। ਹੇਮ ਤਖ਼ਤ ’ਤੇ

ਬੈਠਾ। ਹੇਮ ਦਾ ਪੁੱਤਰ ਜੂੰਧਰ ਹੋਇਆ। ਜੂੰਧਰ ਦੇ 21 ਪੁੱਤਰ ਸਨ ਜਿਨ੍ਹਾਂ ਦੇ ਨਾਵਾਂ 'ਤੇ 21 ਗੋਤ ਚਲੇ। ਜੂੰਧਰ ਦਾ ਉਤਰਾਧਿਕਾਰੀ ਬਿਟੇ ਰਾਉ ਬਣਿਆ। ਫਿਰ ਮੰਗਲ ਰਾਉ, ਅਨੰਦ ਰਾਉ, ਖੀਵਾ ਰਾਉ ਅਤੇ ਸਿੱਧੂ ਰਾਉ ਕ੍ਰਮਵਾਰ ਉਤਰਾਧਿਕਾਰੀ ਹੋਏ। ਰਾਉ ਖੀਵੇ ਸਮੇਂ ਰਾਜਪੂਤੀ ਦਾ ਅਭਿਮਾਨ ਤਿਆਗ ਕੇ 'ਜੱਟ ਜਾਤੀ' ਦਾ ਸ਼ਿੰਗਾਰ ਬਣੇ। ਇਸੇ ਕਰਕੇ ਖੀਵੇ ਦੇ ਪੁੱਤਰ ਸਿੱਧੂ ਦੇ ਨਾਂਉ 'ਤੇ ਨਵਾਂ ਗੋਤ 'ਸਿੱਧੂ' ਆਰੰਭ ਹੋਇਆ।[458]

ਸਿੱਧੂ ਦੇ ਛੇ ਪੁੱਤਰ ਰਾਉ ਭੂਰ, ਦਾਹੜ, ਸੂਰਾ, ਰੂਪਾ, ਮਹਾਂ ਅਤੇ ਵਾਪਯਾ ਸਨ। ਭੂਰ ਦਾ ਪੁੱਤਰ ਭੱਯਾ ਸੀ ਜਿਸ ਨੇ 'ਬੀਰ' ਦਾ ਖ਼ਤਾਬ ਧਾਰਨ ਕੀਤਾ। ਇਸ ਵਾਸਤੇ ਇਹ 'ਬੀਰ' ਦੇ ਨਾਮ ਨਾਲ ਹੀ ਪ੍ਰਸਿਧ ਹੈ। ਬੀਰ ਦੇ ਦੋ ਪੁੱਤਰ ਤਿਲਕ ਰਾਉ ਅਤੇ ਸੰਤ ਰਾਉ ਸਨ। ਤਿਲਕ ਰਾਉ ਸਾਧੂ ਬਣ ਗਿਆ। ਸਾਰੇ ਸਿੱਧੂ ਵੰਸ਼ ਦੇ ਲੋਕ ਇਸਦੀ ਪੂਜਾ ਮਾਨਤਾ ਕਰਦੇ ਹਨ ਅਤੇ ਇਸ ਦੇ ਸਥਾਨ ਨੂੰ 'ਸਿੱਧ ਤਿਲਕਰਾ' ਕਹਿੰਦੇ ਹਨ। ਪਿੰਡ ਅਬਲੂ ਦਾ ਸਿੱਧ ਤਿਲਕਰਾ ਪ੍ਰਸਿਧ ਹੈ। ਦੂਜਾ ਸਥਾਨ ਪਿੰਡ ਮਰਾਝ ਵਿਚ ਹੈ। ਸੰਤ ਰਾਉ ਆਗੂ ਬਣਿਆ। ਸੰਤ ਰਾਉ ਦਾ ਪੁੱਤਰ ਗੋਲ, ਗੋਲ ਰਾਉ ਦੇ ਮੇਹਰਾ, ਮੇਹਰੇ ਦਾ ਪੁੱਤਰ ਹਬੀਰ, ਹਬੀਰ ਦਾ ਪੁੱਤਰ 'ਬਰਾੜ' ਸੀ।[459]

'ਬੈਰਾੜ' ਅਕਹਿ ਤਪ-ਤੇਜ ਵਾਲਾ ਸੂਰਮਾ ਤੇਗ ਦਾ ਧਨੀ, ਦਾਨੀ, ਦੀਨ-ਦੁਖੀਆਂ ਦਾ ਹਿਤੈਸ਼ੀ ਮਹਾਨ ਪੁਰਸ਼ ਹੋਇਆ ਹੈ। ਬੈਰਾੜ ਦੇ ਸਮੇਂ ਵਿਚ ਸਿੱਧੂਆਂ ਨੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਹਰ ਮੈਦਾਨ ਵਿਚ ਮੱਲਾਂ ਮਾਰੀਆਂ। ਸਿੱਧੂ ਵੰਸ਼ ਦੀਆਂ ਸਾਰੀਆਂ ਉਪ ਸ਼ਾਖਾਂ ਵਿਚ ਬੈਰਾੜ ਦਾ ਸਤਿਕਾਰ ਬਰਾਬਰ ਚਲਿਆ ਆ ਰਿਹਾ ਹੈ। ਸਿੱਧੂ ਵੰਸ਼ ਦਾ ਹਰ ਵਿਅਕਤੀ ਆਪਣੇ ਨਾਮ ਨਾਲ 'ਬੈਰਾੜ' ਦੀ ਵਰਤੋਂ ਕਰਕੇ ਮਾਣ ਅਨੁਭਵ ਕਰਦਾ ਹੈ। ਵਰਤਮਾਨ ਸਮੇਂ ਵਿਚ 'ਬੈਰਾੜ' ਨੂੰ 'ਬਰਾੜ' ਲਿਖਣ ਦੀ ਪ੍ਰਵਿਰਤੀ ਹੈ।[460]

ਇਸ ਤਰ੍ਹਾਂ ਸਪੱਸ਼ਟ ਹੈ ਕਿ ਗਿਆਨੀ ਜੀ ਨੇ ਭਾਈ ਫੂੰਮਣ ਸਿੰਘ ਦੀ ਜੀਵਨੀ ਅੰਕਿਤ ਕਰਦਿਆਂ ਸਿੱਧੂ ਵੰਸ਼ ਦੇ ਇਤਿਹਾਸ 'ਤੇ ਵੀ ਚਾਨਣਾ ਪਾਇਆ ਹੈ।

**(2) ਮਾਨ:** ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਮਾਨ ਗੋਤ ਨਾਲ ਸੰਬੰਧ ਰੱਖਦੇ ਸਨ। ਮਾਨ ਗੋਤ ਬਾਰੇ ਗਿਆਨੀ ਜੀ ਨੇ ਆਪਣੀ ਪੁਸਤਕ *ਕੋਠਾ ਗੁਰੂ ਦੀ ਗੌਰਵ ਗਾਥਾ* ਵਿਚ ਅੰਕਿਤ ਕੀਤਾ ਹੈ। ਮਾਨ ਵੰਸ਼ ਦਾ ਇਤਿਹਾਸ ਗੌਰਵਸ਼ਾਲੀ ਹੈ। ਗਿਆਨੀ ਜੀ ਅਨੁਸਾਰ, 'ਮਾਲਵੇ ਵਿਚ ਅਨੇਕਾਂ ਵੰਸ਼ ਆਪਣਾ ਰਾਜ ਸਥਾਪਿਤ ਕਰਦੇ ਰਹੇ। ਇਨ੍ਹਾਂ ਵਿਚ ਅਗਨੀ ਕੁਲ, ਰਾਜਪੂਤ, ਬਿਕ੍ਰਮ ਵੰਸ਼, ਵਿਸ਼ਨੂਰਾਤ, ਨੰਦ ਵੰਸ਼, ਮੌਰੀਯ ਵੰਸ਼, ਗੁਪਤ ਰਾਜੇ, ਵਰਧਨ ਵੰਸ਼, ਹੂਣ, ਸ਼ਕ, ਸਥੀਅਨ ਆਦਿ ਸ਼ਾਮਿਲ ਹਨ। ਸੰਨ ਈਸਵੀ ਤੋਂ 150 ਸਾਲ ਪਹਿਲਾਂ ਸ਼ਕ ਜਾਤੀ ਦੇ ਆਰੀਯ ਲੋਕ ਅਤੇ ਮਾਨ ਵੰਸ਼ ਕਸ਼ਪਿਅਨ ਸਾਗਰ ਤੋਂ ਸੌਰਾਸ਼ਟਰ, ਮੱਧ ਪ੍ਰਦੇਸ਼, ਰਾਜਸਥਾਨ ਵਿਚ ਦੀ ਮਾਲਵੇ ਵਿਚ ਆਏ। ਇਹ ਉਹੀ ਮਨੂ ਅਤੇ ਤੁਸ਼ਟਾ ਰਿਸ਼ੀ ਦੀ ਸੰਤਾਨ ਸੀ ਜੋ ਦੇਵਾ-ਅਸੁਰ ਸੰਗ੍ਰਾਮ ਸਮੇਂ ਇੰਦਰ ਨੇ ਸਾਰਸ੍ਵਤ ਦੇਸ਼ ਵਿਚੋਂ ਪਸ਼ਚਮ ਵੱਲ ਕੱਢ ਦਿਤੀ ਸੀ। ਪਿਤ੍ਰੀ ਭੂਮੀ ਦਾ ਮੋਹ ਇਨ੍ਹਾਂ ਦੇ ਹੱਡਾਂ ਵਿਚ ਰਚਿਆ ਹੋਇਆ ਸੀ। ਇਨ੍ਹਾਂ ਦੇ ਵਡਾਰੂਆਂ ਦੁਆਰਾ ਪੁਸ਼ਤ-ਦਰ-ਪੁਸ਼ਤ ਇਹੀ ਉਪਦੇਸ਼

---

458 ਉਹੀ, *ਵਿਦਿਆਸਰ ਦਾ ਵਿਦਿਆਸਾਗਰ*, ਪੰਨਾ 21.

459 ਉਹੀ, ਪੰਨਾ 21.

460 ਉਹੀ, ਪੰਨਾ 22.

ਦ੍ਰਿੜ੍ਹ ਕਰਵਾਇਆ ਜਾਂਦਾ ਕਿ ਸ਼ਕਤੀ ਸੰਪੰਨ ਹੋ ਕੇ ਆਪਣੀ ਪਿਤ੍ਰੀ ਭੂਮੀ ਤੇ ਅਧਿਕਾਰ ਸਥਾਪਿਤ ਕਰਨ। ਨਤੀਜਾ ਇਹ ਨਿਕਲਿਆ ਕਿ ਤੁਸ਼ਟਾ ਰਿਸ਼ੀ ਦੀ ਸੰਤਾਨ ਨੇ ਹਮਲਾ ਕਰ ਕੇ ਆਪਣੀ ਪਿਤ੍ਰ ਭੂਮੀ ਮਾਲਵੇ ਤੇ ਅਧਿਕਾਰ ਕਰ ਲਿਆ ਅਤੇ 'ਮਾਨ ਸੰਘ' ਦਾ ਸੁਤੰਤਰ ਰਾਜ ਸਥਾਪਿਤ ਕੀਤਾ। ਅਸਲ ਵਿਚ ਮਾਲਵਾ ਮਾਨਾਂ ਦੀ ਜਿੱਤ ਨਾਲ ਹੀ ਮਾਨਵਾ/ਮਾਲਵਾ ਬਣਿਆ। ਵਰਤਮਾਨ ਸਮੇਂ ਵਿਚ ਇਹ ਲਕੋਕਤੀ ਪ੍ਰਚਲਿਤ ਹੈ ਕਿ 'ਧਰਤੀ ਮਾਨਾਂ ਦੀ'।

ਸਭ ਤੋਂ ਪਹਿਲਾਂ 'ਆਕੜਾ ਨਦੀ' ਦੇ ਕਿਨਾਰੇ ਉਪਰ ਦੋ ਨਗਰ 'ਮਾਨ ਵਾਲਾ' ਅਤੇ 'ਮਾਨੇਂਦਰਾਪੁਰੀ' ਮਾਨ ਵੰਸ਼ ਨੇ ਆਬਾਦ ਕੀਤੇ। ਮਾਨੇਂਦਰਾਪੁਰੀ ਵਰਤਮਾਨ ਕੋਠਾ ਗੁਰੂ ਦੇ ਸਥਾਨ 'ਤੇ ਆਕੜਾ ਨਦੀ ਦੇ ਕਿਨਾਰੇ 'ਤੇ ਧਨ-ਧਾਨ ਨਾਲ ਭਰਪੂਰ ਨਗਰ ਸੀ ਜਿਥੇ ਮਾਨ ਸੰਘ ਦੇ ਰਾਜਿਆਂ ਨੇ ਕਈ ਸਦੀਆਂ ਰਾਜ ਭੋਗਿਆ। ਮਾਨ ਵੰਸ਼ ਸ਼ਿਵ ਜੀ ਦਾ ਉਪਾਸ਼ਕ ਸੀ। ਇਸ ਕਰਕੇ ਇਨ੍ਹਾਂ ਨੂੰ ਸ਼ਿਵ ਗੋਤ੍ਰੀ ਕਿਹਾ ਜਾਂਦਾ ਸੀ।[461]

ਮਾਲਵੇ ਦਾ ਪ੍ਰਸਿਧ ਨਗਰ ਮਾਨੇਂਦਰਾਪੁਰੀ ਦੁਰ-ਭਿਖ, ਬੀਮਾਰੀਆਂ, ਕੁਦਰਤੀ ਆਫਤਾਂ ਅਤੇ ਇਸਲਾਮੀ ਹਮਲਿਆਂ ਕਰਕੇ ਖਤਮ ਹੋ ਗਿਆ, ਜਿਸਦਾ ਥੇਹ ਕੋਠਾ ਗੁਰੂ ਤੋਂ ਦੋ ਕਿਲੋਮੀਟਰ ਪੂਰਵ ਵੱਲ ਹੈ, ਜਿਸਨੂੰ ਹੁਣ ਮਣਹਾ ਕਹਿੰਦੇ ਹਨ। ਮਾਨੇਂਦਰਾਪੁਰੀ ਦੇ ਖੰਡਰ 'ਚ 'ਮਣਹਾ ਨਾਮ ਦੀ ਬਸਤੀ ਕੁਝ ਝੁੱਗੀਆਂ ਦਾ ਸਮੂਹ ਸੀ। ਇਸ ਬਸਤੀ ਵਿਚ ਰਹਿਣ ਵਾਲੇ ਲੋਕ ਜੰਗਲੀ ਜੀਵਨ ਬਤੀਤ ਕਰ ਰਹੇ ਸਨ। ਇਹ ਲੋਕ ਵਿਦਿਆ, ਸਾਹਿਤ ਅਤੇ ਧਰਮ ਤੋਂ ਅਗਿਆਤ ਸਨ। ਜਿਵੇਂ-ਜਿਵੇਂ ਸਮਾਂ ਲੰਘਦਾ ਗਿਆ ਇਸ ਬਸਤੀ ਦਾ ਵਿਕਾਸ ਹੁੰਦਾ ਗਿਆ ਅਤੇ ਇਹ 40-50 ਘਰਾਂ ਵਾਲਾ ਪਿੰਡ ਬਣ ਗਈ। ਮਾਨ ਵੰਸ਼ ਦੇ ਲੋਕਾਂ ਦੀ ਸ਼ਕਤੀ ਅਤੇ ਆਬਾਦੀ ਵਧਦੀ ਗਈ। ਇਹ (ਮਾਨ ਵੰਸ਼) ਵੰਸ਼ ਬਹੁਤ ਪ੍ਰਸਿਧ ਅਤੇ ਸ਼ਕਤੀ ਸੰਪੰਨ ਹੋਇਆ।[462]

ਗਿਆਨੀ ਬਲਵੰਤ ਸਿੰਘ ਮਾਨ ਵੰਸ਼ ਬਾਰੇ ਲਿਖਦੇ ਹਨ ਕਿ "ਬ੍ਰਹਮਾ ਦਾ ਪੋਤਰਾ ਮੰਨੂੰ ਸੀ ਜਿਸਨੇ 'ਮੰਨੂ ਸਿਮ੍ਰਤੀ' ਗ੍ਰੰਥ ਦੀ ਰਚਨਾ ਕੀਤੀ ਹੈ। ਭਗਵਾਨ ਮੰਨੂੰ ਤੋਂ ਹੀ ਮੈਥਿਨੀ ਸ੍ਰਿਸ਼ਟੀ ਚੱਲੀ। ਮੰਨੂ ਦੀ ਸੰਤਾਨ ਹੀ ਮਾਨ ਹੈ। ਮੰਨੂ ਦੀ ਸੰਤਾਨ ਹੋਣ ਕਾਰਨ ਹੀ ਵਿਅਕਤੀ ਨੂੰ ਮਾਨਵ ਕਿਹਾ ਜਾਂਦਾ ਹੈ। ਮਨੁਖ ਸ਼ਬਦ ਹੀ ਮੰਨੂ ਦੀ ਸੰਤਾਨ ਹੋਣ ਕਰਕੇ ਬਣਿਆ ਹੈ।[463] ਸਪੱਸ਼ਟ ਹੈ ਕਿ ਗਿਆਨੀ ਜੀ ਨੇ ਮਾਨ ਵੰਸ਼ ਦੇ ਗੌਰਵਸ਼ਾਲੀ ਇਤਿਹਾਸ ਨੂੰ ਅੰਕਿਤ ਕਰਕੇ ਇਤਿਹਾਸਕਾਰੀ ਵਿਚ ਯੋਗਦਾਨ ਪਾਇਆ।

**(3) ਚੀਮਾ**: ਗਿਆਨੀ ਬਲਵੰਤ ਸਿੰਘ ਜੀ ਨੇ ਚੀਮੇ ਵੰਸ਼ ਬਾਰੇ ਆਪਣੀ ਪੁਸਤਕ *ਅਗਮ ਅਗਾਧ ਪੁਰਖ* ਵਿਚ ਅੰਕਿਤ ਕੀਤਾ ਹੈ। *ਅਗਮ ਅਗਾਧ ਪੁਰਖ* ਸੰਤ ਅਤਰ ਸਿੰਘ ਜੀ ਦੀ ਜੀਵਨ ਕਥਾ ਹੈ। ਸੰਤ ਅਤਰ ਸਿੰਘ ਚੀਮਾ ਵੰਸ਼ ਨਾਲ ਸੰਬੰਧ ਰੱਖਦੇ ਸਨ। ਗਿਆਨੀ ਜੀ ਚੀਮਾ ਵੰਸ਼ ਬਾਰੇ ਦਸਦੇ ਹਨ ਕਿ 'ਚੀਮਾ ਵੰਸ਼ ਮਾਝੇ ਵਿਚੋਂ ਆ ਕੇ ਮਾਲਵੇ ਵਿਚ ਵਸਿਆ ਸੀ। ਪਿੰਡ ਕਾਂਗੜ (ਜ਼ਿਲ੍ਹਾ ਬਠਿੰਡਾ) ਨੂੰ ਕੇਂਦਰ ਬਣਾਇਆ। ਇਥੋਂ ਉਠ ਕੇ ਪਿੰਡ ਚੀਮਾ (ਜ਼ਿਲ੍ਹਾ ਸੰਗਰੂਰ) ਆਬਾਦ ਕੀਤਾ। ਚੀਮਿਆਂ ਦੇ ਸਰਦਾਰ ਨਾਲ ਡਸਕੇ-ਡੋਗਰੇ ਵਾਲੇ ਸਰਦਾਰ ਮਦਾਰ ਖਾਨ ਦਾ ਪ੍ਰੇਮ ਸੀ। ਪ੍ਰੇਮ ਅਧੀਨ ਦੋਨ੍ਹਾਂ ਦੀਆਂ ਪੱਗਾਂ ਵਟਾਈਆਂ ਹੋਈਆਂ ਸਨ। ਇਕ ਵਾਰ ਸਰਦਾਰ

---

461 ਉਹੀ, *ਕੋਠਾ ਗੁਰੂ ਦੀ ਗੌਰਵ ਗਾਥਾ*, ਪੰਨਾ 30.

462 ਉਹੀ, ਪੰਨਾ 31.

463 ਉਹੀ, ਪੰਨਾ 23.

ਮਦਾਰ ਖਾਨ ਪਿੰਡ ਚੀਮੇ ਆਪਣੇ ਮਿਤਰ ਨੂੰ ਮਿਲਣ ਆਇਆ। ਚੀਮਿਆਂ ਦੇ ਨੌਜਵਾਨ 'ਅੰਡੂ' ਨੇ ਕਤਲ ਕਰ ਦਿਤਾ। ਪਚਾਧੇ ਆਪਣੇ ਸਰਦਾਰ ਦੀ ਲੋਥ ਲੈ ਗਏ ਅਤੇ ਦੂਸਰੇ ਦਿਨ ਚੀਮਿਆਂ ਉਤੇ ਹਮਲਾ ਕਰ ਦਿਤਾ, ਜਿਸ ਵਿਚ ਚੀਮਿਆਂ ਦੇ 70 ਵਿਅਕਤੀ ਸ਼ਹੀਦ ਹੋ ਗਏ। ਪਿੰਡ ਉਜਾੜ ਦਿਤਾ ਗਿਆ ਅਤੇ ਚੀਮੇ ਅਹਿਮਦ ਪੁਰ (ਬੁਢਲਾਡੇ ਨਜ਼ਦੀਕ) ਜਾ ਵਸੇ। ਥੇਹ ਉਤੇ ਰਾਣੀਆਂ ਵਾਲੇ ਰੰਗੜਾਂ ਦਾ ਕਬਜ਼ਾ ਹੋ ਗਿਆ। ਰੰਗੜਾਂ ਕੋਲੋਂ ਰਾਏ ਗੈਂਡੇ (ਭਿਖੀ ਵਾਲੇ) ਨੇ ਜ਼ਮੀਨ ਖਰੀਦ ਲਈ ਕਿੰਤੂ ਥੇਹ ਆਬਾਦ ਨ ਹੋ ਸਕਿਆ। ਜੋਤਿਸ਼ ਰਾਹੀਂ ਪਤਾ ਲਗਾ ਕਿ ਅਸਲ ਮਾਲਕ ਹੀ ਪਿੰਡ ਨੂੰ ਆਬਾਦ ਕਰ ਸਕਣਗੇ। 'ਰਾਏ ਗੈਂਡੇ' ਨੇ ਅਹਿਮਦਪੁਰ ਤੋਂ ਚੀਮਿਆਂ ਦੇ ਆਗੂ 'ਬਿਗੂ' ਨੂੰ ਸੰਮਤ 1755 ਬਿ. ਵਿਚ ਲਿਆ ਕੇ ਪਿੰਡ ਦੀ ਮੋਹੜੀ ਗਡਵਾਈ। ਇਸੇ ਵੰਸ਼ ਵਿਚ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਜਨਮ ਲਿਆ।[464] ਇਸ ਤਰ੍ਹਾਂ ਸਪੱਸ਼ਟ ਹੈ ਕਿ ਗਿਆਨੀ ਜੀ ਵਿਅਕਤੀਆਂ ਦੇ ਜੀਵਨ ਲਿਖਦੇ ਹੋਏ ਉਨ੍ਹਾਂ ਦੇ ਗੋਤਾਂ ਬਾਰੇ ਵੀ ਲਿਖਿਆ ਹੈ।

ਗਿਆਨੀ ਜੀ ਨੇ ਉਪਰੋਕਤ ਗੋਤਾਂ ਦਾ ਇਤਿਹਾਸ ਵਿਅਕਤੀਆਂ ਦੇ ਜੀਵਨ ਲਿਖਦੇ ਹੋਏ ਅੰਕਿਤ ਕੀਤਾ ਹੈ ਜਿਵੇਂ ਸਿੱਧੂ ਵੰਸ਼ ਭਾਈ ਫੁੰਮਣ ਸਿੰਘ ਦਾ ਜੀਵਨ ਲਿਖਦੇ ਸਮੇਂ ਅਤੇ ਚੀਮੇ ਬਾਰੇ ਸੰਤ ਅਤਰ ਸਿੰਘ ਜੀ ਦਾ ਜੀਵਨ ਅੰਕਿਤ ਕਰਦੇ ਸਮੇਂ ਲਿਖਿਆ। ਗਿਆਨੀ ਜੀ ਖੁਦ ਮਾਨ ਗੋਤ ਨਾਲ ਸੰਬੰਧ ਰੱਖਦੇ ਸਨ ਅਤੇ ਇਸ ਗੋਤ ਬਾਰੇ ਉਨ੍ਹਾਂ ਨੇ ਕੋਠਾ ਗੁਰੂ ਦੀ ਗੌਰਵ ਗਾਥਾ ਵਿਚ ਲਿਖਿਆ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਸੰਬੰਧਿਤ ਵਿਅਕਤੀ ਦੇ ਵੰਸ਼ ਪਿਛੋਕੜ ਬਾਰੇ ਵੀ ਜਾਣਕਾਰੀ ਦਿੰਦੇ ਹਨ।

**3.4 ਕਵਿਤਾ**: ਗਿਆਨੀ ਬਲਵੰਤ ਸਿੰਘ ਜੀ ਨੇ ਲਗਭਗ ਸਾਰੀ ਰਚਨਾ ਵਾਰਤਕ ਵਿਚ ਰਚੀ। ਉਨ੍ਹਾਂ ਨੇ ਛੰਦ ਸ਼ਾਸ਼ਤਰ ਵੀ ਪੜ੍ਹਿਆ ਸੀ ਜਿਸ ਕਰਕੇ ਕਵਿਤਾ ਬਹੁਤ ਸੋਹਣੀ ਲਿਖ ਲੈਂਦੇ ਸਨ। ਉਨ੍ਹਾਂ ਨੇ ਕਵੀ ਜੈ ਕਿਸ਼ਨ ਦਾਸ ਕ੍ਰਿਤ *ਰੂਪ ਦੀਪ* ਦਾ ਟੀਕਾ ਵੀ ਕੀਤਾ ਹੈ। ਗਿਆਨੀ ਜੀ ਦੀਆਂ ਵਖ-ਵਖ ਪਤ੍ਰਿਕਾਵਾਂ ਅਤੇ ਪੁਸਤਕਾਂ ਵਿਚ ਕਵਿਤਾਵਾਂ ਵੀ ਪ੍ਰਕਾਸ਼ਿਤ ਹੋਈਆਂ। ਇਨ੍ਹਾਂ ਦਾ ਵਿਸ਼ਾ ਸੰਤਾਂ ਮਹਾਂ ਪੁਰਖਾਂ ਦੀ ਮਹਿਮਾ, ਸਮਕਾਲੀ ਪ੍ਰਸਥਿਤੀਆਂ, ਸਿੱਖ ਇਤਿਹਾਸ ਅਤੇ ਦੇਸ਼ ਪਿਆਰ ਹੈ। ਇਥੇ ਅਸੀਂ ਗਿਆਨੀ ਜੀ ਦੀਆਂ ਵਖ-ਵਖ ਪੁਸਤਕਾਂ, ਅਖ਼ਬਾਰਾਂ ਅਤੇ ਪਤ੍ਰਿਕਾਵਾਂ ਵਿਚ ਪ੍ਰਕਾਸ਼ਿਤ ਕਵਿਤਾਵਾਂ ਬਾਰੇ ਨਮੂਨੇ ਸਹਿਤ ਜਾਣਕਾਰੀ ਦੇਵਾਂਗੇ। ਕਵਿਤਾਵਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ:

(1) ਸਿੰਘ ਨੂੰ ਹਲੂਣਾ, (2) ਸ਼ਹੀਦ, (3) ਪੰਡਿਤ ਰਾਜ ਕਰਤਾਰ ਸਿੰਘ ਜੀ ਦਾਖਾ ਦੀ ਯਾਦ ਵਿਚ, (4) ਚੌਥਾ ਤਖ਼ਤ, (5) ਪ੍ਰਗਟੇ ਸ੍ਰੀ ਚੰਦਰ, (6) ਸਮਰਪਣ, (7) ਅਗੰਮੜੇ ਵਹਿਣ, (8) ਪੂਜਯ ਸੰਤ ਅਤਰ ਸਿੰਘ ਜੀ ਮਹਾਰਾਜ (ਹਿੰਦੀ), (9) ਸੰਤ ਅਤਰ ਸਿੰਘ ਜੀ ਤੇਰੀ ਜੈ ਹੋ...ਜੈ ਹੋ ਜੈ ਤੇਰੀ, (10) ਮੇਰੇ ਸੰਤ ਮਿੱਠਾ ਸਿੰਘ ਜੀ ਪਿਆਰਿਆ

**1. ਸਿੰਘ ਨੂੰ ਹਲੂਣਾ**: ਗਿਆਨੀ ਜੀ ਦੀ ਇਹ ਕਵਿਤਾ 1947 ਈ. ਵਿਚ *ਨਿਹੰਗ ਸਿੰਘ ਸੰਦੇਸ਼* ਨਾਮੀ ਮੈਗਜ਼ੀਨ ਵਿਚ ਛਪੀ ਪਰ ਸਾਨੂੰ ਇਹ ਕਵਿਤਾ ਮਾਸਿਕ ਪੰਜਾਬੀ ਪਰਵਾਨਾ ਕੋਟਕਪੂਰਾ, ਅਕਤੂਬਰ-ਨਵੰਬਰ 1954 ਵਿਚ ਛਪੀ ਮਿਲੀ ਹੈ। ਇਹ ਗਿਆਨੀ ਜੀ ਦੀ ਪਹਿਲੀ ਰਚਨਾ ਹੈ। ਇਹ ਕਵਿਤਾ ਗਿਆਨੀ ਜੀ ਨੇ

464 ਉਹੀ, *ਅਗਮ ਅਗਾਧ ਪੁਰਖ*, ਪੰਨਾ 68.

ਲਗਭਗ 14 ਸਾਲ ਦੀ ਉਮਰ ਵਿਚ ਲਿਖੀ। ਇਸ ਕਵਿਤਾ ਵਿਚ ਗਿਆਨੀ ਜੀ ਆਪਣੀਆਂ ਸਮਕਾਲੀ ਪ੍ਰਸਿਥੀਆਂ ਬਾਰੇ ਚਾਨਣਾ ਪਾਇਆ ਹੈ ਜਿਸ ਵਿਚ ਉਹ ਸਿੰਘਾਂ ਨੂੰ ਉਨ੍ਹਾਂ ਦੀ ਤਾਕਤ ਤੋਂ ਜਾਣੂ ਕਰਵਾਉਂਦੇ ਹੋਏ ਕੁਰਬਾਨੀਆਂ ਦੇਣ ਲਈ ਕਹਿ ਰਹੇ ਹਨ। ਕਵਿਤਾ ਦਾ ਨਮੂਨਾ ਨਿਮਨਲਿਖਤ ਹੈ:

**ਸਿੰਘ ਨੂੰ ਹਲੂਣਾ**

ਐ-ਖਾਲਸਾ ਜੀ ! ਤੇਰੀ ਤੇਗ ਕੋਲੋਂ ਦਿਲ ਕੰਬਦਾ ਸਭ ਪਰਾਨੀਆਂ ਦਾ।
ਬ੍ਰਹਮੀ ਪੱਛਮੀ, ਪੂਰਬੀ, ਬੰਗਾਲੀ, ਬਿਹਾਰੀਆਂ ਦਾ, ਮਦਰਾਸੀ, ਗੁਜਰਾਤੀ, ਈਰਾਨੀਆਂ ਦਾ।
ਨਿਪਾਲ, ਤਿੱਬਤ, ਖੋ-ਸਤਾਨੀਆਂ ਦਾ, ਮਿਸਰ, ਬਾਲ, ਜ਼ਾਬਾ, ਇੰਗਲਸਤਾਨੀਆਂ ਦਾ।
ਤੇਰਾ ਇਕ ਜੈਕਾਰਾ 'ਬਲਵੰਤ ਸਿੰਘਾ' ਦਿਲ ਕੰਬਦਾ ਪਿਆ ਬਰਤਾਨੀਆਂ ਦਾ।
ਬੇ-ਫਿਕਰ ਕਿਉਂ ਪਿਐਂ ਉਠ ਸਿੰਘਾਂ, ਹੁਣ ਵੇਲਾ ਹੈ ਫੇਰ ਕੁਬਾਨੀਆਂ ਦਾ।[465]

**2. ਸ਼ਹੀਦ:** ਇਹ ਕਵਿਤਾ *ਖਾਲਸਾ ਪਾਰਲੀਮੈਂਟ ਗਜ਼ਟ* ਵਿਚ ਜੂਨ 1957 ਈ. ਵਿਚ ਛਪੀ। ਇਸ ਕਵਿਤਾ ਵਿਚ ਸ਼ਹੀਦ ਦੀ ਉਪਮਾ ਕੀਤੀ ਗਈ ਹੈ। ਗਿਆਨੀ ਜੀ ਨੇ ਦਸਿਆ ਹੈ ਕਿ ਜਦੋਂ ਕੌਮ ਤੇ ਭੀੜ ਪੈਂਦੀ ਹੈ ਤਾਂ ਉਸ ਸਮੇਂ ਸ਼ਹੀਦਾਂ ਦਾ ਖ਼ੂਨ ਹੀ ਪਰਿਵਰਤਨ ਲਿਆਉਂਦਾ ਹੈ। ਕਵਿਤਾ ਨਿਮਨਲਿਖਤ ਹੈ:

ਇਹ ਕਰੇ ਅਗਵਾਈ ਮਜ਼੍ਹਬਾਂ ਦੀ, ਐਸੀ ਇਹ ਗਤ ਸ਼ਹੀਦਾਂ ਦੀ।
ਇਹ ਸਾਰੇ ਪਰਦੇ ਢਕ ਦੇਂਦੀ, ਐਸੀ ਇਹ ਪਤ ਸ਼ਹੀਦਾਂ ਦੀ।
ਡਿੱਗੀਆਂ ਹੋਈਆਂ ਕੌਮਾਂ ਨੂੰ, ਜਦ ਰਸਤਾ ਕੋਈ ਥਿਆਵੇ ਨਾ,
ਨਵਾਂ ਪਰਿਵਰਤਨ ਲਿਆ ਦੇਵੇ, ਐਸੀ ਇਹ ਰਤ ਸ਼ਹੀਦਾਂ ਦੀ।[466]

**3. ਪੰਡਿਤ ਰਾਜ ਕਰਤਾਰ ਸਿੰਘ ਜੀ ਦਾਖਾ ਦੀ ਯਾਦ ਵਿਚ:** ਇਹ ਕਵਿਤਾ *ਪੰਜਾਬੀ ਰਤਨ* ਨਾਮੀ ਹਫਤੇਵਾਰ ਮੈਗਜ਼ੀਨ ਵਿਚ 26 ਨਵੰਬਰ 1958 ਨੂੰ ਛਪੀ। ਇਹ ਕਵਿਤਾ ਗਿਆਨੀ ਜੀ ਨੇ ਆਪਣੇ ਵਿਦਿਆ ਦਾਤੇ ਪੰਡਿਤ ਕਰਤਾਰ ਸਿੰਘ ਦਾਖਾ ਦੀ ਉਸਤਤ ਵਿਚ ਲਿਖੀ ਹੈ। ਕਵਿਤਾ ਦਾ ਨਮੂਨਾ ਹੇਠ ਲਿਖੇ ਅਨੁਸਾਰ ਹੈ:

**ਪੰਡਿਤ ਰਾਜ ਕਰਤਾਰ ਸਿੰਘ ਜੀ ਦਾਖਾ ਦੀ ਯਾਦ ਵਿਚ**

ਪੰਜਾਬੀ ਸਾਹਿਤ ਦਾ ਸੈਂ ਸ਼ਾਹਿਨਸ਼ਾਹ ਆਜ਼ਮ, ਰਹਿਬਰ ਆਲਮ ਕਵੀ ਸਾਹਿਤਯਕਾਰ ਸੈਂ ਤੂੰ।
ਦੂਰ ਅੰਦੇਸ਼ ਵਿਸ਼ੇਸ਼ ਗੁਰਮਤਿ ਸੰਦੇ, ਮਸਲੇ ਹੱਲ ਕਰਦਾ ਵਾਰ ਵਾਰ ਸੈਂ ਤੂੰ।
ਸਿਖ ਕੌਮ ਦਾ 'ਕਾਲੀ' 'ਵਿਆਸ' ਸੈਂ ਤੂੰ, ਸ਼ਾਸ਼ਤ੍ਰਾਰਥ ਵਿਚ ਮੂਲ ਨ ਹਾਰਦਾ ਸੈਂ ਤੂੰ।
'ਮੇਰੇ' ਜੇਹੇ ਅੰਧ ਅਗਿਆਨੀਆਂ ਨੂੰ, ਤੇਰੀ ਦਰਸ਼ ਛੋਹ ਨੇ ਤਾਰ ਦਿਤਾ।
ਕਰ ਕ੍ਰਿਪਾ ਕਰਨਾ 'ਕਰਤਾਰ' ਆ ਕੇ, 'ਕਰਤਾਰ ਹਰ' ਦੇ ਕਰ-ਤਾਰ ਦਿਤਾ।[467]

**4. ਚੌਥਾ ਤਖ਼ਤ:** 'ਚੌਥਾ ਤਖ਼ਤ' ਕਵਿਤਾ *ਖਾਲਸਾ ਪਾਰਲੀਮੈਂਟ ਗਜ਼ਟ* ਮੈਗਜ਼ੀਨ ਵਿਚ ਦਸੰਬਰ 1959 ਛਪੀ। ਇਸ ਕਵਿਤਾ ਵਿਚ ਗਿਆਨੀ ਜੀ ਨੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਭਾਈ ਡੱਲਾ ਸਿੰਘ

---

465 *ਮਾਸਿਕ ਪੰਜਾਬੀ ਪਰਵਾਨਾ,* ਕੋਟਕਪੂਰਾ, ਅਕਤੂਬਰ-ਨਵੰਬਰ, ਅੰਕ 11, 1954 ਹੈ।

466 ਉਹੀ, ਜੂਨ 1957, ਪੰਨਾ 1.

467 *ਹਫਤੇਵਾਰ 'ਪੰਜਾਬੀ ਰਤਨ',* 26 ਨਵੰਬਰ 1958.

ਦੀ ਵਾਰਤਾਲਾਪ ਰਾਹੀਂ ਦਸਮ ਗੁਰੂ ਜੀ ਦੁਆਰਾ ਮਾਲਵੇ ਦੀ ਧਰਤੀ ਨੂੰ ਦਿਤੇ ਵਰਦਾਨਾਂ ਅਤੇ ਦਮਦਮਾ ਸਾਹਿਬ ਦੇ ਚੌਥੇ ਤਖ਼ਤ ਵਜੋਂ ਪ੍ਰਗਟ ਹੋਣ ਦੀ ਭਵਿੱਖਬਾਣੀ ਦਾ ਚਿਤਰਣ ਕਵਿਤਾ ਦੇ ਰਾਹੀਂ ਖ਼ੂਬਸੂਰਤ ਢੰਗ ਨਾਲ ਕੀਤਾ ਹੈ। ਕਵਿਤਾ ਦੀ ਵੰਨਗੀ ਇਸ ਤਰ੍ਹਾਂ ਹੈ:

ਉੱਚੇ ਟਿਬੇ ਤੇ ਖੜ ਕਿਹਾ ਦਸਮੇਸ਼ ਜੀ ਨੇ,
ਵੇਖ! ਡਲਿਆ ਕਣਕਾਂ ਲਹਿਰਾਂਦੀਆਂ ਨੇ।
.........................................
ਇਹ ਥਾਂ ਪੰਥ ਦਾ ਕੇਂਦਰ ਤਜਵੀਜ਼ ਹੋਈ,
ਕੁਲ ਨਿਆਮਤਾਂ ਮਿਲਣ ਇਕ ਦਮ ਇਥੇ।
ਗੁਰਮਤਿ ਦੀ ਏਥੇ ਟਕਸਾਲ ਚਲੂ,
ਕਰਤੇ ਪੁਰਖ ਦਾ ਹੋਵੇਗਾ ਤਖਤ ਏਥੇ।[468]

**5. ਪ੍ਰਗਟੇ ਸ੍ਰੀ ਚੰਦ੍ਰ:** ਇਹ ਕਵਿਤਾ *ਖਾਲਸਾ ਪਾਟਲੀਮੈਂਟ ਗਜ਼ਟ* ਵਿਚ ਦਸੰਬਰ 1959 ਈ. ਵਿਚ ਛਪੀ। ਕਵਿਤਾ ਹਿੰਦੀ ਭਾਸ਼ਾ ਵਿਚ ਹੈ ਪਰ ਖਾਲਸਾ ਪਾਰਲੀਮੈਂਟ ਗਜ਼ਟ ਵਿਚ ਗੁਰਮੁਖੀ ਲਿਪੀ ਵਿਚ ਛਪੀ ਮਿਲਦੀ ਹੈ। ਇਸ ਲਈ ਇਸਦਾ ਨਮੂਨਾ ਜਿਉਂ ਦਾ ਤਿਉਂ ਪੇਸ਼ ਕੀਤਾ ਗਿਆ ਹੈ। ਕਵਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁਤਰ ਸ੍ਰੀ ਚੰਦ੍ਰ ਜੀ ਨਾਲ ਸੰਬੰਧਿਤ ਹੈ। ਕਵੀ ਨੇ ਬਾਬਾ ਸ੍ਰੀ ਚੰਦ੍ਰ ਜੀ ਜਨਮ ਤੋਂ ਪਹਿਲਾਂ ਦੀ ਧਾਰਮਿਕ, ਸਮਾਜਿਕ ਹਾਲਤ ਨੂੰ ਅਤੇ ਬਾਬਾ ਸ੍ਰੀ ਚੰਦ ਜੀ ਦੇ ਜਨਮ ਨੂੰ ਕਵਿਤਾ ਰੂਪ ਵਿਚ ਬਿਆਨ ਕੀਤਾ ਹੈ। ਕਵਿਤਾ ਦਾ ਨਮੂਨਾ ਇਸ ਤਰ੍ਹਾਂ ਹੈ:

ਯਦਾ: ਯਦਾ: ਧਰਮ ਕਾ
ਸਾਧੂਯੋ ਕੇ ਨਿਤਯ ਕਰਮ ਕਾ
ਵਿਸ਼ਵ ਕੀ ਗੁਲਾਮੀ ਕਾ
ਵੇਦ ਕਾ ਪਾਠ ਕਾ ਬਾਨੀ ਕਾ
ਜਬੀ ਹੋਤਾ ਹੈ ਅਪਮਾਨ
ਤਬੀ ਪ੍ਰਗਟ ਹੋਤੇ ਭਗਵਾਨ
ਇਸੀ ਉਦੇਸ਼ ਕੋ ਲੇ ਕਰ
ਪ੍ਰਗਟੇ ਸ੍ਰੀ ਚੰਦਰ
ਨਰੋਂ ਮੇ ਨਰੋਤਮ
ਯਹਾਂ ਪ੍ਰਕਟੇ ਯੋਗੀਵਰ[469]

**6. ਸਮਰਪਣ:** ਇਹ ਕਵਿਤਾ *ਖਾਲਸਾ ਪਾਰਲੀਮੈਂਟ ਗਜ਼ਟ* ਵਿਚ ਅਕਤੂਬਰ 1965 ਗਿਆਨੀ ਚੰਨਣ ਸਿੰਘ ਵਿਸ਼ੇਸ਼ ਅੰਕ ਵਿਚ ਛਪੀ। ਇਹ ਕਵਿਤਾ ਗਿਆਨੀ ਜੀ ਨੇ ਆਪਣੇ ਵਿਦਿਆ ਗੁਰੂ ਗਿਆਨੀ ਚੰਨਣ ਸਿੰਘ ਗੁਰਨੇਕਲਾਂ ਵਾਲਿਆਂ ਦੀ ਉਸਤਤ ਵਿਚ ਰਚੀ ਹੈ। ਇਸ ਵਿਚ ਗਿਆਨੀ ਜੀ ਨੇ ਦਸਿਆ ਹੈ ਕਿ

---

468 *ਖਾਲਸਾ ਪਾਰਲੀਮੈਂਟ ਗਜ਼ਟ,* ਪੰਚ ਖੰਡ, ਦਸੰਬਰ 1959, ਪੰਨਾ 14.

469 *ਖਾਲਸਾ ਪਾਰਲੀਮੈਂਟ ਗਜ਼ਟ,* ਦਸੰਬਰ 1959.

ਵਿਦਿਆ ਦਾਤੇ ਗਿਆਨੀ ਚੰਨਣ ਸਿੰਘ ਜੀ ਗੁਰਨੇਕਲਾਂ ਵਾਲੇ ਧਰਮ, ਰਾਗ, ਕਾਵਿ, ਸਾਹਿਤ ਅਤੇ ਗੁਰਬਾਣੀ ਦੇ ਗਿਆਤਾ ਸਨ। ਕਵਿਤਾ ਦਾ ਨਮੂਨਾ ਨਿਮਨਲਿਖਤ ਹੈ:

ਵਿਦਿਆ ਦੇ ਦਾਤੇ ਤੇ ਗਿਆਤੇ ਸੀ ਧਰਮ ਦੇ ਉਹ,
ਰਾਗ, ਕਾਵਿ, ਸਾਹਿਤ ਪੜ੍ਹਾਉਣ ਗੁਰਬਾਣੀ ਜੀ।
ਗੁਰਮਤਿ ਚੰਦਨ ਮਹਿਕ ਵੰਡ ਭਾਰਤ ਨੂੰ,
ਉਜੜੇ ਵਸਾ ਕੇ ਤੇ ਬਣਾਇਆ ਮਹਾਂ ਦਾਨੀ ਜੀ।
ਪਿਆਰ ਦੇ ਖਜ਼ਾਨੇ ਵੰਡ ਭੰਡ ਮਨ ਮਤਿ ਤਾਈਂ,
ਕਾਫਰ ਹਨੇਰੇ ਦਿਲ ਕਰਤੇ ਰੂਹਾਨੀ ਜੀ।
ਸ਼ਰਧਾ ਦੇ ਫੁੱਲ ਏਸ ਅੰਕ ਵਿਚ ਇੱਕਠੇ ਕਰ,
ਭਿੱਜੀ ਅੱਖੀਂ ਸਮਰਪਣ ਨੇ ਚੰਨਣ ਸਿੰਘ ਗਿਆਨੀ ਜੀ।[470]

**7. ਅਗੰਮੜੇ ਵਹਿਣ:** ਇਹ ਕਵਿਤਾ *ਖਾਲਸਾ ਪਾਰਲੀਮੈਂਟ ਗਜ਼ਟ* ਮੈਗਜ਼ੀਨ ਵਿਚ ਅਕਤੂਬਰ 1965 ਈ. ਵਿਚ 'ਅਗੰਮੜੇ ਵਹਿਣ' ਸਿਰਲੇਖ ਹੇਠ ਛਪੀ। ਇਸ ਕਵਿਤਾ ਵਿਚ ਗਿਆਨੀ ਜੀ ਨੇ ਇਕ ਗੁਰਸਿਖ ਦੀ ਦੇ ਲਛਣ ਦਸਦੇ ਹੋਏ ਉਸਦੀ ਘਾਲਣਾ ਬਾਰੇ ਚਾਨਣਾ ਪਾਇਆ ਹੈ। ਗੁਰਸਿਖ ਆਪਣੇ ਗੁਰੂ ਦੀ ਸੇਵਾ ਕਰਦਾ, ਗੁਰਬਾਣੀ ਪੜ੍ਹਦਾ ਸਬਰ, ਸੰਤੋਖ, ਨਿਮਰਤਾ ਵਰਗੇ ਗੁਣ ਧਾਰਨ ਕਰਕੇ ਜੀਵਨ ਬਤੀਤ ਕਰਦਾ ਹੈ। ਕਵਿਤਾ ਦਾ ਨਮੂਨਾ ਇਸ ਤਰ੍ਹਾਂ ਹੈ:

'ਮੁਲ ਖਰੀਦਿਆ' ਹੋਵੇ 'ਗੋਲਾ' ਇਉਂ 'ਗੁਰ ਦਰ' ਕਾਰ ਕਮਾਵੇ,
ਚੁਲ੍ਹਾ ਬਾਲ ਕੇ 'ਲਕੜੇ' ਢੋਵੇ ਤੇ 'ਤਪੜ' ਝਾੜ ਵਿਛਾਏ ਕੋਈ।
ਹੋਏ ਖਾਕ ਅਹੰਕਾਰ ਮਿਟਾਵੇ, ਧਰਮ ਨੂੰ ਰਖ ਨਭਾਏ ਕੋਈ।
ਪਿਛਲ ਰਾਤੀ ਅੰਮ੍ਰਿਤ ਵੇਲੇ, ਉਠ ਨਦੀ ਵਿਚ ਨ੍ਹਾਏ ਕੋਈ।[471]

**8. ਪੂਜਯ ਸੰਤ ਅਤਰ ਸਿੰਘ ਜੀ ਮਹਾਰਾਜ:** ਇਹ ਕਵਿਤਾ ਗਿਆਨੀ ਜੀ ਦੀ ਪੁਸਤਕ *ਕਲਾਧਾਰੀ ਪੁਰਖ* ਵਿਚ ਦਰਜ ਹੈ। *ਕਲਾਧਾਰੀ ਪੁਰਖ* ਪੁਸਤਕ ਵਿਚ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਜੀਵਨ ਅਤੇ ਪਰਉਪਕਾਰ ਅੰਕਿਤ ਕੀਤੇ ਗਏ ਹਨ। ਇਹ ਪੁਸਤਕ 2012 ਈ. ਵਿਚ ਪ੍ਰਕਾਸ਼ਿਤ ਹੋਈ। 'ਪੂਜਯ ਸੰਤ ਅਤਰ ਸਿੰਘ ਜੀ ਮਹਾਰਾਜ' ਕਵਿਤਾ ਹਿੰਦੀ ਭਾਸ਼ਾ ਵਿਚ ਰਚੀ ਗਈ ਹੈ ਜਿਸ ਵਿਚ ਸੰਤ ਅਤਰ ਸਿੰਘ ਦੀ ਮਹਿਮਾ ਬਿਆਨ ਕੀਤੀ ਗਈ ਹੈ। ਕਵਿਤਾ ਦਾ ਨਮੂਨਾ ਇਸ ਤਰ੍ਹਾਂ ਹੈ:

ਪਰਮ ਪੁਰਸ਼ੋਤਮ ਪੂਜਯ ਪਾਦ ਸ੍ਰੀ ਅਤਰ ਹਰੀ।
ਅਤਰ ਅਤਰ ਮਧਯ ਕੀ ਅਤਰ ਨੇ ਵ੍ਰਿਸ਼ਟੀ ਕਰੀ।
ਮਿਟ ਗਯਾ ਦੰਭ ਤਮ ਭ੍ਰਾਂਤੀ ਕੁਮਤੀ।
ਅਧਿਆਤਮ ਧਾਰਾ ਕੀ ਚਲ ਪੜੀ ਸਰਸ੍ਰਤੀ।[472]

---

470 *ਖਾਲਸਾ ਪਾਰਲੀਮੈਂਟ ਗਜ਼ਟ,* ਪੰਚਖੰਡ, ਅਕਤੂਬਰ 1965, ਪੰਨਾ 1.

471 *ਸਪਤਾਹਿਕ ਮਹਾਤਮਾ,* ਅੰਮ੍ਰਿਤਸਰ, 19 ਫਰਵਰੀ 1959, ਪੰਨਾ 5.

472 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਕਲਾਧਾਰੀ ਪੁਰਖ,* ਪੰਨਾ 14.

**9. ਸੰਤ ਅਤਰ ਸਿੰਘ ਜੀ ਤੇਰੀ ਜੈ ਹੋ...ਜੈ ਹੋ ਜੈ ਹੋ ਤੇਰੀ:** ਇਹ ਕਵਿਤਾ ਗਿਆਨੀ ਜੀ ਦੀ ਪੁਸਤਕ *ਸੰਪ੍ਰਦਾਇ ਮਸਤੂਆਣਾ* ਵਿਚ ਦਰਜ ਹੈ। ਇਹ ਪੁਸਤਕ 2015 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਵਿਚ ਉਨ੍ਹਾਂ ਨੇ ਸੰਤ ਅਤਰ ਸਿੰਘ ਦੀ ਉਪਮਾ ਕੀਤੀ ਹੈ। ਕਵੀ ਨੇ ਦਸਿਆ ਹੈ ਸੰਤ ਜੀ ਨੇ ਚਾਰੇ ਵਰਣਾਂ ਦੇ ਲੋਕਾਂ ਦਾ ਅਗਿਆਨ ਦੂਰ ਕਰਕੇ ਬਾਣੀ ਨਾਲ ਜੋੜਿਆ। ਦੇਸ਼ ਦੇ ਵਖ-ਵਖ ਹਿਸਿਆਂ ਵਿਚ ਜਾ ਕੇ ਗੁਰਮਤਿ ਅਤੇ ਅੰਮ੍ਰਿਤ ਪ੍ਰਚਾਰ ਕੀਤਾ ਵਿਦਿਆ ਦੇ ਕੇਂਦਰ ਸਥਾਪਤ ਕਰਕੇ ਵਿਦਿਆ ਦਾ ਚਾਨਣ ਕੀਤਾ। ਇਸ ਕਵਿਤਾ ਦੀ ਵੰਨਗੀ ਹੇਠ ਲਿਖੇ ਅਨੁਸਾਰ ਹੈ:

ਕਲਗੀਧਰ ਦਾ ਅੰਮ੍ਰਿਤ ਵੰਡਿਆਂ, ਕੋਟੀ ਸਿੰਘ ਸਜਾਏ।
ਸਿੱਖੀ-ਸਿਦਕ ਵਿਚ ਪੂਰਨ ਬਣ ਗਏ, ਪੰਜਾਬ ਦੇਸ਼ ਦੇ ਜਾਏ।
ਪੰਥ ਖਾਲਸਾ ਘਰ-ਘਰ ਗਜਿਆ, ਮਨਮੱਤ ਚੁਫੇਰਿਓ ਘੇਰੀ।
ਸੰਤ ਅਤਰ ਸਿੰਘ ਜੀ ਤੇਰੀ ਜੈ ਹੋ...ਜੈ ਹੋ ਜੈ ਤੇਰੀ।[473]

**10. ਮੇਰੇ ਮਾਣਯੋਗ ਸੰਤ ਮਿੱਠਾ ਸਿੰਘ ਜੀ ਪਿਆਰਿਆ:** ਇਹ ਕਵਿਤਾ ਗਿਆਨੀ ਜੀ ਨੇ ਸੰਪ੍ਰਦਾਇ ਮਸਤੂਆਣਾ ਦੇ 'ਸੰਤ ਸੇਵਕ ਜਥੇ' ਦੇ ਅੱਠਵੇਂ ਪ੍ਰਧਾਨ ਸੰਤ ਮਿੱਠਾ ਸਿੰਘ ਜੀ ਦੀ ਯਾਦ ਵਿਚ ਲਿਖੀ ਜੋ *ਸੰਪ੍ਰਦਾਇ ਮਸਤੂਆਣਾ* ਪੁਸਤਕ ਵਿਚ ਦਰਜ ਹੈ। ਇਹ ਪੁਸਤਕ 2015 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਕਵਿਤਾ ਵਿਚ ਸੰਤ ਮਿੱਠਾ ਸਿੰਘ ਦੁਆਰਾ ਕੀਤੀ ਸੇਵਾ ਅਤੇ ਪਰਉਪਕਾਰਾਂ ਦਾ ਵਰਣਨ ਬੜੇ ਸ਼ਰਧਾਮਈ ਢੰਗ ਨਾਲ ਕੀਤਾ ਹੈ। ਇਸ ਕਵਿਤਾ ਦਾ ਨਮੂਨਾ ਇਸ ਤਰ੍ਹਾਂ ਹੈ:

ਮਲ ਵਿਕਸ਼ੇਪ ਅਵਰਣ ਸਦਾ ਲਈ ਤਿਆਗੇ,
ਸਤ ਚਿੱਤ ਆਨੰਦ ਹੋਏ ਬ੍ਰਹਮ ਗਿਆਨ ਧਾਰਿਆ।
'ਗੁਰੂ ਕਾਸ਼ੀ' ਵਾਕ ਕੀਤੇ ਗੁਰੂ ਦਸ਼ਮੇਸ਼ ਜੀ ਨੇ,
ਆਪ ਜੀ ਨੇ 'ਗੁਰੂ ਵਾਕ' ਅਮਲ 'ਚ ਉਸਾਰਿਆ।
'ਸੰਤ ਅਤਰ ਸਿੰਘ ਹੋਸਟਲ' ਬਣਾਇਆ ਬੀਬੀਆਂ ਲਈ,
ਸ੍ਰੀ ਸੰਤ ਜੀ ਦੀ ਆਗਿਆ ਵਿਚ ਵਿਦਿਆ ਨੂੰ ਪ੍ਰਚਾਰਿਆ।[474]

ਗਿਆਨੀ ਜੀ ਨੇ ਜਿਥੇ ਵਾਰਤਕ ਵਿਚ ਇਤਿਹਾਸ ਅੰਕਿਤ ਕੀਤਾ ਹੈ ਉਥੇ ਸਾਹਿਤ ਦੇ ਰੂਪ ਕਵਿਤਾ ਨੂੰ ਵੀ ਇਤਿਹਾਸ ਲਿਖਣ ਦਾ ਮਾਧਿਅਮ ਬਣਾਇਆ। ਉਨ੍ਹਾਂ ਦੀਆਂ ਕਵਿਤਾਵਾਂ ਦਾ ਵਿਸ਼ਾ ਸਿੱਖ ਇਤਿਹਾਸ, ਸੰਤ-ਮਹਾਂਪੁਰਖਾਂ ਦੀ ਮਹਿਮਾ, ਗੁਰਮਤਿ ਆਦਿ ਰਿਹਾ ਹੈ। ਉਨ੍ਹਾਂ ਨੇ ਕਾਵਿ ਦੁਆਰਾ ਸਿੱਖ ਇਤਿਹਾਸ ਨੂੰ ਬਿਆਨਣ ਦਾ ਯਤਨ ਕੀਤਾ ਹੈ। ਇਸ ਤੋਂ ਗਿਆਨੀ ਜੀ ਦੇ ਬਹੁਪੱਖੀ ਕਾਰਜ ਦਾ ਪਤਾ ਲਗਦਾ ਹੈ। ਉਨ੍ਹਾਂ ਨੇ ਵਧੇਰੇ ਕਰਕੇ ਚਾਹੇ ਵਾਰਤਕ ਵਿਚ ਲਿਖਿਆ ਪਰ ਉਹ ਕਵਿਤਾ ਬਾਰੇ ਵੀ ਚੰਗਾ ਗਿਆਨ ਰਖਦੇ ਸਨ।

ਗਿਆਨੀ ਜੀ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਕਰਨ ਉਪਰੰਤ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਗੁਰਬਾਣੀ ਵਿਆਖਿਆਕਾਰੀ, ਇਤਿਹਾਸਕਾਰੀ, ਸਿਧਾਂਤਕਾਰੀ

---

473 ਉਹੀ, *ਸੰਪ੍ਰਦਾਇ ਮਸਤੂਆਣਾ*, ਪੰਨਾ 55.

474 ਉਹੀ, ਪੰਨਾ 119.

ਵਿਚ ਵਡਮੁਲਾ ਯੋਗਦਾਨ ਪਾਇਆ। *ਜਪੁ ਜੀ ਸਾਹਿਬ ਸਟੀਕ* ਗੁਰਬਾਣੀ ਵਿਆਖਿਆਕਾਰੀ ਨੂੰ ਦੇਣ ਹੈ। ਉਨ੍ਹਾਂ ਦੀ ਵਿਆਖਿਆਕਾਰੀ ਗੁਰਮਤਿ ਅਨੁਸਾਰੀ ਹੈ। ਗਿਆਨੀ ਜੀ ਨੇ ਸਿਧਾਂਤਾਂ ਦੀ ਤੁਲਨਾਤਮਕ ਵਿਆਖਿਆ ਕਰਕੇ ਹੋਰਨਾਂ ਮਤਾਂ ਨਾਲੋਂ ਸਿੱਖ ਧਰਮ ਨੂੰ ਨਿਖੇੜਿਆ ਹੈ। ਉਨ੍ਹਾਂ ਦੁਆਰਾ ਕੀਤੀ ਸਿਧਾਂਤਾਂ ਦੀ ਵਿਆਖਿਆ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਨ੍ਹਾਂ ਨੇ ਸਿੱਖ ਧਰਮ ਦੇ ਨਿਆਰੇਪਨ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਦੇ ਹਨ।

ਗਿਆਨੀ ਜੀ ਨੇ ਨਿਰਮਲ ਭੇਖ, ਸੰਤਾਂ ਮਹਾਂਪੁਰਖਾਂ ਦੇ ਜੀਵਨ, ਮਾਲਵੇ ਦੇ ਗੁਰਦੁਆਰਿਆਂ ਦਾ ਇਤਿਹਾਸ ਅੰਕਿਤ ਕਰਕੇ ਸਿੱਖ ਇਤਿਹਾਸਕਾਰੀ ਵਿਚ ਯੋਗਦਾਨ ਪਾਇਆ। ਗਿਆਨੀ ਜੀ ਨੇ ਮੁੱਢਲੇ, ਸਹਾਇਕ ਸ੍ਰੋਤਾਂ ਅਤੇ ਮੌਖਿਕ ਪਰੰਪਰਾ ਦੇ ਅਧਾਰ ’ਤੇ ਸਿੱਖ ਇਤਿਹਾਸਕਾਰੀ ਦੀ ਸਿਰਜਣਾ ਕੀਤੀ ਹੈ। ਗਿਆਨੀ ਜੀ ਦਾ ਇਤਿਹਾਸ ਪ੍ਰਤੀ ਦ੍ਰਿਸ਼ਟੀਕੋਣ ਵਧੇਰੇ ਕਰ ਕੇ ਪਰੰਪਰਾ ਮੂਲਕ ਹੈ। ਭਾਵੇਂ ਉਹ ਤੱਥਾਂ ਦਾ ਸਹਾਰਾ ਵੀ ਲੈਂਦੇ ਹਨ ਪਰ ਉਨ੍ਹਾਂ ਨੇ ਸਿੱਖ ਇਤਿਹਾਸ ਨੂੰ ਵਿਧੀਵਧ ਰੂਪ ਵਿਚ ਨਹੀਂ ਲਿਖਿਆ ਬਲਕਿ ਸ਼ਖ਼ਸੀਅਤ ਮੂਲਕ ਦ੍ਰਿਸ਼ਟੀ ਨਾਲ ਵਧੇਰੇ ਲਿਖਿਆ ਹੈ ਜਿਵੇਂ ਸੰਤ ਅਤਰ ਸਿੰਘ ਜੀ ਮਸਤੂਆਣਾ, ਜਥੇਦਾਰ ਦਿਆਲ ਸਿੰਘ ਪਰਵਾਨਾ, ਭਾਈ ਫੁੰਮਣ ਸਿੰਘ ਅਮਰਗੜ੍ਹ, ਸੰਤ ਬਾਬਾ ਬਲਵੰਤ ਸਿੰਘ ਧਲੇਰ ਵਾਲੇ ਆਦਿ। ਉਹ ਵਿਅਕਤੀਆਂ ਦੇ ਇਤਿਹਾਸਕ ਵੇਰਵੇ ਦੇਣ ਦੇ ਨਾਲ-ਨਾਲ ਤਿਥਾਂ ਵੀ ਦਿੰਦੇ ਹਨ ਅਤੇ ਉਸਦੇ ਕਾਲਕ੍ਰਮ ਦਾ ਵੀ ਖਿਆਲ ਰਖਦੇ ਹਨ।

ਗਿਆਨੀ ਜੀ ਨੇ ਸਾਰਾ ਕੰਮ ਗੁਰਮੁਖੀ ਵਿਚ ਕੀਤਾ ਹੈ। ਕੁਝ ਕੁ ਕੰਮ ਹਿੰਦੀ ਵਿਚ ਵੀ ਮਿਲਦਾ ਹੈ। ਉਨ੍ਹਾਂ ਦੀ ਬੋਲੀ ਸ਼ੈਲੀ ਉਤੇ ਭਾਵੇਂ ਮੂਲ ਰੂਪ ਵਿਚ ਪੰਜਾਬੀ ਰੰਗ ਹੀ ਹੈ ਪਰ ਪੁਰਾਤਨ ਸ਼ਾਸਤ੍ਰਾਂ ਦੇ ਮਾਹਰ ਹੋਣ ਕਾਰਣ ਉਨ੍ਹਾਂ ਦੀ ਬੋਲੀ ਸ਼ੈਲੀ ਉਤੇ ਥੋੜ੍ਹਾ ਸ਼ਾਸਤ੍ਰੀ ਰੰਗ ਵੀ ਮਿਲਦਾ ਹੈ ਜਿਵੇਂ ਕਿ ਉਨ੍ਹਾਂ ਦੁਆਰਾ ਵਰਤੀ ਸ਼ਬਦਾਵਲੀ ਦੇਖੀ ਜਾ ਸਕਦੀ ਹੈ ਜਿਵੇਂ ਆਵਰਭਾਵ, ਅਨਿਰਵਚਨੀਯ, ਸਰਬੱਗ, ਸ੍ਰੋਤ੍ਰੀਯ, ਪਿਪਾਸਾ ਆਦਿ। ਗਿਆਨੀ ਜੀ ਨੇ ਆਪਣੀ ਗੱਲ ਨੂੰ ਸਰਲ ਅਤੇ ਕਥਾ ਸ਼ੈਲੀ ਵਿਚ ਪੇਸ਼ ਕੀਤਾ ਹੈ। ਉਹ ਹਰੇਕ ਗੱਲ ਦਾ ਤੱਥ ਲੱਭਣ ਦੀ ਕੋਸ਼ਿਸ਼ ਨਹੀਂ ਕਰਦੇ ਬਲਕਿ ਬਹੁਤ ਕੁਝ ਪਰੰਪਰਾ ਦੇ ਅਧਾਰ ’ਤੇ ਵੀ ਪੇਸ਼ ਕਰਦੇ ਹਨ। ਪਰੰਪਰਾ ਭਾਰੂ ਹੋਣ ਕਾਰਨ ਉਨ੍ਹਾਂ ਦੀਆਂ ਲਿਖਤਾਂ ਵਿਚ ਲੋਕ ਮੁਹਾਵਰੇ ਅਤੇ ਲੋਕ ਸ਼ੈਲੀ ਵਾਲਾ ਰੰਗ ਮਿਲਦਾ ਹੈ।

ਇਥੇ ਅਸੀਂ ਗਿਆਨੀ ਜੀ ਦੀਆਂ ਪ੍ਰਕਾਸ਼ਿਤ ਰਚਨਾਵਾਂ ਨੂੰ ਅਧਾਰ ਬਣਾ ਕੇ ਵਿਸ਼ਲੇਸ਼ਣ ਕੀਤਾ ਹੈ। ਗਿਆਨੀ ਜੀ ਦੀਆਂ ਸਾਨੂੰ ਅਪ੍ਰਕਾਸ਼ਿਤ ਰਚਨਾਵਾਂ ਵੀ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਨੂੰ ਅਗਲੇ ਅਧਿਆਇ ਵਿਚ ਸੰਪਾਦਿਤ ਕਰਕੇ ਮੂਲ ਰੂਪ ਵਿਚ ਛਾਪਿਆ ਜਾਵੇਗਾ।

# ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਦਾ ਸੰਪਾਦਨ

**ਵਿਸ਼ਾ ਪ੍ਰਵੇਸ਼:** ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਜਿਥੇ ਅਨੇਕ ਰਚਨਾਵਾਂ ਦੀ ਸਿਰਜਣਾ ਰਾਹੀਂ ਸਿੱਖ ਸਾਹਿਤ ਵਿਚ ਵਿਸ਼ੇਸ਼ ਯੋਗਦਾਨ ਪਾਇਆ ਉਥੇ ਉਨ੍ਹਾਂ ਦੀਆਂ ਕਈ ਰਚਨਾਵਾਂ ਪ੍ਰਕਾਸ਼ਿਤ ਨਾ ਹੋ ਸਕੀਆਂ। ਇਨ੍ਹਾਂ ਰਚਨਾਵਾਂ ਦੀ ਭੂਮਿਕਾ ਤੋਂ ਪਤਾ ਲਗਦਾ ਹੈ ਕਿ ਗਿਆਨੀ ਜੀ ਇਨ੍ਹਾਂ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਨਾ ਚਾਹੁੰਦੇ ਸਨ ਪਰ ਸਮੇਂ ਤੇ ਸਾਧਨਾਂ ਦੀ ਘਾਟ ਕਰਕੇ ਇਨ੍ਹਾਂ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਨ ਦਾ ਸਬੱਬ ਨਾ ਬਣ ਸਕਿਆ। ਮੇਰੇ ਖੋਜ ਕਾਰਜ ਦਾ ਮੰਤਵ ਜਿਥੇ ਗਿਆਨੀ ਜੀ ਦੇ ਸਿੱਖ ਸਾਹਿਤ ਵਿਚ ਵਿਸ਼ੇਸ਼ ਕਰਕੇ ਨਿਰਮਲ ਸਾਹਿਤ ਵਿਚ ਪਾਏ ਯੋਗਦਾਨ ਦਾ ਵੇਰਵਾ ਦੇਣਾ ਹੈ ਉਥੇ ਉਨ੍ਹਾਂ ਦੇ ਬਹੁਮੁੱਲੇ ਅਪ੍ਰਕਾਸ਼ਿਤ ਕਾਰਜ ਦਾ ਵਿਧੀ ਬਧ ਤਰੀਕੇ ਨਾਲ ਸੰਪਾਦਨ ਕਰਨਾ ਵੀ ਹੈ। ਮੈਂ ਆਪਣੇ ਖੋਜ ਨਿਬੰਧ ਵਿਚ ਗਿਆਨੀ ਜੀ ਦੀਆਂ ਅਪ੍ਰਕਾਸ਼ਤ ਰਚਨਾਵਾਂ ਨੂੰ ਸੰਪਾਦਿਤ ਕਰਨ ਦੇ ਉਦੇਸ਼ ਨਾਲ ਉਨ੍ਹਾਂ ਤੋਂ ਅਪ੍ਰਕਾਸ਼ਤ ਗ੍ਰੰਥਾਂ ਦੀ ਮੰਗ 26 ਜੂਨ 2017 ਨੂੰ ਨਿੱਜੀ ਮੁਲਕਾਤ ਦੌਰਾਨ ਕੀਤੀ। ਉਨ੍ਹਾਂ ਨੇ ਕਿਹਾ ਕਿ 'ਅਸੀਂ ਅਪ੍ਰਕਾਸ਼ਿਤ ਗ੍ਰੰਥ ਭਾਲ ਕੇ ਪਟਿਆਲੇ ਭੇਜ ਦੇਵਾਂਗੇ'। ਕੁਝ ਹੀ ਦਿਨਾਂ ਮਗਰੋਂ (2 ਜੁਲਾਈ 2017) ਉਨ੍ਹਾਂ ਨੇ ਆਪਣੀਆਂ ਕੁਝ ਕੁ ਹੱਥ ਲਿਖਤਾਂ ਦਾ ਖਰੜਾ ਆਪਣੀ ਪੋਤੀ ਸਿਮਰਜੀਤ ਕੌਰ ਦੇ ਹੱਥ ਮੈਨੂੰ ਪਟਿਆਲੇ ਭੇਜ ਦਿਤਾ। ਕੁਝ ਰਚਨਾਵਾਂ ਗਿਆਨੀ ਜੀ ਦੇ ਸਪੁੱਤਰ ਗਿਆਨੀ ਕੌਰ ਸਿੰਘ ਜੀ ਕੋਠਾ ਗੁਰੂ ਕੋਲੋਂ ਪ੍ਰਾਪਤ ਹੋਈਆਂ। ਇਨ੍ਹਾਂ ਰਚਨਾਵਾਂ ਵਿਚ ਸਿੱਖ ਧਰਮ ਨਾਲ ਸੰਬੰਧਿਤ ਚਾਰ ਲੇਖ (*ਬਾਲਾ ਠਾਕੁਰ, ਗੁਰ ਅੰਗਦ ਦੀ ਦੋਹੀ ਫਿਰੀ, ਧਰਮ ਪ੍ਰਭਾਕਰ ਜਯੋਤੀ , ਤੇਗ ਦੇ ਧਨੀ)*, ਬੁੱਧ ਧਰਮ ਨਾਲ ਸੰਬੰਧਿਤ ਦੋ ਨਾਟਕ *(ਕੁਮਾਰ ਕੁਣਾਲ, ਗੁਰਦ੍ਰੋਹੀ)*, ਮਹਾਤਮਾ ਬੁੱਧ ਦੇ ਜੀਵਨ ਨਾਲ ਸੰਬੰਧਤ ਦੋ ਲੇਖ *(ਭਗਵਾਨ ਬੁਧ ਦਾ ਮਹਾਂ ਪਰਿ ਨਿਰਬਾਣ, ਭਗਵਾਨ ਬੁਧ ਦੀ ਅੰਤਮ ਕ੍ਰਿਆ*), ਧਮਪਦ ਦਾ ਗੁਰਮੁਖੀ ਅਨੁਵਾਦ ਆਦਿ ਰਚਨਾਵਾਂ ਸ਼ਾਮਲ ਸਨ। ਹਥਲੇ ਅਧਿਆਇ ਵਿਚ ਗਿਆਨੀ ਜੀ ਦੀਆਂ ਕੇਵਲ ਸਿੱਖ ਧਰਮ ਨਾਲ ਸੰਬੰਧਿਤ ਰਚਨਾਵਾਂ ਦਾ ਸਰਵੇਖਣ ਦੇਣ ਉਪਰੰਤ ਰਚਨਾਵਾਂ ਦਾ ਮੂਲ ਪਾਠ ਅੰਕਿਤ ਕੀਤਾ ਜਾਵੇਗਾ ਕਿਉਂਕਿ ਸਾਡਾ ਵਿਸ਼ਾ ਗਿਆਨੀ ਜੀ ਦੇ ਸਿੱਖ ਧਰਮ ਵਿਚ ਪਾਏ ਯੋਗਦਾਨ ਬਾਰੇ ਜਾਣਕਾਰੀ ਦੇਣਾ ਹੈ। ਗਿਆਨੀ ਜੀ ਦੇ ਸਿੱਖ ਧਰਮ ਨਾਲ ਸੰਬੰਧਿਤ ਚਾਰ ਲੇਖ ਪ੍ਰਾਪਤ ਹੋਏ ਹਨ ਜਿਨ੍ਹਾਂ ਵਿਚੋਂ ਤਿੰਨ ਲੇਖ ਗੁਰੂ ਸਾਹਿਬਾਨ (*ਬਾਲਾ ਠਾਕੁਰ, ਗੁਰ ਅੰਗਦ ਦੀ ਦੋਹੀ ਫਿਰੀ, ਧਰਮ ਪ੍ਰਭਾਕਰ ਜਯੋਤੀ*) ਨਾਲ, ਇਕ ਲੇਖ (*ਦੇਗ ਦੇ ਧਨੀ*)ਗੁਰੂ ਘਰ ਦੇ ਸਿੱਖ ਭਾਈ ਰੂਪ ਚੰਦ ਨਾਲ ਸੰਬੰਧਿਤ ਹੈ। ਨਿਮਨਲਿਖਤ ਇਨ੍ਹਾਂ ਰਚਨਾਵਾਂ ਦਾ ਵਿਸ਼ਲੇਸ਼ਣ ਦੇਣ ਉਪਰੰਤ ਮੂਲ ਪਾਠ ਅੰਕਿਤ ਕੀਤਾ ਜਾਵੇਗਾ:

(1) *ਬਾਲਾ ਠਾਕੁਰ* (ਲਘੂ ਉਪਨਿਆਸ, 1966)

(2) *ਗੁਰ ਅੰਗਦ ਦੀ ਦੋਹੀ ਫਿਰੀ* (ਕਿਤਾਬਚਾ, 1969)

(3) *ਧਰਮ ਪ੍ਰਭਾਕਰ ਜਯੋਤੀ* (ਕਿਤਾਬਚਾ, 1975)

(੫) *ਦੇਗ ਦੇ ਧਨੀ* (ਕਿਤਾਬਚਾ, ਮਿਤੀਹੀਣ)

**(1) *ਬਾਲਾ ਠਾਕੁਰ:*** ਇਹ ਇਕ ਲਘੂ ਉਪਨਿਆਸ ਹੈ ਜਿਸ ਦਾ ਅਰਥ ਹੈ 'ਛੋਟਾ ਨਾਵਲ'। ਇਸ ਇਤਿਹਾਸਕ ਨਾਵਲ ਦੀ ਰਚਨਾ ਅਗਸਤ 1966 ਈ. ਵਿਚ ਕੀਤੀ ਗਈ। 130 ਪੰਨਿਆਂ ਦੀ ਇਸ ਰਚਨਾ ਵਿਚ ਗਿਆਨੀ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਰਾਜਾ ਫਤਹ ਚੰਦ ਅਤੇ ਰਾਣੀ ਮੈਣੀ ਦੀ ਇਤਿਹਾਸਕ ਕਥਾ ਨੂੰ ਨਾਵਲ ਵਿਧਾ ਦੁਆਰਾ ਰੋਚਕ ਢੰਗ ਨਾਲ ਪੇਸ਼ ਕੀਤਾ ਹੈ। ਇਸ ਨਾਵਲ ਦਾ ਵਿਸ਼ਾ ਧਾਰਮਿਕ ਹੈ। ਦਸਮ ਪਾਤਸ਼ਾਹ ਦੇ ਬਚਪਨ ਨਾਲ ਸੰਬੰਧਿਤ ਹੋਣ ਕਰਕੇ ਇਸ ਦਾ ਨਾਂ 'ਬਾਲਾ ਠਾਕੁਰ' ਰਖਿਆ ਹੈ। ਭੂਮਿਕਾ ਵਿਚ ਗਿਆਨੀ ਜੀ ਨੇ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ ਬਣੇ ਗੁਰਦੁਆਰਾ ਬਾਲ ਲੀਲਾ ਦੇ ਇਤਿਹਾਸ 'ਤੇ ਵੀ ਚਾਨਣਾ ਪਾਇਆ ਹੈ।

ਸਿੱਖ ਧਰਮ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਜਨਮ ਪਟਨਾ ਸਾਹਿਬ ਵਿਚ ਹੋਇਆ। ਗਿਆਨੀ ਜੀ ਨੇ ਇਸ ਲਘੂ ਨਾਵਲ ਵਿਚ ਬਾਲ ਗੋਬਿੰਦ ਰਾਏ ਦੇ ਪਟਨਾ ਸਾਹਿਬ ਵਿਖੇ ਬਿਤਾਏ ਬਚਪਨ ਦੇ ਪਲਾਂ ਨੂੰ ਬਿਆਨ ਕੀਤਾ ਹੈ। ਰਾਜਾ ਫਤਿਹ ਚੰਦ ਅਤੇ ਰਾਣੀ ਮੈਣੀ ਦੇ ਸੰਤਾਨ ਨਾ ਹੋਣ ਕਾਰਣ ਬਾਲ ਗੋਬਿੰਦ ਰਾਏ ਨੇ ਰਾਣੀ ਮੈਣੀ ਨੂੰ 'ਮਾਂ' ਦਾ ਦਰਜਾ ਦਿਤਾ। ਇਸ ਨਾਵਲ ਰਾਹੀਂ ਜਿਥੇ ਪਾਠਕਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਾਲ ਅਵਸਥਾ ਦੇ ਇਤਿਹਾਸ ਬਾਰੇ ਜਾਣਕਾਰੀ ਮਿਲਦੀ ਹੈ ਉਥੇ ਰੌਚਕਤਾ ਹੋਣ ਕਰਕੇ ਪਾਠਕਾਂ ਦੀ ਸ਼ਰਧਾ ਵਿਚ ਵੀ ਵਾਧਾ ਹੁੰਦਾ ਹੈ।

ਇਸ ਨਾਵਲ ਦੀ ਕਹਾਣੀ ਦਸਮ ਪਾਤਸ਼ਾਹ ਦੇ ਬਚਪਨ ਦੇ ਚੋਜਾਂ ਦੁਆਲੇ ਘੁੰਮਦੀ ਹੈ ਜਿਸ ਵਿਚੋਂ ਉਨ੍ਹਾਂ ਦੀ ਸ਼ਖ਼ਸੀਅਤ ਵੀ ਉਘੜ ਕੇ ਸਾਹਮਣੇ ਆਉਂਦੀ ਹੈ। ਗੁਰੂ ਸਾਹਿਬ ਪਰਉਪਕਾਰੀ, ਸਰਬਤ ਦਾ ਭਲਾ ਕਰਨ ਵਾਲੇ ਹਨ। ਇਸ ਲਘੂ ਨਾਵਲ ਦੇ ਪਾਤਰ ਬਾਲਾ ਠਾਕੁਰ (ਗੁਰੂ ਗੋਬਿੰਦ ਸਿੰਘ ਜੀ), ਪੰਡਿਤ ਸ਼ਿਵਦੱਤ, ਫਤਹ ਚੰਦ, ਰਾਣੀ ਮਾਂ (ਰਾਣੀ ਵਿਸੰਭਰਾ ਦੇਵੀ), ਮਾਤਾ ਗੁਜਰੀ, ਕ੍ਰਿਪਾਲ ਚੰਦ, ਜਗਤਾ ਸੇਠ, ਕਰੀਮ ਬਖਸ਼ ਆਦਿ ਹਨ। ਨਾਵਲ ਵਿਚ ਗਿਆਨੀ ਜੀ ਨੇ ਵਰਣਾਤਮਕ ਵਿਧੀ ਦਾ ਪ੍ਰਯੋਗ ਕੀਤਾ ਹੈ। ਵਰਣਾਤਮਕ ਵਿਧੀ ਦੁਆਰਾ ਪਟਨਾ ਸ਼ਹਿਰ ਵਿਚ ਰਾਜੇ ਫਤਹ ਚੰਦ ਦੇ ਮਹਿਲ ਦੀ ਬਾਹਰੀ ਦਿੱਖ ਬਾਰੇ ਵਰਣਨ ਕਰਦੇ ਲਿਖਦੇ ਹਨ ਕਿ 'ਇਕ ਵਿਸ਼ਾਲ ਮਹਿਲ ਹੈ ਜਿਸ ਦੇ ਚਾਰ ਚੁਫੇਰੇ ਦੀਵਾਰ ਹੈ, ਦੀਵਾਰ ਦੇ ਬਾਹਰ ਨਹਿਰ ਖੋਦ ਕੇ ਪਾਣੀ ਦੀ ਭਰੀ ਹੋਈ ਹੈ। ਇਸੇ ਤਰ੍ਹਾਂ ਇਕ ਨਹਿਰ ਅੰਦਰ ਬਣਾਈ ਗਈ ਹੈ ਫਿਰ ਬਾਗ ਲਾਇਆ ਗਿਆ ਹੈ। ਬਾਗ ਵਿਚ ਪੱਕੀਆਂ ਸੜਕਾਂ ਹਨ ਅਤੇ ਬਾਗ ਨੂੰ ਪਾਣੀ ਦੇਣ ਵਾਲੀਆਂ ਨਾਲੀਆਂ ਵੀ ਪੱਕੀਆਂ ਹਨ। ਸੜਕਾਂ ਦੇ ਕਿਨਾਰੇ ਫੁੱਲ ਲਗੇ ਹੋਏ ਹਨ ਜਿਨ੍ਹਾਂ ਪਿਛੇ ਹਟਵੀਆਂ ਤਾੜ ਪਤ੍ਰਾਂ ਦੀਆਂ ਲਾਇਨਾਂ ਹਨ।'[1] ਗਿਆਨੀ ਜੀ ਪਾਤਰਾਂ ਬਾਰੇ ਜਾਣ-ਪਛਾਣ ਵਾਰਤਾਲਾਪ ਦੁਆਰਾ ਘੱਟ ਬਿਆਨ ਕਰਦੇ ਹਨ ਸਗੋਂ ਆਪ ਵਧੇਰੇ ਵਰਣਨ ਕਰਦੇ ਹਨ ਜਿਵੇਂ ਪੰਡਿਤ ਸ਼ਿਵ ਦੱਤ ਜੀ ਬਾਰੇ ਲਿਖਦੇ ਹਨ, 'ਇਹ ਕਥਾ ਪੰਡਿਤ ਸ਼ਿਵ ਦੱਤ ਜੀ ਬ੍ਰਾਹਮਣ ਵਲੋਂ ਆਰੰਭ ਹੈ ਜੋ ਸ਼ਹਿਰ ਦੇ ਉਘੇ ਰਈਸਾਂ ਵਿਚੋਂ ਇਕ ਹੈ। ਆਪ ਜੀ ਨੂੰ ਰਾਜੇ ਦਾ

[1] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਬਾਲਾ ਠਾਕੁਰ (ਹੱਥ ਲਿਖਤ)*, ਪੰਨਾ 7.

ਖਿਤਾਬ ਵੀ ਮਿਲਿਆ ਹੈ। ਭਾਵੇਂ ਆਪ ਪ੍ਰਸਿਧ ਰਈਸ ਜਾਗੀਰਦਾਰ ਹਨ ਪਰ ਆਪ ਜੀ ਦੀ ਧਰਮ ਵੱਲ ਰੁਚੀ ਅਕਥਨੀਯ ਹੈ। ਇਸ ਵਾਸਤੇ ਧਾਰਮਿਕ ਵਿਦਵਾਨ, ਬ੍ਰਾਹਮਣ ਅਤੇ ਮਹਾਰਾਜਾ ਫਤਹ ਚੰਦ ਜੀ ਦੇ ਕੁਲ ਪ੍ਰੋਹਤ ਹੋਣ ਕਰਕੇ ਸਾਰਾ ਸ਼ਹਿਰ ਆਪ ਜੀ ਦਾ ਅਤਿਅੰਤ ਸਤਿਕਾਰ ਕਰਦਾ ਹੈ।'[2]

ਇਸ ਨਾਵਲ ਦੀ ਭਾਸ਼ਾ ਠੇਠ ਪੰਜਾਬੀ ਹੈ ਕਿਤੇ ਕਿਤੇ ਹਿੰਦੀ ਭਾਸ਼ਾ ਦੇ ਸ਼ਬਦ ਵੀ ਵਰਤੇ ਗਏ ਹਨ। ਇਸ ਤਰ੍ਹਾਂ ਇਹ ਲਘੂ ਉਪਨਿਆਸ ਦੁਆਰਾ ਗਿਆਨੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਇਤਿਹਾਸ ਨੂੰ ਉਸ ਸਮੇਂ ਵਿਚ ਨਾਵਲ ਦੀ ਵਿਧਾ ਦੁਆਰਾ ਦਸਣ ਦਾ ਨਿਵੇਕਲਾ ਯਤਨ ਕੀਤਾ ਹੈ। ਇਸ ਰਚਨਾ ਨੂੰ ਪੜ੍ਹਨ ਨਾਲ ਜਿਥੇ ਪਾਠਕਾਂ ਦੀ ਸ਼ਰਧਾ ਵਿਚ ਵਾਧਾ ਹਵੇਗਾ ਉਥੇ ਖੋਜਾਰਥੀ ਸਿੱਖ ਇਤਿਹਾਸ ਨੂੰ ਸਾਹਿਤ ਦੀਆਂ ਹੋਰ ਵਿਧਾਵਾਂ ਜਿਵੇਂ ਨਾਵਲ ਅਦਿ ਲਿਖਣ ਲਈ ਵੀ ਪ੍ਰੇਰਿਤ ਹੋਣਗੇ।

(2) ***ਗੁਰ ਅੰਗਦ ਦੀ ਦੋਹੀ ਫਿਰੀ:*** ਗੁਰੂ ਅੰਗਦ ਦੀ ਦੋਹੀ ਫਿਰੀ ਲੇਖ ਅਜ ਤੋਂ ਕਰੀਬ ਅੱਧੀ ਸਦੀ ਪਹਿਲਾਂ (1969) ਗਿਆਨੀ ਬਲਵੰਤ ਸਿੰਘ ਜੀ ਦੁਆਰਾ ਲਿਖਿਆ ਗਿਆ ਜਿਸ ਵਿਚ ਉਨ੍ਹਾਂ ਨੇ ਦੂਜੇ ਪਾਤਸ਼ਾਹ ਦੁਆਰਾ ਜਿਥੇ ਸਿੱਖ ਧਰਮ ਵਿਚ ਪਾਏ ਯੋਗਦਾਨ ਹਿਤ ਘੱਟ ਖੋਜ ਹੋਣ ਦਾ ਦੁਖ ਪ੍ਰਗਟ ਕੀਤਾ ਹੈ ਉਥੇ ਦੂਜੇ ਪਾਤਸ਼ਾਹ ਦੇ ਜੀਵਨ ਦੇ ਮਹੱਤਵਪੂਰਨ ਪਹਿਲੂਆਂ ਬਾਰੇ ਇਸ ਲੇਖ ਵਿਚ ਖੋਜ ਭਰਪੂਰ ਜਾਣਕਾਰੀ ਉਲਬਧ ਕਰਵਾਈ ਹੈ। ਆਕਾਰ ਪਖੋਂ 68 ਪੰਨਿਆਂ ਦੇ ਇਸ ਕਿਤਾਬਚੇ ਦੀ ਰਚਨਾ ਜਨਵਰੀ 1969 ਈ. ਵਿਚ ਕੀਤੀ ਗਈ। ਲੇਖਕ ਨੇ ਇਹ ਰਚਨਾ ਬਾਬੂ ਚੰਦਾ ਸਿੰਘ ਜੀ ਸਕੱਤਰ ਪੰਚ ਖਾਲਸਾ ਦੀਵਾਨ ਪੰਚ ਖੰਡ ਨੂੰ ਸਮਰਪਿਤ ਕੀਤੀ ਹੈ। ਇਸ ਲੇਖ ਦਾ ਉਦੇਸ਼ ਦੂਜੇ ਪਾਤਸ਼ਾਹ ਦੇ ਜੀਵਨ ਅਤੇ ਸਿੱਖ ਧਰਮ ਵਿਚ ਪਾਏ ਯੋਗਦਾਨ ਬਾਰੇ ਪਾਠਕਾਂ ਨੂੰ ਜਾਣੂ ਕਰਵਾਉਣਾ ਹੈ। ਇਸ ਰਚਨਾ ਦਾ ਸਿਰਲੇਖ *ਗੁਰ ਅੰਗਦ ਦੀ ਦੋਹੀ ਫਿਰੀ* ਸੱਤੇ ਬਲਵੰਡ ਦੁਆਰਾ ਰਚਿਤ ਰਾਮਕਲੀ ਕੀ ਵਾਰ[3] ਵਿਚੋਂ ਤੁਕ ਨੂੰ ਅਧਾਰ ਬਣਾ ਕੇ ਰਖਿਆ ਗਿਆ ਹੈ ਜਿਸ ਦਾ ਅਰਥ ਹੈ ਗੁਰੂ ਅੰਗਦ ਦੇਵ ਜੀ ਦੀ ਵਡਿਆਈ ਦੀ ਧੂਮ ਪੈ ਗਈ ਹੈ।

ਗਿਆਨੀ ਬਲਵੰਤ ਸਿੰਘ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਜੀਵਨ ਨੂੰ ਲਿਖਣ ਲਈ ਮੌਲਿਕ ਸ੍ਰੋਤਾਂ ਜਿਵੇਂ ਦੂਜੇ ਪਾਤਸ਼ਾਹ ਦੀ ਬਾਣੀ, ਸਮਕਾਲੀ ਸ੍ਰੋਤ ਜਿਵੇਂ ਰਾਏ ਬਲਵੰਡ ਤੇ ਸਤੇ ਡੂਮ ਦੀ ਰਾਮਕਲੀ ਦੀ ਵਾਰ, ਨਿਕਟ ਸਮਕਾਲੀ ਲਿਖਤਾਂ ਜਿਵੇਂ ਵਾਰਾਂ ਭਾਈ ਗੁਰਦਾਸ, ਪੁਰਾਤਨ ਜਨਮ ਸਾਖੀ ਅਤੇ ਹੋਰ ਸਹਾਇਕ ਸ੍ਰੋਤਾਂ ਜਿਵੇਂ ਬੰਸਾਵਲੀਨਾਮਾ, ਮਹਿਮਾ ਪ੍ਰਕਾਸ਼, ਪੋਥੀ ਸਾਹਿਬ, ਸੂਰਜ ਪ੍ਰਕਾਸ਼, ਤਵਾਰੀਖ ਗੁਰੂ ਖਾਲਸਾ, ਦਸ ਗੁਰ ਕਥਾ ਆਦਿ ਗ੍ਰੰਥਾਂ ਨੂੰ ਅਧਾਰ ਬਣਾਇਆ ਹੈ।

ਭੂਮਿਕਾ ਵਿਚ ਗਿਆਨੀ ਜੀ ਨੇ ਦਸਿਆ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਪ੍ਰਚਾਰਨ ਤੇ ਸੰਭਾਲਣ ਦਾ ਮਹਾਨ ਉਦਮ ਕੀਤਾ। ਗੁਰਮੁਖੀ ਲਿਪੀ ਨੂੰ ਵਰਤਮਾਨ ਤਰਤੀਬ ਦੇ ਕੇ ਪੰਜਾਬੀਆਂ ਅਤੇ ਪੰਜਾਬੀ ਭਾਸ਼ਾ ਉੱਤੇ ਮਹਾਨ ਉਪਕਾਰ ਕੀਤਾ ਹੈ। ਨਾਲ ਹੀ ਲੇਖਕ ਨੇ ਇਹ ਰੋਸ ਵੀ ਪ੍ਰਗਟ

[2] ਉਹੀ, ਪੰਨਾ 20.

[3] *ਸ੍ਰੀ ਗੁਰੂ ਗ੍ਰੰਥ ਸਾਹਿਬ,* ਅੰਗ 967.

ਕੀਤਾ ਹੈ ਕਿ ਇਤਿਹਾਸ ਖੋਜੀਆਂ ਵੱਲੋਂ ਸਤਿਗੁਰੂ ਅੰਗਦ ਦੇਵ ਜੀ ਦੇ ਜੀਵਨ ਉੱਤੋਂ ਬਹੁਤ ਘੱਟ ਖੋਜ ਕੀਤੀ ਗਈ ਹੈ।

ਗਿਆਨੀ ਜੀ ਨੇ ਇਸ ਲੇਖ ਵਿਚ ਮੁਢਲੇ ਅਤੇ ਸਹਾਇਕ ਸ੍ਰੋਤਾਂ ਜਿਵੇਂ ਸੂਰਜ ਪ੍ਰਕਾਸ਼, ਤਵਾਰੀਖ ਗੁਰੂ ਖਾਲਸਾ, ਬੰਸਾਵਲੀਨਾਮਾ ਆਦਿ ਦੇ ਅਧਾਰ ’ਤੇ ਗੁਰੂ ਸਾਹਿਬ ਦੇ ਜੀਵਨ ਦੀਆਂ ਘਟਨਾਵਾਂ ਨੂੰ ਕਾਲਕ੍ਰਮ ਅਨੁਸਾਰ ਬਿਆਨ ਕੀਤਾ ਹੈ ਜਿਵੇਂ ਗਿਆਨੀ ਜੀ ਨੇ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ 11 ਵਿਸਾਖ 1561 ਬਿ. (1504 ਈ.) ਨੂੰ ਪਿੰਡ ਮੱਤੇ ਦੀ ਸਰਾਂਏ ਜ਼ਿਲ੍ਹਾ ਫੀਰੋਜ਼ਪੁਰ ਵਿਚ ਹੋਇਆ ਮੰਨਿਆ ਹੈ। ਸਿੱਖ ਸ੍ਰੋਤਾਂ ਵਿਚ ਗੁਰੂ ਸਾਹਿਬ ਦੇ ਪ੍ਰਕਾਸ਼ ਦੇ ਸੰਮਤ ਸੰਬੰਧੀ ਭਿੰਨਤਾ ਹੈ ਜਿਵੇਂ ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ 1561 ਸੰਮਤ ਇਹੋ ਸੰਮਤ ਦਿੱਤਾ ਹੈ[4] ਪਰ ਕੇਸਰ ਸਿੰਘ ਛਿੱਬਰ ਨੇ ਸੰਮਤ 1566 ਦਸਿਆ ਹੈ।[5] ਆਧੁਨਿਕ ਵਿਦਵਾਨਾਂ ਜਿਵੇਂ ਭਾਈ ਕਾਨ੍ਹ ਸਿੰਘ ਨਾਭਾ, ਡਾ. ਤਾਰਨ ਸਿੰਘ[6], ਡਾ. ਸੁਖਦਿਆਲ ਸਿੰਘ[7] ਨੇ ਵੀ ਸੰਮਤ 1561 ਹੀ ਦਸਿਆ ਹੈ। ਸਪੱਸ਼ਟ ਹੈ ਕਿ ਗਿਆਨੀ ਜੀ ਨੇ ਪੰਥ ਪ੍ਰਕਾਸ਼ ਦੇ ਅਧਾਰ ’ਤੇ ਉਪਰੋਕਤ ਸੰਮਤ ਦਿਤਾ ਹੈ। ਵਧੇਰੇ ਵਿਦਵਾਨਾਂ ਨੇ 1561 ਸੰਮਤ ਹੀ ਦਿਤਾ ਹੈ

ਗਿਆਨੀ ਜੀ ਅਨੁਸਾਰ ਗੁਰੂ ਅੰਗਦ ਦੇਵ ਜੀ ਦੇ ਮਾਤਾ ਦਯਾ ਕੌਰ ਅਤੇ ਪਿਤਾ ਫੇਰੂ ਜੀ ਸਨ। ਗੁਰੂ ਸਾਹਿਬ ਦੇ ਮਾਤਾ ਜੀ ਦੇ ਨਾਂ ਸੰਬੰਧੀ ਵਿਦਵਾਨਾਂ ਵਿਚ ਮਤਭੇਦ ਹੈ। ਬੰਸਾਵਲੀਨਾਮੇ[8] ਵਿਚ ਨਾਂ ਰਾਮੋ, ਮਹਿਮਾ ਪ੍ਰਕਾਸ਼ ਵਿਚ ਸਭਰਾਈ, ਗੁਰਪ੍ਰਣਾਲੀਆਂ ਵਿਚ ਦਯਾ ਕੌਰ, ਤਵਾਰੀਖ ਗੁਰੂ ਖਾਲਸਾ ਵਿਚ ਨਿਹਾਲ ਕੌਰ ਆਇਆ ਹੈ। ਡਾ. ਸੁਖਦਿਆਲ ਸਿੰਘ ਨੇ ਮਾਤਾ ਦਾ ਨਾਂ ਭਿਰਾਈ ਲਿਖਿਆ ਹੈ।[9] ਗਿਆਨੀ ਜੀ ਨੇ ਗੁਰਪ੍ਰਣਾਲੀਆਂ ਦੇ ਅਧਾਰ ’ਤੇ ਨਾਂ ਦਯਾ ਕੌਰ ਅੰਕਿਤ ਕੀਤਾ ਹੈ।

ਗਿਆਨੀ ਜੀ ਅਨੁਸਾਰ ਗੁਰੂ ਅੰਗਦ ਦੇਵ ਜੀ ਦਾ ਵਿਆਹ ੧੫ ਸਾਲ ਦੀ ਉਮਰ ਵਿਚ ਪੂਜਯ ਮਾਤਾ ਖੀਵੀ ਜੀ ਨਾਲ ਪਿੰਡ ਖੰਡੂਰ 16 ਮਾਘ ਸ਼ਨੀਵਾਰ 1576 ਬਿ. ਨੂੰ ਹੋਇਆ। ਸਿੱਖ ਸ੍ਰੋਤਾਂ ਜਿਵੇਂ ਬੰਸਾਵਲੀਨਾਮਾ[10] ਅਤੇ ਤਵਾਰੀਖ ਗੁਰੂ ਖਾਲਸਾ[11] ਅਤੇ ਆਧੁਨਿਕ ਵਿਦਵਾਨਾਂ ਜਿਵੇਂ ਡਾ. ਤਾਰਨ ਸਿੰਘ[12] ਅਤੇ ਸੁਖਦਿਆਲ ਸਿੰਘ[13] ਨੇ ਵੀ ਗੁਰੂ ਸਾਹਿਬ ਦੇ ਵਿਆਹ ਦਾ ਇਹੀ ਸੰਮਤ ਦਿਤਾ ਹੈ। ਗਿਆਨੀ ਜੀ ਨੇ ਭਾਈ

---

[4] ਗਿਆਨੀ ਗਿਆਨ ਸਿੰਘ, *ਸ੍ਰੀ ਗੁਰੂ ਪੰਥ ਪ੍ਰਕਾਸ਼ (ਭਾਗ ਪਹਿਲਾ)*, ਪੰਨਾ 557.

[5] ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪੰਨਾ 14.

[6] ਡਾ. ਤਾਰਨ ਸਿੰਘ, *ਗੁਰੂ ਅੰਗਦ ਦੇਵ ਜੀ*, ਪੰਨਾ 1.

[7] ਸੁਖਦਿਆਲ ਸਿੰਘ, *ਗੁਰੂ ਅੰਗਦ ਦੇਵ ਜੀ ਜੀਵਨ ਤੇ ਬਾਣੀ*, ਪੰਨਾ 15.

[8] ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ*, ਪੰਨਾ 50.

[9] ਡਾ. ਸੁਖਦਿਆਲ ਸਿੰਘ, *ਗੁਰੂ ਅੰਗਦ ਦੇਵ ਜੀ*, ਪੰਨਾ 15.

[10] ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ*, ਪੰਨਾ14.

[11] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਪੰਨਾ 310.

[12] ਤਾਰਨ ਸਿੰਘ, *ਗੁਰੂ ਅੰਗਦ ਦੇਵ ਜੀ*, ਪੰਨਾ 1.

[13] ਸੁਖਦਿਆਲ ਸਿੰਘ, *ਗੁਰੂ ਅੰਗਦ ਦੇਵ ਜੀ*, ਪੰਨਾ 16.

ਲਹਿਣਾ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਰਣ ਵਿਚ ਆਉਣ ਦਾ ਸਮਾਂ ਅਸੂ ਸੰਮਤ 1589 ਦਸਿਆ ਹੈ।[14] ਕੇਸਰ ਸਿੰਘ ਛਿੱਬਰ[15] ਨੇ 1599 ਬਿ. ਅਤੇ ਗਿਆਨੀ ਗਿਆਨ ਸਿੰਘ[16] ਨੇ 1589 ਸੰਮਤ ਦਸਿਆ ਹੈ। ਇਥੇ ਗਿਆਨੀ ਜੀ ਨੇ ਤਵਾਰੀਖ ਗੁਰੂ ਖਾਲਸਾ ਦੇ ਅਧਾਰ ’ਤੇ ਸੰਮਤ 1589 ਦਸਿਆ ਹੈ।

ਗਿਆਨੀ ਜੀ ਨੇ ਗੁਰੂ ਅੰਗਦ ਦੇਵ ਜੀ ਦੁਆਰਾ ਜੋਗੀ ਹਰਿ ਨਾਥ ਅਤੇ ਦੇਵਗਿਰ ਸੰਨਿਆਸੀ ਨਾਲ ਕੀਤੇ ਸ਼ਾਸਤ੍ਰਾਰਥ ਦੀਆਂ ਸਾਖੀਆਂ ਵੀ ਅੰਕਿਤ ਕੀਤੀਆਂ ਹਨ ਜਿਵੇਂ ਜੋਗੀ ਹਰਿਨਾਥ ਅਤੇ ਦੇਵਗਿਰ ਸੰਨਿਆਸੀ ਨੇ ਕ੍ਰਮਵਾਰ ‘ਅਸ਼ਟਾਂਗ ਜੋਗ ਮਾਰਗ’ ਅਤੇ ‘ਵਰਨਾਸ੍ਰਮ ਅਤੇ ਜਾਤੀ ਭੇਦ’ ’ਤੇ ਗੁਰੂ ਜੀ ਨਾਲ ਸ਼ਾਸਤ੍ਰਾਰਥ ਕੀਤਾ। ਗੁਰੂ ਅੰਗਦ ਦੇਵ ਜੀ ਨੇ ਗੁਰਬਾਣੀ ਵਿਚੋਂ ਹਵਾਲੇ ਦੇ ਕੇ ਵਿਆਖਿਆ ਕੀਤੀ ਜਿਸ ਅਗੇ ਜੋਗੀ ਹਰਿ ਨਾਥ ਅਤੇ ਦੇਵਗਿਰ ਸੰਨਿਆਸੀ ਨਿਰਉਤਰ ਹੋ ਗਏ। ਇਨ੍ਹਾਂ ਸਾਖੀਆਂ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਤਾਵਰੀਖ ਗੁਰੂ ਖਾਲਸਾ ਵਿਚ ਵੀ ਕਰਦੇ ਹਨ।

ਇਸ ਲੇਖ ਵਿਚ ਗਿਆਨੀ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਮਾਲਵੇ ਦੇ ਪ੍ਰਚਾਰ ਦੌਰਿਆਂ ਦਾ ਵੇਰਵੇ ਮਾਤਰ ਵਰਣਨ ਕੀਤਾ ਹੈ। ਗਿਆਨੀ ਜੀ ਨੇ ਗੁਰੂ ਅੰਗਦ ਦੇਵ ਜੀ ਦੁਆਰਾ ਗੁਰਮੁਖੀ ਲਿਪੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਪਾਏ ਯੋਗਦਾਨ ਬਾਰੇ ਬਿਆਨ ਕੀਤਾ ਹੈ। ਗੁਰਮੁਖੀ ਲਿਪੀ ਦੇ ਨਿਰਮਾਤਾ ਗੁਰੂ ਅੰਗਦ ਦੇਵ ਜੀ ਸਨ ਇਸ ਸੰਬੰਧੀ ਵਿਦਵਾਨਾਂ ਵਿਚ ਮਤਭੇਦ ਪਾਇਆ ਜਾਂਦਾ ਹੈ। ਕਈ ਵਿਦਵਾਨਾਂ ਦਾ ਮੱਤ ਹੈ ਕਿ ਗੁਰਮੁਖੀ ਲਿਪੀ ਗੁਰੂ ਅੰਗਦ ਦੇਵ ਜੀ ਦੀ ਦੇਣ ਹੈ ਪਰ ਗਿਆਨੀ ਜੀ ਨੇ ਹਵਾਲੇ ਸਹਿਤ ਦਸਿਆ ਹੈ ਕਿ ਦੂਜੇ ਪਾਤਸ਼ਾਹ ਨੇ ਗੁਰਮੁਖੀ ਲਿਪੀ ਦਾ ਪ੍ਰਚਾਰ ਕੀਤਾ ਅਤੇ ਤਰਤੀਬ ਦਿਤੀ ਹੈ। ਇਥੇ ਜ਼ਿਕਰਯੋਗ ਹੈ ਕਿ ਗਿਆਨੀ ਜੀ ਨੇ ਜੀ.ਬੀ ਸਿੰਘ ਦੀ ਜਿਸ ਪੁਸਤਕ ਨੂੰ ਅਧਾਰ ਬਣਾ ਕੇ ਗੁਰਮੁਖੀ ਲਿਪੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ, ਉਨ੍ਹਾਂ ਦਾ ਬੜੀ ਵਿਦਵਤਾ ਸਹਿਤ ਜਵਾਬ ਪੰਡਿਤ ਕਰਤਾਰ ਸਿੰਘ ਦਾਖਾ ਜੀ ਨੇ ਦਿਤਾ ਸੀ ਜਿਸਨੂੰ ਗਿਆਨੀ ਬਲਵੰਤ ਸਿੰਘ ਜੀ ਨੇ ਉਧਰਤ ਵੀ ਕੀਤਾ ਹੈ। ਅਸਲ ਗੱਲ ਇਹ ਹੈ ਕਿ ਜੀ.ਬੀ ਸਿੰਘ ਦਾ ਮਨਸ਼ਾ ਅਕਾਦਮਿਕ ਨਹੀਂ ਸੀ ਬਲਕਿ ਗੁਰੂ ਸਾਹਿਬਾਨ ਦੁਆਰਾ ਗੁਰਮੁਖੀ ਲਿਪੀ ਨੂੰ ਦੇਣ ਦਾ ਨਿਸ਼ੇਧ ਕਰਨਾ ਸੀ। ਪੰਡਿਤ ਕਰਤਾਰ ਸਿੰਘ ਦਾਖਾ ਜੀ ਨੇ ਸਪੱਸ਼ਟ ਕੀਤਾ ਹੈ ਕਿ ਗੁਰਮੁਖੀ ਲਿਪੀ ਦੇ ਨਿਰਮਾਤਾ ਗੁਰੂ ਸਾਹਿਬਾਨ ਹੀ ਹਨ।[17] ਅਧੁਨਿਕ ਵਿਦਵਾਨ ਡਾ. ਸੁਖਦਿਆਲ ਸਿੰਘ ਨੇ ਵੀ ਇਸ ਵਿਚਾਰ ਨਾਲ ਸਹਿਮਤੀ ਪ੍ਰਗਟਾਈ ਹੈ ਕਿ ਗੁਰਮੁਖੀ ਲਿਪੀ ਦੇ ਨਿਰਮਾਤਾ ਸ੍ਰੀ ਗੁਰੂ ਅੰਗਦ ਦੇਵ ਜੀ ਹਨ।

ਵਾਰਤਕ ਰੂਪ ਵਿਚ ਲਿਖੇ ਇਸ ਲੇਖ ਦੀ ਭਾਸ਼ਾ ਪੰਜਾਬੀ ਹੈ ਪਰ ਕਿਤੇ ਕਿਤੇ ਹਿੰਦੀ ਤੇ ਸੰਸਕ੍ਰਿਤ ਭਾਸ਼ਾ ਦਾ ਪ੍ਰਯੋਗ ਵੀ ਕੀਤਾ ਗਿਆ ਹੈ ਜਿਵੇਂ ਨਿਸ਼ੇਧ, ਪੂਜਯ, ਆਦਰਨੀਯ, ਆਵਸ਼ਯਕ ਆਦਿ। ਇਸ ਰਚਨਾ

---

[14] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਗੁਰ ਅੰਗਦ ਦੀ ਦੋਹੀ ਫਿਰੀ (ਅਪ੍ਰਕਾਸ਼ਤ ਲੇਖ)*, ਪੰਨਾ 2.

[15] ਕਿਸਰ ਸਿੰਘ ਛਿੱਬਰ, *ਬੰਸਾਵਲੀਨਾਮਾ*, ਪੰਨਾ 15.

[16] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਪੰਨਾ 310.

[17] ਪੰਡਿਤ ਕਰਤਾਰ ਸਿੰਘ ਦਾਖਾ, *ਗੁਰਮੁਖੀ ਹਿੰਦੀ ਟਾਕਰਾ*, ਪੰਨਾ 43.

ਤੋਂ ਬਾਅਦ ਦੂਜੇ ਪਾਤਸ਼ਾਹ 'ਤੇ ਕਾਫੀ ਕੰਮ ਹੋਇਆ ਹੈ। ਉਸ ਸਮੇਂ ਇਹ ਰਚਨਾ ਪ੍ਰਕਾਸ਼ਿਤ ਨਹੀਂ ਹੋ ਸਕੀ। ਇਸ ਲੇਖ ਵਿਚ ਇਤਿਹਾਸਕ ਸ੍ਰੋਤਾਂ ਅਤੇ ਗੁਰਬਾਣੀ ਦੇ ਅਧਾਰ 'ਤੇ ਗੁਰੂ ਸਾਹਿਬ ਦੇ ਜੀਵਨ ਦੇ ਵਿਭਿੰਨ ਪਹਿਲੂਆਂ 'ਤੇ ਚਾਨਣਾ ਪਾਇਆ ਹੈ ਜੋ ਖੋਜਾਰਥੀਆਂ ਲਈ ਲਾਭਦਾਇਕ ਸਿਧ ਹੋਵੇਗਾ।

**(3)** ***ਧਰਮ ਪ੍ਰਭਾਕਰ ਜਯੋਤੀ:*** ਇਸ ਲੇਖ ਦੀ ਰਚਨਾ 1975 ਈ. ਵਿਚ ਕੀਤੀ ਗਈ। ਇਹ ਰਚਨਾ ਗਿਆਨੀ ਜੀ ਦੁਆਰਾ ਨੌਵੇ ਪਾਤਸ਼ਾਹ ਦੇ ਤਿੰਨ ਸੌਵੇ ਸ਼ਹਾਦਤ ਪੁਰਬ ਨੂੰ ਸਮਰਪਿਤ ਕੀਤੀ ਗਈ। 124 ਪੰਨਿਆਂ ਦੀ ਇਹ ਰਚਨਾ ਨੌਵੇ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੇ ਵਿਭਿੰਨ ਪਹਿਲੂਆਂ 'ਤੇ ਅਧਾਰਿਤ ਹੈ ਜਿਸ ਵਿਚ ਗੁਰੂ ਜੀ ਦੇ ਪ੍ਰਕਾਸ਼, ਨਾਮਕਰਣ, ਵਿਦਿਆ, ਵਿਆਹ, ਸਿਮਰਨ, ਗੁਰਮਤਿ ਪ੍ਰਚਾਰ, ਯਾਤਰਾਵਾਂ ਅਤੇ ਸ਼ਹੀਦੀ ਬਾਰੇ ਬਿਆਨ ਕੀਤਾ ਗਿਆ ਹੈ। ਧਰਮ ਪ੍ਰਭਾਕਰ ਜਯੋਤੀ ਦਾ ਭਾਵ ਧਰਮ ਦਾ ਪ੍ਰਕਾਸ਼ ਕਰਨ ਵਾਲੀ ਜੋਤ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਆਪਣਾ ਬਲੀਦਾਨ ਦਿਤਾ। ਜਾਪਦਾ ਹੈ ਕਿ ਧਰਮ ਦੇ ਰੱਖਿਅਕ ਹੋਣ ਕਰਕੇ ਗਿਆਨੀ ਜੀ ਨੇ ਇਸ ਲੇਖ ਦਾ ਸਿਰਲੇਖ ਧਰਮ ਪ੍ਰਭਾਕਰ ਜਯੋਤੀ ਰਖਿਆ। ਗਿਆਨੀ ਜੀ ਨੇ ਇਹ ਲੇਖ ਨੌਵੇਂ ਪਾਤਸ਼ਾਹ ਦੇ ਤਿੰਨ ਸੌਵੇਂ ਬਲੀਦਾਨ ਦਿਵਸ ਨੂੰ ਸਮਰਪਿਤ ਕੀਤਾ ਹੈ। ਗਿਆਨੀ ਜੀ ਨੇ ਇਸ ਲੇਖ ਵਿਚ ਸਿੱਖ ਸ੍ਰੋਤਾਂ ਜਿਵੇਂ ਮਹਿਮਾ ਪ੍ਰਕਾਸ਼, ਸੂਰਜ ਪ੍ਰਕਾਸ਼, ਹੁਕਮਨਾਮੇ, ਸ਼ਹੀਦ ਬਿਲਾਸ ਨੂੰ ਅਧਾਰ ਬਣਾਇਆ ਹੈ । ਲੋੜ ਪੈਣ ਤੇ ਗੁਰਬਾਣੀ ਵਿਚੋਂ ਵੀ ਹਵਾਲੇ ਦਿਤੇ ਹਨ।

ਗਿਆਨੀ ਜੀ ਨੇ ਨੌਵੇ ਪਾਤਸ਼ਾਹ ਦੇ ਜੀਵਨ ਨੂੰ ਤਿੱਥਾਂ ਦੇ ਅਧਾਰ 'ਤੇ ਕਾਲਕ੍ਰਮ ਅਨੁਸਾਰ ਅੰਕਿਤ ਕੀਤਾ ਹੈ। ਉਨ੍ਹਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਵਸਾਖ ਵਦੀ 15 ਸੰਮਤ 1678 (1 ਅਪ੍ਰੈਲ 1621 ਈ.) ਨੂੰ ਮੰਨਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜਨਮ ਸੰਮਤ ਅਤੇ ਤਿੱਥਾਂ ਸੰਬੰਧੀ ਵਿਦਵਾਨਾਂ ਵਿਚ ਮਤਭੇਦ ਹੈ। ਕੇਸਰ ਸਿੰਘ ਛਿੱਬਰ ਨੇ ਬੰਸਾਵਲੀਨਾਮਾ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜਨਮ ਤਾਰੀਖ ਸੰਮਤ 1678 ਬਿਕ੍ਰਮੀ ਦਿਤੀ ਹੈ ਪਰ ਤਿੱਥ 19 ਮੱਘਰ ਦਿਤੀ ਹੈ।[18] ਆਧੁਨਿਕ ਵਿਦਵਾਨਾਂ ਜਿਵੇਂ ਭਾਈ ਕਾਨ੍ਹ ਸਿੰਘ ਨਾਭਾ[19], ਪਿਆਰਾ ਸਿੰਘ ਪਦਮ[20] ਅਤੇ ਪ੍ਰਿੰ. ਸਤਿਬੀਰ ਸਿੰਘ[21] ਨੇ ਵੀ 5 ਵਿਸਾਖ ਸੰਮਤ 1678 ਬਿ. (1621 ਈ.) ਸਹੀ ਮੰਨਿਆ ਹੈ। ਇਨ੍ਹਾਂ ਵਿਦਵਾਨਾਂ ਨਾਲ ਗਿਆਨੀ ਜੀ ਦੁਆਰਾ ਦਿਤਾ ਸੰਮਤ ਤਾਂ ਮੇਲ ਖਾਂਦਾ ਹੈ ਪਰ ਤਿਥ ਵਿਚ ਅੰਤਰ ਹੈ। ਗਿਆਨੀ ਜੀ ਨੇ 15 ਵੈਸਾਖ ਲਿਖਿਆ ਹੈ ਜਦੋਂ ਕਿ ਇਨ੍ਹਾਂ ਵਿਦਵਾਨਾਂ ਨੇ 5 ਵੈਸਾਖ ਲਿਖਿਆ ਹੈ। ਇਸ ਤਰ੍ਹਾਂ ਗਿਆਨੀ ਜੀ ਦੁਆਰਾ

---

[18] ਪਿਆਰਾ ਸਿੰਘ ਪਦਮ (ਸੰਪਾ), ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ*, ਪੰਨਾ 109.

[19] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ

[20] ਪਿਆਰਾ ਸਿੰਘ ਪਦਮ, *ਤੇਗ ਬਹਾਦਰ ਸਿਮਰੀਐ*, ਪੰਨਾ 29.

[21] ਸਤਿਬੀਰ ਸਿੰਘ, *ਇਤਿ ਜਿਨਿ ਕਰੀ*, ਪੰਨਾ 9.

ਦਿਤੀ ਤਿੱਥ ਵਿਚ 10 ਦਿਨ ਦਾ ਫਰਕ ਹੈ ਪਰ ਗੁਰੂ ਸਾਹਿਬ ਦੇ ਜਨਮ ਸੰਮਤ ਸੰਬੰਧੀ ਵਿਚਾਰ ਬਾਕੀ ਇਤਿਹਾਸਕਾਰਾਂ ਨਾਲ ਮੇਲ ਖਾਂਦੇ ਹਨ।

ਗਿਆਨੀ ਜੀ ਨੇ ਨੌਵੇਂ ਪਾਤਸ਼ਾਹ ਦੁਆਰਾ ਬਕਾਲੇ ਵਿਚ 20 ਸਾਲ ਮਾਰਚ 1644 ਤੋਂ ਮਾਰਚ 1664 ਤੱਕ ਸਿਮਰਨ ਕਰਨ ਦਾ ਵੀ ਜ਼ਿਕਰ ਕੀਤਾ ਹੈ।'[22] ਪਰ ਕਈ ਇਤਿਹਾਸਕਾਰਾਂ ਜਿਵੇਂ ਪਿਆਰਾ ਸਿੰਘ ਪਦਮ ਨੇ ਬੰਸਾਵਲੀਨਾਮੇ ਦੇ ਅਧਾਰ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 1713 ਬਿ. (1656 ਈ. ) ਨੂੰ ਤੀਰਥ ਯਾਤਰਾ 'ਤੇ ਜਾਣ ਦਾ ਜ਼ਿਕਰ ਕੀਤਾ ਹੈ।[23] ਇਥੇ ਗਿਆਨੀ ਜੀ ਪਰੰਪਰਾ ਦੇ ਅਧਾਰ 'ਤੇ ਗੱਲ ਕਰਦੇ ਹਨ।

ਗਿਆਨੀ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਗੁਰਮਤਿ ਪ੍ਰਚਾਰ ਲਈ ਕੀਤੀਆਂ ਯਾਤਰਾਵਾਂ ਬਾਰੇ ਵੀ ਚਾਨਣਾ ਪਾਇਆ ਹੈ। ਗਿਆਨੀ ਜੀ ਅਨੁਸਰ ਨੌਵੇਂ ਪਾਤਸ਼ਾਹ ਨੇ ਪ੍ਰਚਾਰ ਯਾਤਰਾ ਗੁਰਤਾਗੱਦੀ ਮਿਲਣ ਤੋਂ ਬਾਅਦ ਆਰੰਭ ਕੀਤੀ ਪਰ ਭਾਈ ਕੇਸਰ ਸਿੰਘ ਛਿੱਬਰ ਨੇ ਤੀਰਥ ਯਾਰਤਾ 'ਤੇ ਜਾਣ ਦਾ ਸਮਾਂ 1713 ਬਿ. (1656 ਈ.) ਲਿਖਿਆ ਹੈ।[24] ਪਿਆਰਾ ਸਿੰਘ ਪਦਮ ਨੇ ਵੀ ਗੁਰਤਾਗੱਦੀ ਤੋਂ ਪਹਿਲਾਂ ਗੁਰੂ ਸਾਹਿਬ ਦੁਆਰਾ ਕੀਤੀ ਪ੍ਰਚਾਰ ਯਾਤਰਾ ਦਾ ਜ਼ਿਕਰ ਕੀਤਾ ਹੈ।[25] ਗਿਆਨੀ ਜੀ ਨੇ ਗੁਰੂ ਸਾਹਿਬ ਦੀਆਂ ਯਾਤਰਾਵਾਂ ਦਾ ਵਰਗੀਕਰਨ ਨਹੀਂ ਕੀਤਾ ਸਗੋਂ ਕਾਲਕ੍ਰਮ ਅਨੁਸਾਰ ਯਾਤਰਾਵਾਂ ਨੂੰ ਸੰਖੇਪ ਵਿਚ ਅੰਕਿਤ ਕੀਤਾ ਹੈ ਪਰ ਯਾਤਰਾਵਾਂ 'ਤੇ ਜਾਣ ਦੀ ਤਿਥਿ ਤੇ ਸੰਮਤ ਨਹੀਂ ਦਿੰਦੇ। ਗਿਆਨੀ ਜੀ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਸਾਹਿਬ ਤੋਂ ਮੂਲੋਵਾਲ, ਹਡਿਆਇਆ, ਢਿੱਲਵਾਂ, ਭਿੱਖੀ, ਖਿਆਲਾ ਕਲਾਂ, ਤਲਵੰਡੀ ਸਾਬੋ, ਧਰਮੂ ਦਾ ਕੋਟ, ਵਰੇ, ਧਮਧਾਨ ਸਾਹਿਬ, ਕੈਥਲ, ਕੁਰਕਸ਼ੇਤ੍ਰ, ਬਨੀ ਬਦਰਪੁਰ, ਦਿੱਲੀ, ਪ੍ਰਯਾਗਰਾਜ, ਮਿਰਜਾਪੁਰ, ਕਾਸੀਪੁਰ, ਬੁਧਗਯਾ, ਰਾਜਗ੍ਰਿਹ, ਨਾਲੰਦਾ ਆਦਿ ਸਥਾਨਾਂ ਤੇ ਗਏ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਗਿਆਨੀ ਜੀ ਨੇ ਗੁਰੂ ਸਾਹਿਬ ਦੇ ਕਈ ਯਾਤਰਾ ਅਸਥਾਨਾਂ ਜਿਵੇਂ ਪ੍ਰਯਾਗਰਾਜ, ਬਨਾਰਸ, ਮਿਰਜ਼ਾਪੁਰ ਆਦਿ ਦੇ ਵਰਤਮਾਨ ਪ੍ਰਬੰਧ ਬਾਰੇ ਵੀ ਦਸਿਆ ਹੈ। ਭਾਵ ਗਿਆਨੀ ਜੀ ਨੇ ਕੇਵਲ ਉਨ੍ਹਾਂ ਅਸਥਾਨਾਂ ਦੀ ਵਰਤਮਾਨ ਸਥਿਤੀ ਤੇ ਪ੍ਰਬੰਧ ਬਾਰੇ ਦਸਿਆ ਹੈ ਜੋ ਨਿਰਮਲਿਆਂ ਦੇ ਅਧੀਨ ਹਨ ਜਿਵੇਂ ਪ੍ਰਯਾਗਰਾਜ ਬਾਰੇ ਲਿਖਦੇ ਹਨ, 'ਇਹ ਗੁਰ ਸਥਾਨ ਨਿਰਮਲ ਪੰਚਾਇਤੀ ਅਖਾੜੇ ਦੇ ਪ੍ਰਬੰਧ ਹੇਠ ਹੈ। ਸੰਗੇਮਰਮਰ ਦੀ ਅਤਿਅੰਤ ਸੁੰਦਰ ਬਿਲਡਿੰਗ ਬਣੀ ਹੈ। ਅਨੰਤ ਸ੍ਰੀ ਵਿਭੂਸ਼ਤ ਪ੍ਰਮ ਪੂਜਯ ਪਾਦਯ ਪੰਡਿਤ ਸੁੱਚਾ ਸਿੰਘ ਜੀ ਮਹਾਰਾਜ ਸ੍ਰੀ ਮਹੰਤ ਨਿਰਮਲ ਪੰਚਾਇਤੀ ਅਖਾੜਾ ਕਨਖਲ (ਹਰਿਦੁਆਰ) ਦੇ ਆਦੇਸ਼ ਅਨੁਸਾਰ ਮੁਕਾਮੀ ਸ੍ਰੀ ਮਾਨ ਮਹੰਤ ਗਿਆਨੀ ਦੀਦਾਰ ਸਿੰਘ ਦੇ ਪ੍ਰੀਸ਼ਰਮ ਨਾਲ ਗੁਰ ਸਥਾਨ ਅਤੇ ਅਖਾੜੇ

---

[22] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਧਰਮ ਪ੍ਰਭਾਕਰ ਜਯੋਤੀ (ਹੱਥ ਲਿਖਤ)*, ਪੰਨਾ 37.

[23] ਪਿਆਰਾ ਸਿੰਘ ਪਦਮ, *ਤੇਗ ਬਹਾਦਰ ਸਿਮਰੀਐ*, ਪੰਨਾ 30.

[24] ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ*, ਪੰਨਾ 109.

[25] ਪਿਆਰਾ ਸਿੰਘ ਪਦਮ, *ਤੇਗ ਬਹਾਦਰ ਸਿਮਰੀਐ*, ਪੰਨਾ 30.

ਦੇ ਆਸ਼੍ਰਮ ਵਿਚ ਮਹਾਨ ਵ੍ਰਿਧੀ ਹੋ ਰਹੀ ਹੈ।'[26] ਗਿਆਨੀ ਜੀ ਨੇ ਵਿਸ਼ੇਸ਼ ਰੂਪ ਵਿਚ ਨਿਰਮਲ ਸੰਪ੍ਰਦਾਇ ਦਾ ਇਤਿਹਾਸ ਅੰਕਿਤ ਕੀਤਾ ਹੈ। ਉਨ੍ਹਾਂ ਨੇ ਨਿਰਮਲ ਸੰਪ੍ਰਦਾਇ ਦੇ ਅਧੀਨ ਆਉਂਦੇ ਲਗਭਗ 495 ਡੇਰੇ ਅਤੇ ਗੁਰਦੁਆਰਿਆਂ ਦਾ ਇਤਿਹਾਸ ਅੰਕਿਤ ਕੀਤਾ ਹੈ। ਇਸ ਕਰ ਕੇ ਇਸ ਲੇਖ ਵਿਚ ਨਿਰਮਲ ਸੰਪ੍ਰਦਾਇ ਦੇ ਅਧੀਨ ਆਉਂਦੇ ਗੁਰ ਅਸਥਾਨਾਂ ਬਾਰੇ ਵਧੇਰੇ ਜਾਣਕਾਰੀ ਦਿਤੀ ਗਈ ਹੈ।

ਇਸ ਲੇਖ ਵਿਚ ਗਿਆਨੀ ਜੀ ਨੇ ਗੁਰੂ ਸਾਹਿਬ ਦੇ ਨਿਕਰਵਰਤੀ ਸਿੱਖਾਂ ਬਾਰੇ ਵੀ ਜਾਣਕਾਰੀ ਦਿਤੀ ਹੈ। ਗੁਰੂ ਸਾਹਿਬ ਦੁਆਰਾ ਸਿੱਖ ਸੰਗਤਾਂ ਨੂੰ ਭੇਜੇ ਹੁਕਮਨਾਮੇ ਵੀ ਅੰਕਿਤ ਕੀਤੇ ਹਨ। ਇਹ ਲੇਖ ਪੰਜਾਬੀ ਭਾਸ਼ਾ ਵਿਚ ਲਿਖਿਆ ਹੈ ਪਰ ਕਿਤੇ ਕਿਤੇ ਹਿੰਦੀ ਤੇ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਵੀ ਆਏ ਹਨ ਜਿਵੇਂ ਸ਼ਿਲਾ ਨਿਆਸ, ਨਿਸ਼ੇਧ, ਕੁਸ਼ੋਭ, ਵ੍ਰਿਧੀ, ਵਿਭੂਸ਼ਿਤ, ਅਪੂਰਬ, ਵਿਦਮਾਨਯ ਆਦਿ। ਇਸ ਤਰ੍ਹਾਂ ਇਸ ਲੇਖ ਵਿਚ ਗਿਆਨੀ ਜੀ ਦੁਆਰਾ ਬਾਕੀ ਲੇਖਕਾਂ ਵਾਂਗ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸੰਬੰਧਿਤ ਜਾਣਕਾਰੀ ਅੰਕਿਤ ਕੀਤੀ ਗਈ ਹੈ। ਵਧੇਰੇ ਜਾਣਕਾਰੀ ਗੁਰੂ ਜੀ ਦੀਆਂ ਯਾਤਰਾਵਾਂ ਬਾਰੇ ਦਿਤੀ ਗਈ ਹੈ। ਇਹ ਲੇਖ ਗੁਰੂ ਸਾਹਿਬ ਦੇ ਜੀਵਨ ਤੇ ਯਾਤਰਾਵਾਂ ਬਾਰੇ ਪਾਠਕਾਂ ਨੂੰ ਖੋਜ ਭਰਪੂਰ ਜਾਣਕਾਰੀ ਮੁਹੱਈਆਂ ਕਰਵਾਉਂਦਾ ਹੈ। ਇਹ ਲੇਖ ਗੁਰੂ ਸਾਹਿਬ ਦੇ ਅੱਜ ਦੇ ਸਮੇਂ ਵਿਚ ਗੁਰੂ ਸਾਹਿਬ ਦੇ ਯਾਤਰਾ ਅਸਥਾਨਾਂ ਦੀ ਨਿਸ਼ਾਨਦੇਹੀ ਕਰਨ ਵਿਚ ਸਹਾਇਕ ਸਿੱਧ ਹੋ ਸਕਦਾ ਹੈ ਕਿਉਂਕਿ ਅੱਜ ਕਲ੍ਹ ਗੁਰੂ ਸਾਹਿਬ ਦੇ ਨਾਂ 'ਤੇ ਕਈ ਅਸਥਾਨ ਸਥਾਪਿਤ ਕੀਤੇ ਜਾ ਰਹੇ ਹਨ ਜੋ ਉਸ ਸਮੇਂ (1975) ਵਿਚ ਮੌਜੂਦ ਨਹੀਂ ਸਨ। ਇਸ ਤਰ੍ਹਾਂ 1975 ਈ. ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 300 ਵੇਂ ਸ਼ਹਾਦਤ ਪੁਰਵ ਸਮੇਂ ਹੋਏ ਅਨੇਕਾਂ ਕਾਰਜਾਂ ਵਿਚੋਂ ਇਹ ਵੀ ਮਹੱਤਵਪੂਰਨ ਕਾਰਜ ਹੈ ਜੋ ਉਸ ਸਮੇਂ ਅਪ੍ਰਕਾਸ਼ਤ ਰਹਿ ਗਿਆ।

**(4)** ***ਦੇਗ ਦੇ ਧਨੀ:*** ਇਹ ਕਿਤਾਬਚਾ ਗੁਰੂ ਘਰ ਦੇ ਸਤਿਕਾਰਤ ਸਿੱਖ ਭਾਈ ਰੂਪ ਚੰਦ ਦੇ ਜੀਵਨ ਨਾਲ ਸੰਬੰਧਿਤ ਹੈ। ਇਸ ਹੱਥ ਲਿਖਤ ਖਰੜੇ 'ਤੇ ਰਚਨਾਕਾਲ ਨਹੀਂ ਦਿਤਾ ਗਿਆ। 70 ਪੰਨਿਆਂ ਦੇ ਇਸ ਕਿਤਾਬਚੇ ਵਿਚ ਗਿਆਨੀ ਜੀ ਨੇ ਲਗਭਗ 20 ਸਿਰਲੇਖਾਂ ਅਧੀਨ ਭਾਈ ਰੂਪ ਚੰਦ ਜੀ ਦੇ ਜੀਵਨ, ਵੰਸ਼, ਸੇਵਾ ਸਿਮਰਨ, ਸਿੱਖੀ ਪ੍ਰਚਾਰ ਅਤੇ ਲੰਗਰ ਦੀ ਸੇਵਾ ਬਾਰੇ ਜਾਣਕਾਰੀ ਦਿਤੀ ਗਈ ਹੈ। ਇਸ ਲੇਖ ਦਾ ਸਿਰਲੇਖ *ਦੇਗ ਦੇ ਧਨੀ* ਇਸ ਕਰਕੇ ਰਖਿਆ ਹੈ ਕਿਉਂਕਿ ਭਾਈ ਰੂਪ ਚੰਦ ਜੀ ਨੂੰ ਛੇਵੇਂ ਪਾਤਸ਼ਾਹ ਨੇ ਦੇਗ (ਲੰਗਰ) ਚਲਾਉਣ ਦਾ ਵਰਦਾਨ ਦਿਤਾ। ਆਪ ਨੇ ਛੇਵੇਂ ਪਾਤਸ਼ਾਹ ਤੋਂ ਲੈ ਕੇ ਦਸਵੇਂ ਪਾਤਸ਼ਾਹ ਤਕ ਲੰਗਰ ਦੀ ਸੇਵਾ ਕੀਤੀ। ਇਸ ਲੇਖ ਦਾ ਉਦੇਸ਼ ਪਾਠਕਾਂ ਨੂੰ ਭਾਈ ਰੂਪ ਚੰਦ ਜੀ ਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ ਕੀਤੀ ਸੇਵਾ ਤੋਂ ਜਾਣੂ ਕਰਵਾਉਣਾ ਹੈ।

ਇਸ ਲੇਖ ਵਿਚ ਲੇਖਕ ਨੇ ਭਾਈ ਰੂਪ ਚੰਦ ਜੀ ਦੀ ਵੰਸ਼ ਅਤੇ ਜਨਮ ਬਾਰੇ ਦਸਿਆ ਹੈ। ਭਾਈ ਰੂਪ ਚੰਦ ਜੀ ਰਾਜਪੂਤ ਵੰਸ਼ ਵਿਚੋਂ ਸਨ ਅਤੇ ਇਨ੍ਹਾਂ ਦਾ ਗੋਤ ਖੋਖਰ ਸੀ। ਭਾਈ ਸਾਹਿਬ ਦੀ ਮਾਤਾ ਦਾ ਨਾਂ

[26] ਗਿਆਨੀ ਬਲਵੰਤ ਸਿੰਘ ਕੋਠਾ ਗੁਰੂ, *ਧਰਮ ਪ੍ਰਭਾਕਰ ਜਯੋਤੀ(ਹੱਥ ਲਿਖਤ)*, ਪੰਨਾ

ਸੂਰਤੀ ਅਤੇ ਪਿਤਾ ਦਾ ਨਾਂ ਸੁਧੂ ਸੀ। ਮਾਤਾ ਸੂਰਤੀ ਗੁਰਸਿੱਖੀ ਦੀ ਧਾਰਨੀ ਸੀ ਪਰ ਪਿਤਾ ਸੁਧੂ ਗੁਰਸਿੱਖੀ ਤੋਂ ਅਣਜਾਣ ਸੀ। ਛੇਵੇਂ ਸਤਿਗੁਰੂ ਦੀ ਬਖਸ਼ਸ਼ ਨਾਲ ਭਾਈ ਸੁਧੂ 'ਤੇ ਵੀ ਕਿਰਪਾ ਹੋਈ ਅਤੇ ਉਹ ਵੀ ਨਾਮ ਬਾਣੀ ਨਾਲ ਜੁੜ ਗਿਆ। ਇਨ੍ਹਾਂ ਦੇ ਘਰ ਵਿਸਾਖ 15 ਸੰਮਤ 1671 ਬਿ. ਵਿਚ ਭਾਈ ਰੂਪ ਚੰਦ ਦਾ ਜਨਮ ਹੋਇਆ।[27] ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਸ਼ੀਰਵਾਦ ਸਦਕਾ ਭਾਈ ਰੂਪ ਚੰਦ ਨੇ ਗੁਰੂ ਘਰ ਦੀ, ਲੰਗਰ ਦੀ ਮਹਾਨ ਸੇਵਾ ਕੀਤੀ ਅਤੇ ਸਿੱਖ ਧਰਮ ਵਿਚ ਪ੍ਰਸਿਧੀ ਹਾਸਲ ਕੀਤੀ। ਭਾਈ ਰੂਪ ਚੰਦ ਜੀ ਦੇ ਸ਼ਰਧਾਵਾਨ ਸਿੱਖ ਬਣਨ ਪਿੱਛੇ ਉਨ੍ਹਾਂ ਦੇ ਮਾਤਾ-ਪਿਤਾ ਦਾ ਯੋਗਦਾਨ ਸੀ ਕਿਉਂਕਿ ਭਾਈ ਰੂਪ ਚੰਦ ਜੀ ਦੇ ਮਾਤਾ ਪਿਤਾ ਛੇਵੇਂ ਪਾਤਸ਼ਾਹ ਦੇ ਸਿੱਖ ਸਨ।

ਗਿਆਨੀ ਜੀ ਨੇ ਦਸਦੇ ਹਨ ਕਿ ਛੇਵੇਂ ਪਾਤਸ਼ਾਹ ਨੇ ਭਾਈ ਰੂਪ ਚੰਦ ਦੇ ਨਾਂ 'ਤੇ ਵਿਸਾਖ ਸੰਮਤ 1653 ਬਿ. ਵਿਚ ਪਿੰਡ ਭਾਈ ਰੂਪੇ ਦੀ ਮੋਹੜੀ ਗੱਡੀ। ਆਸ਼ੀਰਵਾਦ ਦਿਤਾ ਕਿ ਇਥੇ ਗੁਰਮਤਿ ਦੀ ਟਕਸਾਲ ਚਲੇਗੀ, ਲੰਗਰ ਚਲੇਗਾ, ਸਿੱਖੀ ਦਾ ਕੇਂਦਰ ਬਣੇਗਾ, ਤੁਰਕਾਂ ਦੀ ਤੁਕਲਾਣੀ ਢਹਿ ਜਾਵੇਗੀ ਅਤੇ ਸੰਸਾਰ ਵਿਚ ਭਾਈ ਰੂਪਾ ਪ੍ਰਸਿਧ ਹੋਵੇਗਾ। ਗਿਆਨੀ ਜੀ ਨੇ ਛੇਵੇਂ ਪਾਤਸ਼ਾਹ ਦੇ ਕਾਂਗੜ ਜਾਣ, ਪਿੰਡ ਮਰਾਝ ਦਾ ਨਿਰਮਾਣ ਕਰਨ ਅਤੇ ਭਾਈ ਰੂਪ ਚੰਦ ਜੀ ਦੁਆਰਾ ਲੰਗਰ ਚਲਾਉਣ, ਸਿੱਖੀ ਦਾ ਪ੍ਰਚਾਰ ਕਰਨ ਬਾਰੇ ਜ਼ਿਕਰ ਕੀਤਾ ਹੈ। ਗਿਆਨੀ ਜੀ ਨੇ ਦਸਿਆ ਹੈ ਕਿ ਭਾਈ ਰੂਪ ਚੰਦ ਜੀ ਨੇ ਛੇਵੇਂ ਪਾਤਸ਼ਾਹ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ ਲੰਗਰ ਦੀ ਸੇਵਾ ਕੀਤੀ। ਗੁਰੂ ਗੋਬਿੰਦ ਸਿੰਘ ਦੇ ਸਮੇਂ ਜਦੋਂ ਵੀ ਅਨੰਦਪੁਰ ਸਾਹਿਬ ਵਿਚ ਯੁਧ ਹੋਇਆ ਭਾਈ ਰੂਪ ਚੰਦ ਆਪਣੇ ਪੁੱਤ ਪੋਤਰਿਆ ਸਮੇਤ ਲੰਗਰ ਦੀ ਸੇਵਾ ਲਈ ਹਾਜ਼ਰ ਹੁੰਦੇ ਅਤੇ ਲੰਗਰ ਦਾ ਪ੍ਰਬੰਧ ਕਰਦੇ ਸਨ।

ਅਖੀਰ ਵਿਚ ਲੇਖਕ ਨੇ ਭਾਈ ਰੂਪ ਚੰਦ ਦੇ ਮਾਤਾ ਪਿਤਾ ਦੇ ਪ੍ਰਲੋਕ ਗਮਨ, ਭਾਈ ਰੂਪ ਚੰਦ ਦਾ ਗੁਰੂ ਹਰਿਰਾਏ ਸਾਹਿਬ ਅਤੇ ਦਸਵੇਂ ਪਾਤਸ਼ਾਹ ਦੀ ਸੇਵਾ ਕਰਨ ਬਾਰੇ ਦਸਿਆ ਹੈ। ਜਦੋਂ ਵੀ ਅਨੰਦਪੁਰ ਸਾਹਿਬ ਜੰਗ ਹੋਈ ਭਾਈ ਰੂਪ ਚੰਦ ਆਪਣੇ ਪੁਤ ਪੋਤਰਿਆਂ ਸਮੇਤ ਲੰਗਰ ਦੀ ਸੇਵਾ ਕਰਦੇ ਰਹੇ।

ਇਸ ਤਰ੍ਹਾਂ ਇਸ ਲੇਖ ਤੋਂ ਭਾਈ ਰੂਪ ਚੰਦ ਜੀ ਦੁਆਰਾ ਗੁਰੂ ਸਾਹਿਬਾਨ ਲੰਗਰ ਦੀ ਸੇਵਾ ਵਿਚ ਪਾਏ ਯੋਗਦਾਨ ਬਾਰੇ ਜਾਣਕਾਰੀ ਮਿਲਦੀ ਹੈ। ਗਿਆਨੀ ਜੀ ਨੇ ਇਤਿਹਾਸਕ ਸ੍ਰੋਤਾਂ ਦੇ ਅਧਾਰ 'ਤੇ ਭਾਈ ਰੂਪ ਚੰਦ ਜੀ ਦਾ ਜੀਵਨ ਅੰਕਿਤ ਕੀਤਾ ਹੈ। ਉਨ੍ਹਾਂ ਨੇ ਗਿਆਨੀ ਗਿਆਨ ਸਿੰਘ ਦੁਆਰਾ ਰਚਿਤ *ਇਤਿਹਾਸ ਰਿਆਸਤ ਬਾਗੜੀਆਂ* ਸ੍ਰੋਤ ਨੂੰ ਅਧਾਰ ਬਣਾਇਆ ਹੈ। ਇਹ ਲੇਖ ਪੰਜਾਬੀ ਵਿਚ ਅੰਕਿਤ ਕੀਤਾ ਗਿਆ ਹੈ ਪਰ ਲੇਖਕ ਵਲੋਂ ਹਿੰਦੀ ਤੇ ਸੰਸਕ੍ਰਿਤ ਭਾਸ਼ਾ ਦੇ ਸ਼ਬਦਾਂ ਦੀ ਵੀ ਵਰਤੋਂ ਕੀਤੀ ਗਈ ਹੈ ਜਿਵੇਂ ਬ੍ਰਹਮ ਸ੍ਰੋਤ੍ਰੀਯ, ਆਦਰਸ਼ਯਕ, ਵਯੋਵ੍ਰਿਧ, ਮਾਨਨੀਯ, ਪ੍ਰੀਚਯ, ਆਵਸ਼ਯ, ਆਕ੍ਰਮਣ, ਵਰਸ਼ਾ, ਕਸ਼ੋਭ, ਸ਼ੀਘਰ, ਰੁਧਾ ਕੰਠ,

[27] ਉਹੀ, *ਦੇਗ ਦੇ ਧਨੀ (ਅਪ੍ਰਕਾਸ਼ਤ ਲੇਖ)*, ਪੰਨਾ 16.

ਸ਼ਾਂਤਵਨਾ, ਤ੍ਰਿਖਾ ਆਦਿ। ਸਮੁਚੇ ਰੂਪ ਵਿਚ ਇਸ ਲੇਖ ਵਿਚ ਭਾਈ ਰੂਪ ਚੰਦ ਦੇ ਜੀਵਨ ਦੇ ਅਹਿਮ ਪਹਿਲੂਆਂ 'ਤੇ ਚਰਚਾ ਕੀਤੀ ਗਈ ਹੈ।

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਜੀ ਦੀਆਂ ਉਪਰੋਕਤ ਰਚਨਾਵਾਂ ਨੂੰ ਸੰਪਾਦਿਤ ਕਰਕੇ ਇਸ ਅਧਿਆਇ ਵਿਚ ਛਾਪਿਆ ਗਿਆ ਹੈ। ਗਿਆਨੀ ਜੀ ਦੀਆਂ ਰਚਨਾਵਾਂ ਦੀ ਸੰਪਾਦਨਾ ਕਰਦਿਆਂ ਉਨ੍ਹਾਂ ਨੂੰ ਮੂਲ ਰੂਪ ਵਿਚ ਹੀ ਰੱਖਿਆ ਗਿਆ ਹੈ। ਸ਼ਬਦ-ਜੋੜਾਂ ਦੀ ਥੋੜ੍ਹੀ ਬਹੁਤ ਸੋਧ ਕੀਤੀ ਗਈ ਹੈ। ਗੁਰਬਾਣੀ ਦੀਆਂ ਪੰਕਤੀਆਂ ਅਤੇ ਸ੍ਰੋਤ ਗ੍ਰੰਥਾਂ (ਜਿਵੇਂ ਭਾਈ ਗੁਰਦਾਸ, ਗੁਰਪ੍ਰਤਾਪ ਸੂਰਜ ਗ੍ਰੰਥ, ਪ੍ਰਾਚੀਨ ਪੰਥ ਪ੍ਰਕਾਸ਼, ਮਹਿਮਾ ਪ੍ਰਕਾਸ਼ ਆਦਿ) ਦੇ ਹਵਾਲੇ ਸੋਧ ਕੇ ਲਿਖੇ ਗਏ ਹਨ। ਕਿਤੇ-ਕਿਤੇ ਵਿਆਕਰਣਕ ਸ਼ੋਧ ਜਿਵੇਂ ਬਿੰਦੀਆਂ, ਟਿੱਪੀਆਂ ਅਤੇ ਡੰਡੀਆਂ ਆਦਿ ਲਗਾਈਆਂ ਗਈਆਂ ਹਨ। ਰਚਨਾਵਾਂ ਵਿਚ ਫੁਟਨੋਟ ਦੇਣ ਲਈ ਗਿਆਨੀ ਜੀ ਨੇ ਜਿਹੜੇ ਚਿੰਨ੍ਹਾਂ ਦਾ ਪ੍ਰਯੋਗ ਕੀਤਾ ਹੈ ਉਹ ਕੰਪਿਊਟਰ ਵਿਚ ਨਾ ਹੋਣ ਕਾਰਨ ਪਦ-ਟਿੱਪਣੀਆਂ 1,2,3...ਅੰਕਾਂ ਨਾਲ ਦਿਤੀਆਂ ਗਈਆਂ ਹਨ।

ਗਿਆਨੀ ਜੀ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਤੋਂ ਸਿਧ ਹੁੰਦਾ ਹੈ ਕਿ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਨਿਬੰਧ ਲਿਖ ਕੇ ਸਿੱਖ ਇਤਿਹਾਸਕਾਰੀ ਵਿਚ ਯੋਗਦਾਨ ਪਾਇਆ। ਉਨ੍ਹਾਂ ਨੇ ਵਧੇਰੇ ਇਤਿਹਾਸ ਵਾਰਤਕ ਵਿਚ ਲਿਖਿਆ ਹੈ ਪਰ ਇਤਿਹਾਸ ਲਿਖਣ ਲਈ ਨਾਟਕ ਵਿਧਾ ਦਾ ਵੀ ਪ੍ਰਯੋਗ ਕੀਤਾ ਹੈ। ਇਨ੍ਹਾਂ ਰਚਨਾਵਾਂ ਦੇ ਛਪਣ ਨਾਲ ਜਿਥੇ ਗਿਆਨੀ ਜੀ ਬਹੁਮੁਲਾ ਅਪ੍ਰਕਾਸ਼ਿਤ ਕਾਰਜ ਸਾਹਮਣੇ ਆਵੇਗਾ ਉਥੇ ਇਹ ਰਚਨਾਵਾਂ ਸਿੱਖ ਅਧਿਐਨ ਦੇ ਵਿਦਵਾਨਾਂ ਅਤੇ ਖੋਜਾਰਥੀਆਂ ਲਈ ਵੀ ਲਾਭਕਾਰੀ ਸਿਧ ਹੋਣਗੀਆਂ।

**ੴ ਸਤਿਗੁਰ ਪ੍ਰਸਾਦਿ॥**

# ਬਾਲਾ ਠਾਕਰ

(ਇਤਿਹਾਸ ਗੁਰਦੁਆਰਾ ਮੈਣੀ ਸੰਗਤਿ ਪਟਨਾ ਸਾਹਿਬ)

ਤਹੀ ਪ੍ਰਕਾਸ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥

ਜਿਸ ਵਿਚ ਪ੍ਰੀਤਮ ਬਾਲਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਾਲ ਉਮਰ ਵਿਚ ਰਾਜਾ ਫਤਹ ਚੰਦ ਅਤੇ ਵਿਸੰਭਰਾ ਦੇਵੀ ਦੀ ਇਤਿਹਾਸਕ ਕਥਾ ਨੂੰ ਰੋਚਕ ਲਿਖਣ ਸ਼ੈਲੀ ਵਿਚ ਵਰਨਨ ਕੀਤਾ ਹੈ।

**ਲੇਖਕ**

**ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ**

## ਸਮਰਪਣ

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਤਿੰਨ ਸੌਵੇਂ ਅਵਤਾਰ ਦਿਹਾੜੇ ਦੀ ਖੁਸ਼ੀ ਵਿਚ ਸ੍ਰੀ ਮਾਨ ੧੦੮ ਨਿਰਮਲ ਪੰਥ ਭੂਸ਼ਨ ਪੰਡਿਤ ਸੁੱਚਾ ਸਿੰਘ ਜੀ ਮਹਾਰਾਜ ਸ੍ਰੀ ਮਹੰਤ ਨਿਰਮਲ ਪੰਚਾਇਤੀ ਅਖਾੜਾ ਕਨਖਲ (ਹਰਿਦਵਾਰ) ਨੂੰ ਅਤਿ ਸਤਿਕਾਰ ਸਹਿਤ

**ੴ ਸਤਿਗੁਰ ਪ੍ਰਸਾਦਿ॥**

# ਭੂਮਿਕਾ

ਪਿਆਰੇ ਪਾਠਕ ਜੀ!

ਇਸ ਪੁਸਤਕ ਵਿਚ ਦਸਮ ਪਿਤਾ ਜੀ ਦੀ ਕੇਵਲ ੪/੫ ਸਾਲ ਦੀ ਬਾਲ ਉਮਰ ਦੀ ਪਟਨਾ ਸਾਹਿਬ ਵਿਚ ਰਾਜਾ ਫਤਹ ਚੰਦ ਜੀ ਅਤੇ ਰਾਣੀ ਵਿਸੰਭਰਾ ਦੇਵੀ ਨਾਲ ਰੂਹਾਨੀ; ਕਿੰਤੂ ਕਰੁਣਾ ਭਰੀ ਇਤਿਹਾਸਕ ਕਹਾਣੀ ਨੂੰ ਨਵੀਨ ਲਿਖਣ ਸ਼ੈਲੀ ਵਿਚ ਆਪ ਜੀ ਦੀ ਭੇਟ ਕੀਤਾ ਹੈ। ਬਾਲਾ ਪ੍ਰੀਤਮ ਦੀਆਂ ਹੋਰ ਖੂਬੀਆਂ 'ਤੇ ਉਪਕਾਰ ਭੂਮਿਕਾ ਵਿਚ ਮੋਟੇ ਤੌਰ ਤੇ ਅੰਕਿਤ ਕਰਨੋ ਰਹਿ ਨਹੀਂ ਸਕਾਂਗਾ।

ਅਗੰਮੜੇ ਮਰਦ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਸ਼ਖ਼ਸੀਅਤ ਲਾਸਾਨੀ ਅਤੇ ਅਦੁਤੀ ਸੀ। ਆਪ ਜੀ ਦੇ ਜੀਵਨ ਪਹਿਲੂ ਚੋਂ ਕਿਤੇ ਵੀ ਨਜ਼ਰ ਮਾਰੋ ਮਹਾਨ ਨਜ਼ਰ ਆਏਗਾ। ਧਾਰਮਿਕ ਅਧਿਆਤਮਿਕ, ਸਮਾਜਿਕ, ਰਾਜਨੀਤਿਕ, ਆਰਥਕ ਅਤੇ ਭਾਈਚਾਰਕ ਹਰ ਥਾਂਉ ਆਪ ਜੀ ਨੇ ਪਰਿਵਰਤਨ ਲਿਆਦਾ। ਕ੍ਰਾਂਤੀ ਪੈਦਾ ਕੀਤੀ, ਕਾਇਆ ਕਲਪ ਕੀਤਾ। ਅਗਾਂਹਵਧੂ ਰੁਚੀਆਂ ਨੂੰ ਉਭਾਰਨ ਵਾਸਤੇ ਉਤਸ਼ਾਹ ਭਰਪੂਰ ਯਤਨ ਆਰੰਭੇ। ਇਨਸਾਨੀ ਜ਼ਿੰਦਗੀ ਦੀਆਂ ਨਵੀਂਆਂ ਕੀਮਤਾਂ ਨੂੰ ਉਲੀਕਿਆ। ਪੁਰਾਣੀਆਂ ਹੋ ਚੁੱਕੀਆਂ ਸਮਾਜਿਕ ਰਵਾਇਤਾਂ, ਬੋਲੀਆਂ, ਰਸਮਾਂ ਵਿਰੁੱਧ, ਬਗਾਵਤ ਦਾ ਝੰਡਾ ਬੁਲੰਦ ਕੀਤਾ।

ਆਪ ਜੀ ਨੇ ਸੈਂਕੜੇ ਉਪਕਾਰ ਭਾਰਤੀ ਲੋਕਾਂ ਉੱਤੇ ਕੀਤੇ ਅਤੇ ਜ਼ਬਰ ਜ਼ੁਲਮ ਤੋਂ ਮੁਕਤਿ ਕਰਕੇ ਅਣਖ ਦਾ ਜੀਵਨ ਜਿਉਣ ਦੀ ਜਾਚ ਦਸੀ। ਭਾਵੇਂ ਆਪ ਜੀ ਨੂੰ ਆਪਣੇ ਪਿਆਰੇ ਪਿਤਾ, ਮਾਤਾ, ਸਾਹਿਬਜਾਦੇ, ਮਾਮੇ ਦੇ ਪੁੱਤਰ ਅਤੇ ਲੱਖਾਂ ਸਿੰਘਾਂ ਦੇ ਬਲੀਦਾਨ ਦੀ ਆਹੂਤੀ ਦੇਣੀ ਪਈ ਪਰ ਚਲ ਰਹੀ ਜ਼ਾਲਮ ਦੀ ਤਲਵਾਰ ਨੂੰ ਖੁੰਡੀ ਕਰਕੇ ਰੱਖ ਦਿਤਾ। ਆਪ ਜੀ ਦਾ ਅਵਤਾਰ ਉਸ ਸਮੇਂ ਹੋਇਆ ਜਦੋਂ ਭਾਰਤੀ ਜੰਤਾ ਜ਼ੁਲਮ ਦੀ ਚੱਕੀ ਵਿਚ ਪੀਸੀ ਜਾ ਰਹੀ ਸੀ। ਇਹ ਪ੍ਰਕ੍ਰਿਤੀ ਦਾ ਕਾਨੂੰਨ ਹੈ ਜਦੋਂ ਵੀ ਸੰਸਾਰ ਵਿਚ ਜ਼ੁਲਮ ਦੀ ਹਨੇਰੀ ਚਲਦੀ ਹੈ ਜਦੋਂ ਵੀ ਕੋਈ ਸਕਤਾਂ ਨਿਹੱਥਿਆਂ ਤੇ ਹੱਥ ਚੁਕਦਾ ਹੈ, ਉਸ ਵੇਲੇ ਕੋਈ ਦੈਵੀ ਸ਼ਕਤੀ ਪ੍ਰਗਟ ਹੁੰਦੀ ਹੈ। ਇਹ ਅਸਾਡੇ ਫ਼ਲਸਫੇ (ਦਰਸ਼ਨ) ਦਾ ਵਿਸ਼੍ਵਾਸ ਹੈ। ਸ੍ਰੀਮਦ੍ਭਗਵ੍ਤ ਗੀਤਾ ਜੀ ਵਿਚ ਇਸੇ ਭਾਵ ਨੂੰ ਮੁੱਖ ਰੱਖਕੇ ਕਥਨ ਕੀਤਾ ਗਿਆ ਹੈ।

ਯਦਾ ਯਦਾ ਹੀ ਧਰਮਸਯ, ਗਲਾਨਿਰ ਭਵਤਿ ਭਾਰਤ॥
ਅਭੁਯਤ ਥਾਨਮਧਰਮਸਯ ਤਦਾਤ ਮਾਨੰ ਸ੍ਰਿਜਾਮਯਹੰ॥ (ਅਧਿ.੪/੭

ਇਸ ਸਿਧਾਂਤ (ਭਾਵ) ਨੂੰ ਸ੍ਵਾਮੀ ਤੁਲਸੀ ਦਾਸ ਜੀ ਕਿਨੀ ਸੁੰਦਰਤਾ ਨਾਲ ਵਰਨਨ ਕਰਦੇ ਹਨ।

ਜਬ ਜਬ ਹੋਇ ਧਰਮ ਕੀ ਹਾਨੀ
ਬੜੇ ਅਸੁਰ ਅੱਧਮ ਅਭਿਮਾਨੀ
ਕਰੈ ਅਨੀਤੀ ਜਾਇ ਨਹੀਂ ਵਰਨੀ
ਸੀਧਿਹ ਵਿਪਰ ਧੇਨਸੁਰ ਧਰਨੀ

ਤਬ ਤਬ ਪ੍ਰਭੂ ਧਰ ਦਿਵਯ ਸਰੀਰਾ

ਹਰੈ ਕ੍ਰਿਪਾ ਨਿਧੀ ਸਜਨ ਪੀਰਾ

ਸ਼ਾਹਨਸ਼ਾਹ ਅਕਬਰ ਦੇ ਦਰਬਾਰੀ ਵਿਦਵਾਨ ਫੈਜ਼ੀ ਜੀ ਵੀ ਇਸੇ ਸਿਧਾਂਤ ਦੇ ਕਾਇਲ ਹਨ।

ਚੂੰ ਬੁਨਿਆਦੇ ਦੀ ਸੁਸਤ ਗਰਦਦ ਬਸੇ

ਨੁਮਾਇਮ ਖੁਦਾਰ ਬ ਸਕਲੇ ਕਸੇ

ਕਿ ਹਿਫ਼ਜ਼ੇ ਰਿਆਜ਼ਤ ਗੁੰਜ਼ੀਨਾ ਕੁਨਮ

ਮੁਰਾਆਤੇ ਉਜਲਤ ਨਸ਼ੀਕਾ ਕੁਨਮ

ਭਾਵ ਜਦੋਂ ਧਰਮ ਦੀ ਨੀਂਹ ਕਮਜ਼ੋਰ ਹੋ ਜਾਂਦੀ ਹੈ ਤਾਂ ਮੈਂ ਆਪਣੀ ਮਹਾਨ ਸ਼ਕਤੀ ਨੂੰ ਕਿਸੀ ਮਹਾਂਪੁਰਸ਼ ਦੇ ਸਰੂਪ ਵਿਚ ਪ੍ਰਗਟ ਕਰਦਾ ਹਾਂ। ਧਰਮੀਆਂ ਦੀ ਰੱਖਿਆ ਵਾਸਤੇ, ਰਿਆਇਤ ਦੇਣ ਵਾਸਤੇ, ਅਸੁਰ ਸੰਸਕਾਰਾਂ ਦਾ ਨਾਸ ਕਰਨ ਵਾਸਤੇ, ਸੰਸਾਰ ਵਿਚ ਧਰਮ ਨੂੰ ਕਾਇਮ ਕਰਨ ਵਾਸਤੇ ਨਿਯਤ ਇਸ ਸਿਧਾਂਤ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਪਵਿੱਤਰ ਮੁਖ ਵਾਕ ਤੋਂ ਪੁਸ਼ਟੀ ਕੀਤੀ ਹੈ।

ਜਬ ਜਬ ਹੋਤ ਅਰਿਸਟ ਅਪਾਰਾ॥

ਤਬ ਤਬ ਦੇਹ ਧਰਤ ਅਵਤਾਰਾ॥

ਦਸਮ ਪਾਤਸ਼ਾਹ ਦਾ ਅਵਤਾਰ ਮਹਾਨ ਸੰਕਟ ਕਾਲ ਵਿਚ ਹੋਇਆ ਹੈ। ਆਪ ਜੀ ਨੇ ਅਸਾਨੂੰ ਇਕ ਦੋ ਕਾਰਨਾਮੇਂ ਹੀ ਕਰਕੇ ਨਹੀਂ ਵਖਾਏ, ਬਲਕੇ ਸਾਡੇ ਤੇ ਲੱਖਾਂ ਉਪਕਾਰ ਕੀਤੇ ਹਨ। ਅਸਾਨੂੰ ਹਰ ਤਰ੍ਹਾਂ ਨਾਲ ਭਰਪੂਰ ਬਨਾਇਆ ਹੈ, ਅਣਖ ਬਖਸ਼ੀ ਗੌਰਵ ਬਖਸ਼ਿਆ, ਦ੍ਰਿੜ੍ਹਤਾ ਪ੍ਰਦਾਨ ਕੀਤੀ, ਪਾਉਂਟੇ ਸਾਹਿਬ ਰੂਹਾਨੀਅਤ, ਆਨੰਦਪੁਰ ਬਹਾਦਰੀ, ਚਮਕੌਰ ਵਿਚ ਆਪਾ ਨਿਛਾਵਰ, ਦੀਨੇ ਵਿਚ ਸੰਗਠਣਤਾ, ਲੱਖੀ ਜੰਗਲ ਵਿਚ ਕਵਿਤਾ, ਤਖਤ ਦਮਦਮਾ ਸਾਹਿਬ ਵਿਚ ਗੁਰਬਾਣੀ ਪ੍ਰਮਾਰਥ, ਅਰਥ, ਬੋਧ ਵਿਦਿਆ ਅਤੇ ਸ੍ਰੀ ਹਜ਼ੂਰ ਸਾਹਿਬ ਵਿਚ ਗੁਰਤਾ ਬਖਸ਼ ਕੇ ਭਰਪੂਰ ਕੀਤਾ। ਗੁਰੂ ਕਲਗੀਧਰ ਪਿਤਾ ਦਾ ਅਵਤਾਰ ਵਾਹਿਗੁਰੂ ਦੀ ਵਿਸ਼ੇਸ਼ ਆਗਿਆ ਨਾਲ ਹੋਇਆ। ਆਪ ਜਨਮ ਤੋਂ ਹੀ ਗੁਰੂ ਸਨ। ਜਦੋਂ ਕਿ ਭਗਵਾਨ ਬੁੱਧ ਨੂੰ ੩੦ ਸਾਲ ਦੀ ਉਮਰ ਵਿਚ, ਮਹਾਂਬੀਰ ਜੈਨ ਨੂੰ ੨੮ ਸਾਲ ਦੀ ਉਮਰ ਵਿਚ, ਹਜ਼ਰਤ ਈਸਾ ਜੀ ਨੂੰ ੧੯ ਸਾਲ ਦੀ ਉਮਰ ਵਿਚ, ਹਜ਼ਰਤ ਮੁਹੰਮਦ ਸਾਹਿਬ ਨੂੰ ੪੦ ਸਾਲ ਦੀ ਉਮਰ ਵਿਚ, ਹਜ਼ਰਤ ਮੂਸਾ ਜੀ ਨੂੰ ੮੦ ਸਾਲ ਦੀ ਉਮਰ ਵਿਚ, ਪੈਗੰਬਰੀ ਮਿਲੀ।

ਅਵਤਾਰ ਧਾਰਨ ਤੋਂ ਪਹਿਲਾ ਅਨੰਤ ਕਾਲ ਤੋਂ ਈਸ੍ਵਰ ਸਿਮਰਨ ਵਿਚ ਇਕਾਗਰ ਚਿੱਤ ਸਨ। ਇਸ ਸੰਸਾਰ ਵਿਚ ਮਾਨੁਖੀ ਤਨ ਧਾਰਕੇ ਆਉਣ ਲਈ ਜਰਾ ਭਰ ਵੀ ਰੁਚੀ ਨਹੀਂ ਰੱਖਦੇ ਸਨ। **ਚਿਤ ਨ ਭਯੋ ਹਮਰੋ ਆਵਨ ਕਹ॥** ਕਿੰਤੂ ਅਕਾਲ ਪੁਰਖ ਦੀ ਆਗਿਆ **ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ ਪਕਰਿ ਪਛਾਰੋ॥** ਅਗੇ ਸੀਸ ਨਿਵਾਇਆ ਅਤੇ 'ਜਗਤ ਜਲੰਦੇ' ਨੂੰ ਤਾਰਨ ਹੇਤ ਅਵਤਾਰ ਧਾਰਨ ਕੀਤਾ। ਅਵਤਾਰ ਧਾਰਨ ਕਰਕੇ ਆਪ ਜੀ ਨੇ ਕਦੀ ਰੱਬ ਨਹੀਂ ਅਖਵਾਇਆ। ਬਲਕਿ ਨਿਮਰਤਾ

ਸਹਿਤ ਆਖਿਆ **ਮੈ ਹੋ ਪਰਮ ਪੁਰਖ ਕੋ ਦਾਸਾ॥ ਦੇਖਨ ਆਯੋ ਜਗਤ ਤਮਾਸਾ॥ ਮੋ ਨੋ ਦਾਸ ਤਵਨ ਕਾ ਜਾਨੋ॥ ਯਾ ਕੋ ਭੇਦ ਨ ਰੰਚ ਪਛਾਨੋ॥** ਆਪਣੇ ਆਪ ਨੂੰ ਈਸ੍ਵਰ ਅਖਵਾਉਣ ਤੋਂ ਦ੍ਰਿੜ੍ਹਤਾ ਨਾਲ ਰੋਕ ਦਿਤਾ **ਜੋ ਹਮ ਕੋ ਪਰਮੇਸਰ ਉਚਰਿਹੈਂ॥ ਤੇ ਸਭ ਨਰਕ ਕੁੰਡ ਮਹਿ ਪਰਿਹੈਂ॥** ਇਹ ਨਿਮਰਤਾ ਦਾ ਅੰਤ ਹੈ।

ਇਸ ਪੁਸਤਕ ਵਿਚ ਮਹਾਂ ਬਲੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰੇਮ ਕਥਾ ਨੂੰ ਵਰਨਨ ਕੀਤਾ ਗਿਆ ਹੈ। ਜੋ ਨਵੀਨ ਲਿਖਣ ਸ਼ੈਲੀ ਵਿਚ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤੀ ਹੈ। ਇਹ ਇਤਿਹਾਸਕ ਸਾਖੀ ਮਨੋਰੰਜਨ ਸ਼ਬਦਾਵਲੀ ਵਿਚ ਲਿਖੀ ਗਈ ਹੈ ਅਤੇ ਇਸ ਸਾਖੀ ਦਾ ਸੰਬੰਧ ਗੁਰਦਵਾਰਾ ਮੈਣੀ ਸੰਗਤਿ ਬਾਲ ਲੀਲ੍ਹਾ ਪਟਨਾ ਸਾਹਿਬ ਨਾਲ ਹੈ। ਅੱਜ ਪਟਨਾ ਨਿਵਾਸੀ ਸੰਗਤਿ ਨੇ ਦਸਮ ਪਾਤਸ਼ਾਹ ਦਾ ੩੦੦ ਸੌਵਾਂ ਅਵਤਾਰ ਦਿਹਾੜਾ ਮੰਨਾਉਣ ਦਾ ਐਲਾਨ ਕਰਕੇ ਸਾਰੇ ਸੰਸਾਰ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਹੈ। ਇਹ ਪਟਨੇ ਦਾ ਸਚਮੁਚ ਹੀ ਸ਼ਲਾਘਾਯੋਗ ਕਦਮ ਹੈ। ਅੱਜ ਪਟਨੇ ਦੀ ਇਸ ਅਗਵਾਈ ਪਿਛੇ ਜੰਤਾ ਅਤੇ ਸਰਕਾਰ ਦੋਨੋ ਚੱਲਣ ਵਿਚ ਫ਼ਖਰ ਸਮਝ ਰਹੀਆਂ ਹਨ।

ਰਾਜਾ ਫਤਹ ਚੰਦ ਨੇ ਆਪਣੇ ਮਹਿਲਾਂ ਨੂੰ ਗੁਰ ਸੰਗਤਿ ਦੇ ਅਰਪਨ ਕਰਕੇ ਅਤੇ ਗੁਰਦਵਾਰਾ ਸਾਹਿਬ ਕਾਇਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿਤਾ ਸੀ ਅਤੇ ਗੁਰਮਤਿ (ਗੁਰਬਾਣੀ) ਦੇ ਗਿਆਨੀ ਵਿਦਵਾਨ ਇਕ ਨਿਰਮਲੇ ਵਿਰਧ ਮਹਾਤਮਾ ਨੂੰ ਸਦਾ ਵਾਸਤੇ ਇਸ ਦਾ ਪ੍ਰਬੰਧ ਸੰਭਾਲ ਦਿਤਾ। ਇਹ ਨਿਰਮਲੇ ਮਹਾਂਪੁਰਸ਼ ਉਮਰ ਭਰ ਗੁਰਮਤਿ ਪ੍ਰਚਾਰ ਗੁਰਬਾਣੀ ਸੇਵਾ ਸਿਮਰਨ ਕਰਦੇ ਰਹੇ। ਉਪਰੰਤ ਬਹੁਤ ਸਾਰੇ ਨਿਰਮਲੇ ਮਹਾਂਪੁਰਸ਼ ਸਮੇਂ-ਸਮੇਂ ਅਨੁਸਾਰ ਸੇਵਾ ਸੰਭਾਲ ਅਤੇ ਪ੍ਰਚਾਰ ਕਰਦੇ ਰਹੇ ਜਿਨ੍ਹਾਂ ਵਿਚੋਂ ਮਹਾਨ ਵਿਦਵਾਨ, ਵਿਦਿਆ ਮਾਰਤੰਡ ਪੰਡਿਤ ਸੰਤ ਸਿੰਘ ਜੀ ਮਹਾਰਾਜ ਵੇਦਾਂਤਾਚਾਰਯ ਪ੍ਰਸਿਧ ਹੋਇ ਹਨ। ਇਹ ਗੁਰ ਅਸਥਾਨ ਹੁਣ ਤਕ ਨਿਰਮਲ ਪੰਥ ਕੋਲ ਚਲਿਆ ਆ ਰਿਹਾ ਹੈ।[28] ਵਰਤਮਾਨ ਸਮੇਂ ਗੁਰਦਵਾਰੇ ਦਾ ਪ੍ਰਬੰਧ ਸ੍ਰੀ ਨਿਰਮਲ ਪੰਚਾਇਤੀ ਅਖਾੜਾ ਕਨਖਲ (ਹਰਿਦਵਾਰ) ਕੋਲ ਹੈ। ਗੁਰਦਵਾਰਾ ਸਾਹਿਬ ਦੇ ਪ੍ਰਬੰਧਕ ਪ੍ਰਮ ਸਤਿਕਾਰਯੋਗ ਸ੍ਰੀ ਮਾਨ ੧੦੮ ਸੰਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਹਨ ਜੋ ਦਸਮ ਪਿਤਾ ਦੇ ਤਿੰਨ ਸੌਵੇਂ ਅਵਤਾਰ ਪੁਰਬ ਦੀ ਖੁਸ਼ੀ ਵਿਚ ਮਹਾਨ ਗੁਰਮਤਿ ਸਮਾਗਮ ਬਲਾ ਰਹੇ ਹਨ। ਉਚੇ ਪਹਿਮਾਨੇ ਤੇ ਪ੍ਰਬੰਧ ਆਰੰਭ ਹਨ। ਜੋ ਪਟਨਾ ਸਾਹਿਬ ਦੇ ਇਤਿਹਾਸ ਵਿਚ ਅਦੁੱਤੀ ਸੰਮੇਲਨ ਹੋਵੇਗਾ। ਇਸ ਤਿੰਨ ਸੌਂਵੇ ਪੁਰਬ ਦਿਹਾੜੇ ਦੇ ਅਵਸਰ ਉੱਤੇ ਹੀ ਇਹ ਪੁਸਤਕ ਪ੍ਰਕਾਸ਼ਤ ਕਰਕੇ ਗੁਰਦਵਾਰਾ ਸਾਹਿਬ ਮੈਣੀ ਸੰਗਤਿ ਬਾਲ ਲੀਲ੍ਹਾ ਦੀ ਇਤਿਹਾਸਕਤਾ ਤੋਂ ਵੀ ਜਾਣੂ ਕਰਵਾਉਣ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਬਿਨਾਂ ਸ਼ਾਸਤ੍ਰੀ ਜੀ ਇਸ ਗੁਰਦਵਾਰਾ ਸਾਹਿਬ ਦੀ ਪੁਰਾਤਨ ਬਿਲਡਿੰਗ ਢਾਹ ਕੇ ਨਵੀਂ ਵਿਸ਼ਾਲ ਅਦੁੱਤੀ ਦਰਸ਼ਨੀ ਬਿਲਡਿੰਗ ਬਨਾਉਣ ਦੇ ਆਹਰ ਵਿਚ ਹਨ ਜਿਸ ਦੀ ਬੁਨਿਆਦੀ ਰਸਮ ਪੰਜਾਂ ਪਿਆਰਿਆਂ ਦੇ ਜਥੇ ਸਮੇਤ ਨਿਰਮਲ ਪੰਥ ਭੂਸ਼ਨ ਸ੍ਰੀ ਮਾਨ ੧੦੮ ਪੰਡਿਤ ਸੁੱਚਾ ਸਿੰਘ ਜੀ ਮਹਾਰਾਜ ਸ੍ਰੀ ਮਹੰਤ ਨਿਰਮਲ ਪੰਚਾਇਤੀ ਅਖਾੜਾ ਕਨਖਲ ਨੇ ੧੫/੮/੧੯੬੨ ਨੂੰ ਰੱਖੀ। ਨਵੀਂ ਬਣ ਰਹੀ ਬਿਲਡਿੰਗ ਦੇ ਖਰਚ ਦਾ ਅੰਦਾਜ਼ਾ ਢਾਈ

28 ਇਥੇ ਦਸਮ ਪਾਤਸ਼ਾਹ ਦੀਆਂ ਜਾਦਿਗਾਰਾਂ ਵਿਚੋਂ ਮੌਜੇ (ਜੁੱਤਾ) ਅਤੇ ਕਰੌਂਦੇ ਦਾ ਬੂਟਾ ਹਨ। ਜਿਨ੍ਹਾਂ ਦੇ ਦਰਸ਼ਨ ਹੁੰਦੇ ਹਨ।

ਤਿੰਨ ਲੱਖ ਦੇ ਕਰੀਬ ਹੈ। ਗੁਰਦਵਾਰਾ ਸਾਹਿਬ ਦੇ ਸਰਬੱਤ ਚੁਗਾਠਾਂ, ਰੋਸ਼ਨਦਾਨ, ਅਲਮਾਰੀਆਂ, ਤਾਕੀਆਂ ਸਮੇਤ ਦਰਸ਼ਨੀ ਦਰਬਾਜੇ ਸੰਗੇਮਰਮਰ ਦੇ ਹੋਣਗੇ। ਸ਼ਾਨਦਾਰ ਗੁੰਬਜ਼ ਉੱਤੇ ਸੋਨੇ ਦਾ ਕਲਸ ਝਲਾਣ ਦੀ ਯੋਜਨਾ ਹੈ। ਇਕ-ਇਕ ਰੋਸ਼ਨਦਾਨ ਦੀ ਕੀਮਤ ੧੧੦੦ ਰੁਪੈ ਦੇ ਲਗਭਗ ਹੋਵੇਗੀ। ਸੰਗੇਮਰਮਰ ਤੋਂ ਬਿਨ੍ਹਾਂ ਬੜੇ ਅਦਭੁਤ ਪਦਾਰਥ ਤੇ ਸਮਗਰੀ ਦੇਸ ਪ੍ਰਦੇਸ ਵਿਚੋਂ ਮੰਗਾਕੇ ਲਾਈ ਜਾਵੇਗੀ। ਦੇਸ ਦੇ ਉਘੇ ਕਲਾਕਾਰਾਂ ਕੋਲੋ ਕੋਮਲ ਹੁਨਰ ਉਜਾਗਰ ਕਰਵਾਇਆ ਜਾਵੇਗਾ। ਇਹ ਸਿੱਖ ਸੰਸਕ੍ਰਿਤੀ ਦਾ ਪ੍ਰਤੀਕ ਬਿਹਾਰ ਦੀ ਰਾਜਧਾਨੀ ਵਿਚ ਆਪਣਾ ਵਿਖਾਵਾ ਕਰਕੇ ਖਾਲਸਾ ਜੀ ਦੇ ਮਾਣ ਦਾ ਕਾਰਣ ਬਣੇਗਾ। ਇਸ ਵਾਸਤੇ ਸਰਬੱਤ ਗੁਰਸਿਖਾਂ, ਮਾਈਆ, ਭਾਈਆਂ, ਗੁਰਮੁਖ ਪਿਆਰਿਆਂ, ਨਾਮਰਸੀਆਂ ਦੀ ਸੇਵਾ ਵਿਚ ਸੁਨਿਮਰ ਬੇਨਤੀ ਹੈ ਕਿ ਵਿਹਾਰ ਦੀ ਰਾਜਧਾਨੀ ਵਿਚ ਖਾਲਸੇ ਦੀ ਚੜ੍ਹਦੀ ਕਲਾ ਦਾ ਚਿੰਨ੍ਹ ਕਾਇਮ ਕਰਨ ਵਾਸਤੇ ਦਾਨਬੀਰਾਂ ਨੂੰ, ਵਧ ਚੜ੍ਹਕੇ ਮਾਇਆ ਭੇਜਣੀ ਤੇ ਭਜਵਾਉਣੀ ਚਾਹੀਦੀ ਹੈ। ੧੦੧ ਰੁਪੈ ਭੇਜਣ ਵਾਲੇ ਗੁਰਮੁਖਾਂ ਦੇ ਨਾਂਉ ਸੰਗੇਮਰਮਰ ਦੀਆਂ ਤਖਤੀਆਂ ਵਿਚ ਉਕਰ ਕੇ ਲਾਇ ਜਾਣਗੇ। ਇਸ ਸੇਵਾ ਨੂੰ ਸਿਰੇ ਚੜ੍ਹਾਉਣ ਵਾਸਤੇ ਹਰ ਤਰ੍ਹਾਂ ਦੀ ਸਹਾਇਤਾ ਸ੍ਰੀ ਮਾਨ ੧੦੮ ਸੰਤ ਨਿਸਚਲ ਸਿੰਘ ਜੀ ਮਹਾਰਾਜ ਅਤੇ ਸੰਤ ਕਰਤਾਰ ਸਿੰਘ ਜੀ ਠਠੇ ਵਾਲੇ ਵੀ ਦੇ ਰਹੇ ਹਨ।

ਸੋ ਅੰਤ ਨਿਰਮਲ ਪੰਚਾਇਤੀ ਅਖਾੜਾ ਕਨਖਲ, ਪੂਜਨੀਯ ਸ੍ਰੀ ੧੦੮ ਪੰਡਿਤ ਸੁੱਚਾ ਸਿੰਘ ਜੀ ਮਹਾਰਾਜ, ਸ੍ਰੀ ਮਾਨ ਸੰਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਆਦਿਕ ਮਹਾਨ ਵਿਅਕਤੀਆਂ ਦਾ ਅਤਿ ਰਿਣੀ ਹਾਂ ਜਿਨ੍ਹਾਂ ਦੀ ਸ਼ੁਭ ਪ੍ਰੇਰਨਾ ਦਵਾਰੇ ਦਸਮ ਗੁਰੂ ਦਾ ਆਪਣੀ ਲੇਖਣੀ ਦਵਾਰੇ ਜਸ ਕਰਨ ਦਾ ਯਤਨ ਕਰ ਸਕਿਆ ਹਾਂ ਅਤੇ ਤਿੰਨ ਸੌਵੇਂ ਅਵਾਤਰ ਪੁਰਬ ਵਿਚ ਆਪਣਾ ਤੁਛ ਜੇਹਾ ਹਿੱਸਾ ਪਾ ਸਕਿਆਂ ਹਾਂ। ਮਾਨਯੋਗ ਗਿਆਨੀ ਬਲਬੀਰ ਸਿੰਘ ਜੀ ਸਾਹਿਬ "ਵਿਯੋਗੀ" ਦਾ ਵੀ ਧੰਨਵਾਦ ਕੀਤੇ ਬਿਨ੍ਹਾਂ ਰਹਿ ਨਹੀਂ ਸਕਦਾ ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਇਸ ਪੁਸਤਕ ਵਿਚ ਸਮੇਂ-ਸਮੇਂ ਸ਼ੁਭ ਰਾਵਾਂ ਦੇ ਕੇ ਸੁਹੱਪਣ ਵਿਚ ਵਾਧਾ ਕੀਤਾ।

ਪੁਸਤਕ ਵਿਚ ਬੇ-ਅੰਤ ਭੁੱਲਾਂ ਰਹਿ ਜਾਣੀਆਂ ਮੇਰੇ ਵਰਗੇ ਅਲੇਖਕ ਵਾਸਤੇ ਸੁਭਾਵਿਕ ਹੀ ਹੈ। ਪੁਸਤਕ ਛਪਣ ਵੇਲੇ ਵੀ ਪ੍ਰੈਸ ਵਿਚ ਹਾਜ਼ਰ ਨਹੀਂ ਰਹਿ ਸਕਿਆ, ਲੇਖਣੀ ਅਤੇ ਪ੍ਰੈਸ ਦੀਆਂ ਅਸ਼ੁਧੀਆਂ ਲਈ ਵਿਦਵਾਨਾਂ ਤੋਂ ਖਿਮਾਂ ਦਾ ਜਾਚਕ ਹਾਂ।

ਜ਼ਿਲ੍ਹਾ ਬਠਿੰਡਾ — ਬਲਵੰਤ ਸਿੰਘ ਕੋਠਾ ਗੁਰੂ

੮/੮/੬੬

# ਲਘੂ ਉਪਨਿਆਸ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬਚਪਨ ਦੀ ਰੌਚਕ ਕਥਾ

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ

ਪਟਨੇ ਦੀ ਇਕ ਸੁੰਦਰ ਬਿਲਡਿੰਗ ਹੈ। ਜਿਸ ਦੀ ਸ਼ਕਲ ਨ ਤਾਂ ਕਿਲ੍ਹੇ ਦੀ ਹੈ, ਨਾ ਹੀ ਕਿਸੇ ਡੇਰੇ ਦੀ ਹੈ। ਇਕ ਅਜੇਹੀ ਇਮਾਰਤ ਹੈ, ਜਿਸ ਤਰ੍ਹਾਂ ਕੋਈ ਸ਼ਾਹੀ ਧਰਮਸ਼ਾਲਾ ਹੋਵੇ। ਯਾਤ੍ਰੀਆ ਵਾਸਤੇ ਕਮਰੇ ਹਨ, ਲੰਗਰ ਦਾ ਪ੍ਰਬੰਧ ਹੈ। ਇਮਾਰਤ ਦੇ ਇਕ ਪਾਸੇ ਮੈਦਾਨ ਅਤੇ ਰੰਗ ਮੰਚ ਹੈ ਜਿਸ ਵਿਚ ਚੰਦੋਇ ਲੱਗੇ ਹੋਇ ਹਨ। ਦਰੀਆਂ ਵਿਛੀਆਂ ਹੋਈਆਂ ਹਨ। ਇਥੇ ਹਰ ਰੋਜ ਸਭਾ ਲਗਦੀ ਹੈ। ਕਥਾ ਵਾਰਤਾ ਸਤਿਸੰਗ ਜਾਰੀ ਰਹਿੰਦਾ ਹੈ। ਇਹ ਕਥਾ ਦਾ ਪ੍ਰੀਚਯ ਪੰਡਿਤ ਸ਼ਿਵ ਦੱਤ ਜੀ ਬ੍ਰਾਹਮਣ ਵਲੋਂ ਆਰੰਭ ਹੈ ਜੋ ਸ਼ਹਿਰ ਦੇ ਉਘੇ ਰਈਸਾਂ ਵਿਚੋਂ ਇਕ ਹੈ। ਆਪ ਜੀ ਨੂੰ ਰਾਜੇ ਦਾ ਖਤਾਬ ਵੀ ਮਿਲਿਆ ਹੋਇਆ ਹੈ। ਭਾਵੇਂ ਆਪ ਪ੍ਰਸਿਧ ਰਈਸ ਜਾਗੀਰਦਾਰ ਹਨ ਪਰ ਆਪ ਜੀ ਦੀ ਧਰਮ ਵੱਲ ਰੁਚੀ ਅਕਥਨੀਯ ਹੈ। ਇਸ ਵਾਸਤੇ ਧਾਰਮਿਕ ਵਿਦਵਾਨ, ਬ੍ਰਾਹਮਣ ਅਤੇ ਮਹਾਰਾਜਾ ਫ਼ਤਹ ਚੰਦ ਜੀ ਦੇ ਕੁਲ ਪ੍ਰੋਹਤ ਹੋਣ ਕਰਕੇ ਸਾਰਾ ਸ਼ਹਿਰ ਆਪ ਜੀ ਦਾ ਅਤਿਅੰਤ ਸਤਿਕਾਰ ਕਰਦਾ ਹੈ। ਆਪ ਜੀ ਦਾ ਨਿੱਤਕਰਮ ਇਸ ਤਰ੍ਹਾਂ ਹੈ ਕਿ ਰਾਤ ਦੇ ਚੌਥੇ ਪਹਿਰ ਤਾਰਿਆਂ ਦੀ ਛਾਂ ਹੇਠ ਉਠ ਕੇ ਜਮਨਾ ਵਿਚ ਇਸ਼ਨਾਨ ਕਰਨ ਉਪਰੰਤ ਉਥੇ ਹੀ ਇਕ ਪਾਸੇ ਬੈਠ ਕੇ ਈਸ੍ਰੂਰ ਭਜਨ ਕਰਦੇ ਹੋਇ ਸਮਾਧੀ ਸਥਿਰ ਹੋ ਕੇ **ਭਿੰਨੀ ਰੈਨੜੀਐ ਚਾਮਕਨਿ ਤਾਰੇ॥ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥** ਵਿਚ ਲਿਵਲੀਨ ਹੋ ਕੇ ਪ੍ਰਕ੍ਰਿਤੀ ਦੀ ਅਦੁਤੀ ਸੁੰਦਰਤਾ ਨੂੰ ਮਾਨਣ ਵਾਸਤੇ **ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ। ਤਿਨਾ ਦਰੀਆਵਾ ਸਿਉ ਦੋਸਤੀ** ਪਾ ਕੇ **ਅੰਮ੍ਰਿਤ ਵੇਲਾ ਸਚੁ ਨਾਉ** ਨੂੰ ਪ੍ਰਾਪਤ ਕਰਨ ਦੇ ਯਤਨ ਵਿਚ **ਵਡਿਆਈ ਵੀਚਾਰੁ** ਵਿਚ ਇਕਾਗਰ ਚਿੱਤ ਹੋ ਜਾਂਦੇ।

ਉਪਰੰਤ ਘਰ ਵਾਪਸ ਆਕੇ ਕੀਰਤਨ ਵਿਚ ਸ਼ਾਮਲ ਹੁੰਦੇ ਜਿਥੇ **ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ॥** ਦੇ ਅਨੁਸਾਰ ਅਧਿਆਤਮਿਕ ਰੰਗ ਵਿਚ ਰੰਗੇ ਜਾਂਦੇ। ਕੀਰਤਨ ਦੀ ਸਮਾਪਤੀ ਹੋ ਜਾਣ 'ਤੇ ਆਪ ਕਥਾ ਆਰੰਭ ਕਰ ਦਿੰਦੇ।

ਆਪ ਤਖਤ ਤੇ ਵਿਰਾਜ ਰਹੇ ਹਨ, ਬੜਾ ਤੇਜਸ੍ਰੀ ਚੇਹਰਾ ਹੈ। ਮੁੱਖ ਦੀ ਕ੍ਰਾਂਤੀ ਪ੍ਰਕਾਸ਼ਮਾਨ ਹੋ ਰਹੀ ਹੈ। ਜਗਿਆਸੂ ਮੰਡਲ ਬੜੀ ਉਤਸਕਤਾ ਨਾਲ ਆਪ ਜੀ ਦੇ ਵੀਚਾਰ ਨੂੰ ਸ਼ਰਵਨ ਕਰ ਰਹੀ ਹੈ। ਆਪ ਜੀ ਦੇ ਨਾਮ ਰਤੜੇ ਨੈਣ, ਲੰਮਾ ਚਿੱਟਾ ਦਾਹੜਾ ਹਰ ਸਰੋਤੇ ਨੂੰ ਪ੍ਰਭਾਵਿਤ ਕਰ ਰਿਹਾ ਹੈ। ਪ੍ਰਸੰਗ ਮੁਤਾਬਿਕ ਆਪ ਫ਼ਰਮਾ ਰਹੇ ਹਨ:

ਪਾਰਜਾਤੁ ਇਹੁ ਹਰਿ ਕੋ ਨਾਮ॥
ਕਾਮਧੇਨ ਹਰਿ ਹਰਿ ਗੁਣ ਗਾਮ॥
ਸਭ ਤੇ ਊਤਮ ਹਰਿ ਕੀ ਕਥਾ॥
ਨਾਮੁ ਸੁਨਤ ਦਰਦ ਦੁਖ ਲਥਾ॥ (ਪੰਨਾ ੨੬੫)

'ਹਰਿ ਕੀ ਕਥਾ' 'ਸਭ ਤੇ ਉਤਮ' ਹੋਣ ਕਰਕੇ 'ਪਾਰਜਾਤੁ' ਅਤੇ 'ਕਾਮਧੇਨ' ਨਾਲੋਂ ਵੀ ਮਹਾਨ ਅਤੇ ਅਦੁੱਤੀ ਹੈ ਕਿਉਂਕਿ 'ਹਰਿ ਕੀ ਕਥਾ' ਨੂੰ ਸੁਨਣ ਨਾਲ ਕੇਵਲ ਸੰਸਾਰਕ ਦੁੱਖਾਂ ਦੀ ਨਿਵ੍ਰਿਤੀ ਨਹੀਂ ਹੁੰਦੀ, ਬਲਕੇ 'ਪਰਮਅਨੰਦ' ਦੀ ਵੀ ਪ੍ਰਾਪਤੀ ਹੁੰਦੀ ਹੈ। ਇਸੇ ਵਾਸਤੇ ਹੀ ਸਤਿਗੁਰੂ ਜੀ ਨੇ 'ਹਰਿ ਕੀ ਕਥਾ' ਦਵਾਰੇ ਹੀ 'ਦਰਦ ਦੁਖ ਲਥਾ' ਦਸਿਆ ਹੈ ਕਿਉਂਕਿ **ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ॥** ਵੀ ਉਹ ਬਖਸ਼ਣ ਵਾਲਾ ਹੈ। ਉਹ ਅਜੇਹਾ ਮਹਾਨ ਈਸ੍ਵਰ ਕੌਣ ਹੈ? ਕਿਥੇ ਹੈ? ਅਜੇਹੇ ਸਮੂਹ ਭੁਲੇਖੇ 'ਹਰਿ ਕੀ ਕਥਾ' ਦਵਾਰੇ ਅਸੀਂ ਸਹਿਜੇ ਹੀ ਹਲ ਕਰਨ ਦੇ ਸਮਰਥ ਹੋ ਜਾਂਦੇ ਹਾਂ। 'ਹਰਿ ਕੀ ਕਥਾ' ਕਿਹੋ ਜੇਹੀ ਵਸਤੂ ਹੈ? ਇਹ ਹੈ ਕੇਵਲ 'ਨਾਮੁ'। ਨਾਮ ਸਿਮਰਨ ਸਭ ਤੋਂ ਉਤਮ ਹੈ। ਸਤਿਗੁਰੂ ਜੀ ਫਰਮਾਉਂਦੇ ਹਨ:

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (ਪੰਨਾ ੨੬੬)

ਸਮੂਹ ਧਰਮਾਂ 'ਚੋ ਸ੍ਰੇਸ਼ਟ ਧਰਮ ਹੈ, ਨਾਮ ਦਾ ਸਿਮਰਨ ਕਰਨਾ। ਇਹ ਪਰਮ ਸੁਖ ਹੈ, ਆਤਮਿਕ ਲੀਨਤਾ ਹੈ, ਰਸ ਹੈ, ਅੰਮ੍ਰਿਤ ਹੈ, ਖੇੜਾ ਹੈ, ਉਤਸ਼ਾਹ ਹੈ, ਸਦਾ ਬਸੰਤ ਹੈ, ਪ੍ਰਸੰਨਤਾ ਦਾ ਸਾਗਰ ਹੈ, ਲਬਾ-ਲਬ ਭਰਿਆ ਹੋਇਆ ਰੂਹਾਨੀ ਸਰੋਵਰ ਹੈ।

ਇਸ ਸਮੇਂ ਇਕ ਜਗਿਆਸੂ ਨੇ ਹੱਥ ਜੋੜ ਕੇ, ਗਲ ਪੱਲਾ ਪਾ ਕੇ ਅਧੀਨਗੀ ਨਾਲ ਬੇਨਤੀ ਕੀਤੀ ਕਿ ਬ੍ਰਾਹਮਣ ਸ੍ਰੇਸ਼ਟ! ਮਹਾਰਾਜ ਜੀਓ!! ਇਕ ਸ਼ੰਕਾ ਹੈ, ਦਾਸ ਅਤਿ ਧੰਨਵਾਦੀ ਹੋਵੇਗਾ ਜੇਕਰ ਨਿਵ੍ਰਿਤ ਕਰ ਸਕੋਂ, ਦਾਸ ਨੇ ਕਈ ਵਰਸ਼ ਆਪ ਜੀ ਦੀ ਕਥਾ ਤੋਂ ਮਹਾਨ ਜੀਵਨ ਲਾਹਾ ਪ੍ਰਾਪਤ ਕੀਤਾ ਹੈ ਕਿੰਤੂ ਪਿਛਲੇ ਕੁਝ ਮਹੀਨਿਆਂ ਤੋਂ ਆਪ ਜੀ ਦੇ ਸਿਧਾਂਤ ਵਿਚ ਕਾਫੀ ਪਰਿਵਰਤਨ ਆ ਗਿਆ ਹੈ। ਦਾਸ ਇਸ ਰਹੱਸਯ ਨੂੰ ਸਮਝ ਨਹੀਂ ਸਕਿਆ। ਪਹਿਲੇ ਆਪ ਪੁਰਾਤਨ ਆਰੀਆ ਫ਼ਲਾਸਫੀ ਯੱਗਯ, ਹਵਨ, ਪੂਜਾ-ਪਾਠ, ਵ੍ਰਤ, ਨਿਉਲੀ ਕਰਮ ਆਦਿਕ ਸਾਧਨ ਜੀਵਨ ਕਲਿਆਣ ਦੇ ਦਸਦੇ ਸੋਂ ਕਿੰਤੂ ਹੁਣ ਕੁਝ ਸਮੇਂ ਤੋਂ ਗੁਰਮਤਿ ਅਨੁਸਾਰ 'ਕਲਿ ਕੇਵਲ ਨਾਮ ਅਧਾਰ' ਦਾ ਦਿਨ ਰਾਤ ਹੋਕਾ ਦੇ ਰਹੇ ਹੋਂ। ਅਸੀਂ ਦੋਨਾਂ ਮਾਰਗਾਂ ਦੇ 'ਮਧਿਅਮ' ਵਿਚ ਖੜੋਤੇ ਹਾਂ। ਅਗੇ ਲਈ ਅਸਾਨੂੰ ਨਿਸ਼ਚੇ ਨਾਲ ਦਸਿਆ ਜਾਵੇ ਕਿ ਕਿਹੜੇ ਰਾਹ ਨੂੰ ਅਪਣਾਈਏ? ਬਸ! ਕੇਵਲ ਏਹੀ ਸ਼ੰਕਾ ਨਿਵ੍ਰਿਤ ਕਰਨ ਦੀ ਕਿਰਪਾ ਕਰਨੀ।

ਪੰਡਿਤ ਸ਼ਿਵ ਦੱਤ ਜੀ ਮਹਾਰਾਜ ਆਪਣੇ ਸੁੰਦਰ ਚਿਟੇ ਦਾਹੜੇ ਤੇ ਹੱਥ ਫੇਰਕੇ ਚੁਪ ਹੋ ਗਏ ਅਤੇ ਕੁਝ ਚਿਰ ਸੋਚ ਕੇ ਬੋਲੇ, 'ਐ ਪਵਿੱਤਰ ਆਤਮਾ ਸੱਜਨ ਜੀਉ! ਆਪ ਨੇ ਬੜੀ ਵਜਨਦਾਰ ਅਤੇ ਕੀਮਤੀ ਸ਼ੰਕਾ ਰੱਖੀ ਹੈ। ਇਹ ਸ਼ੰਕਾ ਕੇਵਲ ਤੁਹਾਡੇ ਲਈ ਹੀ ਆਵਸ਼ੱਕ ਨਹੀਂ ਬਲਕਿ ਇਸ ਸ਼ੰਕਾ ਦਾ ਹਰਿ ਸੱਜਨ ਵਾਸਤੇ ਲਾਹੇਵੰਦ ਫਾਇਦਾ ਹੋਵੇਗਾ। ਮੇਰੇ ਪਿਆਰੇ ਸਜਨਾ! ਇਹ ਠੀਕ ਹੈ, ਪੁਰਾਤਨ ਕਰਮ ਬੁਰੇ ਨਹੀਂ, ਹਛੇ ਹਨ, ਸਤਿਕਾਰਯੋਗ ਹਨ, ਸਾਡੀ ਆਚਰਨ ਉਸਾਰੀ ਵਿਚ ਸਹਾਇਕ ਹੁੰਦੇ ਹਨ ਪਰ ਉਹ ਇਸ ਤਰ੍ਹਾਂ ਹਨ, ਜਿਵੇਂ ਕਿਸੇ ਨੂੰ ਲੋਹਾ, ਪਿਤਲ, ਗਿਲਟ, ਚਾਂਦੀ ਤਾਂਬੇ ਦੇ ਕਈ ਭਾਰ ਮਿਲ ਜਾਣ ਕਿੰਤੂ ਕਿਸੀ ਨੂੰ ਇਕੱਲਾ 'ਕੋਹਨੂਰ ਹੀਰਾ' ਮਿਲ ਜਾਵੇ ਤਾਂ ਉਹ ਉਪਰੋਕਤ ਸਾਰੀਆਂ ਧਾਤਾਂ ਨੂੰ ਖਰੀਦ ਲਵੇਗਾ ਪਰ ਉਸ ਦੀ ਕੀਮਤ

ਹਾਲੀ ਵੀ ਬੇਅੰਤ ਹੈ। ਜਪੁ, ਤਪੁ, ਪੂਜਾ, ਪਾਠ, ਪਿਤਲ, ਤਾਂਬੇ ਦੀ ਤਰ੍ਹਾਂ ਹਨ। 'ਨਾਮ' 'ਕੋਹਨੂਰ ਹੀਰਾ' ਹੈ। ਸਤਿਗੁਰੂ ਜੀ ਦੀ ਬਾਣੀ ਫਰਮਾਉਂਦੀ ਹੈ।

ਜਾਪ ਤਾਪ ਗਿਆਨ ਸਭਿ ਧਿਆਨ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ॥
ਸਗਲ ਤਿਆਗਿ ਬਨ ਮਧੇ ਫਿਰਿਆ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ॥
ਪੁੰਨ ਦਾਨ ਹੋਮੇ ਬਹੁ ਰਤਨਾ॥
ਸਰੀਰੁ ਕਟਾਇ ਹੋਮੈ ਕਰਿ ਰਾਤੀ॥
ਵਰਤ ਨੇਮ ਕਰੈ ਬਹੁ ਭਾਤੀ॥
ਨਹੀ ਤੁਲਿ ਰਾਮ ਨਾਮ ਬੀਚਾਰ॥
ਨਾਨਕ ਗੁਰਮੁਖਿ ਨਾਮ ਜਪੀਐ ਇਕ ਬਾਰ॥
ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ
ਮਹਾ ਉਦਾਸੁ ਤਪੀਸਰੁ ਥੀਵੈ॥
ਅਗਨਿ ਮਾਹਿ ਹੋਮਤ ਪਰਾਨ॥
ਕਨਿਕ ਅਸ੍ਵ ਹੈਵਰ ਭੂਮਿ ਦਾਨ॥
ਨਿਉਲੀ ਕਰਮ ਕਰੈ ਬਹੁ ਆਸਨ॥
ਜੈਨ ਮਾਰਗ ਸੰਜਮ ਅਤਿ ਸਾਧਨ॥"

ਪਿਆਰੇ ਗੁਰਮੁਖ ਜੀ! ਇਥੋ ਤਕ ਕਿ:

ਨਿਮਖ ਨਿਮਖ ਕਰਿ ਸਰੀਰੁ ਕਟਾਵੈ॥
ਤਉ ਭੀ ਹਉਮੈ ਮੈਲੁ ਨ ਜਾਵੈ॥ (ਪੰਨਾ ੨੬੫)

ਪਹੁੰਚੇ ਹੋਇ ਪਿਆਰੇ ਸਜਨੋ! ਬਸ! ਗੱਲ ਖਤਮ ਹੈ ਕਿ **ਜਬ ਇਹ ਜਾਨੈ ਮੈ ਕਿਛੁ ਕਰਤਾ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ॥** ਗੁਰੂ ਬਾਬਾ ਜੀ ਦਾ ਕਥਨ ਹੈ **ਹਉਮੈ ਦੀਰਘੁ ਰੋਗੁ ਹੈ** ਅਤੇ **ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥** ਕਹਿ ਕੇ ਜਗਿਆਸੂ ਨੂੰ ਸਾਵਧਾਨ ਕੀਤਾ ਹੈ। 'ਮਨ ਨੀਵਾ ਤੇ ਮਤਿ ਉਚੀ' ਦਾ ਆਦ੍ਰਸ਼ ਸਮਝਾਇਆ ਹੈ।

ਇਨੇ ਨੂੰ ਸੇਠ ਜਗਤਾ ਜੀ ਨੇ ਗਲ ਪੱਲਾ ਪਾ ਕੇ, ਸਿਰ ਨਿਵਾ ਕੇ ਹੱਥ ਜੋੜ ਬੇਨਤੀ ਕੀਤੀ ਕਿ 'ਪੰਡਿਤ ਜੀ! ਮੈਨੂੰ ਇਕ ਸ਼ੰਕਾ ਹੈ ਜੇਕਰ ਆਪ ਸਮਾਧਾਨ ਕਰ ਸਕੋਂ ਤਾਂ ਬਹੁਤ ਚੰਗਾ ਹੋਵੇ। ਕੁਝ ਸਮਾਂ

ਪਹਿਲੇ ਆਪ ਨੇ ਠਾਕਰ ਪੂਜਾ ਵਲ ਪ੍ਰਵ੍ਰਿਤ ਕਰ ਰੱਖਿਆ ਸੀ ਕਿੰਤੂ ਹੁਣ ਗੁਰਬਾਣੀ ਪਠਨ-ਪਾਠਨ ਤੇ ਹੀ ਜੋਰ ਦੇ ਰਹੇ ਹੋ। ਇਸ ਉਤੇ ਜੇਕਰ ਚਾਨਣ ਪਾ ਸਕੋਂ ਤਾਂ ਧੰਨਵਾਦੀ ਹੋਵਾਂਗਾ।'

ਪੰਡਿਤ ਸ਼ਿਵ ਦੱਤ ਜੀ ਨੇ ਕੁਝ ਮੁਸਕਾਉਦਿਆਂ ਹੋਇਆਂ ਆਖਿਆ, 'ਭਗਤ ਜੀਓ! ਆਪ ਜੀ ਦਾ ਕਥਨ ਸਤਿ ਹੈ। ਮੈਂ ਠਾਕਰ ਪੂਜਾ ਦਾ ਤਨ, ਮਨ, ਧਨ, ਦਵਾਰੇ ਕਾਇਲ ਸਾਂ ਪ੍ਰੰਤੂ ਹੁਣ **ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥** ਨੇ ਜੋ ਸਤਿਗੁਰ ਸੂਰਮੇਂ ਨੇ ਮਾਰ ਦਿਤਾ ਹੈ ਮਨ ਦੇ ਕਪਾਟ ਖੋਲ੍ਹ ਦਿਤੇ ਹਨ ਅਤੇ ਇਹ ਚਾਨਣ ਹੋ ਗਿਆ ਹੈ।'

ਕਤ ਜਾਈਐ ਰੇ ਘਰ ਲਾਗੋ ਰੰਗੁ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥੧॥ਰਹਾਉ॥
ਏਕ ਦਿਵਸ ਮਨ ਭਈ ਉਮੰਗ॥
ਘਸਿ ਚੰਦਨ ਚੋਆ ਬਹੁ ਸੁਗੰਧ॥
ਪੂਜਨ ਚਾਲੀ ਬ੍ਰਹਮ ਠਾਇ॥
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥੧॥
ਜਹਾ ਜਾਈਐ ਤਹ ਜਲ ਪਖਾਨ॥
ਤੂ ਪੂਰਿ ਰਹਿਓ ਹੈ ਸਭ ਸਮਾਨ॥
ਬੇਦ ਪੁਰਾਨ ਸਭ ਦੇਖੇ ਜੋਇ॥
ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥੨॥
ਸਤਿਗੁਰ ਮੈਂ ਬਲਿਹਾਰੀ ਤੋਰ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥
ਰਾਮਾਨੰਦ ਸੁਆਮੀ ਰਮਤ ਬ੍ਰਹਮ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ॥੩॥ (ਪੰਨਾ ੧੧੯੫)

ਸੋ ਜਗਿਆਸੂ ਜਨੋ! ਠਾਕਰ ਪੂਜਾ ਹਵਨ ਯੱਗ ਆਦਿਕ ਕਰਮ ਪਉੜੀ ਦਾ ਇਕ ਡੰਡਾ ਸੀ ਜੋ ਅਸੀਂ ਕੁਝ ਚਿਰ ਉਸ ਦੇ ਸਹਾਰੇ 'ਅਗੇ ਕੂ ਤ੍ਰਾਘਣ' ਦਾ ਯਤਨ ਕਰਦੇ ਰਹੇ। ਹੁਣ ਜਦੋਂ ਸਾਨੂੰ ਵਿਸ਼ਵ ਨਾਥ ਧਰਾਭਾਰ ਹਰਨ ਆਏ ਸਚਮੁਚ **ਹਾਜ਼ਰ ਹਜ਼ੂਰ ਠਾਕੁਰੁ ਹਮਰਾ ਸਦ ਬੋਲੰਤਾ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ॥** ਦੇ ਵਾਕ ਅਨੁਸਾਰ ਸਾਡਾ ਠਾਕਰ ਆਪ ਕਲਾ ਧਾਰਕੇ ਮਾਨੁਖੀ ਸਰੀਰ ਵਿਚ ਇਸ 'ਜਗਤ ਜਲੰਦੇ' ਨੂੰ ਤਾਰਨ ਹੇਤ ਸਾਡੀ ਧਰਤੀ, ਸਾਡੇ ਦੇਸ, ਬਲਕਿ ਠਾਕਰ ਨੇ ਤਾਂ **ਪਟਨਾ ਸਹਰ ਬਿਖੈ ਭਵ ਲਯੋ** ਹੈ। ਜਦੋਂ ਕਿ ਉਹ **ਕਿ ਜ਼ਾਹਰ ਜ਼ਹੂਰ ਹੈਂ॥ ਕਿ ਹਾਜ਼ਰ ਹਜ਼ੂਰ ਹੈਂ॥** ਫਿਰ ਕਿਸ ਵਾਸਤੇ **ਨਾ ਕਾਸਟੇ ਵਿਦਯਤੇ ਦੇਵੋ ਨ ਪਾਖਾਣੇ ਨ ਮ੍ਰਿਣਮਯੇ** ਭਾਵ ਨ ਠਾਕਰ ਕਾਠ (ਦੀ ਮੂਰਤੀ) ਵਿਚ ਹੈ। ਨਾ ਹੀ ਪਥਰ ਦੀ ਮੂਰਤੀ ਵਿਚ ਹੈ। ਇਸੇ ਵਾਸਤੇ ਗੁਰਬਾਣੀ ਨੇ ਵੀ ਠਾਕਰ ਦਾ ਸਰੂਪ ਇਸ ਤਰ੍ਹਾਂ ਨਿਰੂਪਣ ਕੀਤਾ ਹੈ ਕਿ

ਠਾਕਰ **ਥਾਪਿਆ ਨ ਜਾਇ, ਕੀਤਾ ਨ ਹੋਇ॥** ਦੇ ਕਥਨ ਅਨੁਸਾਰ ਅਸੀਂ ਠਾਕਰ ਨੂੰ ਆਪਣੀ ਸ੍ਵੈ ਇੱਛਾ ਨਾਲ ਨਿਯੁਕਤ ਨਹੀਂ ਕਰ ਸਕਦੇ। ਠਾਕਰ ਤਾਂ "ਸੈਭੰ" (ਸ੍ਵਯੰਭਵ) ਸੁਤੇ ਪ੍ਰਕਾਸ਼ ਆਪਣੇ ਆਪ ਹੈ। ਇਸ ਵਾਸਤੇ ਜਦੋਂ ਅਸਾਨੂੰ ਹਾਜ਼ਰ ਨਾਜ਼ਰ ਜਿਉਂਦਾ-ਜਾਗਦਾ ਠਾਕਰ ਮਿਲ ਪਿਆ ਹੈ ਫਿਰ ਅਸੀਂ ਉਸੇ ਨੂੰ ਜਾਣ ਕੇ ਕਿਉਂ ਨ ਸਾਰੇ ਦੁਖਾਂ ਕਲੇਸ਼ਾਂ ਤੋਂ ਪਾਰ ਹੋਈਏ ਜਦੋਂ ਠਾਕਰ ਤਾਂ ਅਸਾਡੀ "ਭਾਵੇ ਹਿ ਵਿਦਯਤੇ ਦੇਵਸਤ ਸਮਾਦ ਭਾਵੋ ਹਿ ਕਾਰਣਮ" ਸ਼ਰਧਾ ਵਿਚ ਹੈ, ਮੇਰੀ ਭਾਵਨਾ ਵਿਚ ਹੈ।'

ਇਹ ਵਿਆਖਿਆ ਕਰਕੇ ਪੰਡਿਤ ਜੀ ਨੇ ਆਖਿਆ, 'ਇਹ ਹੈ ਅੱਜ ਦੀ 'ਹਰਿ ਕੀ ਕਥਾ' ਜੋ ਆਪ ਸੱਜਨਾਂ ਦੇ ਸਮਕਸ਼ ਨਿਰੂਪਣ ਕੀਤੀ ਗਈ।" ਇੰਨਾਂ ਕਹਿ ਕੇ ਆਪ ਚੁੱਪ ਹੋ ਗਏ। ਇਨੇ ਨੂੰ ਸੰਗਤਿ ਵਿਚ ਦੰਪਤੀ (ਪਤੀ ਪਤਨੀ ਦੋਨੋ) ਹੱਥ ਜੋੜ ਕੇ ਪੰਡਿਤ ਜੀ ਅਗੇ ਖੜ੍ਹੇ ਹੋ ਗਏ।

ਬੇਨਤੀ ਕੀਤੀ, "ਪੰਡਿਤ ਸ਼ਿਵਦੱਤ ਜੀ ਮਹਾਰਾਜ! ਆਪ ਇਸ ਸ਼ਹਿਰ ਦੇ ਉਤਮ ਪੁਰਸ਼ ਰਾਜਾ ਹੋਣ ਕਰਕੇ ਸਤਿਕਾਰਯੋਗ ਹੋ। ਬ੍ਰਾਹਮਣ ਅਤੇ ਈਸ਼੍ਵਰ ਭਗਤ ਹੋਣ ਕਰਕੇ ਪੂਜਨਜੋਗ ਹੋ। ਆਪ ਜੀ ਦੀ ਰਸਨਾ ਉੱਤੇ ਈਸ਼੍ਵਰ ਦਾ ਨਿਵਾਸ ਹੈ। ਇਸ ਵਾਸਤੇ ਆਪ ਜੀ ਦੀ ਪਵਿੱਤਰ ਸੇਵਾ ਵਿਚ ਪੁੱਤਰ ਪ੍ਰਾਪਤੀ ਦੀ ਕਾਮਨਾ ਨੂੰ ਮੁੱਖ ਰੱਖ ਕੇ ਆਇਆ ਹਾਂ। ਆਪ ਜੀ ਦੀ ਪ੍ਰਾਰਥਨਾ ਈਸ਼੍ਵਰ ਵੀ ਪਰਵਾਨ ਕਰਦਾ ਹੈ।

**ਸ਼ਿਵਦੱਤ-** ਮੇਰੇ ਪਿਆਰੇ ਸਤਿ ਸੰਗੀ ਰਾਜਾ ਫਤਹ ਚੰਦ ਜੀ ਆਪ ਸਾਡੇ ਸ਼ਹਿਰ ਦੇ ਰਾਜੇ ਹੋ ਕੇ ਇਸ ਤਰ੍ਹਾਂ ਮੈਨੂੰ ਅਤਿਕਥਨੀਯ ਦਵਾਰੇ ਵਡਿਆਕੇ ਸ਼ਰਮਿੰਦਾ ਕਰ ਰਹੇ ਹੋ। ਮੈਂ ਨਾ ਚੀਜ ਜਿਹਾ ਬ੍ਰਾਹਮਣ ਹਾਂ। ਮੈਂ ਕੋਈ ਪਹੁੰਚਿਆ ਹੋਇਆ ਸਤਿਪੁਰਸ਼ ਨਹੀਂ।

**ਫਤਹਚੰਦ**- ਮਹਾਰਾਜ ਜੀ! ਮੈਂ ਅਤਿਥੀ ਹਾਂ, ਆਪ ਜੀ ਦੀ ਸ਼ਰਣ ਵਿਚ ਹਾਂ। ਮੈਨੂੰ ਨਿਰਾਸ਼ ਨ ਕਰੋ। ਮੈਂ ਪੁੱਤਰ ਤੋਂ ਬਿਨਾਂ ਆਪਣੇ ਆਪ ਨੂੰ ਸੱਖਣਾ ਪ੍ਰਤੀਤ ਕਰ ਰਿਹਾ ਹਾਂ। ਮੇਰੀ ਰਿਆਸਤ, ਤਖਤ, ਤਾਜ, ਬਿਨਾਂ ਪੁੱਤਰ ਹੋਣ ਤੋਂ ਕਿਸ ਕੰਮ ? ਇਸ ਵਾਸਤੇ ਮੈਨੂੰ ਟਾਲੋ ਨਾ, ਵਰਗਲਾਓ ਨਾ, ਭੁਲੇਖੇ ਨ ਪਾਓ, ਕੇਵਲ ਇਕ ਪੁੱਤਰ ਦੀ ਦਾਤ ਬਖਸ਼ੋ। ਖੈਰ ਪਾਓ, ਨਿਰਾਸ਼ ਨ ਮੋੜੋ, ਈਸ਼੍ਵਰ ਆਪ ਵਰਗੇ ਸਤਿਪੁਰਸ਼ਾਂ ਦੀ ਰਸਨਾ ਦਵਾਰੇ ਹੀ ਤਾਰ ਰਿਹਾ ਹੈ। ਸੰਤ ਜਨ ਜੋ ਕੁਝ ਵੀ ਚਿਤਵਦੇ ਹਨ ਈਸ਼੍ਵਰ ਨੂੰ ਉਹ ਪਰਵਾਨ ਹੁੰਦਾ ਹੈ ਕਿਉਂਕਿ **ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ॥** ਦੇ ਵਾਕ ਅਨੁਸਾਰ ਸੰਤ ਈਸ਼੍ਵਰ ਦੇ ਪ੍ਰਤਿਨਧ ਹੁੰਦੇ ਹਨ। ਇਸ ਵਾਸਤੇ ਆਪ ਜੀ ਵਿਚ ਤੇ ਭਗਵਾਨ ਵਿਚ ਕੋਈ ਭਿੰਨਤਾ ਨਹੀਂ ਹੈ। ਵੇਖੋ ਨਾਰਦ ਜੀ ਦਾ ਕਥਨ ਹੈ **ਤਸਮਿਨ ਸਦ ਜਨੇ ਭੇਦਾ ਭਾਵਾਤ** ਭਾਵ ਭਗਵਾਨ ਤੇ ਭਗਤ ਵਿਚ ਭੇਦ ਨਹੀਂ। **ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ॥** ਆਪ ਜੀ ਦੀ ਮੂਕ ਭਾਸ਼ਾ ਦਵਾਰੇ ਕੀਤੀ ਬੇਨਤੀ ਹੀ ਈਸ਼੍ਵਰ ਪਰਵਾਨ ਕਰੇਗਾ। **ਜਨ ਕੀ ਮਹਿਮਾ ਕਥੀ ਨ ਜਾਇ॥ ਪਾਰਬ੍ਰਹਮ ਜਨੁ ਰਹਿਆ ਸਮਾਇ॥**

**ਸ਼ਿਵ ਦੱਤ-** ਮਹਾਰਾਜਾ ਫਤਹ ਚੰਦ ਜੀ ਤੁਹਾਡਾ ਆਉਣਾ ਮੇਰੇ ਵਾਸਤੇ ਮਾਣ ਦਾ ਕਾਰਣ ਹੈ। ਮੈਨੂੰ ਫ਼ਖਰ ਹੈ ਕਿ ਮੇਰੇ ਟੁੱਟੇ-ਫੁੱਟੇ ਵੀਚਾਰ ਸੁਨਣ ਵਾਸਤੇ ਮਹਾਰਾਜਾ ਰੋਜ਼ਾਨਾ ਤੀਬਰ ਇੱਛਾ ਰੱਖਕੇ ਆਉਂਦੇ ਹਨ। ਇਸ

ਗੱਲ ਦਾ ਮੈਨੂੰ ਅਭਿਮਾਨ ਹੈ ਕਿੰਤੂ ਮੈਂ ਇਨ੍ਹਾਂ ਸ਼ਕਤੀਸ਼ਾਲੀ ਸਿਧ ਨਹੀਂ ਕਿ ਪੁੱਤਰ ਦੀ ਦਾਤ ਪ੍ਰਾਪਤ ਕਰਾ ਸਕਾਂ ਇਸ ਗੱਲ ਤੋਂ ਅਸਮਰਥ ਹਾਂ।

**ਫਤਹ ਚੰਦ-** ਆਪ ਜੀ ਦੇ ਵਰਦਾਨ ਦਵਾਰੇ ਆ ਕੇ ਕਈ ਘਰ ਵਸੇ ਹਨ। ਸੇਠ ਜਗਤੇ ਨੂੰ ਤਾਰਿਆ ਹੈ। ਮੇਰੀ ਅਵਗਿਆ ਖਿਮਾਂ ਕਰੋ ਅਤੇ ਜਾਚਨਾ ਨੂੰ ਪਰਵਾਨ ਕਰਕੇ 'ਨਦਰੀ ਨਦਰਿ ਨਿਹਾਲ' ਕਰਕੇ ਬਖਸ਼ਸ਼ ਕਰੋ। ਜੋ ਆਪ ਨਿਮਰਤਾ ਵਿਖਾ ਰਹੇ ਹੋਂ, ਇਹ ਹਮੇਸ਼ਾਂ ਸਤਿਪੁਰਸ਼ ਕਰਦੇ ਹੀ ਆਇ ਹਨ। ਫਲਦਾਰ ਬਿਰਛ ਸਦਾ ਹੀ ਨਿਉਦਾ ਹੈ।

**ਸ਼ਿਵ ਦੱਤ-** ਸੁਹਿਰਦ ਪਾਵਨ ਆਤਮਾ! ਰਾਜਾ ਫਤਹ ਚੰਦ ਜੀ ਆਪ ਮਹਾਨ ਹੋਂ। ਸਤਿਸੰਗੀ ਹੋਂ, ਨਿਰਮਲ ਬੁੱਧੀ ਵਾਲੇ ਹੋਂ, ਮੈਂ ਕੋਈ ਆਪ ਜੀ ਨੂੰ ਵਰਗਲਾ ਨਹੀਂ ਰਿਹਾ। ਆਪ ਸਤਿਗੁਰੂ ਜੀ ਦੀ ਸ਼ਰਨ ਗ੍ਰਹਿਣ ਕਰੋ, ਬਾਣੀ ਦਾ ਅਭਿਆਸ ਕਰੋ, ਜਿਵੇਂ ਕਿ ਅਗੇ ਮੈ ਕਥਾ ਵਿਚ ਵੀ ਦੱਸ ਚੁੱਕਾ ਹਾਂ ਕਿ ਸਾਡੀ ਧਰਤੀ 'ਤੇ ਆਪਿ ਨਰਾਇਣੁ ਕਲਾ ਧਾਰ ਕੇ ਆਇਆ ਹੋਇਆ ਹੈ। ਉਸ ਨੂੰ ਤੁਸੀਂ ਗੁਰਬਾਣੀ ਨਾਮ ਕੀਰਤਨ ਦਵਾਰੇ ਯਾਦਿ ਕਰੋ। **ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥** ਦੇ ਵਾਕ ਅਨੁਸਾਰ ਸਮੂਹ ਕਾਮਨਾ ਪੂਰਨ ਕਰਨ ਵਾਲਾ ਹੈ। ਬਸ! ਸਤਿਗੁਰ ਜੀ **ਘਟ ਘਟ ਕੇ ਪਟ ਪਟ ਕੀ ਜਾਨੈ॥** ਹੈ।

**ਫਤਹਿ ਚੰਦ-** ਪੂਜਨੀਯ! ਇਸ ਰਹੱਸਯ ਦੀ ਕੁਝ ਖੋਲ੍ਹ ਕੇ ਵਿਆਖਿਆ ਕਰੋ। ਇਸ ਗੋਪਨੀਯ ਸੂਤਰ ਰੂਪਵਾਕ ਨੂੰ ਦਾਸ ਸਮਝ ਨਹੀਂ ਸਕਿਆ।

**ਸ਼ਿਵ ਦੱਤ-** ਪਿਆਰੇ ਫਤਹਿ ਚੰਦ ਜੀ! ਇਹ ਮਹਾਨ ਘਟਨਾ ਹੈ ਜਿਸਨੇ ਮੇਰੇ ਮਨ ਵਿਚ ਪਰਿਵਰਤਨ ਲਿਆਦਾ, ਕ੍ਰਾਂਤੀ ਪੈਦਾ ਕੀਤੀ। ਹੁਣ ਧਰਮ ਦਾ ਰਾਜ, ਅਧਿਆਤਮਿਕ ਫ਼ਲਸਫਾ ਜੀਵਨ ਆਦ੍ਰਸ਼ਯ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਵਰਤ ਰਿਹਾ ਹੈ। ਲੋਕ ਹਿਤੂ 'ਨਾਮਾਵਤਾਰ' ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸਿਧਾਂਤ 'ਧਰਮ ਪ੍ਰਚਾਰ' ਹੋ ਰਿਹਾ ਹੈ। ਗੁਰਮਤਿ ਦਰਸ਼ਨ ਗੁਰਬਾਣੀ ਦਵਾਰੇ ਆਪ ਜੀ ਨੂੰ ਸਪਸ਼ਟ ਦਿਸੇਗਾ। ਉਸ ਦਾ ਧਿਆਨ ਧਰਨਾ ਹੈ। ਉਹ ਆਪ ਆਕੇ ਤੁਹਾਨੂੰ 'ਨਦਰੀ ਨਦਰਿ ਨਿਹਾਲ' ਕਰੇਗਾ। ਇਹ ਮੇਰਾ ਪੂਰਨ ਨਿਸ਼ਚਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚੌਥੇ ਸਰੂਪ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਗੁਰਮੁਖ ਪਿਆਰੇ ਭਾਈ ਆਦਮ ਜੀ ਨੂੰ ਆਪਦੇ ਚੌਥੇ ਪੁੱਤਰ ਦੀ ਦਾਤ ਬਖਸ਼ ਦਿਤੀ ਸੀ ਜੋ ਭਾਈ ਭਗਤੂ ਜੀ ਦੇ ਨਾਂਉ ਨਾਲ ਵਿਸ਼ਵ ਵਿਆਖਿਆਤ ਹੋਇ ਹਨ। ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਬੇ ਦੀ ਮਾਈ ਸੁਲਖਣੀ ਨੂੰ ਸਤ ਪੁੱਤਰਾਂ ਦੀ ਦਾਤ ਬਖਸ਼ ਦਿਤੀ ਸੀ। ਸੋ ਹੁਣ ਇਹ ਵੀ ਅਸ਼ਚਰਜ ਨਹੀਂ ਕਿ ਬਾਲਾ ਪ੍ਰੀਤਮ ਆਪ ਹੀ ਤੁਹਾਡਾ ਪੁੱਤਰ ਬਣ ਜਾਵੇ। ਉਸ ਦਾ ਧਿਆਨ ਧਰਕੇ ਮਨ ਵਿਚ ਅਰਦਾਸ ਕਰੋ, ਅਵੱਸ਼ ਬਹੁੜੇਗਾ, ਜਨ ਕੀ ਅਰਦਾਸ ਕਦੇ ਵੀ ਵਿਰਥਾ ਨਹੀਂ ਜਾ ਸਕਦੀ। ਇਨਾ ਕਹਿਕੇ ਪੰਡਿਤ ਜੀ ਨੇ ਮਹਾਰਾਜਾ ਫਤਹ ਚੰਦ ਜੀ ਅਤੇ ਮਹਾਰਾਣੀ ਬਿਸੰਭਰਾ ਦੇਵੀ ਨੂੰ ਜਾਣ ਦਾ ਇਸ਼ਾਰਾ ਕੀਤਾ ਅਤੇ ਨਾਲ ਹੀ ਚੌਂਕੀ ਤੋਂ ਚੁੱਕ ਕੇ ਇਕ ਗੁਰਬਾਣੀ ਦੀ ਪੋਥੀ ਬਖਸ ਦਿਤੀ ਕਿ ਇਸ ਦਾ ਨਿਤਾ ਪ੍ਰਤੀ ਪਾਠ ਕਰਨਾ ਗੁਰਬਾਣੀ ਦਾ ਵੀਚਾਰ, ਅਰਥ ਪ੍ਰਮਾਰਥ ਦੀ ਵੀਚਾਰ ਕਰਨੀ। ਦੀਵਾਨ ਸਮਾਪਤ ਕੀਤਾ ਗਿਆ।

ਇਕ ਵਿਸ਼ਾਲ ਮਹਿਲ ਹੈ। ਜਿਸ ਦੇ ਚਾਰ ਚੁਫੇਰੇ ਦੀਵਾਰ ਹੈ, ਦੀਵਾਰ ਦੇ ਬਾਹਰ ਨਹਿਰ ਖੋਦ ਕੇ ਪਾਣੀ ਦੀ ਭਰੀ ਹੋਈ ਹੈ। ਇਸੇ ਤਰ੍ਹਾਂ ਇਕ ਨਹਿਰ ਅੰਦਰ ਬਨਾਈ ਗਈ ਹੈ ਫਿਰ ਬਾਗ ਲਾਇਆ ਗਿਆ ਹੈ, ਨਹਿਰ ਦੇ ਨਾਲ ਨਾਲ ਅੰਬਾਂ ਦੇ ਬੂਟੇ ਹਨ ਫਿਰ ਖੰਜੂਰਾਂ ਦੀ ਲਾਇਨ ਲੱਗੀ ਹੋਈ ਹੈ। ਬਾਗ ਵਿਚ ਪੱਕੀਆਂ ਸੜਕਾਂ ਹਨ ਅਤੇ ਬਾਗ ਨੂੰ ਪਾਣੀ ਦੇਣ ਵਾਲੀਆਂ ਨਾਲੀਆਂ ਵੀ ਪੱਕੀਆਂ ਹਨ। ਸੜਕਾਂ ਦੇ ਕਨਾਰੇ ਫੁੱਲ ਲਗੇ ਹੋਇ ਹਨ ਜਿਨ੍ਹਾਂ ਪਿਛੇ ਹਟਵੀਆਂ ਤਾੜ ਪਤ੍ਰਾਂ ਦੀਆਂ ਲਾਇਨਾਂ ਹਨ। ਤਾੜ ਪਤ੍ਰਾਂ ਦੀ ਮੀਨਾਕਾਰੀ ਵਿਚ ਜਿੱਥੇ ਪ੍ਰਕ੍ਰਿਤੀ ਨੇ ਅਦੁੱਤੀ ਹਿੱਸਾ ਪਾਇਆ ਹੈ, ਉਥੇ ਉਹ ਖੜ੍ਹੇ ਨੂੰ ਵੀ ਬੜੇ ਅਭਿਮਾਨ ਨਾਲ ਧੌਣ ਚੁਕਕੇ ਹਨ। ਫਿਰ ਸਰੂ ਖਲੋਤਾ ਹੈ, ਮੋਰ ਪੰਖ ਆਪਣੀ ਸੁੰਦਰਤਾ ਦਾ ਵਿਖਾਵਾ ਅੱਡ ਕਰ ਰਿਹਾ ਹੈ।

ਬਾਗ ਦੇ ਵਿਚਕਾਰ ਅਦੁੱਤੀ ਮਹਿਲ ਹੈ ਜਿਸ ਦੇ ਕਈ ਕਮਰੇ ਹਨ। ਇਹ ਬਿਲਡਿੰਗ ਸਤਾਰਿਆਂ ਨਾਲ ਗੱਲਾਂ ਕਰਨ ਦੇ ਯਤਨ ਵਿਚ ਹੈ। ਬਾਗ ਅਤੇ ਪਾਰਕ ਵਿਚ ਅੱਡ ਭਿੰਨ-ਭਿੰਨ ਮੌਸਮੀ ਕਮਰੇ ਹਨ। ਪਾਰਕ ਵਾਲਾ ਕਮਰਾ ਜੋ ਅਤਿਅੰਤ ਸੁੰਦਰ ਹੈ ਜਿਸ ਵਿਚ ਨ ਕੋਈ ਪਲੰਘ ਹੈ ਨ ਕੋਈ ਕੁਰਸੀ ਮੇਜ਼ ਹੈ, ਕੇਵਲ ਫ਼ਰਸ ਤੇ ਵਿਛਾਈ ਹੋਈ ਹੋਈ ਹੈ। ਅੰਦਰ ਵੜਦਿਆਂ ਸਾਮ੍ਹਣੇ ਸੁੰਦਰ ਆਸਨ ਵਿਛਿਆ ਹੋਇਆ ਹੈ ਜਿਸ ਉਤੇ ਸੁੰਦਰ ਕਿੰਤੂ ਦੈਵੀ ਸੁੰਦਰਤਾ ਵਾਲੀ, ਗੰਭੀਰਤਾ, ਅਧਿਆਤਮਿਕਤਾ ਆਚਰਨ ਦੀ ਧਾਰਨੀ ਤਕਰੀਬਨ ੪੫ ਸਾਲ ਦੀ ਇਸਤ੍ਰੀ ਬੈਠੀ ਹੈ ਜੋ ਧਿਆਨ ਮਗਨ ਹੈ। ਬੁੱਲ੍ਹ ਫਰਕ ਰਹੇ ਹਨ ਅੱਖਾਂ ਬੰਦ ਹਨ, ਹੱਥ ਜੁੜੇ ਹੋਇ ਹਨ। ਮਨ ਈਸ੍ਵਰ ਵੱਲ ਲੱਗਿਆ ਹੋਇਆ ਹੈ। ਮਨ ਇਕਾਗਰ ਕਰਕੇ ਸੁਣੀਏ ਤਾਂ ਕੁਝ ਕੁ ਅਵਾਜ ਕੰਨੀ ਪੈਂਦੀ ਹੈ।

ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ॥੧॥
ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥
ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ॥੧॥ਰਹਾਉ॥ (ਪੰਨਾ ੮੬੧)

ਹੇ ਭਗਵਾਨ ਦਰਸ਼ਨ ਬਖਸ਼ੋ, ਨਿਹਾਲ ਕਰੋ, ਹੇ ਸਰਬ ਇੱਛਾ ਨੂੰ ਪੂਰਾ ਕਰਨਹਾਰ ਮਿਹਰ ਕਰੋ। ਕੋਈ ਪਤਾ ਨਹੀਂ ਆਪ ਜੀ ਨੂੰ ਕਿਵੇਂ ਮਿਲਿਆ ਜਾਵੇ? ਪੰਡਿਤ ਜੀ ਵਲੋਂ ਹਦਾਇਤ ਹੀ ਅਜੇਹੀ ਹੈ ਕਿ ਭਗਵਾਨ ਖੁਦ ਆਪ ਦਰਸ਼ਨ ਦੇਣਗੇ, ਹੇ ਪ੍ਰਭੂ ਦਰਸ਼ਨ ਬਖਸ਼ ਕੇ ਕ੍ਰਿਤਾਰਥ ਕਰੋ। ਜੇ ਕੋ ਆਪ ਜੀ ਦੀ ਦਸ ਪਾਵੇ ਤਿਸ ਅਗੇ **ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥** ਵਾਲੇ ਸ਼ਬਦ ਨੂੰ ਕ੍ਰਿਆਤਮਿਕ ਰੂਪ ਦੇਣ ਤੋਂ ਵੀ ਸੰਕੋਚ ਨਹੀਂ। **ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥੧॥ ਦਰਸਨੁ ਹਰਿ ਦੇਖਣ ਕੈ ਤਾਈ॥** ਹੇ ਅਕਾਲ! ਮੇਰੀ ਤੀਬਰਤਾ ਦਾ ਅਨੁਭਵ ਕਰੋ ਮੇਰੀ ਤਾਂਘ ਨੂੰ ਪੁਜਾਵੋ। 'ਹੇ ਅਚੁਤ ਹੇ ਪਾਰਬ੍ਰਹਮ, ਅਬਿਨਾਸੀ ਅਘੁਨਾਸ' ਕੀ ਸਾਡੇ ਸਿਦਕ ਵਿਚ ਕੋਈ ਅਜੇ ਵੀ ਵੱਡੀ ਕਮੀ ਹੈ?

ਕਿਉਂ ਪਿਆਰੀ! ਪੰਡਿਤ ਸਿਵ ਦੱਤ ਜੀ ਮਹਾਰਾਜ ਦੇ ਗੋਬਿੰਦ ਬਾਲਾ ਜੀ ਆ ਗਏ ਹਨ? (ਰਾਜਾ ਫਤਹ ਚੰਦ ਨੇ ਅੰਦਰ ਪ੍ਰਵੇਸ਼ ਕਰਦਿਆਂ ਹੀ ਪੁੱਛਿਆ) ਜਿਸ ਨਾਲ ਰਾਣੀ ਬਿਸ਼ੰਭਰਾ ਦੇਵੀ ਦੀ ਸਮਾਧੀ ਖੁੱਲ੍ਹ ਗਈ। ਵੈਰਾਗ ਵਿਚ ਆ ਗਈ ਅਤੇ ਬੋਲੀ ਪ੍ਰਾਨ ਨਾਥ! ਸਾਡੇ ਜਪੁ-ਤਪੁ, ਭਜਨ-ਸਿਮਰਨ ਵਿਚ ਕੋਈ

ਅਵੱਗਿਆ ਪ੍ਰਤੀਤ ਹੁੰਦੀ ਹੈ। ਪਿਆਰੇ ਬਾਲਾ ਪ੍ਰੀਤਮ ਜੀ ਦੇ ਝਾਉਲੇ ਪੈਂਦੇ ਹਨ, ਨੈਣਾਂ ਵਿਚ ਵਸਦੇ ਹਨ, ਫੇਰੇ ਪਾਉਂਦੇ ਹਨ, ਪਰ ਸਾਖਿਆਤਕਾਰ ਦਰਸ਼ਨ ਵਿਚ ਪਤਾ ਨਹੀਂ ਕੀ ਡੇਰੀ ਹੈ? ਅਸੀਂ ਮੰਦ ਭਾਗੀ ਅਕ੍ਰਿਤਘਨ ਔਗੁਣਾਂ ਦੇ ਭਰੇ ਜੀਵ ਹਾਂ। **ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ॥** ਦੇ ਧਾਰਨੀ ਹਾਂ। ਨਿਰਮਲ ਬੁੱਧੀ ਚਿਤ ਵਿਰਤੀ ਵਾਲੇ ਨਹੀਂ। **ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ॥ ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ॥**

ਰਾਜਾ ਤੇ ਰਾਣੀ ਆਤਮਿਕ ਅਨੰਦ ਵਿਚ ਜੁੜ ਗਏ, ਮਨ ਇਕਾਗਰਤਾ ਵਿਚ ਚਲਿਆ ਗਿਆ। ਬਾਣੀ ਦਾ ਅਭਿਆਸ **ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ** ਵਾਲੀ ਅਵਸਥਾ ਨੂੰ ਪਹੁੰਚਿਆ ਹੋਇਆ ਹੈ। ਇਸ ਵਾਸਤੇ ਆਪ ਮੁਹਾਰੇ ਹੀ ਅਰਦਾਸ ਹੋ ਰਹੀ ਹੈ **ਤੂ ਠਾਕੁਰੁ ਤੁਮ ਪਹਿ ਅਰਦਾਸਿ** ਪਾਠ ਆਰੰਭਤਾ ਹੈ, ਇਕਾਗਰਤਾ ਅਡੋਲ ਹੈ ਕਿੰਤੂ ਮਹਿਲ ਵਿਚ ਪਹੁੰਚੇ ਬੱਚਿਆ ਦੇ ਦਲ ਨੇ ਇਹ ਇਕਾਗਰ ਭੰਗ ਕਰ ਦਿੱਤੀ ਹੈ।

ਮਹਿਲ ਦੇ ਮੈਦਾਨ ਵਿਚ ਬੜਾ ਜੋਰ-ਜੋਰ ਦੀ ਖੜਾਕਾ ਹੋ ਰਿਹਾ ਹੈ। ਰਾਜੇ ਦੇ ਮਹਿਲ ਵਿਚ ਅਜੇਹਾ ਸ਼ੋਰ ਕਰਨ ਵਾਲਾ ਕੌਣ ਆ ਗਿਆ? ਬੜਾ ਰੋਲਾ ਪੈ ਰਿਹਾ ਹੈ। ਇਹ ਤਾਂ ਤੀਰ ਚੱਲ ਰਹੇ ਹਨ। ਉਹ ਚਿੱਟੀ ਪੁਸ਼ਾਕ ਵਾਲਾ, ਜਿਮੇ ਕਲਗੀ ਵਾਲਾ, ਅਲੌਕਕ ਬਾਲਕ ਜਿਸ ਦੇ ਸੁੱਚੇ ਬਸੰਤੀ ਕਪੜੇ ਦਾ ਕਮਰ ਕਸਾ ਲਾਇਆ ਹੋਇਆ ਹੈ। ਜਿਸ ਦਾ ਕੋਈ ਵੀ ਤੀਰ ਨਸ਼ਾਨੇ ਤੋਂ ਜਰਾ ਵੀ ਪਾਸੇ ਨਹੀਂ ਜਾਂਦਾ ਅਤੇ ਉਸਦੇ ਇਸ਼ਾਰੇ ਤੇ ਬਾਕੀ ਸਮੂਹ ਬਾਲਕ ਧਨੁਰ ਵਿਦਿਆ ਦਾ ਅਭਿਆਸ ਕਰ ਰਹੇ ਹਨ। ਇਹ ਸਮੂਹ ਬਾਲਕਾਂ ਦੇ ਦੋ ਗਰੁਪ ਬਣਾਕੇ ਅਭਿਆਸ ਕਰਵਾ ਰਿਹਾ ਹੈ । ਇਹ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਇਸ 'ਕੁਮਾਰ ਸੈਨਕ ਦਲ' ਦਾ ਸੈਨਾਪਤੀ ਹੁੰਦਾ ਹੈ। ਚੇਹਰੇ ਦੀ ਕ੍ਰਾਂਤੀ ਬੜੀ ਪ੍ਰਭਾਵਸ਼ਾਲੀ ਹੈ। ਪ੍ਰਕਾਸ਼ ਮਈ ਹੈ, ਪ੍ਰਕਾਸ਼ ਵੀ ਸੂਰਜ ਦੀ ਤਰ੍ਹਾਂ ਹੈ, ਦੁਖਾਂਤ ਨਹੀਂ, ਬੜਾ ਸੀਤਲ ਅਤੇ ਪ੍ਰਿਯ ਹੈ। ਵੇਖੋ ਤਾਂ ਸਹੀ ਕਿਵੇਂ ਰੂਹਾਨੀਅਤ ਟਪਕਦੀ ਹੈ, ਦਰਸ਼ਨ ਕਰਨ ਨਾਲ ਆਤਮਿਕ ਅਨੰਦ ਮਿਲਦਾ ਹੈ। ਦ੍ਰਿੜ੍ਹਤਾ, ਅਣਖ, ਸ੍ਵੈਮਾਨ ਮਿਲਦਾ ਹੈ ਇਹ ਬਾਲਕ ਮਹਾਨ ਪ੍ਰਬੰਧਕ ਪ੍ਰਤੀਤ ਹੁੰਦਾ ਹੈ। ਅਵਾਜ ਆਈ ਸੁਣੋ ਨਾ ਅੱਖਾਂ ਨਾਲ ਵੇਖੋ ਨਾ, ਹੱਥ ਦਾ ਇਸਾਰਾ ਦੇ ਰਿਹਾ ਹੈ ਅਤੇ ਕਹਿ ਰਿਹਾ ਹੈ 'ਬਸ! ਹੁਣ ਫੌਜਾਂ ਇਸ ਬਾਗ ਵਿਚ ਅਰਾਮ ਕਰਨ।' ਆਪ ਬੜੀ ਗੰਭੀਰਤਾ ਨਾਲ ਮਹਿਲ ਦੇ ਅੰਦਰ ਵਲ ਜਾ ਰਿਹਾ ਹੈ। 'ਗਿਆਨੀ ਗੁਰ ਜਾਨੀ ਤਬ ਤਹਿ ਕੀ ਮਹਾਨੀ ਪ੍ਰੀਤ ਖੇਲ ਅਤੇ ਬਾਲਕੋ ਸੈਂ ਧਾਮ ਭੂਪ ਕੇ ਧਸੇ।[29]

ਰਾਣੀ ਮਨ ਵਿਚ ਸੋਚ ਰਹੀ ਹੈ, ਇਹ ਕਲਗੀ ਵਾਲਾ ਬਾਲਕ ਕਿੰਨਾ ਪਿਆਰਾ ਲੱਗ ਰਿਹਾ ਹੈ। ਮਨ ਨੂੰ ਧੂ ਪਾ ਰਿਹਾ ਹੈ, ਸਚਮੁਚ ਹੀ ਇਹ ਰਾਜ ਕੁਮਾਰ ਪ੍ਰਤੀਤ ਹੁੰਦਾ ਹੈ, ਕਿਨੀ ਦ੍ਰਿੜ੍ਹਤਾ ਵਾਲਾ ਹੈ ਜੋ ਫੌਜਾਂ ਦੀ ਖੇਡ ਬਣਾ ਕੇ ਖੇਡ ਰਿਹਾ ਹੈ। ਇਹ ਭਵਿੱਖਤ ਵਿਚ ਆਵੱਸ਼ ਹੀ ਬਹਾਦਰ (ਸੂਰਮਾ) ਤੇ ਦੇਸ ਰੱਖਯਕ ਹੋਵੇਗਾ। ਕਾਸ਼! ਜੇਕਰ ਇਹ ਮੇਰਾ ਪਿਆਰ ਪੁੱਤਰ ਹੁੰਦਾ ਮੈਂ ਕਿਨੀ ਭਾਗਸ਼ੀਲ ਮਾਤਾ ਹੁੰਦੀ, ਅਜੇਹੇ ਅਨੋਖੇ ਅਤੇ ਅਲੌਕਕ ਪੁੱਤਰ ਨੂੰ ਪ੍ਰਾਪਤ ਕਰਕੇ। ਇਉ ਮਨ ਵਿਰਤੀ ਦਵਾਰੇ ਸੋਚਦੀ ਹੋਈ ਰਾਣੀ ਸ਼ਬਦ ਵਿਚ ਲਿਵਲੀਨ ਹੋ ਗਈ।

ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥੧॥ ਰਹਾਉ॥

---

29 *ਪੰਥ ਪ੍ਰਕਾਸ਼,* ਗਿਆਨੀ ਗਿਆਨ ਸਿੰਘ, ਪੱਥਰ ਛਾਪ ਧਿ. ੧੩.

ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ॥੧॥

ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ॥੨॥

ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ॥੩॥

ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ॥੪॥ (ਪੰਨਾ ੨੦੪)

ਉਧਰ ਉਹ ਬਾਲਕ ਰਾਜ ਭਵਨ ਅੰਦਰ ਪਾਰਕ ਵਿਚ ਲੰਘ ਗਿਆ ਦਬੇ ਪੈਰੀਂ ਮਲਕੜੇ ਜਾਕੇ "ਰੋਕੇ ਟੋਕੇ ਕੌਣ ਤਾਹੈ? ਚੌਦਹੂ ਭਵਨ ਨ ਹੈ, ਜਾਇ 'ਗੋਦ ਰਾਣੀ ਕੀ' ਸਮੋਦ ਬੈਸੇ ਔ ਹਸੇ"[30] ਜਾ ਕੇ ਰਾਣੀ ਵਿਸੰਭਰਾ ਦੇਵੀ ਦੀ ਗੋਦ ਵਿਚ ਬੈਠ ਗਏ ਅਤੇ ਬੋਲੇ "ਮਾਂ" ਫਿਰ ਆਖਿਆ "ਮਾਂ" ਫ਼ਿਜ਼ਾ ਵਿਚ ਇਸ ਇਕ ਅੱਖਰੇ "ਮਾਂ" ਸ਼ਬਦ ਨੂੰ ਈਥਰ ਦੀਆਂ ਲਹਿਰਾਂ ਨੇ ਵਿਸ਼ਵ ਦੇ ਕੋਨੇ-ਕੋਨੇ ਪਹੁੰਚਾ ਦਿਤਾ ਅਤੇ ਬ੍ਰਹਮੰਡ ਦੇ ਆਕਾਸ ਪਾਤਾਲ ਵਿਚੋਂ ਆਵਾਜ਼ ਆਉਣ ਲੱਗ ਪਈ "ਮਾਂ, ਮਾਂ ਮਾਂ" ਸ਼ਬਦ ਦੀ ਸੰਗੀਤਮਈ ਅਵਾਜ ਆਰੰਭ ਹੋ ਗਈ ਅਤੇ ਸਾਰੇ ਵਾਤਾਵਰਨ ਵਿਚ ਪਸਰ ਗਈ 'ਮਾਂ।

ਵੇਖੋ! ਰਾਣੀ ਵਿਸੰਭਰਾ ਦੇਵੀ ਨੂੰ ਜਗਤ ਗੁਰੂ ਵਲੋਂ ਮੁੜ ਆਖਿਆ ਜਾ ਰਿਹਾ ਹੈ 'ਮਾਂ'। ਇਧਰ 'ਮਾਂ' ਧਿਆਨ ਮਗਨ ਹੋ ਚੁੱਕੀ ਹੈ। ਉਧਰ ਜਗਤ ਤਮਾਸਾ ਵੇਖਣ ਆਇਆ ਪ੍ਰੇਮ ਪੁਰਖ ਫਿਰ ਗਲਵੱਕੜੀ ਪਾਕੇ ਆਖਦਾ ਹੈ "ਮਾਂ", "ਮਾਂ" ਤੂੰ ਬੋਲਦੀ ਕਿਉਂ ਨਹੀਂ? ਰਾਣੀ ਤ੍ਰਿਬਕ ਪਈ ਹੈ! ਮੈਨੂੰ ਨਪੁੱਤੀ ਨੂੰ ਕੌਣ ਕਹਿ ਰਿਹਾ ਹੈ "ਮਾਂ"? ਕਿਤੇ ਮੈਂ ਸੁਪਨਾ ਤਾ ਨਹੀਂ ਵੇਖ ਰਹੀ। ਅੱਖਾਂ ਖੁਲ੍ਹੀਆਂ, ਚਾਰ ਚੁਫੇਰੇ ਵੇਖਣ ਦਾ ਯਤਨ ਹੀ ਕਰਨ ਲੱਗੀ ਸੀ ਤਾਂ ਸਤਿਗੁਰੂ ਜੀ ਬੋਲੇ "ਮਾਂ" "ਮਾਂ" ਤੂੰ ਸੁਤੀ ਪਈ ਸੈਂ?

ਹਿਮਾਲੀਆਂ ਤੇ ਘੁੰਮਨ ਵਾਲਾ, ਸਪਤ ਸ੍ਰਿੰਗ ਦਾ ਚੋਜੀ ਮਾਲਕ, ਮੈਂਇਆਣੀ ਦੀ ਗੋਦ ਵਿਚ ਵਿਰਾਜਿਆ ਹੋਇਆ ਹੈ। ਹੁਣ ਰਾਣੀ ਸੁਚੇਤ ਹੋ ਚੁੱਕੀ ਹੈ। ਉਸ ਦੀ ਗੋਦ ਹਰੀ ਹੋ ਚੁੱਕੀ ਹੈ। ਨਿਪੁੱਤੀ ਨੂੰ ਉਹ ਪੁੱਤਰ ਮਿਲ ਗਿਆ ਜੋ ਜਨਮ ਮਰਨ ਤੋਂ ਨਿਆਰਾ, ਪਰਉਪਕਾਰੀ ਜਨ ਪਰਮ ਪੁਰਖ ਦਾ ਦਾਸ ਜਗਤ ਦਾ ਤਮਾਸਾ ਵੇਖਣ ਆਇਆ ਹੋਇਆ, ਇਕ ਇਹ ਨਵਾਂ ਤਮਾਸ਼ਾ ਹੋਰ ਰਚ ਬੈਠਾ। ਮੈਣੀਆਈ ਨਪੁੱਤੀ ਮੈਣੀਆਣੀ ਨੂੰ ਆਪਣੀ ਮਾਂ ਬਣਾਕੇ **ਜੇਵਡੁ ਆਪਿ ਤੇਵਡ ਤੇਰੀ ਦਾਤਿ** ਬਖਸ਼ ਦਿਤੀ। ਸਚ ਹੈ **ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥੯॥** ਰਾਣੀ ਦੀ ਗੋਦ ਵਿਚ ਬੈਠਾ ਆਪ ਪ੍ਰਭੂ ਮੁੜ ਕੇ ਆਖ ਰਿਹਾ ਹੈ "ਮਾਂ"। ਰਾਣੀ ਸਾਵਧਾਨ ਹੋ ਕੇ ਨਮਸ਼ਕਾਰ ਕਰਨ ਦਾ ਯਤਨ ਕਰਨ ਲੱਗੀ ਹੀ ਸੀ, ਪਰਮ ਪੁਰਖ ਗਲਵੱਕੜੀ ਨੂੰ ਹੋਰ ਕਸਦਾ ਹੋਇਆ ਬੋਲਿਆ "ਮਾਂ" ਸੱਚੀ ਭਾਵਨਾ ਤੂੰ ਕ੍ਰਿਆਤਮਿਕ ਰੂਪ ਦਿੰਦਾ ਹਾਂ। "ਮਾਂ" ਨੂੰ ਦਰਸ਼ਨ ਵਿਚ ਅਦੁੱਤੀ ਅਨੰਦ ਹੋ ਰਿਹਾ ਹੈ। ਬਸ! **ਦਰਸਨੁ ਭੇਟਤ ਹੋਤ ਨਿਹਾਲ॥** ਹੋ ਰਹੀ ਹੈ। ਰਾਜਾ ਫਤਹ ਚੰਦ ਅੱਡ ਅਗੰਮੀ ਖੁਸ਼ੀ ਵਿਚ ਫੁੱਲਿਆ ਨਹੀਂ ਸਮਾਉਂਦਾ ਕਿ ਮੇਰੀ ਪੁੱਤਰ ਹੀਣ ਰਾਣੀ ਪਰਮਜੋਤ ਦੀ 'ਮਾਂ' ਅਖਵਾਉਣ ਦਾ ਮਾਣ ਪ੍ਰਾਪਤ ਕਰ ਰਹੀ ਹੈ। ਸਤਿਗੁਰੂ ਜੀ ਫਿਰ ਆਖਦੇ ਹਨ "ਮਾਂ" ਫੌਜਾਂ ਬਾਹਰ ਖੜ੍ਹੀਆਂ ਹਨ, ਭੁੱਖ ਲੱਗੀ ਹੈ।

---

30 *ਪੰਥ ਪ੍ਰਕਾਸ਼* ਗਿਆਨੀ ਗਿਆਨ ਸਿੰਘ ਪਥਰ ਛਾਪ ਧਿ. ੧੩.

ਕਿੰਨਾ ਹੀ ਚਿਰ ਇਸ ਅਗੰਮੀ ਖ਼ੁਸ਼ੀ ਵਿਚ ਗੁਜਰ ਗਿਆ ਸੀ ਕਿੰਤੂ ਉਪ੍ਰੋਕਤ ਸ਼ਬਦ ਸੁਣਕੇ 'ਰਾਣੀ ਮਾਂ' ਯੱਕ-ਦਮ ਖੜੀ ਹੋ ਗਈ। ਨੌਕਰਾਂ ਨੂੰ ਹੁਕਮ ਹੋ ਗਿਆ 'ਤਾਜੀ ਮਠਿਆਈ ਲੈ ਕੇ ਛੇਤੀ ਪਹੁੰਚੋ' ਰਾਣੀ ਦਾ ਹੁਕਮ ਸੁਣ ਕੇ ਨੌਕਰ ਉਠ ਦੌੜੇ ਕਿੰਤੂ 'ਬਾਲਾ ਠਾਕਰ' ਜੀ ਨੇ ਬਾਲ ਸੁਭਾਅ ਨੂੰ ਪੂਰਨ ਰੂਪ ਦਿੰਦੇ ਹੋਇ ਫਿਰ ਆਖਿਆ "ਮਾਂ" ਮਠਿਆਈ ਦੀ ਲੋੜ ਨਹੀਂ, ਫਲ ਖਾਣੇ ਨਹੀਂ। ਮੈਨੂੰ ਤੇ ਮੇਰੀ ਫੌਜ ਨੂੰ ਕੇਵਲ ਤੇ ਕੇਵਲ ਤਲੇ ਛੋਲੇ ਦੁੱਧ ਪੂਰੀ ਦੀ ਆਵਸ਼ਯਕਤਾ ਹੈ ਅੰਦਰ ਤਾਂ ਪਏ ਹਨ, ਤਿਆਰ ਕੀਤੇ ਦੁਧ ਪੂਰੀ ਤਲੇ ਹੋਇ ਛੋਲੇ।

ਇਹ ਪਦਾਰਥ ਠੀਕ ਹੀ ਲੰਗਰ ਵਿਚ ਤਿਆਰ ਕਰਕੇ ਰੱਖੇ ਪਏ ਸਨ, ਇਸ ਅੰਤ੍ਰਜ਼ਾਮਤਾ ਨੂੰ ਵੇਖ ਕੇ ਰਾਣੀ ਵਿਸੰਭਰਾ ਦੇਵੀ ਅਤੇ ਰਾਜਾ ਫਤਹ ਚੰਦ ਦੋਨੋਂ ਹੱਥ ਜੋੜਕੇ ਨਮਸ਼ਕਾਰ ਕਰਨ ਲੱਗੇ। ਰਾਜਾ ਅਤੇ 'ਰਾਣੀ ਮਾਂ' ਦਾ ਇਸ਼ਾਰਾ ਸਮਝਕੇ ਨੌਕਰਾਂ ਨੇ ਸਮੂਹ ਪਦਾਰਥ ਚੁੱਕ ਲਿਆਂਦੇ। ਬਾਲਾ ਠਾਕਰ ਜੀ ਨੇ ਆਪਦੀਆਂ ਫੌਜਾਂ ਦੀ ਪੰਗਤ ਲਵਾ ਦਿਤੀ। ਹੱਥੀ ਦੁਧ ਪੂਰੀ ਛੋਲੇ ਵਰਤਾਉਣ ਲੱਗੇ। ਇਹ ਸੇਵਾ ਰਾਜਾ-ਰਾਣੀ ਅਤੇ ਨੌਕਰਾਂ ਨੂੰ ਕਰਨ ਦਾ ਹੁਕਮ ਨਹੀਂ ਹੋਇਆ, ਆਪ ਭੰਡਾਰੀ ਬਣ ਗਏ। ਇਸ ਅਦੁੱਤੀ ਦ੍ਰਿਸ਼ਯ ਨੂੰ ਵੇਖਕੇ 'ਰਾਣੀ ਮਾਂ' ਤੇ ਰਾਜਾ ਫਤਹਚੰਦ ਆਪਣੇ ਭਾਗਾਂ ਨੂੰ ਸਲਾਹੁੰਦੇ ਥਕਦੇ ਨਹੀਂ ਸਨ। ਦੋਨੋਂ ਬੈਠੇ ਨਹੀਂ, ਪਾਸੇ ਹੱਥ ਜੋੜਕੇ ਖੜ੍ਹੇ ਰਹੇ। ਲੰਗਰ ਵਰਤਾਕੇ, ਆਪ ਛੱਕ ਕੇ 'ਚਲੋ ਵੀ' ਕਹਿੰਦੇ ਹੋਇ ਅੱਖਾਂ ਤੋਂ ਆਉਝਲ ਹੋ ਗਏ।

ਗਹਿਣੇ, ਕੱਪੜੇ, ਰੁਪੈ, ਰਤਨ, ਜਵਾਹਿਰ, ਰੇਸ਼ਮ, ਫਲ ਅਤੇ ਮਠਿਆਈ ਦੇ ਕਈ ਟੋਕਰੇ ਸਿੱਖਾਂ ਕੋਲੋ ਰਖਾਉਦੇ ਹੋਇ ਮਾਮਾ ਕਿਰਪਾਲ ਚੰਦ ਜੀ ਬੋਲੇ, 'ਲਉ ਬੇਬੇ ਜੀ! ਇਹ ਸਭ ਕੁਝ ਸੰਭਾਲੋ'। ਮਾਤਾ ਗੁਜਰੀ ਜੀ ਇਹ ਸਭ ਕੁਝ ਵੇਖਕੇ ਹੈਰਾਨ ਹੁੰਦੇ ਹੋਇ ਬੋਲੇ। 'ਇਹ ਸਭ ਕੁਝ ਕਿਥੋਂ ਲਿਆਦਾ ਗਿਆ?' 'ਬੇਬੇ ਜੀ' (ਮਾਮਾ ਕਿਰਪਾਲ ਚੰਦ ਜੀ ਨੇ ਵਿਆਖਿਆ ਨਾਲ ਦੱਸਿਆ) ਅੱਜ ਸਾਹਿਬਜਾਦਾ ਜੀ ਸ਼ਹਿਰ ਦੇ ਸਮੂਹ ਬਾਲਕਾਂ ਸਮੇਤ ਰਾਜਾ ਫਤਹ ਚੰਦ ਜੀ ਦੇ ਮਹਿਲਾਂ ਵਿਚ ਚਲੇ ਗਏ। ਬਸ! ਫਿਰ ਕੀ ਸੀ ਮਹਿਲਾਂ ਵਿਚ ਸਾਰਾ ਦਿਨ ਖੇਡਾਂ ਖੇਡਦੇ ਰਹੇ। ਦਰਬਾਰ ਲਾਉਂਦੇ ਰਹੇ, ਨਸ਼ਾਨੇ ਬਾਜੀ ਲਾਉਂਦੇ ਰਹੇ, ਫੌਜਾਂ ਦੀ ਕਵਾਇਦ ਕਰਵਾਉਂਦੇ ਰਹੇ। ਰਾਜ ਮਹਿਲ 'ਚੋਂ ਛੋਲੇ, ਦੁੱਧ ਪੂਰੀਆਂ ਲੈ ਕੇ ਆਪਣੀਆਂ ਫੌਜਾਂ ਨੂੰ ਲੰਗਰ ਵਰਾਤਾਉਦੇ ਰਹੇ। ਸੱਚੀ! ਬੇਬੇ ਜੀ ਜਿਥੇ ਕਿਥੇ ਵੀ ਸਾਹਿਬਜ਼ਾਦੇ ਦੀ ਅਲੌਕਕ ਲੀਲ੍ਹਾ ਹੀ ਹੁੰਦੀ ਹੈ। ਲੋਕ ਵੇਖ-ਵੇਖ ਦੰਗ ਹੋ ਰਹੇ ਹਨ। ਸੱਚ ਹੋਰ ਗੱਲ ਸੁਣੋ ਖੇਡ ਕੁੱਦ ਕੇ ਰਾਣੀ ਜੀ ਦੀ ਗੋਦ ਵਿਚ ਇਉ ਜਾ ਬੈਠੇ ਜਿਵੇਂ ਪਰਵਾਰ ਦਾ ਕੋਈ ਜਾਣਿਆ ਪਹਿਚਾਣਿਆ ਜੀਅ ਹੈ ਅਤੇ ਉਸਨੂੰ ਪਿਆਰ ਨਾਲ ਕਹਿਣ ਲਗੇ "ਮਾਂ" ਫੌਜਾਂ ਨੂੰ ਛੋਲੇ ਦੁੱਧ ਪੂਰੀਆਂ ਛਕਾਉ। ਆਉਣ ਸਮੇਂ ਇਹ ਸਮੂਹ ਪਦਾਰਥ ਰਾਜਾ ਤੇ ਰਾਣੀ ਨੇ ਸਾਹਿਬਜ਼ਾਦੇ ਦੀ ਭੇਟਾ ਕੀਤੇ ਹਨ।

ਦੈ ਭੇਟਾ ਗੁਰ ਘਰ ਪਹੁੰਚਾਇ।
ਮਾਤ ਉਭੈ ਪਿਖ ਅਨੰਦ ਥਾਇ।
ਨਿਰਮ ਕੀ ਸ਼ਰਧਾ ਬਿਭੋ ਭੁਲਾਈ।
ਸੁਨੀ ਗੁਰ ਤੈ ਥਈ ਜਥਾਈ।[31]

---

31 *ਪੰਥ ਪ੍ਰਕਾਸ਼,* ਗਿਆਨੀ ਗਿਆਨ ਸਿੰਘ ਧਿ.੧੩.

**ਮਾਤਾ ਜੀ**: (ਹੱਸਕੇ) ਵਾਹਿਗੁਰੂ! ਵਾਹਿਗੁਰੂ ਸਾਹਿਬਜਾਦਾ ਵੀ ਤਾਂ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਦਾ ਦੀਪਕ ਹੈ। ਵੱਡੇ ਸਤਿਗੁਰਾਂ ਨੇ ਕਈਆਂ ਦੀ ਗੋਦ ਹਰੀ ਕਰੀ ਸੀ। ਭਾਈ ਆਦਮ ਜੀ ਵਰਗੇ ਗੁਰਮੁਖ ਪਿਆਰੇ, ਮਾਈ ਸੁਲਖਣੀ ਵਰਗੀਆਂ ਪ੍ਰੇਮਣਾ ਨੂੰ ਇਥੋਂ ਸਮੂਹ ਦੁੱਧ ਪੁੱਤ ਪ੍ਰਾਪਤ ਹੋਇ ਹਨ ਪਰ ਸਾਹਿਬਜ਼ਾਦਾ ਜੀ ਨੇ 'ਰਾਣੀ ਨੂੰ ਮਾਂ' ਬਣਾ ਕੇ ਤਾਂ ਹੋਰ ਉਚ ਵਡਿਆਈ ਤੇ ਲੋਕ ਪ੍ਰਲੋਕ 'ਚ ਸੋਭਾ ਦੀ ਪਾਤ੍ਰ ਬਣਾ ਦਿਤਾ।

ਬੇਬੇ ਜੀ! ਹੋਰ ਵੇਖੋ ਜਗਤਾ ਸੇਠ, ਨਵਾਬ ਰਹੀਮ ਬਖਸ਼, ਰਾਜ ਪ੍ਰੋਹਤ ਪੰਡਿਤ ਸ਼ਿਵ ਦੱਤ ਜੀ, ਰੱਲਾ ਸੇਠ, ਮਾਧੋ ਸੇਠ ਆਦਿਕ ਸੈਂਕੜੇ ਸ਼ਹਿਰ ਦੇ ਪਤਵੰਤੇ ਸਾਹਿਬਜ਼ਾਦੇ ਨੂੰ ਸਾਖਿਆਤ ਈਸ੍ਵਰ ਸਮਝ ਕੇ ਪੂਜਨ ਕਰਦੇ ਹਨ। ਮਾਮਾ ਕ੍ਰਿਪਾਲ ਚੰਦ ਜੀ ਨੇ ਦੱਸਿਆ।

'ਵਾਹਿਗੁਰੂ, ਵਾਹਿਗੁਰੂ' ਮਾਤਾ ਜੀ ਨੇ ਆਖਿਆ, "ਇਹ ਸਭ ਬਖਸ਼ਸ਼ ਸਤਿਗੁਰ ਨਾਨਕ ਦੇਵ ਜੀ ਮਹਾਰਾਜ ਦੀ ਹੈ ਧੰਨ ਗੁਰੂ ਨਾਨਕ......" ਲਿਆਓ ਜੇਹਿੜੀ ਮਠਿਆਈ ਆਈ ਹੈ, ਸਾਹਿਬਜ਼ਾਦਾ ਜੀ ਤੀਰ ਕਮਾਨ ਕਸੀ ਖਲੋਤੇ ਦਿਸੇ, ਪਤਾ ਨਹੀਂ ਲੱਗ ਸਕਿਆ ਕਦੋ ਆਣ ਖੜ੍ਹੇ ਹੋਇ ਬਾਹਰ ਫੌਜ ਖੜ੍ਹੀ ਹੈ, ਲੰਗਰ ਵਰਤਾਉਣਾ ਹੈ।' ਮਾਤਾ ਜੀ ਵਲੋਂ ਆਗਿਆ ਹੋਈ 'ਭਾਈ ਮਠਿਆਈ ਸਾਹਿਬਜ਼ਾਦਾ ਜੀ ਨੂੰ ਲਿਆ ਦਿਓ ਇਨ੍ਹਾਂ ਦੀਆਂ ਫੌਜਾਂ ਪਹੁੰਚ ਗਈਆਂ।

'ਮਠਿਆਈ ਅਸੀਂ ਆਪ ਵਰਤਾਵਾਗੇ।' ਸਾਹਿਬਜ਼ਾਦੇ ਨੇ ਆਖਿਆ।

'ਠਾਕਰ ਜੀ!' ਮਾਤਾ ਜੀ ਨੇ ਆਖਿਆ, 'ਸਚ ਤੁਸੀਂ ਅੱਜ ਨਵੀਂ 'ਮਾਂ' ਬਣਾ ਆਇ ਹੋਂ, ਹੁਣ ਕਿਸ ਮਾਤਾ ਦੇ ਪੁੱਤਰ ਬਣੋਗੇ?'

'ਦੋਨ੍ਹਾਂ ਦੇ ਬਣਾਂਗਾ ਮਾਤਾ ਜੀ' ਸਾਹਿਬਜ਼ਾਦੇ ਨੇ ਹੱਸ ਕੇ ਆਖਿਆ।

'ਉਹ ਕਿਵੇਂ?' ਮਾਤਾ ਜੀ ਬੋਲੇ।

"ਜਿਵੇਂ ਦੋਨ੍ਹਾਂ ਅੱਖਾਂ ਦੀ ਇਕੋ ਜੋਤ ਹੁੰਦੀ ਹੈ। ਜਿਵੇਂ ਦੋਨ੍ਹਾਂ ਕੰਨ੍ਹਾਂ ਦੀ ਇਕੋ ਆਵਾਜ਼ ਹੁੰਦੀ ਹੈ। ਜਿਵੇਂ ਦੋਨਾਂ ਨਾਸਕਾਂ ਦੀ ਇਕੋ ਸੁਗੰਧੀ ਹੁੰਦੀ ਹੈ। ਜਿਵੇਂ ਦੋ ਤਲਾਵਾਂ ਵਿਚ ਇਕੋ ਚੰਦ੍ਰਮਾਂ ਦਿਸਦਾ ਹੈ।

"ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ॥"

ਮਾਤਾ ਜੀ' ਮਾਤਾ ਜੀ ਨੇ ਨਮਸਕਾਰ ਕੀਤੀ ਅਤੇ ਸੁਭਾਵਿਕ ਹੀ ਉਨ੍ਹਾਂ ਦੇ ਮੂੰਹੋ ਨਿਕਲ ਗਿਆ, 'ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ...।'

ਸਾਹਿਬਜ਼ਾਦਾ ਜੀ ਆਪਣੀ ਫੌਜ ਨੂੰ ਮਠਿਆਈ ਵਰਤਾਉਣ ਵਿਚ ਰੁੱਝ ਗਏ।

ਸ਼ਾਮ ਹੋ ਗਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ, ਕੀਰਤਨ ਆਰੰਭ ਹੈ। ਰਾਤ ੪ ਘੜੀ ਚਲੀ ਗਈ, ਅੱਜ ਸਾਹਿਬਜ਼ਾਦਾ ਜੀ ਪਤਾ ਨਹੀਂ ਕਿਧਰ ਚਲੇ ਗਏ? ਅਗੇ ਹਰਿ ਰੋਜ਼ ਉਨ੍ਹਾਂ ਦੀ ਹਾਜ਼ਰੀ ਵਿਚ ਰਹਿਰਾਸ ਦਾ ਪਾਠ ਹੋਇਆ ਕਰਦਾ ਸੀ। ਅੱਜ ਉਡੀਕ ਹੋ ਰਹੀ ਹੈ, ਆਉਣ ਤਾਂ ਪਾਠ ਆਰੰਭ ਹੋਵੇ। ਉਨ੍ਹਾਂ ਦੀ ਗੈਰ ਹਾਜ਼ਰੀ ਵਿਚ ਪਾਠ ਪਛੜ ਰਿਹਾ ਸੀ ਕਿੰਤੂ ਸਾਹਿਬਜਾਦੇ ਦਾ ਕੋਈ ਪਤਾ ਨਹੀਂ ਲੱਗ ਰਿਹਾ।

ਸੰਗਤ ਚਿੰਤਾਤੁਰ ਹੈ, ਕੋਈ ਤਰਕੀਬ ਸੁਝਦੀ ਨਹੀਂ। ਇਨ੍ਹੇ ਨੂੰ ਕੀ ਵੇਖਦੇ ਹਨ, ਰਾਜ ਪ੍ਰੋਹਤ ਪੰਡਿਤ ਸਿਵ ਦੱਤ ਜੀ, ਰਾਜਾ ਫਤਹ ਚੰਦ ਜੀ, 'ਰਾਣੀ ਮਾਂ' ਜਗਤਾ ਸੇਠ ਤੇ ਫੌਜੀ ਬਾਲ ਸਮੂਹ ਆ ਰਹੇ ਹਨ। ਦੀਵਾਨ ਦਾ ਪੰਡਾਲ ਖਚਾ-ਖਚ ਭਰ ਗਿਆ। ਗ੍ਰੰਥੀ ਜੀ ਨੇ ਪਾਠ ਆਰੰਭ ਕੀਤਾ, ਪਾਠ ਬੜੇ ਪ੍ਰੇਮ ਨਾਲ ਹੋ ਰਿਹਾ ਹੈ:

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥੧॥ (ਪੰਨਾ ੧੨)

ਰੋਜਾਨਾ ਦੇ ਨਿੱਤਨੇਮ ਲਈ ਦੀਵਾਨ ਸਜ ਜਾਇਆ ਕਰੇ ਕਿੰਤੂ ਸਾਹਿਬਜ਼ਾਦਾ ਜੀ ਪਹਿਲੇ 'ਰਾਣੀ ਮਾਂ' ਦੇ ਮਹਿਲ 'ਚ ਦੀਵਾਨ ਵਿਚ ਹਾਜ਼ਿਰ ਹੁੰਦੇ ਬਲਕੇ ਆਪਣੇ ਪਵਿੱਤਰ ਸ੍ਰੀ ਮੁਖ ਵਾਕ ਕੀਰਤਨ ਵੀ ਕਰਦੇ। ਫਿਰ ਚਾਰ ਘੜੀ ਰਾਤ ਗਏ ਘਰ ਦੇ ਦੀਵਾਨ ਵਿਚ ਹਾਜ਼ਰ ਹੁੰਦੇ, ਨਾਲ ਹੀ ਰਾਜਾ ਫਤਹ ਚੰਦ ਜੀ, 'ਰਾਣੀ ਮਾਂ' ਪੰਡਿਤ ਸ਼ਿਵ ਦੱਤ ਜੀ ਆਦਿਕ ਅਨਨਯ ਸਿੱਖ ਬਾਲਾ ਠਾਕਰ ਜੀ ਦੇ ਨਾਲ ਘਰ ਦੇ ਦੀਵਾਨ ਵਿਚ ਵੀ ਹਾਜ਼ਿਰ ਹੁੰਦੇ। ਪੰਡਿਤ ਸ਼ਿਵ ਦੱਤ ਜੀ ਤਾਂ ਬਲਕਿ ਵੇਦ ਲਾਜ, ਕੁਲ ਲਾਜ, ਦਾ ਪ੍ਰੀਤਿਆਗ ਕਰਕੇ ਭੋਜਨ ਵੀ ਰੋਜ਼ਾਨਾ 'ਗੁਰੂ ਕੇ ਲੰਗਰ' ਵਿਚੋ ਹੀ ਛਕਦੇ। ਗੁਰੂ ਕਾ ਲੰਗਰ ਪਾਠ ਤੋਂ ਮਗਰੋ ਵਰਤਦਾ ਸੀ। ਚਾਰ ਘੜੀ ਰਾਤ ਗਏ ਰਹਿਰਾਸ ਦਾ ਪਾਠ ਕਰਨ ਦੀ ਇਹ ਰਸਮ ਤਖਤ ਹਰੀਮੰਦਰ ਸਾਹਿਬ ਵਿਚ ਹੁਣ ਤਕ ਚਲੀ ਆ ਰਹੀ ਹੈ।

ਦੁਪਹਿਰੇ ਰਾਜਾ ਫਤਹ ਚੰਦ ਜੀ ਦੇ ਘਰ ਰੋਜ਼ਾਨਾ ਦੁੱਧ ਪੂਰੀ ਅਤੇ ਛੋਲਿਆਂ ਦੀਆਂ ਘੁੰਗਣੀਆਂ ਲੰਗਰ, ਸਮੇਤ ਆਪਣੀ 'ਬਾਲ ਵਿਰੇਸ ਸੈਨਾ' ਦੇ ਛਕਦੇ ਸਨ। ਇਥੇ ਰੋਜ਼ਾਨਾ ਦਰਬਾਰ ਲਾਉਦੇ, ਭੇਟਾ ਲੈਂਦੇ, ਕਵਾਇਦ ਸਿੱਖਦੇ ਅਤੇ ਸਿਖਾਉਂਦੇ। ਖਿਦੋ-ਖੁੰਦੀ ਖੇਡਦੇ, ਦੌੜਾ ਲਾਉਦੇ। ਇਥੇ ਹੀ ਗੁਰਮੁਖੀ (ਲਿਪੀ) ਦੇ ਅੱਖਰ ਵੀ ਸਿੱਖਦੇ। ਉਪਰੰਤ ਬਾਗ ਦੇ ਪਾਰਕ ਵਿਚ ਨਵੇਂ ਨਵੇਂ ਬੂਟੇ ਅਤੇ ਉਨ੍ਹਾਂ ਦੀਆਂ ਕਲਮਾਂ ਲਾਉਂਦੇ, ਪਾਣੀ ਦਿੰਦੇ। ਇਸ ਬਾਗ ਵਿਚ ਆਪ ਜੀ ਨੇ ਇਕ 'ਕਰੌਂਦੇ' ਦਾ ਬੂਟਾ ਲਾਇਆ ਹੈ ਜੋ ਸੰਸਾਰ ਵਿਚ ਕੇਵਲ ਇਹੋ ਇਕ ਬੂਟਾ ਹੈ, ਜੋ ਬਾਰਾਂ ਮਹੀਨੇ ਫਲਦਾ ਹੈ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

ਬਾਰਾਂ ਮਾਸ ਫਲੇਗੋ ਏਹੂ।
ਲਾਯੋ ਮਮ ਵਿਸ਼ੇਸ਼ਤਾ ਏਹ।
ਬੂਟੇ ਔਰ ਲਗਾਏ ਸੁਨੈ ਹੈ।
ਮਮ ਘਰ ਇਸੀ ਬਾਗ ਮਧ ਥੈ ਹੈ।
ਸਾਚ ਭਈ ਗੁਰ ਕੀ ਸਭ ਗਲ ਹੈ।
ਬਾਰੈ ਮਾਸ 'ਕਰੌਂਦਾ' ਫਲ ਹੈ।

ਪਟਨਾ ਨਿਵਾਸੀ ਬਾਲਕ ਆਪ ਜੀ ਦਾ ਸੈਨਕ ਬਨਣ ਵਿਚ ਫ਼ਖਰ ਸਮਝਦੇ ਸਨ। ਬਾਲਾ ਠਾਕਰ ਜੀ ਦਾ ਹਰ ਸੈਨਕ 'ਰਾਣੀ ਮਾਂ' ਦਾ ਪੁੱਤਰ ਸੀ। ਆਪ ਜੀ ਦੀ ਲੀਲ੍ਹਾ, ਆਪ ਜੀ ਦੇ ਚੋਜਾ ਚਮਤਕਾਰਾਂ ਦੀ

ਪਟਨੇ ਵਿਚ ਰੋਜ਼ਾਨਾ ਚਰਚਾ ਹੁੰਦੀ। ਲੋਕੀ ਆਪ ਜੀ ਦੇ ਹਰ ਚੋਜ ਨੂੰ ਅਲੌਕਕ ਸਮਝ ਕੇ ਅਸ਼ਚਰਜਤਾ ਪਰਗਟ ਕਰਦੇ। ਆਪ ਪਟਨੇ ਦੇ ਨਾਇਕ ਬਣ ਗਏ।

ਹੈਂ! ਅੱਜ ਕੀ ਹੋ ਗਿਆ ਪਟਨੇ ਨੂੰ? ਪਟਨਾ ਜਿਸ ਨੇ ੩੨੧ ਈਸਵੀ ਪੂਰਬ ਤੋਂ ਲੈਕੇ ਅੱਜ ਤੱਕ ਸੰਸਾਰ ਵਿਚ ਬਹੁਤ ਲਹਾ ਚੜ੍ਹਾ ਵੇਖੇ ਹਨ। ਭਾਰਤੀ ਰਾਜਨੀਤੀ ਦਾ ਅਖਾੜਾ ਤੇ ਵਿਸ਼ਵ ਨੂੰ ਧਾਰਮਿਕ ਰੋਸ਼ਨੀ ਦੇਣ ਵਾਲਾ ਪਟਨਾ, ਅਜਾਤਸਤ੍ਰੂ ਅਤੇ ਯੂਨਾਨੀਆ ਦਾ ਪਾਟਲੀਪੁਤ੍ਰ, ਮੋਰੀਆ ਵੰਸ ਦੀ ਰਾਜਧਾਨੀ, ਭਗਵਾਨ ਅਸ਼ੋਕ ਦਾ ਰਾਜਨੀਤਿਕ ਧਰਮ ਕੇਂਦਰ, ਜਿਥੇ ਉਸ ਨੇ ਧਰਮ ਵਿਜੈ ਦਾ ਸ਼ੰਦੇਸ਼ ਦੇ ਕੇ ਵਿਸ਼ਵ ਇਤਿਹਾਸ ਦੇ ਪੰਨੇ ਬਦਲ ਦਿਤੇ। ਬੁੱਧ ਫ਼ਲਾਸਫੀ ਦਾ ਪ੍ਰਚਾਰ ਸੰਸਾਰ ਦੇ ਕੋਨੇ-ਕੋਨੇ ਪਹੁੰਚਾਇਆ। ਜਿਸ ਨਗਰ ਨੇ ਹਰਿ ਖੁਸ਼ੀ ਗਮੀ ਵਿਚ 'ਮਧ' (ਸਮ) ਰਹਿਣ ਦਾ ਹੋਕਾ ਦਿਤਾ, ਜਿਸ ਸ਼ਹਿਰ ਨੇ

ਬੁਧੰ ਸਰਣੰਮ੍ ਗਛਾਮੀ।
ਧਮੰ ਸਰਣੰਮ੍ ਗਛਾਮੀ।
ਸੰਘੰ ਸਰਣੰਮ੍ ਗਛਾਮੀ।

ਦਾ ਪਾਠ ਪੜ੍ਹਾਇਆ। ਉਹ ਹੰਡਿਆ, ਸੁਲਝਿਆ ਅਤੇ ਸੈਂਕੜੇ ਜ਼ਮਾਨਿਆਂ ਵਿਚੋਂ ਲੰਘਿਆ ਹੋਇਆ ਪਟਨਾ ਕਿੰਨਾ ਘਬਰਾਹਟ ਵਿਚ ਹੈ, ਕਿੰਨਾ ਅਸ਼ਾਂਤ ਹੈ? ਇਸੇ ਪਟਨੇ ਉੱਤੇ ਕੱਲ੍ਹ ਕਿੰਨੀ ਪ੍ਰਸੰਨਤਾ ਸੀ, ਕਿੰਨਾ ਉਤਸ਼ਾਹ ਸੀ। ਪਟਨੇ ਦਾ ਨਾਂਉ ਤਾ ਸੰਸਕ੍ਰਿਤ ਗ੍ਰੰਥਾਂ ਵਿਚ 'ਕੁਸਮਪੁਰ' 'ਪੁਸ਼ਪਪੁਰ' ਅਤੇ 'ਪਦਮਪੁਰ' ਲਿਖਿਆ ਮਿਲਦਾ ਹੈ ਜਿਸ ਦਾ ਭਾਵ ਹੈ 'ਫੁਲਾਂ ਦਾ ਸ਼ਹਿਰ' ਅਥਵਾ ਹੀਰੇ ਜਵਾਹਰ ਅਤੇ ਰਤਨਾ ਦਾ ਸ਼ਹਿਰ। ਹੈ ਵੀ ਠੀਕ ਜਿਸਨੇ ਸੰਸਾਰ ਨੂੰ ਫੁੱਲਾਂ ਵਰਗੀ ਧਾਰਮਿਕ ਸੁਗੰਧੀ ਪ੍ਰਦਾਨ ਕੀਤੀ ਅਤੇ ਬੁੱਢੇ ਭਾਰਤ ਦੀ ਰਾਜਨੀਤੀ ਨੂੰ ਕੇਂਦਰਤ ਕਰਕੇ ਆਰਥਕ ਤੌਰ ਤੇ ਉੱਨਤ ਕੀਤਾ। ਅੱਜ ਕੀ ਘਟਨਾ ਵਾਪਰ ਗਈ? ਕਿ ਇੰਨਾ ਗ਼ਮ ਇੰਨਾ ਰੰਜ, ਇੰਨ੍ਹਾ ਸ਼ੋਕ, ਪਟਨੇ ਦੀ ਗੰਗਾ ਦੀ ਧਾਰਾ ਵਿਚ ਅੱਜ ਅਗਲਾ ਵਹਾ ਤੇ ਵਗ ਨਹੀਂ। ਪਾਣੀ ਵਿਚ ਅਗਲੀ ਚਮਕ ਨਹੀਂ, ਸੀਤਲਤਾ ਨਹੀਂ, ਤੇਜੀ ਨਹੀਂ, ਸ਼ੋਰ ਨਹੀਂ। ਗੰਗਾ! ਅੱਜ ਕਿੱਥੇ ਗਿਆ ਤੇਰਾ ਪਹਿਲਾ ਚੰਚਲਪੁਣਾ?, ਸੁੰਦਰਤਾ?, ਨਿਰਮਲਤਾ ਅਤੇ ਪਾਣੀ ਦੀਆਂ ਧਾਰਾਂ ਦਾ ਅਗਲਾ ਜੋਸ਼? ਕਲ ਇਕ ਹਲਕਾਰਾ ਸਿੱਖ ਭਾਈ ਮਤੀ ਦਾਸ ਨਾਮੇਂ ਵੱਡੇ ਸਤਿਗੁਰਾਂ ਦਾ ਹੁਕਮਨਾਮਾਂ ਲੈਕੇ ਪੁੱਜਿਆ ਹੈ ਜਿਸ ਵਿਚ ਲਿਖਿਆ ਹੈ ਕਿ 'ਛੇਤੀ ਪੰਜਾਬ ਪਹੁੰਚੋ।' ਇਸ ਵਾਸਤੇ ਕੱਲ੍ਹ ਨੂੰ ਸਾਹਿਬਜ਼ਾਦਾ ਬਾਲਾ ਠਾਕਰ ਜੀ ਪੰਜਾਬ ਲਈ ਤਿਆਰ ਹੋ ਰਹੇ ਹਨ। ਫਿਰ ਤੁਸੀਂ ਆਪ ਹੀ ਦਸੋ, ਪਟਨੇ ਵਿਚ ਕਿਵੇਂ ਨ ਗ਼ਮ ਦੀ ਲਹਿਰ ਫੈਲੇ। ਪਟਨਾ ਤਾਂ ਸਮਦਰਸ਼ੀ ਸ਼ਹਿਰ ਸੀ। ਵੱਡੇ-ਵੱਡੇ ਉਤਸ਼ਾਹਾਂ ਵਿਚ ਕਦੀ ਪ੍ਰਸੰਨ ਨਹੀਂ ਹੋਇਆ ਅਤੇ ਬਿਪਤਾ ਦੇ ਸਮੇਂ ਕਦੀ ਦੁਖੀ ਨਹੀਂ ਹੋਇਆ, ਕਿੰਤੂ ਹੁਣ ਆਪਣੀ ਆਦਤ ਦੇ ਉਲਟ ਜਦੋਂ ਤੋਂ 'ਦੁਸ਼ਟ ਦਮਨ' ਜੀ ਨੇ "ਪਟਨਾ ਸ਼ਹਿਰ ਵਿਖੇ ਭਵ ਲਯੋ" ਹੈ। ਸੁਭਾਵ ਪ੍ਰਕ੍ਰਿਤੀ ਤੋਂ ਕਿਤੇ ਵੱਧ ਪ੍ਰਸੰਨ ਸੀ ਕਿੰਤੂ ਅੱਜ ਫਿਰ ਆਦਤ ਤੋਂ ਉਲਟ ਪਹਿਲੀ ਵਾਰ ਸ਼ੋਕਮਈ ਦਸ਼ਾ ਵਿਚ ਬਦਲਿਆ ਹੋਇਆ ਹੈ। ਕਿਸੇ ਪਾਸੇ ਵਲ ਤੱਕੋ ਗਿੱਲੀਂ ਅੱਖੀਂ ਸਮੂਹ ਨਰ ਨਾਰ ਡੁਸਕਾਰੇ ਲੈ ਰਹੇ ਹਨ। ਵਿਰਹੋਂ ਦੇ ਗ੍ਰਹਿਣ ਨੇ ਨਗਰ ਨੂੰ ਘੇਰਾ ਘੱਤਿਆ ਹੋਇਆ ਹੈ। ਅੱਜ ਤਾਂ ਕੁਦਰਤ

ਵੀ ਕਾਲੀ ਕਰੂਟੀ ਚਾਦਰ ਤਾਣ ਕੇ ਸੁਤੀ-ਸੁਤੀ ਪ੍ਰਤੀਤ ਹੋ ਰਹੀ ਹੈ। ਬਾਗਾਂ ਦੇ ਫੁੱਲ ਮਰਝਾਇ ਹੋਇ-ਹੋਇ ਹਨ। ਕੋਇਲ ਨੇ ਬੋਲਣ ਤੋਂ ਚੁਪ ਸਾਧ ਰਖੀ ਹੈ। ਜਿਸ ਤਰ੍ਹਾਂ ਭਗਵਾਨ ਰਾਮ ਚੰਦ੍ਰ ਜੀ ਦੀ ਜਲਾਵਤਨੀ ਦੇ ਸਮੇਂ ਅਯੁੱਧਿਆ ਨਗਰ ਦਾ ਹਾਲ ਸੀ ਅਜੇਹੀ ਘਟਨਾ ਹੀ ਅੱਜ ਪਟਨੇ ਨੂੰ ਵੇਖਣੀ ਪੈ ਗਈ।

ਦੀਵਾਨ ਦਾ ਵਕਤ ਨਹੀਂ, ਪੰਡਾਲ ਫਿਰ ਵੀ ਖਚਾਖਚ ਭਰਿਆ ਹੋਇਆ ਹੈ। ਬਾਲਾ ਠਾਕਰ ਜੀ ਸਿੰਘਾਸਨ (ਤਖਤ) ਤੇ ਵਿਰਾਜਮਾਨ ਹਨ। ਕੋਲ ਹੀ ਯੋਗ ਆਸਨਾ ਤੇ ਮਾਤਾ ਜੀ, ਮਾਮਾ ਕਿਰਪਾਲ ਚੰਦ ਜੀ ਆਦਿਕ ਪ੍ਰਤਿਸ਼ਠ ਵਿਅਕਤੀ ਵਿਰਾਜਮਾਨ ਹਨ।

ਰਾਜਾ ਫਤਹ ਚੰਦ ਜੀ, 'ਰਾਣੀ ਮਾਂ', ਜਗਤਾ ਸੇਠ, ਮਾਧੋ ਸੇਠ, ਨਵਾਬ ਰਹੀਮ ਬਖਸ਼, ਕਰੀਮ ਬਖਸ਼, ਪੰਡਿਤ ਸ਼ਿਵਦੱਤ ਜੀ ਸ਼ੋਕ ਮਈ ਹਾਲਤ ਵਿਚ ਹੱਥ ਜੋੜ ਕੇ ਰੁਧਾਕੰਠ ਖੜ੍ਹੇ ਹਨ। 'ਕੁਮਾਰ ਸੈਨਕ ਦਲ' ਇਕ ਪਾਸੇ ਚੁਪ ਚੁਪਾਤਾ ਦੀਵਾਰ ਨਾਲ ਲੱਗਿਆ ਬੈਠਾ ਹੈ। ਗੱਲ ਕਰਨ ਦੀ ਕਿਸੇ ਵਿਚ ਤਾਕਤ ਨਹੀਂ, ਮਾਤਾ ਗੁਜਰੀ ਜੀ ਸਮੂਹ ਨੂੰ ਧੀਰਜ ਦੇ ਰਹੇ ਹਨ। ਸਾਹਿਬਜ਼ਾਦਾ ਜੀ ਅਤੇ ਉਨ੍ਹਾਂ ਦੇ ਸ਼ਾਹੀ ਮਾਪਿਆਂ ਵਿਚ ਵਾਰਤਾਲਾਪ ਤਾਂ ਜਾਰੀ ਹੈ ਪਰ ਕਿਸੇ ਸ਼ਬਦਾਵਲੀ ਦਵਾਰੇ ਨਹੀਂ, ਭਾਸ਼ਾ ਦਾ ਪ੍ਰਯੋਗ ਨਹੀਂ ਕੀਤਾ ਜਾ ਰਿਹਾ, ਬੁੱਲ੍ਹ ਹਿਲ ਨਹੀਂ ਰਹੇ, ਕੇਵਲ 'ਮੂਕ ਭਾਸ਼ਾ' ਦਵਾਰੇ ਹੀ ਵਿਰਹੋਂ ਵਿਛੋੜੇ ਪੀੜਾ ਦਾ ਨਿਰਣੈ ਕੀਤਾ ਜਾ ਰਿਹਾ ਹੈ। ਵਿਯੋਗ ਹਿਰਦੇ ਚੀਰ ਰਿਹਾ ਹੈ। ਵਿਰਹੋਂ ਦੀ ਕਾਤੀ ਚਲ ਰਹੀ ਹੈ। ਅਣੀਆਲੇ ਤੀਰ ਵੱਜ ਰਹੇ ਹਨ। ਰਾਜਾ ਫਤਹ ਚੰਦ, ਰਾਣੀ ਮਾਂ, ਨਵਾਬ ਰਹੀਮ ਬਖਸ਼, ਪੰਡਿਤ ਸ਼ਿਵ ਦੱਤ ਆਦਿਕ ਸੰਗਤ ਭਾਈ ਮਤੀ ਦਾਸ ਜੀ ਦੇ ਚਰਨਾ ਉੱਤੇ ਡਿੱਗ ਪੈਂਦੀ ਹੈ ਅਤੇ ਪੰਡਿਤ ਸ਼ਿਵ ਦੱਤ ਜੀ ਹਰ ਤਰ੍ਹਾਂ ਨਾਲ ਸਾਵਧਾਨ ਹੋ ਕੇ ਧੀਰਜ ਧਰਕੇ ਬੇਨਤੀ ਕਰਦਾ ਹੈ ਕਿ "ਗੁਰੂ ਜੀ ਦੇ ਸਤਿਕਾਰੇ ਸਵਾਰੇ ਗੁਰਮੁਖ ਪਿਆਰੇ ਜੀਓ! ਆਪ ਹੀ ਸਾਡੇ ਵਲੋਂ ਬਾਲਾ ਠਾਕਰ ਜੀ ਨੂੰ ਕੁਝ ਸਮਾਂ ਇਥੇ ਠਹਿਰਨ ਦੀ ਬੇਨਤੀ ਕਰੋ। ਸਾਡੇ ਤੇ ਇਹ ਉਪਕਾਰ ਕਰੋ, ਅਸਾਥੋ ਕੀ ਅਵੱਗਿਆ ਹੋ ਗਈ ਜੋ ਬਾਲਾ ਠਾਕਰ ਜੀ ਯਕਦਮ ਤਿਆਰ ਹੋ ਪਏ? ਅਤੇ ਸਾਰਾ ਪਰਵਾਰ ਯਾਤ੍ਰਾ ਦੇ ਬਿਖੜੇ ਰਸਤੇ ਤੇ ਚਲਣ ਲਈ ਤਤਪਰ ਹੋ ਗਿਆ।

ਭਾਈ ਮਤੀ ਦਾਸ ਜੀ ਨੇ ਪੈਰੀ ਡਿੱਗਦੇ ਪੰਡਿਤ ਸ਼ਿਵ ਦੱਤ ਜੀ ਨੂੰ ਆਖਿਆ, "ਗੁਰਮੁਖ ਪਿਆਰੇ ਮਾਨਯੋਗ ਪੰਡਿਤ ਸਿਵ ਦੱਤ ਜੀ! ਪਹਿਲੀ ਗੱਲ ਇਹ ਹੈ ਕਿ ਮੈਨੂੰ ਪੈਰੀ ਹੱਥ ਲਾਕੇ ਮੇਰੇ ਤੇ ਹੋਰ ਅਪਰਾਧ ਨ ਚਾਹੜੋ ਮੈਂ ਤਾਂ 'ਕੀਟਾਂ ਅੰਦਰ ਕੀਟ' ਵੀ ਨਹੀਂ। ਕੇਵਲ ਗੁਰਸਿੱਖਾਂ ਦੀ ਚਰਨ-ਰਜ਼ ਚਾਹੁਣਹਾਰਾ ਹੀ ਹਾਂ। ਬਾਕੀ (ਦੂਸਰੀ ਗੱਲ) ਸਤਿਗੁਰੂ ਜੀ ਦਾ ਹੁਕਮਨਾਮਾਂ ਆਇਆ ਹੈ, ਇਸ ਹੁਕਮਨਾਮੇਂ ਨੂੰ ਸਮੇਤ ਅਤੇ ਪਰਵਾਰ ਦੇ ਸਾਹਿਬਜ਼ਾਦਾ ਜੀ ਟਾਲ ਨਹੀਂ ਸਕਦੇ। ਸਤਿਗੁਰੂ ਜੀ ਦਾ ਕੋਈ ਵੀ ਅਨਨਯ ਸਿੱਖ ਆਗਿਆ ਭੰਗ ਨਹੀਂ ਕਰ ਸਕਦਾ। ਇਸ ਵਾਸਤੇ ਸਾਹਿਬਜ਼ਾਦਾ ਜੀ ਅਵੱਸ਼ ਜਾਣਗੇ ਸਤਿਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਆਗਿਆ ਹੀ ਅਜੇਹੀ ਹੈ।"

"ਰਾਣੀ ਮਾਂ" ਬਾਲਾ ਠਾਕਰ ਜੀ ਦੇ ਪੈਰਾਂ ਵਿਚ ਡਿੱਗ ਪਈ, ਰੁਧਾਕੰਠ ਹੈ, ਅਸਪਸ਼ਟ ਸ਼ਬਦਾਵਲੀ ਹੈ, ਜਿਸ ਦਾ ਕੁਝ ਕੁਝ ਕ ਇਹ ਭਾਵ ਹੈ ਕਿ "ਮੇਰੀਆਂ ਅੱਖੀਆਂ ਦੇ ਤਾਰੇ ਪਿਆਰੇ ਬਾਲਾ ਠਾਕਰ ਜੀਓ! ਮੈਨੂੰ

ਪੁੱਤਰ ਵਤੀ ਬਣਾ ਕੇ, ਮੇਰੇ ਖੇੜੇ ਵਿਚ ਵੀ ਬਸੰਤ ਲਿਆਕੇ, ਹੁਣ ਕਿਉਂ ਪੱਤਝੜ ਲਾ ਰਹੇ ਹੋਂ। ਤੁਹਾਨੂੰ ਆਪਣੀ ਗੋਦ ਵਿਚ ਬੈਠਾ ਕੇ ਖੇਡਾਨ ਦੀਆਂ ਸਧਰਾਂ ਪੂਰੀਆਂ ਨਹੀਂ ਸਨ ਹੋਈਆਂ ਜੋ ਸਭ ਅਧੂਰੀਆ ਰਹਿ ਰਹੀਆਂ ਹਨ। ਮੈਨੂੰ ਕਿਹੜੇ ਪਿਛਲੇ ਪਾਪਾ ਕਰਕੇ ਇਹ ਸਮਾਂ ਵੇਖਣਾ ਪਿਆ? ਮੇਰੇ ਪਿਆਰੇ ਬਾਲਾ ਠਾਕਰ ਆਪਣੀ ਪਿਆਰੀ 'ਮਾਂ' ਤੇ ਜਰਾ ਭਰ ਤਰਸ ਤਾਂ ਕਰ।"

ਬਾਲਾ ਠਾਕਰ ਜੀ ਵੀ ਕਰੁਣਾ ਵਿਚ ਆ ਗਏ, ਤਖਤ ਤੋਂ ਉਠ ਕੇ 'ਰਾਣੀ ਮਾਂ' ਨੂੰ ਧੀਰਜ ਦਿਤਾ ਅਤੇ ਮੁੜ ਤਖਤ 'ਤੇ ਜਾ ਖੜ੍ਹੇ ਹੋਇ। ਆਪ ਕਲਗੀ ਜਿਗਾ ਸਜਾਇ ਬੜੇ ਅਦੁਭੁਤ ਨਜ਼ਰ ਆ ਰਹੇ ਸਨ। ਚਿਟੇ ਦਮਾਲੇ ਹੇਠਾ ਬਸੰਤੀ ਕੇਸਕੀ ਬੜੀ ਫਬ ਦੇ ਰਹੀ ਸੀ। ਗਾਤਰੇ ਪਾਈ ਹੋਈ ਕਿਰਪਾਨ ਬੜੀ ਅਦੁਭੁਤ ਲਗ ਰਹੀ ਸੀ। ਸੁਚੇ ਕਪੜੇ ਦਾ ਸੁਨਿਹਰੀ ਕਮਰ ਕਸਾ ਲਾਇਆ ਹੋਇਆ ਸੀ ਜਿਸ ਨੂੰ ਢਿੱਲਾ ਕਰਦੇ ਹੋਇ ਆਪ ਸੰਗਤਿ ਨੂੰ ਸੰਬੋਧਨ ਕਰਕੇ ਆਪਣੇ ਸ੍ਰੀ ਮੁਖ ਵਾਕ ਤੋਂ ਕਹਿਣ ਲੱਗੇ।

ਪਿਆਰੀ ਗੁਰ ਸੰਗਤ ਜੀ! ਗੁਰਮਤਿ ਨੇ ਅਸਾਨੂੰ ਅਡੋਲ ਰਹਿਣ ਦੀ ਸਿੱਖਿਆ ਦਿਤੀ ਹੈ। ਭਾਣੇ ਵਿਚ ਵਰਤਣ ਦੀ ਆਗਿਆ ਹੈ। ਸ੍ਵੈ ਆਤਮਿਕ ਤੌਰ ਤੇ ਅਜ਼ਰ ਨੂੰ ਜ਼ਰਨ ਦੀ ਹਦਾਇਤ ਹੈ। ਇਸ ਤਰਾਂ ਨਿਰਾਰਥਕ ਰੋਣ ਧੋਣ ਨੂੰ ਗੁਰਮਤਿ ਤਰਜ਼ੀਹ ਨਹੀਂ ਦਿੰਦਾ, ਇਹ ਕਮਜ਼ੋਰੀ ਹੈ, ਅਗਿਆਨ ਹੈ, ਅਵਿਦਿਆ ਦਾ ਕਾਰਣ ਹੈ। ਮੈਂ ਤੁਹਾਥੋ ਕਦੀ ਵੀ ਅੱਡ ਨਹੀਂ, ਨਾ ਅੱਡ ਹੋ ਸਕਦਾ ਹਾਂ। ਸਦਾ ਤੁਹਾਡੇ ਅੰਗ-ਸੰਗ ਰਹਾਂਗਾ। ਤੁਸੀਂ ਸਦਾ ਮੇਰੇ ਹੋਂ, ਅਤੇ ਮੇਰੇ ਰਹੋਗੇ। ਮੈਂ ਸਦਾ ਤੁਹਾਡਾ ਬਣਕੇ ਰਹਾਂਗਾ। ਅੰਤਰਆਤਮੇ ਮੇਰੀ ਤੁਹਾਡੇ ਨਾਲ ਅਤੁੱਟ ਸਾਂਝ ਹੈ। ਸਰੀਰੀ ਵਿਛੋੜੇ ਕਾਰਣ ਆਤਮਿਕ ਵਿਛੋੜੇ ਵਿਚ ਕਦੀ ਵੀ ਭਿੰਨਤਾ ਨਹੀਂ ਆਉਂਦੀ। ਗੁਰਮਤਿ ਦਾ ਇਹ ਸਿਧਾਂਤ ਹੈ। ਬਲਕਿ ਜਿਉਂ-ਜਿਉਂ ਅਸੀਂ ਸਰੀਰਕ ਤੌਰ ਤੇ ਦੂਰ ਹੋਵਾਂਗੇ, ਤਿਉਂ-ਤਿਉਂ ਸਾਡਾ ਆਤਮਿਕ ਸੰਪਰਕ ਅਤੇ ਅਭੇਦਤਾ ਅਤੁੱਟ ਹੁੰਦੀ ਜਾਵੇਗੀ। ਗੁਰਮਤਿ ਦਾ ਪੰਧਾਊ ਕਦੀ ਵੀ ਅੰਧ ਵਿਸਵਾਸ਼ੀ ਨਹੀਂ ਹੋਣਾ ਚਾਹੀਦਾ। ਗੁਰਮਤਿ ਦਰਸ਼ਨ (ਫਲਸਫ਼ਾ) ਤਾਂ ਅਦੁਤੀ ਹੈ। ਅਕਥਨੀਯ, ਪ੍ਰਸ਼ੰਸ਼ਾਯੋਗ ਹੈ। ਗੁਰਮਤਿ ਦਰਸ਼ਨ ਨੇ ਵਿਆਖਿਆ ਸਹਿਤ ਸਮਝਾ ਦਿਤਾ ਹੈ, "ਗੁਰਮੂਰਤਿ ਗੁਰ ਸ਼ਬਦ ਹੈ" ਬਸ! ਗੁਰਮਤਿ ਨੇ ਗੁਰ ਸ਼ਬਦ ਨੂੰ ਹੀ "ਗੁਰੂ ਕਾ ਦਰਸ਼ਨ" ਮੰਨਿਆ ਹੈ, ਵਿਛੋੜੇ ਦੀ ਕਲਪਤ ਤਕਲੀਫ਼ ਤੋਂ ਡਰਨ ਦੀ ਅਵਸ਼ੱਕਤਾ ਨਹੀਂ, ਅਸਾਨੂੰ ਸਾਰਿਆ ਨੂੰ ਜੋੜਨ ਵਾਲਾ ਕੇਂਦਰੀ ਧੁਰਵਾ ਗੁਰਬਾਣੀ ਹੈ। ਗੁਰਬਾਣੀ ਪੜ੍ਹੋ ਵੀਚਾਰੋ, ਅਧਿਐਨ ਕਰੋ, ਸਤਿਸੰਗ ਕਰੋ, ਮੈਂ ਵਿਚ ਹਾਜ਼ਰ ਨਾਜ਼ਰ ਹੋਇਆ ਕਰਾਂਗਾ।

ਦੁਕਾਲੰ ਪ੍ਰਣਾਸੀ ਦਯਾਲੰ ਸਰੂਪੇ॥
ਸਦਾ ਅੰਗ ਸੰਗੇ, ਅਭੰਗੰ ਬਿਭੂਤੇ॥ (ਪਾਤਸ਼ਾਹੀ ੧੦)

ਸਮਾਨ ਬੰਨ੍ਹ ਦਿਤਾ ਗਿਆ, ਰਥ ਗੱਡੀਆਂ ਅਤੇ ਘੋੜੇ ਤਿਆਰ ਹੋਕੇ ਆ ਗਏ, ਅਰਦਾਸ ਕੀਤੀ ਗਈ ਪਰ 'ਰਾਣੀ ਮਾਂ' ਨੇ ਫਿਰ ਬੇਨਤੀ ਕੀਤੀ, 'ਮੇਰੇ ਚੋਜੀ ਠਾਕਰ! ਮੈਨੂੰ ਤਸੱਲੀ ਨਹੀਂ ਹੋਈ। ਮੈਂ ਸਦਾ ਇਨ੍ਹਾਂ ਸਥੂਲ ਨੇਤ੍ਰਾ ਨਾਲ ਆਪ ਜੀ ਨੂੰ ਅੰਗ ਸੰਗ ਵੇਖਣਾ ਲੋਚਦੀ ਹਾਂ।

ਬਾਲਾ ਠਾਕਰ ਜੀ ਨੇ ਮੁਸਕਰਾ ਕੇ ਆਪਣੇ ਗਾਤਰੇ ਦੀ ਤਲਵਾਰ, ਕਟਾਰ, ਅਤੇ ਪੁਸ਼ਾਕ ਲਾਹ ਕੇ ਫੜਾਉਦੇ ਹੋਏ ਆਖਿਆ 'ਮਾਂ'! ਇਨ੍ਹਾਂ ਚੀਜਾਂ ਦੇ ਦਰਸ਼ਨ ਮੇਰੇ ਦਰਸ਼ਨ ਹਨ। ਬਾਣੀ ਦਾ ਪਾਠ ਮੇਰੇ ਬਚਨ ਬਲਾਸ ਹਨ।

ਇਸ ਤੋਂ ਮਗਰੋਂ ਬਹੁਤ ਸਾਰੇ ਪ੍ਰੇਮੀ ਦਰਸ਼ਨ ਜਾਚਨਾ ਲਈ ਉਤਾਵਲੇ ਹੋਣ ਲਗੇ ਭਿੰਨ-ਭਿੰਨ ਹੁਕਮ ਹੋਇਆ। ਨਵਾਬ ਰਹੀਮ ਬਖਸ਼ ਨੂੰ ਹੁਕਮ ਹੋਇਆ 'ਜਪੁ ਜੀ ਸਾਹਿਬ' ਤੋਂ ਉਪਰੰਤ ਅਰਦਾਸ ਵੇਲੇ ਦਰਸ਼ਨ ਹੋਣਗੇ। ਪੰਡਿਤ ਸ਼ਿਵ ਦੱਤ ਜੀ ਨੂੰ ਹੁਕਮ ਹੋਇਆ ਗੰਗਾ ਇਸ਼ਨਾਨ ਤੋਂ ਮਗਰੋਂ ਸੁਖਮਨੀ ਸਾਹਿਬ ਦਾ ਆਰੰਭ ਕਰਨ ਸਮੇਂ ਦਰਸ਼ਨਾਂ ਦਾ ਝਲਕਾਰਾ ਵਜੇਗਾ। ਜਗਤਾ ਸੇਠ, ਮਾਧੋ ਸੇਠ ਤੇ ਸੈਂਕੜੇ ਸ਼ਰਧਾਲੂਆਂ ਨੂੰ ਮੁਕਤੀ ਪ੍ਰਦਾਨ ਕੀਤੀ।

ਕਰੀਮ ਬਖਸ਼ ਨੇ ਬੇਨਤੀ ਕੀਤੀ, "ਦਾਤਾ ਜੀ! ਕਿਰਪਾ ਕਰਕੇ ਅਕੱਲੇ-ਅਕੱਲੇ ਨਾਲੋਂ ਸਾਰੀ ਸੰਗਤ ਨੂੰ ਦਰਸ਼ਨ ਦੇਣ ਦਾ ਇਕਰਾਰ ਕਰਕੇ ਨਿਹਾਲ ਕਰੋ।" ਸਤਿਗੁਰੂ ਜੀ ਮੁਸਕਰਾ ਕੇ ਬੋਲੇ "ਧੰਨ ਸਿੱਖੀ, ਧੰਨ ਸਿੱਖੀ' ਹੱਛ ਆਸਾ ਜੀ ਦੀ ਵਾਰ ਤੋਂ ਮਗਰੋਂ, ਮੰਦਰ ਵਿਚ ਸਮੂਹ ਸੰਗਤ ਨੂੰ ਪੰਘੂੜਾ ਝੂਟਦੇ ਦਿਸਾਂਗੇ।"

ਜਗਤਾ ਸੇਠ ਨੇ ਬੇਨਤੀ ਕੀਤੀ, "ਪਾਤਸ਼ਾਹ! ਭਾਰਤ ਦੇ ਹਰਿ ਸ਼ਹਿਰ ਵਿਚ ਮੇਰੀਆਂ ਦੁਕਾਨਾਂ ਹਨ, ਮੈਂ ਸਭ ਨੂੰ ਚਿੱਠੀ ਕਰ ਦੇਵਾਂ ਤਾਂ ਕਿ ਮੇਰੇ ਨੌਕਰ ਆਪ ਜੀ ਦੀ ਪਵਿੱਤਰ ਸੇਵਾ ਵਿਚ ਹਾਜ਼ਰ ਹੋ ਸਕਣ, ਤਾਂ ਕਿ ਰਸਤੇ ਵਿਚ ਆਪ ਜੀ ਨੂੰ ਕੋਈ ਤਕਲੀਫ ਨ ਹੋਵੇ।" ਬਾਲਾ ਠਾਕਰ ਜੀ ਨੇ ਆਖਿਆ, "ਅਸਾਡੇ ਕੋਲ 'ਨਿਰੰਕਾਰੀ ਪਤ੍ਰ' ਹਨ ਜਿਨ੍ਹਾਂ ਨੂੰ ਵੇਖਕੇ ਵਿਸ਼ਵ ਭਰ ਦੀਆਂ ਸੰਗਤਾਂ ਸੇਵਾ ਵਿਚ ਤਤਪਰ ਰਹਿੰਦੀਆਂ ਹਨ।"

ਇਸ ਤਰ੍ਹਾਂ ਸਮੂਹ ਸੰਗਤ ਨੂੰ ਨਾਮ ਦਾਨ, ਸਿੱਖੀ, ਸਿਦਕ, ਭਰੋਸਾ, ਆਤਮਿਕ ਗਿਆਨ, ਬਖਸ਼ਕੇ ਪੰਜਾਬ ਨੂੰ ਤੁਰ ਪਏ, ਸੰਗਤ ਗਿੱਲੀਂ ਅੱਖੀਂ 'ਦਾਨਾ ਪੁਰ' ਤੱਕ ਨਾਲ ਆਈ। ਇਥੋਂ ਆਪ ਜੀ ਨੇ ਸਭ ਨੂੰ ਪ੍ਰੇਮ ਸਤਿਕਾਰ ਨਾਲ ਵਾਪਸ ਵਿਦਾ ਕੀਤਾ।

ਰਾਜਾ ਫਤਹ ਚੰਦ ਜੀ ਦੇ ਮਹਿਲ ਦੇ ਇਕ ਵੱਡੇ ਹਾਲ ਕਮਰੇ ਵਿਚ ਤਖਤ ਅਤੇ ਪੋਥੀ ਸਾਹਿਬ ਪ੍ਰਕਾਸ਼ ਹਨ। ਅਗੇ ਪੁਸ਼ਾਕ, ਕਟਾਰ ਅਤੇ ਤਲਵਾਰ ਪ੍ਰੇਮ ਨਾਲ ਰੱਖੀਆਂ ਹੋਈਆਂ ਹਨ। ਬੇਅੰਤ ਸੰਗਤ ਜੁੜੀ ਹੋਈ ਹੈ, ਇਹ ਉਹੀ ਕਮਰਾ ਹੈ ਜਿਸ ਵਿਚ ਬਾਲਾ ਠਾਕਰ ਜੀ ਬੈਠ ਕੇ 'ਰਾਣੀ ਮਾਂ' ਕੋਲੋ ਦੁੱਧ ਪੂਰੀਆਂ ਤੇ ਛੋਲੇ ਛਕਿਆ ਕਰਦੇ ਸਨ। ਰਾਜੇ ਦਾ ਮਹਿਲ ਜੋ ਅਗੇ ਪਹਿਰੇਦਾਰਾਂ ਨਾਲ ਸੁਰੱਖਯਤ ਰਹਿੰਦਾ ਸੀ, ਹੁਣ ਇਕ ਧਰਮ ਸ਼ਾਲਾ ਦਾ ਸਰੂਪ ਧਾਰਨ ਕਰ ਗਿਆ ਹਰ ਵਿਅਕਤੀ ਬਿਨਾਂ ਝਿਜਕ ਮਹਿਲ ਵਿਚ ਸਤਿਸੰਗ ਕਰਨ ਲਈ ਆ ਸਕਦਾ ਸੀ।

ਸਤਿਸੰਗ ਜਾਰੀ ਹੈ, ਪੰਡਿਤ ਸ਼ਿਵ ਦੱਤ ਜੀ ਕਥਾ ਕਰ ਰਹੇ ਹਨ:

ਸਤਿਗੁਰ ਮੂਰਤਿ ਕਉ ਬਲਿ ਜਾਉ॥
ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲ ਦਰਸਨੁ ਕਦਿ ਪਾਂਉ॥੧॥ ਰਹਾਉ॥
ਅਨਾਥਾ ਕੋ ਨਾਥੁ ਸਰਬ ਪ੍ਰਤਿਪਾਲਕੁ ਭਗਤਿ ਵਛਲੁ ਹਰਿ ਨਾਉ॥
ਜਾ ਕਉ ਕੋਇ ਨ ਰਾਖੈ ਪ੍ਰਾਣੀ ਤਿਸੁ ਤੂ ਦੇਹਿ ਅਸਰਾਉ॥੧॥

ਨਿਧਰਿਆ ਧਰ ਨਿਗਤਿਆ ਗਤਿ ਨਿਥਾਵਿਆ ਤੂ ਥਾਉ॥
ਦਹ ਦਿਸ ਜਾਂਉ ਤਹਾਂ ਤੂ ਸੰਗੇ ਤੇਰੀ ਕੀਰਤਿ ਕਰਮ ਕਮਾਉ॥੨॥
ਏਕਸੁ ਤੇ ਲਾਖ ਲਾਖ ਤੇ ਏਕਾ ਤੇਰੀ ਗਤਿ ਮਿਤਿ ਕਹਿ ਨ ਸਕਾਉ॥
ਤੂ ਬੇਅੰਤੁ ਤੇਰੀ ਮਿਤਿ ਨਹੀ ਪਾਈਐ ਸਭੁ ਤੇਰੋ ਖੇਲੁ ਦਿਖਾਉ॥੩॥
ਸਾਧਨ ਕਾ ਸੰਗੁ ਸਾਧ ਸਿਉ ਗੋਸਟਿ, ਹਰਿ ਸਾਧਨ ਸਿਉ ਲਿਵ ਲਾਉ॥
ਜਨ ਨਾਨਕ ਪਾਇਆ ਹੈ ਗੁਰਮਤਿ ਹਰਿ ਦੇਹੁ ਦਰਸੁ ਮਨਿ ਚਾਉ॥ ੪॥ (ਪੰਨਾ ੧੨੦੨)

ਪਿਆਰੀ ਗੁਰ ਸੰਗਤ ਜੀ! ਅਜੇਹਾ ਕੌਣ ਹੈ? ਕੇਵਲ ਮੇਰਾ ਬਾਲਾ ਠਾਕਰ ਹੈ। ਉਹ ਮਹਾਨ ਦੈਵੀ ਸ਼ਕਤੀ ਹੈ। ਮਾਨਵ ਜਾਤੀ ਦਾ ਹਤੈਸ਼ੀ, ਦੇਸ ਦਾ ਸੁਭ ਚਿੰਤਕ, ਮਜ਼ਹਬ ਦੀ ਜਿਲ੍ਹਣ ਤੋਂ ਉਚਾ ਹੈ ਤਾਂ ਕੇਵਲ ਮੇਰਾ ਬਾਲਾ ਠਾਕਰ ਹੈ। ਗੁਰ ਸੰਗਤਿ ਜੀ! ਆਪ ਜੀ ਨੇ ਨਵਾਂ ਕ੍ਰਿਸ਼ਮਾ ਸੁਣਿਆ ਹੈ ਬਾਲਾ ਠਾਕਰ ਜੀ ਦਾ ਸਾਡੇ ਸ਼ਹਿਰ ਵਿਚੋਂ ਪੰਜਾਬ ਜਾਕੇ ਜੋ ਆਪ ਜੀ ਨੇ ਹਿੰਦੂ ਜਾਤੀ ਨਾਲ ਪਿਆਰ ਕਰਦਿਆਂ ਅਦਭੁਤ ਕਰਣੀ ਕੀਤੀ, ਉਸ ਦੀ ਮਿਸਾਲ ਸੰਸਾਰ ਭਰ ਵਿਚ ਨਹੀਂ ਮਿਲਦੀ। ਕੀ ਉਪਕਾਰ ਕੀਤਾ? ਕੀ ਕਰਣੀ ਕੀਤੀ? ਇਹ ਆਪ ਜੀ ਨੂੰ ਸੰਖੇਪ ਤੌਰ ਤੇ ਵਰਨਨ ਕਰਦਾ ਹਾਂ।

ਇਹ ਤਾਂ ਆਪ ਜੀ ਨੂੰ ਪਤਾ ਹੀ ਹੈ ਕਿ ਵਰਤਮਾਨ ਜੁਗ ਵਿਚ ਇਸਲਾਮ ਦਾ ਪ੍ਰਚਾਰ ਰਾਜਨੀਤਕ ਅਤੇ ਧਾਰਮਿਕ ਹਰ ਤਰ੍ਹਾਂ ਨਾਲ ਦਿਨੋ ਦਿਨ ਪ੍ਰਫੁਲਤ ਹੋ ਰਿਹਾ ਹੈ। ਵਰਤਮਾਨ ਯਵਨ ਰਾਜ ਵਲੋਂ ਕਸ਼ਮੀਰੀ ਬ੍ਰਾਹਮਣਾਂ ਨੂੰ ਅਤੇ ਜਨ ਸਧਾਰਨ ਹਿੰਦੂਆਂ ਨੂੰ ਵਿਸ਼ੇਸ਼ ਹਦਾਇਤ ਕੀਤੀ ਗਈ ਕਿ ਉਹ ਇਸਲਾਮ ਨੂੰ ਧਾਰਨ ਕਰ ਲੈਣ, ਵਰਨਾ ਤਲਵਾਰ ਦੇ ਘਾਟ ਉਤਾਰੇ ਜਾਣਗੇ। ਸਾਰੇ ਹਿੰਦੂ ਬ੍ਰਾਹਮਣਾਂ ਦੀ ਅਗਵਾਈ ਵਿਚ ਸ੍ਰੀ ਅਨੰਦਪੁਰ ਸਾਹਿਬ ਸਤਿਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਸ਼ਰਨ ਵਿਚ ਪੁੱਜੇ। ਹਿੰਦੂ ਧਰਮ ਦੇ ਬਚਾਅ ਵਾਸਤੇ ਕੋਈ ਯਤਨ ਕਰਨ ਲਈ ਬੇਨਤੀ ਕੀਤੀ ਗਈ।

ਸਤਿਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਫ਼ਰਮਾਇਆ ਕਿ "ਜੇਕਰ ਕਿਸੇ ਮਹਾਂਪੁਰਸ਼ ਦੇ ਸਿਰ ਦੀ ਬਲੀ ਦਿਤੀ ਜਾਵੇ, ਤਾਂ ਹਿੰਦੂ ਜਾਤੀ ਇਸ ਭਿਆਨਕ ਸੰਕਟ ਤੋਂ ਮੁਕਤਿ ਹੋ ਸਕਦੀ ਹੈ।" ਸਮੂਹ ਸੰਗਤ ਚਿੰਤਾ ਵਿਚ ਮਗਨਸ਼ੀਲ ਸੀ, ਇਨੇ ਨੂੰ ਬਾਲਾ ਠਾਕਰ ਜੀ (ਜਿਨ੍ਹਾਂ ਦੀ ਉਮਰ ੯/੧੦ ਸਾਲ ਦੀ ਹੋ ਗਈ ਸੀ) ਨੇ ਪਿਤਾ ਸਤਿਗੁਰੂ ਜੀ ਨੂੰ ਸੰਬੋਧਨ ਕਰਕੇ ਬੇਨਤੀ ਕੀਤੀ ਕਿ "ਆਪ ਜੀ ਨਾਲੋ ਵੱਡਾ ਮਹਾਂਪੁਰਸ਼ ਕੌਣ ਹੋ ਸਕਦਾ ਹੈ?" ਬਾਲਾ ਠਾਕਰ ਜੀ ਦੀ ਅਜੇਹੀ ਅਲੌਕਕ ਦ੍ਰਿੜ੍ਹਤਾ ਵੇਖਕੇ ਸਤਿਗੁਰੂ ਤੇਗ ਬਹਾਦਰ ਜੀ ਪੰਜ ਸਿੱਖਾਂ ਨੂੰ ਨਾਲ ਲੈਕੇ ਦਿੱਲੀ ਨੂੰ ਚਲੇ ਗਏ ਅਤੇ ਸ਼ਾਹਿਨਸ਼ਾਹ ਔਰੰਗਜੇਬ ਨੂੰ ਜਾ ਵੰਗਾਰਿਆ ਕਿ "ਜੇਕਰ ਮੈਨੂੰ ਇਸਲਾਮ ਵਿਚ ਸ਼ਾਮਲ ਕਰ ਲਵੇਂ ਤਾਂ ਭਾਰਤੀ ਬ੍ਰਾਹਮਣ ਤੇ ਹਿੰਦੂ ਆਪਣੇ ਆਪ ਮੁਸਲਮਾਨ ਬਣ ਜਾਣਗੇ।" ਇਹ ਸੁਣ ਕੇ ਬਾਦਸ਼ਾਹ ਵਲੋ ਗੁਰੂ ਜੀ ਨੂੰ ਮੁਸਲਮਾਨ ਬਣਾਣ ਦੇ ਯਤਨ ਆਰੰਭ ਹੋਇ। ਪਿਆਰ ਨਾਲ ਪੁਛ-ਗਿਛ ਹੋਈ, ਰੋਹਬ ਤੇ ਧਮਕੀਆਂ ਦਿਤੀਆਂ ਗਈਆਂ। ਸਤਿਗੁਰਾਂ ਦੇ ਸਮੁਖ ਭਾਈ ਦਿਆਲਾ ਜੀ ਨੂੰ ਮਚ ਰਹੇ ਤੱਤੇ ਪਾਣੀ ਦੀ ਦੇਗ ਵਿਚ ਬੈਠਾ ਕੇ ਸ਼ਹੀਦ ਕਰ ਦਿਤਾ ਗਿਆ। ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ

ਦਿਤਾ ਗਿਆ। ਇਹ ਸਭ ਕੁੱਝ ਸਤਿਗੁਰਾਂ ਦੇ ਨੇਤ੍ਰਾਂ ਅਗੇ ਇਸ ਵਾਸਤੇ ਕੀਤਾ ਗਿਆ, ਕਿ ਹਜ਼ੂਰ ਡਰਕੇ ਇਸਲਾਮ ਨੂੰ ਧਾਰਨ ਕਰ ਲੈਣ ਕਿੰਤੂ ਸਤਿਗੁਰੂ ਜਰਾ ਨਹੀਂ ਡੋਲੇ, ਘਬਰਾਇ ਨਹੀਂ, ਅਸ਼ਾਂਤ ਨਹੀਂ ਹੋਇ। ਆਪਣੇ ਇਸ ਕਥਨ ਨੂੰ **ਜੋ ਨਰੁ ਦੁਖ ਮਹਿ ਦੁਖੁ ਨਹੀ ਮਾਨੈ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥** ਦੇ ਵਾਕ ਨੂੰ ਕ੍ਰਿਆਤਮਿਕ ਰੂਪ ਦੇਕੇ ਬਿਨ੍ਹਾਂ 'ਸੀ' ਕੀਤੇ ਸੀਸ ਵਾਰ ਕੇ 'ਸ਼ਹੀਦ' ਹੋ ਗਏ ਅਤੇ 'ਸਿਰੜ' ਦਾ ਪ੍ਰੀਤਿਆਗ ਨਹੀਂ ਕੀਤਾ। ਇਹ ਆਪ ਜੀ ਨੇ ਹਿੰਦੂ ਧਰਮ ਖਾਤ੍ਰ **ਕੀਨੋ ਬਡੋ ਕਲੂ ਮਹਿ ਸਾਕਾ** ਅਤੇ 'ਸਾਧਨ ਹੇਤ' ਆਪਣੇ ਆਪ ਦੀ 'ਇਤੀ' ਕਰ ਦਿਤੀ। ਇਸ ਅਦੁੱਤੀ ਕਰਣੀ, ਅਕਥਨੀਯ, ਅਲਿਖਣੀਯ ਸ਼ਹੀਦੀ ਬਦਲੇ ਹਿੰਦੂ ਧਰਮ ਸਦਾ ਵਾਸਤੇ ਰਿਣੀ ਰਹਿਗਾ। ਇਹ ਅਜੇਹਾ ਰਿਣ ਹੈ, ਜੋ ਉਤਾਰਿਆ ਨਹੀਂ ਉਤਰ ਸਕਦਾ। ਇਸ ਮਹਾਨ ਉਪਕਾਰ ਵਿਚ ਅਸਾਡੇ ਹਿਰਦੇ ਸਿੰਘਾਸਨ ਦੇ ਸਮਰਾਟ ਬਾਲਾ ਠਾਕਰ ਜੀ ਦਾ ਮਹਾਨ ਹਿੱਸਾ ਹੈ। ਇਹ ਵਿਸ਼ਵ ਵਿਚ ਹੋਰ ਵੀ ਵਿਸ਼ੇਸ਼ ਕ੍ਰਿਸ਼ਮਾ ਹੈ ਕਿ ੯/੧੦ ਸਾਲ ਦੇ ਬਾਲਕ ਨੇ ਆਪਣੇ ਪਿਤਾ ਨੂੰ ਲੱਖਾਂ ਹੋਰ ਬੱਚਿਆਂ ਦੇ ਪਿਤਾ ਬਚਾਉਣ ਖਾਤ੍ਰ, ਬੜੇ ਮਾਣ, ਪਿਆਰ, ਤੇ ਦ੍ਰਿੜ੍ਹਤਾ ਨਾਲ ਦੇਸ ਹਿਤ ਆਹੂਤੀ ਦੇਣ ਦੀ ਪ੍ਰੇਰਨਾ ਕਰਕੇ ਹਿੰਦੂ ਜਾਤੀ ਦੀ ਅਣਖ, ਸ੍ਵੈਮਾਨ, ਸ੍ਵੈ ਸਤਿਕਾਰ ਪੈਦਾ ਕਰਨ ਦਾ ਯਤਨ ਕੀਤਾ। ਇਸ ਵਾਸਤੇ ਅਸਾਨੂੰ ਤਾਂ ਇਸ ਕਰਨੀ 'ਤੇ ਹੋਰ ਵੀ ਫ਼ਖਰ ਹੋਣਾ ਚਾਹੀਦਾ ਹੈ। ਇਸ ਅਦੁੱਤੀ ਸਾਕੇ ਵਿਚ ਅਸਾਡੇ ਬਾਲਾ ਠਾਕਰ ਜੀ ਦੀ ਪ੍ਰੇਰਨਾ ਹੀ ਕੰਮ ਕਰਦੀ ਰਹੀ ਹੈ।

ਹੁਣ ਤਾਂ ਬਾਲਾ ਠਾਕਰ ਜੀ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਾਂਉ ਨਾਲ ਵਿਸ਼ਵ ਵਿਆਖਿਆਤ ਹਨ। ਉਨ੍ਹਾਂ ਦੇ ਦਰਸ਼ਨ ਨੂੰ ਮਨ ਧੂਹ ਪਾ ਰਿਹਾ ਹੈ। ਇਥੇ ਆਕੇ ਮਨ ਕਾਬੂ ਵਿਚ ਨਹੀਂ ਰਹਿੰਦਾ, ਇਥੇ ਆਕੇ ਉਨ੍ਹਾਂ ਦਾ ਉਪਦੇਸ਼ ਫ਼ਲਸਫਾ ਕੋਈ ਕਾਟ ਨਹੀਂ ਕਰਦਾ। ਰੰਗ ਵਧੀਕ ਚੜ੍ਹਿਆ ਹੈ, ਬਾਣੀ ਦਾ ਅਭਿਆਸ ਦਿਨੋ ਦਿਨ ਵਧ ਹੀ ਰਿਹਾ ਹੈ। ਪ੍ਰੇਮ ਅਰੂਢ ਹੈ, ਮਨ ਇਕਾਗਰ ਹੈ, ਮਹਾਨਤਾ ਵਿਚ ਕੋਈ ਫ਼ਰਕ ਨਹੀਂ, ਸ਼ਾਂਤੀ ਅਤੇ ਗੰਭੀਰਤਾ ਵਿਚ ਵੀ ਵਾਧਾ ਹੋਇਆ। ਆਤਮਿਕ ਅਵਸਥਾ ਸਗਵਾਂ ਉਚੀ ਹੋ ਰਹੀ ਹੈ ਪਰ ਸਭ ਕੁਝ ਹੋਣ ਦੇ ਬਾ-ਵਜੂਦ ਵੀ ਬਾਲਾ ਠਾਕਰ ਜੀ ਦੇ ਦਰਸ਼ਨਾ ਲਈ ਵਿਰਹੋਂ ਤੇਜ਼ ਹੋ ਕੇ ਤੜਫਾ ਰਹੀ ਹੈ ਅਤੇ ਜੀਅ ਕਰਦਾ ਹੈ:

ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ॥
ਤੰਨਿ ਜੜਾਂਈ ਆਪਣੈ ਲਹਾਂ ਸੁ ਸੁਜਣੁ ਟੋਲਿ॥ (ਪੰਨਾ ੧੪੨੫)

ਦੇ ਵਾਕ ਅਨੁਸਾਰ ਬਾਲਾ ਠਾਕਰ ਜੀ ਦੀ ਯਾਦਿ ਆਉਣ ਨਾਲ ਨਿਰਾਸ਼ਾ ਹੀ ਨਿਰਾਸ਼ਾ ਹੋ ਜਾਂਦੀ ਹੈ। ਸਾਰੇ ਪਤਝੜ ਦਾ ਉਦਾਸੀਨ ਰੰਗ ਅੱਖਾਂ ਅਗੇ ਆ ਜਾਂਦਾ ਹੈ। ਕੀ ਕੀਤਾ ਜਾਵੇ ਦਰਸ਼ਨ ਹੋਇਆਂ ਨੂੰ ਵੀ ਤਾਂ ੧੩ ਸਾਲ ਗੁਜ਼ਰ ਗਏ। ਕਈ ਜੁਗ ਲੰਘ ਗਏ, ਇਹ ਸਦੀਆਂ ਦਾ ਸਮਾਂ ਸਾਡੇ ਅਗੇ ਪਹਾੜ ਦੀ ਤਰ੍ਹਾਂ ਖੜਾਉਣਤਾ ਹੈ। ਇਸ ਵਾਸਤੇ

ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥
ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥

ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ॥
ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ॥
ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ॥
ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆਂ॥ (ਪੰਨਾ ੭੦੩)

ਸ਼ਬਦ ਦੀ ਸਮਾਪਤੀ ਤੇ ਰਾਜਾ ਫਤਹ ਚੰਦ ਜੀ ਨੇ ਹੱਥ ਜੋੜਕੇ ਬੇਨਤੀ ਕੀਤੀ ਕਿ "ਗੁਰ ਸੰਗਤਿ ਜੀ! ਮੈਂ ਆਪਣੇ ਧੰਨਭਾਗ ਸਮਝਾਂਗਾ ਅਤੇ ਆਪਣੇ ਰਾਜ ਤੇ ਧਨ ਪਦਾਰਥ ਨੂੰ ਤਦ ਸਫਲ ਸਮਝਾਂਗਾ ਜੇਕਰ ਸੰਗਤ ਬਾਲਾ ਠਾਕਰ ਜੀ ਦੇ ਦਰਸ਼ਨਾ ਲਈ ਤਿਆਰ ਹੋਵੇ। ਖਰਚ ਮੈਂ ਕਰਾਂਗਾ ਸਮੂਹ ਪ੍ਰਬੰਧ ਮੇਰੇ ਵਲੋਂ ਹੋਵੇਗਾ। ਕੀ ਸੰਗਤਿ ਮੇਰੀ ਬੇਨਤੀ ਪਰਵਾਨ ਕਰੇਗੀ? ਕੀ ਮੇਰਾ ਪਦਾਰਥ ਸਫਲ ਹੋ ਸਕੇਗਾ।"

ਰਾਜਾ ਫਤਹ ਚੰਦ ਜੀ ਦੀ ਬੇਨਤੀ ਨੂੰ ਪੰਡਿਤ ਸ਼ਿਵ ਦੱਤ ਜੀ ਦੀ ਵਿਚਾਰ ਨਾਲ ਪਰਵਾਨ ਕੀਤਾ ਗਿਆ ਅਤੇ ਮਤਾ ਪਾਸ ਹੋਇਆ ਕਿ ਬਾਲਾ ਠਾਕਰ ਜੀ ਦੇ ਅਵਤਾਰ ਪੂਰਬ 'ਤੇ ਪੋਹ ਸੁਦੀ ਸਪਤਮੀ ਨੂੰ ਪੰਜਾਬ ਦੇ ਭਾਗਸ਼ਾਲੀ ਸ਼ਹਿਰ ਅਨੰਦਪੁਰ ਸਾਹਿਬ ਪਹੁੰਚਿਆ ਜਾਵੇ।

ਬਸ! ਫਿਰ ਕੀ ਸੀ ਹੁਕਮ ਨਾਲ ਸਮੂਹ ਪ੍ਰਬੰਧ ਕੀਤਾ ਗਿਆ, ਤਿਆਰੀ ਇਕ ਹਫਤੇ ਵਿਚ ਮੁਕੰਮਲ ਹੋ ਗਈ। ਤੰਬੂ, ਤਮੋਟੀਆਂ, ਸਾਇਬਾਨ, ਲੰਗਰ ਦਾ ਸਮਾਨ, ਗੱਡੇ, ਗੱਡੀਆਂ ਅਤੇ ਰਥ ਤਿਆਰ ਕੀਤੇ ਗਏ।

ਰਾਜ ਪ੍ਰੋਹਤ ਪੰਡਿਤ ਸ਼ਿਵ ਦੱਤ ਜੀ ਨੂੰ ਵਿਸ਼ੇਸ਼ ਰਥ ਤਿਅਰ ਕੀਤਾ ਗਿਆ। ਨਵਾਬ ਰਹੀਮ ਬਖਸ਼, ਕਰੀਮ ਬਖਸ਼, ਜਗਤਾ ਸੇਠ, ਮਾਧੋ ਸੇਠ, ਰਾਜਾ ਫਤਹ ਚੰਦ ਅਤੇ 'ਰਾਣੀ ਮਾਂ' ਆਦਿਕ ਸਮੂਹ ਆਪਣੇ ਰਥਾਂ 'ਤੇ ਸਵਾਰ ਹੋ ਗਏ। ਜਨ ਸਧਾਰਨ ਲੋਕ ਅਤੇ ਕਾਫੀ ਮਾਤ੍ਰਾ ਵਿਚ ਬਾਲਾ ਠਾਕਰ ਜੀ ਦੇ 'ਕੁਮਾਰ ਸੈਨਾ ਦਲ' ਦੇ ਸੈਨਕ ਗੱਡਿਆ ਉਤੇ ਬੈਠ ਗਏ। ਇਹ ਕਾਫਲਾ 'ਦਰ ਦਰਸ਼ਨ' ਨੂੰ ਪੰਜਾਬ ਦੇ ਲੰਮੇ ਸਫਰ 'ਤੇ ਚਲ ਪਿਆ। ਸਮੂਹ ਪ੍ਰੇਮੀ, ਵਿਰਹੋਂ ਦਰਦ ਵਿਚ ਕੁਠੇ ਹੋਇ, ਪ੍ਰੀਤਮ ਦੇ ਦੇਸ ਨੂੰ ਤੁਰੇ ਜਾ ਰਹੇ ਹਨ। ਪ੍ਰੇਮ ਦੀਆਂ ਖਿਚਾਂ ਵਿਚ ਪ੍ਰਗਤੀਸ਼ੀਲ ਚਲ ਰਹੇ ਹਨ। **ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ॥** ਦੀ ਤੀਬਰ ਲਗਨ ਮਨ ਵਿਚ ਦ੍ਰਿੜ੍ਹ ਹੁੰਦੀ ਜਾਂਦੀ ਹੈ। ਚੜ੍ਹਦੇ ਪੋਹ ਬਿਹਾਰ ਵਿਚੋਂ ਪੰਜਾਬ ਵਿਚ ਪਹੁੰਚ ਗਏ। ਪੰਡਿਤ ਸ਼ਿਵ ਦੱਤ ਜੀ ਸਮੇਤ ਸੰਗਤਿ ਦੇ ਪ੍ਰੇਮ ਵਿਚ ਸ਼ਬਦ ਪੜ੍ਹਦੇ ਜਾ ਰਹੇ ਹਨ **ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ॥ ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ॥**

ਸਰਬ ਸ਼ਕਤੀਮਾਨ ਅੰਤ੍ਰਜ਼ਾਮੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੀ ਅੰਤ੍ਰਜ਼ਾਮਤਾ ਦਵਾਰੇ ਬੁਝ ਲਿਆ ਕਿ ਪੁਰਾਣੇ "ਪਾਵਨ ਪਵਿਤਰ ਮਿਤ੍ਰ' ਅੱਜ ਆ ਰਹੇ ਹਨ। ਸਮੂਹ ਸੰਗਤਿ ਸਿੱਖੀ ਭਾਵ ਨੂੰ ਧਾਰਨ ਕਰਕੇ ਆਈ ਹੈ। ਰਾਜ ਕੁਲ ਪ੍ਰੋਹਤ ਪੰਡਿਤ ਸ਼ਿਵ ਦੱਤ ਜੀ ਵੇਦਾਂਚਾਰਯ ਨੂੰ ਆਪਣੀ ਵਿਦਿਆ ਦਾ ਅਭਿਮਾਨ ਨਹੀਂ। ਜਗਤਾ ਸੇਠ, ਰਾਜਾ ਫਤਹ ਚੰਦ, ਨਵਾਬ ਰਹੀਮ ਬਖਸ਼ ਨੂੰ ਆਪਣੇ ਸਰਮਾਏ ਦਾ ਮਦ ਨਹੀਂ। 'ਸੈਨਕ ਦਲ' ਦੇ ਸੈਨਕਾਂ ਨੂੰ ਮਿਤ੍ਰਤਾ ਦਾ ਮਾਣ ਨਹੀਂ। ਹੋਰ ਤਾਂ ਹੋਰ 'ਰਾਣੀ ਮਾਂ' ਨੂੰ ਇਹ ਵੀ

ਮਾਣ ਨਹੀਂ ਕਿ ਮੈਂ 'ਬਾਲਾ ਠਾਕਰ ਜੀ' ਦੀ "ਮਾਂ" ਹਾਂ। ਇਹ ਸਾਰੇ ਗੁਰੂ ਕੇ ਸਿੱਖ ਹਨ ਅਤੇ ਸਾਰੇ ਸਿੱਖ ਗਤੀ ਨੂੰ ਪ੍ਰਾਪਤ ਹੋਏ ਹਨ। ਗੁਰਮਤਿ ਦੇ ਜਗਿਆਸੂ ਹਨ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਭਗਤ ਅਤੇ ਬਾਲਾ ਠਾਕਰ ਜੀ ਦੇ ਸ਼ਰਧਾਲੂ ਹਨ। ਗੁਰਬਾਣੀ ਦੇ ਰਸੀਏ ਹਨ, ਨਾਮ ਦੇ ਪੰਧਾਊ ਹਨ। ਇਸ ਲਈ ਇਨ੍ਹਾਂ ਅਨੋਖੇ ਯਾਤ੍ਰੀਆਂ ਦੇ ਸ੍ਵਾਗਤ ਵਾਸਤੇ ਸਾਹਿਬ ਦਸਮ ਪਾਤਸ਼ਾਹ ਜੀ ਅਗੇ ਕੀਰਤਪੁਰ ਜਾ ਮਿਲੇ।

ਯਾਤ੍ਰੀ ਤਾਂ ਤੁਰੇ ਜਾ ਰਹੇ ਹਨ ਆਪਣੀ ਸੇਧ ਤੇ, ਨਸ਼ਾਨੇ ਤੇ, ਬਾਲਾ ਠਾਕਰ ਜੀ ਦੇ ਧਿਆਨ ਵਿਚ ਕਿੰਤੂ ਜਾਣੀ ਜਾਣ ਸਤਿਗੁਰੂ ਜੀ ਨੇ ਇਕ ਰਥ ਦਾ ਬੁਛਾੜ ਚੁੱਕ ਕੇ ਆਖਿਆ, "ਬਾਬਾ ਸ਼ਿਵ ਦੱਤ ਜੀ! ਨਮਸਕਾਰ!! ਬਸ! ਫਿਰ ਕੀ ਸੀ ਪੰਡਿਤ ਜੀ ਦੀਆਂ ਪਾਰਖੂ ਅੱਖਾਂ ਨੇ ਪਛਾਣ ਲਿਆ ਕਿ ਮੇਰੇ ਬਾਲਾ ਠਾਕਰ ਤੋਂ ਬਿਨ੍ਹਾਂ ਹੋਰ ਕੌਣ ਹੋ ਸਕਦਾ ਹੈ? ਪੰਡਿਤ ਜੀ ਦੇ ਨੇਤ੍ਰ ਸੇਜਲ ਹੋ ਗਏ। ਸਤਿਗੁਰੂ ਜੀ ਨੇ ਹਿੱਕ ਨਾਲ ਲਾਕੇ ਜਰਜਰੇ ਹੱਡੀਆਂ ਦੇ ਪਿੰਜਰ ਬੁੱਢੇ ਸ਼ਿਵ ਦੱਤ ਦਾ ਥਕੇਵਾਂ ਲਾਹ ਦਿਤਾ ਅਤੇ 'ਨਦਰੀ ਨਦਰਿ ਨਿਹਾਲ' ਕਰ ਦਿਤਾ।

'ਰਾਣੀ ਮਾਂ' ਨੂੰ ਪਤਾ ਲੱਗ ਗਿਆ, ਕਨਸੋਅ ਕੰਨੀ ਪੈ ਗਈ ਕਿ ਬਾਲਾ ਠਾਕਰ ਜੀ ਤਾਂ ਸ੍ਵਾਗਤ ਵਾਸਤੇ ਅਗੇ ਪਹੁੰਚ ਵੀ ਚੁੱਕੇ ਹਨ। ਰਥ ਤੋਂ ਉਤਰ ਕੇ ਟੋਹਣੀ ਦੇ ਸਹਾਰੇ ਭਜੀ-ਭਜੀ ਆ ਰਹੀ ਹੈ। ਸਤਿਗੁਰੂ ਜੀ ਨੇ ਪੰਡਿਤ ਜੀ ਨੂੰ ਸਾਵਧਾਨ ਕਰਕੇ "ਰਾਣੀ ਮਾਂ" ਨੂੰ ਜਾ ਮੱਥਾ ਟੇਕਿਆ ਅਤੇ ਬੋਲੇ "ਮਾਂ" ਨਮਸਕਾਰ! ਬਸ! ਫਿਰ ਕੀ ਸੀ ਜਗਤਾ ਸੇਠ, ਨਵਾਬ ਰਹੀਮ ਬਖਸ਼ ਤੇ ਸਾਰੇ ਯਾਤ੍ਰੀ ਇਕੱਠੇ ਹੋ ਗਏ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥ (ਪੰਨਾ ੨੦੪)
ਮਾਈ ਰੀ ਪੇਖਿ ਰਹੀ ਬਿਸਮਾਦ॥
ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ॥ (ਪੰਨਾ ੧੨੨੬)

ਇਸ ਅਸ਼ਚਰਜ ਵਿਸਮਾਦ ਵਿਚ ਇਨੀ ਸੁਧ-ਬੁਧ ਭੁੱਲ ਗਈ ਤੇ ਸਾਰੇ ਕੇਵਲ ਪ੍ਰੇਮ ਦਾ ਹੀ ਸਕਾਰ ਰੂਪ ਹੋ ਗਏ ਅਤੇ ਹਾਲਤ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਅਜੇਹੀ ਹੋ ਗਈ:

ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ;
ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ।
ਸੁਰਤਿ ਮੈ ਨ ਸੁਰਤਿ ਅਉ ਧਿਆਨ ਮੈ ਨ ਧਿਆਨੁ ਰਹਿਓ;
ਗਿਆਨ ਮੈ ਨ ਗਿਆਨ ਰਹਿਓ ਗਤਿ ਮੈ ਨ ਗਤਿ ਹੈ।
ਧੀਰਜੁ ਕੋ ਧੀਰਜੁ ਗਰਬ ਕੋ ਗਰਬੁ ਗਇਓ;
ਰਤਿ ਮੈ ਨ ਰਤਿ ਰਹੀ ਪਤਿ ਰਤਿ ਪਤਿ ਮੈ।
ਅਦਭੁਤ ਪਰਮਦਭੁਤ ਬਿਸਮੈ ਬਿਸਮ;
ਅਸਚਰਜੈ ਅਸਚਰਜ ਅਤਿ ਅਤਿ ਹੈ।

ਇਹ ਨਜ਼ਾਰਾ ਬੱਝ ਗਿਆ ਕਿ ਉਸ ਸਮੇਂ ਸਾਰੀ ਸੰਗਤਿ ਪ੍ਰੇਮ ਵਿਚ ਦ੍ਰਵੀ ਪਈ ਸੀ। ਸਾਰੇ ਇਸ ਵਿਸਮਾਦ ਵਿਚ ਲਿਵਲੀਨ ਹੋਏ ਪਏ ਸਨ। **ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ** ਵਾਲੀ ਗੱਲ ਹੋ ਗਈ। ਹੁਣ ਸਾਰੇ ਹੋਸ਼ ਵਿਚ ਆਏ ਤਾਂ ਅੰਤ੍ਰਆਤਮੇ ਮਨ ਵਿਰਤੀ ਦਵਾਰੇ ਸਤਿਗੁਰੂ ਜੀ ਤੋਂ ਭੁੱਲਾ ਬਖਸ਼ਾ ਰਹੇ ਹਨ ਕਿ ਕਿਤੇ ਅਵੱਗਿਆ ਕਰ ਬੈਠੇ ਹੋਈਏ।

ਅੰਤਰਜਾਮੀ ਸਤਿਗੁਰੂ ਜੀ ਨੇ ਸਭ ਦੀ ਵਿਰਤੀ ਆਪਣੀ ਵਲੋਂ ਹੋਰ ਪਾਸੇ ਲਾਉਣ ਲਈ ਮੁਸਕਰਾ ਕੇ ਆਖਿਆ, "ਅੱਜ ਮੈਂ ਕਿੰਨਾ ਭਾਗਸ਼ਾਲੀ ਹਾਂ **ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਇ ਹੈ** ਰਾਣੀ ਮਾਂ ਨੂੰ ਆਪਦੇ ਮੋਢੇ ਦਾ ਸਹਾਰਾ ਦੇ ਕੇ, ਸਰਬਤ ਸੰਗਤ ਨੂੰ ਨਾਲ ਲੈ ਕੇ ਆਪ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਮਹਾਰਾਜ ਦੇ ਗੁਰਦਵਾਰੇ ਅਤੇ ਬਾਕੀ ਤੀਰਥਾਂ ਦੇ ਦਰਸ਼ਨ ਕਰਵਾਏ। ਆਪਣੇ 'ਦੁਸ਼ਟ ਦਮਨ' ਪੁੱਤਰ ਦੇ ਮੋਢੇ ਦੇ ਲੱਗਕੇ ਤੁਰਦੀ ਹੋਈ 'ਮਾਂ' ਕ੍ਰਿਤਯ-ਕ੍ਰਿਤਯ ਹੋ ਰਹੀ ਸੀ ਅਤੇ ਭਾਗਾਂ ਨੂੰ ਮਨ ਹੀ ਮਨ ਵਿਚ ਸਲਾਹੁੰਦੀ ਹੋਈ ਬੋਲੀ 'ਮੇਰੇ ਪਿਆਰੇ ਠਾਕਰ ਮੈਨੂੰ ਅਗਲੇ ਲੋਕ ਵਿਚ ਵੀ ਇਸੇ ਤਰ੍ਹਾਂ ਆਪਣੇ ਮੋਢੇ ਦਾ ਸਹਾਰਾ ਦੇਣਾ।' 'ਮਾਂ' ਦੇ ਹੱਥ ਸੁਭਾਵਿਕ ਹੀ ਜੁੜ ਗਏ।

'ਤੁਹਾਨੂੰ ਆਸਰਾ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇਣਗੇ **ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥ ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥** ਆਪ ਤੇ ਸਮੂਹ ਸੰਗਤਿ 'ਮਾਂ' ਜੀ ਜੀਵਨ ਮੁਕਤਿ ਹੋਂ, ਤੁਸੀਂ ਅਨਨਯ ਸਿੱਖੀ ਨੂੰ ਧਾਰਨ ਕੀਤਾ ਹੋਇਆ ਹੈ। **ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥** ਆਪ ਜੀ ਨੇ ਫ਼ਰਮਾਇਆ।

ਕੁਝ ਕਦਮ ਅਗੇ ਚਲਕੇ ਫਿਰ ਬੋਲੇ 'ਮਾਂ! ਇਹ ਸਮੂਹ ਤੀਰਥ ਵੱਡੇ ਗੁਰੂ ਸਾਹਿਬਾਨ ਦੇ ਹਨ। ਸਤਿਗੁਰੂ ਜੀ ਨੇ ਇਸ਼ਾਰਾ ਕਰਕੇ ਸਮਝਾਇਆ। 'ਮਾਂ' ਮੁੜ-ਮੁੜ ਨਮਸ਼ਕਾਰ ਕਰ ਰਹੀ ਸੀ।

"ਸਚੇ ਪਾਤਸ਼ਾਹ! ਅਸੀਂ ਕਿੰਨੇ ਭਾਗਸ਼ਾਲੀ ਹਾਂ ਕਿੰਨੇ ਉਤਮ ਜੀਵ ਹਾਂ ਅਜੇਹੀ ਪਵਿੱਤਰ ਯਾਤ੍ਰਾ ਕਰਕੇ ਆਪ ਜੀ ਦੇ ਅਤੇ ਵੱਡੇ ਸਤਿਗੁਰੂਆਂ ਦੇ ਅਸਥਾਨਾਂ ਦਾ ਦਰਸ਼ਨ ਕਰ ਰਹੇ ਹਾਂ।" ਰਾਜਾ ਫਤਹ ਚੰਦ ਜੀ ਨੇ ਹੱਥ ਜੋੜਕੇ ਆਖਿਆ।

'ਸਚੇ ਪਾਤਸ਼ਾਹ ਨਹੀਂ, ਸਤਿਗੁਰੂ ਵੀ ਨਹੀਂ, ਤੁਹਾਡਾ ਤਾਂ ਮੈਂ ਉਹੋ 'ਬਾਲਾ ਠਾਕਰ' ਹਾਂ, 'ਬਾਲ ਨਾਇਕ ਹਾਂ' ਸਤਿਗੁਰੂ ਜੀ ਨੇ ਮੁਸਕਰਾ ਕੇ ਆਖਿਆ। 'ਪੰਡਿਤ ਜੀ, ਰਾਜਾ ਜੀ, ਸੇਠ ਜੀ, ਨਵਾਬ ਜੀ, 'ਮਾਂ' ਜੀ ਅਤੇ ਪਟਨਾ ਨਿਵਾਸੀ ਸਮੂਹ ਦੇ ਮੂੰਹੋਂ ਮੈਨੂੰ "ਬਾਲਾ ਠਾਕਰ" ਅਖਵਾਉਣਾ ਹੀ ਹੱਛਾ ਲੱਗਦਾ ਹੈ।

ਇਸ ਤਰ੍ਹਾਂ ਖੁਸ਼ੀ ਭਰੇ ਬਚਨ ਬਲਾਸ ਕਰਦੇ ਹੋਏ ਦੂਸਰੇ ਦਿਨ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ। ਪਹਿਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਗੁਰਦਵਾਰੇ ਅਰਦਾਸ ਕਰਕੇ ਦੇਗ ਵਰਤਾ ਕੇ ਦੀਵਾਨ ਵਿਚ ਆਇ। ਸਪਤਮੀ ਦਾ ਗੁਰ ਪੁਰਬ ਖੁਸ਼ੀਆਂ ਵਿਚ ਬੀਤਿਆ। ਸੰਗਤਿ ਵਿਸਾਖੀ ਤੱਕ ਠਹਿਰੀ। ਸਤਿਗੁਰੂ ਜੀ ਦੇ ਸੈਂਕੜੇ ਚੋਜ ਵੇਖਕੇ ਖੁਸ਼ੀਆਂ ਹਾਸਲ ਕੀਤੀਆਂ। ਸਿੱਖਾਂ ਦੇ ਕਰਤੱਵ, ਕਵੀ ਦਰਬਾਰ, ਸੰਗੀਤ

ਦਰਬਾਰ, ਢਾਡੀਆਂ ਦੀਆਂ ਵਾਰਾਂ, ਕੀਰਤਨ, ਹੋਲਾ ਮਹਲਾ ਆਦਿਕ ਸਮਾਗਮਾਂ ਤੋਂ ਬਿਨਾਂ ਪ੍ਰਸਾਦੀ ਹਾਥੀ, ਰਣਜੀਤ ਨਗਾਰਾ, ਚਾਦਨੀ ਪੰਜ ਕਲ੍ਹਾਂ ਸਾਸਤ੍ਰ ਅਤੇ ਰਾਜਿਆਂ, ਨੇਤਾਵਾਂ, ਵਿਦਵਾਨਾਂ ਦੀ ਆਮਦ ਵੇਖਕੇ ਕ੍ਰਿਤਯ ਕ੍ਰਿਤਯ ਹੋਇ। ਉਹ ਸਮੂਹ ਲੀਲ੍ਹਾ ਕ੍ਰਿਆਤਮਿਕ (ਅਮਲੀ) ਰੂਪ ਧਾਰਨ ਕਰ ਗਈ ਜੋ ਖੇਡਾਂ ਬਾਲਾ ਠਾਕਰ ਜੀ ਪਟਨੇ ਵਿਚ ਖੇਡਿਆ ਕਰਦੇ ਸਨ। ਇਹ ਘਟਨਾ ਸੰਮਤ ੧੭੪੬ ਬਿਕ੍ਰਮੀ ਦੀ ਹੈ।

ਪੰਜ ਮਹੀਨੇ ਦਰਸ਼ਨ ਕਰਕੇ ਪਟਨਾ ਨਿਵਾਸੀ ਸੰਗਤਿ ਨੇ ਵਿਦਾਅ ਹੋਣ ਦੀ ਤਿਆਰੀ ਕੀਤੀ ਤਾਂ ਰਾਜਾ ਫਤਹ ਚੰਦ ਜੀ ਨੂੰ ਜਾਣ ਸਮੇਂ ਆਪਣੇ ਪਵਿੱਤਰ ਕਰ ਕੰਵਲਾ ਨਾਲ ਹਸਤਖਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੀੜ ਬਖਸ਼ੀ ਅਤੇ ਬਿਹਾਰ ਦਾ ਜਥੇਦਾਰ ਥਾਪਿਆ।

ਕਿੰਤੂ ਪੰਡਿਤ ਸ਼ਿਵ ਦੱਤ ਜੀ ਨੇ ਜਾਣ ਤੋਂ ਸਾਫ ਇਨਕਾਰ ਕਰ ਦਿਤਾ। ਹੱਥ ਜੋੜ ਕੇ ਬੋਲਿਆ, "ਸਚੇ ਪਾਤਸ਼ਾਹ! ਹੁਣ ਮੇਰਾ ਸਰੀਰ ਜ਼ਰਜ਼ਰਾ ਹੋਇਆ-ਹੋਇਆ ਹੱਡੀਆਂ ਦਾ ਪਿੰਜਰ ਹੈ। ਪਟਨੇ ਦੀ ਵਜਾਇ ਮੈਂ ਹਜੂਰੀ ਵਿਚ ਆਪਣੇ ਸਰੀਰ ਦਾ ਪ੍ਰੀਤਿਆਗ ਕਰਨਾ ਚਾਹੁੰਦਾ ਹਾਂ। ਮੈਨੂੰ ਆਪ ਜੀ ਦੇ ਚਰਨਾਂ ਵਿਚ ਹੀ ਰਹਿਣ ਨਾਲ ਆਤਮਿਕ ਅਨੰਦ ਹੈ। ਜੀਵਨ ਆਪ ਜੀ ਦੀ ਹਜ਼ੂਰੀ ਵਿਚ ਬਤੀਤ ਕਰਨ ਦੀ ਇੱਛਾ ਹੈ ਅਤੇ ਵੈਰਾਗ ਵਿਚ ਬੋਲਿਆ:

ਰਤੇ ਸੇਈ ਜਿ ਮੁਖੁ ਨ ਮੋੜੰਨਿ ਜਿਨੀ ਸਿਞਾਤਾ ਸਾਈ॥
ਝੜਿ ਝੜਿ ਪਵਦੇ ਕਚੇ ਬਿਰਹੀ ਜਿਨਾ ਕਾਰਿ ਨਾ ਆਈ॥
ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ॥
ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ॥ (ਪੰਨਾ ੧੪੨੪)

ਇਸ ਤਰ੍ਹਾਂ ਸਾਰਾ ਸਮਾਂ ਸਤਿਗੁਰਾਂ ਦੀ ਹਜੂਰੀ ਵਿਚ ਰਹਿ ਕੇ ਅਤਿਅੰਤ ਬਿਰਧ ਹੁੰਦਾ ਹੋਇਆ ਵੀ ਸੰਗਤਿ ਦੀ ਸੇਵਾ ਕਰਦਾ ਰਿਹਾ। ਰਾਜਾ ਹੋਕੇ, ਰਾਜ ਪ੍ਰੋਹਤ ਹੋ ਕੇ, ਵੇਦਾਂਚਾਰਯ ਦਰਸ਼ਨਾਚਾਰਯ ਹੋ ਕੇ ਲੰਗਰ ਵਿਚ ਸੇਵਾ ਕਰਦਾ ਰਿਹਾ, ਜਲ ਢੋਂਦਾ ਰਿਹਾ, ਪੱਖਾ ਝਲਦਾ ਰਿਹਾ; ਬੱਚਿਆਂ ਨੂੰ ਪੜ੍ਹਾਉਂਦਾ ਰਿਹਾ। ਸਮੂਹ ਲੋਕ ਲਾਜ ਵਡਪਣ ਤਿਆਗ ਕੇ, ਨਿਰਮਾਣ, ਨਿਰ ਇੱਛਤ ਸੇਵਾ ਕਰਦਾ ਰਿਹਾ। ਸਤਿਗੁਰੂ ਜੀ ਵਾਰ ਵਾਰ ਰੋਕਦੇ ਰਹੇ, 'ਬਾਬਾ ਜੀ! ਇਨੀ ਕਠਣ ਸੇਵਾ ਕਰਕੇ ਭਾਰ ਨ ਚੜਾਉ। ਬੁੰਗੇ ਵਿਚ ਜਾ ਕੇ ਆਰਾਮ ਕਰੋ, ਭਜਨ ਕਰੋ ਪਰ ਪੰਡਿਤ ਜੀ ਥੋਹੜਾ ਕਹੇ ਹਟਣ ਵਾਲੇ ਕਿਥੇ ਸਨ। ਆਪ ਦੀ ਤਾਂ ਹਾਲਤ ਅਜੇਹੀ ਹੋ ਗਈ ਸੀ:

ਪੈਰੀ ਪੈ ਪਾ ਖਾਕ ਹੋਇ ਛਡਿ ਮਣੀ ਮਨੂਰੀ।
ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ।
ਤ੍ਰਪੜ ਝਾੜਿ ਵਛਾਇੰਦਾ ਚੁਲਿ ਝੋਕਿ ਨ ਝੂਰੀ।
ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ ( ਭਾਈ ਗੁਰਦਾਸ, ੧੯/੨੭)

ਇਸ ਤਰਾਂ ਸਾਰਾ ਜੀਵਨ ਸਤਿਗੁਰਾਂ ਦੀ ਹਜ਼ੂਰੀ ਵਿਚ ਬਤੀਤ ਕਰਕੇ **ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥** ਗਿਆ।

ਪੰਡਿਤ ਸ਼ਿਵ ਦੱਤ ਜੀ ਨੇ ਇਸ ਜੀਵਨ ਵਿਚ ਗੁਰੂ ਸੰਗਤਿ ਕਰਦਿਆ ਹੋਇਆ ਅਨਨਯ ਸਿੱਖੀ ਨੂੰ ਪ੍ਰਾਪਤ ਕਰਕੇ ਗੁਰਬਾਣੀ ਦੇ ਕਥਨ ਅਨੁਸਾਰ ਜੀਵਨ ਸਫਲਤਾ ਪ੍ਰਾਪਤ ਕੀਤੀ।

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥੧॥ ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀਂ ਮੋਰਿਓ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ॥੪॥੫॥ (ਪੰਨਾ ੧੦੦੦)

ਪਟਨਾ ਨਿਵਾਸੀ ਸੰਗਤਿ ਨੂੰ ਸਤਿਗੁਰੂ ਜੀ ਰੋਪੜ ਤੱਕ ਵਿਦਾ ਕਰਨ ਗਏ। ਧਰਮ ਮਾਪਿਆਂ ਅਤੇ ਸੰਗਤਿ ਨੂੰ ਨਾਮ ਦਾਨ ਬਖਸ਼ ਕੇ ਅੰਤਮ ਉਪਦੇਸ਼ ਦਿੰਦੇ ਹੋਇ ਫ਼ਰਮਾਇਆ, 'ਗੁਰ ਬਾਣੀ ਦਾ ਦਰਸ਼ਨ ਮੇਰਾ ਦਰਸ਼ਨ ਹੈ, ਇਸੇ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਸਰੂਪ ਪਰਦਾਨ ਕੀਤਾ ਗਿਆ ਹੈ। ਪ੍ਰਕਾਸ਼ ਕਰਕੇ ਵੀਚਾਰ ਸਹਿਤ ਅਧਿਐਨ ਕਰੋ, ਗੁਰਬਾਣੀ ਦਾ ਪਾਠ ਮੇਰੇ ਬਚਨ ਬਲਾਸ ਹਨ। ਇਹ ਵਡੇ ਸਤਿਗੁਰਾਂ ਦੀ ਪਰਮ ਕ੍ਰਿਪਾਲਤਾ ਦਵਾਰੇ, **ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥** ਦੇ ਵਾਕ ਅਨੁਸਾਰ ਆਤਮਿਕ ਅਨੰਦ ਪਰਦਾਨ ਕਰਨ ਹਾਰੀ ਹੈ।

'ਰਾਣੀ ਮਾਂ' ਨੂੰ ਅੰਤਮ ਨਮਸਕਾਰ ਕਰਕੇ ਮਾਇਆ, ਅਵਿਦਿਆ (ਅਗਿਆਨ) ਮੋਹ ਤੋਂ ਮੁਕਤਿ ਕਰ ਦਿਤਾ। ਨਵਾਬ ਰਹੀਮ ਬਖਸ਼, ਜਗਤਾ ਸੇਠ, ਮਾਧੋ ਸੇਠ ਆਦਿਕ ਸਰਬੱਤ ਸੰਗਤਿ ਨੂੰ ਨਾਮ ਦਾਨ ਬਖਸ਼ ਕੇ ਨਿਹਾਲ ਕੀਤਾ। ਰਾਜਾ ਫਤਹ ਚੰਦ ਜੀ ਨੇ ਆਪਣੇ ਮਹਿਲ (ਰਹਾਇਸ ਅਸਥਾਨ ਕਿਲ੍ਹਾ ਆਦਿਕ) ਗੁਰ ਸੰਗਤਿ ਨੂੰ ਅਰਪਨ ਕਰਕੇ ਗੁਰਦਵਾਰਾ ਸਾਹਿਬ ਬਣਾ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਕਰ ਦਿਤਾ ਗਿਆ। ਸਦਾ ਵਾਸਤੇ ਲੰਗਰ ਖੋਲ੍ਹ ਦਿਤਾ ਗਿਆ। ਰਾਜਾ ਉਮਰ ਭਰ ਨਾਮ ਸਿਮਰਨ,

ਕਥਾ, ਕੀਰਤਨ, ਸੇਵਾ ਤੇ ਗੁਰਮਤਿ ਦਾ ਪ੍ਰਚਾਰ ਕਰਦਾ ਰਿਹਾ ਤੇ ਅੰਤ ਸਮੇਂ ਰਾਜੇ ਨੇ ਗੁਰਦਵਾਰੇ ਦੀ ਸੇਵਾ ਸੰਭਾਲ, ਤੇ ਪ੍ਰਬੰਧ ਇਕ ਵਿਦਵਾਨ ਨਿਰਮਲੇ ਮਹਾਤਮਾਂ ਨੂੰ ਸੌਂਪ ਦਿਤਾ। ਗੁਰਦਵਾਰਾ ਸਾਹਿਬ ਦਾ ਨਾਂਓ 'ਰਾਜਾ ਫ਼ਤਹ ਚੰਦ ਮੈਣੀ' ਦੇ ਨਾਂਉ ਤੇ ਹੀ "ਮੈਣੀ ਸੰਗਤਿ" ਪ੍ਰਸਿਧ ਹੈ। ਇਹ ਹੈ ਦਸਮੇਸ਼ ਪਿਤਾ ਜੀ ਦੇ ਧਰਮ ਮਾਪਿਆਂ ਦੀ ਕਰੁਣਾ (ਵਿਰਹੋਂ) ਭਰੀ ਪ੍ਰੇਮ ਕਥਾ। ਜਿਸ ਦਾ 'ਗੁਰਦਵਾਰਾ ਮੈਣੀ ਸੰਗਤਿ' ਪਟਨਾ ਸਾਹਿਬ ਨਾਲ ਅਤੁੱਟ ਸੰਬੰਧ ਹੈ।

ੴ ਸਤਿਗੁਰ ਪ੍ਰਸਾਦਿ॥

# ਗੁਰ ਅੰਗਦ ਦੀ ਦੋਹੀ ਫਿਰੀ

ਸਿੱਖ ਪੰਥ ਦੇ ਦੂਜੇ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ

ਖੋਜ ਭਰਿਆ ਮੁਕੰਮਲ ਜੀਵਨ ਚਰਿਤ੍ਰ

**ਲੇਖਕ**

**ਗਿਆਨੀ ਬਲਵੰਤ ਸਿੰਘ ਕੋਠਾਗੁਰੂ**

## ਸਮਰਪਣ

ਗੁਰਸਿਖੀ ਦੀ ਸਾਖਯਾਤ ਮੂਰਤਿ, ਨਾਮ ਬਾਣੀ ਦੇ ਰਸੀਏ,
ਪੰਥ ਦੇ ਨਿਰਮਾਣ ਸੇਵਕ ਬਾਬੂ ਚੰਦਾ ਸਿੰਘ ਜੀ ਸਕੱਤ੍ਰ
ਪੰਚ ਖਾਲਸਾ ਦੀਵਾਨ ਪੰਚਖੰਡ ਨੂੰ ਅਤਿ ਸਤਿਕਾਰ ਸਹਿਤ

**ੴ ਸਤਿਗੁਰ ਪ੍ਰਸਾਦਿ॥**

## ਮੁਖ-ਸ਼ਬਦ

ਸਤਿਗੁਰੂ ਅੰਗਦ ਦੇਵ ਜੀ ਮਹਾਰਾਜ ਸਿੱਖ ਪੰਥ ਦੇ ਦੂਸਰੇ ਪਾਤਸ਼ਾਹ ਸਨ। ਜਿਥੇ ਸਤਿਗੁਰੂ ਨਾਨਕ ਦੇਵ ਮਹਾਰਾਜ ਨੇ 'ਜਗਤ ਜਲੰਦੇ' ਨੂੰ ਤਾਰਣ ਵਾਸਤੇ ਸਮੂਹ ਵਿਸ਼ਵ ਵਿਚ ਘਰ-ਘਰ ਪਹੁੰਚ ਕੇ 'ਸਤਿਨਾਮ' ਦਾ ਚਕਰ ਫੇਰਿਆ ਉਥੇ ਸਤਿਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਪ੍ਰਚਾਰਨ ਤੇ ਸੰਭਾਲਣ ਦਾ ਮਹਾਨ ਉਦਮ ਕੀਤਾ। ਸਤਿਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਨੂੰ ਵਰਤਮਾਨ ਵਿਗਿਆਨਕ ਤਰਤੀਬ ਦੇ ਕੇ ਪੰਜਾਬੀਆਂ 'ਤੇ ਪੰਜਾਬੀ ਭਾਸ਼ਾ ਉਤੇ ਮਹਾਨ ਉਪਕਾਰ ਕੀਤਾ ਹੈ।

ਕਿੰਤੂ ਲੇਖਕ ਨੂੰ ਦੁਖ ਨਾਲ ਲਿਖਣਾ ਪੈਂਦਾ ਹੈ ਕਿ ਇਤਿਹਾਸ ਖੋਜੀਆਂ ਵਲੋਂ ਸਤਿਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਜੀਵਨ ਉੱਤੇ ਬਹੁਤ ਘਟ ਖੋਜ ਕੀਤੀ ਗਈ ਹੈ। ਚਾਹੀਦਾ ਤਾਂ ਇਹ ਸੀ ਕਿ ਗੁਰਮੁਖੀ ਲਿਪੀ ਦੇ ਪ੍ਰਚਾਰਕ ਬਾਰੇ ਉਚ ਪਧਰ ਤੇ ਸਾਹਿਤਕ ਖੋਜ ਕੀਤੀ ਜਾਂਦੀ ਪ੍ਰੰਤੂ ਭਾਰਤ ਵਿਚ ਅਜੇਹੀ ਆਸ ਰੱਖਣੀ ਨਿਰਾਰਥਕ ਹੈ।

ਲੇਖਕ ਨੇ ਆਪਣੇ ਪ੍ਰੇਮ ਦਾ ਪ੍ਰਗਟਾਵਾ ਕਰਨ ਵਾਸਤੇ ਇਹ ਲੇਖ ਅੰਕਿਤ ਕੀਤਾ ਹੈ। ਲਗਦੀ ਵਾਹ ਸਤਿਗੁਰੂ ਅੰਗਦ ਦੇਵ ਜੀ ਨਾਲ ਸਬੰਧਤ ਹਰ ਵਿਸ਼ੇ ਤੇ ਵੀਚਾਰ ਕੀਤੀ ਗਈ ਹੈ ਅਤੇ ਹਰ ਪਖੋਂ ਸਤਿਗੁਰੂ ਜੀ ਦੇ ਉਪਕਾਰਾਂ 'ਤੇ ਚਾਨਣਾ ਪਾਇਆ ਗਿਆ ਹੈ। ਲੇਖਕ ਅਜੇਹੇ ਵਿਦਵਾਨਾਂ ਦਾ ਰਿਣੀ ਹੋਵੇਗਾ ਜੋ ਰਹਿ ਗਈਆਂ ਤਰੁਟੀਆਂ ਤੋਂ ਜਾਣੂ ਕਰਵਾਉਣਗੇ।

ਕੋਠਾ ਗੁਰੂ — ਬਲਵੰਤ ਸਿੰਘ ਕੋਠਾ ਗੁਰੂ

੫/੧/੬੯

੧ੴ ਸਤਿਗੁਰ ਪ੍ਰਸਾਦਿ॥

## ਗੁਰ ਅੰਗਦ ਦੀ ਦੋਹੀ ਫਿਰੀ

ਸਿੱਖ ਗੁਰੂ ਸਾਹਿਬਾਨ ਨੇ ਮਹਾਨ ਉਪਕਾਰ ਕੀਤੇ। ਮਾਨੁਖ ਨੂੰ ਮਾਨੁਖਤਾ ਦੇ ਫਰਜ਼ਾਂ ਤੋਂ ਜੇਕਰ ਜਾਣੂ ਕੀਤਾ ਹੈ ਤਾਂ ਕੇਵਲ ਸਿੱਖ ਗੁਰੂ ਸਾਹਿਬਾਨ ਦੀ ਹੀ ਦੇਣ ਹੈ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਵਿਸ਼ਵ ਸੈਲਾਨੀ ਬਣ ਕੇ ਚਿੰਤਾਵਾਂ ਝੋਰਿਆਂ ਵਿਚ ਡੁੱਬੀ ਹੋਈ ਜੰਤਾ ਨੂੰ ਘਰ-ਘਰ ਪਹੁੰਚ ਕੇ ਅਕਾਲ ਪੁਰਖ ਦੇ ਲੜ ਲਾਇਆ। ਇਸ ਵਾਸਤੇ ਆਖਿਆ ਹੈ ਕਿ 'ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ।' ਖਾਸ ਕਰਕੇ ਪੰਜਾਬ ਨੂੰ ਆਪਣਾ ਕੇਂਦਰੀ ਸਥਾਨ ਨਿਯੁਕਤ ਕਰਕੇ ਪੰਜਾਬੀਆਂ 'ਤੇ ਹੋਰ ਵੀ ਉਪਕਾਰ ਕੀਤਾ। ਇਸੇ ਵਾਸਤੇ ਪੰਜਾਬ ਦਾ ਇਤਿਹਾਸ ਸਿੱਖ ਗੁਰੂ ਸਾਹਿਬਾਨ ਤੋਂ ਹੀ ਆਰੰਭ ਹੁੰਦਾ ਹੈ। ਗੁਰੂ ਸਾਹਿਬਾਨ ਤੋਂ ਪਹਿਲਾਂ ਪੰਜਾਬ ਦੀ ਤਾਰੀਖ ਹਨੇਰੇ 'ਚ ਹੱਥ ਮਾਰਨ ਦੇ ਬਰਾਬਰ ਹੈ। ਪੰਜਾਬ ਦੀ ਤਾਰੀਖ ਦੇ ਦੂਸਰੇ ਕਾਂਡ ਦੇ ਮੋਢੀ ਸਤਿਗੁਰੂ ਅੰਗਦ ਦੇਵ ਜੀ ਮਹਾਰਾਜ ਹਨ ਜਿਨ੍ਹਾਂ ਨੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਵਰੋਸਾਕੇ ਸੈਂਕੜੇ ਉਪਕਾਰ ਕੀਤੇ।

**ਅਵਤਾਰ ਅਤੇ ਪਹਿਲਾ ਜੀਵਨ:** ਸਤਿਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਅਵਤਾਰ ੧੧ ਵਿਸਾਖ ੧੫੬੧ ਬਿ. (੧੫੦੪ ਈ.) ਨੂੰ ਪਿੰਡ ਮੱਤੇ ਦੀ ਸਰਾਂਏ (ਹੁਣ ਨਾਂਗੇ ਦੀ ਸਰਾਂਏ) ਜ਼ਿਲਾ ਫਿਰੋਜ਼ਪੁਰ ਵਿਚ ਪ੍ਰਮ ਪੂਜਯ ਸ੍ਰੀ ੧੦੫ ਮਾਤਾ ਦੈਯਾ ਕੌਰ ਦੇ ਪੇਟੋਂ ਮਾਨਯੋਗ ਬਾਬਾ ਫੇਰੂ ਜੀ ਤ੍ਰਿਹਣ ਖਤ੍ਰੀ[32] ਦੇ ਘਰ ਹੋਇਆ।[33] ੧੨ ਸਾਲ ੯ ਮਹੀਨੇ ੧੭ ਦਿਨ ਗੁਰਤਾ ਗੱਦੀ ਤੇ ਵਿਰਾਜੇ ਕੇ ਕੁਲ ਆਯੂ ੪੭ ਸਾਲ ੧੧ ਮਹੀਨੇ ੨੯ ਦਿਨ ਭੋਗ ਕੇ ੩ ਵਿਸਾਖ (ਚੇਤ੍ਰ ਵਦੀ ੪) ਬਿ. ੧੬੦੯ (੨੯ ਮਾਰਚ ੧੫੫੨ ਈ.) ਨੂੰ ਜੋਤੀ ਜੋਤ ਸਮਾਏ।

ਮਾਤਾ ਪਿਤਾ ਨੇ ਨਾਂਉ 'ਲਹਿਣਾ' ਰੱਖਿਆ ੧੫ ਸਾਲ ਦੀ ਉਮਰ ਵਿਚ ਪੂਜਯ ਮਾਤਾ ਖੀਵੀ ਜੀ ਨਾਲ ਪਿੰਡ ਖੰਡੂਰ[34] ੧੬ ਮਾਘ ਸ਼ਨੀਵਾਰ ੧੫੭੬ ਨੂੰ ਸ਼ਾਦੀ ਹੋਈ। ਸੰਤ ਵਿਸਾਖਾ ਸਿੰਘ ਜੀ ਕਿਸ਼ਨਪੁਰਾ ਕਲ੍ਹਾਂ ਨੇ ਮਾਲਵਾ ਇਤਿਹਾਸ ਜਿਲਦ ਪਹਿਲੀ ਪੰਨਾ ੨੬ 'ਤੇ ਮਾਤਾ ਖੀਵੀ ਜੀ ਦਾ ਜਨਮ ਨਗਰ 'ਮਤੇ ਸਰਾਂਏ' ਹੀ ਲਿਖਿਆ ਹੈ। ਸਤਿਗੁਰੂ ਜੀ ਦੇ ਗ੍ਰਿਹਿ ਵਿਖੇ ਦੋ ਸਾਹਿਬਜ਼ਾਦੇ (੧੨ ਹਾੜ ਬੁਧਵਾਰ ੧੫੮੧ ਬਿ. ਨੂੰ ਦਾਸੂ ਜੀ, ੧੬ ਪੋਹ ਸ਼ਨੀਵਾਰ ੧੫੯੪ ਨੂੰ ਦਾਤੂ ਜੀ ਦਾ ਜਨਮ ਹੋਇਆ ਅਤੇ ਦੋ ਬੀਬੀਆਂ (੩ ਭਾਦੋਂ ਸ਼ੁਕਰਵਾਰ ੧੫੮੯

---

32 ਬਾਬਾ ਫੇਰੂ ਜੀ ਫਿਰੋਜ਼ਪੁਰ ਦੇ ਹਾਕਮ ਦੇ ਖਜ਼ਾਨਚੀ ਸਨ ਅਤੇ ਆਪ ਜੀ ਦਾ ਦਿਹਾਂਤ ੧੫੮੩ ਵਿਚ ਹੋਇਆ।

33 ਇਸ ਸਥਾਨ ਦੀ ਸੇਵਾ ਮਾਨਯੋਗ ਬਾਬਾ ਮੱਸਾ ਸਿੰਘ ਜੀ ਨੇ ਸੰਗਤਾਂ ਨੂੰ ਪ੍ਰੇਰਕੇ ਕਰਵਾਈ। ਬਿਲਡਿੰਗ ਅਤਿ ਸੁੰਦਰ ਤੇ ਵਿਗਿਆਨਕ ਬਣੀ ਹੈ।

34 ਭਾਈ ਕਾਨ੍ਹ ਸਿੰਘ ਜੀ ਨਾਭਾ 'ਸੰਘਰ' ਪਿੰਡ ਲਿਖਦੇ ਹਨ। ਜਿਸਦਾ ਥੇਹ ਖੰਡੂਰ ਦੇ ਨਜ਼ਦੀਕ ਹੈ। ਮਾਤਾ ਖੀਵੀ ਜੀ ਦਾ ਜਨਮ ਲਾਲਾ ਭਗਵਾਨ ਦਾਸ (ਮਹਾਨ ਕੋਸ਼ ਅਨੁਸਾਰ ਦੇਵੀ ਚੰਦ) ਖਤ੍ਰੀ ਦੇ ਘਰ ਮਾਤਾ ਕਰਮ ਦਈ ਦੀ ਕੁਖੋਂ ੧੧ ਮਾਘ ਵੀਰਵਾਰ ੧੫੬੩ ਨੂੰ ਹੋਇਆ ਅਤੇ ੪ ਵਿਸਾਖ ਬੁਧਵਾਰ ੧੬੩੯ ਨੂੰ ਖੰਡੂਰ ਵਿਖੇ ਜੋਤੀ ਜੋਤ ਸਮਾਇ। ਪੂਜਯ ਮਾਤਾ ਜੀ ਦਾ ਜ਼ਿਕਰ ਕਰਦਾ ਹੋਇਆ ਭਾਈ ਬਲਵੰਡ ਰਾਗ ਰਾਮਕਲੀ ਦੀ ਵਾਰ ਵਿਚ ਲਿਖਦਾ ਹੈ।

'ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ॥' (ਵਾਰ ਰਾਮਕਲੀ ਸਤਾ ਬਲਵੰਡ ਕੀ, ਪੰਨਾ ੯੬੭)

ਨੂੰ ਬੀਬੀ ਅਮਰੋ ਜੀ[35] ਦਾ ਜਨਮ ਅਤੇ ੫ ਮਘਰ ਸੋਮਵਾਰ ੧੫੯੨ ਨੂੰ ਬੀਬੀ ਅਨੋਖੀ ਜੀ) ਦਾ ਜਨਮ ਹੋਇਆ। ਪਹਿਲੀ ਉਮਰ ਵਿਚ ਆਪ ਦੇਵੀ ਦੇ ਉਪਾਸ਼ਕ ਸਨ।

ਅੱਸੂ ਬਿ. ੧੫੮੯ ਨੂੰ ਦੇਵੀ ਦੇ ਦਰਸ਼ਨ ਕਰਨ ਜਾਂਦੇ ਹੋਇ ਸ੍ਰੀ ਕਰਤਾਰਪੁਰ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦਰਸ਼ਨ ਕਰਨ ਵਾਸਤੇ ਠਹਿਰ ਗਏ। ਦੀਵਾਨ ਵਿਚ ਹਾਜ਼ਿਰ ਹੋਇ ਤਾਂ ਪਹਿਲੀ ਭੇਂਟ ਵਿਚ ਹੀ ਸਤਿਗੁਰੂ ਜੀ ਨੇ ਫਰਮਾਇਆ 'ਆ ਭਾਈ ਲਹਿਣਾ ਤੇ ਅਸੀ ਦੇਣਾ।' ਆਪ ਦਰਸ਼ਨ ਕਰਨ ਆਇ ਪਤੰਗੇ ਦੀ ਤਰ੍ਹਾਂ ਇਥੋਂ ਜੋਗੇ ਹੀ ਰਹਿ ਗਏ। ਸੰਘ ਨੂੰ ਕਹਿਣ ਲਗੇ, 'ਪ੍ਰੇਮੀਓ! ਤੁਸੀਂ ਸਮੂਹ ਚਲੇ ਜਾਉ, ਮੈਂ ਤਾਂ ਜਿਥੇ ਆਉਣਾ ਸੀ ਆ ਗਿਆ। ਮੈਂ ਸਮੂਹ ਦੇਵੀ ਦੇਵਤਿਆਂ ਦਾ ਕਰਤਾ ਪ੍ਰਾਪਤ ਕਰ ਲਿਆ ਹੈ।' ਸੰਘ ਅਗੇ ਚਲਿਆ ਗਿਆ। ਭਾਈ ਲਹਿਣਾ ਜੀ ਘਰ ਬਾਰ ਪਰਵਾਰ ਦਾ ਮੋਹ ਤਿਆਗ ਕੇ ਗੁਰ ਸੇਵਾ ਵਿਚ ਲਗ ਗਏ।

**ਪ੍ਰੀਖਿਆ**: ਭਾਈ ਲਹਿਣਾ ਜੀ ਨੇ ਸਤਿਗੁਰੂ ਨਾਨਕ ਦੇਵ ਮਹਾਰਾਜ ਦੀ ਹਜ਼ੂਰੀ ਵਿਚ ਅਜੇਹੀ ਅਣ-ਥੱਕ ਘਾਲਣਾ ਘਾਲੀ ਕਿ ਪ੍ਰੀਖਿਆ ਦੇ ਸਮੇਂ ਆਪ ਅਡੋਲ ਰਹੇ। ਵਰਨਾ ਸਮੂਹ ਸਿੱਖ ਤੇ ਦੋਨੋ ਸਾਹਿਬਜ਼ਾਦੇ (ਸ੍ਰੀ ਚੰਦ ਤੇ ਲਛਮੀ ਦਾਸ) ਗੁਰੂ ਬਾਬੇ ਦੇ ਸਾਂਗ ਅੱਗੇ ਟਿਕ ਨਹੀਂ ਸਕੇ। ਦੋਨੋ ਸਪੁੱਤਰ ਤਾਂ ਜਾਣ ਬੁੱਝ ਕੇ ਗੁਰੂ ਜੀ ਦੀ ਆਗਿਆ ਭੰਗ ਕਰਦੇ ਰਹੇ।[36] ਗੁਰੂ ਬਾਬੇ ਦੇ ਵਰਤਾਇ ਸਾਂਗ ਵਿਚੋਂ, ਕੁਝ ਨਮੂਨੇ ਵਜੋਂ ਅੰਕਤ ਕਰਦੇ ਹਾਂ:

(੧) ਅੱਧੀ ਰਾਤ ਨੂੰ ਕੱਪੜੇ ਧੋਣ ਨੂੰ ਕਹਿਣਾ ਕੇਵਲ (ਗੁਰੂ) ਅੰਗਦ ਜੀ ਨੇ ਜਾਣਾ।

(੨) ਗੰਦੇ ਪਾਣੀ ਵਿਚੋ ਕਟੋਰਾ ਕੱਢਣਾ।

(੩) ਸਰਦੀ ਵਿਚ ਨਦੀ ਕਨਾਰੇ ਬਿਨ੍ਹਾਂ ਕੱਪੜੇ ਤੋਂ ਬੈਠੇ ਰਹਿਣਾ।

(੪) ਹੁਕਮ ਮੰਨਕੇ ਧਰਮਸ਼ਾਲ ਤੱਕ ਭੱਜਣਾ, ਕਈ ਤਕਲੀਫਾਂ ਸਹਿਣੀਆਂ।

(੫) ਗੁਰੂ ਬਾਬੇ ਵਲੋਂ ਮੋਹਰਾਂ ਪੈਸਿਆਂ ਦਾ ਛਿੱਟਾਂ ਦੇਣਾ। ਸਿੱਖਾਂ, ਪੁੱਤਰਾਂ ਨੇ ਮਾਇਆ ਵਿਚ ਉਲਝ ਕੇ ਪੈਸੇ ਚੁੱਕਣ ਲੱਗ ਜਾਣਾ ਕਿੰਤੂ ਗੁਰੂ ਅੰਗਦ ਦੇਵ ਜੀ ਨੇ ਬਿਨ੍ਹਾਂ ਕਿਸੇ ਪਾਸੇ ਤੱਕੇ ਗੁਰੂ ਬਾਬੇ ਦਾ ਸਾਥ ਨ ਛੱਡਣਾ।

(੬) ਗੁਰੂ ਬਾਬੇ ਨੇ ਧਾਣਕ ਰੂਪ ਧਾਰਣ ਕਰਨਾ। ਸਿੱਖਾਂ ਪੁੱਤਰਾਂ ਨੇ ਗੁਰੂ ਬਾਬੇ ਨੂੰ ਮਸਤਾਨਾ ਸਮਝਕੇ ਸਾਥ ਛੱਡ ਜਾਣਾ, ਪਰ (ਗੁਰੂ ) ਅੰਗਦ ਜੀ ਨੇ ਹਰ ਸਮੇਂ ਨਾਲ ਰਹਿਣਾ। ਇਕ ਸਮੇਂ ਗੁਰੂ ਬਾਬੇ ਨੇ ਪੁਛਿਆ, 'ਪੁਰਖਾਂ! ਸਭ ਵਾਪਸ ਮੁੜ ਗਏ, ਤੂੰ ਕਿਉਂ ਮਗਰ ਲਗਿਆ ਹੈਂ?'

ਗੁਰੂ ਅੰਗਦ ਜੀ ਨੇ ਵੈਰਾਗ ਵਿਚ ਅੱਖੀਆਂ ਭਰਕੇ ਬੇਨਤੀ ਕੀਤੀ:

---

35 ਬੀਬੀ ਅਮਰੋ ਜੀ ਦਾ ਵਿਵਾਹ ਸਤਿਗੁਰੂ ਅਮਰਦਾਸ ਜੀ ਮਹਾਰਾਜ ਦੇ ਭਤੀਜੇ ਨਾਲ ਹੋਇਆ ਸੀ।

36 ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ॥
ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥
ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ॥ (ਵਾਰ ਰਾਮਕਲੀ ਸਤਾ ਬਲਵੰਡ ਕੀ, ਪੰਨਾ ੯੬੭)
ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ। (ਵਾਰ ਭਾਈ ਗੁਰਦਾਸ, ੧/੩੮)

**'ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥**

**ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥' (ਪੰਨਾ ੧੯੧)**

"ਪਾਤਸ਼ਾਹ! ਲੋਕ ਆਪਣਿਆਂ ਕੋਲ ਚਲੇ ਗਏ, ਮੈਂ ਤੇਰਾ ਹਾਂ ਹੋਰ ਕਿਥੇ ਜਾਵਾਂ?"

(੭) ਇਕ ਦਿਨ ਗੁਰੂ ਬਾਬੇ ਨੇ ਜੰਗਲ ਵਿਚ ਘੁੰਮਦਿਆਂ ਸਭ ਨੂੰ ਪੁਕਾਰ ਕੇ ਆਖਿਆ, 'ਆਓ! ਇਸ ਮੁਰਦੇ ਨੂੰ ਖਾਉ' ਸਭ ਤਰਕ ਨਾਲ ਬਿਨ੍ਹਾਂ ਕੁਝ ਵੇਖੇ, ਪਿਛੇ ਮੁੜ ਗਏ। (ਗੁਰੂ) ਅੰਗਦ ਜੀ ਨੇ ਆਖਿਆ, 'ਦਾਤਾ! ਦਸੋ ਕੇਹਿੜੇ ਪਾਸਿਓ ਖਾਵਾਂ?' ਗੁਰੂ ਬਾਬੇ ਨੇ (ਗੁਰੂ) ਅੰਗਦ ਨੂੰ ਜੱਫੀ ਵਿਚ ਲੈ ਲਿਆ ਤੇ ਆਖਿਆ, "ਵਾਸਤਵ ਵਿਚ ਦੇਸ (ਹਿੰਦੁਸਤਾਨ) ਮੁਰਦਾ ਹੈ। ਇਸ ਵਿਚ ਸ਼ਰਮ ਤੇ ਧਰਮ ਖਤਮ ਹੋ ਚੁੱਕੇ ਹਨ। ਚੰਦ੍ਰਮਾਂ ਦੀ ਤਰ੍ਹਾਂ ਸੀਤਲ ਪ੍ਰਕਾਸ਼ ਦੇਣ ਵਾਲਾ 'ਸਚ' ਅਲੋਪ ਹੋ ਚੁੱਕਾ ਹੈ। ਜੰਤਾ ਧਰਮ ਦਾ ਤਿਆਗ ਕਰ ਰਹੀ ਹੈ। ਸਾਰੀ ਸ੍ਰਿਸਟੀ ਇਕ ਵਰਨ ਬਣ ਚੁੱਕੀ ਹੈ। ਅਖੌਤੀ ਧਾਰਮਿਕ ਅੰਦਰ ਲੁਕ ਕੇ ਪੂਜਾ ਪਾਠ ਕਰਦੇ ਹਨ ਅਤੇ ਹਾਕਮ ਸ਼੍ਰੇਣੀ ਦੇ ਸਭਿਆਚਾਰ ਨੂੰ ਫਖਰ ਨਾਲ ਧਾਰਨ ਕਰਕੇ ਬਾਹਰ ਨਿਕਲਦੇ ਹਨ। ਜੰਤਾ ਅਗਿਆਨ (ਅੰਧ ਵਿਸ਼ਵਾਸ) ਵਿਚ ਅੰਨ੍ਹੀ ਹੈ। ਭਾਵੇਂ ਹਾਕਮ ਜ਼ਮਾਤ ਨਾਲ ਧਾਰਮਿਕ ਨਫਰਤ ਵੀ ਹੈ ਪਰ ਉਨ੍ਹਾਂ ਦਾ ਬਨਾਇਆ ਹਲਾਲ ਉਸੇ ਚੌਂਕੇ ਤੇ ਚੜ੍ਹਦਾ ਹੈ ਜਿਸਨੂੰ ਪੋਚ ਕੇ ਕਾਰਾਂ ਕੱਢੀਆਂ ਹਨ। 'ਮੀਆਂ' ਲਕਬ ਨੂੰ ਫ਼ਖਰ ਨਾਲ ਧਾਰਨ ਕਰਦੇ ਹਨ ਅਤੇ ਮਲੇਛ (ਫਾਰਸੀ) ਭਾਸ਼ਾ ਦਾ ਪ੍ਰਯੋਗ ਫ਼ਖਰ ਨਾਲ ਕੀਤਾ ਜਾਂਦਾ ਹੈ। ਹਾਕਮ ਜ਼ਮਾਤ ਤੇ ਕੌਮ ਨੂੰ ਪ੍ਰਸੰਨ ਕਰਨ ਵਾਸਤੇ ਗੈਰਤਹੀਨ ਲੋਕ ਨੀਲੇ ਕਪੜੇ ਪਹਿਨਦੇ ਹਨ। ਕਾਜੀਆਂ ਤੇ ਬ੍ਰਾਹਮਣਾਂ ਦੀ ਰੂਹ ਵਿਚ ਸ਼ੈਤਾਨ ਕੰਮ ਕਰ ਰਿਹਾ ਹੈ। ਰਾਜੇ ਕਸਾਈਆਂ ਦੀ ਤਰ੍ਹਾਂ ਕਾਤੀਆਂ ਚਲਾਉਂਦੇ ਹਨ। ਪਿੰਡਾਂ ਦੇ ਚੌਧਰੀਆਂ ਦੀ ਹਾਲਤ ਕੁੱਤਿਆਂ ਵਰਗੀ ਹੈ। ਧਰਮ ਪੰਖ ਲਾ ਕੇ ਉਡ ਚੁੱਕਾ ਹੈ। ਸਾਰੇ ਦੇਸ ਵਿਚ ਕੂੜ ਪ੍ਰਧਾਨ ਹੈ। ਦੇਸ ਦੀ ਜੰਤਾ ਗਊਆਂ ਦੇ ਵੱਗ ਸਮਾਨ ਹੈ ਜਿਸ ਉੱਤੇ ਸੈਂਕੜੇ ਸ਼ੇਰ (ਸਯਦ, ਲੋਧੀ, ਪਠਾਨ ਅਤੇ ਮੁਗਲ ਆਦਿਕ) ਹਮਲੇ ਕਰਦੇ ਹਨ। ਇਹ ਹਮਲਾਵਰ ਪਾਪ ਦੀਆਂ ਜੰਞਾਂ ਲੈ ਕੇ ਚੜ੍ਹਦੇ ਹਨ, ਜਮਾਂ ਦਾ ਰੂਪ ਧਾਰ ਕੇ ਆਉਂਦੇ ਹਨ। ਅਸਾਡੇ ਦੇਸ ਦੀ ਜੰਤਾ ਦੇ ਸਿਰਾਂ ਉੱਤੇ 'ਰੱਤ' ਦੇ 'ਕੰਗੂ' ਪੈਂਦੇ ਹਨ। ਦੇਸ ਦੀਆਂ ਸਤਵੰਤੀਆਂ ਦੇ ਸਿਰ ਕਾਤੀਆਂ ਨਾਲ ਮੁੰਨੀ ਦੇ ਹਨ। ਬੁਰਕੇ ਪਾਟ ਰਹੇ ਹਨ। ਦੇਸ ਕਾਇਰ ਬਣ ਚੁੱਕਾ ਹੈ। ਨੇਤਾ ਪ੍ਰਬਤਾਂ ਵਿਚ ਛਿਪ ਗਏ ਹਨ। ਇਸ ਦੇਸ ਦੇ ਕਲਿਆਣ ਦੀ ਜ਼ਿਮੇਵਾਰੀ ਤੇਰੇ ਉੱਤੇ ਆਉਂਦੀ ਹੈ। ਬਸ! ਇਹ ਮੁਰਦਾ ਹੈ ਇਸ ਮੁਰਦੇ ਵਿਚ ਜਾਨ ਪਾਉਣੀ ਹੈ। ਸੋ ਮੁਰਦੇ ਨੂੰ ਖਾਣ ਦੀ ਤਰ੍ਹਾਂ ਅਕਹਿ ਤੇ ਅਸਹਿ ਘਾਲਣਾ ਘਾਲਣੀ ਪਵੇਗੀ।"

**ਲਹਿਣੇ ਧਰਿਓਨੁ ਛਤ੍ਰੁ ਸਿਰ:** (ਗੁਰੂ) ਅੰਗਦ ਜੀ ਨੂੰ ਪੂਰਨ ਅਧਿਕਾਰੀ ਜਾਣ ਕੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮੱਘਰ ਸੁਦੀ ੧੩ ਸੰਮਤ ਬਿ. ੧੫੯੪ ਨੂੰ ਗੁਰਿਆਈ ਦੇ ਤਖ਼ਤ 'ਤੇ ਬੈਠਾ ਦਿਤਾ ਅਤੇ ਗੁਰਬਾਣੀ ਦੀ ਪੋਥੀ ਸਤਿਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ ਸੌਂਪ ਕੇ ਨਮਸ਼ਕਾਰ ਕਰ ਦਿਤੀ।

ਇਹ ਗੁਰਿਆਈ ਦੇਣ ਦਾ ਪੁਰਾਤਨ ਢੰਗ ਸੀ ਜੋ ਸਤਿਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤਾ ਜਿਸ ਅਨੁਸਾਰ ਬਾਕੀ ਗੁਰੂ ਸਾਹਿਬਾਨ ਗੁਰਿਆਈ ਦੇਣ ਸਮੇਂ, ਗੁਰਬਾਣੀ ਦੀ ਪੋਥੀ ਸੰਭਾਲ ਕੇ ਨਮਸ਼ਕਾਰ ਕਰਦਿਆ ਕਰਦੇ ਸਨ। ਇਹੀ ਕਾਰਣ ਹੈ ਕਿ ਜੋ ਵੀ ਅਖੌਤੀ ਗੁਰੂ (ਪ੍ਰਿਥੀਚੰਦ, ਮਿਹਰਵਾਨ, ਧੀਰਮਲ, ਰਾਮਰਾਇ ਆਦਿਕ) ਬਨਣ ਦੀ ਕੋਸ਼ਿਸ਼ ਕਰਦੇ ਰਹੇ ਹਨ ਉਹ ਆਪਣੇ ਕੋਲ ਗੁਰਬਾਣੀ ਦੀ ਪੋਥੀ ਹੋਣੀ ਵੀ ਸਾਬਤ ਕਰਦੇ ਸਨ। ਜਿਵੇਂ ਸੋਢੀ ਮਿਹਰਵਾਨ ਜੀ ਨੇ ਪਿੰਡ ਕੋਠਾ ਗੁਰੂ (ਜ਼ਿਲ੍ਹਾ ਬਠਿੰਡਾ) ਨੂੰ ਆਪਣਾ ਕੇਂਦਰੀ ਸਥਾਨ ਕਾਇਮ ਕਰਕੇ 'ਨਾਨਕ' ਨਾਉ ਥਲੇ ਕਵਿਤਾ ਵਿਚ 'ਸੁਖਮਨਾ ਸਹੰਸਰ ਨਾਮਹ' ਮਹਾਨ ਗ੍ਰੰਥ ਲਿਖਿਆ। ਵਡਾ ਉਅੰਕਾਰ, ਬਾਬੇ ਨਾਨਕ ਦੀ ਵਾਰ, ਪੀਰਾਂ ਦੀ ਵਾਰ, ਰਾਮਕਲੀ ਦੀ ਵਾਰ ਆਦਿਕ ਸੈਂਕੜੇ ਅਧਿਆਤਮਿਕ ਕਵਿਤਾਵਾਂ ਲਿਖੀਆਂ ਜਿਸਦਾ ਭਾਵ ਸੰਗਤਾਂ ਵਿਚ ਇਹ ਸਾਬਤ ਕਰਨਾ ਸੀ ਕਿ ਗੁਰਬਾਣੀ ਦੀ ਸ਼ੰਚੀ ਕੇਵਲ ਸਾਡੇ ਕੋਲ ਹੀ ਹੈ।

ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਬਾਬਾ ਮੋਹਨ ਜੀ ਪੋਥੀਆਂ ਉਚੇਚੇ ਤੌਰ ਤੇ ਆਪਣੇ ਕਬਜੇ ਵਿਚ ਰੱਖੀ ਬੈਠੇ ਸਨ ਜੋ ਗੁਰੂ ਅਰਜਨ ਦੇਵ ਜੀ ਨੇ ਕੁਝ ਦਿਨ ਵੇਖਣ ਲਈ ਪ੍ਰਾਪਤ ਕੀਤੀਆਂ ਸਨ। ਇਹ ਪੋਥੀਆਂ ਉਸ ਸੰਚੇ ਵਿਚੋਂ ਨਕਲ ਕੀਤੀਆਂ ਹੋਈਆਂ ਸਨ ਜੋ ਗੁਰੂ ਅਮਰਦਾਸ ਜੀ ਕੋਲ ਸੀ। ਅਸਲ ਪੋਥੀ ਗੁਰਿਆਈ ਸਮੇਂ ਗੁਰੂ ਰਾਮਦਾਸ ਜੀ ਕੋਲ ਚਲੀ ਗਈ ਤੇ ਇਹ ਪੋਥੀ ਮੋਹਨ ਜੀ ਕੋਲ ਰਹਿ ਗਈਆਂ। ਧੀਰਮੱਲ ਜੀ ਦਾ (ਗੁਰੂ) ਗ੍ਰੰਥ ਸਾਹਿਬ ਜੀ ਨੂੰ ਆਪਣੇ ਪ੍ਰਬੰਧ ਹੇਠ ਰੱਖਣਾ ਇਹੀ ਗੱਲ ਸਾਬਤ ਕਰਦਾ ਹੈ। ਪੰਜ ਪੈਸੇ ਤੇ ਨਾਰੇਲ ਵਾਲੀ ਕਹਾਣੀ ਨਿਰੀ ਕਪੋਲ ਕਲਪਣਾ ਹੈ ਜੋ ਕਿਸੇ ਹਿੰਦੂ (ਬ੍ਰਾਹਮਣ) ਦੀ ਸਿੱਖ ਇਤਿਹਾਸ ਵਿਚ ਟਾਂਕ ਕੇ ਪ੍ਰਚਲਤ ਕੀਤੀ ਹੋਈ ਕਹਾਣੀ ਹੈ। ਗੁਰਮਤਿ ਸਿਧਾਂਤ ਅਨੁਸਾਰ ਪੰਜ ਪੈਸੇ ਤੇ ਨਾਰੇਲ ਦੀ ਕੋਈ ਧਾਰਮਿਕ ਜਾਂ ਅਧਿਆਤਮਕ ਮਹਾਨਤਾ ਸਿੱਧ ਨਹੀਂ ਹੁੰਦੀ। ਇਹ ਗੱਲ ਨਿਸਚੇ ਹੈ ਕਿ ਗੁਰਿਆਈ ਦਾ ਚਿੰਨ੍ਹ ਕੇਵਲ ਗੁਰਬਾਣੀ ਭੰਡਾਰ ਸੀ। ਇਸ ਗਲ ਦੀ ਪੁਸ਼ਟੀ ਸਾਡਾ ਪੁਰਾਤਨ ਇਤਿਹਾਸ ਖੋਲ੍ਹ ਕੇ ਕਰਦਾ ਹੈ।

ਪੁਰਾਤਨ ਜਨਮ ਸਾਖੀ ਦਾ ਲੇਖਕ ਸਾਫ ਲਿਖਦਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਬਾਣੀ ਦੀ ਪੋਥੀ ਬਖਸ਼ਕੇ ਗੁਰਆਈ ਦੇ ਤਖਤ ਉਤੇ ਬੈਠਾ ਦਿਤਾ।

'ਤਿਤ ਮਹਲਿ ਸ਼ਬਦੁ ਹੋਆ ਸੋ
ਪੋਥੀ ਜੁ ਥਾਨਿ ਗੁਰ ਅੰਗਦ ਜੋਗ ਮਿਲੀ।[37]

ਇਕ ਅਤਿ ਪ੍ਰਾਚੀਨ ਲੇਖਕ ਭਾਈ ਕੁਸ਼ਲ ਦਾਸ ਜੀ ਅਸਾਡੇ ਸਿਧਾਂਤ ਦੀ ਪੁਸ਼ਟੀ ਕਰਦਾ ਹੋਇਆ ਲਿਖਦਾ ਹੈ।

ਅੰਗਦ ਅੰਕ ਲਗਾਇ ਕਾਨ ਮੰਤ੍ਰ ਦੀਯੋ।
ਪੋਥੀ ਮਾਲਾ ਬਖਸਿ ਥਾਪਿ ਸਤਿਗੁਰ ਕੀਯੋ।
ਥਾਪੀ ਪ੍ਰਿਸ਼ਟਿ ਲਗਾਇ ਹਾਥ ਸਿਰ ਧਾਰਿਓ।
ਕੀਨੋ ਆਪ ਸਮਾਨ ਤਖਤ ਬੈਠਾਰਿਓ।ਪ। ਪ੩।

37 ਪੁਰਾਤਨ ਜਨਮ ਸਾਖੀ ਪੰਨਾ ੧੩੭

ਅੰਗਦ ਜੋਤਿ ਜਗਾਇ ਜਗਤ ਪਰਗਟ ਕਰੀ।
ਜਿਵ ਦੀਪਕ ਤੇ ਦੀਪ ਜੋਤਿ ਜਗ ਮੈਂ ਧਰੀ।
ਸੰਗਤਿ ਸੇਵਕ ਸਿਖ ਸਰਵ ਪਾਇਨ ਪਰੇ।
ਸਕਲ ਜਗਤ ਜੈਕਾਰੁ ਸਿਰੀ ਗੁਰੂ ਕੋ ਕਰੇ।੬। (ਪੋਥੀ ਸਾਹਿਬ ਵਿਚੋਂ)

ਭਾਵ- ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਜੀ ਨੂੰ ਗੁਰਿਆਈ ਦੇਣ ਸਮੇਂ, ਗੁਰਬਾਣੀ ਦੀ ਪੋਥੀ ਬਖਸ ਦਿਤੀ। ਗਲ ਵਿਚ ਫੁੱਲਾਂ ਦੀ ਮਾਲਾ ਪਹਿਨਾਈ, ਗਲਵਕੜੀ ਪਾ ਕੇ ਕੰਨ ਵਿਚ ਗੁਰਮੰਤ੍ਰ ਦੇ ਦਿਤਾ, ਪਿਠ ਉਤੇ ਥਾਪੀ ਦਿਤੀ ਸਿਰ ਉੱਤੇ ਮਿਹਰ ਦਾ ਹੱਥ ਰਖਿਆ, ਬਸ! ਆਪਣੇ ਜੇਹਾ ਕਰਕੇ ਤਖਤ ’ਤੇ ਬੈਠਾ ਦਿਤਾ।

ਇਕ ਪੁਰਾਤਨ ਨੁਸਖੇ ਦੀਆਂ ਹੇਠ ਲਿਖੀਆਂ ਪੰਗਤੀਆਂ ਵੀ ਅਪ੍ਰਸੰਗਕ ਨਹੀਂ।

‘ਬਾਬੇ ਨਾਨਕ ਜੀ ਆਪਣਾ ਖਜ਼ਾਨਾ ਅੰਗਦ ਸਿੱਖ ਨੂੰ ਹਵਾਲੇ ਕੀਤਾ; ਕਿਹਾ! ਸੁਣ!! ਹੁਣ ਤੂੰ ‘ਜਪੁ ਰਚ’ ਸਿਫਤ ਪਾਰਬ੍ਰਹਮ ਕੀ...’[38]

**ਨਾਨਕਿ ਰਾਜੁ ਚਲਾਇਆ:** ਇਹ ਗੱਲ ਵੀ ਵਰਨਨ ਯੋਗ ਹੈ ਕਿ ਸਮੂਹ ਗੁਰੂ ਸਾਹਿਬ ਨਾਨਕ ਜੋਤਿ ਹੋਇ ਹਨ। ਕੇਵਲ ਸਰੂਪ ਬਦਲਦਾ ਰਿਹਾ ਹੈ, ਜੋਤਿ ਗੁਰੂ ਨਾਨਕ ਦੀ ਹੀ ਕੰਮ ਕਰਦੀ ਰਹੀ। ਮਸਾਲ ਦੇ ਤੌਰ ਤੇ ਗੁਰੂ ਅੰਗਦ, ਗੁਰੂ ਨਾਨਕ ਦਾ ਦੂਸਰਾ ਸਰੂਪ ਸਨ। ਇਸੇ ਤਰ੍ਹਾਂ ਗੁਰੂ ਨਾਨਕ ਦੇ ਹੀ ਦਸ ਸਰੂਪ ਤਬਦੀਲ ਹੁੰਦੇ ਰਹੇ ਹਨ। ਇਸੇ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਲਾ ੧,੨,੩ ਆਦਿਕ ਲਿਖਿਆ। ਮਹਲੇ ਦਾ ਅਰਥ ਹੈ ‘ਸਰੂਪ’। ਜਾਣੀ ਪਹਿਲਾ ਸਰੂਪ, ਦੂਸਰਾ ਸਰੂਪ, ਤੀਸਰਾ ਸਰੂਪ ਆਦਿਕ ਇਸ ਗੱਲ ਦੀ ਪ੍ਰੋੜ੍ਹਤਾ ਪੁਰਾਤਨ ਸਾਹਿਤ ਵਿਚ ਸਮੇਤ ਗੁਰਬਾਣੀ ਦੇ ਅੰਕਤ ਕੀਤੀ ਹੋਈ ਮਿਲਦੀ ਹੈ।

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ (ਪੰਨਾ ੯੬੬)

-------------------------------------------

ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥੪॥ (ਪੰਨਾ ੯੬੬)

ਗੁਰਮਤਿ ਦਰਸ਼ਨ ਦੇ ਫਲਾਸਫਰ ਭਾਈ ਗੁਰਦਾਸ ਜੀ ਇਸ ਤਰ੍ਹਾਂ ਨਿਰੂਪਣ ਕਰਦੇ ਹਨ:

ਪਾਰਸੁ ਹੋਆ ਪਾਰਸਹੁ, ਸਤਿਗੁਰੁ ਪਰਚੇ ਸਤਿਗੁਰ ਕਹਣਾ।
ਚੰਦਨੁ ਹੋਇਆ ਚੰਦਨਹੁ ਗੁਰ ਉਪਦੇਸ ਰਹਤ ਵਿਚਿ ਰਹਣਾ।
ਜੋਤਿ ਸਮਾਣੀ ਜੋਤਿ ਵਿਚਿ ਗੁਰਮਤਿ ਸੁਖ ਦੁਰਮਤਿ ਦੁਖ ਦਹਣਾ।

---

38 ਪੰਜਾਬੀ ਦੁਨੀਆਂ ਦਾ ‘ਗੁਰਮਤਿ ਸਾਹਿਤ ਅੰਕ’, ਜਨਵਰੀ ਫਰਵਰੀ ੧੯੬੫, ਪੰਨਾ ੩੧੨.

ਅਚਰਜ ਨੂੰ ਅਚਰਜੁ ਮਿਲੈ ਵਿਸਮਾਦੈ ਵਿਸਮਾਦ ਸਮਹਣਾ।

ਅਪਿਉ ਪੀਅਣ ਨਿਝਰੁ ਝਰਣੁ ਅਜਰੁ ਜਰਣੁ ਅਸਹੀਅਣੁ ਸਹਣਾ।

ਸਚੁ ਸਮਾਣਾ ਸਚੁ ਵਿਚਿ ਗਾਡੀ ਰਾਹੁ ਸਾਧਸੰਗਿ ਵਹਣਾ।

ਬਾਬਾਣੈ ਘਰਿ ਚਾਨਣੁ ਲਹਣਾ।

ਭਾਈ ਗੁਰਦਾਸ ਜੀ ਦੇ ਕਬਿੱਤ ਸ੍ਵੈਯਾ ਵਿਚ ਲਿਖਿਆ ਹੈ:

ਪਰਮਜੋਤਿ ਮਿਲਿ ਜੋਤਿ ਮਹਿ ਜਗ ਮਗ ਜੋਤਿ ਸਰੂਪ।

ਪਰਮਤਤ ਤਤਹਿ ਮਿਲਓ ਅਦਭੁਤ ਅਤਿਹਿ ਅਨੂਪ।

ਅਦਭੁਤ ਅਤਿਹਿ ਅਨੂਪ ਰੂਪ ਪਾਰਸ ਕੈ ਪਾਰਸ।

ਗੁਰ ਅੰਗਦ ਮਿਲਿ ਅੰਗ ਸੰਗ ਮਿਲਿ ਸੰਗ ਉਧਾਰਸ।

ਅਕਲ ਕਲਾ ਭਰਪੂਰ ਸੂਤ੍ਰ ਗਤਿ ਓਤ ਪੋਤ ਮਹਿ।

ਜਗਮਗ ਜੋਤਿ ਸਰੂਪ ਜੋਤਿ ਮਿਲਿ ਜੋਤਿ ਜੋਤਿ ਮਹਿ।"

ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੀ ਪਵਿਤਰ ਕਲਮ ਵਰਨਨ ਕਰਦੇ ਹਨ:

ਸ੍ਰੀ ਨਾਨਕ ਅੰਗਦਿ ਕਰਿ ਮਾਨਾ॥

ਅਮਰਦਾਸ ਅੰਗਦ ਪਹਿਚਾਨਾ॥

ਅਮਰਦਾਸ ਰਾਮਦਾਸ ਕਹਾਯੋ॥

ਸਾਧਨਿ ਲਖਾ ਮੂੜ੍ਹ ਨਹਿ ਪਾਯੋ॥

ਭਿੰਨ ਭਿੰਨ ਸਭਹੂੰ ਕਰ ਜਾਨਾ॥

ਏਕ ਰੂਪ ਕਿਨਹੂੰ ਪਹਿਚਾਨਾ॥

ਜਿਨ ਜਾਨਾ ਤਿਨ ਹੀ ਸਿਧਿ ਪਾਈ॥

ਬਿਨ ਸਮਝੇ ਸਿਧਿ ਹਾਥਿ ਨ ਆਈ॥" (ਪਾਤਸ਼ਾਹੀ ੧੦)

ਇਹ ਗੁਰਮਤਿ ਦਾ ਗੁਰਤ੍ਵ ਰਹੱਸ ਹੈ। ਜਿਸਦਾ ਗੁਰਬਾਣੀ ਦਵਾਰੇ, ਰੱਬ ਬਖਸ਼ੀ ਬੁੱਧੀ ਅਨੁਸਾਰ ਵਿਆਖਿਆ ਕਰਨ ਦਾ ਯਤਨ ਕੀਤਾ ਹੈ ਜਿਸਦਾ ਸੰਖੇਪ ਭਾਵ ਹੈ, ਸਮੂਹ ਗੁਰੂ ਸਾਹਿਬਾਨ ਇਕ ਜੋਤ ਸਨ। ਇਕ ਸਰੂਪ, ਇਕ ਵਿਅਕਤੀਤ੍ਵ, ਇਕ ਸਿਧਾਂਤ ਅਨੁਸਾਰ-ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥ ਜਿਸ ਦਾ ਸੱਚ ਰੂਪੀ ਕਿਲ੍ਹਾ ਮਜ਼ਬੂਤ ਨੀਹਾਂ ਤੇ ਖੜ੍ਹਾ ਕੀਤਾ ਹੈ। ਵਿਅਕਤਤ੍ਵ ਦਸੇ ਸਰੂਪ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੱਪੜੇ ਦੇ ਤਾਣੇ ਬਾਣੇ (ਸੂਤ੍ਰ ਦੀਆਂ ਤਾਰਾਂ) ਦੀ ਤਰ੍ਹਾਂ ਪ੍ਰਵਿਰਤ ਹੋਇ-ਹੋਇ ਹਨ। 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥' ਦੇ ਅਨੁਸਾਰ ਜੋਤਿ ਜਗਦੀ ਰਹੀ।

ਇਸੇ ਵਾਸਤੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੀ ਸਮਾਧ ਬਨਾਉਣ ਤੋਂ ਵਿਵਰਜ਼ਤ ਕੀਤਾ ਸੀ ਅਤੇ ਅੰਤ੍ਰੀਵ ਸਿਧਾਂਤ ਇਹ ਸੀ 'ਬਾਬਾ ਮੜੀ ਨ ਗੋਰੁ ਗੁਰੁ ਅੰਗਦ ਕੇ ਹੀਯ ਮਾਹਿ॥' (ਸੰਛੇਪ ਦਸ ਗੁਰ ਕਥਾ ਕਵੀ ਕੰਕਣ) ਭਾਵ ਸਤਿਗੁਰੂ ਨਾਨਕ ਦੇਵ ਜੀ ਦਾ ਫਲਸਫਾ ਮੜ੍ਹੀਆਂ ਵਿਚ ਕੈਦ ਹੋਣ ਵਾਲਾ ਨਹੀਂ, ਉਹ ਸਤਿਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਹਿਰਦੇ ਵਿਚ ਪ੍ਰਕਾਸ਼ਿਤ ਹੋ ਕੇ ਉਸੇ ਤਰ੍ਹਾਂ 'ਸਤਿ' ਦਾ ਚਾਨਣ ਪ੍ਰਦਾਨ ਕਰ ਰਿਹਾ ਹੈ।

**ਬੈਠ ਖੰਡੂਰੇ ਜੋਤਿ ਜਗਾਈ:** ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਗੁਰਤਾ ਪ੍ਰਦਾਨ ਕਰਕੇ ਸਤਿਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ ਆਗਿਆ ਕੀਤੀ 'ਖੰਡੂਰ ਚਲੇ ਜਾਉ, ਮੁੜ ਨਹੀਂ ਆਉਣਾ, ਅਸੀਂ ਆਪ ਆਵਾਂਗੇ'

ਸਤਿਗੁਰੂ ਅੰਗਦ ਦੇਵ ਜੀ ਨੇ ਅਤਿ ਵੈਰਾਗ ਵਿਚ ਹਿੰਝੂ ਕੇਰਦੇ ਹੋਇਆਂ, ਸਤਿਗੁਰੂ ਬਾਬੇ ਦਾ ਹੁਕਮ ਮੰਨ ਕੇ ਖੰਡੂਰ ਮਾਈ ਭਰਾਈ ਦੇ ਘਰ ਜਾ ਆਸਨ ਲਾਇਆ ਤੇ ਬਾਹਰੋਂ ਕਮਰੇ ਨੂੰ ਜਿੰਦਰਾ ਲਗਵਾ ਦਿਤਾ। ਗੁਰੂ ਜੀ ਸਾਰਾ ਦਿਨ ਅੰਦਰ ਗੁਰਮਤਿ ਫ਼ਿਲਾਸਫੀ ਦਾ ਚਿੰਤਨ ਕਰਦੇ ਰਹਿੰਦੇ, ਬਾਣੀ ਦਾ ਅਧਿਐਨ ਅਤੇ ਪਾਠ ਕਰਦੇ ਰਹਿੰਦੇ। ਦਿਨੇ ਕਮਰੇ ਵਿਚ ਅਤੇ ਰਾਤ ਨੂੰ ਜੰਗਲ ਵਿਚ ਅਖੰਡ ਗੁਰਮਤਿ ਚਿੰਤਨ ਹੁੰਦਾ ਰਹਿੰਦਾ। ਇਸ ਸਮੇਂ ਗੁਰੂ ਜੀ ਕੇਵਲ ਇਕ ਪਾਉ ਦੁੱਧ ਤੇ ਇਕ ਫੁਲਕਾ ਅੱਠੀਂ ਪਹਿਰੀ ਛਕਦੇ ਸਨ।

ਦੋ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਪ ਖੰਡੂਰ ਪਹੁੰਚ ਕੇ ਦਰਸ਼ਨ ਦਿੰਦੇ ਰਹੇ ਅਤੇ ਲਗਾਤਾਰ ੪-੪ ਮਹੀਨੇ ਠਹਿਰੇ। ਅੱਸੂ ਵਦੀ ੧੦ ਸੰ ੧੫੯੬ (੧੫੩੯ ਈ.) ਨੂੰ ਸਤਿਗੁਰੂ ਨਾਨਕ ਦੇਵ ਜੀ, ਸਰੀਰਕ ਤੌਰ ਤੇ ਅਲੋਪ ਹੋ ਗਏ ਤਾਂ ਸੰਗਤਿ ਸਤਿਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਦਰਸ਼ਨ ਕਰਨ ਵਾਸਤੇ ਆਉਣ ਲੱਗੀ।

ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ॥
ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥ (ਪੰਨਾ ੯੬੭)
ਗੁਰ ਨਾਨਕ ਹੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।
ਦਿਤਾ ਛੋੜਿ ਕਰਤਾਰਪੁਰੁ ਬੈਠਿ ਖਡੂਰੇ ਜੋਤਿ ਜਗਾਈ।" (ਭਾਈ ਗੁਰਦਾਸ, ੧/੪੬)

**ਮਾਲਵੇ ਵਿਚ ਪ੍ਰਚਾਰ:** ਸੰਮਤ ੧੬੦੪ ਬਿ. ਵਿਚ ਸਤਿਗੁਰੂ ਅੰਗਦ ਦੇਵ ਜੀ ਸਮੇਤ ਕੀਰਤਨੀ ਜੱਥੇ, ਪ੍ਰਚਾਰਕ ਵਿਦਵਾਨਾਂ ਅਤੇ ਸੰਗਤ ਦੇ ਮਾਝੇ ਮਾਲਵੇ ਨੂੰ ਤਾਰਦੇ ਹੋਇ ਹਰੀਕੇ ਪੱਤਣ ਨੂੰ ਪਾਰ ਲੰਘ ਕੇ, ਮਖੂ ਜੀਰਾ, ਸੇਖਵਾਂ, ਤਲਵੰਡੀ ਭਾਈ, ਵੱਡਾ ਘਰ, ਰੋਡੇ, ਪੰਜ ਗ੍ਰਾਈ ਕਲ੍ਹਾਂ ਅਤੇ ਕੋਟਕਪੂਰਾ (ਗੁਰਦਵਾਰਾ ਸੁਰਗਾਪੁਰੀ ਦਸ਼ਮੇਸ਼ ਸਰਾਂ) ਵਿਚ ਦੀ ਆਪਣੇ ਜਨਮ ਨਗਰ 'ਨਾਂਗੇ ਦੀ ਸਰ੍ਹਾਂ' ਪੁੱਜੇ। ਕਈ ਦਿਨ ਮਾਲਵੇ ਦੀਆਂ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਤੇ ਅੰਤ ਪਿੰਡ ਸੇਖਾ, ਰੌਤਾ, ਸੰਗਤਪੁਰਾ, ਮਾਣੂੰਕੇ ਵਿਚ ਦੀ ਘੋਲੀਏ, ਬੱਧਣੀ, ਭਿਆਣਾ, ਬੁੱਟਰ, ਮੋਗਾ, ਧਲੇਕੇ, ਲੋਹਾਰੇ ਵਿਚ ਦੀ ਜਨੇਰ ਜਾ ਦਰਸ਼ਨ ਦਿੱਤੇ। ਇਥੋਂ ਕੋਟ ਈਸੇ ਖਾਂ, ਫਤਹਿਗੜ੍ਹ, ਪੰਜ ਤੂਰ ਵਿਚ ਦੀ ਹਰੀਕੇ ਪੱਤਣ ਲੰਘਕੇ ਖੰਡੂਰ ਸਾਹਿਬ ਪਹੁੰਚ ਗਏ।[39]

---

39 ਮਾਲਵਾ ਇਤਿਹਾਸ, ਪਹਿਲੀ ਜਿਲਦ, ਪੰਨਾ ੨੭/੨੮.

ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ॥
ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ॥
ਸਤਿਗੁਰੂ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ
ਗੁਰੁ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ॥ (ਪੰਨਾ ੧੩੯੧)

**ਨਿੱਤ ਕਰਮ:** ਸਤਿਗੁਰੂ ਜੀ ਸਵਾ ਪਹਿਰ ਰਾਤ ਗਈ ਤੋਂ ਉਠਦੇ, ਸ਼ੌਚ ਇਸਨਾਨ ਕਰਕੇ, ਇਕਾਂਤ ਭਜਨ ਵਿਚ ਲੀਨ ਹੋ ਜਾਂਦੇ। ਅੰਮ੍ਰਿਤ ਵੇਲੇ ਦਿਨ ਚੜ੍ਹੇ ਦੀਵਾਨ ਵਿਚ ਪੁਜਦੇ, ਜਿੱਥੇ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਹੁੰਦਾ ਸੀ। ਭੋਗ ਉਪਰੰਤ ਕੋਈ ਸ਼ਬਦ ਉਚਾਰਨ ਕਰਦੇ ਅਤੇ ਉਪਦੇਸ਼ ਦਿੰਦੇ। ਕੜਾਹ ਪ੍ਰਸ਼ਾਦ ਵਰਤਨ ਤੋਂ ਬਾਅਦ ਕੁਝ ਸਿੱਖਾਂ ਸਮੇਤ ਬਾਹਰ ਚਲੇ ਜਾਂਦੇ, ਆਇਆਂ ਤੋਂ ਲੰਗਰ ਵਰਤਦਾ। ਕੁਝ ਸਮਾਂ ਅਰਾਮ ਕਰਦੇ, ਫਿਰ ਦੀਵਾਨ ਸਜਦਾ। ਕਥਾ ਕੀਰਤਨ ਹੁੰਦਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਚਰਿਤ੍ਰ ਤੇ ਉਪਕਾਰ ਦੀ ਕਥਾ ਕੀਤੀ ਜਾਂਦੀ ਰਹਿਰਾਸ ਦੇ ਪਾਠ ਤੋਂ ਮਗਰੋਂ ਅਰਦਾਸ ਹੁੰਦੀ ਤੇ ਲੰਗਰ ਵਰਤਦਾ। ਉਪਰੰਤ ਸੰਗਤ ਸਮੇਤ ਵਿਰਾਜ ਦੇ।

ਪਾਸੁ ਪਰਾਗ ਸੀ ਸੋਹਤਿ ਸੁੰਦਰ, ਗੰਧਿ ਸੀ ਕੀਰਤਿ ਮੱਧ ਬਸਾਨਾ।
ਕੋਮਲਤਾ ਕੋਮਲਤਾ ਇਕ ਸੀ, ਨਿਰਲੇਪਤਾ ਸੀ ਨਿਰਲੇਪ ਸਮਾਨਾ।
ਜੋ ਭਵ ਭੂਰ ਭਰਾ ਸਰਸੀ, ਤਿਸਤੇ ਨਿਤ ਊਰਧ ਸੋ ਬਿਗਸਾਨਾ।
ਹੈਂ ਅਰਬਿੰਦ ਸੇ ਅੰਗਦ ਕੇ ਪਗ ਮੋਖਦ ਏਕ ਬਿਸ਼ੇਖਤ ਜਾਨਾ। (ਗੁਰ ਪ੍ਰਤਾਪ ਸੂਰਜ ਗ੍ਰੰਥ)

**ਸ਼ਾਸਤ੍ਰਾਰਥ:** ਇਸ ਜ਼ਮਾਨੇ ਵਿਚ ਨਾਥ ਸੰਪ੍ਰਦਾਇ ਦੀ ਬੜੀ ਪ੍ਰਸਿੱਧੀ ਸੀ। ਇਸ ਵਾਸਤੇ ਗੁਰੂ ਨਾਨਕ ਜੀ ਨੂੰ ਕਈ ਵਾਰ, ਨਾਥ/ਜੋਗੀਆਂ ਦੇ ਕੇਂਦ੍ਰਾਂ ਵਿਚ ਜਾ ਕੇ 'ਅਸ਼ਟਾਂਗ ਜੋਗ ਮਾਰਗ' ਅਤੇ 'ਗੁਰਮਤਿ ਦਰਸ਼ਨ' ਤੇ ਵਿਚਾਰ ਵਟਾਂਦਰਾ ਕਰਨਾ ਪਿਆ। ਇਸੇ ਵਾਸਤੇ ਗੁਰੂ ਨਾਨਕ ਬਾਣੀ ਵਿਚ ਨਾਥ ਸ਼ਬਦਾਵਲੀ ਦੀ ਦੀਰਘੁ ਭਰਮਾਰ ਹੈ। ਸਿਧ ਗੋਸਟ ਤਾਂ ਨਰੋਲ ਹੀ ਨਾਥਾਂ/ਜੋਗੀਆਂ ਨਾਲ ਕੀਤਾ ਹੋਇਆ ਸ਼ਾਸਤ੍ਰਾਰਥ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਗੱਦੀ ਨਸ਼ੀਨ ਹੋਣ ਤੇ ਸੰਮਤ ੧੬੦੪ ਬਿ. ਵਿਚ 'ਹਰਿ ਨਾਥ' ਨਾਮੇਂ ਜੋਗੀ ਜੋਗੀਆਂ ਦੀ ਜ਼ਮਾਤ ਲੈ ਕੇ ਖੰਡੂਰ ਆਣ ਉਤਰਿਆ ਅਤੇ ਸਤਿਗੁਰੂ ਜੀ ਦੀ ਪ੍ਰੀਖਿਆ ਕਰਨ ਲਗਿਆ। ਗੁਰੂ ਜੀ ਨੇ ਜਥਾ-ਜੋਗ ਸਨਮਾਨ ਕਰਕੇ ਉਤਾਰਾ ਦਿਤਾ ਅਤੇ ਲੰਗਰ ਦਾ ਪ੍ਰਬੰਧ ਕਰਵਾਇਆ। ਦੂਸਰੇ ਦਿਨ ਦੀਵਾਨ ਵਿਚ ਹਾਜ਼ਿਰ ਹੋਇਆ। ਦੀਵਾਨ ਦੀ ਸਮਾਪਤੀ ਤੇ ਵੀਚਾਰ ਵਟਾਂਦਰਾ ਕਰਨ ਲੱਗਿਆ ਅਤੇ ਆਪਣੇ 'ਅਸ਼ਟਾਂਗ ਜੋਗ ਮਾਰਗ' ਦੀ ਮਹਾਨ ਉਪਮਾ ਕੀਤੀ ਅੰਤ ਵਿਚ ਆਖਿਆ ਤੁਸੀਂ ਵੀ ਜੋਗ ਮਾਰਗ ਨੂੰ ਧਾਰਨ ਕਰੋ ਤੇ ਸਿੱਖਾਂ ਨੂੰ ਕਰਵਾਉ। ਇਹ ਸੁਣ ਕੇ ਸਤਿਗੁਰੂ ਜੀ ਨੇ ਮੁਸਕਰਾ ਕੇ ਆਖਿਆ:

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ॥
ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥ (ਪੰਨਾ ੧੫੦)

ਨਾਥ ਜੀ! ਸਾਡੇ ਤੇ ਪ੍ਰਮ ਸਤਿਗੁਰੂ ਨਾਨਕ ਦੇਵ ਜੀ ਦੀ ਅਤਿ ਕਿਰਪਾ ਹੈ। ਸਾਨੂੰ ਕਿਸੇ ਕਦੇ ਭੇਖ ਕਰਮ ਜੋਗ, ਹਠ ਜੋਗ, ਅਸ਼ਟਾਂਗ ਦੀ ਅਵਸ਼ਯਕਤਾ ਨਹੀਂ। ਸਾਨੂੰ 'ਭੇਖ ਵਰਨ ਦੀਸਹਿ ਸਭਿ ਖੇਹ' ਦੇ ਵਾਕ ਅਨੁਸਾਰ ਅੰਧ ਵਿਸ਼ਵਾਸ਼ ਦਾ ਅਡੰਬਰ ਜਾਪਦੇ ਹਨ। ਅਸਾਡੀ ਅਜੇਹੇ ਪੂਰਨ ਸਤਿਗੁਰੂ ਨਾਲ ਭੇਂਟ ਹੋਈ ਹੈ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ (ਪੰਨਾ ੫੨੨)

ਇਹ ਪੂਰਨ ਜੋਗ ਹੈ, ਜੋ ਪੂਰੇ ਸਤਿਗੁਰੂ ਨੇ ਅਪਾਰ ਕਿਰਪਾ ਨਾਲ ਸਾਨੂੰ ਪ੍ਰਦਾਨ ਕੀਤਾ ਹੈ। ਤੁਸੀਂ ਅਗਿਆਨ ਵਿਚ ਭੇਖ ਨੂੰ ਧਾਰਦੇ ਹੋਂ, ਗ੍ਰਹਿਸਤ ਜੀਵਨ ਦਾ ਵਿਰੋਧ ਕਰਦੇ ਹੋਂ, ਫਿਰ ਉਨ੍ਹਾਂ ਹੀ ਗ੍ਰਿਹਸਤੀਆਂ ਦੇ ਘਰ ਤੋਂ ਦੋ ਵੇਲੇ ਰੋਟੀ (ਦੁੱਧ ਅਤੇ ਜੀਵਨ ਵਿਚ ਲੋੜੀਂਦੀਆਂ ਵਸਤਾਂ) ਆਦਿਕ ਪ੍ਰਾਪਤ ਕਰਕੇ ਜੀਵਨ ਜਿਉਂਦੇ ਹੋਂ। 'ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ' ਦੇ ਵਾਕ ਅਨੁਸਾਰ ਗ੍ਰਹਿਸਤੀ ਬਿਨਾ ਕਿਸੀ ਸੰਤ, ਰਿਸ਼ੀ, ਮੁਨੀ, ਨਾਥ, ਜੋਗੀ ਦਾ ਜੀਵਨ ਜਿਉਣਾ ਅਸੰਭਵ ਹੈ। ਅਸਾਨੂੰ ਭੇਖਾਂ ਤੋਂ ਵਿਵਰਜ਼ਤ ਕਰਕੇ ਸੱਚਾ ਜੋਗੀ ਬਨਣ ਦਾ ਉਪਦੇਸ਼ ਮਿਲਿਆ ਹੈ। ਜਿਸ ਦਾ ਨਿਰੂਪਨ ਸਤਿਗੁਰੂ ਜੀ ਇਉਂ ਕਰਦੇ ਹਨ

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥ (ਪੰਨਾ ੭੩੦)

ਅਜੇਹਾ ਜੋਗੀ ਸਾਨੂੰ ਸਤਿਗੁਰਾਂ ਨੇ ਪਹਿਲੇ ਹੀ ਬਣਾ ਦਿੱਤਾ ਹੈ। ਹੁਣ ਹੋਰ ਕਿਸੇ ਕੂੜੇ ਜੋਗ ਦੀ ਅਵਸ਼ਯਕਤਾ ਨਹੀਂ ਰਹੀ। ਇਤਿਆਦਿਕ ਵੀਚਾਰ ਸੁਣ ਕੇ 'ਹਰਿ ਨਾਥ' ਜੋਗੀ ਗੁਰੂ ਅੰਗਦ ਦੇਵ ਜੀ ਨੂੰ ਪੂਰਨ ਸਤਿਗੁਰੂ ਸਮਝ ਕੇ ਨਿਰੁਤਰ ਹੋ ਗਿਆ। ਨਮਸ਼ਕਾਰ ਕਰਦਾ ਹੋਇਆ ਬੋਲਿਆ, 'ਆਪ ਸਤਿਗੁਰੂ ਨਾਨਕ ਦੇਵ ਜੀ ਦਾ ਸਾਖਯਾਤ ਸਰੂਪ ਹੋਂ ਇਸ ਵਿਚ ਸ਼ੰਕਾ ਨਹੀਂ, ਮੈਂ ਇਹੀ ਪ੍ਰੀਛਾ ਕਰਨ ਆਇਆ ਸਾਂ ਹੁਣ ਆਗਿਆ ਬਖਸ਼ੋ। ਇਹ ਕਹਿੰਦਾ ਹੋਇਆ ਨਮਸ਼ਕਾਰ ਕਰਕੇ ਜ਼ਮਾਤ ਸਮੇਤ ਚਲਿਆ ਗਿਆ।

ਸਤਿਗੁਰੁ ਨਾਨਕ ਦੇਉ ਹੈ ਪਰਮੇਸਰੁ ਸੋਈ।
ਗੁਰੁ ਅੰਗਦੁ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ। (ਭਾਈ ਗੁਰਦਾਸ,੨੦/੩੮)

**ਦੇਵ ਗਿਰ ਸੰਨਿਆਸੀ:** ਏਸ ਸਾਲ ਹੀ ਦੇਵ ਗਿਰ ਸੰਨਿਆਸੀ ਜ਼ਮਾਤ ਸਮੇਤ ਖੰਡੂਰ ਆਇਆ ਉਸ ਦਾ ਵੀ ਜਥਾ-ਜੋਗ ਸਨਮਾਨ ਕੀਤਾ। ਉਸਨੇ ਵਰਨਾਸ਼੍ਰਮ ਅਤੇ ਜਾਤੀ ਭੇਦ 'ਤੇ ਸ਼ਾਸਤ੍ਰਾਰਥ ਕੀਤਾ। ਇਸ ਗੱਲ ਤੇ ਤਰਕ ਕੀਤੀ ਕਿ ਤੁਸੀਂ ਆਪਣੀ ਸੰਗਤ ਵਿਚ ਸਮੂਹ ਜਾਤੀਆਂ ਦੇ ਲੋਕਾਂ ਨੂੰ ਕਿਉਂ ਮਿਲਾ ਰਹੇ ਹੋਂ? ਹਰ ਜਾਤੀ ਦੀ ਰਹਿਤ, ਕਿੱਤੇ 'ਤੇ ਵੀਚਾਰ ਵਟਾਂਦਰਾ ਕੀਤਾ ਗਿਆ। ਅੰਤ ਸਤਿਗੁਰੂ ਜੀ ਨੇ ਫਰਮਾਇਆ:

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥

ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥ (ਪੰਨਾ ੪੬੯)

ਜੋਗੀ ਦਰਸ਼ਨ (ਫ਼ਲਾਸਫੀ) ਨੂੰ ਧਰਮ ਸਮਝੀ ਬੈਠੇ ਹਨ, ਬ੍ਰਾਹਮਣ ਵੇਦਾਂ ਦਾ ਅਧਿਐਨ ਕਰਨਾ ਤੇ ਕਰਵਾਉਣਾ ਹੀ ਧਰਮ ਸਮਝਦੇ ਹਨ। ਕਸ਼ਤ੍ਰੀ ਬਹਾਦਰੀ ਨੂੰ ਧਰਮ ਸਮਝਦੇ ਅਤੇ ਹਰ ਇਕ ਦੀ ਸੇਵਾ ਕਰਨਾ ਸ਼ੂਦਰ ਦਾ ਧਰਮ ਸਮਝਿਆ ਜਾਂਦਾ ਹੈ ਕਿੰਤੂ ਜੇਕਰ ਕੋਈ ਧਰਮ ਦਾ ਰਹੱਸ ਜਾਣਦਾ ਹੋਵੇ, ਉਸ ਵਾਸਤੇ ਸਮੂਹ ਤਰੀਕਿਆਂ 'ਚੋਂ ਇਕੋ ਤਰੀਕਾ ਹੈ। ਉਸ ਲਈ ਸਭ ਧਰਮਾਂ ਨੂੰ ਵੱਖਰਾ-ਵੱਖਰਾ ਕਰਨਾ 'ਤੇ ਪ੍ਰਚਾਰਨਾ ਜੋਗ ਨਹੀਂ। ਸਮੂਹ ਪ੍ਰਾਨੀ ਮਾਤ੍ਰ ਨੂੰ ਸਾਰੇ ਧਰਮ ਸਾਂਝੇ ਮੰਨਣੇ ਚਾਹੀਦੇ ਹਨ। ਸਮੇਂ-ਸਮੇਂ ਅਨੁਸਾਰ ਹਰ ਮਾਨੁਖ ਨੂੰ ਵਿਦਿਆ ਅਧਿਐਨ, ਬਹਾਦਰੀ ਅਤੇ ਸੇਵਾ ਲਈ ਤਤਪਰ ਰਹਿਣਾ ਚਾਹੀਦਾ ਹੈ। ਇਸ ਵਾਸਤੇ ਸਾਰਿਆਂ ਦਾ ਇਕੋ ਸਾਂਝਾ ਧਰਮ ਹੈ।

ਦੇਵ ਗਿਰ ਨੇ ਆਖਿਆ, "ਇਸ ਜੁਗ ਵਿਚ ਭਗਵਾਨ ਕ੍ਰਿਸ਼ਨ ਹੀ ਇਕ ਅਜੇਹਾ ਸ੍ਰੇਸ਼ਟ ਵਿਅਕਤੀ ਹੈ, ਜਿਸਦੀ ਉਪਾਸ਼ਨਾ ਨਾਲ ਅਸੀਂ ਕਲਿਆਣ ਦੇ ਅਧਿਕਾਰੀ ਬਣ ਸਕਦੇ ਹਾਂ।" ਇਸਦੇ ਜਵਾਬ ਵਿਚ ਸਤਿਗੁਰੂ ਜੀ ਨੇ ਫਰਮਾਇਆ:

ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ॥
ਆਤਮਾ ਬਾਸੁਦੇਵਸ੍ਹਿ ਜੇ ਕੋ ਜਾਣੈ ਭੇਉ॥ (ਪੰਨਾ ੪੬੯)

ਭਾਵ ਇਕ ਵਾਹਿਗੁਰੂ ਸਮੂਹ ਪ੍ਰਾਨੀ ਮਾਤ੍ਰ ਵਿਚ ਰਮਿਆ ਹੋਇਆ ਹੈ। ਸਮੂਹ ਆਤਮਾ ਵਿਚ ਉਸਦਾ ਨਿਵਾਸ ਹੈ। ਇਸ ਰਾਜ਼ ਨੂੰ ਬੁਝਣਾ ਹੈ। ਇਤਿਆਦਿਕ ਚਰਚਾ ਕਰਕੇ ਦੇਵ ਗਿਰ ਅਤਿਅੰਤ ਪ੍ਰਭਾਵਿਤ ਹੋ ਕੇ, ਨਮਸ਼ਕਾਰ ਕਰਦਾ ਵਿਦਾਅ ਹੋਇਆ।

ਸ਼੍ਰੀ ਅੰਗਦ ਕੰਦਨ ਬਿਘਨ, ਬਦਨ ਸੁ ਮੰਗਲ ਸਾਲ।
ਪਰਨ ਸ਼ਰਨ ਕਰ ਚਰਨ ਕੋ, ਨਮਸਕਾਰ ਧਰਿ ਭਾਲ। (ਗੁਰ ਪ੍ਰਤਾਪ ਸੂਰਜ ਗ੍ਰੰਥ)

**ਗੁਰੂ ਅੰਗਦ ਦੇਵ ਜੀ ਦੇ ਸਮਕਾਲੀ ਵਿਰੋਧੀ ਅਤੇ ਹਤੈਸ਼ੀ**

**ਵਿਰੋਧੀਆਂ ਦੀਆਂ ਕਾਰਸੈਤਾਨੀਆਂ:** ਈਰਖੀਆਂ ਵਲੋਂ ਗੁਰੂ ਨਾਨਕ ਦੇਵ ਜੀ ਦਾ ਵਾਰ-ਵਾਰ ਵਿਰੋਧ ਕੀਤਾ ਗਿਆ। ਇਹ ਲੋਕ ਗੁਰੂ ਜੀ ਨੂੰ ਕਰਾਹੀਆ ਤਕ ਕਹਿੰਦੇ ਸਨ। ਨਾਥਾਂ ਜੋਗੀਆਂ, ਬੈਰਾਗੀਆਂ ਅਤੇ ਬ੍ਰਾਹਮਣਾਂ ਆਦਿਕ ਭਿੰਨ-ਭਿੰਨ ਲੋਕਾਂ ਨਾਲ ਗੁਰੂ ਜੀ ਦਾ ਕਈ ਵਾਰ ਵਾਦ-ਵਿਵਾਦ ਹੁੰਦਾ ਰਹਿੰਦਾ ਸੀ। ਈਰਖੀਆਂ ਨੇ ਗੁਰੂ ਅੰਗਦ ਦੇਵ ਜੀ ਨੂੰ ਵੀ ਇਸੇ ਲਪੇਟ ਵਿਚ ਲਪੇਟਿਆ। ਇਹ ਈਰਖੀ ਲੋਕ ਗੁਰੂ ਜੀ ਨੂੰ ਸਮਾਂ ਮਿਲੇ ਤੋਂ ਪ੍ਰੇਸ਼ਾਨ ਕਰਦੇ ਰਹਿੰਦੇ ਸਨ।

(੧) ਪਿੰਡ ਖੰਡੂਰ ਵਿਚ ਸ਼ਿਵ ਨਾਥ ਨਾਂਉ ਦਾ ਜੋਗੀ ਗੁਰੂ ਜੀ ਦਾ ਇਸ ਕਰਕੇ ਵਿਰੋਧੀ ਸੀ ਕਿ ਗੁਰਮਤਿ ਪ੍ਰਚਾਰ ਦਵਾਰੇ ਸੱਚ ਦਾ ਚਾਨਣ ਹੋਣ ਕਰਕੇ ਸਿਵ ਨਾਥ ਦਾ ਪਾਇਆ ਹੋਇਆ ਅਗਿਆਨ (ਅੰਧ ਵਿਸ਼ਵਾਸ਼) ਲੋਕ ਦਿਨੋ ਦਿਨ ਤਿਆਗ ਰਹੇ ਸਨ ਅਤੇ ਉਸਦੇ ਪਾਖੰਡ ਦੀ ਦੁਕਾਨ ਲਗਭਗ ਖਤਮ ਹੋ ਗਈ ਸੀ। ਸੰਮਤ ੧੬੦੧ ਵਿਚ ਵਰਖਾ ਨ ਹੋਈ ਤਾਂ ਜੋਗੀ ਨੇ ਪ੍ਰਚਾਰ ਕੀਤਾ ਕਿ, 'ਤੁਸੀਂ ਦਿਨੋ ਦਿਨ ਧਰਮ ਦਾ ਤਿਆਗ ਕਰਕੇ

ਨਾਸਤਕ ਬਣਦੇ ਜਾ ਰਹੇ ਹੋ। ਗ੍ਰਹਿਸਤੀ ਖਤ੍ਰੀ ਅੰਗਦ ਨੂੰ ਪੂਜ ਕੇ ਮੀਂਹ ਭਾਲਦੇ ਹੋ। ਅੰਗਦ ਨੂੰ ਪਿੰਡੋ ਕੱਢ ਦੇਵੋ, ਇਕ ਹਫਤੇ ਵਿਚ ਮੀਂਹ ਪਵਾ ਦੇਵਾਂਗਾ।

ਇਹ ਬਚਨ ਸਤਿਗੁਰੂ ਜੀ ਕੋਲ ਵੀ ਪਹੁੰਚਿਆ। "ਜੇਕਰ ਅਸਾਡੇ ਇਥੋਂ ਜਾਣ ਨਾਲ ਨਗਰ ਨੂੰ ਲਾਭ ਹੈ, ਅਸੀਂ ਹੁਣੇ ਚਲੇ ਜਾਂਦੇ ਹਾਂ ਪਰ ਵਰਖਾ ਦਾ ਪੈਣਾ, ਨ ਪੈਣਾ ਵਾਹਿਗੁਰੂ ਦੇ ਹੁਕਮ ਵਿਚ ਹੈ। ਈਸ੍ਵਰ ਕਿਸੇ ਸਾਧ, ਸੰਤ, ਰਿਸ਼ੀ, ਮੁਨੀ, ਨਾਥ, ਜੋਗੀ ਦਾ ਗੁਲਾਮ ਨਹੀਂ।"

ਦੂਸਰੇ ਦਿਨ ਸਤਿਗੁਰੂ ਜੀ ਆਪ ਹੀ ਭੈਰੋਂ ਪਿੰਡ ਚਲੇ ਗਏ ਕਿੰਤੂ ਮੀਂਹ ਨ ਪੈ ਸਕਿਆ ਅਤੇ ਜੋਗੀ ਦੇ ਪਾਖੰਡ ਦਾ ਪਾਜ ਚੰਗੀ ਤਰ੍ਹਾਂ ਉਘੜ ਗਿਆ ਜਿਸ ਕਰਕੇ ਪਿੰਡ ਦੇ ਕਿਸਾਨਾਂ ਨੇ ਉਸ ਜੋਗੀ ਨੂੰ ਬਲਦਾਂ ਮਗਰ ਪਾ ਕੇ ਘਸੀਟ ਮਾਰ ਦਿੱਤਾ। ਉਪਰੰਤ ਲੋਕ ਗੁਰੂ ਜੀ ਦੀ ਹਜੂਰੀ ਵਿਚ ਹਾਜ਼ਿਰ ਹੋਇ, ਭੁੱਲ ਬਖਸ਼ਾਕੇ ਵਾਪਸ ਫੇਰ ਖੰਡੂਰ ਲੈ ਕੇ ਆਏ।

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥ (ਪੰਨਾ ੯੬੭)

(੨) ਪਿੰਡ ਹਰੀਕੇ (ਮਾਲਵੇ ਦਾ) ਬਖਤਾਵਰ ਨਾਮੇਂ ਬਹਤ੍ਰ ਪਿੰਡਾਂ ਦਾ ਚੌਧਰੀ 'ਮਾਇਆਧਾਰੀ ਅਤਿ ਅੰਨਾ ਬੋਲਾ' ਦੇ ਕਥਨ ਅਨੁਸਾਰ ਗੁਰੂ ਜੀ ਨੂੰ ਅਹੰਕਾਰ ਨਾਲ ਮਿਲਣ ਆਇਆ ਅਤੇ ਸਤਿਗੁਰੂ ਜੀ ਦੇ ਬਰਾਬਰ ਪਲੰਘ ਉੱਤੇ ਬੈਠ ਗਿਆ, ਇਹ ਵੇਖ ਕੇ ਕੁਝ ਸਿੱਖ ਨਰਾਜ਼ ਹੋਇ ਕਿੰਤੂ ਸਤਿਗੁਰੂ ਨੇ ਫਰਮਾਇਆ:

ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ॥
ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ॥ (ਪੰਨਾ ੩੦੨)

ਚੌਧਰੀ ਨੇ ਆਖਿਆ ਮੈਂ ਵੱਡੇ ਧਨ ਪਦਾਰਥ ਤੇ ਪਰਵਾਰ ਵਾਲਾ ਹਾਂ, ਉਚੀ ਜਾਤੀ ਵਿਚੋਂ ਹਾਂ; ਮੇਰਾ ਇਲਾਕੇ ਵਿਚ ਅਸਰ ਰਸੂਖ ਤੇ ਸਨਮਾਨ ਹੈ। ਸਤਿਗੁਰੂ ਜੀ ਨੇ ਫਰਮਾਇਆ:

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥' (ਪੰਨਾ ੪੬੯)

ਇਤਿਆਦਿਕ ਉਪਦੇਸ ਸਰਵਨ ਕਰਕੇ ਚੌਧਰੀ ਨੇ ਮੁਆਫੀ ਮੰਗੀ ਤੇ ਸਿੱਖੀ ਨੂੰ ਧਾਰਨ ਕੀਤਾ।

(੩) ਮਲੂਕ ਖਹਿਰਾ ਜੋਗੀਆਂ ਦਾ ਚੇਲਾ ਹੋਣ ਕਰਕੇ ਸਿੱਖਾਂ ਨਾਲ ਨਫਰਤ ਰਖਦਾ ਸੀ। ਜੋਗੀਆਂ ਦੀ ਸੰਗਤ ਕਰਕੇ ਸ਼ਰਾਬੀ-ਕਬਾਬੀ ਬਣ ਚੁੱਕਾ ਸੀ। ਇਕ ਦਿਨ ਵਿਰੋਧਤਾ ਕਰਦਾ ਹੋਇਆ ਮਿਰਗੀ ਦੇ ਦੌਰੇ ਨਾਲ ਕੋਠੇ ਤੋਂ ਡਿੱਗ ਕੇ ਮਰ ਗਿਆ ਸੀ।

(੪) ਮਾਹਣਾ ਅਰੋੜਾ ਗੁਰੂ ਕੇ ਲੰਗਰ 'ਚੋਂ ਦੋਨੀ ਵਖਤੀ ਰੋਟੀ ਛਕ ਕੇ ਵੀ ਸਿੱਖਾਂ ਨਾਲ ਲੜਿਆ ਕਰਦਾ ਸੀ। ਅੰਤ ਚੋਰੀ ਦੇ ਦੋਸ਼ ਅਧੀਨ ਜੇਲ੍ਹ ਵਿਚ ਮਰ ਗਿਆ ਸੀ।

**ਹਤੈਸ਼ੀ:**

(੧) ਚੌਧਰੀ ਤਖਤ ਮਲ ਖਹਿਰਾ ਸਤਿਗੁਰੂ ਜੀ ਦਾ ਪ੍ਰੇਮੀ ਸਿੱਖ ਸੀ। ਇਸਦੇ ਘਰੋਂ ਰੋਜ਼ਾਨਾ ਲੰਗਰ ਵਾਸਤੇ ਦੁੱਧ ਆਉਂਦਾ ਸੀ। ਆਇ ਵਿਦੇਸ਼ੀਆਂ ਨੂੰ ਵੀ ਇਹੋ ਸੰਭਾਲਦਾ ਸੀ।

(੨) ਭਾਈ ਜੀਵਾ ਰੋਜਾਨਾ ੪ ਮੀਲ ਤੋਂ ਗੁਰੂ ਜੀ ਵਾਸਤੇ ਖਿਚੜੀ ਤਿਆਰ ਕਰਕੇ ਲਿਉਂਦਾ ਸੀ। ਉਪਰੰਤ ਭਾਈ ਜੀਵੇ ਦੀ ਸਪੁੱਤਰੀ 'ਬੀਬੀ ਜਵਾਈ' ਇਹ ਸੇਵਾ ਕਰਦੀ ਰਹੀ।

(੩) ਭਾਈ ਕਟਾਰਾ ਤੇ ਭਾਈ ਜੋਧਾ ਦੋਨੋਂ ਲਾਂਗਰੀ ਸਨ।

(੪) ਭਾਈ ਮੂਲ ਸ਼ਾਹ ਖਜ਼ਾਨਚੀ ਸੀ।

(੫) ਭਾਈ ਸਾਦੂ ਬਾਦੂ ਕੀਰਤਨੀਏ ਸਨ।[40] (ਇਹ ਰਜ਼ਾਦੇ ਦੇ ਪੁੱਤਰ ਅਤੇ ਭਾਈ ਮਰਦਾਨੇ ਦੇ ਪੋਤਰੇ ਸਨ) ਇਸ ਤੋਂ ਬਿਨ੍ਹਾਂ ਭਾਈ ਖੇਮਾਂ, ਸੀਹਾਂ ਉਪਲ, ਗੁਜਰ ਲੁਹਾਰ ਫਤਿਆ ਬਾਦੀਆਂ, ਘਿੰਙਾਂ ਨਾਈ, ਪਾਰੋ ਜੁਲਕਾ, ਕਦਾਰੀ, ਧੀਰੂ, ਦੀਪਾ ਕਲਾਲ, ਹੁਸ਼ਿਆਰਪੁਰੀਆ, ਨਾਰਾਇਣ ਦਾਸ ਖਤ੍ਰੀ, ਸਾਧਾਰਨ, ਲਾਲੋ, ਬੂਲਾ ਤ੍ਰਖਾਨ ਇਤਿਆਦਿਕ ਪ੍ਰਸਿੱਧ ਸਿੱਖ ਗੁਰੂ ਜੀ ਦੀ ਹਜੂਰੀ ਵਿਚ ਰਹਿੰਦੇ ਸਨ। ਇਸ ਸਿੱਖ-ਨਾਮਾਵਲੀ ਦੀ ਵਿਆਖਿਆ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਕੀਤੀ ਹੈ:

ਪਾਰੋ ਜੁਲਕਾ ਪਰਮਹੰਸੁ ਪੂਰੈ ਸਤਿਗੁਰ ਕਿਰਪਾ ਧਾਰੀ।
ਮਲੂਸਾਹੀ ਸੂਰਮਾ ਵਡਾ ਭਗਤੁ ਭਾਈ ਕੇਦਾਰੀ।
ਦੀਪਾ ਦੇਉ ਨਰਾਇਣ ਦਾਸੁ ਬੂਲੇ ਦੇ ਜਾਈਐ ਬਲਿਹਾਰੀ।
ਲਾਲ ਸੁ ਲਾਲੂ ਬੁਧਿਵਾਨ ਦੁਰਗਾ ਜੀਵਦ ਪਰਉਪਕਾਰੀ।
ਜਗਾ ਧਰਣੀ ਜਾਣੀਐ ਸੰਸਾਰੂ ਨਾਲੇ ਨਿਰੰਕਾਰੀ।
ਖਾਨੂ ਮਾਈਆ ਪਿਉ ਪੁਤੁ ਹੈ ਗੁਣ ਗਾਹਕ ਗੋਵਿੰਦ ਭੰਡਾਰੀ।
ਜੋਧੁ ਰਸੋਈਆ ਦੇਵਤਾ ਗੁਰ ਸੇਵਾ ਕਰਿ ਦੁਤਰੁ ਤਾਰੀ।
ਪੂਰੈ ਸਤਿਗੁਰ ਪੈਜ ਸਵਾਰੀ (ਵਾਰ ਭਾਈ ਗੁਰਦਾਸ ੧੧/੧੫)

**ਲੰਗਰ:** ਸਤਿਗੁਰ ਅੰਗਦ ਦੇਵ ਜੀ ਮਹਾਰਾਜ ਕਰਤਾਰਪੁਰ ਵਿਚ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਪਵਿੱਤਰ ਹਜੂਰੀ ਵਿਚ ਸਤ ਸਾਲ ਰਹੇ। ਇਸ ਸਮੇਂ ਹਜੂਰ ਨੇ ਹੋਰ ਸੇਵਾ ਤੋਂ ਇਲਾਵਾ 'ਗੁਰੂ ਕੇ ਲੰਗਰ' ਦੀ ਪੂਰੀ ਤਰ੍ਹਾਂ ਟਰੇਨਿੰਗ ਲਈ। ਲੰਗਰ ਦੇ ਅਨਾਜ ਵਾਸਤੇ ਗੁਰੂ ਕੇ ਖੇਤਾਂ ਵਿਚ ਵਾਹੀ ਦਾ ਕੰਮ ਵੀ ਕਰਦੇ ਰਹੇ।

ਇਕ ਵਾਰ ਆਪ ਗੁਰੂ ਨਾਨਕ ਦੇਵ ਜੀ ਤੋਂ ਆਗਿਆ ਲੈ ਕੇ ਆਪਣੇ ਪਿੰਡ ਪਰਵਾਰ ਨੂੰ ਮਿਲਣ ਵਾਸਤੇ ਚਲੇ ਗਏ ਅਤੇ ਪਿੰਡ ਤੋਂ ਵਾਪਸ ਮੁੜਨ ਸਮੇਂ 'ਗੁਰੂ ਕੇ ਲੰਗਰ' ਵਾਸਤੇ ਇਕ ਬੋਰੀ ਲੂਣ ਦੀ ਲੈਕੇ ਆਇ।

ਭਾਵੇਂ ਆਪ ਜੀ ਨੇ ਸਾਰਾ ਘਰ ਹੀ ਸੁੰਦਰ ਤਿਆਰ ਕੀਤਾ ਸੀ ਕਿੰਤੂ 'ਗੁਰੂ ਕੇ ਲੰਗਰ' ਨੂੰ ਵਿਸ਼ੇਸ਼ ਸੁਹੱਪਣ ਦਿੱਤੀ ਸੀ। ਲੰਗਰ ਅੱਠੇ ਪਹਿਰ ਚਲਦਾ ਸੀ, ਸਮੂਹ ਸੰਗਤ ਨੂੰ ਰੋਜ਼ਾਨਾ ਖੀਰ ਅਤੇ ਕੜਾਹ ਪ੍ਰਸ਼ਾਦ ਤਿਆਰ ਕੀਤਾ ਜਾਂਦਾ ਸੀ। ਸਤਿਗੁਰੂ ਦੇ ਮਹਿਲ ਪੂਜਯ ਮਾਤਾ ਖੀਵੀ ਜੀ ਲੰਗਰ ਵਿਚ ਆਪ ਹਥੀਂ ਸੇਵਾ

---

40 ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਹਜੂਰੀ ਕੀਰਤਨੀਏ ਸੱਤਾ ਅਤੇ ਬਲਵੰਡ ਲਿਖੇ ਹਨ। ਇਨ੍ਹਾਂ ਦੀ ਰਚਿਤ ਵਾਰ ਰਾਗ ਰਾਮਕਲੀ ਤੋਂ ਇਹ ਗੱਲ ਠੀਕ ਵੀ ਜਾਪਦੀ ਹੈ। ਇਸ ਵਾਰ ਵਿਚ ਗੁਰੂ ਅੰਗਦ ਦੇਵ ਜੀ ਦਾ ਵਿਆਖਿਆ ਨਾਲ ਜ਼ਿਕਰ ਆਇਆ ਹੈ। (ਵੇਖੋ ਸ਼ਬਦਾਰਥ ਜਿ.੩ ਪੰਨਾ ੬੬ ਫੁਟਨੋਟ)

ਕਰਦੇ ਸਨ।[41] ਹਰ ਚੀਜ਼ ਦੇ ਲੈਣ ਦੇਣ ਦੀ ਮਾਤਾ ਜੀ ਦੀ ਜ਼ਿੰਮੇਵਾਰੀ ਸੀ। ਇਸ ਵਾਸਤੇ ਲੰਗਰ ਦਾ ਨਾਂਉ 'ਮਾਤਾ ਖੀਵੀ ਜੀ ਦਾ ਲੰਗਰ' ਪ੍ਰਸਿੱਧ ਹੋ ਗਿਆ। ਬਲਵੰਡ ਤੇ ਸਤੇ ਡੂਮਿ ਦੀ ਲਿਖੀ ਹੋਈ ਰਾਮਕਲੀ ਦੀ ਵਾਰ ਵਿਚ (ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਤ ਹੈ) ਮਾਤਾ ਜੀ ਦੀ ਲੰਗਰ ਦੀ ਸੇਵਾ ਦੀ ਉਚੇਚੇ ਪ੍ਰਸ਼ੰਸਾ ਕੀਤੀ ਹੈ।

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰ ਘਿਆਲੀ॥ (ਪੰਨਾ ੯੬੬)

ਆਪ ਜੀ ਦੇ ਲੰਗਰ ਬਾਰੇ ਡਾ. ਗੋਕਲ ਚੰਦ ਨਾਰੰਗ ਨੇ ਲਿਖਿਆ ਹੈ, 'ਗੁਰੂ ਅੰਗਦ ਦੇਵ ਜੀ ਨੇ ਇਸ ਸੰਸਥਾ (ਲੰਗਰ) ਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਦੱਸੇ ਉਦੇਸ਼ ਤੇ ਪ੍ਰਚਾਰ ਵਾਸਤੇ ਅਪਣਾਇਆ। ਗੁਰੂ ਜੀ ਦੇ ਸਿੱਖਾਂ ਦੇ ਦਾਨ-ਪੁੰਨਿ ਵਾਸਤੇ ਇਹ ਸੰਸਥਾ (ਲੰਗਰ) ਨੇ ਨਵੇਂ ਰਾਹ ਅਪਣਾਇ। ਹਿੰਦੂਆਂ ਵਿਚ ਵਿਅਕਤੀਗਤ ਦਾਨ-ਪੁੰਨਿ ਨਾਲ ਕਈ ਸਥਾਨ ਸਥਾਪਨ ਹੋਇ-ਹੋਇ ਹਨ ਕਿੰਤੂ ਗੁਰੂ ਕਾ ਲੰਗਰ ਪਹਿਲਾ ਛੇਤਰ ਸੀ ਜੋ ਸਮੁਚੀ ਕੌਮ ਦੀ ਸਾਂਝੀ ਭੇਟਾ ਨਾਲ ਚਲਦਾ ਸੀ ਅਤੇ ਸਿੱਖਾਂ ਨੂੰ ਪਹਿਲੀ ਸਿੱਖਿਆ ਇਹੀ ਦਿੱਤੀ ਜਾਂਦੀ ਸੀ ਕਿ ਉਹ 'ਗੁਰੂ ਕੇ ਲੰਗਰ' ਲਈ ਆਪਣਾ ਦਸਵੰਧ ਦੇਣ। ਲੰਗਰ ਦੇ ਜਾਰੀ ਰੱਖਣ ਦੇ ਉਦੇਸ਼ ਨੇ ਜਿੱਥੇ ਸਿੱਖਾਂ ਦਾ ਮਨ ਗੁਰੂ ਜੀ ਨਾਲ ਜੋੜੀ ਰੱਖਿਆ, ਉਥੇ ਇਸ ਸੰਸਥਾ (ਲੰਗਰ) ਨੇ ਇਸ ਕੌਮ ਨੂੰ ਏਕਤਾ ਵੀ ਪ੍ਰਦਾਨ ਕੀਤੀ। ਇਹ ਸੰਸਥਾ (ਲੰਗਰ) ਜਾਤ-ਪਾਤ ਬੰਧਨ ਤੋੜਨ ਵਾਸਤੇ ਸਹਾਇਕ ਸਿਧ ਹੋਈ ਕਿਉਂਕਿ ਗੁਰੂ ਜੀ ਕੇ ਲੰਗਰ ਵਿਚ ਅਮੀਰ, ਗਰੀਬ, ਬ੍ਰਾਹਮਣ, ਸੂਦਰ ਅਤੇ ਅਛੂਤ ਇਕੋ ਥਾਂ ਬੈਠ ਕੇ ਭੋਜਨ ਛਕਦੇ ਸਨ।

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥ (ਪੰਨਾ ੯੬੬)

**ਪਵਿੱਤਰ ਚੀਜ਼ਾਂ**

**ਸੋਟੀ**: ਸਤਿਗੁਰੂ ਅੰਗਦ ਦੇਵ ਜੀ ਮਹਾਰਾਜ ਦੀਆਂ ਪਵਿੱਤਰ ਚੀਜਾਂ ਜਿਆਦੇ ਨਹੀਂ ਮਿਲ ਸਕੀਆਂ। ਇਤਿਹਾਸ ਵਿਚ ਕੇਵਲ ਇਕ ਸੋਟੀ ਦਾ ਜ਼ਿਕਰ ਆਇਆ ਹੈ। ਜੋ ਹਜੂਰ ਨੇ ਪ੍ਰਸੰਨ ਹੋ ਕੇ ਭਾਈ ਜਗਤ ਰਾਮ ਅਰੋੜਾ ਕਾਬਲ (ਅਫਗਾਨਸਤਾਨ) ਨਿਵਾਸੀ ਨੂੰ ਬਖਸੀ ਸੀ। ਇਹ ਸੋਟੀ ਉਸ ਦੀ ਵੰਸ ਕੋਲ ਸਤਿਕਾਰ ਸਹਿਤ ਰੱਖੀ ਦੱਸੀ ਜਾਂਦੀ ਹੈ।[42]

**ਗੁਰਮੁਖੀ ਦਾ ਪ੍ਰਚਾਰ**: ਸਤਿਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਵਿਚ ਪੰਜਾਬੀ ਸਾਹਿਤ, ਗੁਰਬਾਣੀ, ਗੁਰਮਤਿ ਇਤਿਹਾਸ ਦੀ ਸੰਪਾਦਨਾ ਵਲ ਵਿਸ਼ੇਸ਼ ਧਿਆਨ ਦਿੱਤਾ। ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ (ਦੇਵਨਾਗਰੀ, ਟਾਕਰੀ, ਫਾਰਸੀ, ਲੰਡੇ ਆਦਿਕ) ਹੋਰ ਲਿਪੀਆਂ 'ਚੋ ਕੇਵਲ ਗੁਰਮੁਖੀ ਵਿਚ ਲਿਖ ਕੇ ਪੋਥੀ ਦਾ ਸੰਗ੍ਰਹਿ ਕੀਤਾ। ਗੁਰੂ ਬਾਬੇ ਦੇ ਚਰਿਤ੍ਰਾਂ ਦੀਆਂ ਗੋਸਟਾਂ ਲਿਖੀਆਂ, ਗੁਰਬਾਣੀ ਦੇ ਗੁਟਕੇ ਲਿਖਣ ਦਾ

41 ਭਾਈ ਦਾਤੂ ਅਤੇ ਦਾਸੂ ਹੱਟੀ ਕਰਕੇ ਰੁਜ਼ਗਾਰ ਤੋਰਦੇ ਸਨ, ਉਨ੍ਹਾਂ ਨੂੰ 'ਗੁਰੂ ਕੇ ਲੰਗਰ' ਚੋਂ ਪੂਜਾ ਧਾਨ ਖਾਣ ਦੀ ਆਗਿਆ ਨਹੀਂ ਸੀ। (ਤਵਾਰੀਖ ਗੁਰੂ ਖਾਲਸਾ ਪੰਨਾ ੫੪੨, ਗਿ. ਗਿਆਨ ਸਿੰਘ).

42 ਗੁਰਦਵਾਰੇ ਦਰਸਨ ਪੰਨਾ ੫੯੩ (ਗਿ. ਠਾਕਰ ਸਿੰਘ).

ਰਵਾਜ ਤੋੜਿਆ। ਗੁਰਮਤਿ ਸਾਹਿਤ ਲਿਖਣ, ਪੜ੍ਹਨ ਅਤੇ ਪ੍ਰਚਾਰ ਵਾਸਤੇ ਗੁਰਮੁਖੀ ਲਿਪੀ ਨੂੰ ਤਰਜੀਹ ਦਿੱਤੀ। ਹਰ ਸਿੱਖ ਨੂੰ ਗੁਰਮੁਖੀ ਅੱਖਰ ਪੜ੍ਹਨ ਦੀ ਹਦਾਇਤ ਕੀਤੀ ਗਈ। ਗੁਰੂ ਅੰਗਦ ਦੇਵ ਜੀ ਖੁਦ ਆਪਣੇ ਪਵਿੱਤਰ ਕਰ ਕੰਵਲਾਂ ਨਾਲ ਗੁਰਮੁਖੀ ਵਿਚ ਗੁਰਬਾਣੀ ਦਾ ਸੰਗ੍ਰਹਿ ਕਰਦੇ ਰਹਿੰਦੇ ਸਨ ਜਿਸ ਕਰਕੇ ਪ੍ਰਾਚੀਨ ਵਿਦਵਾਨਾਂ ਵਿਚ ਇਹ ਖਿਆਲ ਵੀ ਪ੍ਰਚਲਤ ਹੋ ਗਿਆ ਕਿ ਗੁਰਮੁਖੀ ਦੇ ਰਚਿਨਹਾਰ ਕੇਵਲ ਸਤਿਗੁਰੂ ਅੰਗਦ ਦੇਵ ਜੀ ਹਨ। 'ਸਾਖੀਆਂ ਗੁਰੂ ਅਮਰਦਾਸ ਭੱਲੇ ਕੀਆਂ' ਬਾਬਾ ਮੋਹਨ ਜੀ ਦੀ ਪਟਿਆਲੇ ਵਾਲੀ ਪੋਥੀ ਵਿਚੋਂ ਵੀ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ। ਵਿਦਵਾਨਾਂ ਦਾ ਅਨੁਮਾਨ ਹੈ ਕਿ ਇਹ ਪੋਥੀ ੧੫੬੫ ਅਤੇ ੧੫੭੪ ਦੇ ਵਿਚਕਾਰ ਲਿਖੀ ਗਈ ਹੈ। ਇਸਦੇ ਪੰਨਾ ੨੧੫ 'ਤੇ ਖੱਬੇ ਪਾਸੇ ਲਿਖਿਆ ਮਿਲਦਾ ਹੈ:

ਗੁਰੂ ਅੰਗਦ ਗੁਰਮੁਖੀ ਅਖਰ ਬਾਨਾਏ
ਬਾਬੇ ਦੇ ਅਗੇ ਸਬਦ ਭੇਟ ਕੀਤਾ।

ਇਨ੍ਹਾਂ ਪੰਕਤੀਆਂ ਦਾ ਅਰਥ ਕਰਦੇ ਹੋਇ ਭਾਈ ਸਾਹਿਬ ਵੀਰ ਸਿੰਘ ਜੀ ਨੇ ਇਸ ਤਰ੍ਹਾਂ ਲਿਖਿਆ ਹੈ:

'ਗੁਰੂ ਨਾਨਕ ਜੀ ਦੀ ਆਗਿਆ ਵਿਚ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਅਖਰ ਵਿਉਂਤੇ ਤੇ ਪਹਿਲਾ ਸ਼ਬਦ ਉਨ੍ਹਾਂ ਅਖਰਾਂ ਵਿਚ ਲਿਖਕੇ ਗੁਰੂ ਜੀ ਨੂੰ (ੲ) ਲਿਖਾਇਆ ਸੀ' 'ਇਹ ਗੁਰਮੁਖੀ ਲਿਪੀ ਬਾਰੇ ਪਰਾਣੇ ਤੋਂ ਪੁਰਾਣਾ ਹਵਾਲਾ ਹੈ ਜੋ ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਤੋਂ ਕੇਵਲ ੨੭ ਤੋਂ ੩੬ ਵਰ੍ਹੇ ਦੇ ਵਿਚਕਾਰ ਲਿਖਿਆ ਗਿਆ ਪ੍ਰਤੀਤ ਹੁੰਦਾ ਹੈ। 'ਗੁਰਮੁਖ ਮਾਰਗ' ਦੇ ਪੰਨਾ ੩/੪ ਤੇ ਕਵਿ ਸਾਹਿਬ ਸਿੰਘ ਜੀ 'ਮ੍ਰਿਗਿੰਦ' ਲਿਖਦੇ ਹਨ:

"ਇਸੀ ਹੇਤ ਕੋ ਸਮਝ ਕਰ ਸ੍ਰੀ ਗੁਰੂ ਜੀ ਮਹਾਰਾਜ ਕਰਣ ਕਾਰਣ ਜੋਤੀ ਸਰੂਪ ਗ੍ਰੀਬ ਨਿਵਾਜ ਸ੍ਰੀ ਗੁਰੂ ਅੰਗਦ ਜੀ ਦੂਸਰੇ ਸਚੇ ਪਾਤਸ਼ਾਹ ਜੀ ਨੇ ਇਸ ਦੇਸ ਕੀ ਭਾਖਾ ਕੇ ਅਨੁਸਾਰ ਗੁਰਮੁਖੀ ਬਚਨਾਂ ਕੀ ਰਚਿਨਾ ਕਰ ਪੈਂਤੀਸ ਅਖਰੋਂ ਕਾ ਨਿਬੰਧ ਕੀਆ। ਸ੍ਰੀ ਗੁਰੂ ਜੀ ਕੇ ਸ੍ਰੀ ਮੁਖ ਵਾਕ ਤੇ ਉਤਪਤਿ ਹੋਣੇ ਕਰ ਹੀ, ਇਨ ਅਖਰੋਂ ਕਾ ਨਾਮ ਗੁਰਮੁਖੀ ਪ੍ਰਸਿੱਧ ਹੂਆ......"[43]

ਪ੍ਰਸਿਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਲਿਪੀ ਰਚਿਨਾ ਦਾ ਸੰਮਤ ਦਿੰਦੇ ਹੋਇ ਲਿਖਦੇ ਹਨ: 'ਗੁਰਮੁਖੀ ਅਖਰ ਇਨ੍ਹਾਂ (ਸਤਿਗੁਰੂ ਅੰਗਦ ਦੇਵ ਜੀ) ਨੇ ਸੰ ੧੫੯੮ ਵਿਚ ਬਨਾਏ ਸੇ।'

ਮਹਿਮਾ ਪ੍ਰਕਾਸ਼ ਦੇ ਲੇਖਕ ਸਰੂਪ ਦਾਸ ਜੀ ਭੱਲਾ ਇਸੇ ਸਿਧਾਂਤ ਨੂੰ ਸਵੀਕਾਰ ਕਰਦੇ ਹਨ।

ਸ੍ਰੀ ਗੁਰੂ ਅੰਗਦ ਜੀ ਗ੍ਰਿਹ ਆਏ।
ਸਿੰਘਾਸਨ ਬੈਠੇ ਆਨੰਦ ਛਾਏ।
ਤਬ ਇਕ ਪੰਡਿਤ ਲੀਓ ਬੁਲਾਈ।
ਅਛਰ ਲਿਖ ਤਿਨ ਮਾਤ੍ਰਾ ਲਾਈ।

---

43 ਸੈਂਟਰਲ ਪਬਲਕ ਲਾਇਬਰੇਰੀ ਪਟਿਆਲਾ ਦੀ ਹਥ ਲਿਖੀ ਪਰਤੀ ਨੰ ੨੧੯੭.

ਗੁਰਮੁਖੀ ਅਖਰ ਨਾਮੁ ਤਿਨ ਧਰਾ।

ਸ੍ਰੀ ਮੁਖ ਬਾਨੀ ਲਿਖ ਪੋਥੀ ਕਰਾ।

ਡਾ. ਗਰੀਅਰਸਨ ਵੀ ਗੁਰਮੁਖੀ ਅੱਖਰ ਗੁਰੂ ਅੰਗਦ ਜੀ ਦੀ ਕਾਢ ਮੰਨਦਾ ਹੈ। ਇਤਿਆਦਿਕ ਸੈਂਕੜੇ ਲਿਖਤਾਂ ਦੇ ਬਾਵਜੂਦ ਇਹ ਗੱਲ ਨਿਸ਼ਚੇ ਹੋ ਚੁਕੀ ਹੈ ਕਿ ਗੁਰਮੁਖੀ ਲਿਪੀ[44] ਪੰਜਾਬ ਦੀ ਅਤਿ ਪ੍ਰਾਚੀਨ ਲਿਪੀ ਹੈ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸਤਿਗੁਰੂ ਅੰਗਦ ਦੇਵ ਜੀ ਬਾਰੇ ਇਹ ਰਵਾਇਤ ਕਿਸ ਤਰ੍ਹਾਂ ਪ੍ਰਚਲਤ ਹੋਈ? ਇਸਦਾ ਕਾਰਣ ਕੇਵਲ ਇਹ ਹੈ ਕਿ ਗੁਰਮੁਖੀ ਲਿਪੀ ਨੂੰ ਪ੍ਰਸਿੱਧ ਕਰਨ ਵਾਲੇ ਸਤਿਗੁਰੂ ਅੰਗਦ ਦੇਵ ਜੀ ਹੀ ਹਨ। ਆਪ ਜੀ ਨੇ ਇਸ ਲਿਪੀ ਦਾ ਅਤਿਅੰਤ ਪ੍ਰਚਾਰ ਕੀਤਾ। ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਇਸ ਲਿਪੀ ਵਿਚ ਲਿਖਿਆ। ਇਸ ਲਿਪੀ ਵਿਚ ਗੁਰੂ ਜੀ ਨੇ ਕਾਫੀ ਸੁਧਾਰ ਵੀ ਕੀਤਾ।

ਵਰਤਮਾਨ ਵਿਗਿਆਨਕ ਤਰਤੀਬ ਦਿਤੀ ਜਿਸ ਤਰ੍ਹਾਂ ਕਿ 'ੳ ਅ ੲ[45] ਸ ਹ ਕ ਖ ਗ ਘ ਙ ਚ ਛ ਜ ਝ ਞ ਟ ਠ ਡ ਢ ਣ ਤ ਥ ਦ ਧ ਨ ਪ ਫ ਬ ਭ ਮ ਯ ਰ ਲ ਵ ੜ।'

---

44 ਕੇਸਰ ਸਿੰਘ ਛਿਬਰ ਗੁਰਮੁਖੀ ਲਿਪੀ ਬਾਬਾ ਸ੍ਰੀ ਚੰਦ ਜੀ ਦੀ ਰਚਿਨਾ ਮੰਨਦੇ ਹਨ:

ਜੈਸੇ ਸਾਹਿਬ ਸ੍ਰੀ ਚੰਦ ਜੀ ਅਖਰ ਗੁਰਮੁਖੀ ਬਣਾਏ, ਅਗੇ ਸਾਸਤ੍ਰੀ ਪਾਰਸੀ ਟਾਕਰੇ ਆ ਹੈ।

........................................

ਸ੍ਰੀ ਚੰਦ ਸਾਹਿਬ ਉਤਮੁ ਕਰਮ ਠਹਿਰਾਇਆ, ਅੱਖਰ ਗੁਰਮੁਖੀ ਦਿੱਤੇ ਵਰਤਾਇਆ।

45 'ੳ' ਅਖਰ ਕੇਵਲ ਗੁਰਮੁਖੀ ਵਿਚ ਪਹਿਲੇ ਸਥਾਨ ਤੇ ਆਇਆ ਹੈ ਜਦੋਂ ਕਿ ਭਾਰਤ ਦੀਆਂ ਸਮੂਹ ਲਿਪੀਆਂ ਵਿਚ 'ਅ' ਪਹਿਲਾ ਆਉਂਦਾ ਹੈ। (ਕੇਵਲ ਟਾਕਰੀ ਦਾ ਆਰੰਭ 'ੳ' ਨਾਲ ਹੀ ਹੁੰਦਾ) ਹੈ ਇਹੀ ਕਰਮ ਪਾਣਿਨੀ ਦੀ 'ਅਸਟਾਧਿਆਈ' ਵਿਚ ਵੀ ਮੁੱਖ ਰਖਿਆ ਗਿਆ ਹੈ। 'ਅ' ਦੀ ਇਸ ਮਹਾਨਤਾ ਨੂੰ ਮੁੱਖ ਰੱਖਕੇ ਪਾਦਰੀ ਜੌਨ ਨਿਊਟਨ ਨੇ ਵੀ 'ਪੰਜਾਬੀ ਗ੍ਰਾਮਰ' ਵਿਚ 'ਅ, ੲ, ੳ' ਦੇ ਪੁਰਾਤਨ ਕਰਮ ਨੂੰ ਹੀ ਅਪਣਾਇਆ ਹੈ। ਹੋਰ ਪੰਜਾਬੀ ਪੁਸਤਕਾਂ ਵਿਚ ਵੀ 'ਅ, ੲ, ੳ; ਦੀ ਤਰਤੀਬ ਨੂੰ ਚਾਲੂ ਕਰਨ ਦੇ ਯਤਨ ਕੀਤੇ ਗਏ। ਖਾਲਸਾ ਟਰੈਕਟ ਸੁਸਾਇਟੀ ਦੇ 'ਗੁਰੂ ਗ੍ਰੰਥ ਕੋਸ਼' ਵਿਚ ਵੀ ਭਾ. ਸਾ. ਵੀਰ ਸਿੰਘ ਜੀ ਨੇ 'ਅ, ੲ, ੳ' ਦੇ ਅਨੁਸਾਰ ਤਰਤੀਬ ਦਿੱਤੀ ਹੈ। ਅਜੇਹੇ ਹੋਰ ਕਈ ਯਤਨਾਂ ਦੇ ਬਾਵਜੂਦ ਵੀ 'ੳ, ਅ, ੲ,' ਨੂੰ ਬਦਲਿਆ ਨਹੀਂ ਜਾ ਸਕਿਆ। ਇਹ ਠੀਕ ਹੈ 'ਸਾਂਝੀ ਸਤਰ' ਵਿਚ ਹੋਰ ਲਿਪੀਆਂ ਦੀ ਤਰ੍ਹਾਂ 'ਅ' ਆਪਣੇ ਪਹਿਲੇ ਸਥਾਨ ਵਿਚ ਵਿਦਮਾਨਯ ਹੈ। ਇਸ ਗੱਲ ਤੇ ਸਾਰੇ ਭਾਸ਼ਾ ਵਿਗਿਆਨੀ ਅਸ਼ਚਰਜ ਹਨ ਕਿ 'ੳ' ਨੂੰ ਗੁਰਮੁਖੀ ਵਿਚ ਪਹਿਲਾ ਸਥਾਨ ਕਿਸ ਮਹਾਨਤਾ ਨਾਲ ਦਿੱਤਾ ਗਿਆ? ਜਦੋਂ ਕਿ ਵਾਕ ਲਿਪੀਆਂ ਸਮੇਤ ਦੇਵਨਾਗਰੀ ਦੇ 'ਅ' ਦੇ ਵਿਧਾਨ ਨੂੰ ਸਵੀਕਾਰ ਕਰਦੀਆਂ ਹਨ ਕਿੰਤੂ ਪੰਡਿਤ ਕਰਤਾਰ ਸਿੰਘ ਜੀ ਦਾਖਾ ਨੇ ਆਪਣੀ ਪੁਸਤਕ 'ਗੁਰਮੁਖੀ ਹਿੰਦੀ ਟਾਕਰਾ' ਵਿਚ 'ੳ' ਦੀ ਪ੍ਰਿਥਮ ਮਹਾਨਤਾ ਦੀ ਵਿਆਖਿਆ ਕਰਦਿਆ ਲਿਖਿਆ ਹੈ- 'ੳ' ਨਾਭਿ ਵਿਚ ਬੋਲਣ ਕਰਕੇ ਮੁਦ੍ਰਾ ਧੁਨੀ ਦਾ ਪ੍ਰਤੀਨਿਧ ਹੈ। ਤਾਂ ਤੇ ਇਹ ਸਭ ਤੋਂ ਪਹਿਲੇ ਥਾਂ 'ਅ' ਮਧਯ ਲਈ ਹੋਣ ਕਰਕੇ ਦੂਸਰੇ ਥਾਂ (ਕੰਠ ਵਿਚ) ਅਤੇ 'ੲ' ਤੀਬਰ ਧੁਨੀ ਲਈ ਤਾਲੂ ਦੇ ਵਿਚਕਾਰ ਬੋਲਣ ਵਾਲੀ ਹੋਣ ਕਰਕੇ ਤੀਜੀ ਥਾਂ ਰਖੀ ਗਈ....' ਇਸ ਤੋਂ ਬਿਨ੍ਹਾਂ ਪੰਡਿਤ ਜੀ ਨੇ ਆਪਣੀ 'ਸ੍ਰੀ ਗੁਰੂ ਵਿਆਕਰਣ ਪੰਚਾਇਣ' ਦੇ ਪੰਨਾ ੩੩/੩੪/੩੫ ਤੇ 'ੳ' ਦੇ ਪ੍ਰਿਥਮ ਸਥਾਨ ਦੀ ਮਹਾਨਤਾ ਤੇ ੧੪ ਵਿਗਿਆਨਕ ਪ੍ਰਮਾਣ ਦਿੱਤੇ ਹਨ ਅਤੇ ਪੁਰ-ਜੋਰ ਸ਼ਬਦਾਂ ਵਿਚ 'ੳ' ਪ੍ਰਿਥਮ ਸਥਾਨ ਹੋਣਾ ਹੀ ਸਿੱਧ ਕੀਤਾ ਹੈ। ਇਸੇ ਤਰ੍ਹਾਂ 'ਅ' ਉੱਤੇ ਚਾਰ ਪ੍ਰਮਾਣ ਦੇ ਕੇ ਉਸ ਦਾ ਦੂਸਰੇ ਦਰਜੇ ਹੋਣਾ ਹੀ ਠੀਕ ਮੰਨਿਆ ਹੈ। 'ੲ' ਦਾ ਪ੍ਰਮਾਣਾ ਸਹਿਤ ਤੀਸਰਾ ਦਰਜਾ ਹੀ ਜੋਗ ਸਮਝਿਆ ਜਾਂਦਾ ਹੈ ਬਲਕੇ ਪੰਡਿਤ ਜੀ ਨੇ ਮਹਾਂ ਰਿਸ਼ੀ ਪਾਣਿਨੀ ਜੀ ਦੀ 'ਅਸਟਾ ਧਿਆਈ' 'ਚ 'ਅ' ਨੂੰ ਪ੍ਰਿਥਮ ਸਥਾਨ ਦੇਣਾ 'ੲ' ਨੂੰ ਦੂਸਰਾ ਤੇ 'ੳ' ਨੂੰ ਤੀਸਰੇ ਥਾਂ ਰੱਖਣਾ ਭਾਸ਼ਾ ਵਿਗਿਆਨ ਅਨੁਸਾਰ ਗਲਤ ਮੰਨਿਆ ਹੈ।

ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਆਸਾ ਦੀ ਪਟੀ ਮਹਲਾ ੧ ਵਿਚ ਉਪ੍ਰੋਕਤ ਤਰਤੀਬ ਨਹੀਂ ਮਿਲਦੀ। ਇਹ ਗੱਲ ਨਿਸ਼ਚੇ ਨਾਲ ਮੰਨਣੀ ਪਵੇਗੀ ਕਿ ਗੁਰੂ ਨਾਨਕ ਕਾਲ ਵਿਚ ਇਹ ਵਰਨ ਮਾਲਾ ਦਾ ਅੱਖਰ ਕਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਤਰ੍ਹਾਂ ਮਿਲਦਾ ਹੈ। 'ਸ ੲ ੳ ਙ ਕ ਖ ਗ ਘ ਚ ਛ ਜ ਝ ਞ ਟ ਠ ਡ ਢ ਣ ਤ ਥ ਦ ਧ ਨ ਪ ਫ ਬ ਭ ਮ ਯ ਰ ਲ ਵ ੜ ਹ ੜ ਹ ਅ'।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਅੰਗਦ ਦੇਵ ਜੀ ਤੋਂ ਪਹਿਲਾ ਦੀ ਅੱਖਰ ਕਰਮ ਅਨੁਸਾਰ ਦੋ ਥਾਵਾਂ ਤੇ ਹੋਰ ਬਾਣੀ ਲਿਖੀ ਮਿਲਦੀ ਹੈ। ਪਹਿਲੀ ਹੈ ਗੁਰੂ ਨਾਨਕ ਦੇਵ ਜੀ ਦੀ ਰਚਿਨਾ 'ਦਖਣੀ ਓਅੰਕਾਰ' ਜਿਸ ਦਾ ਅਖਰ ਕਰਮ ਉੱਤੇ ਦਿੱਤੀ ਪਟੀ ਨਾਲੋਂ ਭਿੰਨ ਹੈ ਜੋ ਇਸ ਤਰ੍ਹਾਂ ਹੈ:

'ਓ ਅੰ ਸ ਧ ਙ ਏ ਇ ੲ ਊ ਉ ਰ ਰ ਲ ਲ ਅ ਜ ਵ ਗ ਕ ਖ ਗ ਙ ਚ ਛ ਜ ਝ ਞ ਟ ਠ ਡ ਢ ਣ ਤ ਥ ਦ ਧ ਨ ਪ ਫ ਬ ਭ ਮ ਜ ਰ ਲ ਵ ੜ ਸ ਖ ਸ ਹ ਲ ਪ ਪ'

ਦੂਸਰੀ ਬਾਣੀ ਹੈ ਸਤਿਗੁਰੂ ਅਮਰਦਾਸ ਜੀ ਦੀ ਪਟੀ ਗੁਰੂ ਅਮਰਦਾਸ ਜੀ ਭਾਵੇਂ ਤੀਸਰੇ ਸਤਿਗੁਰੂ ਸਨ ਪਰ ਉਮਰ ਵਲੋਂ ਗੁਰੂ ਨਾਨਕ ਦੇ ਸਮਕਾਲੀ ਸਨ। ਗੁਰੂ ਨਾਨਕ ਜੀ ਦਾ ਅਵਤਾਰ ਸੰਨ ੧੪੬੯ ਈ. ਨੂੰ ਹੋਇਆ ਅਤੇ ਗੁਰੂ ਅਮਰਦਾਸ ਜੀ ੧੪੭੯ ਈ. ਵਿਚ ਕੇਵਲ ਉਮਰ ਵਿਚ ੧੦ ਸਾਲ ਦਾ ਫਰਕ ਬਣਦਾ ਹੈ। ਇਸ ਵਾਸਤੇ ਤੀਸਰੇ ਗੁਰੂ ਜੀ ਨੇ ਗੁਰੂ ਅੰਗਦ ਜੀ ਤੋਂ ਪਹਿਲਾਂ ਦੀ ਪ੍ਰਚਲਤ ਲਿਪੀ ਸਿਖੀ ਹੋਵੇਗੀ। ਇਸੇ ਵਾਸਤੇ ਰੀ, ਰੀ, ਲਲੀ ਆਦਿਕ ਦੇਵਨਾਗਰੀ ਦਾ ਪ੍ਰਯੋਗ ਕੀਤਾ ਗਿਆ ਹੈ। ਉਚਾਰਨ ਤਰੀਕਾ ਲੰਡਿਆਂ ਦੀ ਮੁਹਾਰਨੀ ਵਾਲਾ ਹੈ ਜੋ ਗੁਰੂ ਜੀ ਨੇ ਦੁਕਾਨ ਦੇ ਲੇਖੇ ਵਾਸਤੇ ਛੋਟੀ ਉਮਰ ਵਿਚ ਸਿਖੇ ਹੋਣਗੇ। ਅੱਖਰ ਕਰਮ ਇਸ ਤਰ੍ਹਾਂ ਹੈ:

'ਅਯੋ ਅੰਙੈ ਕਾਖੈ ਘੰਙੈ ਰੀ ਰੀ ਲਲੀ ਸਿੰਧੜਾਇਆ ਨਨੈ ਛਛੈ ਬਬੈ ਜਜੈ ਸਸੈ ਮਮੈ ਕੱਕੈ ਤਤੇ ਥਥੈ ਦਦੈ ਪਪੈ ਭਭੈ ਵਵੈ ਝਝੈ ਧਧੈ ਗਗੈ ਹਾਹੈ ਗਗੈ'

ਇਹ ਹੈ ਗੁਰੂ ਅੰਗਦ ਜੀ ਤੋਂ ਪਹਿਲਾਂ ਦੀਆਂ ਲਿਪੀਆਂ ਦਾ ਅੱਖਰ ਕਰਮ ਜੋ ਵਿਗਿਆਨਕ ਨਹੀਂ। ਸ੍ਵਰ ਅਤੇ ਵਿਅੰਜਨ ਅੱਖਰਾਂ ਦਾ ਕਰਮ ਗਲਤ ਹੈ। ਗੁਰੂ ਨਾਨਕ ਦੀ ਪਟੀ ਵਿਚ ਪਹਿਲਾਂ 'ਸ' ਵਿਅੰਜਨ ਰੱਖਕੇ ਫਿਰ 'ੲ' 'ੳ' ਸ੍ਵਰ ਆ ਗਿਆ। ਇਹੀ ਹਾਲਤ ਬਾਕੀ ਵਰਨਮਾਲਾ ਦੀ ਹੈ। ਜੋ ਸਰਬ ਸਮਰੱਥ ਸਤਿਗੁਰੂ ਅੰਗਦ ਦੇਵ ਜੀ ਨੇ ਦੀਰਘ ਦ੍ਰਿਸਟੀ ਨਾਲ ਵੀਚਾਰ ਕੇ ਇਸ ਲਿਪੀ ਦਾ ਸੁਧਾਰ ਕੀਤਾ। ਤਿੰਨੈ ਸ੍ਵਰ ਪਹਿਲਾਂ 'ੳ' ਦੂਜੇ ਥਾਂ 'ਅ' ਤੀਜੇ ਥਾਂ 'ੲ' ਰੱਖਕੇ ਵਿਧਾਨ ਕੀਤਾ।

ਅਜੇਹੇ ਅਣਥੱਕ ਸੁਧਾਰ ਕਰਨ ਕਰਕੇ ਹੀ ਜਨ ਸਧਾਰਨ ਵਿਚ ਇਹ ਗੱਲ ਪ੍ਰਸਿਧ ਹੋਈ ਪ੍ਰਤੀਤ ਹੁੰਦੀ ਹੈ ਕਿ ਇਸ ਲਿਪੀ ਦੇ ਜਨਮ ਦਾਤਾ ਗੁਰੂ ਅੰਗਦ ਜੀ ਸਨ। ਇਹ ਠੀਕ ਹੈ, ਪਹਿਲਾ ਇਸ ਲਿਪੀ ਨੂੰ 'ਗੁਰਮੁਖੀ' ਨਾਂਉ ਸਤਿਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਦੇ ਕੇ ਹੀ ਨਵਾਜ਼ਿਆ ਹੈ। ਵਾਸਤਵ ਵਿਚ ਗੁਰੂ ਅੰਗਦ ਦੇਵ ਜੀ ਗੁਰਮੁਖੀ ਅੱਖਰ ਲਿਪੀ ਦੇ ਪ੍ਰਚਾਰਕ ਸਨ। ਇਸ ਗੱਲ ਨਾਲ ਸਾਰੇ ਵਿਦਵਾਨ ਸਹਿਮਤ

ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ, 'ਕਈ ਲੇਖਕਾਂ ਨੇ ਲਿਖਿਆ ਹੈ ਕਿ ਗੁਰਮੁਖੀ ਅੱਖਰ ਗੁਰੂ ਅੰਗਦ ਦੇਵ ਜੀ ਨੇ ਰਚੇ ਹਨ, ਪਰ ਇਹ ਭੁਲ ਹੈ। ਸ੍ਰੀ ਗੁਰੂ ਅੰਗਦ ਸ੍ਵਾਮੀ ਨੇ ਕੇਵਲ ਪ੍ਰਚਾਰ ਕੀਤਾ ਹੈ।[46]'

ਪੰਡਿਤ ਕਰਤਾਰ ਸਿੰਘ ਜੀ ਦਾਖਾ ਲਿਖਦੇ ਹਨ, 'ਇਨ੍ਹਾਂ ਅਖਰਾਂ ਵਿਚ ਗੁਰੂ ਅੰਗਦ ਜੀ ਮਹਾਰਾਜ ਨੇ ਗੁਰਬਾਣੀ ਦਾ ਪ੍ਰਚਾਰ ਸਾਹਿਤਕ ਰੂਪ ਵਿਚ ਕਰਨ ਲਈ ਗੁਰਬਾਣੀ ਦੀਆਂ ਪੋਥੀਆਂ, ਬਾਲ ਉਪਦੇਸ਼ ਅਤੇ ਗੁਰੂ ਘਰ ਦੀਆਂ ਸਾਖੀਆਂ ਲਿਖੀਆਂ ਜਿਸ ਕਰਕੇ ਗੁਰਮੁਖੀ ਅਖਰ ਗੁਰੂ ਅੰਗਦ ਜੀ ਦੇ ਬਨਾਏ ਮੰਨੇ ਗਏ।'[47]

ਸ. ਜੀ. ਬੀ. ਸਿੰਘ ਨੇ ਆਪਣੀ ਪੁਸਤਕ 'ਗੁਰਮੁਖੀ ਦਾ ਜਨਮ ਤੇ ਵਿਕਾਸ' ਵਿਚ ਵਿਸਤਾਰ ਨਾਲ ਬਹਿਸ ਕੀਤੀ ਹੈ। ਜਿਸ ਦਾ ਨਤੀਜਾ ਇਹ ਕਢਿਆ ਹੈ ਕਿ 'ਗੁਰਮੁਖੀ ਲਿਪੀ ਹੋਰ ਲਿਪੀਆਂ ਦੀ ਤਰ੍ਹਾਂ 'ਬ੍ਰਹਮੀ ਲਿਪੀ' ਵਿਚੋਂ ਵਿਕਸਤ ਹੋਈ ਹੈ। ਅਜ ਵੀ ਗੁਰਮੁਖੀ ਦਾ ਬ੍ਰਹਮੀ ਨਾਲ ਗੂੜਾ ਸੰਪਰਕ ਕਾਇਮ ਹੈ। ਭਾਰਤ ਵਿਚ ਆਇਆ ਬਾਰ੍ਹਵੀਂ ਸਦੀ ਦਾ ਵਿਦੇਸ਼ੀ ਯਾਤ੍ਰੀ ਐਲ ਬਰੂਨੀ ਦਸਦਾ ਹੈ ਕਿ ਉਸ ਸਮੇਂ ਦੇ ਪੰਜਾਬ ਵਿਚ ਤਿੰਨ ਲਿਪੀਆਂ ਪ੍ਰਚਲਤ ਸਨ।  ਅਰਧ ਨਾਗਰੀ, ਸਿਧ ਮਾਤ੍ਰਕਾ ਅਤੇ ਭਟ ਅਛਰੀ।' ਸ. ਜੀ. ਬੀ. ਸਿੰਘ ਦੇ ਖਿਆਲ ਅਨੁਸਾਰ ਭਟ ਅਛਰੀ ਗੁਰਮੁਖੀ ਲਿਪੀ ਦਾ ਪਹਿਲਾਂ ਨਾਂਉ ਪ੍ਰਤੀਤ ਹੁੰਦਾ ਹੈ।

ਸ. ਜੀ. ਬੀ. ਸਿੰਘ ਨੇ ਇਕ ਹੋਰ ਸਬੂਤ ਦਿੰਦੇ ਹੋਇ ਲਿਖਿਆ ਹੈ ਕਿ 'ਪਿੰਡ ਹਠੂਰ (ਜ਼ਿਲ੍ਹਾ ਲੁਧਿਆਣਾ) ਵਿਚ ਮਕਬਰਿਆ ਤੇ ਕੁਝ ਦਸਤਖਤ ਤਾਰੀਖਾਂ ਸਮੇਤ ਗੁਰਮੁਖੀ ਵਿਚ ਹਨ; ਜੋ ਗੁਰੂ ਨਾਨਕ ਜੀ ਦੇ ਪ੍ਰਗਟ ਹੋਣ ਤੋਂ ਵੀ ੫੦ ਸਾਲ ਪਹਿਲਾਂ ਦੇ ਹਨ। ਅੱਗੇ ਛੇਵੀਂ ਸਤਵੀਂ ਸਦੀ ਦੇ ਇਕ ਸਿੱਕੇ ਫੋਟੋ ਵੀ ਦਿਤੀ ਹੈ, ਜਿਸ ਉੱਤੇ ਗੁਰਮੁਖੀ ਅੱਖਰ ਅੰਕਤ ਹਨ।'

ਭਾਰਤੀ ਪ੍ਰਾਚੀਨ ਲਿਪੀਮਾਲਾ (ਲੇਖਕ ਪੰਡਿਤ ਗੋਰੀ ਸ਼ੰਕਰ ਹੀਰਾ ਚੰਦ ਉਝਾ) ਆਦਿਕ ਗ੍ਰੰਥਾਂ ਦੇ ਅਧਿਐਨ ਤੋਂ ਇਹ ਗਲ ਤਾਂ ਨਿਸਚੇ ਹੋ ਜਾਂਦੀ ਹੈ ਕਿ ਪ੍ਰਾਚੀਨ ਲਿਪੀਆਂ ਸਮੇਤ ਗੁਰਮੁਖੀ ਦੇ ਕਿੰਨੀਆਂ ਹੀ ਸਦੀਆਂ ਵਿਚ ਵਿਕਾਸ ਕਰਕੇ ਵਰਤਮਾਨ ਰੂਪ ਅਖਤਿਆਰ ਕਰ ਸਕੀਆਂ ਹਨ। ਇਹ ਗਲ ਨਿਰ ਸੰਦੇਹ ਆਖੀ ਜਾ ਸਕਦੀ ਹੈ ਕਿ ਦੁਨੀਆਂ ਦੀ ਕੋਈ ਵੀ ਲਿਪੀ ਇਕੋ ਦਿਨ ਹੋਂਦ ਵਿਚ ਨਹੀਂ ਆਈ।

ਇਥੇ ਜ਼ਿਕਰਯੋਗ ਹੈ ਕਿ ਗਿਆਨੀ ਜੀ ਨੇ ਜੀ.ਬੀ ਸਿੰਘ ਦੀ ਜਿਸ ਪੁਸਤਕ ਨੂੰ ਅਧਾਰ ਬਣਾ ਕੇ ਗੁਰਮੁਖੀ ਲਿਪੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ, ਉਨ੍ਹਾਂ ਦਾ ਬੜੀ ਵਿਦਵਤਾ ਸਹਿਤ ਜਵਾਬ ਪੰਡਿਤ ਕਰਤਾਰ ਸਿੰਘ ਜੀ ਦਾਖਾ ਨੇ ਦਿਤਾ ਸੀ ਜਿਸਨੂੰ ਗਿਆਨੀ ਬਲਵੰਤ ਸਿੰਘ ਜੀ ਨੇ ਉਧਰਤਿ ਵੀ ਕੀਤਾ ਹੈ। ਗਿਆਨੀ ਜੀ ਕਿਸੇ ਨਿਰਣੈ ਉਤੇ ਨਹੀਂ ਪਹੁੰਚ ਸਕੇ। ਅਸਲ ਗੱਲ ਇਹ ਹੈ ਕਿ ਜੀ.ਬੀ ਸਿੰਘ ਦਾ ਮਨਸ਼ਾ ਅਕਾਦਮਿਕ ਨਹੀਂ ਸੀ ਬਲਕਿ ਗੁਰੂ ਸਾਹਿਬ ਦੁਆਰਾ ਗੁਰਮੁਖੀ ਲਿਪੀ ਦੇਣ ਦਾ ਨਿਸ਼ੇਧ ਕਰਨਾ ਸੀ। ਪੰਡਿਤ ਕਰਤਾਰ ਸਿੰਘ ਦਾਖਾ ਜੀ ਨੇ ਸਪੱਸ਼ਟ ਕੀਤਾ ਹੈ ਕਿ ਗੁਰਮੁਖੀ ਲਿਪੀ ਦੇ ਨਿਰਮਾਤਾ ਗੁਰੂ ਸਾਹਿਬਾਨ ਹੀ ਹਨ।[48]

46 ਮਹਾਨ ਕੋਸ਼ ਪੰਨਾ ੩੧੩, ਕਾਲਮ ੩, ਛਾਪ ੨।

47 ਗੁਰਮੁਖੀ ਹਿੰਦੀ ਦਾ ਟਾਕਰਾ, ਪੰਨਾ ੪੩।

48 ਵੇਖੋ ਗੁਰਮੁਖੀ ਹਿੰਦੀ ਟਾਕਰਾ, ਪੰਨਾ ੪੩.

**ਜਪੁ ਸੰਪਾਦਨ:** 'ਜਪੁ ਨਿਸਾਣ' ਸਤਿਗੁਰੂ ਨਾਨਕ ਦੇਵ ਜੀ ਦੀ ਮਹਾਨ ਰਚਿਨਾ ਹੈ। ਇਸ ਰਚਿਨਾ ਦੇ ਸੰਪਾਦਨ ਬਾਰੇ ਸਿੱਖਾਂ ਵਿਚ ਦੋ ਵੀਚਾਰ ਪ੍ਰਚਲਤ ਹਨ।

ਪੰਡਿਤ ਕਰਤਾਰ ਸਿੰਘ ਜੀ 'ਦਾਖਾ' ਨੇ 'ਜਪੁ ਨਿਸ਼ਾਣ' ਦਾ ਸੰਗ੍ਰਹਿ ਸਤਿਗੁਰੂ ਰਾਮਦਾਸ ਜੀ ਮਹਾਰਾਜ ਦਾ ਉਪਕਾਰ ਮੰਨਿਆ ਹੈ। ਸੰਤ ਵਿਸਾਖਾ ਸਿੰਘ ਜੀ ਕਿਸ਼ਨਪੁਰ ਕਲ੍ਹਾਂ ਨੇ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ।[49] ਇਹ ਗੱਲ ਤਾਂ ਪ੍ਰਸਿੱਧ ਹੈ ਕਿ ਸਤਿਗੁਰੂ ਰਾਮਦਾਸ ਜੀ ਮਹਾਰਾਜ ਦਾ ਆਪਣੇ ਪਵਿਤਰ ਕਰ ਕੰਵਲਾਂ ਨਾਲ ਅੰਕਤ ਕੀਤਾ ਹੋਇਆ 'ਜਪੁ ਨਿਸਾਣ' ਦਾ ਗੁਟਕਾ ਪੁਰਾਤਨ ਗੁਰਸਿੱਖਾਂ ਵਿਚ ਪ੍ਰਮਾਣੀਕ ਤੇ ਕਸਵਟੀ ਦਾ ਚਿੰਨ੍ਹ ਮੰਨਿਆ ਜਾਂਦਾ ਸੀ। 'ਜਪੁ ਸੰਹਿਤਾ' ਦੇ ਲਿਖਾਰੀ ਅੰਤ ਵਿਚ ਇਹ ਗਲ ਬੜੇ ਮਾਣ ਨਾਲ ਲਿਖਿਆ ਕਰਦੇ ਸਨ ਕਿ ਇਹ ਉਤਾਰ (ਨਕਲ) ਗੁਰੂ ਰਾਮਦਾਸ ਜੀ ਦੇ ਗੁਟਕੇ ਦਾ ਹੈ। ਦਸਵੀਂ-ਦਸਵੀਂ, ਬਾਰਵੀਂ ਬਾਰਵੀ ਥਾਂਉ ਤੱਕ ਦੇ ਉਤਾਰ ਵੇਖੇ ਗਏ ਹਨ ਜੋ ਇਸ ਤਰ੍ਹਾਂ ਬੜੇ ਫ਼ਖਰ ਨਾਲ ਲਿਖਦੇ ਹਨ, 'ਜਪੁ ਗੁਰੂ ਰਾਮਦਾਸ ਜੀਉ ਕਿਆ ਦਸਖਤਾਂ ਕਾ ਨਕਲ ਥਾ। ਤਿਸ ਕਾ ਨਕਲ, ਨਕਲ ਕਾ ਨਕਲ, ਨਕਲ ਕਾ ਨਕਲ'

ਅਜੇਹੇ ਸ਼ਬਦ ਸੈਂਕੜੇ ਲਿਖਤੀ ਗੁਰੂ ਗ੍ਰੰਥ ਸਾਹਿਬ ਅਤੇ ਗੁਟਕਿਆਂ ਵਿਖੇ ਵੇਖੇ ਜਾ ਸਕਦੇ ਹਨ ਕਿੰਤੂ ਇਤਿਹਾਸ/ਲਿਖਤੀ ਨੁਸਖੇ ਇਸ ਗੱਲ ਦੀ ਜੋਰਦਾਰ ਸ਼ਬਦਾਂ ਨਾਲ ਪ੍ਰੋੜ੍ਹਤਾ ਕਰਦੇ ਹਨ ਕਿ 'ਜਪੁ ਸੰਹਿਤਾ' ਦਾ ਵਰਤਮਾਨ ਸੰਪਾਦਨ ਸਤਿਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਕੀਤਾ ਹੋਇਆ ਹੈ। ਹੈ ਵੀ ਠੀਕ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਤੋਂ ਕਰਮਵਾਰ ਪਉੜੀਆਂ ਦੀ ਸੰਪਾਦਨਾ ਕਰਵਾਈ ਹੋਵੇਗੀ। ਅੰਤ ਵਿਚ ਗੁਰੂ ਅੰਗਦ ਦੇਵ ਜੀ ਦਾ ਸਲੋਕ 'ਪਵਣ ਗੁਰੂ ਪਾਣੀ ਪਿਤਾ...' ਵਾਲਾ ਵੀ ਇਸ ਗਲ ਦਾ ਸਬੂਤ ਹੈ ਕਿ ਅੰਤ ਗੁਰੂ ਜੀ ਨੇ ਆਪਣਾ ਇਕ ਸਲੋਕ ਮੁੰਦਾਵਣੀ ਰੂਪ ਅੰਕਤ ਕੀਤਾ। ਕਵਿ ਰਤਨ ਭਾਈ ਸੰਤੋਖ ਸਿੰਘ ਜੀ ਇਸ ਵਿਸ਼ੇ ਤੇ ਵਿਆਖਿਆ ਨਾਲ ਲਿਖਦੇ ਹਨ:

ਮਮ ਬਾਨੀ ਗੁਨਖਾਨੀ ਦੇਖਾ।
ਲੀਜੈ ਬੀਨੈ ਬੀਨ ਵਿਸ਼ੇਖਾ।
ਹਮਹਿਂ ਸੁਨਾਵਤਿ ਜਾਉ ਉਚਾਰਾ।
ਬੰਧ ਮ੍ਰਿਜਾਦ ਕਰਹੁ ਉਪਕਾਰਾ।੯੩।
..................................
ਸੁਨਿ ਸ੍ਰੀ ਅੰਗਦ ਬੰਦਨ ਠਾਨੀ।
ਬੀਨ ਬੀਨ ਨੀਕੇ ਗੁਰਬਾਨੀ।
ਆਨਿ ਸੁਨਾਵਨਿ ਕੀਨਿ ਸੁਹਾਨੀ।
ਤਬਿ 'ਜਪੁ' ਨਾਮ ਧਰਯੋ ਗੁਨਖਾਨੀ।'[50]

---

49 ਮਾਲਵਾ ਇਤਿਹਾਸ ਜਿਲਦ ਪਹਿਲੀ ਪੰਨਾ ੩੩

50 ਨਾਨਕ ਪ੍ਰਕਾਸ਼ ਉਤ੍ਰਾਰਧ ਧਿ.੫੨

ਇਕ ਪੁਰਤਨ ਨੁਸਖੇ ਵਿਚ ਲਿਖਿਆ ਹੈ, "ਸ੍ਰੀ ਬਾਬਾ ਨਾਨਕ ਦੇਵ ਜੀ ਏਕ ਦਿਨ ਪੰਜਾਬ ਕੀ ਧਰਤੀ ਸ੍ਰੀ ਕਰਤਾਰਪੁਰ  ਬੈਠਾ ਥਾ...। ...ਬਾਬੇ ਨਾਨਕ ਜੀ ਕਿਹਾ ਪੁਰਖਾ ਅੰਗਦਾ...ਏਕ ਐਸੀ ਸਿਫਤ ਕਰਨੀ ਪਰਮੇਸ਼ਰ ਕੀ ਜਿਸ ਕਾ ਏਕ 'ਜਪੁ' ਹੋਵੇ। ਐਸੀ ਸਿਫਤ ਕਾ 'ਜੋੜੁ ਬਾਂਧੀਏ'...। ਫਿਰ ਅੰਗਦ ਸਿੱਖ ਬੇਨਤੀ ਕੀਤੀ ਜੋ ਭਲਾ ਹੋਵੇ ਜੋ ਕੁਛ ਤੂੰ ਕਰੇਂ ਸੋ 'ਸਭ ਜਪੁ' ਹੈ। ਤਬ ਗੁਰੂ ਬਾਬੇ ਨਾਨਕ ਜੀ ਪਰਮੇਸ਼ਰ ਪਾਰਬ੍ਰਹਮ ਕੀ ਉਸਤਤਿ ਸਿਫਤ ਸਲਾਹ ਕਾ 'ਜਾਪ' ਕੀਆ... ਬਾਬੇ ਨਾਨਕ ਅੰਗਦ ਸਿਖ ਨੂੰ ਆਗਿਆ ਕੀਤੀ ਸੂ, ਪੁਰਖਾਂ! ਤੂੰ ਜੋ ਹੈਂ, ਸੋ ਹਉਂ ਹਾਂ। ਜਿਥੇ ਮੇਰੇ ਆਖਣ ਦੀਆਂ ਪਉੜੀਆਂ ਤੇ ਸਲੋਕ ਹੈਨ ਸੋ ਤੂੰ ਉਹ ਸਲੋਕ ਸ਼ਬਦ ਲੇਕਰ ਧੁਰੋਂ ਸਭ ਇਸੁ 'ਜਪੁ' ਵਿਚ ਅਨ ਅਨ ਬਨ੍ਹਾਉ ਅਤੇ ਮੈਨੂੰ ਸੁਣਾਦਾ ਜਾਉ, ਜਿਵੇਂ ਪਰਮੇਸਰ ਦੀਆਂ ਸਿਫਤਾਂ ਦੀਆਂ ਪਉੜੀਆਂ ਹੈਨ ਤਿਉਂ ਤਿਉਂ ਅਨ ਅਨ ਬਨ੍ਹਾਉਂਦਾ ਜਾਉ। 'ਜਪੁ ਰਾਸ ਕਰ'। ਸਬਦ ਸਲੋਕ ਬਹੁਤ ਬਾਬੇ ਦੇ ਮੂੰਹ ਕੇ ਬਚਨ ਪਰ ਆ ਗਿਆ। ਬਾਬੇ ਦੇ ਨਾਲ ਜਿਉਂ ਜਿਉਂ ਪਉੜੀਆਂ ਪਾਰਬ੍ਰਹਮ ਕੀ ਸਿਫਤ ਸਲਾਹ ਕੀਆਂ, ਤਿਉਂ ਤਿਉਂ ਬਾਬੇ ਨਾਨਕ ਦੇ ਹਜੂਰ ਅੰਗਦ ਸਿਖ ਆਣ ਆਣ ਕਹੀਆਂ। ਤਿਉਂ ਤਿਉਂ ਚੁਣ ਚੁਣ ਬਾਬੇ ਜੀ ਨੂੰ ਸੁਣਾਵਦਾ ਜਾਏ। ਤਬ ਬਾਬਾ ਜੀ ਕਹੇ ਸ਼ਬਾਸ਼ ਪੁਰਖਾ! ਇਹ ਇਸ ਥਾਂਉ ਲੱਗਦੀ ਪਉੜੀ ਇਹ ਥਾਉ ਬਣਦੀ ਹੈ। ਸ਼ਾਬਾਸ਼ ਪੁਰਖਾ! ਇਹ ਇਸ ਥਾਂਉ ਦਾ ਸਲੋਕ ਹੈ, ਇਹ ਉਸ ਥਾਂਉ ਦਾ ਬਣਦਾ ਹੈ ਸਲੋਕ। ਸ਼ਾਬਾਸ਼ ਪੁਰਖਾ! ਬਾਣੀ ਤੈਂ ਗੁਰੂ ਬਾਬੇ ਦੇ ਮੁਖ ਦੀ ਬਨ੍ਹਾਵਣੀ। ਅੰਗਦ ਸਿਖ ਦੇ ਸਿਖ ਦੇ ਵਿਚ ਗੁਰੂ ਬਾਬੇ ਜੀ ਖੁਸ਼ੀ ਹੋਈ...ਫੇਰ ਬਾਬੇ ਨਾਨਕ ਜੀ ਆਪਣਾ ਖਜ਼ਾਨਾ ਅੰਗਦ ਸਿਖ ਨੂੰ ਹਵਾਲੇ ਕੀਤਾ; ਕਿਹਾ ਸੁਣ ! ਹੁਣ ਤੂੰ 'ਜਪੁ ਰਚ' ਸਿਫਤ ਪਾਰਬ੍ਰਹਮ ਕੀ। ਤਬ ਗੁਰੂ ਬਾਬੇ ਦੇ ਹਜੂਰ ਅੰਗਦ ਸਿਖ ਬਾਬੇ ਦੀ ਬਾਣੀ ਦਾ 'ਜਪੁ ਜੋੜ ਬੰਧਿਆ', ਅਠੱਤੀਸ ਪਉੜੀਆਂ, ਸਾਰੀ ਬਾਣੀ ਵਿਚੋਂ ਮੱਥ ਕਢੀਆਂ, ਜਿਉਂ ਧੇਨ ਵਿਚੋਂ ਮੱਖਣ ਕਢੀਦਾ ਹੈ। ਬਾਣੀ ਗੁਰੂ ਬਾਬੇ ਦੀ ਸਭ ਅੰਮ੍ਰਿਤਮਈ ਹੈ। ਜੋ ਕੋਈ ਅੱਖਰ ਬਾਬੇ ਦੇ ਮੂੰਹੋਂ ਨਿਕਲਿਆ ਹੈ, ਉਹ ਸਭ ਸਾਰ ਹੈ। 'ਇਹ ਜਪੁ ਬਾਬੇ ਨਾਨਕ ਔਰ ਅੰਗਦ ਸਿਖ ਅਠੱਤੀਸ ਪਉੜੀਆਂ ਦਾ 'ਜਪੁ' ਰਚਿਆ।[51]

ਸੈਂਕੜੇ ਹੋਰ ਪ੍ਰਮਾਣ ਸਾਡੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ 'ਜਪੁ ਸੰਹਿਤਾ' ਦਾ ਸੰਪਾਦਨ ਕਰਨ ਦਾ ਮਾਣ ਕੇਵਲ ਸਤਿਗੁਰੂ ਅੰਗਦ ਦੇਵ ਜੀ ਨੂੰ ਪ੍ਰਾਪਤ ਹੈ। ਉਪ੍ਰੋਕਤ ਨੁਸਖਾ ਪਉੜੀਆਂ ਸਲੋਕਾਂ ਦੀ ਤਰਤੀਬ ਵਾਰ ਰਚਿਨਾ ਦੀ ਖੋਲ੍ਹ ਕੇ ਵਿਆਖਿਆ ਕਰਦਾ ਹੈ। ਨਾਲ-ਨਾਲ ਗੁਰੂ ਨਾਨਕ ਜੀ, ਗੁਰੂ ਅੰਗਦ ਦੇਵ ਜੀ ਦੀ ਤਰਤੀਬ (ਸੰਪਾਦਨਾ) ਤੇ ਅਸ਼-ਅਸ਼ ਕਰ ਰਹੇ ਹਨ। ਕਹਿ ਰਹੇ ਹਨ, 'ਪੁਰਖਾ! ਤੂੰ ਜੋ ਹੈਂ ਸੋ ਹਉ ਹਾਂ।' 'ਜਪੁ ਜੋੜ' ਹੋ ਜਾਣ 'ਤੇ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਖਜ਼ਾਨਾ ਸੌਂਪਦੇ ਹਨ। ਇਹ ਖਜ਼ਾਨਾ ਕੀ ਸੀ? ਇਹ ਸੀ ਗੁਰਬਾਣੀ ਦਾ ਭੰਡਾਰ

51 ਦੇਖੋ 'ਪੰਜਾਬੀ ਦੁਨੀਆਂ' ਦਾ 'ਗੁਰਮਤਿ ਸਾਹਿੱਤ ਅੰਕ' ਜਨਵਰੀ, ਫਰਵਰੀ ੧੯੬੫ ਪੰਨਾ ੩੧੨.

ਨਿਰਸੰਦੇਹ ‘ਜਪੁ ਨਿਸਾਣ’ ਦਾ ਸੰਪਾਦਨ ਸਤਿਗੁਰੂ ਅੰਗਦ ਦੇਵ ਜੀ ਦੀ ਦੇਣ ਹੈ। ਇਹ ਸੰਪਾਦਨ ਕਰਕੇ ਗੁਰੂ ਜੀ ਨੇ ਵਿਸ਼ਵ ਤੇ ਅਦੁੱਤੀ ਉਪਕਾਰ ਕੀਤਾ ਹੈ।

**ਗੁਰਬਾਣੀ ਰਚਿਨਾ:** ਸਤਿਗੁਰੂ ਅੰਗਦ ਦੇਵ ਜੀ ਦੀ ਬਹੁਤ ਘਟ ਬਾਣੀ ਉਚਾਰਨ ਕੀਤੀ ਹੋਈ ਮਿਲਦੀ ਹੈ ਕਿਉਂਕਿ ਆਪ ਜੀ ਨੇ ਬਾਣੀ ਉਚਾਰਨ ਦੀ ਥਾਂਅ ਬਹੁਤਾ ਸਮਾਂ ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਲਿਖਣ, ਪ੍ਰਚਾਰਣ ਅਤੇ ਸੰਭਾਲਣ ਤੇ ਲਾਇਆ। ਆਪ ਗੁਰਬਾਣੀ ਦੇ ਗੁਟਕੇ ਰੋਜ਼ਾਨਾ ਲਿਖਦੇ/ਲਖਵਾਉਂਦੇ ਰਹਿੰਦੇ ਸਨ ਅਤੇ ਅਧਿਕਾਰੀ ਗੁਰਸਿੱਖਾਂ ਨੂੰ ਬਖਸ਼ਦੇ ਰਹਿੰਦੇ ਸਨ। ਜਪੁ ਜੀ ਸਾਹਿਬ ਦਾ ਸੰਗ੍ਰਹਿ ਵੀ ਆਪ ਜੀ ਵਲੋਂ ਕੀਤਾ ਗਿਆ ਦਸਿਆ ਜਾਂਦਾ ਹੈ। ਇਸ ਵਾਸਤੇ ਆਪ ਜੀ ਨੇ ਸ੍ਵੈ ਰਚਿਨਾ ਬਹੁਤ ਘੱਟ ਕੀਤੀ ਹੈ। ਹਜੂਰ ਦੇ ਕੇਵਲ ੬੨ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਿਲਦੇ ਹਨ। ਇਹ ਸਾਰੇ ਸਲੋਕ ਵਾਰਾਂ ਵਿਚ ਹਨ ਜੋ ਸਤਿਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰਨ ਸਮੇਂ ਵਾਰਾਂ ਵਿਚ ਟਾਂਕ ਦਿਤੇ ਸਨ ਜਿਨ੍ਹਾਂ ਦੀ ਪੂਰੀ ਵਿਆਖਿਆ ਇਸ ਤਰ੍ਹਾਂ ਹੈ।

੧. ਵਾਰ ਸ੍ਰੀ ਰਾਗ ੪ ...................ਦੋ ਸਲੋਕ

੨. ਵਾਰ ਮਾਝ ਮਹਲਾ ੧ ............. ਬਾਰਾਂ ਸਲੋਕ

੩. ਵਾਰ ਆਸਾ ਮਹਲਾ ੧ ............. ਚੌਦਾਂ ਸਲੋਕ

੪. ਵਾਰ ਸੋਰਠ ਮਹਲਾ ੪ .............ਇਕ ਸਲੋਕ

੫. ਵਾਰ ਸੂਹੀ ਮਹਲਾ ੩ ...............ਯਾਰਾ ਸਲੋਕ

੬. ਵਾਰ ਰਾਮਕਲੀ ਮਹਲਾ ੩........... ਸਤ ਸਲੋਕ

੭. ਵਾਰ ਮਾਰੂ ਮਹਲਾ ੩ ............ ਇਕ ਸਲੋਕ

੮. ਵਾਰ ਮਾਰੂ ਮਹਲਾ ੫ ............ਇਕ ਸਲੋਕ

੯. ਵਾਰ ਸਾਰੰਗ ਮਹਲਾ ੪ ......... ਇਕ ਸਲੋਕ

੧੦. ਵਾਰ ਮਲਾਰ ਮਹਲਾ ੧ ....... ਪੰਜ ਸਲੋਕ

ਗੁਰੂ ਜੀ ਦੀ ਬਾਣੀ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਜੋ ਬਾਣੀ ਮਹਲਾ ੧ ਦੇ ਸਿਰਲੇਖ ਹੇਠ ਮਿਲਦੀ ਹੈ ਉਹੀ ਮਹਲਾ ੨ ਦੇ ਸਿਰਲੇਖ ਹੇਠ ਵੀ ਦਰਜ ਹੈ। ਜਿਵੇਂ ਗੁਰੂ ਅੰਗਦ ਜੀ ਦਾ ਮਾਝ ਕੀ ਵਾਰ ਮਹਲਾ ੧ ਵਿਚ ੧੮ ਵੀਂ ਪਉੜੀ ਨਾਲ ਟਾਂਕਿਆ ਹੋਇਆ ਸਲੋਕ ‘ਪਉਣ ਗੁਰੂ ਪਾਣੀ ਪਿਤਾ.....’ ਜਪੁ ਜੀ ਦੇ ਵੀ ਅੰਤ ਵਿਚ ਆਉਂਦਾ ਹੈ ਜਿਸਦਾ ਕੁਝ ਕੁ ਸਬਦਾਂਤਕ ਭੇਦ ਇਸ ਤਰ੍ਹਾਂ ਹੈ।

| **ਸਲੋਕ ਮਹਲਾ ੨** | **ਜਪੁ ਜੀ** |
|---|---|
| ੧. ਪਉਣ ਗੁਰੂ ਪਾਣੀ ਪਿਤਾ | ੧. ਪਵਣ ਗੁਰੂ ਪਾਣੀ ਪਿਤਾ |
| ੨. ਦਿਨਸੁ ਰਾਤਿ ਦੁਇ ਦਾਈ ਦਾਇਆ | ੨. ਦਿਵਸੁ ਰਾਤਿ ਦੁਇ ਦਾਈ ਦਾਇਆ |
| ੩. ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ | ੩. ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲ |

(੨) ਮਾਝ ਕੀ ਵਾਰ ਮਹਲਾ ੧ ਵਿਚ ੨੩ ਵੀਂ ਪਉੜੀ ਨਾਲ ਟਾਂਕਿਆ ਹੋਇਆ ਸਲੋਕ 'ਨਿਹਫਲੰ ਤਸ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ।' ਗੁਰੂ ਨਾਨਕ ਜੀ ਦੇ ਸਹਸਕ੍ਰਿਤੀ ਸਲੋਕਾਂ ਵਿਚ ਅੰਕਤ ਹੈ। ਸ਼ਬਦਾਂਤਕ ਭੇਦ ਇਸ ਤਰ੍ਹਾਂ ਹੈ।

| **ਸਲੋਕ ਮਹਲਾ ੨** | **ਸਹਸਕ੍ਰਿਤੀ ਸਲੋਕ** |
|---|---|
| ੧. ਤਸਿ | ੧. ਤਸ |
| ੨. ਜਨਮਸਿ | ੨. ਜਨਮਸ |
| ੩. ਜਾਵਤੁ | ੩. ਜਾਵਦ |
| ੪. ਸੰਸਾਰਸਿ | ੪. ਸੰਸਾਰਸ |

(੩) ਆਸਾ ਦੀ ਵਾਰ ਮਹਲਾ ੧ ਦੀ ੧੨ਵੀਂ ਪਉੜੀ ਵਿਚ ਮਹਲਾ ੨ ਦੇ ਟਾਂਕੇ ਦੋ ਸਲੋਕ 'ਜੋਗ ਸਬਦੰ ਗਿਆਨ ਸਬਦੰ... 'ਏਕ ਕ੍ਰਿਸਨੰ ਸਰਬ ਦੇਵਾ.....॥' ਗੁਰੂ ਨਾਨਕ ਦੇ ਸਹਿਸਕ੍ਰਿਤੀ ਸਲੋਕਾਂ ਵਿਚ ਮਹਲਾ ੧ ਦੇ ਸਿਰਲੇਖ ਹੇਠ ਆਇ ਹਨ। ਸਬਦਾਂਤਕ ਭੇਦ ਇਸ ਤਰ੍ਹਾਂ ਹੈ।

| **ਸਲੋਕ ਮਹਲਾ ੨** | **ਸਹਿਸਕ੍ਰਿਤੀ ਸਲੋਕ** |
|---|---|
| ੧. ਬੇਦ ਸਬਦੰ ਬ੍ਰਹਮਣਹ | ੧. ਬੇਦ ਸਬਦੰਤ ਤ ਬ੍ਰਾਹਮਣਹ |
| ੨. ਖਤ੍ਰੀ | ੨. ਖ੍ਹਤ੍ਰੀ |
| ੩. ਸਰਬ ਸਬਦੰ ਏਕ ਸਬਦੰ | ੩. ਸਰਬ ਸਬਦੰ ਤ ਏਕ ਸਬਦੰ |
| ੪. ਜੇ ਕੋ ਜਾਣੈ ਭੇਉ | ੪. ਜੇ ਕੋ ਜਾਨਸਿ ਭੇਉ |
| ੫. ਨਾਨਕੁ ਤਾਕਾ ਦਾਸੁ ਹੈ | ੫. ਨਾਨਕ ਤਾ ਕੋ ਦਾਸੁ ਹੈ |
| ੬. ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ | ੬. ਏਕ ਕ੍ਰਿਸ੍ਨੰ ਤ ਸਰਬ ਦੇਵਾ ਦੇਵ ਦੇਵਾ ਤ ਆਤਮਹ |
| ੭. ਆਤਮਾ ਬਾਸਦੇਵਸ੍ਇ ਜੇ ਕੋ ਜਾਣੈ ਭੇਉ | ੭. ਆਤਮੰ ਸ੍ਰੀ ਬਾਸ੍ਵ ਦੇਵਸ੍ ਜੇ ਕੋਈ ਜਾਨਸਿ ਭੇਵ |
| ੮. ਨਾਨਕੁ ਤਾਕਾ ਦਾਸੁ ਹੈ ਸੋਈ ਨਿਰੰਜਨ ਦੇਉ | ੮. ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਵ |

ਉਪ੍ਰੋਕਤ ਸਲੋਕਾਂ ਵਿਚ ਨਾਮ ਮਾਤ੍ਰ ਸਬਦਾਂਤਕ ਭੇਦ ਹਨ। ਗੁਰੂ ਅੰਗਦ ਦੇਵ ਜੀ ਦੀ ਸ਼ਬਦਾਵਲੀ ਵਿਚ ਗੁਰੂ ਨਾਨਕ ਨਾਲੋਂ ਜਿਆਦੇ ਪੰਜਾਬੀਪਨ ਪ੍ਰਗਟ ਹੈ। ਗੁਰੂ ਨਾਨਕ ਜੀ ਦੀ ਬਾਣੀ ਗੁਰੂ ਅੰਗਦ ਦੇਵ ਜੀ ਦੇ ਹਿਰਦੇ ਵਿਚ ਪੂਰਨ ਤੌਰ ਤੇ ਨਿਵਾਸ ਕਰ ਚੁੱਕੀ ਸੀ। ਇਸ ਵਾਸਤੇ ਕਈ ਤੁਕਾਂ ਗੁਰੂ ਨਾਨਕ ਕਾਵਿ ਨਾਲ ਹੂ-ਬ-ਹੂ ਮਿਲਦੀਆਂ ਹਨ ਜਿਸ ਤਰ੍ਹਾਂ ਕਿ

ਸੋਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ॥ (ਮਾਝ ਕੀ ਵਾਰ ਸਲੋਕ ਮਹਲਾ ੧, ਪੰਨਾ ੧੪੫)

ਸੋਈ ਪੂਰੇ ਸਾਹ ਜਿਨੀ ਪੂਰਾ ਪਾਇਆ॥ (ਮਾਝ ਕੀ ਵਾਰ ਸਲੋਕ ਮਹਲਾ ੨, ਪੰਨਾ ੧੪੬)

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ (ਜਪੁ ਜੀ, ਪੰਨਾ ੧)

ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥ (ਮਾਝ ਕੀ ਵਾਰ ਸਲੋਕ ਮਹਲਾ ੨, ਪੰਨਾ ੧੪੭)

ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ॥ (ਵਾਰ ਸੂਹੀ ਕੀ ਸਲੋਕ ਮਹਲਾ ੧, ਪੰਨਾ ੭੯੧)

ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ॥ (ਵਾਰ ਸੂਹੀ ਕੀ ਸਲੋਕ ਮਹਲਾ ੨, ਪੰਨਾ ੭੯੧)

ਸਤਿਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਅਚਾਰ ਨੀਤੀ ਦੀਆਂ ਕੁਝ ਵਿਸ਼ੇਸ਼ਤਾਈਆਂ:

ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥ (ਮਾਝ ਕੀ ਵਾਰ, ਪੰਨਾ ੧੩੮)

ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ॥

ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ॥ (ਵਾਰ ਆਸਾ, ਪੰਨਾ ੪੭੪)

ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ॥

ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥ (ਵਾਰ ਆਸਾ ਪੰਨਾ ੪੭੪)

ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ॥

ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ॥ (ਵਾਰ ਆਸਾ, ਪੰਨਾ ੪੭੪)

ਵਸਤੁ ਲਈ ਵਣਜਾਰਈ ਵਖਰੁ ਬਧਾ ਪਾਇ॥

ਕੇਈ ਲਾਹਾ ਲੈ ਚਲੇ ਇਕਿ ਚਲੇ ਮੂਲੁ ਗਵਾਇ॥ (ਸਾਰੰਗ ਕੀ ਵਾਰ, ਪੰਨਾ ੧੨੩੮)

ਨਾਨਕ ਦੁਨੀਆ ਕੀਆ ਵਡਿਆਈਆਂ ਅਗੀ ਸੇਤੀ ਜਾਲਿ॥ (ਮਲਾਰ ਕੀ ਵਾਰ, ਪੰਨਾ ੧੨੯੦)

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰ॥

ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ॥ (ਵਾਰ ਸੂਹੀ, ਪੰਨਾ ੭੮੭)

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ॥ (ਵਾਰ ਮਾਝ, ਪੰਨਾ ੧੪੮)

ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ॥

ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ॥ (ਸੂਹੀ ਕੀ ਵਾਰ, ਪੰਨਾ ੭੮੮)

ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ॥

ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ॥

ਕਿਸੈ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ॥ (ਸਾਰੰਗ ਕੀ ਵਾਰ, ਪੰਨਾ ੧੨੩੮)

ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ ਜਰੂਰਤਿ॥ (ਸਾਰੰਗ ਕੀ ਵਾਰ, ਪੰਨਾ ੧੨੪੫)

ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ॥

ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ॥ (ਆਸਾ ਦੀ ਵਾਰ, ਪੰਨਾ ੪੭੫)

ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥

ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥ (ਸਾਰੰਗ ਕੀ ਵਾਰ, ਪੰਨਾ ੧੨੩੮)

ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ॥

ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ( ਮਾਝ ਕੀ ਵਾਰ, ਪੰਨਾ ੧੩੯)

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥ (ਮਲਾਰ ਕੀ ਵਾਰ, ਪੰਨਾ ੧੨੮੮)

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥ (ਆਸਾ ਦੀ ਵਾਰ, ਪੰਨਾ ੪੬੩)

ਇਹ ਹਨ ਉਹ ਅੰਮ੍ਰਿਤ ਦੇ ਛਿੱਟੇ ਜੋ ਸਤਿਗੁਰੂ ਅੰਗਦ ਦੇਵ ਜੀ ਨੇ ਸਾਵਨ ਦੀ ਸੀਤਲ ਵਰਖਾ ਦੀ ਤਰ੍ਹਾਂ ਵਰਸਾ ਕੇ ਤਪਤ ਹਿਰਦੇ ਸ਼ਾਂਤ ਕੀਤੇ।

ਇਸ ਤਰ੍ਹਾਂ ਗੁਰਮਤਿ ਪ੍ਰਚਾਰ, ਸਾਹਿਤਕ ਸੇਵਾ ਕਰਦੇ ਰਹੇ ਜਿਸ ਦੀ ਸੁਗੰਧੀ ਅੱਜ ਤੱਕ ਵਿਸ਼ਵ ਨੂੰ ਤਾਜ਼ਗੀ ਪ੍ਰਦਾਨ ਕਰ ਰਹੀ ਹੈ। ਗੁਰੂ ਜੀ ਨਿਮਰਤਾ ਦੀ ਮੂਰਤਿ ਅਤੇ ਸਾਦੀ ਜ਼ਿੰਦਗੀ ਜਿਉਂਦੇ ਸਨ। ਆਪ ਜੀ ਨੇ ਬਹੁਤੀ ਯਾਤ੍ਰਾ ਨਹੀਂ ਕੀਤੀ। ਇਸਦਾ ਕਾਰਣ ਸਿੱਖ-ਇਤਿਹਾਸ ਵਿਚ ਇਸ ਤਰ੍ਹਾਂ ਦੱਸਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪ ਜੀ ਨੂੰ ਗੁਰਤਾ ਪ੍ਰਦਾਨ ਕਰਕੇ ਫ਼ਰਮਾਇਆ 'ਆਪ ਜਾਉ ਖੰਡੂਰ ਠਹਿਰੋ।' ਇਸ ਹੁਕਮ ਨੂੰ ਮੰਨ ਕੇ ਆਪ ਜੀ ਜ਼ਿੰਦਗੀ ਭਰ ਖੰਡੂਰ ਸਾਹਿਬ ਹੀ ਵਿਰਾਜੇ। ਗੁਰਮਤਿ ਪ੍ਰਚਾਰ ਦੇਸ ਤੇ ਪ੍ਰਦੇਸ ਵਿਚ ੨੨ ਸਿੱਖ (ਜਥੇਦਾਰ, ਪ੍ਰਚਾਰਕ) ਭੇਜ ਕੇ ਕੀਤਾ। ਇਸ ਤਰ੍ਹਾਂ ਆਪ ਜੀ ਨੇ ਨਾਮ ਬਾਣੀ ਦਾ ਪ੍ਰਵਾਹ ਜਾਰੀ ਰੱਖਿਆ ਜਿਸ ਤੋਂ 'ਜਗਤ ਜਲੰਦਾ' ਆਤਮਿਕ ਅਨੰਦ ਪ੍ਰਾਪਤ ਕਰਕੇ ਸ਼ਾਂਤੀ ਪਾਉਂਦਾ ਰਿਹਾ।

ੴ ਸਤਿਗੁਰ ਪ੍ਰਸਾਦਿ॥

# ਧਰਮ ਪ੍ਰਭਾਕਰ ਜਯੋਤੀ

ਜੀਵਨ ਚਰਿਤ੍ਰ

ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ

ਜਿਸ ਵਿਚ ਤਿਆਗ, ਤਪੱਸਿਆ, ਉਪਕਾਰ, ਸੇਵਾ

ਅਤੇ ਅਦ੍ਵਿਤੀਯ ਬਲੀਦਾਨ ਬਾਰੇ ਖੋਜ ਅੰਕਤ ਹੈ।

**ਲੇਖਕ**

**ਗਿਆਨੀ ਬਲਵੰਤ ਸਿੰਘ ਕੋਠਾ ਗੁਰੂ**

# ਸਮਰਪਣ

ਸਿੱਖ ਪੰਥ ਦੇ ਨਵਮ ਪਾਤਸ਼ਾਹ ਸਤਿਗੁਰੂ

ਤੇਗ ਬਹਾਦਰ ਜੀ ਮਹਾਰਾਜ ਦੇ ਤਿੰਨ

ਸੌਵੇਂ ਬਲੀਦਾਨ ਪੁਰਬ ਦੀ ਸਿਮ੍ਰਤੀ ਵਿਚ

੧ਓ ਸਤਿਗੁਰ ਪ੍ਰਸਾਦਿ॥

# ਪ੍ਰਾਕਥਨ

ਸਤਿਗੁਰੂ ਤੇਗ ਬਹਾਦਰ ਜੀ ਦੀ ਕਰਣੀ ਮਹਾਨ ਸੀ। ਆਦਰਸ਼ ਉਚਾ ਸੀ। ਉਹ ਧਰਮ ਦੀ ਸਥਾਪਨਾ ਵਾਸਤੇ, ਮਰਯਾਦਾ ਦੀ ਪਾਲਣਾ ਵਾਸਤੇ ਲੋਹੇ ਵਰਗੇ ਸਖਤ ਸਨ। ਉਹ 'ਨਿਰਭਉ ਨਿਰਵੈਰ' ਸਨ, ਉਨ੍ਹਾਂ ਦਾ ਸਿਧਾਂਤ ਸੀ 'ਨ ਕਿਸੀ ਨੂੰ ਭੈ ਦਿਉ, ਨ ਕਿਸੀ ਦਾ ਭੈ ਮੰਨੋ।' **ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥** ਕਿੰਤੂ ਜਨ ਸਧਾਰਨ ਦੇ ਦੁੱਖਾਂ ਨੂੰ ਉਹ ਆਪਣਾ ਹੀ ਕਸ਼ਟ ਸਮਝਦੇ ਸਨ। ਉਹ ਕੋਮਲਤਾ, ਕਰੁਣਾ ਅਤੇ ਨਿਮਰਤਾ ਦੀ ਮੂਰਤੀ ਸਨ। ਉਨ੍ਹਾਂ ਦੀ ਬਾਣੀ ਇਸ ਗੱਲ ਦਾ ਪ੍ਰਮਾਣ ਹੈ। ਜਿਥੇ ਗੁਰੂ ਜੀ ਦੀ ਬਾਣੀ ਕਾਵਯ, ਸਾਹਿਤਯ, ਸੰਗੀਤ ਵਿਚ ਆਪਣਾ ਵਿਸ਼ੇਸ਼ ਸਥਾਨ ਰਖਦੀ ਹੈ ਉਥੇ ਵੈਰਾਗ ਤੇ ਪ੍ਰਭੂ-ਭਗਤੀ ਦੀ ਵੀ ਖਾਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੫ ਰਾਗਾਂ ਵਿਚ ੬੦ ਸ਼ਬਦ ਤੇ ੫੭ ਸਲੋਕ ਅੰਕਤ ਹਨ ਜਿਨ੍ਹਾਂ ਦੇ ਪਾਠ ਸਿਮਰਨ ਨਾਲ ਭਗਤੀ, ਬ੍ਰਹਮ ਗਿਆਨ ਤੇ ਈਸ਼੍ਵਰ-ਪ੍ਰਾਪਤੀ ਦੇ ਰਹੱਸਯ ਖੁਲ੍ਹਦੇ ਹਨ। ਸ੍ਰੀ ਗੁਰੂ ਜੀ ਦੀ ਬਾਣੀ ਦੇ ਅਧਿਐਨ ਨਾਲ ਮਾਨੁਸ਼ ਨੂੰ ਆਤਮਿਕ ਸ਼ਕਤੀ ਤੇ ਬਲ ਮਿਲਦਾ ਹੈ।

ਉਨ੍ਹਾਂ ਦੀ ਕਰਣੀ ਹਰ ਗੱਲ ਤੋਂ ਵਿਲਕਸ਼ਣ ਸੀ। ਉਹ ਭੇਟਾ, ਉਪਹਾਰ, ਦਾਨ ਲੈਂਦੇ ਨਹੀਂ ਸਨ, ਦਿੰਦੇ ਸਨ। ਜਾਚਕ ਤੇ ਅਤਿਥੀਆਂ ਦੀ ਇਛਾ-ਪੂਰਤੀ ਕਰਨ ਵਿਚ ਉਨ੍ਹਾਂ ਨੂੰ ਪ੍ਰਸੰਨਤਾ ਹੁੰਦੀ ਸੀ। ਥਾਂਅ-ਥਾਂਅ ਖੂਹ ਬਾਉਲੀਆਂ, ਧਰਮ ਸ਼ਾਲਾ ਤੇ ਵਿਦਿਆਲਯ ਸਥਾਪਨ ਕਰਨ ਵਾਸਤੇ ਮੋਹਰਾਂ ਦੇ ਢੇਰ ਲਾਉਂਦੇ ਰਹਿੰਦੇ ਸਨ। ਕਿਸੇ ਨੂੰ ਫਲ-ਦਾਰ ਵਿਰਛ ਮੰਗਾ ਕੇ ਦਿੰਦੇ ਸਨ। ਕਿਸੇ ਪੂਰੇ ਪਿੰਡ ਨੂੰ ਗਊਆਂ ਦਾ ਵੱਗ ਹੀ ਬਖਸ਼ ਦਿੰਦੇ ਸਨ। ਇਕੱਲੇ ਪਿੰਡ ਵਿਚ ੯-੯ ਖੂਹ ਬਨਾਉਣ ਦਾ ਚੋਜ ਰਚ ਦਿੰਦੇ ਸਨ, ਤਾਂ ਕਿਸੇ ਪੂਰੇ ਪਿੰਡ ਨੂੰ ਕੋਲੋਂ ਮਾਇਆ ਖਰਚ ਕੇ ਵਿਗਿਆਨਕ ਢੰਗ ਨਾਲ ਉਸਾਰਨ ਦਾ ਵੀ ਹੌਂਸਲਾ ਰਖਦੇ ਸਨ।

ਸਤਿਗੁਰੂ ਤੇਗ ਬਹਾਦਰ ਜੀ ਦੀ ਬਕਾਲੇ ਦੇ ਭੋਰੇ ਵਿਚ ਸਿਮਰਨ ਤਪਸਿਆ ਤੇ ਘਾਲਣਾ, ਸਤਿਗੁਰੂ ਹਰਿਕ੍ਰਿਸ਼ਨ ਜੀ ਵੱਲੋਂ ਗੁਰਤਾ ਸਮਰਪਣ ਕਰਨਾ ਇਤਿਹਾਸ ਦੀ ਮਹਾਨ ਘਟਣਾ ਹੈ।

ਕਈ ਅਨਯਮਤੀ ਲੇਖਕਾਂ ਨੇ ਸਤਿਗੁਰੂ ਹਰਿਕ੍ਰਿਸ਼ਨ ਨੂੰ ਗੁਰਿਆਈ ਦਾ ਤਿਲਕ ਮਿਲਣ ਬਾਰੇ ਟਿੱਪਣੀ ਕਰਦਿਆਂ ਲਿਖਿਆ ਹੈ ਕਿ ਸਮਾਂ ਪਾਕੇ ਸਿੱਖ ਗੁਰੂਆਂ ਦੀ ਗੁਰਿਆਈ ਇਕ ਰਸਮੀ ਗੱਲ ਬਣ ਕੇ ਰਹਿ ਗਈ ਤੇ ਉਹ ਬੱਚਿਆਂ ਨੂੰ ਗੁਰਿਆਈ ਦੇ ਤਖਤ ਉੱਤੇ ਬੈਠਾਉਣ ਲੱਗ ਪਏ ਸਨ। ਉਨ੍ਹਾਂ ਲੇਖਕਾਂ ਅਗੇ ਸਤਿਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਾਰੇ ਚਰਿਤ੍ਰ ਨੂੰ ਇਕ ਪਾਸੇ ਰਖਕੇ ਕੇਵਲ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਸਤਿਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਆਤਮਿਕ ਬਲ ਸ਼ਕਤੀ ਤੇ ਅਨੁਭਵ ਕਿੰਨਾ ਚਮਤਕਾਰੀ ਸੀ ਜਿਸ ਦੇ ਕਾਰਣ ਸ਼ਾਨਦਾਰ ਇਤਿਹਾਸ ਉਤੇ ਅੱਜ ਸਿੱਖ ਗੌਰਵ ਕਰਦੇ ਹਨ। ਇਸ ਘਾਲਣਾ ਵਿਚ ਸਤਿਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਮਹਾਨ ਹਿੱਸਾ ਹੈ।

ਇਸਾਈਆਂ ਦੇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ; ਕਿ ਈਸਾ ਜੀ ਨੇ ਸੂਲੀ ਚੜ੍ਹਨ ਸਮੇਂ ਪਸ਼ਚਾਤਾਪ ਕੀਤਾ ਸੀ ਕਿ ਮੈਂ ਸ਼ਿਸ਼ਾਂ ਦੀ ਚੋਣ ਕਰਨ ਵਿਚ ਅਸਫਲ ਹੋਇਆ ਹਾਂ। ਮੇਰੇ ਹੀ ਇਕ ਸ਼ਿਸ਼ ਨੇ

ਕੇਵਲ ੩੦ (ਤੀਹ) ਰੁਪੈ ਲੈਕੇ ਮੈਨੂੰ ਗਿਰਫਤਾਰ ਕਰਵਾ ਦਿਤਾ ਹੈ। ਵੱਡੇ-ਵੱਡੇ ਪੈਗੰਬਰ ਹਿਤੈਸ਼ੀਆਂ ਨੂੰ ਚੁਨਣ ਵਿਚ ਅਸਫਲ ਹੋਏ ਹਨ। ਜੇਕਰ ਸਤਿਗੁਰੂ ਹਰਿਕ੍ਰਿਸ਼ਨ ਜੀ ਤੋਂ ਮਗਰੋਂ ਹਰਿ ਜੀ, ਧੀਰਮਲ, ਰਾਮਰਾਏ ਵਰਗਾ ਕੋਈ ਸਰਕਾਰ ਹਿਤੈਸ਼ੀ ਗੱਦੀ ’ਤੇ ਬੈਠ ਜਾਂਦਾ ਤਾਂ ਸਿੱਖਾਂ ਦਾ ਇਤਿਹਾਸ ਹੋਰ ਤਰ੍ਹਾਂ ਦਾ ਹੁੰਦਾ। ਹੋ ਸਕਦਾ ਹੈ ਜਿਵੇਂ ਅਫਗਾਨਸਤਾਨ ਵਿਚੋਂ ਬੁਧ ਧਰਮ ਖਤਮ ਹੋ ਗਿਆ, ਈਰਾਨ ਵਿਚੋਂ ਪਾਰਸੀ ਧਰਮ ਦਾ ਨਾਮ ਨਿਸ਼ਾਨ ਮਿਟ ਗਿਆ। ਸਪੇਨ ਵਿਚੋਂ ਇਸਲਾਮ ਦਾ ਖਾਤਮਾ ਹੋ ਗਿਆ। ਇਸੀ ਤਰ੍ਹਾਂ ਭਾਰਤ ਵਿਚ ਸਿੱਖ ਤਾਂ ਕੀ ਨਾਲ ਹੀ ਵਹੁ-ਸੰਖਯਕ ਹਿੰਦੂ ਧਰਮ ਵੀ ਮਿਟ ਚੁੱਕਾ ਹੁੰਦਾ।

ਕਿੰਤੂ ਸਤਿਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਆਤਮਿਕ ਬਲ ਦਾ ਪ੍ਰੀਚਯ ਦਿੰਦੇ ਹੋਇਆਂ ਆਪਣਾ ਉਤਰਾਧਿਕਾਰੀ ਮਹਾਨ ਪੁਰਸ਼ ਸਤਿਗੁਰੂ ਤੇਗ ਬਹਾਦਰ ਜੀ ਨੂੰ ਚੁਣ ਕੇ ਗੁਰਤਾ ਦੀ ਸ਼ਕਤੀ ਨੂੰ ਦ੍ਰਿੜ੍ਹ ਕਰਵਾਇਆ। “ਬਾਬਾ ਬਕਾਲੇ” ਵਾਲੇ ਸੂਤ੍ਰ ਵਾਕ ਵਿਚ ਚਮਤਕਾਰੀ ਰਹੱਸਯ ਭਰ ਦਿਤਾ। ਇਹ ਵੀ ਇਤਿਹਾਸ ਦੀ ਅਦ੍ਭੁਤ ਘਟਨਾ ਹੈ ਕਿ ਪੋਤਰੇ ਨੇ ਆਪਣੇ ਪਿਤਾਮਹੇ (ਬਾਬੇ) ਨੂੰ ਉਤ੍ਰਾਧਿਕਾਰੀ ਨਿਯੁਕਤ ਕਰਕੇ ਗੁਰਤਾ ਦੀ ਵਿਸ਼ੇਸ਼ਤਾ ਨੂੰ ਪ੍ਰਗਟ ਕੀਤਾ।

ਸਤਿਗੁਰੂ ਤੇਗ ਬਹਾਦਰ ਜੀ ਹਰ ਚੰਗੀ ਗੱਲ ਦਾ ਮੰਨਨ ਕਰਦੇ ਸਨ। ਭਾਵੇਂ ਕਿਸੀ ਵ੍ਰਿਧ ਨੇ ਆਖੀ ਹੋਵੇ ਅਤੇ ਭਾਵੇਂ ਕਿਸੀ ਬਾਲਕ ਨੇ। ਉਹ ਆਪਣੇ ਅੱਠ ਵਰਸ਼ ਦੇ ਪੋਤਰੇ ਸਤਿਗੁਰੂ ਹਰਿਕ੍ਰਿਸ਼ਨ ਜੀ ਦੀ ਆਗਿਆ ਨੂੰ ਸ਼ਿਰੋਧਾਰਯ ਕਰਕੇ ਬਕਾਲੇ ਦਾ ਇਕਾਂਤ ਵਾਸ ਤਿਆਗ ਕੇ ਮਾਨਵ-ਕਲਿਆਣ ਹਿਤ ਦ੍ਰਿੜ੍ਹ ਹੋ ਕੇ ਮੈਦਾਨ ਵਿਚ ਆ ਗਏ। ਅਸਾਮ ਤੱਕ ਜਾਕੇ ਲੱਖਾਂ ਲੋਕਾਂ ਨੂੰ ਸਦ-ਉਪਦੇਸ਼ ਦੇ ਕੇ ਨਾਮ-ਬਾਣੀ ਦੇ ਰਸੀਏ ਬਣਾਇਆ ਅਤੇ ਆਪਣੇ ਅੱਠ ਵਰਸ਼ ਦੇ ਸਪੁਤ੍ਰ (ਗੁਰੂ ਗੋਬਿੰਦ ਸਿੰਘ ਜੀ) ਦੇ ਪ੍ਰਾਮਰਸ਼ ਨਾਲ ਧਰਮ ਦੀ ਰਖਿਆ ਲਈ ਆਪਣਾ ਸਿਰ ਕਲਮ ਕਰਵਾਉਣ ਵਾਸਤੇ ਸ੍ਵਯੰ ਦੇਸ ਦੀ ਰਾਜਧਾਨੀ ਦਿੱਲੀ ਨੂੰ ਚਲੇ ਗਏ।

ਵਿਸ਼ਵ-ਇਤਿਹਾਸ ਵਿਚ ਸਤਿਗੁਰੂ ਤੇਗ ਬਹਾਦਰ ਜੀ ਵਰਗਾ ਅਦ੍ਵਿਤੀਯ ਬਲੀਦਾਨ, ਲਾਸਾਨੀ ਸ਼ਹੀਦੀ ਹੋਰ ਨਹੀਂ ਹੋਈ ਜੋ ਸ੍ਵੈ ਇਛਾ ਅਨੁਸਾਰ ਕੇਵਲ ਅਨਯਜਾਤੀ, ਧਰਮ, ਵਿਸ਼ਵਾਸ਼, ਪੂਜਾ ਪਾਠ, ਸੰਸਕ੍ਰਿਤੀ ਅਤੇ ਸਭਿਆਚਾਰ ਦੀ ਰੱਖਿਆ ਵਾਸਤੇ ਕੀਤੀ ਗਈ ਹੋਵੇ। ਸਤਿਗੁਰੂ ਜੀ ਨੂੰ ਕਿਸੇ ਨੇ ਗਿਰਫਤਾਰ ਨਹੀਂ ਸੀ ਕੀਤਾ। ਅਚਾਨਕ ਕਤਲ ਨਹੀਂ ਸੀ ਕੀਤਾ। ਜੋ ਕੁਝ ਵੀ ਹੋਇਆ ਗੁਰੂ ਜੀ ਦੀ ਆਪਣੀ ਬਨਾਈ ਯੋਜਨਾ ਅਧੀਨ ਹੋਇਆ ਸੀ। ਸਤਿਗੁਰੂ ਜੀ ਨੇ ਅਨੰਦਪੁਰ ਦੇ ਸਿੱਖ-ਸੰਗਤਾਂ ਨਾਲ ਭਰੇ ਦਰਬਾਰ ਵਿਚ ਸਾਹਿਬਜ਼ਾਦਾ ਗੋਬਿੰਦ ਜੀ ਦੇ ਪ੍ਰਾਮਰਸ਼ ਨਾਲ, ਸ੍ਵੈ ਚਿੰਤਨ ਤੇ ਗੰਭੀਰਤਾ ਨਾਲ ਪ੍ਰਤੀਕਰਮ ਸੋਚ ਕੇ ਪੰਡਿਤ ਭਾਈ ਕ੍ਰਿਪਾ ਰਾਮ ਜੀ ਦੀ ਅਗਵਾਈ ਹੇਠ ਆਏ ਬ੍ਰਾਹਮਣ ਸੰਘ ਨੂੰ ਫਰਮਾਇਆ ਸੀ, ‘ਜਾਓ! ਸਮਰਾਟ ਔਰੰਗਜੇਬ ਨੂੰ ਕਹਿ ਦਿਓ ਹਿੰਦੂ ਧਰਮ ਦਾ ਅਧਿਸ਼ਟਾਤਾ (ਗੁਰੂ) ਤੇਗ ਬਹਾਦਰ ਹੈ ਜੇਕਰ (ਗੁਰੂ) ਤੇਗ ਬਹਾਦਰ ਧਰਮ ਪਰਿਵਰਤਨ ਕਰ ਲਵੇਗਾ, ਤਾਂ ਸਾਰੇ ਦੇਸ ਦੇ ਹਿੰਦੂ ਇਸਲਾਮ ਗ੍ਰਹਿਣ ਕਰ ਲੈਣਗੇ।’ ਕਿੰਨ੍ਹਾਂ ਵੱਡਾ ਰਿਸਕ ਸੀ ਜੋ ਗੁਰੂ ਜੀ ਨੇ ਆਪਣੇ ਉਪਰ ਲਿਆ। ਇਸ ਤਰ੍ਹਾਂ ਦਾ ਸਾਕਾ ਸੰਸਾਰ ਵਿਚ ਕੋਈ ਨਹੀਂ ਵਾਪਰਿਆ ਕਿ ਕੋਈ ਮਹਾਂ ਪੁਰਸ਼ ਆਪਣੇ ਘਰ ਤੋਂ ਆਪਣੀ ਇੱਛਾ ਨਾਲ ਕਿਸੀ ਅਨਯ ਜਾਤੀ ਦਾ ਧਰਮ

ਬਚਾਉਣ ਵਾਸਤੇ ਤੁਰਿਆ ਹੋਵੇ ਅਤੇ ਰਾਜਧਾਨੀ (ਆਗਰੇ) ਤਕ ਗਿਰਫਤਾਰੀ ਦੇਣ ਅਥਵਾ ਮਰਨ ਵਾਸਤੇ ਸ੍ਵਯੰ ਗਿਆ ਹੋਵੇ। ਸਤਿਗੁਰੂ ਤੇਗ ਬਹਾਦਰ ਜੀ ਦੇ ਇਹ ਸ਼ਬਦ ਵੀ ਦੀਰਘੁ-ਧਿਆਨ ਮੰਗਦੇ ਹਨ ਕਿ 'ਕਿਸੀ ਮਹਾਂਪੁਰਸ਼ ਦੇ ਬਲੀਦਾਨ ਦਿਤੇ ਬਿਨ੍ਹਾਂ ਧਰਮ ਬਚਣਾ ਕਠਿਨ ਹੈ।' ਇਸ ਦਾ ਅਰਥ ਸਪਸ਼ਟ ਸੀ, ਕਿ ਦੇਸ ਦੀ ਜੰਤਾ ਦਾ ਲਹੂ ਚਿਟਾ ਹੋ ਚੁੱਕਾ ਸੀ, ਅਣਖ ਮਰ ਚੁੱਕੀ ਸੀ। ਕਾਇਰਤਾ ਛਾ ਚੁਕੀ ਸੀ, ਗੁਰੂ ਜੀ ਚਾਹੁੰਦੇ ਸਨ ਕਿ ਆਪਣੇ ਸਰੀਰ ਦੀ ਆਹੂਤੀ ਦੇ ਕੇ ਦੇਸ ਦਾ ਖ਼ੂਨ ਗਰਮ ਕੀਤਾ ਜਾਵੇ, ਆਤਮ ਵਿਸ਼ਵਾਸ਼ ਜਗਾਇਆ ਜਾਵੇ, ਸ੍ਵੈ ਮਾਨ ਪੈਦਾ ਕੀਤਾ ਜਾਵੇ, ਚੇਤਨਤਾ ਪ੍ਰਗਟ ਕੀਤੀ ਜਾਵੇ, ਅਣਖ ਗੈਰਤ ਨੂੰ ਭਰਿਆ ਜਾਵੇ, ਬਸ! ਇਹ ਉਦੇਸ਼ ਸੀ ਗੁਰੂ ਜੀ ਦਾ ਸ੍ਵੈ ਬਲੀਦਾਨ ਕਰਨ ਦਾ। ਸਤਿਗੁਰੂ ਜੀ ਦੀ ਸ਼ਹੀਦੀ ਸ਼ਾਨਦਾਰ ਤੇ ਮਹਾਨ ਸੀ ਜੋ ਮੁਗਲਾਂ ਦੇ ਪਾਪ-ਰਾਜ ਉੱਤੇ ਕਰਾਰੀ ਸੱਟ ਸੀ। ਇਹ ਸ਼ਹਾਦਤ ਹਰ ਅਧਰਮੀ-ਰਾਜ ਅਤੇ ਅਨਿਆਏ ਵਾਸਤੇ ਪਥ-ਪ੍ਰਦਰਸ਼ਕ ਰਹੀ ਹੈ ਅਤੇ ਰਹੇਗੀ।

ਇਸ ਸ਼ਹੀਦੀ ਨੂੰ ਬਹੁਤ ਸਾਰੇ ਵਿਅਕਤੀ ਰਾਜਨੀਤਿਕ ਦ੍ਰਿਸ਼ਟੀ ਤੋਂ ਅਤੇ ਈਰਖਾ ਦੇ ਕਾਰਣ ਘਟੀਆ ਬਨਾਉਣ ਦੇ ਯਤਨ ਵਿਚ ਵੀ ਹਨ। ਮੁਸਲਮਾਨ ਲੇਖਕਾਂ ਨੇ ਕੇਵਲ ਮਜ਼ਹਬੀ ਪਕਸ਼ ਅਧੀਨ ਜਾਣ ਬੁੱਝ ਕੇ ਗਲਤ ਫਹਿਮੀਆਂ ਪਾਉਣ ਦਾ ਯਤਨ ਕੀਤਾ ਹੈ ਅਤੇ ਸਤਿਗੁਰੂ ਜੀ ਦੀ ਸ਼ਹੀਦੀ ਨੂੰ ਹਰ ਤਰੀਕੇ ਨਾਲ ਘਟੀਆ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਇਥੋਂ ਤੱਕ ਸਤਿਗੁਰੂ ਜੀ ਦੇ ਵਿਅਕਤੀਤ੍ਵ ਨੂੰ ਵੀ ਅਪਮਾਨਤ ਚਿਤ੍ਰਿਆ ਹੈ। ਸਮਕਾਲੀ ਰਾਜਕੀ ਗੁਪਤਚਰਾਂ ਨੇ ਸਮਰਾਟ ਨੂੰ ਝੂਠੇ ਅਤੇ ਗਲਤ ਸਮਾਚਾਰ ਭੇਜ ਕੇ ਗੁਰੂ ਜੀ ਵਿਰੁੱਧ ਵਿਸ਼ ਘੋਲੀ। ਉਹ ਸੰਗਤ ਨੂੰ ਲੁਟੇਰਿਆਂ ਦਾ ਜੱਥਾ, ਗੁਰੂ ਜੀ ਨੂੰ ਸਮਰਪਤ ਹੋਈ ਭੇਟਾ ਨੂੰ ਲੁੱਟ ਦਾ ਮਾਲ ਲਿਖਕੇ ਭੇਜਦੇ ਹਨ।

ਜਿਵੇਂ "ਹਕੀਕਤਿ-ਬਿਨਾ-ਉ-ਓਰੂਜ਼ਿ-ਫਿਰਕਾ-ਏ-ਸਿਖ' ਦਾ ਇਕ ਤੁਅਸਬੀ ਮੁਸਲਮਾਨ ਲੇਖਕ ਸਤਿਗੁਰੂ ਜੀ ਦੀ ਸ਼ਹੀਦੀ ਤੋਂ ਸੌ ਸਵਾ ਸੌ ਸਾਲ ਮਗਰੋਂ ਵਿਸ਼-ਲੇਖਣੀ ਦੁਆਰਾ ਇਸ ਤਰ੍ਹਾਂ ਲਿਖਕੇ ਆਪਣੇ ਮਨ ਨੂੰ ਸ਼ਾਂਤ ਕਰਦਾ ਹੈ। 'ਔਰੰਗਜ਼ੇਬ ਵੇਲੇ (ਗੁਰੂ) ਤੇਗ ਬਹਾਦਰ ਨੇ ਫਸਾਦ ਖੜਾ ਕਰ ਦਿਤਾ। ਘੋੜੇ ਅਤੇ ਲੜਾਈ ਦਾ ਸਮਾਨ ਜਮਾ ਕਰ ਲਿਆ। ਆਖਰ ਲੜਾਈ ਹੋ ਪਈ ਅਤੇ ਉਸ ਨੂੰ ਜੋਰ ਨਾਲ ਉਥੋਂ ਕੱਢ ਦਿਤਾ ਗਿਆ ...। ਉਹ (ਗੁਰੂ ਤੇਗ ਬਹਾਦਰ) ਸੁਦਾਈਆਂ ਵਾਂਗ ਘੋੜੇ ਅਤੇ ਸਿੱਖਾਂ ਨੂੰ ਆਪਣੀ ਬੰਦੂਕ ਨਾਲ ਮਾਰ ਦਿੰਦਾ ਸੀ। ਇਸ ਤਰ੍ਹਾਂ ਉਸ ਨੇ ਬਹੁਤ ਸਾਰੇ ਘੋੜੇ ਮਾਰ ਕੇ ਤਬਾਹ ਕਰ ਦਿਤੇ ਅਤੇ ਜੋ ਆਦਮੀ (ਗੁਰੂ) ਤੇਗ ਬਹਾਦਰ ਦੇ ਹੱਥੀਂ ਮਾਰਿਆਂ ਜਾਂਦਾ ਸੀ ਉਸ ਨੂੰ ਸ਼ਹੀਦੀ ਸਿੰਘ ਕਿਹਾ ਜਾਂਦਾ ਸੀ ਅਤੇ ਉਨ੍ਹਾਂ ਦੀ ਸੰਤਾਨ ਨੂੰ ਵੀ ਇਹੋ ਕਹਿੰਦੇ ਸਨ।[52]

ਇਕ ਹੋਰ ਮੁਸਲਮਾਨ ਲੇਖਕ ਗੁਲਾਮ ਹੁਸੈਨ (SAYAR-UL-MUTA-KHRIN) ਫਾਰਸੀ ਪੁਸਤਕ ਦਾ ਕਰਤਾ ਗੁਰੂ ਜੀ ਬਾਰੇ ਮਨੋ ਕਲਪਤ ਕਹਾਣੀ ਘੜ ਕੇ ਗੁਰੂ ਜੀ ਦੇ ਆਦ੍ਰਸ਼ਯ ਤੇ ਪਾਣੀ ਫੇਰਨ ਦਾ ਯਤਨ ਕਰਦਾ ਹੈ। ਉਹ ਲਿਖਦਾ ਹੈ "(ਗੁਰੂ) ਤੇਗ ਬਹਾਦਰ ਇਹ ਸਮਝ ਕੇ ਬਾਗੀ ਬਣ ਗਏ ਕਿ ਬਹੁਤ

---

52 ਕੌਮੀ ਏਕਤਾ ੧੦ ਮਾਰਚ ੧੯੭੫ ਡਾ.ਗੰਡਾ ਸਿੰਘ.

ਸਾਰੇ ਲੋਕ ਉਨ੍ਹਾਂ ਦੇ ਨਾਲ ਹਨ। ਉਸ ਨੇ 'ਹਫ਼ੀਜ਼ ਆਦਮ' (ਨਾਮੇਂ ਇਕ ਫਕੀਰ) ਨਾਲ ਸੰਪਰਕ ਜੋੜ ਲਿਆ। ਉਨ੍ਹਾਂ (ਦੋਨ੍ਹਾਂ) ਨੇ ਪੰਜਾਬ ਵਿਚ ਲੁੱਟ ਮਾਰ ਕਰਨੀ ਆਰੰਭ ਦਿਤੀ ਜਿਸ ਕਾਰਣ (ਗੁਰੂ) ਤੇਗ ਬਹਾਦਰ ਨੂੰ ਕਤਲ ਕਰ ਦਿਤਾ ਗਿਆ।

ਉਪ੍ਰੋਕਤ ਲਿਖਤ ਗੁਲਾਮ ਹੁਸੈਨ ਦਾ ਫਾਰਸੀ ਅਨੁਵਾਦ ਹੈ, ਵੀਚਾਰਨ ਵਾਲੀ ਗੱਲ ਇਹ ਹੈ; ਕੀ ਸੱਚ ਹੈ ਕਿ ਕੋਈ ਮੁਸਲਮਾਨ ਫਕੀਰ ਹਫ਼ੀਜ਼ ਆਦਮ ਵੀ ਗੁਰੂ ਜੀ ਦਾ ਸਾਥੀ ਸੀ? ਜੇ ਹੈ ਸੀ ਤਾਂ ਉਸ ਦਾ ਕਿਸੇ ਇਤਿਹਾਸ ਨੇ ਜ਼ਿਕਰ ਕਿਉਂ ਨ ਕੀਤਾ? ਉਸ ਦੇ ਹਜਾਰਾਂ ਮੁਰੀਦ ਲਿਖੇ ਹਨ; ਉਸ ਦਾ ਕੋਈ ਡੇਰਾ, ਸੰਪ੍ਰਦਾਇ, ਜਨਮ ਮਿਰਤੂਯ ਦੀ ਤਿਥੀ, ਕੋਈ ਸਿਧਾਂਤ, ਇਸ ਸਭ ਕੁੱਝ ਤੋਂ ਇਥੋਂ ਤਕ ਫਕੀਰ ਦੇ ਨਾਂਉ ਤੋਂ ਵੀ ਇਤਿਹਾਸ ਚੁੱਪ ਹੈ।

ਜੇਕਰ ਉਹ ਫਕੀਰ ਤੇ ਗੁਰੂ ਜੀ ਪੰਜਾਬ ਵਿਚ ਇਨੀ ਹੀ ਤਬਾਹੀ ਮਚਾ ਰਹੇ ਸਨ। ਜਦੋਂ ਸ੍ਰਯੰ ਔਰੰਗਜ਼ੇਬ ੧੬੭੪ ਵਿਚ ਪੰਜਾਬ ਵਿਚ ਦੀ ਅਫਗਾਨਸਤਾਨ ਵੱਲ ਗਿਆ ਸੀ ਤਾਂ ਇਨੀ ਵੱਡੀ ਬਗਾਵਤ ਨੂੰ ਵੇਖਕੇ, ਬਿਨਾ ਨੋਟਸ ਲਏ ਕਿਵੇਂ ਲੰਘ ਗਿਆ? ਬਗਾਵਤਾਂ ਕਰਨ ਵਾਸਤੇ, ਲੋਕਾਂ ਨੂੰ ਤਿਆਰ ਕਰਨ ਵਾਸਤੇ, ਸੰਗਠਨ ਵਾਸਤੇ, ਹਥਿਆਰ ਤੀਰ, ਕਮਾਨ, ਨੇਜ਼ਾ, ਬੰਦੂਕ, ਤਲਵਾਰ ਚਲਾਉਣ ਵਾਸਤੇ ਹਫਤੇ ਨਹੀਂ ਹਨ। ਕੀ ਇਨ੍ਹੇ ਸਤਰਕ ਗੁਪਤ ਚਰਾਂ ਦਾ ਸ੍ਰਾਮੀ ਅਗਿਆਤ ਰਿਹਾ?

ਵਾਸਤਵ ਵਿਚ ਅਜੇਹੀ ਕੋਈ ਘਟਨਾ ਨਹੀਂ ਵਾਪਰੀ। ਸੋ ਇਹ ਸਾਰੀ ਕਹਾਣੀ ਨਿਰਮੂਲ ਤੇ ਝੂਠ ਦਾ ਪਲੰਦਾ ਹੈ। ਇਹ ਈਰਖੀ ਤੁਅਸਬੀ ਵਿਅਕਤੀ ਗੁਰੂ ਜੀ ਦੀ ਸ਼ਹੀਦੀ ਤੋਂ ਸੌਂ ਵਰਸ਼ ਮਗਰੋਂ ਹੋਇਆ ਹੈ। ਇਹ ਕੋਈ ਸਮਕਾਲੀ ਲੇਖਕ ਨਹੀਂ ਸੀ ਅਤੇ ਨ ਹੀ ਕੋਈ ਇਤਿਹਾਸਕਾਰ ਹੈ। ਇਸ ਦਾ ਮੰਤਵ ਤਾਂ ਕੇਵਲ ਇੰਨਾ ਹੀ ਹੈ ਕਿ ਗੁਰੂ ਜੀ ਦੇ ਮਹਾਨ ਬਲੀਦਾਨ ਨੂੰ ਜਨ ਸਧਾਰਨ ਦੇ ਮਨਾਂ ਵਿਚੋਂ ਕੱਢਿਆ ਜਾਵੇ। ਉਪ੍ਰੋਕਤ ਗੁਲਾਮ ਹੁਸੈਨ ਅਗੇ ਜਾਕੇ ਇਹ ਵੀ ਲਿਖਦਾ ਹੈ ਕਿ 'ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਰੱਖਕੇ ਮਾਰ ਦਿਤਾ ਗਿਆ।' ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਇਸ ਨੂੰ ਇਤਿਹਾਸ ਦੀ ਕੋਈ ਜਾਣਕਾਰੀ ਨਹੀਂ। ਗਵਾਲੀਅਰ ਦੇ ਕਿਲ੍ਹੇ ਵਿਚ ਗੁਰੂ ਤੇਗ ਬਹਾਦਰ ਜੀ ਨਹੀਂ ਰਖੇ ਗਏ, ਗੁਰੂ ਹਰਿਗੋਬਿੰਦ ਜੀ ਕੈਦ ਰਹੇ ਸਨ ਤੇ ੫੨ ਰਾਜਿਆਂ ਨੂੰ ਛਡਵਾ ਕੇ ਰਿਹਾ ਹੋਏ ਸਨ।

ਮੁਸਲਮਾਨ ਲੇਖਕਾਂ ਦੀ ਦ੍ਰਿਸ਼ਟੀ ਨਾਲ ਹੀ ਸਿੱਖ-ਇਤਿਹਾਸ ਨੂੰ ਅਗਰੇਜ਼-ਲੇਖਕਾਂ ਨੇ ਵੇਖਿਆ ਹੈ। ਅੰਗਰੇਜ਼ ਵੀ ਭਾਰਤੀਆਂ ਵਿਚੋਂ ਅਣਖ, ਗੈਰਤ ਦੇ ਜ਼ਜ਼ਬੇ ਨੂੰ ਮਟਾਉਣਾ ਚਾਹੁੰਦੇ ਸਨ ਤਾਂ ਕਿ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਅੰਗਰੇਜ਼ ਸਾਮਰਾਜਯ ਦੇ ਖਿਲਾਫ ਸੰਗਠਨ ਨ ਕਰ ਦੇਵੇ। ਇਸ ਤਰ੍ਹਾਂ ਰਾਜਨੀਤਿਕ ਅਤੇ ਧਾਰਮਿਕ ਦ੍ਰਿਸ਼ਟੀ ਤੋਂ ਸੋਚੀ ਸਮਝੀ ਚਾਲ ਅਨੁਸਾਰ ਅੰਗਰੇਜ਼ ਲਿਖਾਰੀਆਂ ਨੇ ਅਪ੍ਰਾਸੰਗਕ ਕਹਾਣੀਆਂ ਲਿਖਕੇ, ਸ਼ਹੀਦੀਆਂ, ਮਹਾਨ ਕਰਣੀਆਂ, ਘਾਲਨਾ ਸੇਵਾ ਸੰਗਠਨ, ਸਮੂਹ ਸ਼ੁਭ-ਗੁਣਾਂ ਤੋਂ ਅੱਖਾਂ ਮੀਟ ਲਈਆਂ। ਸੋਚੀ ਸਮਝੀ ਯੋਜਨਾ ਅਨੁਸਾਰ ਕਨਿੰਘਮ ਲਿਖਦਾ ਹੈ (ਗੁਰੂ ਤੇਗ ਬਹਾਦਰ ਨੇ) 'ਹਾਂਸੀ ਹਿਸਾਰ ਅਤੇ ਸਤਲੁਜ ਦੇ ਵਿਚਕਰਾਲੇ ਇਲਾਕੇ ਨੂੰ ਆਪਣੇ ਨਿਰਬਾਹ ਵਾਸਤੇ ਲੁੱਟਿਆ।

ਟਰੰਪ ਲਿਖਦਾ ਹੈ ਕਿ (ਗੁਰੂ) 'ਤੇਗ ਬਹਾਦਰ ਮੁਸਲਮਾਨ ਸ਼ਾਸਕਾਂ ਦੇ ਵਿਰੋਧੀ ਸਨ, ਉਹ ਸ਼ਸਤ੍ਰਧਾਰੀ ਸਿਪਾਹੀਆਂ ਦੇ ਨੇਤਾ ਸਨ। ਜੇਕਰ ਉਨ੍ਹਾਂ ਨੂੰ ਰਸਦ ਨ ਮਿਲਦੀ ਤਾਂ ਰਸਤੇ ਵਿਚ ਪਿੰਡਾਂ ਨੂੰ ਲੁਟਦੇ ਤੇ ਮੁਸਲਮਾਨਾਂ 'ਤੇ ਆਕ੍ਰਮਣ ਕਰਦੇ। ਉਨ੍ਹਾਂ ਨੇ ਪੇਂਡੂ ਕਬੀਲਿਆਂ ਨੂੰ ਚੰਗੀ ਤਨਖਾਹ ਦੇ ਇਕਰਾਰ 'ਤੇ ਨੌਕਰ ਰੱਖਿਆ ਹੋਇਆ ਸੀ।' ਅਗੇ ਲਿਖਦਾ ਹੈ 'ਉਹ ਮੁਸਲਮਾਨ ਲੇਖਕ ਸਚੇ ਹਨ ਜੋ (ਗੁਰੂ ਜੀ ਦੀ) ਸ਼ਹੀਦੀ ਰਾਜਨੀਤਿਕ ਕਾਰਣਾਂ ਕਰਕੇ ਹੋਈ ਲਿਖਦੇ ਹਨ। ਗੁਰੂ ਜੀ 'ਤੇ ਲਾਏ ਦੋਸ਼ ਪ੍ਰੰਪਰਾ ਤੋਂ ਵੀ ਸਿੱਧ ਹੁੰਦੇ ਹਨ।'

ਇਸ ਤਰ੍ਹਾਂ ਮੁਗਲਾਂ ਅਤੇ ਅੰਗਰੇਜ਼ ਸਮਰਥਕਾਂ ਦੀਆਂ ਰੁਚੀਆਂ ਸਾਂਝੀਆਂ ਸਨ। ਸਿੱਖ ਵਿਰੋਧੀ ਮੁਸਲਮਾਨ ਫਾਰਸੀ ਲੇਖਕਾਂ ਦੀਆਂ ਲਿਖਤਾਂ ਦਾ ਹੀ ਅੰਗਰੇਜ਼ਾਂ ਨੇ ਅਨੁਵਾਦ ਕਰ ਦਿੱਤਾ। ਅੰਗਰੇਜ਼ਾਂ ਨੇ ਸਿੱਖਾਂ ਕੋਲੋ ਨਵਾਂ ਨਵਾਂ ਸਿੱਖ-ਰਾਜ ਖੋਹਿਆ ਸੀ। ਇਸ ਵਾਸਤੇ ਅੰਗਰੇਜ਼ ਲੇਖਕ ਵੀ ਸਿੱਖਾਂ ਦੇ ਵਿਰਸੇ, ਘਾਲਣਾ, ਪ੍ਰਾਪਤੀਆਂ, ਸੇਵਾ, ਕੁਰਬਾਨੀ, ਸਾਹਿਤਯ, ਸੰਸਕ੍ਰਿਤੀ, ਪ੍ਰੰਪਰਾ ਅਤੇ ਇਤਿਹਾਸ ਨੂੰ ਨਿਰਾਰਥਕ/ਘਟੀਆ ਦਰਸਾਉਣ ਦੇ ਯਤਨ ਵਿਚ ਸਨ।

ਅੰਗਰੇਜ਼ ਕੇਵਲ ਰਾਜਨੀਤਿਕ ਤੌਰ ਤੇ ਹੀ ਦੇਸ ਉਤੇ ਗਲਬਾ ਨਹੀਂ ਸੀ ਪਾਉਣਾ ਚਾਹੁੰਦੇ, ਧਾਰਮਿਕ ਤੌਰ 'ਤੇ ਵੀ ਉਨ੍ਹਾਂ ਦੇ ਈਸਾਈ ਮਿਸ਼ਨ ਥਾਂਅ-ਥਾਂਅ ਕੰਮ ਕਰਨ 'ਤੇ ਲਗੇ ਹੋਏ ਸਨ। ਮੈਂ ਕੇਵਲ ਦੱਸਣਾ ਇਹ ਹੈ ਕਿ ਗੌਰਵਸ਼ਾਲੀ ਇਤਿਹਾਸ ਨੂੰ ਵਿਪਕਸ਼ੀ ਹਮੇਸ਼ਾਂ ਘਟੀਆ ਰੂਪ ਵਿਚ ਹੀ ਪੇਸ਼ ਕਰਿਆ ਕਰਦੇ ਹਨ।

ਇਸ ਯੋਜਨਾ ਅਧੀਨ ਈਸਾਈ ਪ੍ਰਚਾਰਕ ਸਤਿਗੁਰੂ ਨਾਨਕ ਦੇਵ ਜੀ ਦੀ ਮਹਾਨ ਵਿਸ਼ਵ ਯਾਤ੍ਰਾ ਅਤੇ ਉਪਕਾਰ ਸਤਿਗੁਰੂ ਅਰਜਨ ਦੇਵ ਜੀ ਦੀ ਸ੍ਰੀ ਹਰਿਮੰਦਰ ਦੀ ਰਚਿਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਅਤੇ ਸ਼ਹੀਦੀ, ਸਤਿਗੁਰੂ ਹਰਿਗੋਬਿੰਦ ਜੀ ਦੇ ਅਦ੍ਵਿਤੀਯ ਜੰਗ, ਸਤਿਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹੀਦੀ, ਸਤਿਗੁਰੂ ਗੋਬਿੰਦ ਸਿੰਘ ਜੀ ਦਾ ਅਪੂਰਬ ਬਲੀਦਾਨ, ਸਾਹਿਬਜ਼ਾਦਿਆਂ ਦੀ ਕੁਰਬਾਨੀ, ਮਹਾਂਬਲੀ ਬੰਦਾ ਬਹਾਦਰ ਦੇ ਜੁਗ ਪਲਟਾਊ ਕਾਰਨਾਮੇਂ, ਬੀਬੀਆਂ, ਭੁਯੰਗੀਆਂ ਅਤੇ ਸਿੰਘਾਂ ਦਾ ਇਕ ਸ਼ਤਾਬਦੀ ਦਾ ਸੰਘਰਸ਼, ਸੰਗ੍ਰਾਮ। ਆਰਿਆ ਨਾਲ ਚੀਰੇ ਜਾਣਾ, ਦੇਗ ਵਿਚ ਉਬਾਲੇ ਜਾਣਾ, ਚਰਖੜੀਆਂ ਤੇ ਚਾਹੜੇ ਜਾਣਾ, ਅੱਸੀ ਅੱਸੀ ਰੁਪੈ ਇਕ-ਇਕ ਸਿਰ ਦਾ ਮੁਲ ਪਵਾਉਣਾ, ਤਲਵਾਰਾਂ ਦੀ ਛਾਂ ਥੱਲੇ ਰਹਿ ਕੇ ਸਿੱਖੀ ਸਿਦਕ ਕੇਸਾਂ ਸ੍ਵਾਸਾਂ ਨਾਲ ਨਭਾਉਣਾ।

ਅਜੇਹੇ ਇਤਿਹਾਸ ਅਗੇ ਈਸਾਈਆਂ ਕੋਲੇ ਕੁਝ ਵੀ ਤਾਂ ਸਿੱਖ ਜਨ ਸਧਾਰਨ ਨੂੰ ਪ੍ਰਭਾਵਤ ਕਰਨ ਵਾਸਤੇ ਹੈ ਨਹੀਂ ਸੀ। ਇਸ ਵਾਸਤੇ ਖੜਜੰਤ੍ਰ ਇਹ ਰਚਿਆ ਗਿਆ ਕਿ ਪਹਿਲਾਂ ਸਿੱਖਾਂ ਦੇ ਮੂਲ ਇਤਿਹਾਸ ਨੂੰ ਵਿਗਾੜਿਆ ਜਾਵੇ ਅਤੇ ਘਟੀਆ ਸਿਧ ਕੀਤਾ ਜਾਵੇ। ਸਤਿਗੁਰੂ ਤੇਗ ਬਹਾਦਰ ਜੀ ਅਤੇ ਹੋਰ ਮਹਾਂਪੁਰਸ਼ਾਂ ਦੇ ਉਪਕਾਰ ਅਪਕਾਰ ਵਿਚ ਬਦਲ ਦਿਤੇ ਜਾਣ ਫਿਰ ਹੀ ਕਿਤੇ ਜਾ ਕੇ ਜਨ ਸਧਾਰਨ ਨੂੰ ਈਸਾਈਅਤ ਦੀਆਂ ਮਿਥਿਹਾਸਕ ਕਹਾਣੀਆਂ ਅਸਰ ਪਾ ਸਕਣਗੀਆਂ। ਅੰਗਰੇਜ਼ ਈਸਾਈਆਂ ਦਾ ਵਿਸ੍ਵਾਸ਼ ਸੀ ਕਿ ਇਸ ਢੰਗ ਨਾਲ ਅਸੀਂ ਸ਼ੀਘਰ ਹੀ ਪੂਰੇ ਹਿੰਦਸਤਾਨ ਨੂੰ, ਖਾਸ ਕਰਕੇ ਪੰਜਾਬ ਨੂੰ ਈਸਾਈ ਬਣਾ ਲਵਾਂਗੇ। ਇਕ ਈਸਾਈ ਪਾਦਰੀ ਦੇ ਇਹ ਸ਼ਬਦ ਪਾਠਕਾਂ ਵਾਸਤੇ ਮਨੋਰੰਜਨ ਦਾ ਕਾਰਣ ਬਨਣਗੇ ਜੋ ਇਕ ਅੰਗਰੇਜ਼ੀ ਅਖਬਾਰ 'ਚੋਂ

ਸਿੰਘ ਸਭਾ ਲਹਿਰ ਦੇ ਸੰਚਾਲਕ, ਮਾਨਯੋਗ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਨੇ ਆਪਣੇ 'ਖਾਲਸਾ ਅਖ਼ਬਾਰ' ਲਾਹੌਰ ੨੫ ਮਈ ੧੮੯੪ ਦੇ ਪਰਚੇ ਵਿਚ ਇਸ ਤਰ੍ਹਾਂ ਅੰਕਤ ਕੀਤੇ ਹਨ।

"ਇਕ ਅੰਗਰੇਜੀ ਪੱਤਰ ਲਿਖਦਾ ਹੈ ਕਿ ਈਸਾਈ ਦੀਨ ਦੀ ਦਿਨ ਬ-ਦਿਨ ਉਨਤੀ ਹੋ ਰਹੀ ਹੈ। ਜਿਸ ਪਰ ਉਹ ਪੇਸ਼ੀਨਗੋਈ ਕਰਦਾ ਹੈ ਕਿ ਅਗੇ ਆਉਣ ਵਾਲੇ ੨੫ ਵਰ੍ਹਿਆਂ ਨੂੰ ਮਾਝੇ ਦਾ ਤੀਸਰਾ ਹਿੱਸਾ ਈਸਾਈ ਹੋ ਜਾਵੇਗਾ। ਮਾਲਵਾ ਵੀ ਛੇਤੀ ਹੀ ਮਗਰੋਂ ਈਸਾਈ ਮੱਤ ਧਾਰਨ ਕਰ ਲਵੇਗਾ। ਜਿਵੇਂ ਬੁੱਧ ਇਥੇ ਨਹੀਂ ਰਹੇ, ਮੂਰਤਾਂ ਹੀ ਹਨ ਇਵੇਂ ਸਰਦਾਰਾਂ ਦੀਆਂ ਸੂਰਤਾਂ, ਜੋ ਸਿਧੇ ਦਾਹੜੇ, ਕਛਾ, ਕੜੇ, ਕ੍ਰਿਪਾਨ ਅਤੇ ਸਿਧੀਆਂ ਪੱਗਾਂ ਵਾਲੀਆਂ ਕਿਤੇ-ਕਿਤੇ ਦਿਸਦੀਆਂ ਹਨ। ਸੋ ਕਦੇ ਬੋਧਾਂ ਵਾਂਗ ਅਜਾਇਬ ਘਰਾਂ ਵਿਚ ਮੂਰਤਾਂ ਹੋ ਕੇ ਦਿਖਾਈ ਦੇਣਗੀਆਂ। ਇਨ੍ਹਾਂ ਦੇ ਹੀ ਪੁਤ ਪੋਤਰੇ ਜੋ ਈਸਾਈ ਦੀਨ ਵਿਚ ਆ ਕੇ ਕੋਟ ਪਤਲੂਨ ਅਤੇ ਪੱਦ-ਬਹੇੜੇ ਵਰਗੀ ਟੋਪੀ ਪਹਿਰੀ ਹੋਈ ਅਜਾਇਬ ਘਰ ਨੂੰ ਵੇਖਣ ਆਇਆ ਕਰਨਗੇ, ਤਾਂ ਕਹਿਆ ਕਰਨਗੇ ਕਿ 'ਦੇਖੋ ਯਹ ਸੀਖ ਲੋਗ ਕਾ ਤਸਵੀਰ ਹੈ ਜੋ ਕਬੀ ਇਸ ਦੇਸ ਮੇ ਹੋਤਾ ਥਾ।'

ਪਾਠਕ ਜੀ! ਇਸ ਟਿਪਣੀ ਨੂੰ ਇਕ ਵਾਰ ਹੋਰ ਪੜ੍ਹਨ ਦੀ ਖੇਚਲ ਕਰਨੀ। ਆਪ ਅਨੁਭਵ ਕਰ ਲਵੋਗੇ ਕਿ ਅਨਯਮਤੀ ਪੰਜਾਬ 'ਤੇ ਸਿੱਖਾਂ ਪ੍ਰਤੀ ਕੀ ਭਾਵਨਾ ਰਖਦੇ ਹਨ? ਕਿਉਂ ਇਤਿਹਾਸ ਨੂੰ ਵਿਗਾੜਣ ਦੇ ਯਤਨ ਕਰਦੇ ਸਨ। ਇਸ ਦਾ ਉਤਰ ਸਪਸ਼ਟ ਹੈ ਅਰੰਗਜੇਬ ਦੇ ਮੁਸਲਮਾਨ ਬਨਾਉਣ ਦੀ ਤਰ੍ਹਾਂ ਸਾਰੇ ਭਾਰਤ ਨੂੰ ਈਸਾਈ ਬਨਾਉਣ ਵਾਸਤੇ ਈਸਾ ਮਿਸ਼ਨ ਵੀ ਪ੍ਰਯਤਨਸ਼ੀਲ ਸਨ। ਬਸ! ਇਸ ਵਾਸਤੇ ਮੁਗਲਾਂ ਦੇ ਫਾਰਸੀ ਲੇਖਕ ਗੁਲਾਮ ਹੁਸੈਨ ਵਰਗੇ ਮਿਥਿਹਾਸਕ ਹਫ਼ੀਜ਼ ਆਦਮ ਵਰਗੇ ਫਕੀਰ ਕਲਪ ਲੈਂਦੇ ਹਨ ਅਤੇ ਕਈ ਗੁੰਮ ਨਾਮ ਲੇਖਕ ਗੁਰੂ ਜੀ ਨੂੰ ਸੁਦਾਈ ਤੱਕ ਲਿਖਣ ਤੋਂ ਸੰਕੋਚ ਨਹੀਂ ਕਰਦੇ ਅਤੇ ਅੰਗਰੇਜ ਈਸਾਈ ਲੇਖਕ ਕਨਿੰਘਮ, ਟਰੰਪ ਵਰਗੇ ਗੁਰੂ ਜੀ ਦੇ ਮਹਾਨ ਕਰਤੱਵਯ ਨੂੰ ਹਾਂਸੀ (ਹਿਸਾਰ) ਸਤਲੁਜ ਦੇ ਵਿਚਕਾਰ ਡਾਕੇ ਮਾਰਨੇ ਲਿਖ ਦਿੰਦੇ ਹਨ।

ਇਹ ਵਿਰੋਧੀ ਖੜਜੰਤ੍ਰ ਕੇਵਲ ਸਤਿਗੁਰੂ ਜੀ ਦੀ ਸ਼ਹੀਦੀ ਤੱਕ ਹੀ ਸੀਮਤ ਨਹੀਂ ਸਿੱਖ ਇਤਿਹਾਸ ਦੇ ਹਰ ਸੁਨਿਹਰੀ ਪੰਨੇ 'ਤੇ ਹੜਤਾਲ ਫੇਰਨ ਦਾ ਯਤਨ ਕੀਤਾ ਹੈ। ਪੰਥ ਦੇ ਮਹਾਂਬਲੀ ਬੰਦਾ ਬਹਾਦਰ ਦੇ ਅਦ੍ਵਿਤੀਯ ਬਲੀਦਾਨ ਦਾ ਪ੍ਰਭਾਵ ਖਤਮ ਕਰਨ ਵਾਸਤੇ ਬੰਦੇ ਬਹਾਦਰ ਨੂੰ ਪੰਥ ਵਲੋਂ ਛੇਕਿਆ ਗਿਆ ਪਤਤ ਲਿਖਕੇ ਬੰਦੇ ਦੀ ਸ਼ਾਨਦਾਰ ਘਾਲਣਾ ਨੂੰ ਸਾਡੇ ਮਨਾਂ ਵਿਚੋਂ ਕੱਢਣ ਦਾ ਯਤਨ ਕੀਤਾ ਗਿਆ। ਇਸੀ ਤਰ੍ਹਾਂ ਭਾਈ ਮਨੀ ਸਿੰਘ ਜੀ ਦੇ ਅਪੂਰਬ ਬਲੀਦਾਨ ਨੂੰ ਪੰਥ ਵਲੋਂ ਮਿਲੇ ਸਰਾਪ ਦਾ ਪ੍ਰਤੀਕਰਮ ਦੱਸਿਆ ਗਿਆ। ਇਹ ਸਾਰੇ ਖੜਜੰਤ੍ਰਾਂ ਦੀ ਤਿਆਰੀ ਕਿਸੀ ਡੂੰਘੀ ਯੋਜਨਾ ਅਧੀਨ ਹੋਈ ਹੈ। ਜਿਨ੍ਹਾਂ ਵਿਚੋਂ ਸਤਿਗੁਰੂ ਜੀ ਦੀ ਸ਼ਹੀਦੀ ਵੀ ਇਕ ਹੈ।

ਇਸੀ ਤਰ੍ਹਾਂ ਗਦਰ ਪਾਰਟੀ ਅਤੇ ਬੱਬਰ ਅਕਾਲੀ ਲਹਿਰ ਦੇ ਮਹਾਨ ਦੇਸ਼ ਭਗਤਾਂ ਨੂੰ ਅੰਗਰੇਜ਼ ਸਾਮਰਾਜਯ ਦੇ ਅਧਿਕਾਰੀ ਚੋਰ/ਡਾਕੂ ਆਖਿਆ ਤੇ ਪ੍ਰਚਾਰਿਆ ਕਰਦੇ ਸਨ। ਇਹ ਵਰਤਾਵ ਕ੍ਰਾਂਤੀਕਾਰੀਆਂ ਨਾਲ ਪੁਰਾਤਨ ਕਾਲ ਤੋਂ ਹੀ ਹੁੰਦਾ ਆਇਆ ਹੈ। ਜਿਤਨਾ ਵੀ ਕੋਈ ਸਤਯ ਦਾ ਧਾਰਨੀ ਅਤੇ ਅਗਰਗਾਮੀ ਹੋਵੇਗਾ ਉਨ੍ਹਾਂ ਹੀ ਉਸ ਦਾ ਗੁਰੂ ਤੇਗ ਬਹਾਦਰ ਜੀ ਦੀ ਤਰ੍ਹਾਂ ਵਿਰੋਧ ਹੋਵੇਗਾ।

ਈਰਖੀ ਅਤੇ ਦ੍ਵੈਸ਼ੀ ਆਪਣੀ ਵਿਸ਼ ਲੇਖਣੀ ਦਵਾਰਾ ਕੁਝ ਲਿਖਦੇ ਰਹਿਣ ਵਿਸ਼ਵ ਪ੍ਰਸਿੱਧ ਵਿਦਵਾਨ ਮੰਨਦੇ ਹਨ ਕਿ ਧਰਮ ਦੀ ਖਾਤਰ ਹਿੰਦੂ ਜਾਤੀ ਦੀ ਰੱਖਿਆ ਵਾਸਤੇ ਆਪਣੀ ਸ੍ਵੈ ਇੱਛਾ ਅਨੁਸਾਰ ਗੁਰੂ ਜੀ ਨੇ ਕੌਮ ਵਿਚ ਅਣਖ ਭਰਨ, ਗੈਰਤ ਪੈਦਾ ਕਰਨ ਵਾਸਤੇ ਬਲੀਦਾਨ ਦਿਤਾ ਸੀ। ਇਸ ਗੱਲ ਨੂੰ ਸਰ ਮੈਕਾਲਫ, ਇੰਦੂ ਭੂਸ਼ਨ ਬੈਨਰਜੀ, ਗੋਕਲ ਚੰਦ ਨਾਰੰਗ, ਡਾ. ਗੰਡਾ ਸਿੰਘ, ਪ੍ਰਿੰ. ਤੇਜਾ ਸਿੰਘ, ਪ੍ਰੋ. ਹਰਬੰਸ ਸਿੰਘ, ਰਣਬੀਰ, ਲਾਲਾ ਦੌਲਤ ਰਾਏ, ਭਾਈ ਵੀਰ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਵਰਗੇ ਸਾਰੇ ਵਿਦਵਾਨ ਮੰਨਦੇ ਹਨ।

ਸਭ ਤੋਂ ਮਹਾਨ ਤੇ ਮੁੱਖ ਸਮਕਾਲੀ ਪ੍ਰਮਾਣ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੈ ਜਿਨ੍ਹਾਂ ਨੇ ਸਾਫ ਲਿਖਿਆ ਹੈ ਕਿ ਗੁਰੂ ਜੀ ਦੀ ਸ਼ਹੀਦੀ ਹਿੰਦੂ ਜਾਤੀ ਦੇ ਧਰਮ, ਪੂਜਾ-ਪਾਠ, ਤਿਲਕ, ਜੰਞੂ ਸੰਸਕ੍ਰਿਤੀ ਅਤੇ ਸਭਿਆਚਾਰ ਨੂੰ ਬਚਾਉਣ ਵਾਸਤੇ ਹੋਈ ਸੀ। ਧਰਮ ਵਾਸਤੇ ਸ੍ਰੀ ਗੁਰੂ ਜੀ ਨੇ ਕਲਯੁਗ ਵਿਚ ਅਪੂਰਬ ਸਾਕਾ ਕਰ ਵਖਾਇਆ। 'ਸੀ' ਤਕ ਨਹੀਂ ਆਖੀ, ਸੀਸ ਦੇ ਦਿਤਾ, ਪਰ ਸਿਰੜ ਨਹੀਂ ਦਿੱਤਾ। ਦ੍ਰਿੜ੍ਹਤਾ ਨਹੀਂ ਤਿਆਗੀ, ਆਪਣੇ ਸਿਧਾਂਤ ਨੂੰ ਕ੍ਰਿਆਤਮਿਕ ਰੂਪ ਦੇ ਦਿਤਾ ਕਿ ਨ ਕਿਸੀ ਨੂੰ ਭੈ ਦਿਉ, ਨ ਕਿਸੀ ਦਾ ਭੈ ਮੰਨੋ'

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਆ ਪਰ ਸੀ ਨ ਉਚਰੀ॥੧੩॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹ ਆਵਤ ਲਾਜਾ॥੧੪॥

**ਦੋਹਰਾ॥**

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥" (ਪਾਤਸ਼ਾਹੀ ੧੦)

ਇਸ ਪ੍ਰਮਾਣ ਤੋਂ ਅਗੇ ਕਿਸੇ ਦ੍ਰਿਸ਼ਟਾਂਤ ਦੀ ਲੋੜ ਨਹੀਂ ਗੁਰੂ ਜੀ ਦੀ ਸ਼ਹੀਦੀ ਦਾ ਉਦੇਸ਼ ਸਪਸ਼ਟ ਹੈ। ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅੱਜ ਭਾਰਤ ਵਿਚ ਕ੍ਰੋੜ ਹਿੰਦੂ ਵਸਦੇ ਹਨ। ਬੋਧੀ, ਜੈਨੀ, ਪਾਰਸੀ ਅਤੇ ਸਿੱਖ ਵੱਖ ਸੰਖਯਾ ਵਿਚ ਨਿਵਾਸ ਰੱਖਦੇ ਹਨ। ਇਨ੍ਹਾਂ ਸਮੂਹ ਧਰਮਾਂ/ਜਾਤੀਆਂ ਦੀ ਜੇ ਸਭਯਤਾ ਅਤੇ ਸਭਿਆਚਾਰ ਸੁਰਖਯਤ ਹੈ, ਤਾਂ ਇਹ ਸਭ ਸਤਿਗੁਰੂ ਤੇਗ ਬਹਾਦਰ ਜੀ ਦੀ ਮਹਾਨ ਕਰਣੀ ਦਾ ਚਮਤਕਾਰ ਹੈ। ਇਸ ਮਹਾਨ ਉਪਕਾਰ ਬਦਲੇ ਭਾਰਤੀ ਸਭਯਤਾ ਗੁਰੂ ਜੀ ਦੀ ਰਿਣੀ ਹੈ।

ਇਸ ਰਿਣ ਨੂੰ ਉਤਾਰਨ ਵਾਸਤੇ ਮੈਂ ਇਕ ਨਮਾਣੀ ਜੇਹੀ ਪ੍ਰਾਰਥਨਾ ਦੇਸ ਦੇ ਨੇਤਾਵਾਂ ਅਤੇ ਸਰਕਾਰ ਅਗੇ ਰੱਖਣ ਦਾ ਸਾਹਸ ਕਰਦਾ ਹਾਂ ਕਿ ਸਤਿਗੁਰੂ ਜੀ ਦੀ ਸਿਮ੍ਰਿਤੀ ਵਿਚ ਅਜੇਹਾ ਸਮਾਰਕ ਬਣਾਇਆ ਜਾਵੇ ਜਿਸ ਨਾਲ ਸਤਿਗੁਰੂ ਜੀ ਦਾ ਨਾਂਉ ਹਰ ਭਾਰਤੀ ਦੇ ਹਿਰਦੇ ਵਿਚ ਅੰਕਤ ਹੋ ਜਾਵੇ।

(੧) ਸਤਿਗੁਰੂ ਜੀ ਨੇ ਦੇਸ ਦੀ ਰਾਜਧਾਨੀ (ਦਿੱਲੀ) ਵਿਚ ਸਮੂਹ ਦੇਸ ਦੇ ਸਭਿਆਚਾਰ ਨੂੰ ਬਚਾਉਣ ਵਾਸਤੇ ਬਲੀਦਾਨ ਕੀਤਾ ਸੀ। ਇਸ ਵਾਸਤੇ ਦੇਸ ਦੀ ਰਾਜਧਾਨੀ ਦਿੱਲੀ ਦਾ ਨਾਂਉ ਗੁਰੂ ਜੀ ਦੇ ਨਾਂਉ ਉਪਰ "ਗੁਰੂ ਤੇਗ ਬਹਾਦਰ ਨਗਰ" ਰੱਖਿਆ ਜਾਵੇ।

(੨) ਗੁਰੂ ਜੀ ਨੇ ਜੀ.ਟੀ.ਰੋਡ ਉਤੋ ਦੀ ਮਾਨਵ-ਕਲਿਆਣ ਹਿਤ ਸ੍ਰੀ ਅੰਮ੍ਰਿਤਸਰ ਤੋਂ ਲੈ ਕੇ ਕਲਕਤੇ ਤੇ ਢਾਕੇ ਦੇ ਵਿਚ ਦੀ ਅਸਾਮ ਤੱਕ ਸਦ ਉਪਦੇਸ਼ ਦਿਤਾ। ਇਸ ਵਾਸਤੇ ਇਸ ਸੜਕ ਦਾ ਨਾਂਉ 'ਗਰੂ ਤੇਗ ਬਹਾਦਰ ਮਾਰਗ' ਨਿਯੁਕਤ ਕੀਤਾ ਜਾਵੇ। ਇਸ ਮਾਰਗ ਉੱਤੇ ਦੀਰਘ ਸ਼ਿਲਾ-ਲੇਖ ਲਾਕੇ ਗੁਰੂ ਜੀ ਦੀ ਬਾਣੀ ਦੀ ਸਾਰੀਆਂ ਭਾਸ਼ਾਵਾਂ ਵਿਚ ਵਿਆਖਿਆ ਸਹਿਤ ਅੰਕਤ ਕੀਤੀ ਜਾਵੇ।

(੩) ਗੁਰੂ ਜੀ ਦਾ ਜੀਵਨ-ਚਰਿਤ੍ਰ ਅਤੇ ਬਾਣੀ ਦੀ ਸਾਰੀਆਂ ਭਾਸ਼ਾਵਾਂ (ਦੱਖਣੀ ਭਾਰਤ ਵਾਸਤੇ ਉਚੇਚੇ ਅੰਗਰੇਜ਼ੀ ਅਤੇ ਸੰਸਕ੍ਰਿਤ ਵਿਚ ਵਿਆਖਿਆ ਨਾਲ ਪ੍ਰਕਾਸ਼ਿਤ ਕਰਕੇ ਦੇਸ ਦੀਆਂ ਸਮੂਹ (ਛੋਟੀਆਂ ਵੱਡੀਆਂ) ਲਾਇਬਰੇਰੀਆਂ ਤੇ ਸੰਸਥਾਵਾਂ ਵਿਚ ਮੁਫਤ ਆਵਸ਼ਯਕ ਭੇਜੀ ਜਾਵੇ।

ਇਨ੍ਹਾਂ ਸਮਾਰਕਾਂ ਦੀ ਸਥਾਪਨਾ ਵਾਸਤੇ ਵਿਸ਼ੇਸ਼ ਧਨ ਤੇ ਸਮੇਂ ਦੀ ਆਵਸ਼ਯਕਤਾ ਨਹੀਂ ਕਿੰਤੂ ਇਨ੍ਹਾਂ ਸਮਾਰਕਾਂ ਦੀ ਸਥਾਪਨਾ ਨਾਲ ਸਤਿਗੁਰੂ ਜੀ ਪ੍ਰਤੀ ਦੇਸ ਦੀ ਸ਼ਰਧਾ-ਭਾਵਨਾ ਪ੍ਰਗਟ ਹੁੰਦੀ ਹੈ। ਇਤਨਾ-ਇਤਨਾ ਅਭੀਨੰਦਨ ਕਰਨਾ ਦੇਸ ਅਤੇ ਹਿੰਦੂ ਜਾਤੀ ਦਾ ਧਰਮ ਹੀ ਹੈ। ਇਸ ਨਾਲ ਮੁੜ ਭਾਰਤ ਦਾ ਹੀ ਗੌਰਵ ਵਧੇਗਾ। ਸਤਿਗੁਰੂ ਜੀ ਦਾ ਮਹਾਨ ਜੀਵਨ ਸੰਖੇਪ ਹੀ ਅੰਕਤ ਕਰਨ ਦਾ ਯਤਨ ਕੀਤਾ ਹੈ। ਲੇਖਕ ਦੀ ਇਹ ਤੀਬਰ ਇੱਛਾ ਸੀ ਕਿ ਸਤਿਗੁਰੂ ਪ੍ਰਤੀ ਆਪਣੀ ਸ਼ਰਧਾਂਜਲੀ ਸਮਰਪਣ ਕਰਾਂ। ਇਹ ਕਾਮਨਾ ਸਤਿਗੁਰੂ ਜੀ ਨੇ ਆਪ ਹੀ ਪ੍ਰੇਰਨਾ ਸ਼ਕਤੀ, ਬਲ, ਬੁੱਧੀ, ਬਖਸ਼ ਕੇ ਪੂਰੀ ਕਰ ਦਿਤੀ ਹੈ। ਮੈਂ ਇਹ ਵੀ ਚਾਹੁੰਦਾ ਸੀ ਕਿ ਸਤਿਗੁਰੂ ਜੀ ਦੀ ਬਾਣੀ ਦੀ ਵੀ ਵਿਆਖਿਆ ਅੰਕਤ ਕਰਾਂ ਪਰ ਧਨ ਤੇ ਸਮੇਂ ਨੇ ਆਗਿਆ ਨਹੀਂ ਦਿਤੀ।

ਹੁਕਮਨਾਮਿਆਂ ਦਾ ਉਤਾਰ ਸ਼੍ਰੋ.ਗੁ.ਪ੍ਰ. ਕਮੇਟੀ ਵਾਲੇ ਸੰਚੇ ਵਿਚੋਂ ਅੰਕਤ ਕੀਤਾ ਹੈ। ਤਿੰਨ ਹੁਕਮਨਾਮੇ ਪੂਰੇ ਦਿਤੇ ਹਨ। ਬਾਕੀ ਹੁਕਮਨਾਮਿਆਂ ਵਿਚੋਂ ਕੇਵਲ ਸੰਬੰਧਿਤ ਵਾਰਤਾ ਹੀ ਲਈ ਹੈ।

ਦਿੱਲੀ ਤੋਂ ਲੈਕੇ ਗੁਹਾਟੀ ਤੱਕ ਸਿੱਖਾਂ ਦੇ ਨਾਂਉ ਥਾਂਉ ਹੁਕਮਨਾਮਿਆਂ ਦੇ ਅਧਾਰ 'ਤੇ ਹੀ ਲਿਖੇ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਨਾਂਉ ਬਾਲ-ਵਿਰੇਸ ਸਮੇਂ ਅਨੁਸਾਰ 'ਗੋਬਿੰਦ' ਲਿਖਿਆ ਹੈ। ਇਹ ਕੇਵਲ ਵਾਤਸਲਯ ਅਤੇ ਅਤੀ ਪਿਆਰ ਅਧੀਨ ਹੈ, ਅਪਮਾਨ ਜਨਕ ਨਹੀਂ।

ਜਿਨ੍ਹਾਂ ਪੁਸਤਕਾਂ ਅਤੇ ਵਿਦਵਾਨਾਂ ਦੀ ਸਹਾਇਤਾ ਨਾਲ ਪੁਸਤਕ ਲਿਖਣ ਵਿਚ ਸਫਲ ਹੋਇਆ ਹਾਂ, ਸਮੂਹ ਦਾ ਰਿਣੀ ਹਾਂ। ਵਿਸ਼ੇਸ਼ ਕਰਕੇ ਵਿਦਵਾਨਾਂ ਦੇ ਕਦਰ ਦਾਨ ਸ੍ਵਯੰ ਵਿਦਵਾਨ ਤੇ ਮਹਾਂ ਕਵੀ ਮਾਨਯੋਗ ਪੰਥ ਰਤਨ ਜੱਥੇਦਾਰ ਦਿਆਲ ਸਿੰਘ ਜੀ 'ਪਰਵਾਨਾ' ਦਸਮੇਸ਼ ਸਰ੍ਹਾਂ ਸੁਰਗਪੁਰੀ ਕੋਟਕਪੂਰਾ ਦਾ ਰਿਣੀ ਹਾਂ।

'ਪਰਵਾਨਾ' ਜੀ ਤੋਂ ਬਿਨ੍ਹਾਂ ਸ੍ਰੀਮਾਨ ਪੰਡਿਤ ਗੁਰਦੀਪ ਸਿੰਘ ਜੀ ਵੇਦਾਂਤ ਕੇਸਰੀ ਨਿਰਮਲ ਸੰਸਕ੍ਰਿਤ ਵਿਦਿਆਲਯ ਵਾਰਾਣਸੀ, ਮਹਾਂ ਮੰਡਲੇਸ੍ਵਰ ਪੰਡਿਤ ਬਲਵੀਰ ਸਿੰਘ ਜੀ ਸ਼ਾਸਤ੍ਰੀ ਵੇਦਾਂਤਾਚਾਰਯ ਗੁਰਦ੍ਵਾਰਾ ਬਾਲ ਲੀਲ੍ਹਾ ਮੈਣੀ ਸੰਗਤ ਪਟਨਾ ਸਾਹਿਬ, ਮਹਾਨ ਵਿਦਵਾਨ ਸ੍ਰੀ ਮਾਨ ਪੰਡਿਤ ਬਲਬੀਰ ਸਿੰਘ ਜੀ 'ਵਿਯੋਗੀ' ਸੰਤ ਪੁਰਾ ਮਾਡਲ ਟਾਊਨ ਦਿੱਲੀ ਅਤੇ ਸ੍ਰੀਮਾਨ ਪੰਡਿਤ ਕਰਮ ਸਿੰਘ ਜੀ 'ਕਰਮਵੀਰ' ਮਿਰਜ਼ਾਪੁਰ ਜਿਨ੍ਹਾਂ ਨੇ ਸਮੇਂ-ਸਮੇਂ ਦਾਸ ਨੂੰ ਮਾਰਗ-ਦਰਸ਼ਨ ਕਰਵਾਇਆ ਅਤੇ ਗਿਆਨੀ ਅਜਮੇਰ ਸਿੰਘ ਜੀ ਐਮ.ਏ. ਲੋਹਗੜ੍ਹ (ਲੁਧਿਆਣਾ) ਦਾ ਧੰਨਵਾਦ ਕੀਤੇ ਬਿਨ੍ਹਾਂ ਰਹਿ ਨਹੀਂ ਸਕਦਾ, ਜੋ ਸਮੇਂ-ਸਮੇਂ ਅਨੁਸਾਰ ਪੁਸਤਕ ਨੂੰ ਭੂਸ਼ਨ ਬਨਾਉਣ ਵਿਚ ਸਹਾਇਕ ਬਣੇ।

ਇਸ ਪੁਸਤਕ ਵਿਚ ਇਤਿਹਾਸਕ ਤਰੁਟੀਆਂ ਸੁਭਾਵਕ ਹੀ ਰਹਿ ਗਈਆਂ ਹੋਣਗੀਆਂ ਜਿਨ੍ਹਾਂ ਲਈ ਖਿਮਾਂ ਮੰਗਦਾ ਹੋਇਆ ਜਾਣਕਾਰੀ ਦੇਣ ਵਾਲੇ ਵਿਦਵਾਨਾਂ ਦਾ ਸਦੈਵ ਰਿਣੀ ਰਹਾਂਗਾ।

ਇਹ ਪੁਸਤਕ ਛਪਣ ਸਮੇਂ ਪ੍ਰੈਸ ਵਿਚ ਹਾਜ਼ਰ ਨਹੀਂ ਰਹਿ ਸਕਿਆ। ਛਪਾਈ ਦੀਆਂ ਅਸ਼ੁੱਧੀਆਂ ਸੁਭਾਵਿਕ ਰਹਿ ਗਈਆਂ ਹਨ। ਸਮੂਹ ਭੁਲਾਂ ਲਈ ਖਿਮਾਂ ਦਾ ਜਾਚਕ ਹਾਂ।



ਕੋਠਾ ਗੁਰੂ

ਬਲਵੰਤ ਸਿੰਘ ਕੋਠਾ ਗੁਰੂ

**੧ੴ ਸਤਿਗੁਰ ਪ੍ਰਸਾਦਿ॥**

## ਧਰਮ ਪ੍ਰਭਾਕਰ ਜਯੋਤੀ

ਸਤਿਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਸਾਰਾ ਜੀਵਨ ਵੈਰਾਗ, ਤਿਆਗ ਅਤੇ ਉਪਕਾਰ ਭਰਿਆ ਸੀ। ਉਨ੍ਹਾਂ ਦੀ ਤਪਸਿਆ, ਚਰਿਤ੍ਰ ਅਤੇ ਬਾਣੀ ਅੱਜ ਵੀ ਪੱਥ ਪ੍ਰਦਰਸ਼ਕ ਬਣ ਕੇ ਮਾਰਗ ਪ੍ਰਦਰਸ਼ਨ ਕਰਵਾ ਰਹੀ ਹੈ। ਜਿਥੇ ਸਤਿਗੁਰੂ ਜੀ ਵਰਸਾਂ ਬਧੀ ਤਪਸਿਆ ਤੇ ਸਿਮਰਨ ਕਰਦੇ ਰਹੇ। ਅਸਾਮ ਤੱਕ ਧਰਮ ਪ੍ਰਚਾਰ ਕਰਦੇ ਰਹੇ ਉਥੇ ਉਨ੍ਹਾਂ ਨੇ ਆਪਣੀ ਕਰਨੀ ਦੁਆਰੇ ਅਪੂਰਬ ਬਲੀਦਾਨ ਦੇ ਕੇ ਵਿਸ਼ਵ ਇਤਿਹਾਸ ਦੇ ਪੰਨੇ ਬਦਲ ਦਿਤੇ।

**ਅਵਤਾਰ:** ਸਤਿਗੁਰੂ ਤੇਗ ਬਹਾਦਰ ਜੀ ਦਾ ਅਵਤਾਰ ਵਸਾਖ ਵਦੀ ੧੫ ਸੰਮਤ ੧੬੭੮ (੧ ਅਪ੍ਰੈਲ ੧੬੨੧) ਵਿਚ ਸਿੱਖ ਪੰਥ ਦੇ ਛੇਵੇਂ ਪਾਤਸ਼ਾਹ ਸਤਿਗੁਰੂ ਹਰਿਗੋਬਿੰਦ ਸਾਹਿਬ ਦੇ ਪਾਵਨ ਗ੍ਰਿਹਿ ਵਿਖੇ ਪੂਜਯ ਮਾਤਾ ਸ੍ਰੀ ੧੦੫ ਨਾਨਕੀ ਜੀ ਦੀ ਪਵਿੱਤਰ ਕੁਖੋਂ ਸ੍ਰੀ ਅੰਮ੍ਰਿਤਸਰ ਗੁਰੂ ਕੇ ਮਹਿਲਾਂ ਵਿਖੇ ਹੋਇਆ। ਪੰਜਵੇਂ ਸਾਹਿਬਜ਼ਾਦੇ ਦੇ ਪ੍ਰਗਟ ਹੋਣ ਦੀ ਖੁਸ਼ੀ ਵਿਚ ਅੰਮ੍ਰਿਤਸਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਜਿਥੇ ਅਨੰਤ ਸ੍ਰੀ ਵਿਭੂਸ਼ਤ ਵਯੋ ਵ੍ਰਿਧ ਬਾਬਾ ਬੁਢਾ ਜੀ, ਗੁਰਮਤਿ ਦਰਸ਼ਨਾਚਾਰਯ ਵਿਦਯਾ ਮਾਰਾਤੰਡ ਭਾਈ ਗੁਰਦਾਸ ਜੀ ਵਿਦਿਆ ਵਾਚਸਪਤੀ ਅਤੇ ਯੋਗੀ ਰਾਜ ਮਹਾਂਬਲੀ ਭਾਈ ਬਿਧੀ ਚੰਦ ਜੀ ਵਰਗੇ ਮਹਾਨ ਭਾਵ ਨਵ-ਬਾਲਕ ਨੂੰ ਅਸ਼ੀਰਵਾਦ ਦੇਣ ਵਾਸਤੇ ਮਹਿਲਾਂ ਵਿਚ ਹਾਜ਼ਿਰ ਹੋਏ, ਉਥੇ ਸ੍ਵਯੰ ਸਤਿਗੁਰੂ ਹਰਿਗੋਬਿੰਦ ਜੀ ਨੇ ਵੀ ਵਰਦਾਨ ਦੇ ਕੇ ਫਰਮਾਇਆ, 'ਇਹ ਬਾਲਕ ਮਹਾਨ ਤੇਜਸ੍ਵੀ, ਵਿਸ਼ਵ-ਕਲਿਆਣ ਕਰਨ ਵਾਲਾ 'ਧਰਮ ਸੰਸਥਾਪਨਾਰਥਾਯ' ਧਰਮ ਦਾ ਬੋਹਥ ਅਨਾਥਾਂ ਦਾ ਨਾਥ ਪ੍ਰਗਟ ਹੋਇਆ ਹੈ।' ਇਸ ਤਰ੍ਹਾਂ ਸਤਿਗੁਰੂ ਜੀ ਨੇ ਬਾਲਕ ਦਾ ਭਵਿਸ਼ਯ ਪਹਿਲੇ ਹੀ ਵਰਨਨ ਕਰ ਦਿਤਾ। ਇਹ ਵਰਦਾਨ ਸੁਣ ਕੇ ਪੂਜਯ ਮਾਤਾ ਨਾਨਕੀ ਜੀ ਦੀ ਪ੍ਰਸੰਨਤਾ ਦਾ ਪਾਰਾਵਾਰ ਨ ਰਿਹਾ।

ਸ੍ਰੀ ਸਤਿਗੁਰ ਤਬਿ ਰਿਦੇ ਬਿਚਾਰਾ।
ਇਸ ਕੇ ਉਪਜਹਿ ਬਲੀ ਉਦਾਰਾ।
ਰਣ ਬਹਾਦਰੀ ਕਰਹਿ ਬਡੇਰੀ।
ਇਹ ਨਿਰਭੈ ਜਰ ਤੁਰਕ ਉਖੇਰੀ।
ਸੁਤ ਬਹਾਦਰੀ ਤੇਗ ਕਰੈ ਹੈਂ।
ਸ਼ੱਤ੍ਰ ਬ੍ਰਿੰਦ ਕੋ ਜੰਗ ਖਪੇ ਹੈ। (ਸੂਰਜ ਪ੍ਰਕਾਸ਼ ਰਾਸ ੫ ਅੰਸੂ ੬੩)

**ਨਾਮ ਕਰਣ:** ਨਵ-ਬਾਲਕ ਦੇ ਨਾਮ ਕਰਣ ਸਮੇਂ ਸਤਿਗੁਰੂ ਛੇਵੇਂ ਪਾਤਸ਼ਾਹ ਨੇ ਨਾਂਓ "ਤੇਗ ਬਹਾਦਰ" ਰਖਿਆ। 'ਯਾ ਤੇ ਤੇਗ ਬਹਾਦਰ ਨਾਮ, ਧਰਯੋ ਬਿਚਾਰ ਗੁਰੂ ਅਭਿਰਾਮ।' ਕਈ ਲੇਖਕਾਂ ਦੇ ਕਥਨ ਅਨੁਸਾਰ ਸਾਹਿਬਜ਼ਾਦੇ ਦਾ ਨਾਂਉ 'ਤਿਆਗ ਮਲ' ਰੱਖਿਆ ਕਿੰਤੂ ਇਸ ਨਾਂਉ ਦਾ ਕਿਸੀ ਵੀ ਸਿੱਖ-ਇਤਿਹਸਕਾਰ ਨੇ ਜ਼ਿਕਰ ਨਹੀਂ ਕੀਤਾ ਸ੍ਵਯੰ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਦੇਵ ਪਿਤਾ ਦਾ ਨਾਂਉ 'ਗੁਰੂ ਤੇਗ ਬਹਾਦਰ' ਹੀ ਲਿਖਿਆ ਹੈ।

**ਵਿਦਿਆ**: ਪੰਜ ਵਰਸ ਦੀ ਅਵਸਥਾ ਵਿਚ ਸਾਹਿਬਜ਼ਾਦਾ ਤੇਗ ਬਹਾਦਰ ਜੀ ਦੀ ਵਿਦਿਆ ਦਾ ਪ੍ਰਬੰਧ ਕੀਤਾ ਗਿਆ ਅਤੇ ਗੁਰੂ ਘਰ ਦੀਆਂ ਮਹਾਨ ਸ਼ਖ਼ਸੀਅਤਾਂ ਬਾਬਾ ਬੁੱਢਾ ਜੀ ਤਥਾ ਭਾਈ ਗੁਰਦਾਸ ਜੀ ਨੂੰ ਅਧਿਆਪਕ ਨਿਯੁਕਤ ਕੀਤਾ ਗਿਆ। ਇਸੀ ਤਰ੍ਹਾਂ ਧਨੁਰ ਵਿਦਿਆ ਦੀ ਸਿਖਿਆ ਵਾਸਤੇ ਭਾਈ ਬਿਧੀ ਚੰਦ ਜੀ ਨੀਯਤ ਹੋਏ। ਇਸ ਤਰ੍ਹਾਂ ਸਾਹਿਬਜ਼ਾਦਾ ਤੇਗ ਬਹਾਦਰ ਜੀ ਇਤਿਹਾਸ, ਸਾਹਿਤਯ, ਸੰਗੀਤ, ਸ਼ਾਸਤ੍ਰ ਅਤੇ ਸ਼ਸਤ੍ਰ ਦੇ ਵਿਸ਼ੇਸ਼ਗਯ ਬਣ ਗਏ।

**ਵਿਵਾਹ**: ਕਰਤਾਰਪੁਰ (ਜਲੰਧਰ) ਸਤਿਗੁਰੂ ਅਰਜਨ ਦੇਵ ਜੀ ਦਾ ਆਬਾਦ ਕੀਤਾ ਹੋਇਆ ਨਗਰ ਹੈ। ਇਸ ਵਾਸਤੇ ਇਥੇ ਬਹੁਤ ਸਾਰੇ ਗੁਰਸਿੱਖ ਪਰਵਾਰ ਵਸਦੇ ਸਨ। ਸਾਹਿਬਜ਼ਾਦਾ ਸੂਰਜ ਮਲ ਦੀ ਸ਼ਾਦੀ ਵੀ ਇਸੇ ਨਗਰ ਵਿਚ ਹੋਈ ਸੀ। ਇਸੇ ਨਗਰ ਵਿਚ ਹੀ ਇਕ ਹੋਰ ਸਿੱਖ ਪਰਵਾਰ ਭਾਈ ਲਾਲ ਚੰਦ ਤਥਾ ਉਸਦੀ ਪਤਨੀ ਬਿਸ਼ਨ ਕੌਰ ਰਹਿੰਦੇ ਸਨ ਜਿਨ੍ਹਾਂ ਦੇ ਇਕ ਪੁੱਤਰ ਕ੍ਰਿਪਾਲ ਚੰਦ ਅਤੇ ਇਕ ੧੨ ਵਰਸ਼ ਦੀ ਪੁਤ੍ਰੀ 'ਗੁਜਰੀ' ਸੀ। ਇਸੇ ਪੂਜਨੀਯ ਸ੍ਰੀ ੧੦੫ ਮਾਤਾ ਗੁਜਰੀ ਦਾ ੧੫ ਅਸੂ ੧੬੮੯ ਬਿ. ਨੂੰ ਸਾਹਿਬਜ਼ਾਦਾ ਤੇਗ ਬਹਾਦਰ ਜੀ ਨਾਲ ਵਿਵਾਹ ਸਪੰਨ ਹੋਇਆ।

**ਤਲਵਾਰ ਦੇ ਧਨੀ**: ਛੇਵੇਂ ਪਾਤਸਾਹ ਨੇ ਕਰਤਾਰ ਪੁਰ ਦੀ ਜੰਗ ਲੜੀ, ਜਿਸ ਵਿਚ ਸਤਿਗੁਰੂ ਜੀ ਨੂੰ ਵਿਜਯ ਪ੍ਰਾਪਤ ਹੋਈ। ਇਸ ਯੁੱਧ ਵਿਚ ਸਾਹਿਬਜਾਦਾ ਤੇਗ ਬਹਾਦਰ ਜੀ ਨੇ ੧੩ ਵਰਸ਼ ਦੀ ਆਯੂ ਵਿਚ ਆਪਣੇ ਪੰਜ ਸੌ ਸੈਨਕਾਂ ਦੇ ਦਲ ਨੂੰ ਲੈ ਕੇ ਵਿਪਕਸ਼ੀਆਂ ਨੂੰ ਬੁਰੀ ਤਰ੍ਹਾਂ ਹਾਰ ਦਿਤੀ। ਜੰਗ ਦੀ ਸਮਾਪਤੀ ਤੋਂ ਬਾਅਦ ਸਤਿਗੁਰੂ ਹਰਿਗੋਬਿੰਦ ਜੀ ਨੇ ਬਾਬਾ ਗੁਰਦਿੱਤਾ ਬਾਬਾ ਸੂਰਜ ਮੱਲ ਜੀ ਅਤੇ ਬਾਬਾ ਤੇਗ ਬਹਾਦਰ ਜੀ ਦੀ ਪ੍ਰਸ਼ੰਸਾ ਕੀਤੀ।[53] ਸਤਿਗੁਰੂ ਹਰਿਗੋਬਿੰਦ ਜੀ ਨੇ ਕੀਰਤਪੁਰ ਆਬਾਦ ਕੀਤਾ। ਇਸ ਨਵੇਂ ਨਗਰ ਵਿਚ ਸਤਿਗੁਰੂ ਜੀ ਨੇ ਦਸ ਵਰਸ਼ ਨਿਵਾਸ ਰੱਖਿਆ। ਕੀਰਤਪੁਰ ਗੁਰਸੰਗਤ ਦਾ ਕੇਂਦ੍ਰ ਬਣ ਗਿਆ। ਸਾਹਿਬਜ਼ਾਦਾ ਬਾਬਾ ਤੇਗ ਬਹਾਦਰ ਅਤੇ ਪੂਜਯ ਮਾਤਾ ਨਾਨਕੀ ਜੀ ਦਾ ਨਿਵਾਸ ਵੀ ਇਥੇ ਹੀ ਰਿਹਾ ਹੈ।

ਅਗਸਤ ਸਤੰਬਰ ੧੬੪੩ ਈ. ਨੂੰ ਸਤਿਗੁਰੂ ਹਰਿਗੋਬਿੰਦ ਜੀ ਨੇ ਦੂਰ-ਦੂਰ ਹੁਕਮਨਾਮੇਂ ਭੇਜ ਕੇ ਸੰਗਤਾਂ ਨੂੰ ਕੀਰਤਪੁਰ ਬੁਲਾਇਆ। ਇਸ ਸਮੇਂ ਬਾਬਾ ਤੇਗ ਬਹਾਦਰ ਜੀ ਦੀ ਆਯੂ ੨੩ ਵਰਸ਼ ਦੀ ਸੀ ਕਿੰਤੂ ਆਪ ਜੀ ਦਾ ਸੁਭਾਅ ਨਿਰਮਾਣ, ਅਲੋਭ ਅਤੇ ਸ਼ਾਂਤ ਸੀ। ਇਸ ਸਮੇਂ ਪੂਜਯ ਬਾਬਾ ਗੁਰਦਿੱਤਾ ਜੀ ਦੇ ਵਡੇ ਸਪੁੱਤਰ ਸਾਹਿਬਜ਼ਾਦਾ ਬਾਬਾ ਹਰਿਰਾਏ ਜੀ ੧੪ ਵਰਸ਼ ਦੇ ਸਨ ਜੋ ਮਹਾਨ ਦੈਵੀ ਗੁਣਾਂ ਦੇ ਧਾਰਨੀ ਸਨ। ਸਤਿਗੁਰੂ ਹਰਿਗੋਬਿੰਦ ਜੀ ਨੇ ਆਪਣੇ ਪੋਤਰੇ ਬਾਬਾ ਹਰਿਰਾਏ ਜੀ ਨੂੰ ਗੁਰਿਆਈ ਦਾ ਤਿਲਕ ਦੇ ਕੇ

---

53 ਕਈ ਲੇਖਕਾਂ ਨੇ ਲਿਖਿਆ ਹੈ, ਇਸੇ ਯੁਧ-ਕੌਸ਼ਲਤਾ ਤੋਂ ਪ੍ਰਭਾਵਤ ਹੋ ਕੇ ਸਤਿਗੁਰੂ ਜੀ ਨੇ ਤਿਆਗ ਮਲ ਦਾ ਨਾਂਉ ਬਾਬਾ ਤੇਗ ਬਹਾਦਰ ਰਖ ਦਿਤਾ। ਜੋ ਪ੍ਰਸਿਧ ਹੋ ਗਿਆ। ਲੇਖਕ ਦਾ ਵਿਸ਼ਵਾਸ ਹੈ ਗੁਰੂ ਤੇਗ ਬਹਾਦਰ ਜੀ ਦਾ ਕੋਈ ਹੋਰ ਨਾਂਉ 'ਤਿਆਗ ਮਲ' ਆਦਿਕ ਨਹੀਂ ਸੀ। ਧਨੁਸ਼ਧਾਰੀ ਮਾਰਸ਼ਲ ਵੀਚਾਰਾਂ ਦੇ ਧਾਰਨੀ ਛੇਵੇਂ ਸਤਿਗੁਰੂ ਕੋਲੋ ਤਿਆਗ ਮਲ ਵਰਗੇ ਨਿਰਾਸਾਵਾਦੀ ਨਾਂਉ ਦੀ ਆਸ਼ਾ ਨਹੀਂ ਕੀਤੀ ਜਾ ਸਕਦੀ। ਜੋ ਮੁਗਲਾਂ ਦੇ ਸ਼ਾਹੀ ਅਖਬਾਰ 'ਦਰਬਾਰਿ ਮੁਅਲਾ' ਦੇ ਅਧਾਰ ਤੇ ਤਿਆਗ ਮਲ ਨਾਂਉ ਲਿਖਿਆ ਮਿਲਦਾ ਹੈ। ਉਹ ਇਸੀ ਤਰ੍ਹਾਂ ਗਲਤ ਹੈ ਜਿਵੇਂ ਪੁਰਾਤਨ ਭਾਰਤੀ ਪਛਮੀ ਲੋਕਾਂ ਦੇ ਨਾਂਉ ਤੇ ਪਛਮੀ ਭਾਰਤੀਆਂ ਦੇ ਨਾਂਉ ਇਤਿਹਾਸ ਵਿਚ ਗਲਤ ਲਿਖ ਰਹੇ ਹਨ।

ਨਮਸ਼ਕਾਰ ਕਰ ਦਿਤੀ। ਗੁਰੂ ਜੀ ਦੀ ਇੱਛਾ ਨੂੰ ਸ਼ਿਰੋਧਾਰਯ ਕਰਦੇ ਹੋਏ ਸਾਹਿਬ ਸੂਰਜ ਮਲ ਅਤੇ ਸਾਹਿਬ ਤੇਗ ਬਹਾਦਰ ਜੀ ਨੇ ਪ੍ਰਸੰਨਤਾ ਪੂਰਬਕ ਨਿਯੁਕਤ ਹੋਏ ਸਤਵੇਂ ਸਤਿਗੁਰੂ ਗੁਰੂ ਹਰਿਰਾਏ ਜੀ ਨੂੰ ਪੂਰਨ ਸਤਿਕਾਰ ਨਾਲ ਪ੍ਰਣਾਮ ਕੀਤੀ। ਸਤਿਗੁਰੂ ਹਰਿਗੋਬਿੰਦ ਜੀ ਨੇ ਪ੍ਰਸੰਨ ਹੋ ਕੇ ਬਾਬਾ ਤੇਗ ਬਹਾਦਰ ਜੀ ਦੇ ਸੀਸ 'ਤੇ ਆਪਣਾ ਪਾਵਨ ਹੱਥ ਰੱਖ ਕੇ, ਅਸ਼ੀਰਵਾਦ ਦਿੰਦਿਆਂ ਹੋਇਆਂ ਨੇ ਫਰਮਾਇਆ, 'ਨਾਮ ਜਪੋ, ਸਿਮਰਨ ਕਰੋ, ਚਿੰਤਨ ਕਰੋ, ਸਮਾ ਆਉਣ ਤੇ ਪ੍ਰਸਿੱਧ ਪੁਰਸ਼ ਹੋ ਕੇ ਪ੍ਰਗਟ ਹੋਵੋਗੇ। ਧਰਮ ਦੀ ਰੱਖਿਆ ਕਰੋਗੇ, ਇਹ ਅਕਾਲ ਪੁਰਖ ਦੀ ਵਸਤੂ ਹੈ, ਸਮੇਂ ਪਰ ਤੁਹਾਡੇ ਘਰ ਵੀ ਆਵੇਗੀ, ਸ੍ਰਿਸ਼ਟੀ ਵਿਚ ਤੁਹਾਡੇ ਕਰਤੱਵਯ ਦੀ ਉਸਤਤੀ ਹੋਵੇਗੀ, ਹਰਿਗੋਬਿੰਦਪੁਰੇ ਦੀ ਵਿਸਵੇਦਾਰੀ ਤੁਹਾਡੇ ਹਿਸੇ ਵਿਚ ਦਿਤੀ ਗਈ। ਸਤਿਗੁਰੂ ਹਰਿਰਾਏ ਜੀ ਨੂੰ ਹੁਕਮ ਹੋਇਆ, 'ਆਪਣੇ ਚਾਚਾ ਬਾਬਾ ਤੇਗ ਬਹਾਦਰ ਦਾ ਸਤਿਕਾਰ ਰਖਣਾ, ਇਹ ਧਰਮ ਦੇ ਥੰਮ ਬਣਕੇ ਪ੍ਰਗਟ ਹੋਣਗੇ।' ਨਾਲ ਹੀ ਬਾਬਾ ਤੇਗ ਬਹਾਦਰ ਤੇ ਮਾਤਾ ਜੀ ਨੂੰ ਬਕਾਲੇ ਚਲੇ ਜਾਣ ਦੀ ਆਗਿਆ ਕੀਤੀ। ਅਸ਼ੀਰਵਾਦ ਸੁਣਕੇ ਮਾਤਾ ਜੀ ਪ੍ਰੇਮ ਪ੍ਰਸੰਨ ਹੋਏ।

ਸਰਬੱਤ ਸੰਗਤ ਨੂੰ ਨਦਰੀ ਨਦਰ ਨਿਹਾਲ ਕਰਕੇ ਵਰਤਮਾਨ ਗੁਰਦੁਆਰਾ ਪਤਾਲਪੁਰੀ ਦੇ ਸਥਾਨ 'ਤੇ ਇਕ ਕੋਠੇ ਵਿਚ ਸਤਿਗੁਰੂ ਜੀ ਪੰਜ ਦਿਨ ਇਕਾਗਰ ਚਿੱਤ ਈਸ਼੍ਵਰ ਚਿੰਤਨ ਕਰਦੇ ਹੋਏ ਬ੍ਰਹਮਲੀਨ ਹੋ ਗਏ। ਜੋਤੀ-ਜੋਤ ਸਮਾ ਜਾਣ 'ਤੇ ਕੋਠੇ ਦਾ ਦਰਬਾਜਾ ਆਪ ਹੀ ਖੁੱਲ੍ਹ ਗਿਆ। ਸਤਿਗੁਰੂ ਜੀ ਦੇ ਪਾਵਨ ਸਰੀਰ ਨੂੰ ਸਤਿਕਾਰ ਨਾਲ ਅਗਨੀ ਭੇਟ ਕੀਤਾ ਗਿਆ। ਸਮੂਹ ਅੰਤਮ ਰਸਮਾਂ ਨਿਭਾਕੇ ਮਾਤਾ ਨਾਨਕੀ ਜੀ ਅਤੇ ਬਾਬਾ ਤੇਗ ਬਹਾਦਰ ਜੀ ਕੀਰਤਪੁਰ ਸਾਹਿਬ ਤੋਂ ਬਕਾਲੇ ਚਲੇ ਗਏ।

**ਬਕਾਲੇ ਵਿਚ ਸਿਮਰਨ:** ਬਾਬਾ ਤੇਗ ਬਹਾਦਰ ਜੀ ਸ੍ਰੀ ੧੦੫ ਪੂਜਯ ਮਾਤਾ ਨਾਨਕੀ ਜੀ ਸਮੇਤ ਆਪਣੇ ਨਾਨਕੇ ਪਿੰਡ ਬਕਾਲੇ ਆਣ ਠਹਿਰੇ। ਇਥੇ ਗੁਰੂ ਕਾ ਇਕ ਸਿੱਖ ਭਾਈ ਮਿਹਰਾ ਜੀ ਰਹਿੰਦੇ ਸਨ। ਇਸ ਨੇ ਸੁੰਦਰ ਮਕਾਨ ਬਣਾਏ ਹੋਏ ਸਨ। ਇਸ ਪ੍ਰੇਮੀ ਸਿੰਘ ਘਰ ਵਿਚ ਹੀ ਸ੍ਰੀ ੧੦੫ ਪੂਜਯ ਮਾਤਾ ਗੰਗਾ ਜੀ ਤਥਾ ਸਤਿਗੁਰੂ ਹਰਿਗੋਬਿੰਦ ਜੀ ਵੀ ਕਾਫੀ ਸਮਾਂ ਠਹਿਰੇ ਸਨ। ਇਸੇ ਗੁਰਸਿੱਖ ਦੇ ਘਰ ਵਿਚ ਹੀ ਮਾਤਾ ਗੰਗਾ ਜੀ ਬ੍ਰਹਮਲੀਨ ਹੋਏ ਸਨ।[54] ਭਾਈ ਮਿਹਰੇ ਦੀ ਇੱਛਾ ਸੀ ਕਿ ਛੇਵੇਂ ਸਤਿਗੁਰੂ ਸਦੈਵ ਕਾਲ ਹੀ ਇਸੇ ਸਥਾਨ 'ਤੇ ਨਿਵਾਸ ਰੱਖਣ। ਉਸ ਸਮੇਂ ਸਤਿਗੁਰੂ ਜੀ ਨੇ ਫਰਮਾਇਆ ਸੀ, 'ਇਸ ਸਥਾਨ ਨੂੰ ਵੀ ਭਾਗ ਲਗਣਗੇ ਭਵਿਸ਼ਯ ਵਿਚ ਮਹਾਂ ਪੁਰਸ਼ ਇਸ ਸਥਾਨ 'ਤੇ ਘਾਲਣਾ ਘਾਲ ਕੇ ਧਰਮ ਸਥਾਪਨਾ ਲਈ ਆਤਮਿਕ ਬਲ ਪ੍ਰਾਪਤ ਕਰੇਗਾ। ਇਹ ਥਾਂਅ ਵਿਸ਼ਵ ਵਿਚ ਪੂਜਯ ਸਥਾਨ ਬਣੇਗਾ।'

ਸਤਿਗੁਰੂ ਜੀ ਦੇ ਇਸ ਭਵਿਸ਼ਯਤ ਵਾਕ ਅਨੁਸਾਰ ਬਾਬਾ ਤੇਗ ਬਹਾਦਰ ਜੀ ਨੇ ਮਾਰਚ ੧੬੪੪ ਤੋਂ ਮਾਰਚ ੧੬੬੪ ਤੱਕ ਇਸ ਸਥਾਨ ਤੇ ਸਿਮਰਨ ਦੀ ਮਹਾਨ ਘਾਲਣਾ ਘਾਲੀ। ਇਸ ਘਾਲਣਾ ਵਿਚ ਕੇਵਲ ਸ੍ਰੀ ਜੀ ਨੇ ਹੀ ਸਮਾਂ ਨਹੀਂ ਸੀ ਗੁਜ਼ਾਰਿਆ ਬਲਕੇ ਸ੍ਰੀ ੧੦੫ ਪੂਜਯ ਮਾਤਾ ਗੁਜਰੀ ਜੀ ਨੇ ਵੀ ਆਪਣੇ ਮਹਾਨ

54 ਮਹਾਨ ਕੋਸ਼ ਪੰਨਾ ੬੨੧ ਕਾਲਮ ੨.

ਪਤੀ ਦੀ ਤਰ੍ਹਾਂ ਸਿਮਰਨ ਕੀਤਾ ਸੀ। ਪੂਜਯ-ਪਾਦ ਮਾਤਾ ਪਿਤਾ ਦੇ ਸਿਮਰਨ ਤਪਸਿਆ ਸੰਬੰਧੀ ਸ੍ਵਯੰ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪਾਵਨ ਕਲਮ ਨਾਲ ਇਸ ਤਰ੍ਹਾਂ ਅੰਕਤ ਕੀਤਾ ਹੈ।

ਤਾਤ ਮਾਤ ਮੁਰ ਅਲਖ ਅਰਾਧਾ॥
ਬਹੁ ਬਿਧਿ ਜੋਗ ਸਾਧਨਾ ਸਾਧਾ॥
ਤਿਨ ਜੋ ਕਰੀ ਅਲਖ ਕੀ ਸੇਵਾ॥
ਤਾ ਤੇ ਭਏ ਪ੍ਰਸੰਨ ਗੁਰਦੇਵਾ॥' (ਪਾਤਸ਼ਾਹੀ ੧੦)

ਪੂਜਯ ਮਾਤਾ ਗੁਜਰੀ ਜੀ ਜਿੱਥੇ ਨਾਮ ਸਿਮਰਨ ਵਿਚ ਲੱਗੀ ਰਹਿੰਦੀ ਸੀ ਉਥੇ ਉਹ ਬਾਬਾ ਤੇਗ ਬਹਾਦਰ ਜੀ ਦੀ ਸੇਵਾ ਵਿਚ ਵੀ ਰਾਤ ਦਿਨ ਤਤਪਰ ਰਹਿੰਦੀ ਸੀ। ਇਸ ਤਰ੍ਹਾਂ ਮਾਤਾ ਜੀ ਦੀ ਘਾਲਣਾ ਬਾਬਾ ਤੇਗ ਬਹਾਦਰ ਜੀ ਤੋਂ ਕਿਸੇ ਤਰ੍ਹਾਂ ਘੱਟ ਨਹੀਂ ਸੀ।

ਸ੍ਰੀ ਜੀ ਤਪਸਿਆ 'ਤੇ ਸਿਮਰਨ ਵਿਚ ਲੱਗੇ ਹੋਏ ਵੀ ਦੇਸ ਦੀ ਅਵਸਥਾ ਤੋਂ ਜਾਣੂ ਸਨ। ਨਿਯਮ ਬਧ ਗੁਫਾ ਚੋਂ ਸਿਮਰਨ ਕਰਨ ਤੋਂ ਉਪਰੰਤ ਮਿੱਤਰਾਂ ਸਿੱਖਾਂ ਸੇਵਕਾਂ ਨੂੰ ਮਿਲਦੇ ਸਨ। ਨਾਮ ਬਾਣੀ ਦਾ ਉਪਦੇਸ਼ ਦਿੰਦੇ ਸਨ। ਦੇਸ ਦੀ ਹਾਲਤ ਤੋਂ ਸਤਿਗੁਰੂ ਹਰਿਰਾਏ ਜੀ ਦੇ ਧਰਮ ਪ੍ਰਚਾਰ ਤੋਂ, ਹਰਿ ਜੀ ਧੀਰਮਲ ਅਤੇ ਰਾਮਰਾਏ ਵਰਗਿਆਂ ਦੇ ਖੜਜੰਤ੍ਰਾਂ ਤੋਂ, ਹਰ ਤਰ੍ਹਾਂ ਜਾਣੂ ਸਨ। ਭਾਈ ਕ੍ਰਿਪਾਲ ਚੰਦ ਜੀ ਸਤਿਗੁਰੂ ਹਰਿਰਾਏ ਸਾਹਿਬ ਜੀ ਦੀ ਫੌਜ ਵਿਚ ਰਹਿੰਦੇ ਸਨ। ਹਰ ਵਰਸ਼ ਮਿਲਣ ਆਉਂਦੇ ਸਨ ਅਤੇ ਹਰ ਪੱਖ ਤੋਂ ਜਾਣੂ ਕਰਵਾਉਂਦੇ ਸਨ। ਇਕ ਵਾਰ ਸ੍ਵਯੰ ਸਤਿਗੁਰੂ ਹਰਿਰਾਏ ਜੀ ਬਕਾਲੇ ਮਿਲਣ ਆਏ ਸਨ। ਕਦੀ-ਕਦੀ ਸ਼ਿਕਾਰ ਵੀ ਖੇਡਣ ਜਾਂਦੇ ਸਨ।

ਗੁਰ ਤੇਗ ਬਹਾਦਰ ਜੀ ਤਹਾ ਬਸੇ।
ਰਹੇ ਗੋਪ ਅਲਿਪਤ ਆਤਮ ਰੰਗ ਰਸੇ।
ਕਾਹੂ ਕੋ ਦਰਸਨ ਨਹੀਂ ਹੋਇ।
ਰਹੇ ਇਕਾਂਤ ਤਹਾਂ ਪਹੁਚਤ ਕੋਇ।
ਜਬ ਕਬ ਚੜ ਸਿਕਾਰ ਪ੍ਰਭ ਜਾਵੈ।
ਨਹੀ ਲਹੇ ਸਮਾ ਕੋਊ ਦਰਸ ਨ ਪਾਵੈ।(ਮਹਿਮਾ ਪ੍ਰਕਾਸ਼, ਪੰਨਾ ੬੫੩)

੬ ਅਕਤੂਬਰ ੧੬੬੧ ਵਿਚ ਸਤਿਗੁਰੂ ਹਰਿਰਾਏ ਜੀ ਆਪਦੇ ਛੋਟੇ ਸਾਹਿਬਜ਼ਾਦੇ ਸਤਿਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਦਾ ਤਿਲਕ ਦੇ ਕੇ ਜੋਤੀ-ਜੋਤ ਸਮਾ ਗਏ। ਇਸ ਸਮੇਂ ਸਤਿਗੁਰੂ ਹਰਿਕ੍ਰਿਸ਼ਨ ਜੀ ਦੀ ਆਯੂ ਕੇਵਲ ਪੰਜ ਵਰਸ਼ ਦੀ ਸੀ। ਦੋ ਵਰਸ਼ ੫ ਮਹੀਨੇ ੨੬ ਦਿਨ ਗੁਰਗੱਦੀ ਉਪਰ ਸਸ਼ੋਭਤ ਰਹੇ ਅਤੇ ਅੱਠ ਵਰਸ਼ ਦੀ ਆਯੂ ਵਿਚ ੩੦ ਮਾਰਚ ੧੬੬੪ ਨੂੰ ਦਿੱਲੀ ਵਿਖੇ ਜੋਤੀ ਜੋਤ ਸਮਾ ਗਏ। ਜੋਤੀ ਜੋਤ ਸਮਾਉਣ ਸਮੇਂ ਸੰਗਤ ਨੇ ਨਿਮ੍ਰਤਾ ਨਾਲ ਪ੍ਰਾਰਥਨਾ ਕੀਤੀ (ਜਿਨ੍ਹਾਂ ਵਿਚੋਂ ਪੂਜਯ ਮਾਤਾ ਕ੍ਰਿਸ਼ਨ ਕੌਰ ਜੀ[55],

55 ਸ਼ਹੀਦ ਬਲਾਸ ਭਾਈ ਮਨੀ ਸਿੰਘ ਤੇ ਕਈ ਹੋਰ ਲੇਖਕਾਂ ਅਨੁਸਾਰ 'ਮਾਤਾ ਸੁਲਖਣੀ' ਨਾਂਉ ਸੀ।

ਦੀਵਾਨ ਦਰਗਾਹ ਮੱਲ, ਭਾਈ ਦਿਆਲ, ਭਾਈ ਜੇਠਾ, ਭਾਈ ਗੁਰਦਿੱਤਾ ਆਦਿਕ ਮੁਖੀ ਸਿੱਖ ਹਾਜ਼ਰ ਸਨ।) ਕਿ ਸੰਗਤ ਨੂੰ ਕਿਸ ਦੇ ਲੜ ਲਾ ਚਲੇ ਹੋ?

ਉਤਰ ਵਿਚ ਸਤਿਗੁਰੂ ਜੀ ਨੇ ਸ੍ਰੀ ਮੁਖ ਵਾਕ ਤੋਂ ਕੇਵਲ ਇਨ੍ਹਾਂ ਹੀ ਫਰਮਾਇਆ 'ਬਾਬਾ ਬਕਾਲੇ' ਮੁੜ ਸੰਗਤ ਨੇ ਤਿੰਨ ਵਾਰ ਪੁਛਿਆ ਤੇ ਤਿੰਨ ਵਾਰ ਹੀ ਸਤਿਗੁਰੂ ਜੀ ਨੇ ਆਖਿਆ 'ਬਾਬਾ ਬਕਾਲੇ'

ਸੁਨ ਬਿਨਤੀ ਸਤਿਗੁਰ ਭਏ ਦਿਆਲ।
ਕਹਾ ਸ੍ਰੀ ਮੁਖ ਬਰ ਬਚਨ ਬਿਸਾਲ।
ਅਬ ਜਾਇ ਦਰਸਨ ਤੁਮ ਕਰੋ ਬਕਾਲੇ।
ਤਹਾਂ ਰਹੇਂ ਬਾਬਾ ਜੀ ਦੀਨ ਦਿਆਲੇ। (ਮਹਿਮਾ ਪ੍ਰਕਾਸ਼, ਪੰਨਾ ੬੪੮)

**ਬਾਬਾ ਬਕਾਲੇ:** 'ਬਾਬਾ ਬਕਾਲੇ' ਵਾਲਾ ਸ੍ਰੀ ਮੁਖ ਵਾਕ ਪੰਜਾਬ ਵਿਚ ਪਹਿਲੇ ਹੀ ਪੰਹੁਚ ਚੁੱਕਾ ਸੀ। ਇਸ ਵਾਸਤੇ ਬਹੁਤ ਸਾਰੇ ਦੰਭੀ ਗੱਦੀਆ ਲਾਕੇ ਬਕਾਲੇ ਆਣ ਬੈਠੇ ਜਿਨ੍ਹਾਂ ਵਿਚੋਂ ਹਰਿਜੀ, ਧੀਰਮਲ, ਰਾਮਰਾਏ ਆਦਿਕ ਦੇ ਨਾਂਉ ਪ੍ਰਸਿਧ ਹਨ। ਇਹ ਗਿਣਤੀ ਵਿਚ 22 ਸਨ ਹਰੇਕ ਦੰਭੀ ਦੇ ਆਪਣੇ-ਆਪਣੇ ਪ੍ਰਚਾਰਕ ਮੋਟੀਆਂ-ਮੋਟੀਆਂ ਤਨਖਾਹਾਂ ਉੱਤੇ ਰੱਖੇ ਹੋਏ ਸਨ ਅਤੇ ਹਰਿ ਇਕ ਆਪਣੇ ਆਪ ਨੂੰ ਨੌਵੀਂ ਪਾਤਸ਼ਾਹੀ ਹੋਣ ਦਾ ਹੋਕਾ ਦਿੰਦਾ ਸੀ। ਗੁਰਮਰਯਾਦਾ ਨੂੰ ਜਾਨਣ ਵਾਲੇ ਗੁਰਸਿੱਖ ਅਤੇ ਸਤਿਗੁਰੂ ਹਰਿਕ੍ਰਿਸ਼ਨ ਜੀ ਦੀ ਹਜੂਰੀ ਸੰਗਤ ਚੰਗੀ ਤਰ੍ਹਾਂ ਸਮਝਦੀ ਸੀ ਕਿ ਅਠਵੇਂ ਗੁਰੂ ਜੀ ਦਾ ਸਪਸ਼ਟ ਭਾਵ ਬਾਬਾ ਬਕਾਲੇ ਵਾਲੇ ਵਾਕ ਤੋਂ, ਬਾਬਾ ਤੇਗ ਬਹਾਦਰ ਜੀ ਵੱਲ ਹੀ ਹੈ ਕਿਉਂਕਿ ਜਿਸ ਵੇਲੇ ਵਾਕ ਉਚਾਰਨ ਕੀਤਾ ਗਿਆ ਸੀ। ਉਸ ਵੇਲੇ ਬਕਾਲੇ ਵਿਚ ਕੇਵਲ ਬਾਬਾ ਤੇਗ ਬਹਾਦਰ ਜੀ ਹੀ ਉਪਸਥਿਤ ਸਨ ਅਤੇ ਸੰਸਾਰਕ ਰਿਸ਼ਤੇ ਅਨੁਸਾਰ ਸਤਿਗੁਰੂ ਹਰਿਕ੍ਰਿਸ਼ਨ ਜੀ ਦੇ ਪਿਤਾਮਹ ਬਾਬਾ ਗੁਰਦਿੱਤਾ ਜੀ, ਗੁਰੂ ਤੇਗ ਬਹਾਦਰ ਜੀ ਦੇ ਵਡੇ ਭਰਾ ਸਨ। ਇਸ ਤਰ੍ਹਾਂ ਨੌਵੇਂ ਗੁਰੂ ਜੀ ਵੀ ਅੱਠਵੇਂ ਪਾਤਸ਼ਾਹ ਦੇ ਦਾਦੇ (ਬਾਬੇ) ਲੱਗਦੇ ਸਨ। ਇਸ ਸਾਰੀ ਗੱਲ ਨੂੰ ਹਜੂਰੀ ਸੰਗਤ ਸਮਝਦੀ ਸੀ। ਇਸ ਵਾਸਤੇ ਦਿੱਲੀ ਤੋਂ ਪੂਜਯ ਮਾਤਾ ਕ੍ਰਿਸ਼ਨ ਕੌਰ ਜੀ, ਦੀਵਾਨ ਦਰਗਾਹ ਮੱਲ ਜੀ, (ਬੁਢੇ ਕਾ) ਬਾਬਾ ਗੁਰਦਿਤਾ ਜੀ ਅਤੇ ਭਾਈ ਦਿਆਲ ਜੀ ਆਦਿਕ ਗੁਰਿਆਈ ਦੀਆਂ ਸਮੂਹ ਵਸਤਾਂ ਲੈ ਕੇ ਹਾਜ਼ਰ ਹੋਏ। ਇਧਰ ਮਾਤਾ ਨਾਨਕੀ ਜੀ ਨੇ ਭੱਲੇ ਵਯੋ ਵ੍ਰਿਧ ਭਾਈ ਦ੍ਵਾਰਕਾ ਦਾਸ ਨੂੰ ਗੋਇੰਦਵਾਲ ਤੋਂ ਅਤੇ ਭਾਈ ਗੜੀਆ ਜੀ ਨੂੰ ਅੰਮ੍ਰਿਤਸਰ ਤੋਂ ਚਿਠੀ ਲਿਖਕੇ ਮੰਗਵਾ ਲਿਆ ਸੀ।

ਸ੍ਰੀ ਦੁਆਰਕਾ ਦਾਸ ਅਮਰ ਗੁਰ ਅੰਸ।
ਤਾ ਕਾ ਬਚਨ ਦ੍ਰਿੜ ਕਾਗਦ ਮੰਸ।
ਤਬ ਬਾਬਾ ਦੁਆਰਕਾ ਦਾਸ ਜੀ ਕਹਾ।
ਹੇ ਗੜੀਆ ਤੁਮ ਸਿਖ ਪੁਰਾਨੇ।
ਗੁਰ ਚਰਿਤ੍ਰ ਮਹਿਮਾ ਤੂੰ ਜਾਨੇ।
ਕਿਸੀ ਬਾਤ ਕੀ ਗਣਤ ਨ ਕੀਜੈ।

ਜੋ ਜਪ ਮੋ ਲਿਖਾ ਕਹੌਂ ਸੁਨ ਲੀਜੈ।

ਥਾਪਿਆ ਨ ਜਾਏ ਕੀਤਾ ਨ ਹੋਏ।

ਆਪੇ ਆਪਿ ਨਿਰੰਜਨੁ ਸੋਇ।

ਗੁਰੂ ਤੇਗ ਬਹਾਦਰ ਪੂਰਨ ਸੋਇ।

ਚਲੀਏ ਤਹਾ ਗਨਤੀ ਨਹੀਂ ਕੋਇ। (ਮਹਿਮਾ ਪ੍ਰਕਾਸ਼, ਪੰਨਾ ੬੫੫)

ਸੰਗਤ ਇਕੱਤਰ ਹੋ ਕੇ ਸਤਿਗੁਰੂ ਤੇਗ ਬਹਾਦਰ ਜੀ ਦੀ ਸੇਵਾ ਵਿਚ ਹਾਜ਼ਿਰ ਹੋਈ ਅਤੇ ਸਤਿਗੁਰੂ ਹਰਿ ਕ੍ਰਿਸ਼ਨ ਜੀ ਦੀ ਆਗਿਆ ਦੱਸਕੇ ਗੁਰੂ ਸਿੰਘਾਸਨ ਉਤੇ ਅਸੀਨ ਹੋਣ ਦੀ ਪ੍ਰਾਰਥਨਾ ਕੀਤੀ।

ਸਤਿਗੁਰੂ ਤੇਗ ਬਹਾਦਰ ਜੀ ਨੇ ਸੰਗਤ ਨੂੰ ਫਰਮਾਇਆ, 'ਗੁਰਿਆਈ ਨਿਰੰਕਾਰ ਦੀ ਦਾਤ ਹੈ, ਢੰਡੋਰਾ ਪਿੱਟਣ ਦੀ ਲੋੜ ਨਹੀਂ, ਵਾਹਿਗੁਰੂ ਆਪ ਹੀ ਆਪਣੀ ਕਲਾ ਦੁਆਰੇ ਨਿਰਣੈ ਕਰ ਦੇਵੇਗਾ। ਸਤਿਗੁਰੂ ਨਾਨਕ ਦੇਵ ਜੀ ਭਲੀ ਕਰਨਗੇ ਡੋਲੋ ਨ ਨਾਮ ਜਪੋ।' ਗੁਰਸਿੱਖ ਸਤਿਗੁਰੂ ਦੀ ਆਗਿਆ ਅਨੁਸਾਰ ਚੁੱਪ ਵੱਟ ਗਏ।

**ਗੁਰੂ ਲਾਧੋ ਰੇ:** ਇਨ੍ਹਾਂ ਦਿਨਾ ਵਿਚ ਇਕ ਸਿੱਖ ਭਾਈ ਮੱਖਨ ਸ਼ਾਹ ਲੁਬਾਣਾ ਗੁਰੂ ਜੀ ਦੇ ਦਰਸ਼ਨਾਰਥ ਆਇਆ। ਇਹ ਬਾਹਰਲੇ ਮੁਲਕਾਂ ਨਾਲ ਸਮੁੰਦਰ ਦੇ ਰਸਤੇ ਵਿਉਪਾਰ ਕਰਦਾ ਸੀ। ਇਕ ਵਾਰ ਇਸ ਦਾ ਜਹਾਜ ਘੁੰਮਨ ਘੇਰੀ ਅਤੇ ਤੂਫਾਨ ਵਿਚ ਫਸ ਜਾਣ ਕਰਕੇ ਇਸ ਨੇ ਇਕਾਗਰ ਚਿੱਤ ਹੋ ਕੇ ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ! ਇਸ ਸੰਕਟ ਦੀ ਨਵਿਰਤੀ ਕਰੋ ਇਸ ਸਮੇਂ ਇਸ ਨੇ ਗੁਰੂ ਕੇ ਲੰਗਰ ਲਈ ਪੰਜ ਸੌ ਮੋਹਰਾਂ ਦੀ ਭੇਟ ਦਾ ਸੰਕਲਪ ਵੀ ਕੀਤਾ। 'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥' ਦੇ ਵਾਕ ਅਨੁਸਾਰ ਸਮੂਹ ਬਿਪਤਾਂ ਤੋਂ ਬਚਦਾ ਹੋਇਆ ਮੱਖਨ ਸ਼ਾਹ ਦਾ ਜਹਾਜ਼ ਸਾਂਤੀ ਪੂਰਬਕ ਕਨਾਰੇ ਲੱਗਾ।

ਭਾਈ ਮੱਖਨ ਸ਼ਾਹ ਗੁਰੂ ਕਾ ਅਨੰਨਯ ਸਿੱਖ ਸੀ ਇਸ ਵਾਸਤੇ ਸਭ ਕੰਮਾਂ ਦਾ ਪ੍ਰੀਤਿਆਗ ਕਰਕੇ ਗੁਰੂ ਜੀ ਦੀ ਭੇਟ ਦੇਣ ਵਾਸਤੇ ਦਿੱਲੀ ਨੂੰ ਚੱਲ ਪਿਆ। ਪਤਾ ਲੱਗਣ 'ਤੇ ਕਿ ਅਠਵੇਂ ਪਾਤਸ਼ਾਹ ਬ੍ਰਹਮਲੀਨ ਹੋ ਚੁੱਕੇ ਹਨ ਅਤੇ ਨੌਵੇਂ ਪਾਤਸ਼ਾਹ ਬਕਾਲੇ ਪ੍ਰਗਟ ਹੋਏ ਹਨ। ਭਾਈ ਮੱਖਨ ਸ਼ਾਹ ਬਕਾਲੇ ਆਇਆ ਪਰ ਇਥੇ ੨੨ ਮੰਜੀਆਂ ਡੱਠੀਆਂ ਵੇਖਕੇ ਬੜਾ ਪ੍ਰੇਸ਼ਾਨ ਹੋਇਆ ਫਿਰ ਵੀ ਉਹ ਬੁੱਧੀਮਾਨ ਅਤੇ ਸਿਆਣਾ ਸੀ। ਉਸ ਨੇ ਵੀਚਾਰ ਬਣਾਇਆ ਹਰੇਕ ਗੁਰੂ ਅਗੇ ਪੰਜ-ਪੰਜ ਮੋਹਰਾਂ ਮੱਥਾ ਟੇਕ ਦਿੰਦੇ ਹਾਂ ਜੋ ਅਸਲ ਗੁਰੂ, ਸਤਿਗੁਰੂ ਨਾਨਕ ਦੇਵ ਜੀ ਦੀ ਨੌਵੀਂ ਜੋਤ ਹੋਵੇਗਾ ਪੰਜ ਸੌ ਮੋਹਰ ਮੰਗ ਲਵੇਗਾ। ਇਸ ਤਰ੍ਹਾਂ ਮੱਖਨ ਸ਼ਾਹ ਅਖੌਤੀ ਗੁਰੂਆਂ ਨੂੰ ਪੰਜ-ਪੰਜ ਮੋਹਰਾਂ ਮੱਥਾ ਟੇਕਦਾ ਚਲਾ ਗਿਆ ਅਤੇ ਨਕਲੀ ਗੁਰੂ ਪੰਜ-ਪੰਜ ਮੋਹਰਾਂ ਨਾਲ ਹੀ ਪ੍ਰਸੰਨ ਹੋ ਕੇ ਤਰ੍ਹਾਂ-ਤਰ੍ਹਾਂ ਦੇ ਅਸ਼ੀਰਵਾਦ ਤੇ ਵਰਦਾਨ ਪ੍ਰਦਾਨ ਕਰਦੇ ਰਹੇ। ਮੱਖਨ ਸ਼ਾਹ ਦੀ ਭੇਟਾ ਬਾਰੇ ਕੋਈ ਵੀ ਦੰਭੀ ਗੁਰੂ ਦੱਸ ਨਹੀਂ ਸਕਿਆ। ਜਿਸ ਨਾਲ ਮੱਖਨ ਸ਼ਾਹ ਦਾ ਮਨ ਹੋਰ ਵੀ ਦੁਵਿਧਾ ਵਿਚ ਪੈ ਗਿਆ।

ਅਸ਼ਾਂਤ ਹੋਇਆ ਮਖਨ ਸ਼ਾਹ ੨੨ ਮੰਜੀਆਂ ਵਾਲੇ ਸਥਾਨ ਤੋਂ ਪਿੰਡ ਵਿਚ ਚਲਾ ਗਿਆ ਅਤੇ ਜਨ ਸਧਾਰਨ ਲੋਕਾਂ ਤੋਂ ਪੁਛਿਆ ਕਿ ੨੨ ਗੁਰੂਆਂ ਤੋਂ ਬਿਨ੍ਹਾਂ ਕੋਈ ਹੋਰ ਵੀ ਸੋਢੀ ਬਾਬਾ ਰਹਿੰਦਾ ਹੈ? ਕਿਸ ਨੇ

ਦੱਸਿਆ ਕਿ "ਹਾਂ! ਬਾਬਾ ਤੇਗਾ ੨੦-੨੨ ਵਰਸ਼ ਤੋਂ ਆਪਣੀ ਗੁਫਾ ਵਿਚ ਬੈਠੇ ਹਨ। ਆਪਣੀ ਇੱਛਾ ਨਾਲ ਬਾਹਰ ਨਿਕਲਦੇ ਹਨ, ਵਰਨਾ ਸਿਮਰਨ ਵਿਚ ਲੱਗੇ ਰਹਿੰਦੇ ਹਨ। ਸ਼ਾਂਤ ਅਤੇ ਅਨੰਦ ਰਹਿੰਦੇ ਹਨ, ਕਿਸੀ ਨਾਲ ਸੰਪਰਕ ਨਹੀਂ ਰਖਦੇ।" ਭਾਈ ਮੱਖਨ ਸ਼ਾਹ ਸਮਝ ਗਿਆ ਇਹ ਲਕਸ਼ਣ ਸਤਯ ਪੁਰਸ਼ਾਂ ਵਾਲੇ ਹਨ। ਛੇਤੀ-ਛੇਤੀ ਸਿੱਧਾ ਸਤਿਗੁਰੂ ਤੇਗ ਬਹਾਦਰ ਜੀ ਦੇ ਸਥਾਨ 'ਤੇ ਪੁੱਜਿਆ। ਪਹਿਲੇ ਪੂਜਯ ਮਾਤਾ ਨਾਨਕੀ ਜੀ, ਦੀਵਾਨ ਦਰਗਾਹ ਮੱਲ, ਭਾਈ ਦਿਆਲ ਜੀ, ਭਾਈ ਗੁਰਦਿਤਾ ਜੀ ਵਰਗੇ ਮਹਾਨ ਭਾਵਾਂ ਨੂੰ ਮਿਲਿਆ। ਸਤਿਗੁਰੂ ਜੀ ਦੇ ਦਰਸ਼ਨਾਰਥ ਪ੍ਰਾਰਥਨਾ ਕੀਤੀ। ਮਿਲ ਕੇ ਗੁਫਾ ਵਿਚ ਸਤਿਗੁਰਾਂ ਦੇ ਚਰਨਾਂ ਵਿਚ ਪੁੱਜਿਆ ਤੇ ਨੀਯਤ ਕੀਤੀ ਨੀਤੀ ਅਨੁਸਾਰ ਪੰਜ ਮੋਹਰਾਂ ਸਤਿਗੁਰੂ ਜੀ ਦੀ ਭੇਟ ਕੀਤੀਆਂ। ਸਤਿਗੁਰੂ ਜੀ ਨੇ ਮੁਸਕਰਾ ਕੇ ਫਰਮਾਇਆ, "ਸਾਨੂੰ ਧਨ ਦੀ ਇੱਛਾ ਨਹੀਂ ਪਰ ਭਾਈ ਅਰਦਾਸ ਪੰਜ ਸੌ ਮੋਹਰਾਂ ਦੀ ਹੋਈ ਹੈ।"

ਮੱਖਨ ਸ਼ਾਹ ਪ੍ਰਸੰਨਤਾ ਨਾਲ ਸਤਿਗੁਰਾਂ ਦੇ ਚਰਨਾਂ ਵਿਚ ਡਿੱਗ ਪਿਆ। ਉਸ ਨੇ ਜਹਾਜ਼ ਦੇ ਡੁੱਬਨ ਤੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕਰਨ ਦੀ ਸਾਰੀ ਕਹਾਣੀ ਸੰਗਤ ਨੂੰ ਸੁਣਾ ਦਿਤੀ। ਦਿੱਲੀ ਤੋਂ ਆਈ ਹਜੂਰੀ ਸੰਗਤ ਨੇ ਦੱਸਿਆ, "ਸਤਿਗੁਰੂ ਹਰਿਕ੍ਰਿਸ਼ਨ ਜੀ ਨੇ ਸਤਿਗੁਰੂ ਤੇਗ ਬਹਾਦਰ ਜੀ ਨੂੰ ਹੀ ਗੁਰਤਾ ਪ੍ਰਦਾਨ ਕੀਤੀ ਹੈ। ਗੁਰ-ਸੰਗਤ ਵਲੋਂ ਗੁਰਿਆਈ ਦਾ ਤਿਲਕ ਦਿਤਾ ਗਿਆ ਹੈ ਪਰ ਸਤਿਗੁਰੂ ਜੀ ਸ੍ਵਯੰ ਇਛਾ ਨਾਲ ਹੀ ਪ੍ਰਗਟ ਨਹੀਂ ਹੋ ਰਹੇ। ਅਸੀਂ ਸਤਿਗੁਰੂ ਜੀ ਦੀ ਆਗਿਆ ਨੂੰ ਟਾਲ ਨਹੀਂ ਸਕਦੇ।"

ਭਾਈ ਮੱਖਨ ਸ਼ਾਹ ਨੇ (ਹੱਥ ਜੋੜ ਕੇ) ਆਖਿਆ, "ਸੁਣੋ! ਮੈਂ ਕਈ ਦਿਨਾਂ ਤੋਂ ਦੁਵਿਧਾ ਵਿਚ ਪਿਆ ਹੋਇਆ ਸੀ। ਮੇਰੀ ਤਰ੍ਹਾਂ ਪਤਾ ਨਹੀਂ ਕਿੰਨੇ-ਕਿੰਨੇ ਗੁਰਸਿਖ ਪ੍ਰੇਸ਼ਾਨ ਹੋਣਗੇ ਅਤੇ ਪਤਾ ਨਹੀਂ ਕਿੰਨੇ-ਕਿੰਨੇ ਦੰਭੀਆਂ ਦੀਆਂ ਚਾਲਾਂ ਦਾ ਸ਼ਿਕਾਰ ਹੋ ਰਹੇ ਹੋਣਗੇ। ਮੈਂ ਸਤਿਗੁਰੂ ਜੀ ਦੀ ਸਾਰੀ ਨਰਾਜ਼ਗੀ ਝੱਲ ਲਵਾਂਗਾ। ਮੈਥੋਂ ਨਹੀਂ ਹੋਕਾ ਦਿਤੇ ਬਿਨ੍ਹਾਂ ਰਿਹਾ ਜਾਂਦਾ।" ਇਹ ਕਹਿ ਕੇ ਭਾਈ ਮੱਖਨ ਸ਼ਾਹ ਬਿਨ੍ਹਾਂ ਸਤਿਗੁਰੂ ਜੀ ਅਤੇ ਸੰਗਤ ਦੀ ਆਗਿਆ ਲਏ ਤੋਂ ਕੋਠੇ ਉੱਤੇ ਚੜ ਗਿਆ ਅਤੇ ਚਾਦਰ ਦਾ ਪੱਲਾ ਫੇਰ ਕੇ 'ਗੁਰੂ ਲਾਧੋ ਰੇ-ਗੁਰੂ ਲਾਧੋ ਰੇ।' ਦਾ ਹੋਕਾ ਦੇ ਦਿਤਾ। 'ਗੁਰੂ ਕੀਏ ਸੰਗਤੇ ਸੱਚਾ ਗੁਰੂ ਇਥੇ ਵਿਰਾਜਮਾਨ ਹੈ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਨੌਵੀ ਜਯੋਤੀ, ਸਤਿਗੁਰੂ ਤੇਗ ਬਹਾਦਰ ਜੀ ਵਿਚ ਪ੍ਰਕਾਸ਼ਿਤ ਹੋ ਰਹੀ ਹੈ, ਦਰਸ਼ਨ ਕਰਕੇ ਜਨਮ ਸਫਲੇ ਕਰੋ।'

ਭਾਈ ਮੱਖਨ ਸ਼ਾਹ ਦਾ ਹੋਕਾ ਸੁਨਣ ਸਾਰ ੨੨ ਮੰਜੀਆਂ ਵਾਲੀ ਭੀੜ ਦਰਸ਼ਨਾਰਥ ਭੱਜ ਤੁਰੀ ਅਤੇ ਭਾਈ ਮੱਖਨ ਸ਼ਾਹ ਜੀ ਆਪਣੇ ਡੇਰੇ ਵਿਚੋਂ ਮੇਵੇ, ਮਿਸ਼ਰੀ, ਬਸਤ੍ਰ ਅਤੇ ਪੰਜ ਸੌ ਮੋਹਰਾਂ ਦੇ ਥਾਲ ਲੈ ਕੇ ਮੁੜ ਸਤਿਗੁਰੂ ਜੀ ਦੇ ਚਰਨਾਂ ਵਿਚ ਆਣ ਹਾਜ਼ਿਰ ਹੋਇਆ।

ਮੇਵੇ ਅਨਿਕ ਪ੍ਰਕਾਰ ਪਵਾਏ।
ਨਿਜ ਦਾਸਨਿ ਤੇ ਲਿਯ ਉਠਿਵਾਏ।
ਮੁਹਰ ਪੰਚ ਸੈ ਗਿਨਿ ਕੈ ਲੀਨਿ।

ਜੋ ਗੁਰ ਕੇ ਹਿਤ ਸੰਚਨਿ ਕੀਨਿ।

ਪੁਨ ਉਠਿਵਾਏ ਪੁਸ਼ਾਕ ਨਵੀਨ।

ਮੱਖਨ ਸ਼ਾਹੁ ਮਹਾਂਨ ਪ੍ਰਬੀਨ।

ਸੁਭਟਨਿ ਭੀਰ ਸੰਗ ਲੇ ਚਲਿਯੋ।

ਸਤਿਗੁਰ ਚਰਨ ਪ੍ਰੇਮ ਮਹਿਂ ਢਲਯੋ।'(ਸੂਰਜ ਪ੍ਰਕਾਸ਼ ਰਾਸ ੧੧ ਅੰਸੂ ੮)

**ਚੰਡਾਲ ਚੌਂਕੜੀ:** ਸਤਿਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ ਨਾਲ, ਗੁਰੂ ਕੇ ਸਿੱਖ ਦੰਭੀਆਂ ਦਾ ਪਰਿਤਿਆਗ ਕਰਕੇ ਸਤਿਗੁਰੂ ਜੀ ਦੀ ਸ਼ਰਣ ਵਿਚ ਆ ਗਏ। ਇਸ ਨਾਲ ਬਾਕੀ ਦੰਭੀ ਤਾਂ ਨਿਰਾਸ ਹੋ ਕੇ ਆਪਣੇ-ਆਪਣੇ ਸਥਾਨ ਨੂੰ ਚਲੇ ਗਏ ਕਿੰਤੂ ਧੀਰਮਲ ਆਪਣਾ ਡੇਰਾ ਜਮਾ ਕੇ ਬੈਠਾ ਰਿਹਾ। ਸੰਗਤ ਨੇ ਧੀਰਮਲ ਦੇ ਸਥਾਨ 'ਤੇ ਜਾਣਾ ਹੀ ਬੰਦ ਕਰ ਦਿਤਾ। ਆਪਣੀ ਅਜੇਹੀ ਹਾਲਤ ਵੇਖਕੇ ਧੀਰਮਲ ਗੁਰੂ ਜੀ ਦੇ ਖਿਲਾਫ ਤਰ੍ਹਾਂ-ਤਰ੍ਹਾਂ ਦੇ ਖੜਜੰਤ੍ਰ ਰਚਿਨ ਲੱਗਾ। ਸਕੀਮ ਅਨੁਸਾਰ ਧੀਰਮਲ ਦੇ ਮਸੰਦ ਸ਼ੀਹੇ ਨੇ ਹਥਿਆਰ ਬੰਦ ਆਦਮੀ ਲੈ ਕੇ ਸਤਿਗੁਰੂ ਜੀ ਦੇ ਡੇਰੇ ਉੱਤੇ ਹਮਲਾ ਕਰ ਦਿਤਾ ਅਤੇ ਸਾਰਾ ਸਮਾਨ ਲੁੱਟ ਕੇ ਲੈ ਗਏ। ਸ਼ੀਹੇ ਨੇ ਗੁਰੂ ਜੀ ਨੂੰ ਗੋਲੀ ਦਾ ਨਿਸ਼ਾਨਾ ਬਨਾਉਣ ਦੀ ਕੋਸ਼ਿਸ਼ ਵੀ ਕੀਤੀ, ਜੋ ਬੰਦੂਕ ਚਲਾਉਣ ਸਮੇਂ ਪਾਸੇ ਨਿਕਲ ਗਈ। ਸ਼ੀਹਾ ਅਜੇ ਦੂਸਰੀ ਗੋਲੀ ਭਰ ਹੀ ਰਿਹਾ ਸੀ, ਰੌਲਾ ਸੁਣ ਕੇ ਭਾਈ ਮੱਖਨ ਸ਼ਾਹ ਦਾ ਜੱਥਾ ਅਤੇ ਦੂਸਰੇ ਸਿੱਖ ਆਣ ਪਏ। ਸ਼ੀਹੇ 'ਤੇ ਉਸ ਦੇ ਗੁੰਡਿਆਂ ਨੂੰ ਖੂਬ ਕੁਟਾਪਾ ਚਾੜ੍ਹਿਆ। ਸਿੱਖਾਂ ਨੂੰ ਅਜੇਹਾ ਜੋਸ਼ ਆਇਆ; ਸਾਰੀ ਸੰਗਤ ਧੀਰਮਲ ਦੇ ਘਰ ਪਹੁੰਚ ਗਈ। ਧੀਰਮਲ ਨੇ ਆਪਣੇ ਮਕਾਨ ਦੇ ਦਰਵਾਜੇ ਬੰਦ ਕਰ ਰੱਖੇ ਸਨ। ਸੰਗਤ ਦਰਵਾਜੇ ਤੋੜ ਕੇ ਅੰਦਰ ਚਲੀ ਗਈ ਅਤੇ ਗੁਰੂ ਘਰ ਦਾ ਸਮਾਨ ਵਾਪਸ ਲੈਣ ਤੋਂ ਬਿਨ੍ਹਾਂ ਧੀਰਮਲ ਦੇ ਘਰ ਦਾ ਵੀ ਸਮਾਨ ਲੁੱਟ ਲਿਆ। ਸਤਿਗੁਰੂ ਅਰਜਨ ਦੇਵ ਜੀ ਵਾਲੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵੀ ਭਾਈ ਮੱਖਨ ਸ਼ਾਹ ਲੈ ਆਇਆ। ਸਾਰਾ ਸਮਾਨ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਣ ਰੱਖਿਆ। ਸਤਿਗੁਰੂ ਜੀ ਨੂੰ ਕਿਸੇ ਵੀ ਵਸਤੂ ਨਾਲ ਲਗਾਉ ਨਹੀਂ ਸੀ। ਇਸ ਵਾਸਤੇ ਉਨ੍ਹਾਂ ਨੇ ਆਗਿਆ ਕੀਤੀ ਕਿ 'ਸਮੂਹ ਸਮਾਨ ਧੀਰਮਲ ਨੂੰ ਵਾਪਸ ਕਰਕੇ ਆਉ।' ਗੁਰੂ ਜੀ ਦੇ ਆਦੇਸ਼ ਨੂੰ ਮੰਨ ਕੇ ਭਾਈ ਮੱਖਨ ਸ਼ਾਹ ਨੇ ਸਾਰਾ ਸਮਾਨ ਇਸ ਸ਼ਰਤ ਤੇ ਵਾਪਸ ਕੀਤਾ ਕਿ ਧੀਰਮਲ ਰਾਤੋ ਰਾਤ ਆਪਣਾ ਡੇਰਾ ਚੁੱਕ ਲਵੇਗਾ।[56]

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ

ਕਹੁ ਨਾਨਕ ਸੁਨਿ ਰੇ ਮਨਾ ਮੁਕਿਤ ਤਾਹਿ ਤੈ ਜਾਨ॥੧੫॥ (ਪੰਨਾ ੧੪੨੬)

**ਅੰਮ੍ਰਿਤਸਰੀਏ, ਅੰਦਰ ਸੜੀਏ:** ਅੰਮ੍ਰਿਤਸਰ ਤੇ ਕੀਰਤਪੁਰ ਦੀਆਂ ਸੰਗਤਾਂ ਨੇ ਦਰਸ਼ਨ ਦੇਣ ਦੀ ਪ੍ਰਾਰਥਨਾ ਕੀਤੀ ਜੋ ਸਤਿਗੁਰੂ ਜੀ ਨੇ ਪਰਵਾਨ ਕਰ ਲਈ। ਪਹਿਲੇ ਸ੍ਰੀ ਗੁਰੂ ਜੀ ਅੰਮ੍ਰਿਤਸਰ ਦੀ ਯਾਤ੍ਰਾ ਤੇ ਚੱਲੇ, ਅੰਮ੍ਰਿਤਸਰ ਗੁਰਸਿੱਖਾਂ ਦਾ ਮਹਾਨ ਤੀਰਥ ਹੈ। ਸਾਰੇ ਹੋ ਚੁੱਕੇ ਗੁਰੂ ਸਾਹਿਬਾਨ ਨੇ ਇਸ ਤੀਰਥ ਨੂੰ ਪਾਵਨ

56 ਸਮਾਨ ਵਾਪਸ ਕਰਨ ਸਮੇਂ ਭਾਈ ਮੱਖਨ ਸ਼ਾਹ ਨੇ ਗੁਰੂ ਜੀ ਤੋਂ ਚੋਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਰੱਖ ਲਈ ਸੀ ਜੋ ਪਤਾ ਲੱਗਣ ਤੇ ਗੁਰੂ ਜੀ ਨੇ ਧੀਰ ਮਲ ਨੂੰ ਵਾਪਸ ਕਰਵਾ ਦਿਤੀ।

ਕੀਤਾ ਸੀ। ਸਤਿਗੁਰੂ ਤੇਗ ਬਹਾਦਰ ਜੀ ਦਾ ਅਵਤਾਰ ਵੀ ਇਸੇ ਸ਼ਹਿਰ ਵਿਚ ਹੋਇਆ ਸੀ। ਇਥੇ ਹਜੂਰ ਦਾ ਬਚਪਨ ਬੀਤਿਆ, ਜਵਾਨੀ ਵਿਚ ਪ੍ਰਵੇਸ਼ ਕੀਤਾ। ਅੰਮ੍ਰਿਤਸਰ ਦੀ ਇਕ-ਇਕ ਗਲੀ ਮਹਲੇ ਨਾਲ ਸ੍ਰੀ ਗੁਰੂ ਜੀ ਦੀ ਅਟੁੱਟ ਸਾਂਝ ਸੀ। ਇਸੇ ਵਾਸਤੇ ਪਹਿਲਾ ੨੨ ਨਵੰਬਰ ੧੬੬੪ ਈ. ਨੂੰ ਪਰਵਾਰ ਤੇ ਸੰਗਤ ਸਮੇਤ ਅੰਮ੍ਰਿਤਸਰ ਪੁਜੇ। ਇਸ ਸਮੇਂ ਸ੍ਰੀ ਹਰਿਮੰਦਰ ਜੀ ਉੱਤੇ ਹਰਿ ਜੀ ਮੀਣੇ ਪ੍ਰਿਥੀ ਚੰਦੀਏ ਦਾ ਕਬਜ਼ਾ ਸੀ।[57] ਇਹ ਵੀ ਬਕਾਲੇ ਤੋਂ ਅਸਫਲ ਹੋਕੇ ਆਇਆ ਸੀ। ਇਸ ਵਾਸਤੇ ਜਦ ਉਸ ਨੇ ਸੁਣਿਆ ਕਿ (ਗੁਰੂ) ਤੇਗ ਬਹਾਦਰ ਅੰਮ੍ਰਿਤਸਰ ਆ ਗਿਆ ਹੈ। ਉਹ ਤੇ ਉਸ ਦੇ ਸਾਥੀ ਦਰਬਾਰ ਸਾਹਿਬ ਅਤੇ ਦਰਸ਼ਨੀ ਡਿਉਡੀ ਦੇ ਦਰਵਾਜੇ ਬੰਦ ਕਰਕੇ ਕਿਤੇ ਬਾਹਰ ਚਲੇ ਗਏ। ਗੁਰੂ ਜੀ ਇਕ ਵਿਰਛ ਹੇਠ ਬੈਠ ਗਏ ਅਤੇ ਅਕਾਲ ਤਖਤ ਦੇ ਸਾਮਣੇ ਦੀਵਾਨ ਸਜਾਕੇ ਸੰਗਤਾਂ ਨੂੰ ਨਿਹਾਲ ਕੀਤਾ। ਦੀਵਾਨ ਵਿਚੋਂ ਇਕ ਮਾਈ ਹਰੀਆ ਨੇ ਬੇਨਤੀ ਕੀਤੀ। ਮੇਰੇ ਘਰ ਪਿੰਡ ਵਲੇ ਚਰਨ ਪਾਉ। ਗੁਰੂ ਜੀ ਬੇਨਤੀ ਮੰਨਕੇ ਸੰਗਤ ਸਮੇਤ ਉਸਦੇ ਘਰ ਰਾਤ ਠਹਿਰੇ।

ਅੰਮ੍ਰਿਤਸਰੀਏ ਮੀਣਿਆਂ ਤੋਂ ਡਰਦੇ ਦੀਵਾਨ ਵਿਚ ਦਰਸ਼ਨ ਵੀ ਨ ਕਰਨ ਆਏ ਕਿੰਤੂ ਸ਼ਹਿਰ ਦੀਆਂ ਮਾਈਆਂ ਨੂੰ ਸੁਣਕੇ ਦੁੱਖ ਹੋਇਆ ਕਿ ਸਤਿਗੁਰੂ ਜੀ ਆਪਣੀ ਜਨਮ ਭੂਮੀ ਵਿਚ ਵੱਡੇ ਸਤਿਗੁਰਾਂ ਦੇ ਸਥਾਨਾਂ ਦੇ ਦਰਸ਼ਨ ਕਰਨ ਆਏ ਤਾਂ ਪੁਜਾਰੀਆਂ ਨੇ ਜੰਦਰੇ ਮਾਰ ਲਏ। ਮਾਈਆਂ ਸਤਿਗੁਰੂ ਜੀ ਨੂੰ ਬਾਲ ਵਰੇਸ਼ ਸਮੇਂ ਤੋਂ ਹੀ ਜਾਣਦੀਆਂ ਸਨ। ਉਹ ਸਤਿਗੁਰੂ ਜੀ ਦੇ ਚਰਿਤ੍ਰ, ਵੈਰਾਗ, ਗੰਭੀਰਤਾ ਤੋਂ ਚੰਗੀ ਤਰ੍ਹਾਂ ਜਾਣੂ ਸਨ। ਸ਼ਹਿਰ ਦੀਆਂ ਮਾਈਆਂ ਬੀਬੀਆਂ ਸ਼ਰਧਾ ਸਤਿਕਾਰ ਤੇ ਨਿਮਰਤਾ ਨਾਲ ਸਤਿਗੁਰੂ ਜੀ ਦੇ ਚਰਨਾਂ ਵਿਚ ਪਿੰਡ ਵੱਲੇ 'ਚ ਹਾਜਰ ਹੋਈਆਂ। ਪੁਜਾਰੀਆਂ ਅਤੇ ਸ਼ਹਿਰੀਆਂ ਦੀ ਅਵੱਗਿਆ ਦੀ ਖਿਮਾਂ ਮੰਗੀ। ਸਤਿਗੁਰੂ ਜੀ ਨੇ ਸੁਭਾਵਕ ਹੀ ਫਰਮਾਇਆ 'ਅੰਮ੍ਰਿਤਸਰੀਏ ਅੰਦਰ ਸੜੀਏ', 'ਮਾਈਆਂ ਰਬ ਰਜਾਈਆਂ' ਇਥੋਂ ਗੁਰੂ ਜੀ ਭਾਈ ਦਵਾਰਕਾ ਦਾਸ ਅਤੇ ਭਾਈ ਗੜੀਏ ਦਾ ਪ੍ਰੇਮ ਪੂਰਾ ਕਰਨ ਵਾਸਤੇ ਗੋਇੰਦਵਾਲ ਪੁੱਜੇ। ਭੱਲੇ ਸਾਹਿਬਜ਼ਾਦਿਆਂ ਨੂੰ ਮਿਲ ਕੇ ਖੰਡੂਰ ਸਾਹਿਬ, ਤਰਨ ਤਾਰਨ ਦੇ ਦਰਸ਼ਨ ਕਰਕੇ, ਵਾਪਸ ਬਕਾਲੇ ਪਹੁੰਚ ਗਏ। ਭਾਈ ਮੱਖਨ ਸ਼ਾਹ ਪਿੰਡ ਵੱਲੇ ਤੋਂ ਆਗਿਆ ਲੈਕੇ ਆਪਣੇ ਘਰ ਨੂੰ ਚਲਾ ਗਿਆ।

**ਵਾਧਯੋ ਅਨੰਦਪੁਰ ਗਾਵ:** ਬਕਾਲੇ ਕੁਝ ਦਿਨ ਅਰਾਮ ਕਰਕੇ ਸਤਿਗੁਰੂ ਹੀ ਸਮੇਤ ਸੰਗਤ ਅਤੇ ਪਰਵਾਰ ਦੇ ਕੀਰਤਪੁਰ ਦੀ ਯਾਤਰਾ 'ਤੇ ਚੱਲ ਪਏ। ਕੀਰਤਪੁਰ ਪਹੁੰਚ ਕੇ ਵੱਡੇ ਸਤਿਗੁਰਾਂ ਦੇ ਗੁਰਦੁਆਰਿਆਂ ਦੇ ਦਰਸ਼ਨ ਕਰਕੇ, ਇਕ ਮਹੀਨਾ ਨਿਵਾਸ ਰੱਖਿਆ। ਇਥੇ ਰਹਿੰਦਿਆਂ ਹੀ ਗੁਰੂ ਜੀ ਨੇ ਵੀਚਾਰ ਬਣਾਇਆ ਕਿ ਗੁਰਿਆਈ ਕੇਂਦ੍ਰ ਸੁਰਖਯਤ ਸਥਾਨ 'ਤੇ ਬਣਾਇਆ ਜਾਵੇ। ਇਸ ਵੀਚਾਰ ਅਧੀਨ ਸਤਿਗੁਰੂ ਜੀ ਨੇ ਬਲਾਸਪੁਰ ਦੀ ਰਾਣੀ ਜਲਾਲ ਦੇਵੀ ਤੋਂ ਪਿੰਡ ਮਾਖੋਵਾਲ, ਮਥੋੜ ਅਤੇ ਲੋਧੀਪੁਰ ਦੀ ਜਮੀਨ ੫੫੨ ਰੁਪੈ ੧੩ ਆਨੇ ਵਿਚ (ਗਿਆਨੀ ਪ੍ਰਤਾਪ ਸਿੰਘ ਜੀ ਦੇ ਮੱਤ ਅਨੁਸਾਰ ੧੦ ਹਜਾਰ ਰੁਪੈ ਵਿਚ) ਖਰੀਦ ਕੇ ਆਪਣੀ ਪੂਜਯ ਮਾਤਾ ਦੇ ਨਾਂਉ ਤੇ ੨੧ ਹਾੜ ਦਿਨ ਸੋਮਵਾਰ ੧੬੬੫ ਈ. ਨੂੰ ਪਿੰਡ ਦੀ ਮੋਹੜੀ ਗੱਡੀ। ਨਾਂਉ 'ਚੱਕ ਨਾਨਕੀ' ਰਖਿਆ। ਮਗਰੋਂ ਇਸ ਪਿੰਡ ਦਾ ਨਾਂਉ ਅਨੰਦਪੁਰ ਪ੍ਰਸਿੱਧ ਹੋ ਗਿਆ।

---

57 ਹਰਿ ਜੀ ਸੰਬੰਧੀ ਬਸਥਾਰ ਜਾਨਣ ਵਾਸਤੇ ਵੇਖੋ ਲੇਖਕ ਰਚਿਤ ਪੁਸਤਕ 'ਬਾਬਾ ਕੌਲ ਸਾਹਿਬ'.

ਇਸ ਸ਼ਹਿਰ ਵਿਚ ਪਹਿਲੀ ਵਿਸਾਖੀ (੧੬੬੫ ਈ.) ਨੂੰ ਧੂਮ-ਧਾਮ ਨਾਲ ਮਨਾਈ। ਪੰਜਾਬ ਤੋਂ ਬਿਨ੍ਹਾਂ ਉਤਰ ਪ੍ਰਦੇਸ਼, ਬਿਹਾਰ, ਬੰਗਾਲ ਤੱਕ ਦੀ ਸੰਗਤ ਦਰਸ਼ਨਾਰਥ ਆਈ। ਇਨ੍ਹਾਂ ਪ੍ਰਾਂਤਾਂ ਤੋਂ ਆਏ ਮਸੰਦਾਂ ਨੇ ਪ੍ਰਾਰਥਨਾ ਕੀਤੀ ਕਿ ਸਚੇ ਪਾਤਸ਼ਾਹ! ਸਤਿਗੁਰੂ ਨਾਨਕ ਦੇਵ ਜੀ ਤੋਂ ਬਾਅਦ ਕਿਸੀ ਗੁਰੂ ਸਾਹਿਬ ਨੇ ਵੀ ਪੂਰਬ ਵਿਚ ਦਰਸ਼ਨ ਨਹੀਂ ਦਿਤੇ। ਕ੍ਰਿਪਾ ਕਰਕੇ ਗੁਰਸਿੱਖਾਂ ਨੂੰ ਦਰਸ਼ਨ ਦੇ ਕੇ ਮਨੋਕਾਮਨਾ ਪੂਰੀਆਂ ਕਰੋ। ਮਾਲਵੇ ਦੀ ਸੰਗਤ ਨੇ ਵੀ ਨਿਮ੍ਰਤਾ ਨਾਲ ਏਹੀ ਪ੍ਰਾਰਥਨਾ ਕੀਤੀ।

ਇਸੇ ਵਿਸਾਖੀ ਉੱਤੇ ਹੀ ਦੀਵਾਨ ਦਰਗਾਹ ਮੱਲ ਜੀ ਨੇ ਬੇਨਤੀ ਕੀਤੀ ਕਿ ਮੈਂ ਹੁਣ ਅਤੀ ਵਿਰਧ ਹੋ ਗਿਆ ਹਾਂ। ਮੈਨੂੰ ਦੀਵਾਨ ਦੀ ਪਦਵੀ ਤੋਂ ਮੁਕਤ ਕੀਤਾ ਜਾਵੇ। ਗੁਰੂ ਜੀ ਨੇ ਭਾਈ ਦਰਗਾਹ ਮਲ ਜੀ ਦੀ ਸੇਵਾ ਦੀ ਮਹਾਨ ਪ੍ਰਸੰਸਾ ਕੀਤੀ ਅਤੇ ਉਸ ਦੇ ਦੋ ਭਤੀਜਿਆਂ ਵਿਚੋਂ ਭਾਈ ਮਤੀਦਾਸ ਨੂੰ ਦੀਵਾਨ ਅਤੇ ਭਾਈ ਸਤੀਦਾਸ ਨੂੰ ਲਿਖਾਰੀ ਥਾਪਿਆ। ਇਸ ਸਮੇਂ ਵਿਸ਼ਵਾਸ਼ ਪਾਤਰ ਸਿੱਖਾਂ ਨੂੰ 'ਚੱਕ ਨਾਨਕੀ' (ਅਨੰਦਪੁਰ) ਦੀ ਉਸਾਰੀ ਵਾਸਤੇ ਵੀ ਨਿਯੁਕਤ ਕੀਤਾ।

**ਮਾਲਵਾ**

**ਜੰਗਲ ਗੁਰੂ ਕਾ ਮੰਗਲ:** ਸ੍ਰੀ ਅਨੰਦਪੁਰ ਦਾ ਸ਼ਿਲਾ-ਨਿਆਸ ਰੱਖਣ ਤੋਂ ਮਗਰੋਂ ਸਤਿਗੁਰੂ ਜੀ ਨੇ ਗੁਰਮਤਿ ਪ੍ਰਚਾਰ, ਸਤਿਨਾਮੁ ਦਾ ਉਪਦੇਸ਼, ਸੇਵਾ, ਸਿਮਰਨ, ਭਗਤੀ ਵੱਲ ਲਾਉਣ, ਦੇਸ ਵਿਚ ਸ੍ਵੈਮਾਨ, ਸ੍ਵੈ ਆਤਮ ਵਿਸ਼ਵਾਸ਼ ਭਰਨ, ਸਿੱਖੀ ਨੂੰ ਸੰਗਠਨ ਕਰਨ, ਸੰਗਤਾਂ ਸਥਾਪਨ ਕਰਨ, ਧਰਮਸ਼ਾਲਾ, ਵਿਦਿਆਲਯ ਆਦਿਕ ਸਰਵ ਜਨਕ ਸਥਾਨ ਬਨਾਉਣ ਵਾਸਤੇ ਮਾਲਵਾ ਅਤੇ ਪੂਰਬ ਦੀ ਯਾਤਰਾ ਕਰਨ ਦਾ ਵੀਚਾਰ ਬਨਾਇਆ। ਰਥ ਘੋੜੇ ਗੱਡੇ, ਗੱਡੀਆਂ, ਤੰਬੂ ਕਨਾਤਾਂ ਬਰਤਨ, ਆਦਿਕ ਸਫਰ ਦੀਆਂ ਸਮੂਹ ਚੀਜਾਂ ਨਾਲ ਲਈਆਂ। ਅਨੰਦਪੁਰ ਵਿਚ ਵਿਸ਼ਵਾਸ਼ ਪਾਤਰ ਸਿੱਖਾਂ ਨੂੰ ਛੱਡਕੇ ਪਰਵਾਰ (ਪੂਜਯ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ) ਤੇ ਪ੍ਰਸਿੱਧ ਸਿੱਖਾਂ (ਭਾਈ ਦਿਆਲ ਜੀ, ਭਾਈ ਕ੍ਰਿਪਾਲ ਚੰਦ, ਭਾਈ ਮਤੀ ਦਾਸ ਆਦਿਕ) ਅਤੇ ਸੰਗਤ ਨੂੰ ਨਾਲ ਲੈ ਕੇ ਯਾਤਰਾ ਆਰੰਭ ਕਰ ਦਿਤੀ।

ਪਹਿਲਾ ਪੜਾ ਕੀਰਤਪੁਰ ਦੇ ਨੇੜੇ ਇਕ ਪਿੰਡ ਵਿਚ ਲਾਇਆ, ਇਲਾਕਾ ਨਿਵਾਸੀ ਸੰਗਤ ਦਰਸ਼ਨ ਵਾਸਤੇ ਹਾਜ਼ਿਰ ਹੋਈ। ਇਸ ਇਲਾਕੇ ਵਿਚ ਬਾਰਸ਼ ਦੇ ਕਾਰਣ ਮਕਾਨ ਤੇ ਫਸਲਾਂ ਤਬਾਹ ਹੋ ਗਈਆਂ ਸਨ। ਸਤਿਗੁਰੂ ਜੀ ਨੂੰ ਗਰੀਬ ਲੋਕਾਂ ਉੱਤੇ ਦਯਾ ਆਈ। ਸਭ ਨੂੰ ਫਸਲਾਂ ਦੇ ਨੁਕਸਾਨ ਦੀ ਪੂਰਤੀ ਅਤੇ ਮਕਾਨ ਪਾਉਣ ਵਾਸਤੇ ਸਹਾਇਤਾ ਕੀਤੀ। ਲੋਕਾਂ ਨੇ ਪੀਣ ਵਾਲੇ ਪਾਣੀ ਦੀ ਤਕਲੀਫ ਦੱਸੀ। ਖੂਹ ਲਾਉਣ ਨੂੰ ਵਖ ਮਾਇਆ ਦਿਤੀ। ਇਸ ਤਰ੍ਹਾਂ ਨਾਮ ਭਗਤੀ ਅਤੇ ਧਨ ਦੇ ਕੇ ਇਲਾਕਾ ਨਿਵਾਸੀ ਕ੍ਰਿਤਾਰਥ ਕੀਤੇ।

ਇਥੋਂ ਸਤਿਗੁਰੂ ਜੀ ਨਵਾਬ ਸੈਫਉਦੀਨ ਦੇ ਕਿਲ੍ਹੇ ਵਿਚ ਸੈਫਾਵਾਦ ਪੁੱਜੇ। ਇਹ ਨਵਾਬ ਗੁਰੂ ਜੀ ਦਾ ਅਨਨਯ ਭਗਤ ਸੀ। ਸ੍ਵਾਗਤ ਵਾਸਤੇ ਅਗੇ ਆਕੇ ਮਿਲਿਆ। ਸਤਿਕਾਰ ਨਾਲ ਸੁੰਦਰ ਸਥਾਨ ਵਿਖੇ ਉਤਾਰਾ ਕਰਵਾਇਆ। ਦੋ ਹਫਤੇ ਗੁਰੂ ਜੀ ਇਸ ਦੇ ਸਥਾਨ 'ਤੇ ਠਹਿਰੇ। ਸਾਰੇ ਪਰਵਾਰ ਨੇ ਸ਼ਰਧਾ ਨਾਲ ਸੇਵਾ ਕੀਤੀ। ਨਵਾਬ ਦੀਆਂ ਬੇਗਮਾਂ ਮਾਤਾ ਨਾਨਕੀ ਜੀ ਤਥਾ ਮਾਤਾ ਗੂਜਰੀ ਜੀ ਦੀ ਹਰ ਤਰ੍ਹਾਂ ਨਾਲ ਸੇਵਾ ਕਰਦੀਆਂ

ਰਹੀਆਂ। ਤੁਰਨ ਸਮੇਂ ਨਵਾਬ ਸੈਫਉਦੀਨ ਨੇ ਗੁਰੂ ਜੀ ਨੂੰ ਕਈ ਥਾਲ ਮੋਹਰਾਂ ਦੇ, ਕਨਾਤਾਂ/ਤੰਬੂ ਅਤੇ ਇਕ ਘੋੜਾ ਭੇਟ ਕੀਤਾ। ਦੋਨੋ ਮਾਤਾ ਜੀਆਂ ਦੀ ਸਵਾਰੀ ਵਾਸਤੇ ਰਥ ਸਮਰਪਣ ਕੀਤਾ। ਗੁਰੂ ਜੀ ਇਸ ਪ੍ਰੇਮ ਭਗਤ ਨਵਾਬ ਨੂੰ ਅਸ਼ੀਰਵਾਦ ਦੇ ਕੇ ਪਟਿਆਲਾ ਵਿਖੇ (ਵਰਤਮਾਨ ਗੁਰਦੁਆਰਾ ਦੂਖ ਨਿਵਾਰਨ ਅਤੇ ਮੋਤੀ ਬਾਗ ਦੇ ਸਥਾਨ ’ਤੇ) ਠਹਿਰ ਕੇ ਸੰਗਤਾਂ ਨੂੰ ਤਾਰਿਆ।

**ਮੂਲੋਵਾਲ**: ਪਹੁੰਚ ਕੇ ਸੰਗਤ ਨੂੰ ਸਤਿਨਾਮੁ ਦਾ ਉਪਦੇਸ਼ ਦਿਤਾ। ਲੋਕਾਂ ਨੇ ਪਾਣੀ ਦੀ ਤਕਲੀਫ ਦੱਸੀ। ਲੱਗੇ ਹੋਏ ਖੂਹ ਦਾ ਪਾਣੀ ਖਾਰਾ ਸੀ। ਗੁਰੂ ਜੀ ਦੀ ਕਿਰਪਾ ਨਾਲ ਇਹ ਪਾਣੀ ਵੀ ਮਿੱਠਾ ਹੋ ਗਿਆ। ਗੁਰੂ ਜੀ ਨੇ ਕੋਲੋਂ ਮਾਇਆ ਦੇ ਕੇ ੯ ਖੂਹ ਹੋਰ ਲਾਉਣ ਦੀ ਆਗਿਆ ਕੀਤੀ। ੯ ਦਿਨ ਪਿੰਡ ਵਿਚ ਨਿਵਾਸ ਕੀਤਾ। ਇਥੋਂ ਦੇ ਚੌਧਰੀ ਗੋਇੰਦੇ ਨੇ ਸ਼ਰਧਾ ਨਾਲ ਸੇਵਾ ਕੀਤੀ।

**ਹੰਡਿਆਇਆ**: ਮੂਲੋਵਾਲ ਤੋਂ ਗੁਰੂ ਜੀ ਪਿੰਡ ਸੇਖੇ, ਕੱਟੂ ਅਤੇ ਫਰਵਾਹੀ ਵਿਚ ਦੀ ਹੰਡਿਆਏ ਪਹੁੰਚੇ। ਪਿੰਡ ਵਿਚ ਸੁਾਸ ਰੋਗ ਚੱਲਿਆ ਹੋਇਆ ਸੀ। ਆਦਮੀ ਦੀ ਦਮ ਘੁਟਣ ਨਾਲ ਮ੍ਰਿਤੂਯ ਹੋ ਜਾਂਦੀ ਸੀ। ਗੁਰੂ ਜੀ ਨੇ ਪਿੰਡ ਨੂੰ ਗੰਦਾ ਪਾਣੀ ਪੀਣ ਤੋਂ ਵਿਵਰਜ਼ਤ ਕੀਤਾ। ਇਕ ਖੂਹ ’ਤੇ ਬਾਉਲੀ ਬਨਵਾ ਕੇ ਦਿਤੀ। ਇਨ੍ਹਾਂ ਦਾ ਸਾਫ ਪਾਣੀ ਵਰਤਨ ਦੀ ਆਗਿਆ ਕੀਤੀ।

**ਢਿੱਲਵਾਂ**: ਹੰਡਿਆਏ ਤੋਂ ਸ੍ਰੀ ਜੀ ਢਿਲਵਾਂ ਵਿਖੇ ਪਹੁੰਚੇ। ਪਿੰਡ ਨਿਵਾਸੀਆਂ ਨੇ ਦੁੱਧ ਦੀ ਘਾਟ ਦੱਸੀ। ਗੁਰੂ ਜੀ ਨੇ ਚੰਗੀ ਨਸਲ ਦੀਆਂ ੧੦੧ ਗਊਆਂ ਮੰਗਵਾ ਕੇ ਦਿਤੀਆਂ। ਲੋਕਾਂ ਨੂੰ ਦੁੱਧ ਛਕਣ, ਸੰਗਤ ਨੂੰ ਛਕਾਉਣ ਅਤੇ ਗਊਆਂ ਦੀ ਸੇਵਾ ਕਰਨ ਦੀ ਆਗਿਆ ਕੀਤੀ।

**ਭਿੱਖੀ**: ਇਥੋਂ ਪਿੰਡ ਮੌੜ, ਭੰਦੇਰ, ਅਲੀ ਸ਼ੇਰ, ਜੋਗਾ, ਭੂਪਾਲ ਅਤੇ ਖੀਵੇਂ ਦੇ ਵਿਚ ਦੀ ਸਮਾਓ ਪਹੁੰਚੇ। ਇਥੇ ਕਾਬਲ ਤੋਂ ਆਈ ਸੰਗਤ ਨੇ ਦਰਸ਼ਨ ਕੀਤੇ। ਕਈ ਤਰ੍ਹਾਂ ਦੀਆਂ ਭੇਟਾ ਸਮਰਪਣ ਕੀਤੀਆਂ। ਗੁਰੂ ਜੀ ਸੰਗਤ ਨੂੰ ਨਾਮ ਦਾਨ ਬਖਸ਼ ਕੇ ਭਿੱਖੀ ਪਹੁੰਚੇ। ਲੋਕਾਂ ਨੂੰ ਸਖੀ ਸਰਵਰ, ਸੁਲਤਾਨ ਆਦਿਕ ਮੁਸਲਮਾਨਾਂ ਦੀਆਂ ਕਬਰਾਂ ਪੂਜਣ ਤੋਂ ਵਿਵਰਜ਼ਤ ਕਰਕੇ ਸਿੱਖੀ ਬਖਸ਼ੀ।

**ਖਿਆਲਾ ਕਲਾਂ**: ਭਿੱਖੀ ਤੋਂ ਗੁਰਨੇ ਕਲਾਂ ਵਿਚ ਦੀ ਖਿਆਲੇ ਪਹੁੰਚੇ। ਇਕ ਬ੍ਰਾਹਮਣ ਅਤੇ ਉਸ ਦੇ ਪੁੱਤਰ ਨੇ ਸ਼ਰਧਾ ਨਾਲ ਸੇਵਾ ਕੀਤੀ। ਗੁਰੂ ਜੀ ਨੇ ਪ੍ਰਸੰਨ ਹੋ ਕੇ ਬ੍ਰਾਹਮਣ ਨੂੰ ਖੂਹ ਲਗਾ ਕੇ ਦਿਤਾ ਅਤੇ ਕੁਝ ਫਲਾਂ ਵਾਲੇ ਵਿਰਛ ਲਾਉਣ ਵਾਸਤੇ ਮੰਗਵਾ ਕੇ ਦਿਤੇ।

**ਤਲਵੰਡੀ ਸਾਬੋ**: ਅਗੇ ਪਿੰਡ ਡਿੱਖ, ਮੌੜ, ਮਾਈਸਰ ਖ਼ਾਨਾ, ਦੇ ਵਿਚ ਦੀ ਤਲਵੰਡੀ ਸਾਬੋ ਵਿਚ ਪਹੁੰਚੇ। ਕਈ ਦਿਨ ਨਿਵਾਸ ਰੱਖਿਆ। ਸ੍ਰੀ ਗੁਰੂ ਜੀ ਦੇ ਆਸਣ ਕੋਲ ਬਹੁਤ ਵੱਡਾ ਟਿਲਾ (ਦਮਦਮਾ) ਸੀ। ਸੰਗਤ ਨੇ ਉਚੇ ਥਾਂਅ ’ਤੇ ਆਸਣ ਲਾਉਣ ਲਈ ਬੇਨਤੀ ਕੀਤੀ ਤਾਂ ਸ੍ਰੀ ਗੁਰੂ ਜੀ ਨੇ ਫਰਮਾਇਆ, “ਇਸ ਸਥਾਨ ’ਤੇ ਬੈਠਣ ਵਾਲਾ ਪਿਛੋਂ ਆਵੇਗਾ। ਇਥੇ ਬਹੁਤ ਰੌਣਕ ਹੋਵੇਗੀ। ਸਿੱਖੀ ਦਾ ਕੇਂਦ੍ਰ ਅਤੇ ਤੀਰਥ ਪ੍ਰਗਟ ਹੋਵੇਗਾ। ਸਰਸ੍ਵਤੀ (ਵਿਦਿਆ) ਦੀ ਧਾਰਾ ਵਹੇਗੀ। ਗੁਰਬਾਣੀ ਦਾ ਪ੍ਰਵਾਹ ਚਲੇਗਾ। ਸ੍ਵਯੰ ਵੀ ਬਹੁਤ ਸਾਰੀ ਬਾਣੀ ਦਾ ਉਚਾਰਨ

ਇਥੇ ਹੀ ਕੀਤਾ। ਵਰਤਮਾਨ ਸਰੋਵਰ ਵਿਚੋਂ ਆਪਣੇ ਦੁਸ਼ਾਲੇ ਨਾਲ ਕਾਰ ਕੱਢ ਕੇ ਨਾਂਉ 'ਗੁਰੂਸਰ ਸਰੋਵਰ' ਰੱਖਿਆ। ਮਾਲਵੇ ਨੂੰ ਅਨੇਕ ਵਰਦਾਨ ਦਿਤੇ। 'ਜੰਗਲ ਗੁਰੂ ਕਾ ਮੰਗਲ' ਕਹਿ ਕੇ ਵਡਿਆਇਆ।

**ਧਰਮੂ ਦਾ ਕੋਟ:** ਅਗੇ ਧਰਮੂ ਦੇ ਕੋਟ ਰਾਤ ਠਹਿਰੇ। ਇਥੇ ਚਾਰ ਚੋਰ ਦੋ ਹਿੰਦੂ ਦੋ ਮੁਸਲਮਾਨ ਗੁਰੂ ਜੀ ਦੇ ਘੋੜਿਆਂ ਦੀ ਚੋਰੀ ਕਰਨ ਵਾਸਤੇ ਆਏ। ਆਤਮਿਕ ਪ੍ਰਭਾਵ ਵੇਖਕੇ ਮੁਸਲਮਾਨ ਚੋਰ ਵਾਪਸ ਚਲੇ ਗਏ ਅਤੇ ਹਿੰਦੂ ਚੋਰਾਂ ਨੇ ਘੋੜੇ ਖੋਲ੍ਹ ਲਏ। ਪਹਿਰੇਦਾਰ ਸਿੱਖਾਂ ਨੇ ਮੌਕੇ ਤੇ ਹੀ ਫੜ ਕੇ ਸਤਿਗੁਰੂ ਜੀ ਦੇ ਪੇਸ਼ ਕੀਤੇ। ਦਿਆਲੂ ਪਾਤਸ਼ਾਹ ਨੇ ਘੋੜੇ ਚੋਰਾਂ ਨੂੰ ਹੀ ਬਖਸ਼ ਕੇ ਚੋਰੀ ਛੱਡਣ ਦਾ ਪ੍ਰਣ ਕਰਵਾਇਆ। ਚੋਰ ਪ੍ਰਾਸ਼ਚਿਤ ਕਰਨ ਵਾਸਤੇ ਇਕ ਵਿਰਛ ਨਾਲ ਫਾਸੀ ਲੈ ਕੇ ਆਤਮ ਹਤਿਆ ਕਰਕੇ ਮਰ ਗਏ।

**ਵਰੇ:** ਪਿੰਡ ਪਹੁੰਚੇ; ਸਾਰੇ ਪਿੰਡ ਦੇ ਨਵੇਂ ਵਿਗਿਆਨਕ ਮਕਾਨ ਬਨਾਉਣ ਦਾ ਪ੍ਰਬੰਧ ਕੀਤਾ। ਭਾਈ ਦਾਗੋ ਨੂੰ ੧੦੧ ਮੋਹਰਾਂ ਦੇ ਕੇ ਖੂਹ ਲਾਉਣ ਦੀ ਵੀ ਆਗਿਆ ਕੀਤੀ।

**ਧਮਧਾਨ ਸਾਹਿਬ:** ਸੰਗਤ ਨੂੰ ਤਾਰਦੇ-ਤਾਰਦੇ ਕਈ ਪਿੰਡਾਂ ਵਿਚ ਦੀ ਧਮਧਾਨ ਸਾਹਿਬ ਪੁੱਜੇ। ਸੁੰਦਰ ਸਥਾਨ ਵੇਖਕੇ ਪ੍ਰਸੰਨਤਾ ਨਾਲ ਨਿਵਾਸ ਕੀਤਾ। ਮੀਹੇ ਨੂੰ ਭਾਈ ਦਾ ਖਤਾਬ ਦੇ ਕੇ ਸਿੱਖੀ ਦਾ ਪ੍ਰਚਾਰਕ ਨਿਯੁਕਤ ਕਰਕੇ ਨਗਾਰਾ, ਨਿਸ਼ਾਨ ਤੇ ਦਸਤਾਰਾ ਬਖਸ਼ਿਆ। ਭਾਈ ਮੀਹੇ ਨੇ ਹੱਥ ਜੋੜ ਕੇ ਵਰ ਮੰਗਿਆ ਕਿ ਮੈਨੂੰ ਕਿਸੇ ਤਰ੍ਹਾਂ ਦੀ ਵੀ ਤ੍ਰਿਸ਼ਨਾ ਨ ਰਹੇ।

ਭਾਈ ਮੀਹੇ ਨੇ ਸਤਿਗੁਰੂ ਹਰਿਰਾਏ ਜੀ, ਸਤਿਗੁਰੂ ਹਰਿਕ੍ਰਿਸ਼ਨ ਜੀ ਦੇ ਦਰਬਾਰ ਵਿਚ ਅਣਥੱਕ ਸੇਵਾ ਕੀਤੀ ਸੀ। ਸ੍ਰੀ ਗੁਰੂ ਜੀ ਧਮਧਾਨ ਨਿਵਾਸੀਆਂ ਨੂੰ ਨਾਮ ਦਾਨ ਤੇ ਧਨ ਬਖਸ਼ ਕੇ ਕੈਥਲ ਨੂੰ ਚਲੇ ਗਏ।

**ਕੈਥਲ:** ਤਿੰਨ ਦਿਨ ਠਹਿਰੇ। ਇਥੇ ਕਈ ਘਰ ਤਮਾਕੂ ਦੀ ਖੇਤੀ ਕਰਦੇ ਸਨ। ਗੁਰੂ ਜੀ ਨੇ ਦੀਵਾਨ ਵਿਚ ਬਲਾ ਕੇ ਤਮਾਕੂ ਬੀਜਣ ਅਤੇ ਵਰਤਨ ਤੋਂ ਰੋਕਿਆ। ਦੱਸਿਆ ਇਹ ਪ੍ਰਾਣੀ ਮਾਤ੍ਰ ਵਾਸਤੇ ਨਿਸ਼ੇਧ ਹੈ। ਇਸ ਨਾਲ ਲੋਕ ਅਤੇ ਪ੍ਰਲੋਕ ਦੋਨੋ ਵਿਗੜਦੇ ਹਨ। ਧਨ, ਧਰਮ ਅਤੇ ਸ੍ਵਾਸਥ ਵਾਸਤੇ ਹਾਨੀਕਾਰਕ ਹੈ। ਇਸ ਦਾ ਪ੍ਰਯੋਗ ਅਤੇ ਉਪਜ ਨਹੀਂ ਕਰਨੀ।

**ਕੁਰਕਸ਼ੇਤ੍ਰ-ਥਨੇਸਰ:** ਪਹੁੰਚੇ ਇਸ ਸਮੇਂ ਸੂਰਜ ਗ੍ਰਹਿਣ ਦਾ ਮੇਲਾ ਲੱਗਾ ਹੋਇਆ ਸੀ। ਕੁਰਕਸ਼੍ਰੇਤਰ ਹਿੰਦੂ ਧਰਮ ਦਾ ਪ੍ਰਸਿਧ ਪਾਵਨ ਤੀਰਥ ਹੈ। ਇਥੇ ਹੀ ਕੈਰਵਾ ਪਾਂਡਵਾਂ ਦੇ ਮਹਾਂਭਾਰਤ ਦਾ ਯੁੱਧ ਹੋਇਆ ਸੀ। ਇਥੇ ਹੀ ਭਗਵਾਨ ਕ੍ਰਿਸ਼ਨ ਜੀ ਨੇ ਗੀਤਾ ਦਾ ਉਚਾਰਨ ਕੀਤਾ ਸੀ। ਸ਼ਿਵ ਜੀ ਦਾ ਸਥਾਨ ਹੋਣ ਕਰਕੇ 'ਸਥਾਣੇਸ਼੍ਵਰ' (ਥਾਨੇਸਰ) ਵੀ ਕੁਰਕਸ਼੍ਰੇਤਰ ਦੇ ਹੀ ਅੰਤਰਗਤ ਹੈ। ਸਤਿਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਹਰਿਰਾਏ ਜੀ ਵੀ ਆਪਣੇ ਪਾਵਨ ਚਰਨ ਪਾ ਚੁੱਕੇ ਹਨ। ਗੁਰੂ ਜੀ ਨੇ ਬ੍ਰਾਹਮਣਾਂ, ਸ਼ਰਮਣਾਂ, ਬੈਰਾਗੀਆਂ, ਸੰਨਿਆਸੀਆਂ ਅਤੇ ਯੋਗੀਆਂ ਨੂੰ 'ਸਤਿਨਾਮੁ' ਦਾ ਉਪਦੇਸ਼ ਦਿਤਾ। ਇਥੇ ਹੀ ਮਾਝੇ ਦੀ ਸੰਗਤ ਨੇ ਆਣ ਕੇ ਦਰਸ਼ਨ ਕੀਤੇ।

**ਬਨੀ ਬਦਰਪੁਰ:** ਥਾਨੇਸਰ (ਕੁਰਕਸ਼੍ਰੇਤ੍ਰ) ਤੋਂ ਬਨੀ ਬਦਰਪੁਰ ਪੁੱਜੇ। ਪਿੰਡ ਨਿਵਾਸੀ ਪਾਣੀ ਨ ਹੋਣ ਕਰਕੇ ਦੁਖੀ ਸਨ। ਗੁਰੂ ਜੀ ਨੇ ਪੈਸੇ ਦੇ ਕੇ ਭਾਈ ਅਨੋਖੇ ਨੂੰ ਖੂਹ ਲਾਉਣ ਦੀ ਆਗਿਆ ਕੀਤੀ।

ਅਗੇ ਜਮਨਾ ਨਦੀ ਤੋਂ ਪਾਰ ਕੜਾ ਮਾਣਕਪੁਰ ਪਹੁੰਚੇ। ਇਥੇ ਇਕ ਵ੍ਰਿਧ ਸੰਤ ਭਾਈ ਮਲੂਕ ਦਾਸ ਬਹੁਤ ਸਮੇਂ ਤੋਂ ਦਰਸ਼ਨਾਰਥ ਬੈਠਾ ਹੋਇਆ ਸੀ। ਇਸ ਨੂੰ ਸਿੱਖੀ ਨਾਮ ਦਾਨ ਬਖਸ਼ਿਆ।

**ਦਿੱਲੀ:** ਇਸ ਤਰ੍ਹਾਂ ਪਿੰਡਾਂ ਤੇ ਸ਼ਹਿਰਾਂ ਨੂੰ ਤਾਰਦੇ ਹੋਏ ਦਿੱਲੀ ਪਹੁੰਚੇ। ਅਨਨਯ ਸਿੱਖ ਮਿਰਜਾ ਜੈ ਸਿੰਘ ਦੇ ਬੰਗਲੇ ਠਹਿਰੇ। ਰਾਣੀ ਨੇ ਪ੍ਰਸੰਨਤਾ ਨਾਲ ਸ੍ਵਾਗਤ ਕੀਤਾ। ਦਰਸ਼ਨ ਕਰਕੇ ਪ੍ਰਸੰਨ ਹੋਈ। ਪੂਜਨੀਯ ਮਾਤਾਵਾਂ ਦੀ ਹੱਥੀਂ ਸੇਵਾ ਕਰਨ ਲੱਗੀ। ਇਸ ਸਮੇਂ ਰਾਜਾ ਜੈ ਸਿੰਘ ਅਤੇ ਉਸ ਦਾ ਪੁੱਤਰ ਰਾਜਾ ਰਾਮ ਸਿੰਘ ਮਹਾਰਾਣਾ ਸ਼ਿਵਾ ਜੀ ਵਿਰੁੱਧ ਦੱਖਣ ਵਿਚ ਲੜਨ ਵਾਸਤੇ ਗਏ ਹੋਏ ਸਨ। ਇਥੋਂ ਗੁਰੂ ਜੀ ਨੂੰ ਇਹ ਵੀ ਪਤਾ ਲੱਗਾ ਕਿ ਸ਼ਿਵਾ ਜੀ ਨੇ ਮੁਗਲਾਂ ਦੇ ਅਧੀਨ ਹੋਣਾ ਪਰਵਾਨ ਕਰ ਲਿਆ ਹੈ। ਸ਼ੀਘਰ ਹੀ ਦਿੱਲੀ ਦਰਬਾਰ ਵਿਚ ਹਾਜ਼ਿਰ ਹੋ ਰਿਹਾ ਹੈ। ਗੁਰੂ ਜੀ ਨੂੰ ਸੁਣ ਕੇ ਕਸ਼ੋਭ ਹੋਇਆ।

**ਮੁਰ ਪਿਤ ਪੂਰਬ ਕੀਯਸਿ ਪਯਾਨਾ:** ਦਿੱਲੀ ਵਿਚ ਗੁਰੂ ਜੀ ਕਾਫੀ ਸਮਾਂ ਠਹਿਰੇ, ਅਰਾਮ ਕੀਤਾ। ਪੂਰਬ ਦੀ ਯਾਤ੍ਰਾ ਵਾਸਤੇ ਲੋੜੀਂਦਾ ਸਮਾਨ ਇੱਕਠਾ ਕੀਤਾ। ਸ਼ਾਹੀ ਠੇਕੇਦਾਰ ਪ੍ਰਸਿਧ ਵਿਪਾਰੀ ਭਾਈ ਲੱਖੀ ਸ਼ਾਹ ਨੇ ਦਿਨ ਰਾਤ ਇਕ ਕਰਕੇ ਸੇਵਾ ਕੀਤੀ। ਲੱਖੀ ਸ਼ਾਹ ਦੀ ਧਰਮ ਪਤਨੀ ਪਾਰਾਂ ਦੇਵੀ ਤੇ ਅੱਠ ਪੁੱਤਰਾਂ (ਨਗਾਹੀਆਂ, ਹੇਮਾਂ, ਹੱਦੀ, ਸਿਤੂ, ਪੁੰਦਰਾ, ਬਖਸ਼ੀ, ਬਾਲਾ ਅਤੇ ਜਵਾਹਰ) ਨੇ ਉਤਸ਼ਾਹ ਤੇ ਸਤਿਕਾਰ ਨਾਲ ਦਿਨ ਰਾਤ ਸੇਵਾ ਵਿਚ ਹਿੱਸਾ ਲਿਆ।[58] ਸਰਬੱਤ ਸੰਗਤ ਨੂੰ ਨਾਮ ਦਾਨ ਸਿੱਖੀ ਸਿਦਕ ਬਖਸ਼ ਕੇ ਗੁਰੂ ਜੀ ਮਥਰਾ ਪਹੁੰਚੇ।

**ਪ੍ਰਯਾਗ ਰਾਜ:** ਮਥਰਾ ਤੋਂ ਵ੍ਰਿੰਦਾਵਨ ਦੀ ਯਾਤ੍ਰਾ ਕਰਕੇ ਆਗਰੇ ਪਹੁੰਚ ਕੇ, ਮਾਈ ਜੱਸੀ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਅਗੇ ਇਟਾਵਾ, ਕਾਨਪੁਰ, ਫਤਹਪੁਰ ਵਿਚ ਦੀ ਜਨਵਰੀ ੧੬੬੬ ਈ. ਨੂੰ ਪ੍ਰਯਾਗ ਰਾਜ (ਇਲਾਹਾਬਾਦ) ਪਹੁੰਚੇ। ਇਨ੍ਹਾਂ ਸਮੂਹ ਸਥਾਨਾਂ ’ਤੇ ਗੁਰੂ ਨਾਨਕ ਦੇਵ ਜੀ ਦੀਆਂ ਸਥਾਪਨ ਕੀਤੀਆਂ ਸੰਗਤਾਂ ਨੂੰ ਸੰਗਠਤ ਕੀਤਾ। ਪ੍ਰਯਾਗ ਹਿੰਦੂ ਧਰਮ ਦਾ ਪ੍ਰਸਿਧ ਤੀਰਥ ਹੈ। ਇਥੇ ਹੀ ਤ੍ਰਿਵੈਣੀ ਦਾ ਸੰਗਮ ਤੇ ਅਕਸ਼ਯ (ਅਖੈ) ਬਟ ਵਿਰਛ ਹੈ।[59] ਜਦੋਂ ਗੁਰੂ ਜੀ ਨੇ ਇਥੇ ਦਰਸ਼ਨ ਦਿਤੇ ਮੇਲਾ ਲੱਗਿਆ ਹੋਇਆ ਸੀ। ਤਰ੍ਹਾਂ-ਤਰ੍ਹਾਂ ਦੇ ਸਾਧੂ ਸੰਤ ਪੁੱਜੇ ਹੋਏ ਸਨ। ਗੁਰੂ ਜੀ ਨੇ ਮੇਲੇ ਵਾਸਤੇ ਲੰਗਰ ਖੋਲ੍ਹ ਦਿਤਾ ਅਤੇ ਭਿਖਸ਼ੂਆਂ ਨੂੰ ਤਰ੍ਹਾਂ ਤਰ੍ਹਾਂ ਦੇ ਦਾਨ ਦਿਤੇ। ਇਥੇ ਗੁਰੂ ਜੀ ਨੇ ਚਾਰ ਮਹੀਨੇ ‘ਅਹੀਆਪੁਰ’ ਮਹਲੇ ਵਿਖੇ ਰਹਾਇਸ਼[60] ਰੱਖਕੇ ਸ੍ਵਯੰ ਵੀ ਸਿਮਰਨ ਅਤੇ ਤਪਸਿਆ ਕੀਤੀ। ਇਸ ਯਾਤਰਾ ਬਾਰੇ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸ੍ਵਯੰ ਕਲਮ ਨਾਲ ਇਸ ਤਰ੍ਹਾਂ ਅੰਕਤ ਕੀਤਾ ਹੈ:

---

58 ਲੱਖੀ ਸ਼ਾਹ ਦੀ ਸਪੁਤਰੀ ਸੀਤੋ ਬਾਈ ਦੀ ਸ਼ਾਦੀ ਭਾਈ ਮਨੀ ਸਿੰਘ ਸ਼ਹੀਦ ਨਾਲ ਹੋਈ ਸੀ।

59 ਅਖੈ (ਅਕਸ਼ਯ) ਬਟ ਜਿਸ ਦਾ ਪ੍ਰਲੈ ਸਮੇਂ ਵੀ ਨਾਸ ਨਹੀਂ ਹੁੰਦਾ। ਇਸ ਉਤੇ ਵਿਸ਼ਨੂੰ ਬਾਲਕ ਰੂਪ ਧਾਰਕੇ ਪੈਰ ਦਾ ਅਗੂੰਠਾ ਚੁੰਘਦੇ ਹਨ। ਇਸ ਉਤੋਂ ਡਿਗ ਕੇ ਅਨੇਕਾਂ ਮੁਕਤ ਪਾਉਣੀ ਮੰਨਦੇ ਹਨ। ਇਹ ਜਹਾਂਗੀਰ ਨੇ ਕਟਵਾ ਦਿਤਾ ਸੀ ਪਰ ਪੰਡੇ ਪ੍ਰਯਾਗ ਦੇ ਕਿਲੇ ਵਿਚ ਨਕਲੀ ਬਟ ਵਖਾ ਕੇ ਭੇਟਾ ਲੈ ਰਹੇ ਹਨ। ਇਕ ‘ਅਖੈ ਬਟ’ ਗਯਾ ਵਿਚ ਵੀ ਹੈ।

60 ਇਹ ਗੁਰ ਸਥਾਨ ਨਿਰਮਲ ਪੰਚਾਇਤੀ ਅਖਾੜੇ ਦੇ ਪ੍ਰਬੰਧ ਹੇਠ ਹੈ। ਸੰਗੇਮਰਮਰ ਦੀ ਅਤਿਅੰਤ ਸੁੰਦਰ ਬਿਲਡਿੰਗ ਬਣੀ ਹੈ। ਅਨੰਤ ਸ੍ਰੀ ਵਿਭੂਸ਼ਤ ਪ੍ਰਮ ਪੂਜਯ ਪਾਦਯ ਪੰਡਿਤ ਸੁੱਚਾ ਸਿੰਘ ਜੀ ਮਹਾਰਾਜ ਸ੍ਰੀ ਮਹੰਤ ਨਿਰਮਲ ਪੰਚਾਇਤੀ ਅਖਾੜਾ ਕਨਖਲ (ਹਰਿਦ੍ਵਾਰ) ਦੇ ਆਦੇਸ਼ ਅਨੁਸਾਰ ਮੁਕਾਮੀ ਸ੍ਰੀ ਮਾਨ ਮਹੰਤ ਗਿਆਨੀ ਦੀਦਾਰ ਸਿੰਘ ਦੇ ਪ੍ਰੀਸ਼ਰਮ ਨਾਲ ਗੁਰ ਸਥਾਨ ਅਤੇ ਅਖਾੜੇ ਦੇ ਆਸ਼੍ਰਮ ਵਿਚ ਮਹਾਨ ਵ੍ਰਿਧੀ ਹੋ ਰਹੀ ਹੈ।

ਮੁਰ ਪਿਤ ਪੂਰਬ ਕੀਯਸਿ ਪਯਾਨਾ॥
ਭਾਂਤਿ ਭਾਂਤਿ ਕੇ ਤੀਰਥਿ ਨ੍ਹਾਨਾ॥
ਜਬ ਹੀ ਜਾਤ ਤ੍ਰਿਬੇਣੀ ਭਏ॥
ਪੁੰਨ ਦਾਨ ਦਿਨ ਕਰਤ ਬਿਤਏ॥ (ਪਾਤਸ਼ਾਹੀ ੧੦)

**ਮਿਰਜਾਪੁਰ:** ਅਗੇ ਮਿਰਜਾ ਪੁਰ ਪਹੁੰਚੇ। ਇਹ ਸਥਾਨ ਵੀ ਗੁਰਸਿੱਖੀ ਦਾ ਗੜ੍ਹ ਸੀ। ਇਥੇ ਦੇ ਉਤਸ਼ਾਹੀ ਸਿੱਖ ਹਰਿਕ੍ਰਿਸ਼ਨ ਚਤੁਰਭੁਜ, ਬਾਲ ਚੰਦ ਅਤੇ ਲਾਲੂ ਆਦਿਕ ਗੁਰਮਤਿ ਦਾ ਕਾਫੀ ਪ੍ਰਚਾਰ ਕਰ ਰਹੇ ਸਨ। ਇਨ੍ਹਾਂ ਨੇ ਬੜੇ ਉਤਸ਼ਾਹ ਨਾਲ ਸਤਿਗੁਰੂ ਜੀ ਦਾ ਸ੍ਵਾਗਤ ਕੀਤਾ। ਗੰਗਾ ਜੀ ਦੇ ਕਨਾਰੇ ਉੱਤੇ ਡੇਰਾ ਕਰਵਾਇਆ। ਇਥੇ ਕਈ ਦਿਨ ਰਹਿ ਕੇ ਸਦ ਉਪਦੇਸ਼ ਦਿਤਾ।[61]

**ਕਾਸੀਪੁਰੀ:** ਮਿਰਜਾਪੁਰ ਤੋਂ ਹਿੰਦੂ ਧਰਮ ’ਤੇ ਬੁੱਧ ਧਰਮ ਦੇ ਕੇਂਦਰ ਬਨਾਰਸ (ਕਾਸ਼ੀ) ਪੁੱਜੇ। ਇਥੇ ਦੇਸ ਦੀਆਂ ਸਮੂਹ ਸੰਪ੍ਰਦਾਵਾਂ (ਅਤੇ ਮੱਤਾਂ) ਦੇ ਮੱਠ ਹਨ। ਕਾਸ਼ੀ ਦਾ ਜਿਥੇ ਹਿੰਦੂਆਂ ਦੀਆਂ ਵਿਸ਼ੇਸ਼ ਪੁਰੀਆਂ ਵਿਚ ਸਥਾਨ ਹੈ ਉਥੇ ਬੁੱਧ ਧਰਮ ਦੇ ਚਾਰ ਮਹਾਂ ਤੀਰਥਾਂ ਵਿਚੋਂ ਵੀ ਇਕ ਹੈ। ਇਥੇ ਹੀ ਭਗਵਾਨ ਬੁੱਧ ਨੇ ਪਹਿਲੇ ਪੰਜ ਸ਼ਿਸ਼ਾਂ ਨੂੰ ਪਹਿਲਾ ਉਪਦੇਸ਼ ਦੇ ਕੇ ਬੁੱਧ ਧਰਮ ਦਾ ਆਰੰਭ ਕੀਤਾ ਸੀ। ਇਸ ਸਥਾਨ ਨੂੰ ਮਿਰਗਦਾਯ ਸਾਰ ਨਾਥ ਆਖਦੇ ਹਨ।

ਸਤਿਗੁਰੂ ਨਾਨਕ ਦੇਵ ਜੀ ਵੀ ਕਾਸ਼ੀ ਵਿਖੇ ਪੁੱਜੇ ਸਨ। ਹਜਾਰਾਂ ਨੂੰ ਸਤਿਨਾਮੁ ਦੇ ਧਾਰਨੀ ਬਣਾ ਚੁੱਕੇ ਸਨ। ਸਿਖ ਪੰਥ ਦੇ ਦਾਰਸ਼ਣਕ ਪੰਡਿਤ ਭਾਈ ਗੁਰਦਾਸ ਜੀ ਕਈ ਵਰਸ਼ ਇਥੇ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ ਸਨ। ਇਥੋਂ ਦੀ ਸੰਗਤ ਸੰਗਠਤ ਸੀ। ਇਥੋਂ ਦੇ ਪ੍ਰਸਿਧ ਗੁਰਸਿਖ ਭਾਈ ਜਵਾਹਰ ਮੱਲ, ਭਾਈ ਕਲਿਆਣ ਮੱਲ, ਭਾਈ ਕ੍ਰਿਪਾਲ ਚੰਦ ਆਦਿਕ ਨੇ ਸਤਿਗੁਰੂ ਜੀ ਦਾ ਪ੍ਰਸੰਨਤਾ ਪੂਰਬਕ ਸ੍ਵਾਗਤ ਕੀਤਾ। ਆਪ ਰੇਸ਼ਮ ਕਟੜੇ ਦੇ ਇੱਕ ਮਕਾਨ ਵਿਚ ਠਹਿਰੇ ਜਿਸ ਨੂੰ ‘ਸ਼ਬਦ ਦਾ ਕੋਠਾ’ ਕਹਿੰਦੇ ਹਨ। ਕਾਸ਼ੀ ਨਿਵਾਸੀ ਸੰਗਤ ਦਰਸ਼ਨ ਕਰਕੇ ਬੜੀ ਪ੍ਰਸੰਨ ਹੋਈ। ਸ਼ਰਧਾ ਸਤਿਕਾਰ ਤੇ ਉਤਸ਼ਾਹ ਨਾਲ ਸੇਵਾ ਕੀਤੀ। ਇਕ ਮਹੀਨਾ ਗੁਰੂ ਜੀ ਨੂੰ ਰੱਖਿਆ। (ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਰ ੭ ਮਹੀਨੇ ੧੩ ਦਿਨ ਰਹੇ।) ਸਤਿਸੰਗ ਗੁਰਬਾਣੀ ਕੀਰਤਨ ਦ੍ਵਾਰਾ ਆਤਮਿਕ ਅਨੰਦ ਪ੍ਰਾਪਤ ਕੀਤਾ।

ਭਾਈ ਜਵਾਹਰ ਮੱਲ ਜੀ ਗੰਗਾ ਇਸ਼ਨਾਨ ਕਰਨ ਦੇ ਨਿਤਨੇਮੀ ਸਨ। ਗੁਰੂ ਜੀ ਨੇ ਆਪਣੇ ਡੇਰੇ ਵਿਚ ਹੀ ਗੰਗਾ ਕੱਢ ਕੇ ਇਸ਼ਨਾਨ ਕਰਵਾਇਆ। ਇਹ ਗੰਗਾ ਜਲ ਦਾ ਨਿਰਮਲ ਸੋਮਾ ਅੱਜ ਕੱਲ੍ਹ ਗੁਰਦ੍ਵਾਰਾ ਹਾਲ ਵਿਚ ਵਿਦਮਾਨਯ ਹੈ। ਇਸ ਗੁਰਦ੍ਵਾਰੇ ਵਿਚ ਗੁਰੂ ਜੀ ਦਾ ਇਕ ਬਦਾਮੀ ਰੰਗ ਦਾ ਚੋਲਾ ਵੀ ਪਿਆ ਹੈ।

61 ਇਸ ਗੁਰ ਸਥਾਨ ਦੇ ਪ੍ਰਬੰਧਕ ਮਹੰਤ ਪੰਡਿਤ ਕਰਮ ਸਿੰਘ ਜੀ ‘ਕਰਮਵੀਰ’ ਨਿਰਮਲੇ ਵਿਦਵਾਨ ਮਹਾਂਪੁਰਸ਼ ਹਨ। ਗੁਰ ਸਥਾਨ ਸੁੰਦਰ ਬਣਿਆ ਹੋਇਆ ਹੈ।

ਜਿਸ ਦੇ ਸੰਗਤ ਦਰਸ਼ਨ ਕਰਦੀ ਹੈ। ਇਥੇ ਆ ਕੇ ਹੀ ਭਾਈ ਗੁਰਬਖਸ ਦੀ ਜੱਥੇਦਾਰੀ ਹੇਠ ਜੌਨਪੁਰ ਦੀ ਸੰਗਤ ਨੇ ਦਰਸ਼ਨ ਕੀਤੇ।[62]

ਕਾਸ਼ੀ ਜੀ ਵਿਚ ਗੁਰੂ ਜੀ ਦਾ ਇਕ ਘੋੜਾ ਬੀਮਾਰ ਹੋ ਗਿਆ ਸੀ। ਜਿਸ ਦਾ ਨਾਂਉ 'ਸ੍ਰੀਧਰ' ਸੀ। ਗੁਰੂ ਜੀ ਇਸ ਦੇ ਇਲਾਜ ਦਾ ਪ੍ਰਬੰਧ ਕਰਕੇ ਆਪ ਪਟਨੇ ਨੂੰ ਚਲੇ ਗਏ ਸਨ। ਪਟਨੇ ਤੋਂ ਸ੍ਰੀ ਜੀ ਨੇ ਇਹ ਹੁਕਮ ਨਾਮਾ ਲਿਖਕੇ ਸ੍ਰੀਧਰ ਦੇ ਸ੍ਵਾਸਥ ਬਾਰੇ ਪਤਾ ਮੰਗਾਇਆ ਸੀ।

**ਗੁਰੂ ਸਤਿ॥**

ਭਾਈ ਜਵੇਹਰੀ ਸਰਬੱਤਿ ਸੰਗਤਿ ਗੁਰੂ ਰਖੈਗਾ
ਸਿਰੀਧਰ ਕੀ ਸੰਗਤਿ ਸੇਵਾ ਕਰਣੀ ਅਲੂਫਾ
ਸਿਰੀ ਧਰ ਨੇ ਦੇਣਾ ਸਿਰੀਧਰ ਜਿਤ ਵੇਲਾ ਚੰਗਾ
ਹੋਵੇਗਾ ਤਾ ਪਟਣੇ ਪਹੁਚਾਇ ਦੇਣਾ
ਸੰਗਤਿ ਦਾ ਭਲਾ ਹੋਗੁ। (ਹੁਕਮਨਾਮੇ/੧੦-ਸੰਪਾਦਕ ਗੰਡਾ ਸਿੰਘ)

**ਬੁੱਧ ਗਯਾ**: ਵਾਰਾਣਸੀ ਤੋਂ ਸਸਰਾਮ ਦੀ ਸੰਗਤ (ਚਾਚਾ ਫਗੋ ਆਦਿਕ) ਨੂੰ ਦਰਸ਼ਨ ਦੇ ਕੇ ਗੁਰੂ ਜੀ ਬੁੱਧਗਯਾ ਪਹੁੰਚੇ। ਇਹ ਵੀ ਬੁੱਧ ਧਰਮ ਦੇ ਚਾਰ ਮਹਾਂ ਤੀਰਥਾਂ ਵਿਚੋਂ ਇਕ ਹੈ। ਇਥੇ ਭਗਵਾਨ ਬੁੱਧ ਨੂੰ ਬੁੱਧਤ੍ਵ (ਗਿਆਨ) ਪ੍ਰਾਪਤ ਹੋਇਆ ਸੀ। ਗੁਰੂ ਨਾਨਕ ਦੇਵ ਜੀ ਨੇ ਇਥੇ ਦਰਸ਼ਨ ਦਿਤੇ ਸਨ। ਗੁਰੂ-ਕਾਲ ਵਿਚ ਮੁੜ ਸ਼ੈਵ ਅਤੇ ਵੈਸ਼ਨਵਾਂ ਦਾ ਹੀ ਪ੍ਰਭਾਵ ਪੈ ਚੁੱਕਾ ਸੀ। ਇਥੇ ਬ੍ਰਾਹਮਣਾਂ ਨੂੰ ਸਦ-ਉਪਦੇਸ਼ ਦੇ ਕੇ ਸਤਿ ਦੇ ਧਾਰਨੀ ਬਣਾਇਆ। ਬ੍ਰਾਹਮਣਾਂ ਨੇ ਗੁਰੂ ਜੀ ਤੋਂ ਦਾਨ ਮੰਗਿਆ ਤਾਂ ਸਭ ਨੂੰ ਮਨ ਇੱਛਤ ਦਾਨ ਬਖਸ਼ਿਆ। ਮੁੜ ਬ੍ਰਾਹਮਣਾਂ ਨੇ ਹੁਕਮਨਾਮੇਂ ਦੀ ਮੰਗ ਕੀਤੀ। ਗੁਰੂ ਜੀ ਨੇ ਫਰਮਾਇਆ, "ਤੁਹਾਡੀ ਪਹਿਲੀ ਮੰਗ ਪੂਰੀ ਕਰ ਦਿਤੀ ਹੈ। ਹੁਕਮਨਾਮਾ ਕੇਵਲ ਸਿੱਖਾਂ ਨੂੰ ਵਰਗਲਾਉਣ ਵਾਸਤੇ ਮੰਗ ਰਹੇ ਹੋਂ। ਇਸ ਵਾਸਤੇ ਇਹ ਨਹੀਂ ਮਿਲ ਸਕਦਾ।"

**ਰਾਜਗ੍ਰਿਹ ਤੇ ਨਾਲੰਦਾ**: ਸਦ-ਉਪਦੇਸ਼ ਦਿੰਦੇ ਹੋਏ ਗੁਰੂ ਜੀ ਰਾਜ ਗ੍ਰਿਹ (ਰਾਜਗੀਰੀ) ਪਹੁੰਚੇ ਜੋ ਮਗਧ (ਮਘਧ) ਰਾਜ ਦੀ ਪ੍ਰਾਚੀਨ ਰਾਜਧਾਨੀ ਸੀ। ਇਥੇ ਭਗਵਾਨ ਬੁੱਧ ਨੇ ਕਈ ਵਾਰ ਦਰਸ਼ਨ ਦਿਤੇ ਸਨ ਅਤੇ ਇਕ ਵਾਰ ਚਤੁਰਮਾਸਾ ਕਟਿਆ ਸੀ । ਇਸ ਸਾਰੇ ਇਲਾਕੇ ਵਿਚ ਸਤਿਗੁਰੂ ਨਾਨਕ ਦੇਵ ਜੀ ਵੀ ਯਾਤਰਾ ਕਰ ਚੁੱਕੇ ਸਨ। ਸ੍ਰੀ ਗੁਰੂ ਜੀ ਨੇ ਇਥੇ ਸਤਿਨਾਮੁ ਦਾ ਉਪਦੇਸ਼ ਦੇ ਕੇ ਬੁੱਧ ਧਰਮ ਦੇ ਪੁਰਾਤਨ ਵਿਸ਼ਵ ਵਿਖਿਆਤ ਵਿਸ਼ਵ ਵਿਦਿਆਲਯ ਮਹਾਂ ਵਿਹਾਰ ਨਾਲੰਦਾ ਦੀ ਯਾਤਰਾ ਕੀਤੀ। ਇਹ ਵਿਦਿਆਪੀਠ ਗੁਰੂ ਜੀ ਵੇਲੇ ਖੰਡਰ ਦਾ ਢੇਰ ਬਣੀ ਹੋਈ ਸੀ। ਇਥੇ ਸਦ ਉਪਦੇਸ਼ ਦੇ ਕੇ ਕਰਮ ਨਾਸਾ ਨਦੀ 'ਤੇ ਪੁੱਜੇ। ਨਦੀ ਵਿਚ ਇਸ਼ਨਾਨ

---

62 ਕਾਸ਼ੀ ਵਿਚ ਸਿੱਖਾਂ ਦੇ ਕਈ ਇਤਿਹਾਸਕ ਸਥਾਨ ਹਨ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਗੁਰਦ੍ਵਾਰੇ। ਭਾਈ ਗੁਰਦਾਸ ਜੀ ਦੇ 'ਚੇਤਨ ਮਠ' ਤੋਂ ਬਿਨ੍ਹਾਂ ਵਰਤਮਾਨ ਸਮੇਂ ਵਿਚ 'ਨਿਰਮਲ ਸੰਸਕ੍ਰਿਤ ਵਿਦਿਆਲਯ ਸੰਗਤ ਲਾਹੌਰੀ ਟੋਲਾ ਦੇ ਅਧਿਸ਼ਟਾਤਾ ਵੇਦਾਂਤ ਸ੍ਰੋਮਣੀ ਪੰਡਿਤ ਗੁਰਦੀਪ ਸਿੰਘ ਜੀ ਵੇਦਾਂਤ ਕੇਸਰੀ ਗੁਰਮਤਿ ਦਾ ਮਹਾਨ ਪ੍ਰਚਾਰ ਕਰ ਰਹੇ ਹਨ। ਵਾਰਾਣਸੀ ਵਿਚ ਖਾਲਸੇ ਦਾ ਪੂਰਨ ਪ੍ਰਭਾਵ ਹੈ।

ਕਰਕੇ ਇਹ ਭ੍ਰਾਂਤੀ ਨਵਿਰਤ ਕੀਤੀ ਕਿ ਕਰਮ ਨਾਸ ਨਦੀ 'ਚ ਇਸ਼ਨਾਨ ਕਰਨ ਵਾਲਿਆਂ ਦੇ ਸੁਭ ਕਰਮ ਸਮਾਪਤ ਹੋ ਜਾਂਦੇ ਹਨ।[63]

ਚਲਤਿ ਚਲਤਿ ਕ੍ਰਮ ਨਾਸਾ ਸਲਿਤਾ।

ਤਹਾਂ ਆਇ ਹੇਕਯੋ ਜਲ ਚਲਤਾ। (ਸੂਰਜ ਪ੍ਰਕਾਸ਼ ਰਾਸ ੧੧ਵੀਂ ਅੰਸੂ ੫੫)

**ਪਟਣਾ ਗੁਰੂ ਕਾ ਘਰ ਹੈ**: 'ਪਟਣਾ ਗੁਰੂ ਕਾ ਘਰੁ ਹੈ' ਇਹ ਵਾਕ ਸਤਿਗੁਰੂ ਤੇਗ ਬਹਾਦਰ ਜੀ ਨੇ ਹੁਕਮ ਨਾਮਿਆਂ ਵਿਚ ਵਾਰ-ਵਾਰ ਦੁਹਰਾਇਆ ਹੈ। ਇਥੋਂ ਗੁਰੂ ਪੰਥ ਵਿਚ ਪਟਨੇ ਦੇ ਵਡੱਪਣ ਤੇ ਗੌਰਵ ਦਾ ਪਤਾ ਲੱਗਦਾ ਹੈ। ਗੰਗਾ ਅਤੇ ਸੋਨ ਦੇ ਸੰਗਤ ਉੱਤੇ ਵਸਿਆ ਹੋਇਆ ਪਟਨਾ ਜਿਸ ਦਾ ਪੁਰਾਤਨ ਨਾਂਉ ਪਾਟਲੀਪੁਤ੍ਰ ਸੀ। ਪਟਨੇ ਦਾ ਭਾਰਤ ਦੇ ਇਤਿਹਾਸ ਉੱਤੇ ਗੌਰਵਸ਼ਾਲੀ ਪ੍ਰਭਾਵ ਰਿਹਾ ਹੈ। ਕਹਿੰਦੇ ਹਨ ਇਸ ਨਗਰ ਦਾ ਸ਼ਿਲਾ-ਨਿਆਸ ਰੱਖਣ ਸਮੇਂ ਭਗਵਾਨ ਬੁੱਧ ਵੀ ਉਪਸਥਿਤ ਸਨ। ਇਹ ਨੰਦ ਬੰਸ, ਸਮਰਾਟ ਚੰਦ੍ਰ ਗੁਪਤ ਅਤੇ ਅਸ਼ੋਕ ਵਰਗੇ ਸ਼ਕਤੀਸ਼ਾਲੀ ਸ਼ਾਸਕਾਂ ਦੀ ਰਾਜਧਾਨੀ ਰਹਿ ਚੁੱਕਾ ਹੈ। ਇਸ ਨਗਰ ਵਿਚ ਸਤਿਗੁਰੂ ਨਾਨਕ ਦੇਵ ਜੀ ਕਾਫੀ ਸਮਾਂ ਠਹਿਰੇ ਸਨ ਅਤੇ ਸੰਗਤ ਦੀ ਸਥਾਪਨਾ ਕੀਤੀ ਸੀ।

ਗੁਰੂ ਨੌਂਵੇਂ ਪਾਤਸ਼ਾਹ ਦੇ ਸਮੇਂ ਭਾਈ ਦਿਆਲ, ਭਾਈ ਰਾਮ ਰਾਏ, ਭਾਈ ਦਰਬਾਰੀ, ਭਾਈ ਮਿਹਰ ਚੰਦ, ਭਾਈ ਸੋਭਾ ਚੰਦ ਆਦਿਕ ਪਟਨੇ ਦੀ ਸੰਗਤ ਵਿਚ ਸੈਂਕੜੇ ਗੁਰਸਿੱਖ ਸਨ। ਪਟਨੇ ਪੁੱਜਣ ਸਮੇਂ ਸੰਗਤ ਨੇ ਗੁਰੂ ਜੀ ਦਾ ਉਤਸ਼ਾਹ ਅਤੇ ਸਤਿਕਾਰ ਨਾਲ ਸੁਆਗਤ ਕੀਤਾ। ਪਹਿਲੇ ਦਿਨ ਭਾਈ ਜੈਤਾ ਜੀ ਦੇ ਘਰ ਨਿਵਾਸ ਕੀਤਾ। ਮੁੜ ਸੰਗਤ ਨੇ ਸੁੰਦਰ ਪੱਕੀ ਹਵੇਲੀ ਦਾ ਪ੍ਰਬੰਧ ਕਰ ਦਿਤਾ।

ਪਟਨੇ ਗੁਰੂ ਜੀ ਚਾਰ ਮਹੀਨੇ ਰਹੇ। ਇਲਾਕੇ ਦੀ ਸੰਗਤ ਦਰਸ਼ਨ ਲਈ ਪੁਜਦੀ ਰਹੀ। ਇਸ ਸਮੇਂ ਢਾਕੇ ਦੀ ਸੰਗਤ ਨੇ ਪ੍ਰਾਰਥਨਾ ਕਰ ਭੇਜੀ ਕਿ ਗੁਰੂ ਜੀ ਦਰਸ਼ਨ ਦੇ ਕੇ ਨਿਹਾਲ ਕਰਨ। ਭਾਈ ਬੁਲਾਕੀ ਦਾਸ ਤੇ ਕਈ ਗੁਰਸਿਖਾਂ ਦੇ ਸੰਦੇਸ਼ ਆਏ। ਗੁਰੂ ਜੀ ਢਾਕਾ ਨਿਵਾਸੀ ਸੰਗਤ ਦੇ ਪ੍ਰੇਮ ਨੂੰ ਟਾਲ ਨ ਸਕੇ ਤੇ ਢਾਕੇ ਜਾਣ ਦੀ ਤਿਆਰੀ ਕਰ ਦਿੱਤੀ। ਪਟਨਾ ਨਿਵਾਸੀ ਸੰਗਤ ਨੂੰ ਜਥਾ ਜੋਗ ਜਿੰਮੇਦਾਰੀ ਦੇ ਕੇ ਪਰਵਾਰ ਦੀ ਦੇਖ ਭਾਲ ਦੀ ਸੇਵਾ ਭਾਈ ਦਿਆਲ ਜੀ ਨੂੰ ਸੌਂਪੀ ਭਾਈ ਮਿਹਰ ਦਾਸ, ਭਾਈ ਚੈਨਸੁਖ ਆਦਿਕ ਪਟਨਾ ਨਿਵਾਸੀ ਸੰਗਤ ਨੇ ਹਰ ਤਰ੍ਹਾਂ ਦੀ ਸੇਵਾ ਕਰਨ ਦਾ ਵਿਸ਼੍ਵਾਸ ਦਿਤਾ।

---

63 ਪੁਰਾਣਾਂ ਅਨੁਸਾਰ ਇਹ ਨਦੀ ਤ੍ਰਿਸ਼ੰਕੂ ਦੀਆਂ ਲਾਲਾਂ ਤੋਂ ਬਣੀ ਹੈ ਅਤੇ ਦੂਸਰੇ ਮਤਿ ਅਨੁਸਾਰ ਰਾਵਣ ਦੇ ਮੂਤਰ ਤੋਂ। ਵਾਸਤਵ ਵਿਚ ਮਘਧ ਦਾ ਸਾਰਾ ਪ੍ਰਾਂਤ ਬੋਧੀ ਹੋਣ ਕਰਕੇ ਇਸ ਧਰਤੀ ਨੂੰ ਹਿੰਦੂਆਂ ਨੇ ਅਪਵਿਤ੍ਰ ਤੇ ਰਹਿਣ ਵਾਲਿਆਂ ਨੂੰ ਨਰਕ ਗਾਮੀ ਲਿਖਿਆ ਹੈ। ਇਥੋਂ ਦੀਆਂ ਨਦੀਆਂ ਵੀ ਅਪਵਿਤ੍ਰ ਮੰਨੀਆਂ। ਮਘਧ (ਮਗਹਰ) ਸੀਮਾਂ ਤੇ ਕਾਸ਼ੀ ਨੂੰ ਕੇਂਦ੍ਰ ਬਣਾ ਕੇ ਮੁਕਤਿ-ਦਾਇਣੀ ਪ੍ਰਚਾਰਿਆਂ। ਕਬੀਰ ਜੀ ਨੇ ਮਘਧ ਵਿਚ ਸਰੀਰ ਤਿਆਗ ਕੇ ਇਸ ਭ੍ਰਾਂਤੀ ਨੂੰ ਕ੍ਰਿਆਤਮਿਕ ਰੂਪ ਵਿਚ ਦੂਰ ਕੀਤਾ। ਬਾਣੀ ਵਿਚ ਲਿਖਿਆ ਹੈ 'ਕਾਸੀ ਮਗਹਰ ਸਮ ਬੀਚਾਰੀ॥' ਤਥਾ 'ਕਬੀਰ ਕਿਆ ਕਾਸੀ ਕਿਆ ਊਪਰ ਮਗਹਰ ਹਮ ਏਕੈ ਕਰ ਜਾਨੀ' ਮਘਧ ਵਿਚ ਬੁਧ ਮੱਤ ਦੇ ਇਨੇ ਵਿਹਾਰ (ਮੰਦਰ-ਮੱਠ) ਸਨ ਕਿ ਲੋਕ ਇਸ ਪ੍ਰਾਂਤ ਨੂੰ 'ਬਿਹਾਰ' ਹੀ ਕਹਿਣ ਲਗੇ।

ਗੁਰੂ ਜੀ ਨੇ ਯਾਤ੍ਰਾ ਆਰੰਭ ਕਰ ਦਿਤੀ। ਇਕ ਮਹੀਨੇ ਵਾਸਤੇ ਮੁੰਘੇਰ ਠਹਿਰੇ। ਇਥੋਂ ਗੁਰੂ ਜੀ ਨੇ ਭਾਈ ਦਿਆਲ ਦਾਸ ਤੋਂ ਪਟਨੇ ਹੁਕਮਨਾਮਾ ਭੇਜ ਕੇ ਚਾਲੀ ਦਸਤਾਰੇ, ਚਾਲੀ ਸਿਰੋਪਾਓ, ਕੁਝ ਤੰਬੂ ਤਮੋਟੀਆਂ ਵੀ ਮੰਗਵਾਈਆਂ। ਇਹ ਵਸਤਾਂ ਮੰਗਾਉਣ ਵਾਲੇ ਹੁਕਮਨਾਮੇਂ ਦੀ ਨਕਲ ਇਸ ਤਰ੍ਹਾਂ ਹੈ।

ੴ ਗੁਰੂ ਸਤਿ

ਭਾਈ ਦਿਆਲ ਦਾਸੁ, ਭਾਈ ਰਾਮ ਰਾਇ ਭਾਈ ਦਰਬਾਰੀ, ਭਾਈ ਚੈਨਸੁਖੁ ਭਾਈ ਮਿਹਰ ਚੰਦ ਸੋਭਾ ਚੰਦ ਭਾਈ ਜੈਠ ਮਲ ਭਾਈ ਡੇਡ ਮਲ ਭਾਈ ਨੰਦ ਕੁਆਰ ਭਾਈ ਪ੍ਰਹਲਾਦ ਦਾਸ ਭਾਈ ਬੰਸੀ ਭਾਈ ਮੁਰਲੀ ਭਾਈ ਪਰੀਤਮ ਦਾਸ ਭਾਈ ਰਾਘੋ ਦਾਸ ਪਾਈ ਮੋਹਨ ਦਾਸ ਬੇਬੇ ਪੇੜੀ ਬਾਈ ਸਰਬਤਿ ਸੰਗਤਿ ਸਿਖਾਂ ਕੈ ਮਨੋਰਥ ਗੁਰੂ ਪੂਰੈਗਾ ਭਾਈ ਜੀ ਅਸਾਂ ਮੁਗੇਰ ਛਾਵਣੀ ਕੀਤੀ ਹੈ ਸੰਗਤਿ ਕੀ ਸੇਵਾ ਕੀ ਵੇਲਾ ਹੈ ਭਾਈ ਜੀ ਪਰੇ ਕੇ ਜੁ ਤੁਮਾਰੇ ਸੂਬੇ ਕੈ ਮਸੰਦ ਹਨਿ ਸਰਬਤਿ ਸੰਗਤਿ ਪਰੇ ਕੀ ਲੈ ਕੇ ਦਰਸਨਿ ਆਵਣਾ ਜੋ ਸਿਖ ਆਵੈਗਾ ਤਿਸ ਕਾ ਰੁਜਗਾਰ ਹੋਗ ਸੰਗਤਿ ਕੀ ਸੇਵਾ ਕੀ ਵੇਲਾ ਹੈ ਭਾਈ ਦਿਆਲ ਦਾਸੁ ਕਹੈ ਸੰਗਤਿ ਗੁਰੂ ਕਾ ਹੁਕਮ ਕਰਿ ਮੰਨਣਾ ਸੰਗਤਿ ਕਾ ਗੁਰੂ ਰੁਜਗਾਰ ਕਰੇਗਾ ਅਉਰ ਭਾਈ ਜੀ ਸਹਜਾਦਪੁਰ ਕੋ ਡੇਰੇ ਕੇ ਖੇਮੇ ਕੇ ਵਾਸਤੇ ਲਿਖਿਆ ਚਾਹਤੇ ਹਹਿ ਜਿਉ ਤੁਮ ਕਹਿ ਭੇਜਹੁ ਤਿਉ ਹਮ ਹੁਕਮ ਨਾਵਾ ਸੰਗਤਿ ਕੋ ਲਿਖਹ ਦੋ ਕੋੜੀਆਂ ਪਗਾਂ ਬਿਹਾਰ ਕੀ ਭੇਜਣੀ ਏਕ ਕੋੜੀ ਪਗਾਂ ਕੀ ਚਾਲੀਸ ਰੁਪਯੇ ਕੀ ਭੇਜਣੀ ਸੰਗਤਿ ਕਾ ਰੁਜਗਾਰ ਹੋਗਾ। (ਹੁਕਮਨਾਮੇ/੧੦-ਸੰਪਾਦਕ ਗੰਡਾ ਸਿੰਘ)

**ਮਮ ਸਿੱਖੀ ਕੋ ਕੋਠਾ ਢਾਕਾ**: ਮੁੰਘਰੇ ਤੋਂ ਗੁਰੂ ਜੀ ਭਾਗਲ ਪੁਰ, ਕੋਲ ਮਾਂਗ, ਸਾਹਿਬ ਗੰਜ, ਕਾਂਤ ਨਗਰ, ਹੁੰਦੇ ਹੋਏ ਰਾਜ ਮਹਿਲ ਵਿਚ ਦੀ ਮਾਲਦਾ ਪਹੁੰਚੇ। ਇਥੇ ਕਈ ਦਿਨ ਸੂਫੀ ਸਾਧੂਆਂ ਨਾਲ ਵੀਚਾਰ ਕਰਕੇ, ਨਾਮ ਦਾਨ ਦ੍ਰਿੜ੍ਹਾਕੇ ਗੋਂਦਾਗਿਰੀ, ਗੋਪਾਲਪੁਰ ਅਤੇ ਪਟਨਾ ਵਿਚ ਦੀ ਢਾਕੇ ਦੀ ਸੰਗਤ ਨੂੰ ਜਾ ਦਰਸ਼ਨ ਦਿਤੇ।

ਇਮ ਕੇਤਿਕ ਦਿਨ ਮਹਿਂ ਗੁਸਾਈਂ।
ਢਾਕੇ ਪਹੁਚੇ ਦਲ ਸਮੁਦਾਈ (ਸੂਰਜ ਪ੍ਰਕਾਸ਼ ਰਾਸ ੧੨ਵੀਂ ਅੰਸੂ ੪)

ਢਾਕਾ ਸਿੱਖ ਪੰਥ ਦਾ ਕੇਂਦਰ ਸੀ। ਢਾਕੇ ਵਿਚ ਸਤਿਗੁਰੂ ਨਾਨਕ ਦੇਵ ਜੀ ਵੀ ਚਰਨ ਪਾ ਚੁੱਕੇ ਸਨ। ਗੁਰਦੁਆਰੇ ਵਿਚ ਗੁਰੂ ਨਾਨਕ ਦੇਵ ਜੀ ਦਾ ਖੂਹ ਪ੍ਰਸਿਧ ਹੈ। ਬੰਗਾਲੀ ਇਸ ਖੂਹ ਦੇ ਪਾਣੀ ਨੂੰ ਸ਼ਰਧਾ ਨਾਲ ਗੰਗਾ ਜਲ ਦੀ ਤਰ੍ਹਾਂ ਵਰਤਦੇ ਹਨ। ਇਥੇ ਸਿੱਖੀ ਦੀਆਂ ਦੋ ਸੰਗਤਾਂ ਸਥਾਪਨ ਸਨ। ਇਕ ਉਦਾਸੀ ਸੰਤ ਭਾਈ ਅਲਮਸਤ ਜੀ ਨੇ ਸਥਾਪਨ ਕੀਤੀ ਸੀ। ਨੌਵੇਂ ਪਾਤਸ਼ਾਹ ਦੇ ਸਮੇਂ ਇਸ ਸੰਗਤ ਦੇ ਮੁਖੀ ਭਾਈ ਨਥਾ ਜੀ ਸਨ।[64]

---

64 ਭਾਈ ਨੱਥਾ, ਭਾਈ ਅਲਮਸਤ ਦਾ ਛੋਟਾ ਸ਼ਿਸ਼ ਸੀ। ਢਾਕੇ ਵਿਚ ਇਸ ਨੇ ਗੁਰਮਤਿ ਪ੍ਰਚਾਰ ਦੀ ਮਹਾਨ ਸੇਵਾ ਕੀਤੀ। ਹਰ ਸਾਲ ਸਤਿਗੁਰਾਂ ਵਾਸਤੇ ਢਾਕੇ ਦੀ ਮਲਮਲ ਭੇਜਿਆ ਕਰਦਾ ਸੀ। ਇਸਦਾ ਬਣਾਇਆ ਮਾਤ੍ਰਾ ਉਦਾਸੀ ਸੰਤਾਂ ਵਿਚ ਪ੍ਰਸਿਧ ਹੈ 'ਸਤਿਗੁਰ ਜੀ ਜਬ ਆਗਿਆ ਦੀਨਾ। ਢਾਕਾ ਦੇਸ ਰਵਾਨਾ ਕੀਨਾ। ਨਿਸ ਦਿਨ ਰਹੋਂ ਨਾਮ ਲਿਵ ਲਾਈ। ਨਵਮ ਗੁਰੂ ਕੇ ਦਰਸ਼ਨ ਪਾਈ। (ਮਹਾਨ ਕੋਸ਼ ਪੰਨਾ ੫੧੦ ਕਾਲਮ ੧).

ਦੂਸਰੀ ਸੰਗਤ ਦੇ ਮੁਖੀਏ (ਮਸੰਦ) ਭਾਈ ਬਲਾਕੀ ਦਾਸ ਜੀ ਸਨ। ਭਾਈ ਬਲਾਕੀ ਦਾਸ ਜੀ ਦੀ ਮਾਤਾ ਅਤਿਅੰਤ ਸ਼ਰਧਾ ਭਾਵਨਾ ਵਾਲੀ ਸੀ। ਇਸ ਮਾਈ ਨੇ ਗਵਰਨਰ ਸਿਆਸਤਾ ਖਾਨ ਦੇ ਸ਼ਾਹੀ ਚਿਤ੍ਰਕਾਰ ਨੂੰ ਬੁਲਵਾਕੇ ਗੁਰੂ ਜੀ ਦੀ ਤਸਵੀਰ ਵੀ ਤਿਆਰ ਕਰਵਾਈ ਸੀ। ਜੋ ਅੱਜ ਕੱਲ੍ਹ ਢਾਕੇ ਦੇ ਗੁਰੂਦੁਆਰੇ ਵਿਚ ਵਿਦਮਾਨਯ ਹੈ। ਪਤਾ ਲਗਣ ਤੇ ਢਾਕੇ ਵਿਚ ਹੀ ਸਿਲਹਟ, ਸੋਨਦੀਪ, ਚਿਟਾਗਾਂਗ, ਦੀਆਂ ਸੰਗਤਾਂ ਦਰਸ਼ਨ ਕਰਨ ਆਈਆਂ ਅਤੇ ਆਪਣੇ-ਆਪਣੇ ਸ਼ਹਿਰਾਂ/ਪਿੰਡਾਂ ਵਿੱਚ ਚਰਨ ਪਾਉਣ ਦੀ ਪਰਵਾਨਗੀ ਲੈ ਗਈਆਂ।

ਇਥੇ ਸਤਿਗੁਰੂ ਜੀ ਨੂੰ ਪ੍ਰਸੰਨਤਾ ਭਰੀ ਖਬਰ ਮਿਲੀ ਕਿ ਮਾਤਾ ਗੁਜਰੀ ਜੀ ਦੀ ਪਾਵਨ ਕੁੱਖ ਤੋਂ ਤੇਜਸ੍ਵੀ ਸਾਹਿਬਜ਼ਾਦੇ ਨੇ ਅਵਤਾਰ ਲਿਆ ਹੈ। ਗੁਰੂ ਜੀ ਨੇ ਬਾਲਕ ਦਾ ਨਾਮ "ਗੋਬਿੰਦ" ਰੱਖਿਆ। ਜਵਾਬ ਵਿਚ ਪਟਨੇ ਦੀ ਸੰਗਤ ਨੂੰ ਹੇਠ ਲਿਖਿਆ ਹੁਕਮਨਾਮਾ ਭੇਜਿਆ। ਜਿਸ ਵਿਚ ਸਾਰੇ ਪਰਵਾਰ ਤੇ ਬਾਲਕ ਗੋਬਿੰਦ ਬਾਰੇ ਸੁਖ ਸੁਵਿਧਾ ਦੀ ਆਗਿਆ ਕੀਤੀ। ਸਾਹਿਬਜ਼ਾਦੇ ਦੇ ਪ੍ਰਗਟ ਹੋਣ ਦੀ ਪ੍ਰਸੰਨਤਾ ਵਿਚ ਪਟਨਾ ਨਿਵਾਸੀ ਸੰਗਤ ਨੇ ਜਾਚਕਾਂ ਨੂੰ ਦਾਨ ਦਿਤੇ। ਬਾਣੀ ਦੇ ਪਾਠ ਕੀਰਤਨ ਤੇ ਖੁਸ਼ੀਆਂ ਮੰਨਾਈਆਂ ਇਸ ਦਾ ਵੀ ਗੁਰੂ ਜੀ ਨੇ ਧੰਨਵਾਦ ਲਿਖ ਭੇਜਿਆ।

ਗੁਰੂ ਸਤਿ

ਭਾਈ ਦਿਆਲਦਾਸ ਭਾਈ ਰਾਮਰਾਇ ਭਾਈ ਦਰਬਾਰੀ ਭਾਈ ਚੈਨਸੁਖ ਭਾਈ ਮਿਹਰ ਚੰਦੁ ਭਾਈ ਸੁਭਾ ਚੰਦੁ ਭਾਈ ਜੇਠ ਮਲੁ ਭਾਈ ਡੇਡ ਮਲੁ ਭਾਈ ਨੰਦ ਕੁਆਰ, ਭਾਈ ਦੀਨ ਦਿਆਲ ਭਾਈ ਮਿਹਰ ਚੰਦੁ ... ਨਾਥ ਭਾਈ ਹੀਰਾਨੰਦੁ ਭਾਈ ਰਾਘੋਦਾਸ ਭਾਈ ਪਹਲਾਦ ਦਾਸੁ ਭਾਈ ਬੰਸੀ ਭਾਈ ਮੁਰਲੀਧਰ...ਮੋਹਨ ਦਾਸੁ ਭਾਈ ਨੈਨ ਸੁਖ ਭਾਈ ਹਰਕੇਸੁ ਭਾਈ ਛਬੀਲ ਦਾਸ ਭਾਈ ਭਗਵਾਨ ਦਾਸੁ ਭਾਈ ਸਦਾਨੰਦ ਭਾਈ ਘਨਿਸਿਆਮੁ ਭਾਈ ਕਵਲ ਨੈਨ ਭਾਈ ਰਾਮ ਰਾਇ ਭਾਈ ਮੁਰਲੀ ਧਰ ਭਾਈ...ਭਾਈ ਸਿੰਘਾ। ਭਾਈ ਸੰਗਤਿ ਦਾਸ ਭਾਈ ਬੈਜ ਨਾਥ ਭਾਈ ਸੁਖਦੇਉ ਭਾਈ ਝਬਰ ਸਿੰਘ ਭਾਈ ਜਗਮੰਨ ਭਾਈ ਛਬੀਲ ਦਾਸੁ ਭਾਈ ਰੂਪਨ ਭਾਈ ਲਾਲ ਮਨ ਭਾਈ ਅਨੰਤਦਾਸ ਭਾਈ ਸੁਫੇਰ ਚੰਦ ਭਾਈ ਨੈਨਸੁਖ ਗੁਲਾਲ ਚੰਦ ਬਾਲ ਗੋਬਿੰਦੁ ਭਾਈ ਭਗਤਾ ਬਿੰਦਰਾਬਨੁ ਪਾਲਾ ਫੇਰੂ ਬੰਸੀਧਰ ਸੁਖ ਦੇਉ ਮਾਛੀ ਸੂਜਾ ਰਾਮ ਚੈਨ ਸੁਖ ਹੀਰਾ ਨੰਦ ਪਰਸਰਾਮ ਮਿਤਰ ਸੈਣ ਗਜਮਲ ਜਗਦੇਉ ਦਲਪਤ ਦਾਸੁ ਭਾਈ ਮਲੂਕ ਦਾਸੀਆ ਚੇਤਨੁ ਲਛੂਆ ਰਘੁਨਾਥ ਫਤਹ-ਚੰਦ ਬੇਬੇ ਪੇੜੀ ਬਾਈ ਦੀਨਾਨਾਥ ਪਰਾਨਨਾਥ...ਸਰਬਤਿ ਸੰਗਤ ਪਟਣੇ ਕੀ ਜਿਨਿ ਸਿਖਾ ਵਾਹਗੁਰੂ ਕੀਆ ਹੈ ਤਿਸ ਕੇ ਮਨੋਰਥ ਪੂਰੇ ਹੋਵਹਿਗੇ ਗੋਬਿੰਦ ਦਾਸ ਕੀ ਬਧਾਈ ਉਪਰਿ ਸੰਗਤ ਖਰਚ ਕੀਆ ਗੁਰੂ ਕੀਆ ਦਰਗਾਹ ਥਾਇ ਪਯਾ ਰੁਪਯੇ ਕੀ ਮੁਹਰ ਥਾਇ ਪੜੀ ਪੀਛੇ ਸੇਵਾ ਕੀਤੀ ਸੋ ਥਾਇ ਪਈ ਅਗੇਜੁ ਸੇਵਾ ਕਰੇਗਾ ਤਿਸ ਕਾ ਭਲਾ ਹੋਗੁ ਸੰਗਤ ਕੇ ਰੁਜਗਾਰ ਮੋ ਬਰਕਤਿ ਹੋਗੁ ਭਾਈ ਜੀ ਸਰਪਾਉ ਭੇਜਿਆ ਹੈ ਪਟਣਾ ਗੁਰੂ ਕਾ ਘਰ ਹੈ ਸੰਗਤਿ ਕਾ ਭਲਾ ਹੋਗੁ। (ਹੁਕਮਨਾਮੇ/੧੦-ਸੰਪਾਦਕ ਗੰਡਾ ਸਿੰਘ)

ਢਾਕੇ ਤੋਂ ਗੁਰੂ ਜੀ ਨੇ ਸਿਲਹਿਟ, ਚਿਟਾਗਾਂਗ, ਦੀ ਬੇਨਤੀ ਅਨੁਸਾਰ ਯਾਤ੍ਰਾ ਆਰੰਭ ਕੀਤੀ। ਭਾਈ ਮਤੀ ਦਾਸ ਜੀ ਨਾਲ ਸਨ। ਭਾਵੇਂ ਰਸਤਾ ਵਿਖੜਾ ਸੀ ਫਿਰ ਵੀ ਗੁਰੂ ਜੀ ਸਿਲਹਿਟ ਪਹੁੰਚੇ, ਇਥੇ ਗੁਰੂ

ਨਾਨਕ ਦੇਵ ਜੀ ਆਏ ਸਨ। ਅਗੇ ਅਗਰਤਲਾ ਤ੍ਰਿਪੁਰਾ ਵਿਚ ਦੀ ਚਿਟਾਂਗਾਂਗ ਦਰਸ਼ਨ ਦੇ ਕੇ, ਸੋਨਦੀਪ ਦੀਆਂ ਸੰਗਤਾਂ ਨੂੰ ਸਤਿਨਾਮੁ ਦਾ ਉਪਦੇਸ਼ ਦੇ ਕੇ ਸੰਗਠਤ ਕੀਤਾ। ਮੁੜ ਨੁਆਖਲੀ ਤੇ ਚਾਂਦ ਪੁਰ ਵਿਚ ਦੀ ਗੁਰੂ ਜੀ ਵਾਪਸ ੧੬੬੮ ਵਿਚ ਢਾਕੇ ਪਹੁੰਚ ਗਏ।

**ਅਸਾਮ ਦਾ ਪ੍ਰਚਾਰ ਦੌਰਾ**: ਢਾਕੇ ਵਿਚ ਹੀ ਰਾਜਾ ਰਾਮ ਸਿੰਘ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜਰ ਹੋਇਆ। ਤਰ੍ਹਾਂ ਤਰ੍ਹਾਂ ਦੀ ਭੇਟਾ ਸਮਰਪਣ ਕਰਕੇ ਪ੍ਰਾਰਥਨਾ ਕੀਤੀ ਕਿ ਅਸਾਮ ਦੇ ਦੌਰੇ ਤੇ ਚਲੋ। ਰਾਜਾ ਰਾਮ ਸਿੰਘ ਨੂੰ ਔਰੰਗਜੇਬ ਨੇ ਅਸਾਮ ਦੀ ਫਤਹ ਵਾਸਤੇ ਭੇਜਿਆ ਸੀ ਕਿੰਤੂ ਫੌਜ ਤੇ ਅਸਾਮ ਦੇ ਜਾਦੂ ਦਾ ਸਹਿਮ ਛਾਇਆ ਹੋਇਆ ਸੀ। ਇਹ ਰਾਜ ਘਰਾਣਾ ਪੁਰਾਤਨ ਕਾਲ ਤੋਂ ਗੁਰੂ ਘਰ ਦਾ ਸ਼ਰਧਾਲੂ ਸੀ। ਇਸ ਲਈ ਗੁਰੂ ਜੀ ਰਾਜਾ ਰਾਮ ਸਿੰਘ ਨਾਲ ਅਸਾਮ ਨੂੰ ਜਾਣ ਵਾਸਤੇ ਤਿਆਰ ਹੋ ਪਏ। ਸੁਰਖਯਤਾ ਵਾਸਤੇ ਇਹ ਹੁਕਮਨਾਮਾ ਲਿਖਕੇ ਪਟਨੇ ਨੂੰ ਭੇਜ ਗਏ ਕਿ ਪਰਵਾਰ ਨੂੰ ਕਿਸੇ ਤਰ੍ਹਾਂ ਦੀ ਤਕਲੀਫ ਨ ਹੋਵੇ।

"ਸਰਬਤਿ ਸੰਗਿਤ ਪਟਣੇ ਕੀ ਸੂਬੇ ਕੀ ਗੁਰੂ ਰਖੈਗਾ ਜਿਨ ਸਿਖ ਵਾਹਗੁਰੂ ਕੀਤਾ ਹੈ ਤਿਸ ਕੈ ਮਨੋਰਥ ਗੁਰੂ ਪੂਰੇ ਕਰੈਗਾ ਅਸੀ ਪਰੈ ਰਾਜੇ ਜੀ ਕੇ ਸਾਥ ਗਏ ਹਾਂ ਕਬੀਲਾ ਹਮੋ ਪਟਣੈ ਮੋ ਛੋਡਾ ਹੈ ਜਿਨ ਸਿਖ ਵਾਹਗੁਰੂ ਕੀਆ ਹੈ ਤਿਨ ਸੇਵਾ ਕਰਣੀ ਪੈਸੇ ਕੀ ਮੁਹਰ ਥਾਇ ਪੜੇਗੀ ਸੰਗਤ ਕੀ ਸੇਵਾ ਕੀ ਵੇਲਾ ਹੈ ਜੁ ਸਿਖ ਸੇਵਾ ਕਰੇਗਾ ਤਿਸ ਕੇ ਰੁਜਗਾਰ ਮੋ ਬਰਕਤਿ ਹੋਵੇਗੀ ਸੇਵਾ ਕਾ ਵਖਤ ਹੈ ਕੋਈ ਅਵਲ ਹਵੇਲੀ ਹੋਵੈ ਬਡੀ ਹੋਵੈ ਤਿਸ ਮੋ ਕਬੀਲੇ ਹਮਾਰੇ ਰਖਣੈ ਸੰਗਤਿ ਕੇ ਗੁਰੂ ਰੁਜਗਾਰ ਮੋ ਬਰਕਤਿ ਕਰੈਗਾ ਸੇਵਾ ਕੀ ਵੇਲਾ ਹੈ।" (ਹੁਕਮਨਾਮੇ/੧੦-ਸੰਪਾਦਕ ਗੰਡਾ ਸਿੰਘ)

ਦਸੰਬਰ ੧੬੬੮ ਨੂੰ ਅਸਾਮ ਪਹੁੰਚੇ। ਗੁਰੂ ਜੀ ਦਾ ਆਸਨ ਸਤਿਗੁਰੂ ਨਾਨਕ ਦੇਵ ਜੀ ਦੇ ਸਥਾਨ 'ਤੇ ਧੂਬੜੀ ਵਿਖੇ ਲਾਇਆ ਗਿਆ। ਰਾਜਾ ਰਾਮ ਸਿੰਘ ਦੀ ਸੈਨਾ ਦਾ ਛਿਵਰ ੧੫ ਮੀਲ ਅਗੇ ਰੰਗਾਮਾਈ ਵਿਖੇ ਲੱਗਿਆ।

ਗੁਰੂ ਜੀ ਦੀ ਕ੍ਰਿਪਾ ਨਾਲ ਰਾਜਾ ਰਾਮ ਸਿੰਘ ਦੀਆਂ ਫੌਜਾਂ 'ਤੇ ਕਿਸੇ ਜੰਤ੍ਰ ਮੰਤ੍ਰ (ਜਾਦੂ ਟੋਣੇ) ਦਾ ਅਸਰ ਨਹੀਂ ਹੋਇਆ। ਇਸ ਸਮੇਂ ਗੁਰੂ ਜੀ ਦੀ ਆਗਿਆ ਕੇਵਲ ਨਾਮ ਜਪਣ ਦੀ ਸੀ। ਸੁਬਹ-ਸ਼ਾਮ ਦੀਵਾਨ ਸਜਦਾ ਸੀ, ਕਥਾ ਕੀਰਤਨ ਤੇ ਪ੍ਰਵਚਨ ਹੁੰਦਾ ਸੀ। ਭਾਵੇਂ ਅਸਾਮ ਦੀਆਂ ਜਾਦੂਗਰ ਇਸਤ੍ਰੀਆਂ ਨੇ ਬੜੇ-ਬੜੇ ਚਮਤਕਾਰ ਵਖਾਉਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਹੀਆਂ। ਅੰਤ ਸਮੂਹ ਜਾਦੂਗਰ ਤੇ ਜਾਦੂਗਰਨੀਆਂ ਨਿਰਾਸ਼ ਹੋ ਕੇ ਸਤਿਗੁਰੂ ਜੀ ਦੀ ਸਰਣ ਵਿਚ ਆਈਆਂ। ਖਿਮਾਂ ਮੰਗੀ ਤੇ ਅਗੇ ਨੂੰ ਸਾਕਤ ਮੱਤ ਤਿਆਗਣ ਦਾ ਪ੍ਰਣ ਕੀਤਾ। ਇਹ ਜਾਦੂਗਰ ਤੇ ਜਾਦੂਗਰਨੀਆਂ ਕਾਮਾਕਸ਼ੀ (ਕਮਾਖਯਾ) ਦੇਵੀ ਦੇ ਉਪਾਸ਼ਕ ਸਨ। ਜੋ ਗੁਹਾਟੀ ਵਿਚ (ਬਾਂਮ ਮਾਰਗ) ਸਾਕਤ ਮੱਤ ਦਾ ਕੇਂਦ੍ਰ ਹੈ। ਕਾਮਾਕਸ਼ੀ ਦੇਵੀ (ਕਾਮਾਖਯਾ) ਦੇ ਮੂਰਤੀ ਦੀ ਵਜਾਏ ਭਗ ਦੀ ਪੂਜਾ ਕੀਤੀ ਜਾਂਦੀ ਹੈ।[65]

---

65 ਤਾਂਤ੍ਰਕ (ਜਾਦੂ ਦੀ) ਵਿਦਿਆ ਵਿਚ ਵਿਸ਼ਵਾਸ਼ ਰੱਖਣ ਵਾਲੇ ਲੋਕ ਨੀਵੀਂ ਸ਼੍ਰੇਣੀ ਵਿਚ ਹੁੰਦੇ ਹਨ। ਸੂਰਜ ਪ੍ਰਕਾਸ਼ ਵਿਚ ਧੂਬਰੀ ਨਾਂਉ ਧੋਬਨ ਤੋਂ ਬਣਿਆ ਲਿਖਿਆ ਹੈ। ਜੋ ਜਾਦੂਗਰ ਸੀ। ਇਸ ਧੋਬਨ ਦਾ ਦਰਿਆ ਤੋਂ ਪਾਰ ਗੁਰੂ ਜੀ ਵਲ ਸਿਟਿਆ ਪਿੱਪਲ ਦਾ ਵਿਰਛ ਹੁਣ ਤੱਕ ਪਿਆ ਮੰਨਿਆ ਜਾਂਦਾ ਹੈ।

ਸਤਿਗੁਰੂ ਜੀ ਦਾ ਤੇਜਸ੍ਵੀ ਆਤਮਿਕ ਪ੍ਰਭਾਵ ਵੇਖਕੇ ਜਿਥੇ ਰਾਜਾ ਰਾਮ ਸਿੰਘ ਪ੍ਰਸੰਨਤਾ ਨਾਲ ਫੁੱਲਿਆ ਨ ਸਮਾਇਆ ਉਥੇ ਅਸਾਮ ਦਾ ਰਾਜਾ ਚਕ੍ਰਧ੍ਵਜ ਨਿਰਾਸ਼ਾ ਦੀ ਹਾਲਤ ਸਤਿਗੁਰੂ ਜੀ ਦੀ ਸਰਣ ਵਿਚ ਆਕੇ ਚਰਨਾ ਵਿਚ ਡਿੱਗ ਪਿਆ।

ਗੁਰ ਸਫਲ ਦਰਸ਼ਨ ਕੀਨ।
ਪਰੇ ਚਰਨ ਹੋਇ ਅਧੀਨ।
ਬ੍ਰਹਮ ਚਰਜ ਰਾਜਾ ਦੇਖ।
ਭਏ ਦਿਆਲ ਪੁਰਖ ਬਸੇਖ।
ਧਰੀ ਪਾਗ ਰਾਜਾ ਸੀਸ।
ਭਇਆ ਜੀਵ ਸੋ ਏ ਈਸ।

ਸਤਿਗੁਰੂ ਜੀ ਨੇ ਆਏ ਅਸਾਮੀ ਰਾਜੇ ਦਾ ਸਨਮਾਨ ਕੀਤਾ। ਉਸ ਨੂੰ ਸ਼ਾਂਤਵਨਾ ਦਿਤੀ, ਧੀਰਜ ਤੇ ਹੌਂਸਲਾ ਵਧਾਇਆ। ਇਸ ਸਮੇਂ ਦੋਨੋ ਰਾਜੇ ਸਿੱਖੀ ਭਾਵਨਾ ਅਧੀਨ ਗੁਰੂ ਜੀ ਦੇ ਚਰਨਾਂ ਵਿਚ ਨੱਤ ਮਸਤਕ ਹੋ ਕੇ ਬੈਠ ਗਏ। ਸਤਿਗੁਰੂ ਜੀ ਨੇ ਦੋਨ੍ਹਾਂ ਰਾਜਿਆਂ ਦੀ ਸੰਧੀ ਕਰਵਾ ਦਿਤੀ। ਦੋਨ੍ਹਾਂ ਪਾਸਿਆਂ ਦੀ ਸੈਨਾ ਅਤੇ ਰਾਜੇ ਅਤੀ ਪ੍ਰਸੰਨ ਹੋਏ। ਗੁਰੂ ਜੀ ਵਲੋਂ ਸੰਧੀ ਕਰਵਾਉਣ ਦੀ ਕ੍ਰਿਤੱਯਗਯਤਾ ਨੂੰ ਦੋਨ੍ਹਾਂ ਧਿਰਾਂ ਨੇ ਇਸ ਤਰ੍ਹਾਂ ਪ੍ਰਗਟ ਕੀਤਾ। ਪਹਿਲਾਂ ਦੋਨੋ ਰਾਜਿਆਂ ਨੇ ਫਿਰ ਹਰ ਇਕ ਸੈਨਕ (ਸਿਪਾਹੀ) ਨੇ ਰੰਗਾ ਮਾਟੀ ਤੋਂ ਮਿੱਟੀ ਦੀਆਂ ਪੰਜ-ਪੰਜ ਢਾਲਾਂ ਧੂਬੜੀ ਵਿਖੇ ਸਿੱਟ ਕੇ ਇਕ ਉਚਾ ਦਮਦਮਾ ਬਣਾ ਦਿਤਾ ਜੋ ਅੱਜ ਤਕ ਵਿਦਮਾਨਯ ਹੈ ਅਤੇ ਉਸ ਮਿਟੀ ਨੂੰ ਹੁਣ ਤਕ ਪਛਾਣਿਆ ਜਾ ਸਕਦਾ ਹੈ ਕਿ ਧੂਬੜੀ ਦੀ ਨਹੀਂ ਰੰਗਾ ਮਾਟੀ ਦੀ ਮਿੱਟੀ ਹੈ।[66] ਇਥੇ ਹੀ ਗੁਰੂ ਜੀ ਨੇ ਆਪਣਾ ਖੰਜਰ ਧਰਤੀ 'ਚ ਗੱਡ ਕੇ ਇਕ ਪਿੰਡ ਦਾ ਸ਼ਿਲਾ-ਨਿਆਸ ਰੱਖਿਆ। ਜਿਸ ਦਾ ਨਾਮ ਹੀ 'ਖੰਜਰ' ਪ੍ਰਸਿਧ ਹੋ ਗਿਆ 'ਖੰਜਰ ਤਾ ਕੋ ਨਾਮ ਉਚਾਰੀ'।

ਅਸਾਮ ਵਿਚ ਵੀ ਗੁਰੂ ਜੀ ਨੂੰ ਔਰੰਗਜੇਬ ਦੇ ਅਤਿਆਚਾਰਾਂ ਬਾਰੇ ਵਿਸਤਾਰ ਪੂਰਬਕ ਜਾਣਕਾਰੀ ਮਿਲੀ। ਇਥੋਂ ਮਈ ਜੂਨ ੧੬੭੦ ਈ. ਵਿਚ ਗੁਰੂ ਜੀ ਮੁੜ ਢਾਕੇ ਆ ਗਏ। ਗੁਰੂ ਜੀ ਦਾ ਸਚਾ ਨਿਰਪਕਸ਼ ਉਪਦੇਸ਼ ਸੁਣਕੇ ਬੰਗਾਲ ਦਾ ਗਵਰਨਰ ਸਿਆਸਤਾ ਖਾਨ ਅਤੇ ਉਸਦੇ ਹਿੰਦੂ ਵਜੀਰ ਰਾਜਾ ਭਗਵੰਤ ਦਾਸ ਰਾਏ ਨੰਦ ਲਾਲ ਸ਼ਰਧਾਲੂ ਬਣ ਚੁੱਕੇ ਸਨ। ਗੁਰੂ ਜੀ ਨੂੰ ਪਟਨੇ ਤੋਂ ਆਇਆ ਬਹੁਤ ਸਮਾ ਹੋ ਗਿਆ ਸੀ। ਇਸ ਵਾਸਤੇ ਇਹ ਹੁਕਮਨਾਮਾਂ ਭਾਈ ਦਿਆਲ ਦਾਸ ਜੀ ਨੂੰ ਪਹਿਲੇ ਹੀ ਲਿਖ ਕੇ ਭੇਜ ਦਿਤਾ ਸੀ ਕਿ ਉਹ ਸੰਗਤ ਸਮੇਤ ਢਾਕੇ ਮਿਲ ਜਾਣ।

ਸਰਬਤਿ ਸੰਗਤਿ ਗੁਰੂ ਮਨੋਰਥ ਪੂਰੇ

---

66 ਦਸਮ ਗੁਰੂ ਵੇਲੇ ਹੀ ਇਥੇ ਅੰਮ੍ਰਿਤਧਾਰੀ ਖਾਲਸਾ ਪੈਦਾ ਹੋ ਗਿਆ ਸੀ। ਇਨ੍ਹਾਂ ਨੂੰ ਦਮਦਮੀਏ ਸਿੱਖ ਆਖਿਆ ਜਾਂਦਾ ਹੈ। ਅਸਾਮ ਦੇ ਦਮਦਮੀਏ ਸਿੱਖ ਮਹਾਨ ਜੰਗਜੂ ਤੇ ਦੇਸ ਹਿਤੈਸ਼ੀ ਹਨ। ਅਸਾਮ ਦੀ ਸੁਤੰਤ੍ਰਾ ਨੂੰ ਕਾਇਮ ਰੱਖਣ ਵਾਸਤੇ ਇਨ੍ਹਾਂ ਸਿੱਖਾਂ ਨੇ ਲਹੂ ਡੋਲਣੀਆਂ ਲੜਾਈਆਂ ਲੜੀਆਂ ਹਨ।

ਕਰੇਗਾ ਅਸੁਨ ਨੋ ਕੂਚ ਹੈ ਸਤਰੀ ਰੁਪਯਾ ਕੀ

ਵਸਤ ਲਿਖੀ ਹੈ ਡੇਰੇ ਕੇ ਵਾਸਤੈ ਹੁਕਮੁ ਦੇਖਦੇ

ਹੀ ਵਸਤ ਭੇਜਣੀ ਸਿਤਾਬੀ ਸਾਥ ਡੇਰਾ ਤੈਯਾਰ ਹੋਣਾ

ਹੈ ਸੰਗਤਿ ਸਰਬਤ ਲੈ ਕੇ ਭਯਾ ਜੀ

ਤੁਮੋ ਦਰਸਨ ਕਰ ਜਾਣਾ

ਸਿਤਾਬ ਆਵਣਾ

ਸੰਗਤਿ ਕਾ ਗੁਰੂ ਰੁਜਗਾਰ ਮੋ

ਬਰਕਤਿ ਕਰੈਗਾ

ਪਟਣਾ ਗੁਰੂ

ਕਾ ਘਰੁ ਹੈ। (ਹੁਕਮਨਾਮੇ/੧੩-ਸੰਪਾਦਕ ਗੰਡਾ ਸਿੰਘ)

ਭਾਈ ਦਿਆਲ ਜੀ ਗੁਰੂ ਜੀ ਦੇ ਪਹੁੰਚਣ ਤੋਂ ਪਹਿਲੇ ਹੀ ਢਾਕੇ ਪਹੁੰਚ ਚੁਕੇ ਸਨ। ਗੁਰੂ ਜੀ ਨੂੰ ਸਾਰੇ ਸਮਾਚਾਰਾਂ ਤੋਂ ਜਾਣੂ ਕੀਤਾ। ਸਾਹਿਬਜ਼ਾਦਾ ਗੋਬਿੰਦ ਦੇ ਚਮਤਕਾਰੀ ਚਰਿਤ੍ਰ ਸੁਣਾ-ਸੁਣਾ ਕੇ ਸੰਗਤਾਂ ਨੂੰ ਪ੍ਰਸੰਨਤਾ ਪ੍ਰਦਾਨ ਕੀਤੀ। ਪੰਜਾਬ ਅਤੇ ਅਨੰਦਪੁਰ ਦੇ ਸਮੂਹ ਸਮਾਚਾਰ ਦੱਸੇ। ਗੁਰੂ ਜੀ ਨੇ ਅਸਾਮ ਤੋਂ ਲਿਆਦੇ ਉਪਹਾਰ ਭਾਈ ਦਿਆਲ ਦਾਸ ਜੀ ਦੇ ਰਾਹੀਂ ਪਟਨੇ ਨੂੰ ਭੇਜੇ। ਇਸ ਇਲਾਕੇ ਵਿਚ ਗੁਰੂ ਜੀ ਨੇ ੧੨ ਸੰਗਤਾਂ ਸਥਾਪਨ ਕੀਤੀਆਂ।

**ਜਗਨਨਾਥਪੁਰੀ ਵਿਚ:** ਚਤੁਮਾਸਾ ਸਮਾਪਤ ਹੋਣ ਸਾਰ ਹੀ ਗੁਰੂ ਜੀ ਜਗਨਨਾਥਪੁਰੀ ਦੀ ਯਾਤ੍ਰਾ 'ਤੇ ਚੱਲ ਪਏ। ਪਬਨਾ, ਚਉਡੰਗਾ, ਦਰਸਨਾ ਅਤੇ ਬਾਨਪੁਰ ਵਿਚ ਦੀ ਸਤਿਨਾਮੁ ਦਾ ਚੱਕਰ ਫੇਰ ਕੇ, ਬਾਗੁਲਾ, ਗਟਾਘਾਟ, ਮਦਨਪੁਰ ਵਿਚ ਸੰਗਤਾਂ ਦੀ ਸਥਾਪਨਾ ਕੀਤੀ। ਇਥੋਂ ਚਲਕੇ ਕੰਚਨ ਪਾੜਾ, ਨਈ ਹਾਫੀ 'ਤੇ ਬਾਰਕਪੁਰ ਵਿਚ ਦੀ ਕਲਕੱਤੇ ਪਹੁੰਚੇ। ਇਥੇ ਸਤਿਗੁਰੂ ਨਾਨਕ ਦੇਵ ਜੀ ਆਏ ਸਨ ਅਤੇ ਉਨ੍ਹਾਂ ਨੇ ਸੰਗਤ ਦੀ ਸਥਾਪਨਾ ਕੀਤੀ ਸੀ ਜਿਸ ਨੂੰ ਵੱਡੀ ਸੰਗਤ ਕਹਿੰਦੇ ਹਨ। ਛੋਟੀ ਸੰਗਤ ਦੀ ਸਥਾਪਨਾ ਸਤਿਗੁਰੂ ਤੇਗ ਬਹਾਦਰ ਜੀ ਨੇ ਕੀਤੀ।

ਕਲਕੱਤੇ ਤੋਂ ਬਲੇਸ੍ਵਰ ਰੂਪ ਸਾ, ਬਲਾਚੋਰ ਅਤੇ ਕਟਕ ਵਿਚ ਦੀ ਨਵੰਬਰ/ਦਸੰਬਰ ੧੬੭੦ ਈ. ਵਿਚ ਗੁਰੂ ਜੀ ਜਗਨਨਾਥਪੁਰੀ ਪੁੱਜੇ। ਇਥੇ ਗੁਰੂ ਨਾਨਕ ਦੇਵ ਜੀ ਵੀ ਸਦ-ਉਪਦੇਸ਼ ਦੇ ਗਏ ਸਨ। ਇਸ ਸਥਾਨ ਦੀ ਸੇਵਾ ਉਦਾਸੀ ਸੰਤ ਭਾਈ ਅਲਮਸਤ ਜੀ ਕਰ ਰਿਹਾ ਸੀ। ਗੁਰੂ ਤੇਗ ਬਹਾਦਰ ਜੀ ਦੇ ਬਾਲ-ਕਾਲ ਵਿਚ ਭਾਈ ਅਲਮਸਤ ਜੀ ਨੇ ਛੇਵੇਂ ਪਾਤਸ਼ਾਹ ਦੇ ਦਰਬਾਰ ਵਿਚ ਅਣ-ਥੱਕ ਸੇਵਾ ਕੀਤੀ ਸੀ। ਪੰਜਾਬ ਵਿਚੋਂ ਇਤਨੀ ਦੂਰ ਗੁਰੂ ਨਾਨਕ ਦੇਵ ਜੀ ਦੇ ਝੰਡੇ ਨੂੰ ਉਚਾ ਚੁੱਕੀ ਬੈਠਾ ਵੇਖਕੇ ਗੁਰੂ ਜੀ ਇਸ ਸਿੱਖ 'ਤੇ ਅਤਿਅੰਤ ਪ੍ਰਸੰਨ ਹੋਏ। ਭਾਈ ਅਲਮਸਤ ਨੇ ਨਮਸ਼ਕਾਰ ਕੀਤੀ। ਸਤਿਗੁਰੂ ਜੀ ਨੇ ਭਾਈ ਅਲਮਸਤ ਦੀ ਸੇਵਾ ਦੀ ਪ੍ਰਸ਼ੰਸਾ ਕੀਤੀ।

ਸਮੁੰਦਰ ਕਨਾਰੇ ਇਕ ਹੋਰ ਨਵੀਂ ਧਰਮ ਸ਼ਾਲਾ ਅਤੇ ਸੰਗਤ ਦੀ ਸਥਾਪਨਾ ਕਰਕੇ ਇਕ ਖੂਹ ਲੁਆਇਆ ਜਿਸ ਦਾ ਪਾਣੀ ਅਤੀ ਮਿਠਾ ਹੈ। ਇਸ ਖੂਹ ਤੋਂ ਬਿਨਾਂ ਜਗਨਨਾਥਪੁਰੀ ਵਿਚ ਕਿਸੇ ਖੂਹ ਦਾ ਪਾਣੀ ਮਿੱਠਾ ਨਹੀਂ। ਸਾਰੇ ਪ੍ਰਾਂਤ ਨੂੰ ਸਤਿਨਾਮੁ ਦਾ ਉਪਦੇਸ਼ ਦੇ ਕੇ ਗੁਰੂ ਜੀ ਪਟਨੇ ਵੱਲ ਚੱਲ ਪਏ।

**ਪਟਨਾ ਵਿਚ:** ਗੁਰੂ ਜੀ ਨੇ ਜਗਨਨਾਥਪੁਰੀ ਤੋਂ ਮਿਦਨਾਪੁਰ ਦੇ ਵਿਚ ਦੀ ਵਿਸ਼ਨੂਪੁਰ ਵਿਖੇ ਪਹੁੰਚ ਕੇ ਹਜਾਰਾਂ ਜੀਵਾਂ ਨੂੰ ਸਦ-ਮਾਰਗ ਪਾਇਆ। ਇਥੇ ਸੰਗਤ ਸਥਾਪਨ ਕਰਕੇ ਗੁਮੋਹ ਤੇ ਗਯਾ ਦੇ ਵਿਚ ਦੀ ਪਟਨੇ ਪਹੁੰਚ ਗਏ। ਪਟਨਾ ਨਿਵਾਸੀ ਸੰਗਤ ਨੇ ਸ਼ਰਧਾ ਸਤਿਕਾਰ ਨਾਲ ਸ੍ਵਾਗਤ ਕੀਤਾ। ਪਟਨਾ ਤੇ ਇਲਾਕਾ ਨਿਵਾਸੀ ਸੰਗਤ ਤੋਂ ਬਿਨ੍ਹਾਂ ਜਿੱਥੇ ਸ੍ਵਾਗਤ ਵਿਚ ਸਾਹਿਬਜਾਦਾ ਗੋਬਿੰਦ, ਪੂਜਯ ੧੦੫ ਮਾਤਾ ਨਾਨਕੀ ਜੀ, ਪੂਜਯ ੧੦੫ ਮਾਤਾ ਗੁਜਰੀ ਜੀ, ਭਾਈ ਕ੍ਰਿਪਾਲ ਚੰਦ ਜੀ ਆਦਿਕ ਗੁਰ-ਪਰਵਾਰ ਪੁੱਜਿਆ ਹੋਇਆ ਸੀ ਉਥੇ ਪਟਨੇ ਦੇ ਮਹਾਨ ਵਿਅਕਤੀਆਂ ਪੰਡਿਤ ਸਿਵ ਦਤਯ ਜੀ, ਰਾਜਾ ਫਤਹਚੰਦ ਮੈਣੀ, ਰਾਣੀ ਵਿਸੰਭਰਾ ਦੇਵੀ ਮੈਣੀ, ਨਵਾਬ ਰਹੀਮ ਬਖਸ਼ ਨਵਾਬ, ਕਰੀਮ ਬਖਸ਼, ਮਾਧੋ ਸੇਠ ਅਤੇ ਜਗਤਾ ਸੇਠ ਆਦਿਕ ਸਮੂਹ ਪ੍ਰਤਿਸ਼ਠ ਮਹਾਨ ਭਾਵ ਪੁੱਜੇ ਹੋਏ ਸਨ। ਮੁੰਘੇਰ ਵਾਰਾਣਸੀ ਅਤੇ ਮਿਰਜਾਪੁਰ ਦੀਆਂ ਸੰਗਤਾਂ ਵੀ ਦਰਸ਼ਨਾਰਥ ਪੁੱਜੀਆਂ ਹੋਈਆਂ ਸਨ।

ਸਭ ਤੋਂ ਪਹਿਲੇ ਗੋਬਿੰਦ ਜੀ ਸਤਿਗੁਰੂ ਜੀ ਦੇ ਪਾਵਨ ਚਰਨਾਂ ਵਿਚ ਨੱਤਮਸਤਕ ਹੋਏ। ਫਿਰ ਪੂਜਯ ਮਾਤਾਵਾਂ ਕਰਮਵਾਰ ਪਟਨਾ ਅਤੇ ਇਲਾਕਾ ਨਿਵਾਸੀ ਸੰਗਤ ਨੇ ਨਮਸ਼ਕਾਰ ਕੀਤੀ। ਭਾਈ ਦਿਆਲ ਜੀ ਨੇ ਸਰਬੱਤ ਸੰਗਤ ਨੂੰ ਜਥੇਬੰਦਕ ਰੂਪ ਵਿਚ ਖੜ੍ਹਾ ਕੀਤਾ ਸੀ। ਸਤਿਗੁਰੂ ਜੀ ਜਿੱਥੇ ਸੰਗਤ ਨੂੰ ਮਿਲਕੇ ਪ੍ਰਮ ਪ੍ਰਸੰਨ ਹੋਏ ਉਥੇ ਤੇਜਸਵੀ ਗੋਬਿੰਦ ਨੂੰ ਆਪਣੀ ਗੋਦ ਵਿਚ ਬੈਠਾ ਕੇ ਹੋਰ ਵੀ ਅਨੰਦ ਵਿਭੋਰ ਹੋ ਗਏ। ਗੋਬਿੰਦ ਦੇ ਸੀਸ ਉਤੇ ਆਪਣਾ ਪਾਵਨ ਕਰ ਕੰਵਲ ਰੱਖਕੇ ਅਸ਼ੀਰਵਾਦ ਦਿਤਾ। ਦੀਵਾਨ ਤੋਂ ਉਪਰੰਤ ਮਹਿਲਾਂ ਵਿਚ ਆਉਣ ਸਮੇਂ ਗੁਰੂ ਜੀ ਘੋੜੇ ਉੱਤੇ ਸਵਾਰ ਹੋਏ, ਮਾਤਾਵਾਂ ਅਤੇ ਗੋਬਿੰਦ ਜੀ ਪਾਲਕੀਆਂ ਵਿਚ ਬੈਠਕੇ ਚੱਲੇ।

ਪਟਨਾ ਵਿਖੇ ਗੁਰੂ ਜੀ ਨੇ ਕਈ ਦਿਨ ਆਰਾਮ ਕੀਤਾ। ਇਥੇ ਕਥਾ ਕੀਰਤਨ ਦਾ ਪਰਵਾਹ ਚੱਲ ਪਿਆ। ਦੀਵਾਨ ਦੀ ਸਮਾਪਤੀ ਤੋਂ ਮਗਰੋਂ ਸੰਗਤਾਂ ਨਾਲ ਬੈਠ ਕੇ ਖੁੱਲ੍ਹੇ ਬਚਨ ਬਲਾਸ ਕਰਦੇ। ਸੰਗਤਾਂ ਸਾਹਿਬਜ਼ਾਦੇ ਦੇ ਚਮਤਕਾਰੀ ਚਰਿਤ੍ਰ ਵੇਖਦੀਆਂ ਸੁਣਦੀਆਂ ਅਤੇ ਸੁਨਾਉਂਦੀਆਂ। ਕੋਈ ਘਰ ਦੇ ਖੂਹ ਉਪਰ ਖੇਲ ਰਹੇ ਤੀਰਾਂ ਦੇ ਨਿਸ਼ਾਨਿਆਂ ਦੀ ਚਰਚਾ ਕਰਦਾ[67] ਤਾਂ ਕੋਈ ਗੰਗਾ ਵਿਚ ਸ੍ਵਰਣ ਕੜਿਆ ਨੂੰ ਸੁੱਟਣ ਦੀ ਕਹਾਣੀ ਆਰੰਭ ਦਿੰਦਾ। ਰਾਜਾ ਫਤਹਚੰਦ ਦੇ ਮਹਿਲਾਂ ਵਿਚ ਕਰੋਂਦੇ ਅਤੇ ਹੋਰ ਬੂਟਿਆਂ ਦੀਆਂ ਕਲਮਾਂ ਲਾਉਣ ਦੀ ਚਰਚਾ ਚਲਦੀ। ਨਾਲ ਹੀ ਬਨਾਏ ਕੁਮਾਰ ਸੈਨਕ ਦਲ (ਬਚਿਆਂ ਦੀ ਫੌਜ) ਦੀ ਕਥਾ ਆਰੰਭ ਹੋ

67 ਇਹ ਖੂਹ ਹੁਣ ਵੀ ਤਖ਼ਤ ਹਰੀਮੰਦਰ ਦੇ ਹਾਲ ਵਿਚ ਵਿਦਮਾਨਯ ਹੈ।

ਜਾਂਦੀ ਤੇ ਰਾਜੇ ਦੇ ਮਹਿਲਾਂ ਵਿਚ ਸੈਨਕਾਂ ਨੂੰ ਤਲੇ ਚਨੇ ਪੂਰੀਆਂ ਦਾ ਲੰਗਰ ਵਰਤਾਉਣ ਦੇ ਚੋਜ ਸੁਨਾਏ ਜਾਂਦੇ। ਸੁਣਕੇ ਗੁਰੂ ਜੀ ਸੰਗਤ ਸਮੇਤ ਪ੍ਰਸੰਨ ਹੁੰਦੇ।[68]

**ਪੰਜਾਬ ਵਾਪਸੀ:** ਕੁਝ ਦਿਨਾਂ ਤੋਂ ਉਪਰੰਤ ਪੰਜਾਬ ਜਾਣ ਦੀ ਤਿਆਰੀ ਆਰੰਭ ਦਿਤੀ। ਭਾਈ ਦਿਆਲ ਜੀ ਤਥਾ ਕ੍ਰਿਪਾਲ ਚੰਦ ਜੀ ਨੂੰ ਆਗਿਆ ਕੀਤੀ ਕਿ ਉਹ ਸਾਹਿਬਜ਼ਾਦੇ ਸਮੇਤ ਸਾਰੇ ਪਰਵਾਰ ਦੀ ਪੰਜਾਬ ਨੂੰ ਜਾਣ ਵਾਸਤੇ ਤਿਆਰੀ ਕਰਨ। ਅਸੀਂ ਪਹਿਲੇ ਪੜਾ ਨੀਯਤ ਕਰਦੇ ਜਾਵਾਂਗੇ ਤੁਸੀਂ ਮਗਰ ਸਫਰ ਕਰਨਾ ਹੋਵੇਗਾ। ਗੁਰੂ ਜੀ ਸ਼ੀਘਰ ਪੰਜਾਬ ਪਹੁੰਚਣ ਵਾਸਤੇ ਵੀ ਰਸਤੇ 'ਚੋਂ ਪਟਨੇ ਨੂੰ ਹੁਕਮਨਾਮਾਂ ਲਿਖ ਭੇਜਿਆ 'ਹਮ ਤੁਮਾਰਾ ਬੈਠੇ ਰਾਹੁ ਦੇ ਖਦੇ ਹੈ ਬਹੁਤ ਸਿਤਾਬ ਆਵਣਾ' ਗੁਰੂ ਸੰਗਤਿ ਕੀ ਬਾਹੁੜੀ ਕਰੇਗਾ।

ਇਸ ਤਰ੍ਹਾਂ ਗੁਰੂ ਜੀ ਸੁਰਖਸ਼ਤ ਮਾਰਗ ਰਾਹੀਂ ਜੌਨਪੁਰ ਵਿਚ ਦੀ ਆਯੁਧਯਾਪੁਰੀ ਪਹੁੰਚੇ। ਇਥੇ ਉਦਾਸੀ ਸੰਤ ਭਾਈ ਗੁਰਬਖਸ਼ ਸੰਗਤ ਦੇ ਮੁਖੀ ਸਨ। ਸਭ ਨੂੰ ਨਾਮਦਾਨ ਬਖਸ਼ ਕੇ ਭਾਈ ਗੁਰਬਖਸ਼ ਨੂੰ ਮ੍ਰਿਦੰਗ ਬਖਸ਼ਿਆ। ਇਸ ਸਥਾਨ ਦਾ ਨਾਂਉ ਹੁਣ 'ਮ੍ਰਿਦੰਗ ਵਾਲੀ ਸੰਗਤ' ਹੈ। ਇਥੋਂ ਲਖਨਉ, ਸ਼ਾਹਜਹਾਨਪੁਰ ਅਤੇ ਮੁਰਾਦਾਵਾਦ ਦੇ ਵਿਚ ਦੀ ਦਿੱਲੀ ਆਣ ਦਰਸ਼ਨ ਦਿਤੇ। ਇਥੋ ਕੁਰਕਸ਼ੇਤ੍ਰ ਆਦਿਕ ਅਨੇਕ ਨਗਰਾਂ ਪਿੰਡਾਂ ਤੇ ਸੰਗਤਾਂ ਨੂੰ ਤਾਰਦੇ ਹੋਏ ਜਨਵਰੀ ਫਰਵਰੀ ੧੬੭੧ ਵਿਚ ਗੁਰੂ ਸਾਹਿਬ ਸ੍ਰੀ ਅਨੰਦਪੁਰ ਪਹੁੰਚ ਗਏ।

**ਕਿਨਿ ਬਿਧਿ ਗਤਿ ਹੋਈ:** ਸਤਿਗੁਰੂ ਤੇਗ ਬਹਾਦਰ ਜੀ ਬੜੇ ਗੰਭੀਰ ਵੀਚਾਰਸ਼ੀਲ ਅਤੇ ਸਥਿਤੀ ਨੂੰ ਸਮਝਣ ਵਾਲੇ ਸਨ। ਬਕਾਲੇ ਦੇ ਭੋਰੇ ਵਿਚ ਸਿਮਰਨ ਕਰਦੇ ਹੋਏ ਪ੍ਰਚਾਰ ਕਰਦੇ ਹੋਏ, ਪੂਰਬ ਦੇ ਦੌਰੇ ਤੇ ਗਏ ਹੋਏ, ਅਸਾਮ ਵਿਖੇ ਰਾਜਾ ਰਾਮ ਸਿੰਘ ਦੇ ਨਾਲ ਹੁੰਦੇ ਹੋਏ, ਦੇਸ ਦੀ ਆਰਥਕ ਸਮਾਜਿਕ ਰਾਜਨੀਤਿਕ ਅਤੇ ਧਾਰਮਿਕ ਨੀਤੀ ਤੋਂ ਸਾਵਧਾਨ ਸਨ। ਰਾਜਾ ਰਾਮ ਸਿੰਘ ਅਤੇ ਰਾਜਾ ਸੁੱਗਦੇਵ ਚਕ੍ਰ ਧ੍ਵਜ ਦੀ ਸੰਧੀ ਕਰਵਾਉਣੀ ਉਨ੍ਹਾਂ ਦੇ ਵਿਅਕਤੀਤ੍ਵ ਦਾ ਪ੍ਰਭਾਵਸ਼ਾਲੀ ਇਤਿਹਾਸਕ ਪ੍ਰਮਾਣ ਹੈ। ਔਰੰਗਜੇਬ ਦੀ ਤੁਅਸਬ ਭਰੀ ਨੀਤੀ ਦੀ ਰਾਜਾ ਰਾਮ ਸਿੰਘ ਤੋਂ ਅਤੇ ਰਾਜਾ ਚਕ੍ਰਧ੍ਵਜ ਤੋਂ ਘੋਖਵੀ ਜਾਣਕਾਰੀ ਪ੍ਰਾਪਤ ਕੀਤੀ। ਦੇਸ ਦੀਆਂ ਘਟਨਾਵਾਂ ਨਿੱਤ ਹੀ ਗੁਰੂ ਜੀ ਕੋਲ ਪੁੱਜਦੀਆਂ ਸਨ। ਮੁਗਲ ਸਮਰਾਟ ਦੀ ਸੰਕੀਰਣ ਸੰਪ੍ਰਦਾਇਕਤਾ ਤੋਂ ਕਾਫੀ ਚਿੰਤਤ ਹੋ ਜਾਇਆ ਕਰਦੇ ਸਨ।

---

68 ਇਸ ਸਥਾਨ ਦਾ ਨਾਂਉ ਬਾਲ ਲੀਲ੍ਹਾ (ਮੈਣੀ ਸੰਗਤ) ਹੈ। ਹੁਣ ਤੱਕ ਰਾਜਾ ਫਤਹ ਚੰਦ ਮੈਣੀ ਦੇ ਬਣਾਏ ਮਹਿਲ ਹੀ ਗੁਰਦੁਵਾਰੇ ਦੀ ਬਿਲਡਿੰਗ ਦਾ ਕੰਮ ਦਿੰਦੇ ਰਹੇ। ਪੁਰਾਣੀ ਇਮਾਰਤ ਹੋਣ ਕਰਕੇ ਅਨੰਤ ਵਿਭੂਸ਼ਤ ਪ੍ਰਮ ਪੂਜਯ ਸ੍ਵਾਮੀ ਪੰਡਿਤ ਸੁੱਚਾ ਸਿੰਘ ਜੀ ਮਹਾਰਾਜ ਸ੍ਰੀ ਮਹੰਤ ਨਿਰਮਲ ਪੰਚਾਇਤੀ ਅਖਾੜਾ ਕਨਖਲ ਦੇ ਆਦੇਸ਼ ਅਨੁਸਾਰ ਵਿਦਿਆ-ਮਾਰਤੰਡ ਮਹਾਂ ਮੰਡਲੇਸ੍ਵਰ ਪੰਡਿਤ ਬਲਬੀਰ ਸਿੰਘ ਜੀ ਸ਼ਾਸਤ੍ਰੀ ਵੇਦਾਂਤਚਾਰਯ ਨੇ ਸੰਗੇਮਰਮਰ ਅਪੂਰਬ ਇਮਾਰਤ ਤਿਆਰ ਕਰਵਾਈ ਹੈ। ਸੰਗੇਮਰਮਰ ਦੀ ਜੜਤ, ਹਾਲ ਕਮਰਾ ਪ੍ਰਕਾਸ਼ ਸਥਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਾਸਨ ਵਾਸਤੇ ਸੀਸ ਮਹਿਲ, ਪਲੰਘ ਆਦਿਕ ਸਮੂਹ ਅਦਭੁਤ ਹਨ। ਸੀਸ ਮਹਿਲ ਨੂੰ ਰਾਜਾ ਫਤਿਹਚੰਦ ਦੀ ਬਨਾਈ ੧੦ ਸੰਮਤ ੧੭੨੫ ਦੀ ਚੁਗਾਠ ਤੇ ਪਥਰ ਦੇ ੫ ਪੁਰਾਣੇ ਹੀ ਥਮਲੇ ਲਾਏ ਹਨ। ਜੋ ਅਤਿਅੰਤ ਸੋਭਾ ਦੇ ਰਹੇ ਹਨ। ਬਿਲਡਿੰਗ ਬਿਹਾਰ ਦੀ ਰਾਜਧਾਨੀ (ਪਟਨਾ ਸਾਹਿਬ) ਵਿਚ ਖਾਲਸੇ ਦਾ ਗੌਰਵ ਵਧਾ ਰਹੀ ਹੈ। ਜਿਸ ਉੱਤੇ ਸ਼ਾਸਤ੍ਰੀ ਜੀ ਦੇ ਪ੍ਰੀਸ਼ਰਮ ਅਤੇ ਸੰਗਤ ਦੇ ਉਤਸ਼ਾਹ ਨਾਲ ਕਈ ਲਖ ਰੁਪੈ ਖਰਚ ਹੋਏ ਹਨ। ਸ਼ਾਸਤ੍ਰੀ ਜੀ ਦੀ ਇਸ ਮਹਾਨ ਅਮਰ ਸੇਵਾ ਨੂੰ ਵੇਖ ਕੇ ਸਿਰ ਨਤਯ ਮਸਤਕ ਹੋ ਜਾਂਦਾ ਹੈ। (ਬਲਵੰਤ ਸਿੰਘ)

ਗੁਰੂ ਜੀ ਦੇ ਵਿਅਕਤੀਤਵ ਤੋਂ ਮੁਗਲ ਸਰਕਾਰ ਵੀ ਸਤਰਕ ਸੀ। ਗੁਪਤਚਰ ਗੁਰੂ ਜੀ ਨਾਲ ਪ੍ਰਛਾਵੇਂ ਦੀ ਤਰ੍ਹਾਂ ਰਹਿੰਦੇ ਸਨ। ਮੁਗਲ ਸਰਕਾਰ ਦੇ ਰਾਜਕੀਯ ਅਖਬਾਰ 'ਦਰਬਾਰ ਮੁਅਲਾ' ਵਿਚ ਗੁਰੂ ਜੀ ਦੀਆਂ ਖਬਰਾਂ ਨੂੰ ਵਿਸ਼ੇਸ਼ ਸਥਾਨ ਦਿਤਾ ਜਾਂਦਾ ਸੀ। ਰਾਜਕੀ ਜਰਨੈਲ ਰਾਜਾ ਰਾਮ ਸਿੰਘ ਅਤੇ ਅਸਾਮ ਦੇ ਰਾਜੇ ਵਿਚ ਗੁਰੂ ਜੀ ਰਾਂਹੀ ਸੰਧੀ ਹੋਣ ਦੀ ਖਬਰ ਮੁੱਖ ਖਬਰਾਂ ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਤਰ੍ਹਾਂ ਗੁਰੂ ਜੀ ਅਤੇ ਮੁਗਲ ਸਮਰਾਟ ਇਕ ਦੂਸਰੇ ਤੋਂ ਸਾਵਧਾਨ ਸਨ।

ਗੁਰੂ ਜੀ ਇਹ ਵੀ ਜਾਣਕਾਰੀ ਰੱਖਦੇ ਸਨ ਕਿ ਹਿੰਦੂ ਰਾਜਪੂਤ ਰਾਜੇ ਕੀ ਪ੍ਰਤੀਕਰਮ ਕਰਦੇ ਹਨ ਪਰ ਗੁਰੂ ਜੀ ਨੂੰ ਇਸ ਭਾਵ ਦੀਆਂ ਖਬਰਾਂ ਜਿਆਦੇ ਮਿਲਦੀਆਂ ਸਨ ਕਿ ਕਿਸੇ ਵੀ ਰਾਜੇ ਵਿਚ ਹਿੰਦੂ ਧਰਮ ਦੀ ਰੱਖਿਆ ਵਾਸਤੇ ਅਵਾਜ ਉਠਾਉਣ ਦੀ ਸ਼ਕਤੀ ਨਹੀਂ।

ਸ਼ਿਵਾ ਜੀ ਮਰਹੱਟਾ ਸ਼ਕਤੀਸ਼ਾਲੀ ਜੋਧਾ ਸੀ। ਉਹ ਰਾਜ ਦੀ ਸੀਮਾਂ ਵਧਾਉਣ ਤੋਂ ਅਗੇ ਦਖਲ ਨਹੀਂ ਸੀ ਦਿੰਦਾ। ਜਦੋਂ ਹਿੰਦੂਆਂ ਉੱਤੇ ਪ੍ਰਤੀਬੰਦ ਲਗਾਇਆ ਜਾ ਰਿਹਾ ਸੀ ਉਸ ਵੇਲੇ ਸ਼ਿਵਾ ਜੀ ਆਪਣੀ ਤਾਜ਼ਪੋਸ਼ੀ ਦੇ ਜਸ਼ਨ ਮੰਨਾ ਰਿਹਾ ਸੀ। ਹਿੰਦੂ ਧਰਮ ਤੇ ਹੋ ਰਹੇ ਅਤਿਆਚਾਰਾਂ ਸੰਬੰਧੀ ਉਸ ਨੇ ਔਰੰਗਜੇਬ ਅਗੇ ਵਿਰੋਧ ਤੱਕ ਨਹੀਂ ਕੀਤਾ। ਇਸ ਸਮੇਂ ਰਾਜਪੂਤਾਂ ਦਾ ਨੇਤਾ ਰਾਜਾ ਰਾਜ ਸਿੰਘ ਨੂੰ ਮੰਨਿਆ ਜਾਂਦਾ ਸੀ। ਉਸ ਨੇ ਕੇਵਲ ਇਕ ਵਾਰ ਨਿਮ੍ਰਤਾ ਭਰੀ ਪੱਤ੍ਰਕਾ ਔਰੰਗਜੇਬ ਨੂੰ ਲਿਖੀ ਸੀ ਕਿ "ਅਸੀਂ ਲੱਖਾਂ ਰਾਜਪੂਤ ਤੁਹਾਡੇ ਸ਼ੁਭ ਚਿੰਤਕ ਹਾਂ। ਸਾਡੇ ਧਰਮ ਸਭਯਾਚਾਰ ਅਤੇ ਸਭਯਤਾ ਦੀ ਰੱਖਿਆ ਹੋਣੀ ਚਾਹੀਦੀ ਹੈ। ਹਿੰਦੂ ਤੇ ਹੋਰ ਲੋਕ ਵੀ ਉਸੇ ਖੁਦਾ ਦੀ ਰਚਿਨਾ ਹਨ, ਜਿਸ ਦੀ ਮੁਸਲਮਾਨ। ਮੰਦਰਾਂ ਵਿਚ ਵੀ ਉਸੇ ਰੱਬ ਦੀ ਪੂਜਾ ਅਤੇ ਭਗਤੀ ਹੁੰਦੀ ਹੈ ਜਿਸ ਦੀ ਮਸਜ਼ਦਾਂ ਵਿਚ ਹੁੰਦੀ ਹੈ।[69]

ਇਸ ਤੋਂ ਵੱਧ ਕੋਈ ਵਿਰੋਧ ਨਹੀਂ ਹੋਇਆ, ਸਤਿਗੁਰੂ ਜੀ ਦੇਸ ਦੀ ਹਾਲਤ ਬਾਰੇ ਸਭ ਕੁਝ ਸਮਝਦੇ ਸਨ।

**ਕਲ ਕਾਤੀ ਰਾਜੇ ਕਾਸਾਈ:** ਔਰੰਗਜੇਬ ਸਤਿਗੁਰੂ ਤੇਗ ਬਹਾਦਰ ਜੀ ਦਾ ਸਮਕਾਲੀ ਬਾਦਸ਼ਾਹ ਸੀ। ਇਹ (ਬਾਦਸ਼ਾਹ) ੧੬੧੮ ਵਿਚ ਜਨਮਿਆ ਤੇ ੧੭੦੭ ਵਿਚ ਮ੍ਰਿਤੂਯ ਹੋਇਆ। ਇਸ ਨੇ ੫੧ ਸਾਲ ਰਾਜ ਭੋਗ ਕੇ,੮੧ ਵਰਸ਼ ੧੭ ਦਿਨ ਉਮਰ ਭੋਗੀ। ਇਹ ਕੱਟੜ ਤੁਅੱਸਬੀ ਸੁੰਨੀ ਮੁਸਲਮਾਨ ਸੀ। ਹਿੰਦੁਸਤਾਨ ਨੂੰ 'ਦਾਰ ਉਲ ਇਸਲਾਮ' ਬਨਾਉਣ 'ਤੇ ਤੁਲਿਆ ਹੋਇਆ ਸੀ।

ਉਹ ਕਾਨੂੰਨ ਇਸਲਾਮ ਦੇ ਵਿਸ਼ਵਾਸ਼ ਅਨੁਸਾਰੀ ਜਾਰੀ ਕਰਦਾ ਸੀ। ਉਸ ਨੇ ਬਿਕ੍ਰਮੀ ਸੰਮਤ ਬੰਦ ਕਰਕੇ ਰਮਜ਼ਾਨ ਦੀ ਪਹਿਲੀ ਤਾਰੀਖ ਤੋਂ ਵਰਸ਼ ਆਰੰਭ ਕਰਨ ਦਾ ਆਦੇਸ਼ ਦਿਤਾ। ਜੋਤਸ਼, ਸਾਮੁੰਦ੍ਰੀਕ,

---

69 ਇਸ ਪਤ੍ਰਕਾ ਵਾਸਤੇ ਵੇਖੋ ਮਹਾਨ ਕੋਸ਼ ਪੰਨਾ ੮੩ (ਔਰੰਗਜੇਬ ਸ਼ਬਦ ਵਿਚ)

ਸੰਗੀਤ, ਕਾਵਯ, ਚਿਤ੍ਰਕਾਰੀ ਅਤੇ ਇਤਿਹਾਸ ਲਿਖਣ ਦੀ ਮਨਾਹੀ ਕੀਤੀ ਗਈ। ਰਾਜਕੀ ਸਿੱਕੇ ਉੱਤੇ ਕਲਮੇ ਦਾ ਉਕਰਿਆ ਜਾਣਾ ਇਸ ਵਾਸਤੇ ਬੰਦ ਕਰ ਦਿਤਾ ਗਿਆ ਕਿ ਸਿੱਕੇ ਕਾਫਰਾਂ ਦੇ ਹੱਥਾਂ ਵਿਚ ਵੀ ਜਾਂਦੇ ਹਨ। ਮੁਸਲਮਾਨਾਂ ਦੀ ਦਾਹੜੀ ਦੀ ਲੰਬਾਈ ਚਾਰ ਉਂਗਲ ਨਿਸ਼ਚਤ ਕਰ ਦਿਤੀ।

ਆਪਣੇ ਪਿਤਾ ਦੇ ਰਾਜ-ਕਾਲ ਵਿਚ ਗੁਜਰਾਤ ਦਾ ਸੂਬੇਦਾਰ ਰਿਹਾ। ਇਸ ਸਮੇਂ ਹਿੰਦੂਆਂ ਦਾ ਚਿੰਤਾਮਣੀ ਦਾ ਮੰਦ੍ਰ ਢਾਹਕੇ ਉਸ ਦੀ ਥਾਂਅ ਤੇ ਮਸੀਤ ਉਸਾਰੀ। ਇਸ ਸਮੇਂ ਵੱਖ-ਵੱਖ ਸਥਾਨਾਂ ਉਤੇ ਮੰਦਰ ਢਾਉਣ ਦੀ ਇਸ ਦੀ ਯੋਜਨਾ ਸੀ। ਨਵੇਂ ਮੰਦਰ ਅਤੇ ਵਿਦਿਆਲਯ ਬਨਾਉਣ ਮੁਰੰਮਤ ਕਰਨ ਦੀ ਆਗਿਆ ਨਹੀਂ ਸੀ। ਧਾਰਮਕ ਸ਼ਾਸਤ੍ਰਾਂ ਦੀ ਸਿੱਖਿਆ ਦੇਣੀ ਕਤਈ ਬੰਦ ਸੀ।

ਔਰੰਗਜੇਬ ਦੇ ਆਦੇਸ਼ ਅਨੁਸਾਰ ਦੇਸ ਦੇ ਭਿੰਨ-ਭਿੰਨ ਭਾਗਾਂ ਵਿਚ ਮੰਦਰਾਂ ਨੂੰ ਢਾਹ ਕੇ ਖੰਡਰਾਂ ਦਾ ਢੇਰ ਬਣਾਇਆ ਗਿਆ। ਮਥਰਾ ਵਿਖੇ ਕੇਸ਼ਵ ਰਾਏ ਦਾ ਮੰਦਰ (ਜਿਸ ਦੇ ਬਨਾਉਣ ਉੱਤੇ ਬੀਰ ਸਿੰਘ ਬੰਦੇਲਾ ਨੇ ੩੩ ਲਖ ਰੁਪੈ ਖਰਚ ਕੀਤੇ ਸਨ।) ਵਾਰਾਣਸੀ (ਕਾਸ਼ੀ) ਵਿਚ ਵਿਸ਼੍ਵਨਾਥ ਦਾ ਮੰਦ੍ਰ, ਆਯੁਧਿਆ ਵਿਚ ਸ੍ਰੀ ਰਾਮ ਚੰਦ੍ਰ ਜੀ ਦਾ ਮੰਦਰ ਢਾਹ ਕੇ ਉਪਰ ਮਸੀਤਾਂ ਉਸਾਰੀਆਂ ਗਈਆਂ ਜੋ ਹਾਲੀ ਤੱਕ ਖੜੀਆਂ ਹਨ। ਕਾਠੀਆਵਾੜ ਉਦੇਪੁਰ, ਵਿਚ ੧੭੨ ਮੰਦਰ, ਅੰਬਰ ਵਿਚ ੬੬ ਮੰਦ੍ਰ, ਚਤੋੜ ਵਿਖੇ ੬੩ ਮੰਦਰ, ਢਾਹਕੇ ਢੇਰੀ ਕੀਤੇ ਗਏ। ਇਸੀ ਤਰ੍ਹਾਂ ਗੋਲ ਕੁੰਡਾ, ਬੀਜਾਪੁਰ, ਕੂਚ ਵਿਹਾਰ, ਉਜੈਨ, ਜੋਧਪੁਰ, ਹਰਿਦ੍ਵਾਰ ਅਤੇ ਕਸ਼ਮੀਰ ਵਿਚ ਹਿੰਦੂਆਂ ਦੇ ਹਜਾਰਾਂ ਮੰਦਰ ਢਾਹਕੇ ਮਿੱਟੀ ਦਾ ਢੇਰ ਬਣਾ ਦਿਤੇ ਗਏ। ਮੁਹੰਮਦ ਲਤੀਫ ਨੇ ਲਿਖਿਆ ਹੈ, 'ਬਾਦਸ਼ਾਹ ਨੇ ਅਜੇਹੇ ਮੁੱਲਾਂ ਵੀ ਨਿਯੁਕਤ ਕੀਤੇ ਸਨ ਜੋ ਘੋੜ ਸਵਾਰਾਂ ਨੂੰ ਲੈ ਕੇ ਕੇਵਲ ਮੰਦਰ ਤੋੜਦੇ ਸਨ।

ਸਮੂਹ ਹਿੰਦੂਆਂ ਉਤੇ ਜਜ਼ੀਆ ਟੈਕਸ ਲੱਗਾ ਹੋਇਆ ਸੀ। ਇਹ ਕਰ ਬੜਾ ਸਖਤ ਅਤੇ ਹਿੰਦੂ ਹੋਣ ਦੀ ਸਜ਼ਾ ਸੀ।[70] ਹਰ ਹਿੰਦੂ ਨੂੰ ਤੀਰਥਾ ਯਾਤ੍ਰਾ ਕਰ (ਟੈਕਸ) ਵੀ ਦੇਣਾ ਪੈਂਦਾ ਸੀ। ਇਕਲੇ ਪ੍ਰਯਾਗਰਾਜ ਦੀ ਯਾਤ੍ਰਾ ਵਾਸਤੇ ੬ ਰੁਪੈ ਪਚੀ ਪੈਸੇ ਦੇਣੇ ਪੈਂਦੇ ਸਨ। ਹਿੰਦੂਆਂ ਨੂੰ ਆਪਣੇ ਪੁਰਬ ਮਨਾਉਣ ਦੀ ਆਗਿਆ ਨਹੀਂ ਸੀ। ਨਦੀਆਂ ਕਨਾਰੇ ਮੁਰਦੇ ਸਾੜਨ ਦੀ ਮਨਾਹੀ ਸੀ। ਮੁਸਲਮਾਨਾਂ ਵਰਗੇ ਕੱਪੜੇ ਪਾਉਣ ਦੀ ਖੁੱਲ੍ਹ ਨਹੀਂ ਸੀ। ਕੇਵਲ ਰਾਜਪੂਤ ਅਤੇ ਮਰਾਠਿਆਂ ਨੂੰ ਛੱਡ ਕੇ ਹਿੰਦੂਆਂ ਨੂੰ ਘੋੜੇ, ਹਾਥੀ, ਰਥਾਂ ਪਾਲਕੀਆਂ ਦੀ ਸਵਾਰੀ ਕਰਨ ਦਾ ਅਧਿਕਾਰ ਨਹੀਂ ਸੀ। ਨਾ ਹੀ ਹਿੰਦੂ ਸ਼ਸਤ੍ਰ ਰੱਖ ਸਕਦਾ ਸੀ।

---

70 ਇਕ ਵਾਰ ਹਜ਼ਾਰਾਂ ਹਿੰਦੂ ਔਰੰਗਜੇਬ ਤੋਂ ਟੈਕਸ ਮੁਆਫ ਕਰਵਾਉਣ ਵਾਸਤੇ ਇਕਠੇ ਹੋ ਕੇ ਮਿਲੇ ਕਿੰਤੂ ਉਹ ਗੱਲ ਸੁਨਣ ਦੀ ਵਜਾਏ ਸੈਂਕੜੇ ਹਿੰਦੂਆਂ ਉਤੋਂ ਦੀ ਹਾਥੀ ਲੰਘਾ ਕੇ ਕੁਚਲ ਗਿਆ। ਲੱਖਾਂ ਹਿੰਦੂ ਕੇਵਲ ਜਜ਼ੀਆ ਟੈਕਸ ਤੋਂ ਬਚਣ ਵਾਸਤੇ ਮੁਸਲਮਾਨ ਬਣ ਗਏ ਸਨ।

ਔਰੰਗਜੇਬ ਨੇ 'ਮੁਹਤਸਿਬ' ਨਾਮੇ ਵਿਭਾਗ ਦੇ ਕਰਮਚਾਰੀ ਪਿੰਡਾਂ ਵਿਚ ਨੀਯਤ ਕੀਤੇ ਸਨ। ਜੋ ਹਿੰਦੂਆਂ ਵਿਰੁਧ ਹੁਕਮਾਂ ਨੂੰ ਅਮਲ ਵਿਚ ਲਿਆਉਂਦੇ ਸਨ। ਮੁਸਲਮਾਨ ਬਨਾਉਣ ਵਾਸਤੇ ਹਰ ਤਰ੍ਹਾਂ ਦਾ ਲੋਭ ਦਿੰਦੇ ਸਨ। ਡਾ. ਈਸ਼ਵਰੀ ਪ੍ਰਸਾਦ ਦੇ ਕਥਨ ਅਨੁਸਾਰ ਔਰੰਗਜੇਬ ਦੇ ਰਾਜ ਵਿਚ ਇਹ ਲੋਕੋਕਤੀ ਪ੍ਰਸਿਧ ਹੋ ਗਈ ਸੀ ਕਿ 'ਇਸਲਾਮ ਅਪਣਾਉ, ਕਾਨੂੰਗੋ ਦੀ ਪਦਵੀ ਪਾਉ'। ਪ੍ਰੋ. ਜੇ.ਐਨ ਸਰਕਾਰ ਦੇ ਕਥਨ ਅਨੁਸਾਰ ਪੰਜਾਬ ਦੇ ਬਹੁਤ ਮੁਸਲਮਾਨਾਂ ਕੋਲ ਉਹ ਨਿਯੁਕਤੀ ਪ੍ਰਮਾਣ ਪਤ੍ਰ ਹਾਲੀ ਪਏ ਹਨ ਜੋ ਉਨ੍ਹਾਂ ਦੇ ਵਡਾਰੂਆਂ ਨੇ ਮੁਸਲਮਾਨ ਬਨਣ ਸਮੇਂ ਪ੍ਰਾਪਤ ਕੀਤੇ ਸਨ।

ਅਜੇਹੀ ਨੀਤੀ ਦੇ ਕਾਰਣ ਔਰੰਗਜੇਬ ਜਨਸਧਾਰਨ ਦਾ ਪ੍ਰਿਯ ਸਮਰਾਟ ਨ ਰਿਹਾ। ਭਾਵੇਂ ਜੰਤਾ ਸਹਿਮ ਦੇ ਕਾਰਣ ਬੋਲਦੀ ਨਹੀਂ ਸੀ ਪਰ ਵਿਰੋਧ ਦੀ ਜਵਾਲਾ ਦਿਨ ਪ੍ਰਤੀ ਦਿਨ ਭੜਕ ਰਹੀ ਸੀ। ਸਤਿਗੁਰੂ ਜੀ ਦੇ ਦਰਬਾਰ ਵਿਚ ਔਰੰਗਜੇਬੀ ਅਤਿਆਚਾਰਾਂ ਦੀ ਚਰਚਾ ਚਲਦੀ ਰਹਿੰਦੀ ਸੀ।

**ਸਤਿਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ:** ਔਰੰਗਜੇਬ ਹਿੰਦਸਤਾਨ ਨੂੰ 'ਦਾਰਉਲ ਇਸਲਾਮ' ਬਣਾਉਣ ਵਾਸਤੇ ਦ੍ਰਿੜ੍ਹ ਸੀ। ਉਸ ਦੀ ਆਗਿਆ ਸੀ ਕਿ ਹਿੰਦੂਆਂ ਨੂੰ ਮੁਸਲਮਾਨ ਬਨਾਉਣ ਵਾਸਤੇ ਰਾਜਕੀ ਸ਼ਕਤੀ ਦੀ ਯੋਗ/ਅਯੋਗ ਹਰ ਤਰ੍ਹਾਂ ਦੀ ਵਧ ਤੋਂ ਵਧ ਵਰਤੋਂ ਕੀਤੀ ਜਾਵੇ। ਸਾਰੇ ਪ੍ਰਾਂਤਾਂ ਦੇ ਗਵਰਨਰਾਂ ਨੂੰ ਇਹ ਹਦਾਇਤਾਂ ਦਿਤੀਆਂ ਹੋਈਆਂ ਸਨ।

ਕਸ਼ਮੀਰ ਦਾ ਗਵਰਨਰ ਇਫ਼ਤਿਖ਼ਾਰ ਖਾਨ ਦੁਸ਼ਟ ਨਰਦਈ ਅਤੇ ਅਤਿਆਚਾਰੀ ਸੀ। ਇਹ ਮੁਸਲਮਾਨ ਬਨਾਉਣ ਵਾਸਤੇ ਹਰ ਤਰ੍ਹਾਂ ਦੇ ਅਤਿਆਚਾਰ ਕਰਦਾ ਸੀ। ਕੁਝ ਵਿਅਕਤੀਆਂ ਨੂੰ ਬਹਾਨਾ ਬਣਾਕੇ ਫੜ ਲਿਆ ਜਾਂਦਾ ਫਿਰ ਕਿਹਾ ਜਾਂਦਾ, 'ਜੇ ਪ੍ਰਾਣ ਬਚਾਉਣਾ ਚਾਹੁੰਦੇ ਹੋ ਤਾਂ ਮੁਸਲਮਾਨ ਹੋ ਜਾਉ।' ਸਹਿਮੀ ਹੋਈ ਜੰਤਾ ਸਾਰੇ ਦੁੱਖਾਂ ਕਲੇਸਾਂ ਨੂੰ ਈਸ਼ਵਰ ਦਾ ਭਾਣਾ ਮੰਨ ਕੇ ਸਹਾਰੀ ਜਾ ਰਹੀ ਸੀ। 'ਦਿਲੀਸ੍ਵਰੋਵਾ, ਈਸ੍ਵਰੋਵਾ' ਦੇ ਕਥਨ ਅਨੁਸਾਰ ਦਿੱਲੀ ਦੇ ਸਮਰਾਟ ਨੂੰ ਭਾਵੇਂ ਕਿੰਨਾਂ ਵੀ ਜ਼ਾਲਮ ਦੁਸ਼ਟ ਕਿਉਂ ਨ ਹੋਵੇ ਈਸ੍ਵਰ ਦਾ ਪ੍ਰਤੀਨਿਧ ਸਮਝਦੀ ਸੀ।

ਗਵਰਨਰ ਦੁਸ਼ਟ ਹੋਣ ਕਰਕੇ ਬਹੁਤੇ ਅਤਿਆਚਾਰ ਹੋਏ, ਨਾਲ ਹੀ ਕਾਰਣ ਇਹ ਵੀ ਸੀ ਕਸ਼ਮੀਰ ਦੀ ਸੁੰਦਰਤਾ ਕਰਕੇ, ਗਰੀਬੀ ਕਰਕੇ, ਬ੍ਰਾਹਮਣ ਸ਼੍ਰੇਣੀ ਬੁੱਧੀਜੀਵੀ ਹੋਣ ਕਰਕੇ, ਉਚੇਚੇ ਵੀ ਤਸ਼ੱਦਦ ਹੋਇਆ। ਮੁਗਲਾਂ ਦੀ ਨੀਤੀ ਸੀ ਕਿ ਜੇ ਵਿਦਵਾਨ ਸ਼੍ਰੇਣੀ ਇਸਲਾਮ ਗ੍ਰਹਿਣ ਕਰ ਲਵੇ ਤਾਂ ਜਨਸਧਾਰਨ ਤਾਂ ਆਪੇ ਮੁਸਲਮਾਨ ਬਣ ਜਾਣਗੇ। ਕਸ਼ਮੀਰ ਦੇ ਬ੍ਰਾਹਮਣ ਵਰਗ ਨੂੰ ਉਚੇਚੇ ਕਸ਼ਟ ਦੇਣੇ ਆਰੰਭ ਕੀਤੇ। ਪਿੰਡ ਘੇਰ-ਘੇਰ ਕੇ ਕਲਮੇ ਪੜ੍ਹਾਏ ਜਾਣ ਲੱਗੇ। ਸ਼ੀਘਰਤਾ ਵਾਸਤੇ ਔਰੰਗਜੇਬ ਦੇ ਆਦੇਸ਼ ਮੁੜ-ਮੁੜ ਆ ਰਹੇ ਸਨ। ਅੰਤ ਇਫ਼ਤਿਖ਼ਾਰ ਖਾਸ ਨੇ ਵੀ ਕਾਫੀ ਸੋਚ ਵਿਚਾਰ ਤੋਂ ਮਗਰੋਂ ਬ੍ਰਾਹਮਣਾਂ ਨੂੰ ਗਿਰਫਤਾਰ ਕਰਨ ਦਾ ਆਦੇਸ਼

ਦਿਤਾ। ਆਦੇਸ਼ ਅਨੁਸਾਰ ਸੈਂਕੜੇ ਬ੍ਰਾਹਮਣ ਜੇਹਲਾਂ ਵਿਚ ਸੁੱਟੇ ਜਾਣ ਲੱਗ ਪਏ। ਸੈਂਕੜੇ ਜਨੇਊ ਲਾਹ ਕੇ ਕਲਮੇ ਪੜਨ ਲੱਗ ਪਏ। ਸੈਂਕੜੇ ਤਲਵਾਰ ਦੇ ਘਾਟ ਉਤਰਨ ਲਗ ਪਏ। ਇਸੀ ਤਰ੍ਹਾਂ ਪੰਜਾਬ ਦਿੱਲੀ ਤੇ ਦੱਖਣੀ ਭਾਰਤ ਵਿਚ ਵੀ ਗਿਰਫਤਾਰੀਆਂ ਹੋਈਆਂ। ਇਸ ਕਹਿਰ ਨੂੰ ਕਿੰਨਾ-ਕਿੰਨਾ ਸਮਾਂ ਝੱਲਿਆ ਜਾਵੇ। ਅੰਤ ਬ੍ਰਾਹਮਣਾਂ ਦਾ ਇਕਠ ਹੋਇਆ, ਸੋਚ ਵਿਚਾਰ ਤੋਂ ਮਗਰੋਂ ਇਫ਼ਤਿਖਾਰ ਖਾਨ ਨਾਲ ਭੇਂਟ ਕੀਤੀ। ਕੁੱਝ ਸਮਾਂ ਧਰਮ ਪਰਿਵਰਤਨ ਤੋਂ ਪਹਿਲੇ ਸੋਚਨ ਵਾਸਤੇ ਮੰਗਿਆ ਤਾਂ ਛੇ ਮਹੀਨੇ ਦਾ ਸਮਾਂ ਮਿਲਿਆ ਅਤੇ ਨਾਲ ਹੀ ਗਵਰਨਰ ਵਲੋਂ ਆਦੇਸ਼ ਦਿਤਾ ਗਿਆ ਕਿ ਸਮਾਂ ਪੂਰਾ ਹੋਣ ਤੇ ਜੇਕਰ ਕਲਮਾ ਨ ਪੜ੍ਹਿਆ ਤਾਂ ਮੌਤ ਦੇ ਘਾਟ ਉਤਾਰ ਦਿਤਾ ਜਾਵੇਗਾ। ਇਸ ਭੇਂਟ ਤੋਂ ਮਗਰੋਂ ਵੱਡੇ-ਵੱਡੇ ਧਾਰਮਿਕ ਕਰਮ ਕਾਂਡੀ ਅਤੇ ਧਰੰਧਰ ਵਿਦਵਾਨ ਬ੍ਰਾਹਮਣਾਂ ਦਾ ਜੱਥਾ ਗੁਰੂ ਘਰ ਦੇ ਅਨਨਯ ਗੁਰਸਿੱਖ ਵਿਦਿਆ ਮਾਰਤੰਡ ਪੰਡਿਤ ਭਾਈ ਕ੍ਰਿਪਾ ਰਾਮ ਜੀ ਦੀ ਸਰਪ੍ਰਸਤੀ ਹੇਠ ਅਮਰ ਨਾਥ ਦੇ ਮੰਦਰ ਵਿਚ ਉਪ-ਸਥਿਤ ਹੋਇਆ।[71] ਈਸ੍ਵਰ ਅਗੇ ਪ੍ਰਾਰਥਨਾ ਕੀਤੀ, ਗੰਭੀਰ ਚਿੰਤਨ 'ਤੇ ਵੀਚਾਰ ਹੋਇਆ। ਤਰ੍ਹਾਂ-ਤਰ੍ਹਾਂ ਦੇ ਸਾਧਨ ਸੋਚੇ। ਕਿਸੀ ਨੇ ਰਾਏ ਦਿਤੀ ਕਿ ਰਾਜਪੂਤਾਂ ਦੀ ਸ਼ਰਣ ਲਈ ਜਾਵੇ। ਨਾਲ ਹੀ ਖੰਡਨ ਹੋ ਗਿਆ ਰਾਜਪੂਤ ਆਪਣਾ ਧਰਮ ਵੇਚ ਚੁੱਕੇ ਹਨ ਜੋ ਆਪਣੇ ਨਿੱਕੇ-ਨਿੱਕੇ ਰਾਜਾਂ ਨੂੰ ਬਚਾਉਣ, ਤੁਛ ਐਸ਼੍ਵਰਜ਼ ਵਾਸਤੇ ਆਪਣੀਆਂ ਧੀਆਂ ਦੇ ਮੁਗਲਾਂ ਦੇ ਮਹਿਲਾਂ ਵਿਚ ਉਪਹਾਰ ਦਿੰਦੇ ਹਨ।

ਹੋਰ ਅਵਾਜ ਉਠੀ ਸ਼ਿਵ ਜੀ ਮਰਹੱਟੇ ਨੂੰ ਮਿਲਿਆ ਜਾਵੇ ਬਹਾਦਰ ਹੈ, ਸੂਰਮਾ ਹੈ। ਨਾਲ ਹੀ ਟਿਪਣੀ ਹੋ ਗਈ, ਹਿੰਦੂ ਧਰਮ ਉੱਤੇ ਸੰਕਟ ਆਇਆ ਹੋਇਆ ਹੈ। ਕਹਿਰ ਦੀ ਹਨੇਰੀ ਝੁੱਲ ਰਹੀ ਹੈ। ਸ਼ਿਵਾ ਜੀ ਨਿੱਕੇ ਜੇਹੇ ਰਾਜ ਵਿਚ ਰਾਜਭਿਸ਼ੇਕ ਉਤਸਵ ਮੰਨਾਉਣ ਵਿਚ ਰੁੱਝਿਆ ਹੋਇਆ ਹੈ। ਦਿੱਲੀ ਪਤਿ (ਔਰੰਗਜੇਬ) ਨਾਲ ਸੰਧੀ ਕਰਨ ਦਾ ਇੱਛਕ ਹੈ।

ਵਿਚਾਰ ਅਧੀਨ ਇਹ ਗੱਲ ਵੀ ਖੁੱਲ੍ਹ ਕੇ ਚੱਲੀ ਕਿ ਵਰਤਮਾਨ ਸਮੇਂ ਵਿਚ ਸਤਿਗੁਰੂ ਨਾਨਕ ਦੇਵ ਜੀ ਦੀ ਗੱਦੀ ਤੋਂ ਬਿਨ੍ਹਾਂ ਮੁਗਲਾਂ ਨਾਲ ਕੋਈ ਵਿਅਕਤੀ ਸਪਸ਼ਟ ਗੱਲ ਨਹੀਂ ਕਰ ਸਕਦਾ। ਸਤਿਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਦੇਸ ਦੀ ਸ੍ਵਤੰਤ੍ਰਤਾ ਹਰਨ ਵਾਲਾ ਡਾਕੂ ਆਖਿਆ। ਬਾਬਰ ਦੇ ਕਾਰਾਗਾਰ ਵਿਚ ਚੱਕੀਆਂ ਪੀਠੀਆਂ। ਸਤਿਗੁਰੂ ਅਰਜਨ ਦੇਵ ਜੀ ਨੇ ਦ੍ਰਿੜ੍ਹਤਾ ਨਾਲ ਸਰੀਰ ਦੀ ਆਹੂਤੀ ਦੇ ਦਿਤੀ। ਗੁਰੂ ਹਰਿਗੋਬਿੰਦ ਜੀ ਨੇ ਮੁਗਲਾਂ ਨਾਲ ਡਟ ਕੇ ਲੜਾਈ ਲੜੀ, ਪਰ ਝੁਕੇ ਨਹੀਂ। ਹੁਣ ਗੱਦੀ ਉੱਤੇ ਗੁਰੂ ਹਰਿਗੋਬਿੰਦ ਜੀ ਦੇ ਸਪੁਤ੍ਰ ਸਤਿਗੁਰੂ ਤੇਗ ਬਹਾਦਰ ਜੀ ਵਿਰਾਜਮਾਨ ਹਨ। ਉਹ ਤੇਗ ਦੇ ਵੀ ਧਨੀ ਹਨ, ਦਿਆਲੂ ਕ੍ਰਿਪਾਲੂ

71 ਭਾਈ ਕ੍ਰਿਪਾ ਰਾਮ ਮਟਨ ਨਿਵਾਸੀ ਸਾਰਸ੍ਵਤ ਬ੍ਰਾਹਮਣ ਸੀ। ਅੰਮ੍ਰਿਤ ਛਕ ਕੇ ਸਿੰਘ ਸਜਿਆ। ੮ ਪੋਹ ੧੭੬੨ ਬਿ. ਨੂੰ ਚਮਕੌਰ ਦੇ ਜੰਗ ਵਿਚ ਸ਼ਹੀਦ ਹੋਇਆ। ਭਾਈ ਚੌਪਾ ਸਿੰਘ ਦੇ ਰਹਿਤਨਾਮੇ ਅਨੁਸਾਰ ਗੁਰੂ ਦਸਮੇਸ਼ ਦਾ ਅਧਿਆਪਕ ਵੀ ਰਿਹਾ। (ਸ਼ਹੀਦ ਬਲਾਸ ਭਾਈ ਮਨੀ ਸਿੰਘ ਪ੯)

ਵੈਰਾਗ ਅਤੇ ਨਿਮ੍ਰਤਾ ਦੀ ਮੂਰਤੀ ਹਨ। 'ਨਿਰਭਉ ਨਿਰਵੈਰ' ਹਨ। ਇਸ ਸਾਰੀ ਵੀਚਾਰ ਦਾ ਭਾਈ ਕ੍ਰਿਪਾ ਰਾਮ ਨੇ ਸਮਰਥਨ ਕੀਤਾ ਅਤੇ ਫੈਸਲਾ ਹੋਇਆ ਸ੍ਰੀ ਅਨੰਦਪੁਰ ਪਹੁੰਚਿਆ ਜਾਵੇ। ਸੋਲਾਂ ਬ੍ਰਾਹਮਣਾਂ ਦਾ ਸੰਘ ਅਨੰਦਪੁਰ ਦੀ ਯਾਤ੍ਰਾ 'ਤੇ ਪੰਡਿਤ ਭਾਈ ਕ੍ਰਿਪਾ ਰਾਮ ਜੀ ਦੀ ਸਰਪ੍ਰਸਤੀ ਹੇਠ ਚਲ ਪਿਆ।

ਅਨੰਦਪੁਰ ਪਹੁੰਚ ਕੇ ਦੀਵਾਨ ਵਿਚ ਹਾਜ਼ਰ ਹੋਏ। ਸਤਿਕਾਰ ਅਤੇ ਨਿਮ੍ਰਤਾ ਨਾਲ ਨਮਸ਼ਕਾਰ ਕਰਕੇ ਬੈਠ ਗਏ। ਸਤਿਗੁਰੂ ਜੀ ਦੇ ਪ੍ਰਯੋਜਨ ਪੁੱਛਣ ਤੇ ਖੜ੍ਹੇ ਹੋਕੇ ਆਪਣੀ ਦੁੱਖਭਰੀ ਵਿਪਤਾ ਕਰੁਣਾਮਈ ਸ਼ਬਦਾਂ ਵਿਚ ਵਰਨਨ ਕਰਕੇ ਸੁਣਾਈ ਕਿ 'ਸਚੇ ਪਾਤਸ਼ਾਹ! ਸਾਡਾ ਧਰਮ ਜਾ ਰਿਹਾ ਹੈ, ਸਾਡੇ ਧਰਮ ਤਿਲਕ ਜੰਞੂ ਦੀ ਰੱਖਿਆ ਕਰੋ।' ਸਭ ਬ੍ਰਾਹਮਣਾਂ ਦਾ ਰੁਧਾ ਕੰਠ ਹੋ ਗਿਆ। ਸਤਿਗੁਰੂ ਜੀ ਵੀ ਗੰਭੀਰ ਹੋ ਗਏ। ਨਾਲ ਹੀ ਤਖਤ ਉੱਤੇ ਵਿਰਾਜਮਾਨ 'ਗੋਬਿੰਦ' ਬ੍ਰਾਹਮਣਾਂ ਦੀ ਸਹਾਨਭੂਤੀ ਵਿਚ ਦ੍ਰਵੀਭੂਤ ਹੋ ਗਿਆ। ਸਤਿਗੁਰੂ ਜੀ ਦੀ ਸਮਾਧੀ ਲੱਗ ਗਈ, ਬ੍ਰਾਹਮਣ ਸ੍ਵਾਸ ਰੋਕ ਕੇ ਫੈਸਲੇ ਦੀ ਉਡੀਕ ਵਿਚ ਖੜ੍ਹੇ ਰਹੇ। ਸਤਿਕਾਰ ਨਾਲ ਚਰਨਾ 'ਤੇ ਪ੍ਰਣਾਮ ਕਰਕੇ ਗੋਬਿੰਦ ਨੇ ਨਿਮ੍ਰਤਾ ਨਾਲ ਪਿਤਾ ਗੁਰੂ ਦੇਵ ਨੂੰ ਪੁਛਿਆ, 'ਸਮਸਿਆ ਦਾ ਕੋਈ ਸਮਾਧਾਨ?' ਗੁਰੂ ਦੇਵ ਬੋਲੇ 'ਹੈ'। 'ਕੀ? ਗੁਰੂ ਦੇਵ' ਸ੍ਰੀ ਗੋਬਿੰਦ ਨੇ ਉਤਸੁਕਤਾ ਨਾਲ ਪੁੱਛਿਆ।

ਕੋਈ ਤੇਜਸ੍ਵੀ ਪਵਿਤ੍ਰ ਆਤਮਾ ਮਹਾਂਪੁਰਸ਼, ਸਮਰਾਟ ਨੂੰ ਸਮਝਾਵੇ। ਜੇ ਉਸ ਦੀ ਪੱਥਰ ਵਰਗੀ ਆਤਮਾ ਦ੍ਰਵੀਭੂਤ ਨ ਹੋਵੇ ਤਾਂ ਇਨ੍ਹਾਂ ਦੇ ਧਰਮ, ਸੰਸਕ੍ਰਿਤੀ ਅਤੇ ਪੂਜਾ ਪਾਠ ਵਾਸਤੇ ਆਪਣੇ ਸਰੀਰ ਦੀ ਆਹੂਤੀ ਦੇ ਦੇਵੇ। ਆਪਣਾ ਸੀਸ ਸਮਰਾਟ ਦੇ ਸਮੁਖ ਵਾਰ ਦੇਵੇ; ਬਲੀਦਾਨ ਨਾਲ ਹੀ ਧਰਮ ਦੀ ਰੱਖਿਆ ਹੋ ਸਕਦੀ ਹੈ।

ਸ੍ਰੀ ਗੋਬਿੰਦ ਜੀ ਸਰਲਤਾ ਨਾਲ ਸੁਭਾਵਿਕ ਹੀ ਬੋਲੇ, "ਗੁਰੂ ਦੇਵ! ਇਨ੍ਹਾਂ ਵਿਚਾਰਿਆ ਦੇ ਧਰਮ ਨੂੰ ਸਥਾਪਨ ਰੱਖਣ ਵਾਸਤੇ, ਜੰਞੂ ਤਿਲਕ, ਸਾਹਿਤਯ ਤੇ ਸੰਸਕ੍ਰਿਤੀ ਬਚਾਉਣ ਵਾਸਤੇ, ਵਿਸ਼ਵ ਵਿਚ ਆਪ ਜੀ ਤੋਂ ਵੱਡਾ ਹੋਰ ਕੌਣ ਮਹਾਂਪੁਰਸ਼ ਹੈ ਜੋ ਬਲੀਦਾਨ ਦੇਵੇ? ਹਿੰਦੂ ਧਰਮ ਦੀ ਰੱਖਿਆ ਅਤੇ ਬਚਾਓ ਵਾਸਤੇ ਕੇਵਲ ਆਪ ਜੀ ਦਾ ਪਾਵਨ ਬਲੀਦਾਨ ਹੀ ਅਤਿਆਚਾਰੀ ਮੁਗਲ-ਰਾਜ ਦੀਆਂ ਜੜਾਂ ਕਟਣ ਦੇ ਸਮਰਥ ਹੈ।"

ਸਤਿਗੁਰੂ ਤੇਗ ਬਹਾਦਰ ਜੀ ਦਾ ਗੰਭੀਰ ਮੁਖ ਪ੍ਰਸੰਨਤਾ ਵਿਚ ਬਦਲ ਗਿਆ। ਉਨ੍ਹਾਂ ਦੀ ਚਿੰਤਾ ਦਾ ਹੱਲ ਹੋ ਗਿਆ। ਸਤਿਗੁਰੂ ਜੀ ਨੇ ਗੋਬਿੰਦ ਨੂੰ ਛਾਤੀ ਨਾਲ ਲਾ ਲਿਆ ਅਤੇ ਫਰਮਾਇਆ, "ਮੇਰੀ ਸਾਰੀ ਚਿੰਤਾ ਨਵਿਰਤ ਹੋ ਗਈ, ਮੈਨੂੰ ਵਿਸ਼ਵਾਸ਼ ਹੋ ਗਿਆ ਮੇਰਾ ਗੋਬਿੰਦ ਧਰਮ ਦੀ ਰੱਖਿਆ ਕਰਨ ਵਾਸਤੇ, ਪਾਪ-ਰਾਜ ਦੇ ਅਤਿਆਚਾਰ ਹਰਨ ਵਾਸਤੇ ਸਾਮਰਥ ਹੈ।" ਬ੍ਰਾਹਮਣਾਂ ਨੂੰ ਫੁਰਮਾਇਆ, "ਜਾਉ ਮੁਗਲ ਸਮਰਾਟ ਨੂੰ ਆਖ ਦਿਉ, ਹਿੰਦੂ ਧਰਮ ਦੇ ਆਚਾਰਯ ਤੇਗ ਬਹਾਦਰ (ਜੀ) ਹਨ। ਉਨ੍ਹਾਂ ਦੀ ਇੱਛਾ ਨੂੰ ਸਾਰਾ ਹਿੰਦੂ ਧਰਮ ਅਤੇ ਭਾਰਤ ਵਰਸ਼ ਕ੍ਰਿਆਤਮਿਕ ਰੂਪ ਦੇਵੇਗਾ। ਜੇ ਉਹ ਮੁਸਲਮਾਨ ਬਣ ਜਾਣ ਤਾਂ ਸਾਰੇ ਦੇਸ ਦੇ ਬ੍ਰਾਹਮਣ ਅਤੇ

ਹੋਰ ਹਿੰਦੂ ਇਸਲਾਮ ਗ੍ਰਹਿਣ ਕਰ ਲੈਣਗੇ। ਜਦੋਂ ਵੀ ਹਿੰਦੂਆਂ ਦੇ ਅਧਸ਼ਟਾਤਾ (ਗੁਰੂ) ਤੇਗ ਬਹਾਦਰ ਨੂੰ ਗਿਰਫਤਾਰ ਕੀਤਾ ਜਾਵੇ, ਸਾਰੇ ਦੇਸ ਦੇ ਬ੍ਰਾਹਮਣਾਂ ਨੂੰ ਬੰਦਨ-ਮੁਕਤਿ ਕੀਤਾ ਜਾਵੇ।"

ਇਹ ਵਾਕ ਸੁਣ ਕੇ ਬ੍ਰਾਹਮਣਾਂ ਦੇ ਪ੍ਰਣਾਮ ਲਈ ਹੱਥ ਜੁੜ ਗਏ ਅਤੇ ਸਿਰ ਚਰਨਾ ਵਿਚ ਨਤ ਮਸਤਕ ਹੋ ਗਏ। ਬ੍ਰਾਹਮਣ ਸੰਘ ਦੀ ਅਵਾਜ ਇਕ ਸ੍ਵਰ ਹੋ ਕੇ ਅਕਾਸ਼ ਵਿਚ ਗੂੰਜ ਉਠੀ, "ਧੰਨ ਸਤਿਗੁਰੂ ਤੇਗ ਬਹਾਦਰ, ਹਿੰਦ ਧਰਮ ਦੀ ਚਾਦਰ।' ਗੁਰੂ ਜੀ ਦਾ ਪ੍ਰਣ ਸੁਣਕੇ ਅਨੰਦਪੁਰ ਵਿਚ ਸਨਾਟਾ ਛਾ ਗਿਆ। ਗੁਰੂ ਪਰਵਾਰ ਵਿਚ ਗੰਭੀਰ ਵਿਚਾਰ ਚਿੰਤਨ ਅਤੇ ਘਰ-ਘਰ ਗੱਲਾਂ ਹੋਣ ਲੱਗ ਪਈਆਂ।

ਸਤਿਗੁਰੂ ਜੀ ਦੀ ਸ੍ਵੈ ਇੱਛਾ ਅਨੁਸਾਰ ਬ੍ਰਾਹਮਣ ਸੰਘ ਨੇ ਕਸ਼ਮੀਰ ਅਤੇ ਪੰਜਾਬ ਦੇ ਗਵਰਨਰਾਂ ਰਾਹੀਂ ਬਾਦਸ਼ਾਹ ਨੂੰ ਗੁਰੂ ਜੀ ਦੀ ਪ੍ਰਤਿਗਯਾ ਤੋਂ ਜਾਣੂ ਕਰਵਾ ਦਿਤਾ। ਰਾਜਕੀ ਗੁਪਤਚਰਾਂ ਨੇ ਵੀ ਗੁਰੂ ਜੀ ਦੇ ਪ੍ਰਣ ਬਾਰੇ ਸਮਰਾਟ ਨੂੰ ਖਬਰ ਭੇਜ ਦਿਤੀ।

ਬਾਦਸ਼ਾਹ ਦਾ ਹੁਕਮ ਆ ਗਿਆ ਕਿ ਗੁਰੂ ਤੇਗ ਬਹਾਦਰ ਦਿੱਲੀ ਜਾਂ ਆਗਰੇ ਮੈਨੂੰ ਮਿਲਣ, ਨ ਮਿਲਣ ਦੀ ਹਾਲਤ ਵਿਚ ਵਰੰਟ ਜਾਰੀ ਕੀਤੇ ਜਾਣਗੇ। ਇਹ ਹੁਕਮ ਦੇ ਕੇ ਆਪ ਬਾਦਸ਼ਾਹ ੧੬੭੪ ਵਿਚ (ਪੰਜਾਬ ਵਿਚ ਦੀ) ਅਫਗਾਨਸਤਾਨ ਵੱਲ ਚਲਾ ਗਿਆ। ਸ੍ਰੀ ਗੁਰੂ ਜੀ ਨੇ ਸ੍ਵਯੰ ਹੀ ਅਪੂਰਬ ਬਲੀਦਾਨ ਵਾਸਤੇ ਤਿਆਰੀ ਆਰੰਭ ਕਰ ਦਿਤੀ।

**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ:** ਸਤਿਗੁਰੂ ਜੀ ਨੇ ਧਰਮ ਦੀ ਖਾਤ੍ਰ ਸਾਕਾ ਵਰਤਾਉਣ ਦੀ ਤਿਆਰੀ ਆਰੰਭ ਦਿਤੀ। ਸਾਰੇ ਪਰਵਾਰ ਅਤੇ ਸਿੱਖਾਂ ਨੂੰ ਇਕਤ੍ਰ ਕਰਕੇ ਭਵਿਸ਼ਯ ਬਾਰੇ ਸਮਝਾਇਆ। ਪੂਜਯ ਮਾਤਾ ਗੁਜਰੀ ਜੀ ਨੂੰ ਸਾਰੀ ਸੰਭਾਲ ਕਰਕੇ ਮਾਤਾ ਜੀ ਦੇ ਭਰਾ ਭਾਈ ਕ੍ਰਿਪਾਲ ਚੰਦ ਨੂੰ ਪ੍ਰਬੰਧਕ ਨਿਯੁਕਤ ਕੀਤਾ। ਗੋਬਿੰਦ ਨੂੰ ਹਰ ਤਰ੍ਹਾਂ ਦੀ ਵਿਦਿਆ ਦੇਣ ਦਾ ਆਦੇਸ਼ ਕੀਤਾ। ਗੋਬਿੰਦ ਦੇ ਵਿਦਿਆ ਅਧਿਐਨ ਵਾਸਤੇ ਸ਼ਾਸਤ੍ਰਾਂ ਅਤੇ ਸ਼ਸਤ੍ਰਾਂ ਦੇ ਚੰਗੇ-ਚੰਗੇ ਵਿਸ਼ੇਸਗਯ ਰੱਖਣ ਲਈ ਆਖਿਆ। ਸੈਨਕ ਦਲ ਸਥਾਪਨ ਕਰਨ ਦੀ ਆਗਿਆ ਕੀਤੀ। ਗੁਰੂ ਹਰਿਰਾਏ ਜੀ ਦੀ ਫੌਜ ਦੇ ਸੈਂਕੜੇ ਸੂਰਮਿਆਂ ਨੂੰ ਸ੍ਰੀ ਅਨੰਦਪੁਰ ਦੀ ਰੱਖਿਆ ਵਾਸਤੇ ਬੁਲਾਇਆ ਗਿਆ। ਗੁਰੂ ਜੀ ਨੇ ਆਪਣੀ ਭੈਣ ਬੀਬੀ ਵੀਰੋ ਦੇ ਪੰਜੇ ਸਪੁੱਤਰਾਂ (ਸੰਗੋ ਸ਼ਾਹ, ਗੁਲਾਬ ਰਾਏ, ਜੀਤ ਮੱਲ, ਗੰਗਾ ਰਾਮ ਅਤੇ ਮਾਹਰੀ ਚੰਦ) ਨੂੰ ਸੰਗਠਤ ਸੈਨਾ ਦੇ ਪ੍ਰਬੰਧਕ ਨਿਯੁਕਤ ਕੀਤਾ। ਸਤਿਗੁਰੂ ਜੀ ਨੇ ਸ੍ਰੀ ਪੂਜਯ ਮਾਤਾ ਨਾਨਕੀ ਜੀ ਨੂੰ ਪ੍ਰਣਾਮ ਕਰਕੇ, ਗੋਬਿੰਦ ਨੂੰ ਅਸ਼ੀਰਵਾਦ ਦੇ ਕੇ, ਪੰਜਾਂ ਸਿੱਖਾਂ ਭਾਈ ਦਿਆਲ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਗੁਰਦਿੱਤਾ ਜੀ ਅਤੇ ਭਾਈ ਉਦਾ ਜੀ ਸਮੇਤ ਵਿਲਖਸ਼ਣ ਯਾਤ੍ਰਾ ਆਰੰਭ ਕਰ ਦਿਤੀ। ਕੀਰਤਪੁਰ ਤਕ ਸਾਰੀ ਸੰਗਤ ਨਾਲ ਆਈ। ਵੱਡੇ ਸਤਿਗੁਰਾਂ ਦੇ

ਸਥਾਨਾਂ ਦੀ ਯਾਤ੍ਰਾ ਦਰਸ਼ਨ ਕਰਕੇ, ਸੰਗਤ ਨੂੰ ਵਾਪਸ ਅਨੰਦਪੁਰ ਨੂੰ ਮੋੜ ਦਿਤਾ। ਸ੍ਰੀ ਗੁਰੂ ਜੀ ਪੰਜਾਂ ਸਿੱਖਾਂ ਸਮੇਤ ਅਗੇ ਨੂੰ ਚੱਲ ਪਏ।[72]

ਰੋਪੜ ਵਿਚ ਦੀ ਪ੍ਰਚਾਰ ਕਰਦੇ-ਕਰਦੇ ਅਨਨਯ ਸਿੱਖ ਭਾਈ ਸੈਫਉਦੀਨ ਦੇ ਨਗਰ ਸੈਫਾਵਾਦ ਜਾ ਦਰਸ਼ਨ ਦਿਤੇ। ਸੈਫਉਦੀਨ ਦਰਸ਼ਨ ਕਰਕੇ ਅਤਿਅੰਤ ਪ੍ਰਸੰਨ ਹੋਇਆ। ਸਤਿਗੁਰੂ ਜੀ ਨੂੰ ਚਤਰਮਾਸਾ ਆਪਣੇ ਕੋਲ ਰੱਖਿਆ। ਗੁਪਤਚਰ ਪਤਾ ਕਰਨ ਆਏ ਭਾਈ ਸੈਫਉਦੀਨ ਨੇ ਟਰਕਾ ਦਿਤੇ। ਔਰੰਗਜੇਬ ਦਾ ਬੁਲਾਵਾ ਅਤੇ ਗੁਰੂ ਜੀ ਦਾ ਉਦੇਸ਼ ਸਮਝ ਕੇ ਸਤਿਗੁਰੂ ਜੀ ਨੂੰ ਪ੍ਰਾਰਥਨਾ ਕੀਤੀ ਕਿ ਆਯੂ ਭਰ ਇਥੇ ਹੀ ਨਿਵਾਸ ਕਰੋ। ਮੇਰੇ ਕਿਲ੍ਹੇ ਵਿਚ ਔਰੰਗਜੇਬ ਦਾ ਪਿਉ ਵੀ ਪੈਰ ਨਹੀਂ ਪਾ ਸਕਦਾ। ਸਤਿਗੁਰੂ ਜੀ ਨੇ ਮੁਸਕਰਾ ਕੇ ਫਰਮਾਇਆ, "ਅਸੀ ਵਿਸ਼ੇਸ਼ ਆਦਰਸ਼ਯ ਨੂੰ ਮੁਖ ਕੇ ਸ੍ਵੈ ਇੱਛਾ ਅਨੁਸਾਰ ਹੀ ਜਾ ਰਹੇ ਹਾਂ।"

ਗੁਰੂ ਜੀ ਸੈਫਉਦੀਨ ਤੇ ਕ੍ਰਿਪਾ ਦ੍ਰਿਸ਼ਟੀ ਬਖਸ਼ਕੇ, ਨਾਮ ਦਾਨ ਦੇ ਕੇ ਪ੍ਰਚਾਰ ਕਰਦੇ-ਕਰਦੇ ਗੜ੍ਹੀ ਨਜ਼ੀਰ ਦੇ ਸਰਦਾਰ ਭੀਖਨ ਖਾਂ ਨੂੰ ਸਿੱਖੀ ਨਾਮ ਬਖਸ਼ਕੇ ਕਰਹਾਲੀ ਵਿਚ ਦੀ ਚਿਹਕਾ ਪਿੰਡ ਵਿਚ ਪਹੁੰਚੇ। ਇਥੇ ਭਾਈ ਗਲੋਰੇ ਨੂੰ ਮਿਲਕੇ ਖਰਕ ਭੂਰਾ ਆਦਿ ਪਿੰਡਾਂ ਵਿਚ ਦੀ ਖਟਕਲ ਪਹੁੰਚੇ। ਇਸ ਪਿੰਡ ਦੀ ਸੰਗਤ ਨੇ ਪ੍ਰਾਰਥਨਾ ਕੀਤੀ ਕਿ "ਸਾਡਾ ਪਾਣੀ ਖਾਰਾ ਹੈ।" ਗੁਰੂ ਜੀ ਨੇ ਖੂਹ ਲਾਉਣ ਵਾਸਤੇ ਜਿੱਥੇ ਚੰਗਾ ਥਾਂਅ ਦੱਸਿਆ ਨਾਲ ਹੀ ਮਾਇਆ ਵੀ ਬਖਸ਼ੀ। ਇਸ ਤਰ੍ਹਾਂ ਦੇਸ ਵਿਚ ਪ੍ਰਚਾਰ ਕਰਦੇ ਹੋਏ ਜੀਂਦ, ਲਖਨ ਮਾਜਰਾ, ਰੋਹਤਕ ਵਿਚ ਦੀ ਆਗਰੇ ਵੱਲ ਨੂੰ ਚੱਲ ਪਏ।

ਜੰਤਾ ਨੂੰ 'ਨ ਭੈ ਦੇਣ ਤੇ ਨ ਭੈ ਮੰਨਣ' ਦਾ ਪ੍ਰਚਾਰ ਕਰਦੇ-ਕਰਦੇ ਆਗਰੇ ਪਹੁੰਚ ਗਏ। ਸ਼ਹਿਰ ਵਿਚ ਪ੍ਰੇਮਣ ਮਾਈ ਭਾਗਵੰਤੀ ਨੂੰ ਦਰਸ਼ਨ ਦੇਕੇ, ਸਿੱਖੀ ਸਿਦਕ ਬਖਸ਼ ਕੇ, ਮੁੜ ਬਾਗ ਵਿਚ ਆਣ ਉਤਰੇ।

ਗੁਰੂ ਜੀ ਨੇ ਆਪਣੀ ਗਰਿਫਤਾਰੀ ਦਾ ਸਾਧਨ ਆਪ ਹੀ ਬਣਾਇਆ। ਭੇਡਾਂ ਚਾਰਨ ਵਾਲੇ ਇਕ ਆਜੜੀ ਮੁੰਡੇ ਨੂੰ ਸੁਚੇ ਨਗਾਂ ਵਾਲੀ ਮੁੰਦਰੀ ਅਤੇ ਦਸ਼ਾਲਾ ਦੇ ਕੇ ਕਿਹਾ ਕਿ ਬਜਾਰ ਵਿਚੋਂ ਮੁੰਦਰੀ ਵੇਚਕੇ ਦੋ ਰੁਪੈ ਦੀ ਮਠਿਆਈ ਲਿਆਉ ਅਤੇ ਇਸ ਕੱਪੜੇ ਵਿਚ ਬੰਨ੍ਹ ਲਿਆਉਣੀ। ਆਜੜੀ ਹਲਵਾਈ ਦੀ ਦੁਕਾਨ 'ਤੇ ਗਿਆ। ਮੁੰਦਰੀ ਦੇ ਕੇ ਦੁਸ਼ਾਲੇ ਵਿਚ ਮਠਿਆਈ ਬੰਨ੍ਹਣ ਲਈ ਆਖਿਆ। ਹਲਵਾਈ ਨੂੰ ਸ਼ੰਕਾ ਹੋ ਗਈ ਕਿ ਇਹ ਕੀਮਤੀ ਚੀਜਾਂ ਇਸਦੀਆਂ ਨਹੀਂ ਹੋ ਸਕਦੀਆਂ। ਇਹ ਚੋਰੀ ਦਾ ਮਾਲ ਹੈ। ਹਲਵਾਈ ਮੁੰਡੇ ਨੂੰ ਫੜ੍ਹਕੇ ਕੋਤਵਾਲ ਕੋਲ ਲੈ ਗਿਆ। ਮੁੰਡੇ ਨੇ ਦੱਸਿਆ "ਕੁਝ ਸੰਤਾਂ ਵਰਗੇ ਆਦਮੀ ਬਾਗ ਵਿਚ ਉਤਰੇ ਹਨ। ਉਨ੍ਹਾਂ ਨੇ ਮਠਿਆਈ

72 ਇਸ ਸਮੇਂ ਬਹੁਤ ਸਾਰੇ ਸਿੱਖ ਦਿੱਲੀ ਤੇ ਆਗਰੇ ਦੀਆਂ ਗਲੀਆਂ ਤੇ ਸਰਕਾਰੀ ਥਾਵਾਂ ਤੇ ਭੇਸ ਬਦਲ ਕੇ ਰਹਿਣ ਲੱਗ ਪਏ। ਭਾਈ ਚੀਮਾਂ ਆਗਰੇ ਚਲਾ ਗਿਆ ਭਾਈ ਜੈਤਾ ਝਾੜੂ ਫੇਰਨ ਵਾਲਾ ਬਣ ਕੇ ਜੇਲ੍ਹ ਵਿਚ ਨੌਕਰ ਹੋ ਗਿਆ। ਜੇਲ੍ਹ ਵਿਚ ਗੁਰੂ ਜੀ ਦੇ ਸੁਨੇਹੇ ਬਾਹਰ ਤੇ ਅੰਦਰ ਲੈ ਜਾਂਦਾ ਸੀ ਤੇ ਅੰਤ ਪਵਿਤ੍ਰ ਸੀਸ ਸ਼ਾਹੀ ਇਕਠ ਵਿਚੋਂ ਚੱਕ ਕੇ ਅਨੰਦਪੁਰ ਪੁੱਜਿਆ ਸੀ। ਅੰਮ੍ਰਿਤ ਛਕ ਕੇ ਜੀਵਨ ਸਿੰਘ ਬਣਿਆ ਤੇ ਚਮਕੌਰ ਦੇ ਜੰਗ ਵਿਚ ਵੀਰਗਤੀ ਨੂੰ ਪ੍ਰਾਪਤ ਹੋਇਆ।

ਮੰਗਵਾਈ ਹੈ। ਇਹ ਚੀਜ਼ਾਂ ਵੀ ਉਨ੍ਹਾਂ ਦੀਆਂ ਹਨ।" ਮੁੰਡੇ ਦੀ ਦਸ ਤੇ ਸਿਪਾਹੀ ਭੇਜਕੇ ਪਤਾ ਕੀਤਾ ਗਿਆ ਤਾਂ ਗੁਰੂ ਜੀ ਨੇ ਆਪਣੀ ਪੂਰੀ ਜਾਣਕਾਰੀ ਦਿਤੀ। ਵਿਚੋਂ ਇਕ ਸਿਪਾਹੀ ਨੇ ਕੋਤਵਾਲ ਨੂੰ ਖਬਰ ਦਿਤੀ। ਕੋਤਵਾਲ ਨੇ ਕਿਲ੍ਹੇਦਾਰ ਨੂੰ ਦੱਸਿਆ, ਕਿਲ੍ਹੇ ਦਾਰ ਨੇ ਸੌ ਸਿਪਾਹੀਆਂ ਦਾ ਦਸਤਾ ਭੇਜ ਕੇ ਗੁਰੂ ਜੀ ਨੂੰ ਸਿੱਖਾਂ ਸਮੇਤ ਗਰਿਫਤਾਰ ਕਰ ਲਿਆ ਅਤੇ ਕਿਲ੍ਹੇ ਵਿਚ ਲੈ ਜਾਕੇ ਬੰਦ ਕਰ ਦਿਤਾ।

**ਸੀਸੁ ਦੀਆ ਪਰੁ ਸਿਰਰੁ ਨ ਦੀਆ:** ਗੁਰੂ ਜੀ ਦੀ ਗਰਿਫਤਾਰੀ ਦੀ ਖਬਰ ਤੁਰਤ ਦਿੱਲੀ ਭੇਜੀ ਗਈ। ਦਿੱਲੀ ਤੋਂ ਬਾਰਾਂ ਸੌ ਸਵਾਰ ਆਏ, ਗੁਰੂ ਜੀ ਨੂੰ ਸਿੱਖਾਂ ਸਮੇਤ ਸਖਤ ਪਹਿਰੇ ਵਿਚ ਦਿੱਲੀ ਲੈ ਜਾਕੇ ਕੋਤਵਾਲੀ ਵਿਚ ਬੰਦ ਕਰਕੇ ਸਖਤ ਪਹਿਰੇ ਲਾ ਦਿਤੇ।

ਆਪ ਔਰੰਗਜੇਬ ਅਫਗਾਨਸਤਾਨ ਨੂੰ ਚਲਾ ਗਿਆ ਜੋ ਅਪ੍ਰੈਲ ੧੬੭੪ ਨੂੰ ਜਾ ਕੇ ਦਸੰਬਰ ੧੬੭੫ ਵਿਚ ਵਾਪਸ ਆਇਆ। ਜਾਣ ਤੋਂ ਪਹਿਲੇ ਇਕ ਅਧਿਕਾਰੀ ਨੂੰ ਗੁਰੂ ਜੀ ਬਾਰੇ ਨਿਯਤ ਕਰਕੇ ਆਪਣੀ ਨੀਤੀ ਦੱਸ ਗਿਆ ਸੀ ਕਿ ਗੁਰੂ ਜੀ ਨਾਲ ਕਿਸ ਤਰ੍ਹਾਂ ਦਾ ਵਰਤਾ ਕਰਨਾ ਹੈ।

ਕਾਜੀ, ਮੁੱਲਾਂ ਅਤੇ ਹੋਰ ਅਧਿਕਾਰੀ ਸਤਿਗੁਰੂ ਜੀ ਨੂੰ ਕਾਰਾਵਾਸ ਵਿਚ ਜਾਕੇ ਮਿਲੇ। ਮੁਸਲਮਾਨ ਬਨਣ ਵਾਸਤੇ ਮਜ਼ਬੂਰ ਕਰਨ ਲੱਗੇ ਕਿ ਜੇ ਤੁਸੀਂ ਮੁਸਲਮਾਨ ਬਣ ਜਾਵੋਗੇ ਤਾਂ ਤੁਹਾਨੂੰ ਹਿੰਦੁਸਤਾਨ ਦੇ ਸਾਰੇ ਮੁਸਲਮਾਨਾਂ ਦਾ ਵੱਡਾ ਪੀਰ ਬਣਾਇਆ ਜਾਵੇਗਾ। ਹਰ ਤਰ੍ਹਾਂ ਦੇ ਸੰਸਾਰਕ ਐਸ੍ਵਰਜ਼ ਪ੍ਰਦਾਨ ਹੋਣਗੇ, ਬੜੀ ਜਾਗੀਰ ਬਖਸੀ ਜਾਵੇਗੀ। ਬਾਦਸ਼ਾਹ ਦੀ ਵੀ ਇੱਛਾ ਹੈ ਕਿ ਤੁਸੀਂ ਇਸਲਾਮ ਨੂੰ ਕਬੂਲ ਕਰੋਂ।

ਉਤਰ ਵਿਚ ਸਤਿਗੁਰੂ ਜੀ ਨੇ ਆਖਿਆ, "ਸੰਸਾਰਕ ਜਾਗੀਰਾਂ ਅਤੇ ਐਸ੍ਵਰਜ਼ ਧਰਮ ਤੋਂ ਚੰਗੇ ਨਹੀਂ। ਜਿਨ੍ਹਾਂ ਦੀ ਖਾਤਰ ਧਰਮ ਦਾ ਪਰਿਤਿਆਗ ਕੀਤਾ ਜਾਵੇ। ਆਪਣਾ ਧਰਮ ਤਿਆਗ ਕੇ ਅਨਯ ਧਰਮ ਧਾਰਨ ਵੀ ਕਿਉਂ ਕੀਤਾ ਜਾਵੇ।

ਅੱਛੀ ਤਰ੍ਹਾਂ ਆਚਰਨ ਕੀਤੇ ਹੋਏ ਦੂਸਰੇ ਦੇ ਧਰਮ ਤੋਂ, ਆਪਣਾ ਗੁਣ ਰਹਿਤ ਧਰਮ ਵੀ ਅਤੀ ਉਤਮ ਹੈ। ਆਪਣੇ ਧਰਮ (ਵਾਸਤੇ) ਮਰਨਾ ਵੀ ਕਲਿਆਣ ਕਾਰਕ ਹੈ। ਦੂਸਰਾ ਧਰਮ ਭੈ ਨੂੰ ਦੇਣ ਵਾਲਾ ਹੀ ਹੈ। ਇਸ ਵਾਸਤੇ ਚਾਂਦ ਭੱਟ ਦੇ ਸ਼ਬਦਾਂ ਵਿਚ

ਬਾਂਹਿ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋਡੀਐ
ਗੁਰ ਤੇਗ ਬਹਾਦਰ ਬੋਲਿਆ ਧਰ ਪਈਐ ਧਰਮ ਨ ਛੋਡੀਐ।

ਕਾਜੀ ਨੇ (ਢੀਠ ਜੇਹਾ ਹੋਕੇ) ਆਖਿਆ, "ਬਾਦਸ਼ਾਹ ਦੀ ਇੱਛਾ ਹੈ ਕਿ ਹਿੰਦੋਸਤਾਨ ਵਿਚ ਇਕੋ ਦੀਨ ਇਸਲਾਮ ਹੀ ਹੋਣਾ ਚਾਹੀਦਾ ਹੈ। ਹੋਰ ਸਭ ਮਜ਼ਹਬ ਕੁਫਰ ਹਨ।"

ਸਤਿਗੁਰੂ ਜੀ ਨੇ ਦ੍ਰਿੜ੍ਹਤਾ ਨਾਲ ਜਵਾਬ ਦਿਤਾ ਕਿ "ਅਜੇਹਾ ਕਦੇ ਵੀ ਨਹੀਂ ਹੋ ਸਕਦਾ। ਸਭ ਧਰਮ ਮਿਟ ਜਾਣ ਅਤੇ ਕੇਵਲ ਔਰੰਗਜੇਬੀ ਮਜ਼ਹਬ ਰਹਿ ਜਾਵੇ, ਬਾਦਸ਼ਾਹਾਂ ਦੀ ਅਜੇਹੀ ਇੱਛਾ ਕਦੇ ਵੀ ਪੂਰੀ ਨਹੀਂ ਹੋਵੇਗੀ, ਹੋਵੇਗਾ ਉਹ ਜੋ ਅਕਾਲ ਪੁਰਖ ਨੂੰ ਭਾਵੇਗਾ। ਜ਼ਬਰੀ ਧਰਮ ਪਰਿਵਰਤਨ ਕਰਨਾ, ਤਲਵਾਰ ਨਾਲ ਖੁਦਾ ਦੀ ਖਲਕਤ ਦੀ ਕਤਲੇਆਮ ਕਰਨੀ, ਇਸ ਤਰ੍ਹਾਂ ਦੇ ਪਾਪ ਕਰਨ ਨਾਲ ਨਾ ਹੀ ਰੱਬ ਪ੍ਰਸੰਨ ਹੋ ਸਕਦਾ ਹੈ, ਨਾ ਹੀ ਜੰਤਾ ਆਪਣਾ ਧਰਮ ਤਿਆਗਣ ਵਾਸਤੇ ਤਿਆਰ ਹੈ ਬਲਕਿ ਇਹ ਮੁਗਲ-ਰਾਜ ਦੇ ਜ਼ੁਲਮ ਦਾ ਬੇੜਾ ਡੁਬਨ ਵਾਸਤੇ ਪਾਪਾਂ ਨਾਲ ਭਰ ਰਿਹਾ ਹੈ। ਅਧਿਕਾਰੀ ਦਲੀਲ ਭਰੀ ਸਪਸ਼ਟ ਵੀਚਾਰ ਸੁਣ ਕੇ ਨਿਰੁਤਰ ਹੋ ਕੇ, ਵਾਪਸ ਚਲੇ ਗਏ। ਆਉਣ ਸਮੇਂ ਕਾਰਾਵਾਸ ਦੇ ਕਰਮਚਾਰੀਆਂ ਨੂੰ ਹੁਕਮ ਦੇ ਆਏ ਕਿ ਵੱਧ ਤੋਂ ਵੱਧ ਸਖਤੀ ਕੀਤੀ ਜਾਵੇ। ਸਕੀਮ ਅਨੁਸਾਰ ਤਰ੍ਹਾਂ-ਤਰ੍ਹਾਂ ਦੀ ਸਖਤੀ ਕੀਤੀ ਗਈ। ਮੁੜ ਲਾਲਚ ਵਖਾਏ ਗਏ, ਗੁਰੂ ਜੀ ਸਮ ਚਿੰਤਨ ਵਿਚ ਬੈਠੇ ਰਹੇ।

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥ (ਗਉੜੀ ਮਹਲਾ ੯, ਪੰਨਾ ੨੧੯)

ਅਗੇ ਹਜ਼ੂਰ ਹੋਰ ਫਰਮਾਉਂਦੇ ਹਨ:

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥ (ਸੋਰਠ ਮਹਲਾ ੯, ਪੰਨਾ ੬੩੩)

ਗੁਰੂ ਜੀ ਪਹਾੜ ਦੀ ਤਰ੍ਹਾਂ ਅਡੋਲ ਅਤੇ ਸਮੁੰਦਰ ਦੀ ਤਰ੍ਹਾਂ ਗੰਭੀਰ ਸਨ। ਆਪ ਜੀ ਨੂੰ ਸਰੀਰਕ ਕਸ਼ਟਾਂ ਦੀ ਕੋਈ ਚਿੰਤਾ ਨਹੀਂ ਸੀ।

ਸ੍ਰੀ ਗੁਰੂ ਜੀ ਨੇ ਮਾਲਵੇ ਅਤੇ ਪੂਰਬ ਵਿਚ ਇਕੋ ਪ੍ਰਚਾਰ ਕੀਤਾ ਸੀ ਸੁੱਖ-ਦੁੱਖ, ਖੁਸ਼ੀ-ਗਮੀ, ਸੋਨਾਂ-ਮਿੱਟੀ, ਉਸਤਤਿ-ਨਿੰਦਾ ਸਮ ਸਮਝਣੇ ਚਾਹੀਦੇ ਹਨ। ਨ ਕਿਸੀ ਨੂੰ ਭੈ ਦੇਣ ਦੀ ਲੋੜ ਹੈ, ਨ ਕਿਸੀ ਦਾ ਭੈ ਮੰਨਣ ਦੀ ਆਵਸ਼ਯਕਤਾ ਹੈ। ਇਸ ਸਿਧਾਂਤ ਨੂੰ ਗੁਰੂ ਜੀ ਨੇ ਥਾਂਅ-ਥਾਂਅ ਪ੍ਰਚਾਰਿਆ।

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੪॥
ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥

ਕਹੁ ਨਾਨਕ ਸੁਨਿ ਰੇ ਮਨਾ ਮੁਕਿਤ ਤਾਹਿ ਤੈ ਜਾਨਿ॥੧੫॥

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥ (ਪੰਨਾ ੧੪੨੬)

ਅਖੀਰ ਮੁਗਲ ਕਰਮਚਾਰੀਆਂ ਨੇ ਯੋਜਨਾ ਬਣਾਈ ਕਿ ਗੁਰੂ ਜੀ ਦੇ ਸਿੱਖਾਂ ਨੂੰ ਇਨ੍ਹਾਂ ਦੇ ਸਾਮ੍ਹਣੇ, ਤਸੀਹੇ ਦੇ ਕੇ ਮਾਰਿਆ ਜਾਵੇ। ਇਸ ਤਰ੍ਹਾਂ ਸਹਿਮ ਪਾਇਆ ਜਾਵੇ। ਸਕੀਮ ਅਨੁਸਾਰ ਗਰਮ ਤੇਲ ਦੇ ਤਪ ਰਹੇ ਕੜਾਹੇ ਵਿਚ ਭਾਈ ਦਿਆਲ ਜੀ ਨੂੰ ਬੈਠਾ ਕੇ ਸ਼ਹੀਦ ਕੀਤਾ ਗਿਆ। ਦੂਸਰੇ ਦਿਨ ਸਕੰਜੇ ਵਿਚ ਕਸ ਕੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਨਾ ਆਰੰਭ ਕੀਤਾ। ਭਾਈ ਮਤੀ ਦਾਸ ਜੀ ਨੇ ਜਪੁ ਜੀ ਦਾ ਪਾਠ ਆਰੰਭ ਕਰ ਦਿਤਾ। ਭਾਈ ਮਤੀ ਦਾਸ ਜੀ ਦੇ ਆਰੇ ਨਾਲ ਦੋ ਫਾੜ ਹੋ ਗਏ ਅਤੇ ਜਪੁ ਜੀ ਸਾਹਿਬ ਦੇ ਪਾਠ ਦਾ ਵੀ ਭੋਗ ਪੈ ਗਿਆ। ਇਸੀ ਤਰ੍ਹਾਂ ਤਸੀਹੇ ਦੇ ਕੇ ਭਾਈ ਸਤੀ ਦਾਸ ਜੀ ਨੂੰ ਸ਼ਹੀਦ ਕੀਤਾ ਗਿਆ। ਗੁਰੂ ਜੀ ਨੇ ਸਮੂਹ ਸ਼ਹੀਦਾਂ ਨੂੰ ਸ਼ੁਭ ਕਾਮਨਾ ਪ੍ਰਦਾਨ ਕੀਤੀ। ਕਈ ਥਾਈਂ ਭਾਈ ਸਤੀ ਦਾਸ ਜੀ ਦੇ ਥਾਂਉ ਭਾਈ ਚੀਮਾ ਲਿਖਿਆ ਮਿਲਦਾ ਹੈ। ਅਸੀਂ ਭਟ ਵਹੀ ਨੂੰ ਮੁੱਖ ਮੰਨਿਆ ਹੈ ਜਿਵੇਂ ਕਿ

"ਦਿਆਲ ਦਾਸ, ਮਾਈ ਦਾਸ ਕਾ ਪੋਤਾ ਬਲੂਕਾ, ਪੜਪੋਤਾ ਮੂਲੇ ਕਾ

ਗੁਰੂ ਗੈਲ (ਨਾਲ) ਮਘਰ ਸੁਦੀ ਪੰਚਮੀ ਸੰਬਤ ੧੭੩੨ ਦਿੱਲੀ ਚਾਂਦਨੀ

ਚਉਕ ਕੇ ਮਲਹਾਨ ਸ਼ਾਹੀ ਹੁਕਮ ਗੈਲ ਮਾਰਾ ਗਿਆ। ਗੈਲੋ

ਮਤੀ ਦਾਸ ਸਤੀ ਬੇਟੇ ਹੀਰਾ ਨੰਦ ਕੇ ਪੋਤੇ ਲਾਖੀ ਸ਼ਾਹ ਕੇ ਪੜਪੋਤੇ

ਪ੍ਰਾਗਦਾਸ ਕੇ ਬੰਸ ਗੋਤਮ ਕਾ ਸਰਸ੍ਵਤੀ ਭਗਤ ਗੋਤਰੇ ਬ੍ਰਾਹਮਣ

ਛਿਬਰ ਮਾਰੇ ਗਏ।"

ਭਾਈ ਗੁਰਦਿੱਤੇ ਅਤੇ ਉਦੇ ਨੇ ਪ੍ਰਾਰਥਨਾ ਕੀਤੀ, "ਅਸੀਂ ਇਸ ਤਰ੍ਹਾਂ ਦੀ ਮੌਤ ਮਰਨਾ ਨਹੀਂ ਚਾਹੁੰਦੇ। ਧਰਮ ਯੁਧ ਵਿਚ ਸ਼ਹੀਦ ਹੋਣਾ ਚਾਹੁੰਦੇ ਹਾਂ। ਅਸੀਂ ਇਹ ਵੀ ਚਾਹੁੰਦੇ ਹਾਂ ਕਿ ਪੰਥ ਅਤੇ ਸੰਸਾਰ ਨੂੰ ਇਸ ਪਾਪ-ਰਾਜ ਨੂੰ ਜੜੋ ਪੁੱਟਣ ਲਈ ਧਰਮ ਯੁੱਧ ਵਾਸਤੇ ਸੰਗਠਤ ਕਰੀਏ।

ਗੁਰੂ ਜੀ ਨੇ ਜੇਲ੍ਹ ਤੋੜ ਕੇ ਚਲੇ ਜਾਣ ਦੀ ਆਗਿਆ ਦੇ ਦਿਤੀ, ਨਾਲ ਹੀ ਭਾਈ ਗੁਰਦਿੱਤੇ ਨੂੰ ਸਾਹਿਬ ਸ੍ਰੀ ਗੋਬਿੰਦ ਜੀ ਨੂੰ ਗੁਰਿਆਈ ਦੇਣ ਦਾ ਅਧਿਕਾਰ ਦੇ ਦਿਤਾ ਅਤੇ ਇਸ ਪਤ੍ਰਕਾ ਵਿਚ ਸ੍ਵੈ ਸਿਧਾਂਤ ਅੰਕਤ ਕਰਕੇ ਫੜਾ ਦਿਤਾ।

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥

ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥੫੩॥

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥

ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥੫੪॥

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥

ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤ॥੫੬॥ (ਪੰਨਾ ੧੪੨੯)

ਇਥੇ ਪਾਠਕਾਂ ਨੂੰ ਇਹ ਦੱਸਣਾ ਵੀ ਅਪ੍ਰਾਸੰਗਕ ਨਹੀਂ ਕਿ ਅੰਕ ੫੪ ਦਾ ਸਲੋਕ ਦਸਮ ਗੁਰੂ ਜੀ ਦੀ ਕ੍ਰਿਤ ਨਹੀਂ ਹੈ। ਜਿਵੇਂ ਕਿ ਕਈ ਮੰਨਦੇ ਹਨ। ਇਹ ਦੋਨੋ ਸਲੋਕ ਸਤਿਗੁਰੂ ਤੇਗ ਬਹਾਦਰ ਜੀ ਦੀ ਰਚਿਨਾ ਹਨ। ਜਿਨ੍ਹਾਂ ਦਾ ਭਾਵ ਹੈ ਕਿ ਬਲ ਰਹਿਤ (ਨਿਰਬਲ) ਨੂੰ (ਪ੍ਰਤੰਤ੍ਰਾਦਿਕ) ਬੰਧਨ ਪੈ ਜਾਂਦੇ ਹਨ। ਸਾਹਸ ਹੀਨ ਮਾਨੁਖ ਦਾ ਕੋਈ ਸਾਧਨ ਸਫਲ ਨਹੀਂ ਹੁੰਦਾ ਕਿੰਤੂ ਜਦੋਂ ਬਲ (ਸ਼ਕਤੀ) ਹੁੰਦੀ ਹੈ ਮਾਨੁਖ ਬੰਧਨ-ਮੁਕਤਿ (ਸੁਤੰਤ੍ਰ) ਹੋ ਜਾਂਦਾ ਹੈ। ਸਾਰੇ ਸਾਧਨ ਸੁਲਭ ਹੋ ਜਾਂਦੇ ਹਨ। ਸਲੋਕ ਅੰਕ ੫੬ ਵਿਚ ਦਸਮ ਗੁਰੂ ਜੀ ਨੂੰ ਗੁਰਗੱਦੀ ਉਪਰ ਆਸੀਨ ਹੋਣ ਦਾ ਸੰਕੇਤ ਹੈ। ਇਹ ਸਲੋਕ ਗੁਰੂ ਜੀ ਨੇ ਸਾਹਿਬ ਸ੍ਰੀ ਗੋਬਿੰਦ ਜੀ ਨੂੰ ਸ਼ਕਤੀਸ਼ਾਲੀ, ਪ੍ਰਾਕ੍ਰਮੀ, ਕਰਮਯੋਗੀ, ਮਾਰਸ਼ਲ ਬਨਣ ਅਤੇ ਪੰਥ ਨੂੰ ਬਨਾਉਣ ਵਾਸਤੇ ਭੇਜੇ ਸਨ।

ਇਹ ਪਤ੍ਰਿਕਾ ਲੈ ਕੇ ਦੋਨੋ ਸੂਰਮੇ ਜੇਲ੍ਹ ਦੀਆਂ ਕੰਧਾਂ ਟੱਪ ਕੇ ਹਰਨ ਹੋ ਗਏ। ਜੰਗਲਾਂ ਪਹਾੜਾਂ ਵਿਚ ਦੀ ਸ਼ਾਹੀ ਸੜਕਾਂ ਤੋਂ ਪਾਸੇ-ਪਾਸੇ ਅਨੰਦਪੁਰ ਨੂੰ ਚੱਲ ਪਏ।

ਹੁਣ ਸਤਿਗੁਰੂ ਜੀ ਤੇ ਹੋਰ ਵੀ ਸਖਤੀ ਆਰੰਭ ਹੋ ਗਈ ਨਾਲ ਹੀ ਔਰੰਗਜੇਬ ਦਾ ਹੁਕਮ ਆ ਗਿਆ ਕਿ 'ਨਾਨਕ ਪ੍ਰਸਤ (ਗੁਰੂ) ਤੇਗ ਬਹਾਦਰ ਨੂੰ ਮੇਰਾ ਇਹ ਹੁਕਮ ਸੁਣਾ ਕੇ ਅਮਲ ਵਿਚ ਲਿਆਓ।' ਕਾਜੀ ਤੇ ਬਾਕੀ ਅਧਿਕਾਰੀ ਬਾਦਸ਼ਾਹ ਦਾ ਅੰਤਮ ਹੁਕਮ ਗੁਰੂ ਜੀ ਨੂੰ ਸੁਨਾਉਣ ਵਾਸਤੇ ਜੇਲ੍ਹ ਵਿਚ ਪੁੱਜੇ ਅਤੇ ਗੁਰੂ ਜੀ ਨੂੰ ਆਖਿਆ, "ਬਾਦਸ਼ਾਹ ਨੇ ਤਿੰਨ ਗੱਲਾਂ ਹੁਕਮ ਵਿਚ ਲਿਖ ਘਲੀਆਂ ਹਨ। ਆਪ ਆਪਣੀ ਇਛਾ ਨਾਲ ਇਕ ਨੂੰ ਚੁਣ ਲਵੋ। ੧ ਕਲਮਾ ਪੜ੍ਹੋ, ੨ ਕਰਾਮਾਤ ਵਖਾਓ, ੩ ਮੌਤ ਕਬੂਲ ਕਰੋ।" ਸਤਿਗੁਰੂ ਜੀ ਨੇ ਸ਼ਾਂਤੀ ਪੂਰਬਕ ਉਤਰ ਦਿਤਾ:

੧. ਧਰਮ ਦਾ ਕਿਸੀ ਹਾਲਤ ਵਿਚ ਵੀ ਪ੍ਰੀਤਿਆਗ ਨਹੀਂ ਹੋਵੇਗਾ।

੨. ਵਾਹਿਗੁਰੂ ਦੇ ਸਿਮਰਨ ਤੋਂ ਬਿਨ੍ਹਾਂ ਸਾਡੇ ਕੋਲ ਹੋਰ ਕੋਈ ਕਰਾਮਾਤ ਨਹੀਂ।

੩. ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥

ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥੫੧॥ (ਪੰਨਾ ੧੪੨੬)

ਜਦੋਂ ਇਹ ਵੇਖ ਲਿਆ ਕਿ ਗੁਰੂ ਜੀ ਉਪਰ ਸਾਡੀ ਕਿਸੇ ਗੱਲ ਦਾ ਅਸਰ ਨਹੀਂ ਹੁੰਦਾ ਤਾਂ ਗੁਰੂ ਜੀ ਦੇ ਸ਼ਹੀਦ ਕਰਨ ਦੀ ਤਿਥੀ ਤੇ ਸਮਯ ਨੀਯਤ ਕਰ ਦਿਤਾ ਗਿਆ। ਫਤਵਾ ਪੜ੍ਹਨ ਵਾਸਤੇ ਕਾਜੀ ਵਹਾਬ ਉੱਲਾ ਨੂੰ ਨਿਯੁਕਤ ਕੀਤਾ ਗਿਆ। ਸਮਾਣੇ ਦਾ ਸਯਦ ਜਲਾਲਦੀਨ ਜਲਾਦ ਕਤਲ ਕਰਨ ਵਾਸਤੇ ਨੀਯਤ ਕੀਤਾ ਗਿਆ।

ਚਾਂਦਨੀ ਚੌਂਕ ਵਿਚ ਪਿੱਪਲ ਦੇ ਵਿਰਛ ਹੇਠ ਜਿੱਥੇ ਗੁਰੂ ਜੀ ਨੂੰ ਸ਼ਹੀਦ ਕਰਨਾ ਸੀ। ਭਾਈ ਜੈਤੇ ਨੂੰ ਥਾਂਅ ਸਾਫ ਕਰਨ ਤੇ ਲਾਇਆ ਗਿਆ। ਨਾਲ ਹੀ ਮਾਸ਼ਕੀ ਨੇ ਛੜਕਾ ਕਰ ਦਿਤਾ। ਗੁਰੂ ਜੀ ਨੇ ਕੋਤਵਾਲੀ ਅੰਦਰ ਖੂਹੀ ਤੋਂ ਇਸਨਾਨ ਕਰ ਲਿਆ।[73] ਸਮਾਂ ਪੂਰਾ ਹੋ ਗਿਆ। ਗੁਰੂ ਜੀ ਪ੍ਰਸੰਨਤਾ ਨਾਲ ਆਸਨ ਤੇ ਆ ਕੇ ਬੈਠ ਗਏ। ਜਨ ਸਧਾਰਨ ਦਾ ਇਕੱਠ ਅਥਾਹ ਸੀ। ਗੁਰੂ ਜੀ ਦੇ ਹਜ਼ਾਰਾਂ ਹੀ ਪਿਆਰੇ ਅੱਖੀਂ ਹਿੰਝੂ ਲੈ ਕੇ ਇਹ ਭਿਆਨਕ ਦ੍ਰਿਸ਼ਯ ਵੇਖ ਰਹੇ ਸਨ। ਕਾਜੀ ਵਹਾਬ ਉੱਲਾ ਨੇ ਫਤਵਾ ਪੜ੍ਹਿਆ। ਗੁਰੂ ਜੀ ਨੂੰ ਮੁਸਲਮਾਨ ਹੋਣ ਲਈ ਆਖਿਆ, ਇਨਕਾਰ ਕਰਨ ਤੇ ਸਿਰ ਕੱਟਣ ਦਾ ਹੁਕਮ ਸੁਨਾਇਆ। ਗੁਰੂ ਜੀ ਨੇ ਜਲਾਦ ਨੂੰ ਫਰਮਾਇਆ, "ਜਦੋਂ ਅਸੀਂ ਸਿਮਰਨ ਕਰਕੇ ਨਮਸਕਾਰ ਕਰਾਂਗੇ, ਤੂੰ ਆਪਣਾ ਕੰਮ ਕਰ ਲੈਣਾ।" ਗੁਰੂ ਜੀ ਨੇ ਜਪੁ ਜੀ ਦਾ ਪਾਠ ਆਰੰਭ ਕਰ ਦਿਤਾ। ਜੰਤਾ ਸਾਹ ਰੋਕ ਕੇ ਖੜ੍ਹੀ ਸੀ। ਸੁਭਾਵਿਕ ਹੀ ਗੁਰੂ ਜੀ ਨੇ ਸਿਰ ਝੁਕਾ ਦਿੱਤਾ। ਜਲਾਦ ਦੀ ਤਲਵਾਰ ਉਚੀ ਹੋ ਗਈ, ਜੰਤਾ ਕੁਰਲਾ ਉਠੀ, ਸ੍ਰੀ ਗੁਰੂ ਜੀ ਦਾ ਪਾਵਨ ਸੀਸ ਵਖ ਧਰਤੀ ਤੇ ਪਿਆ ਸੀ। ਜੰਤਾ ਅਸ਼ਾਂਤ ਹੋ ਗਈ, ਨੇੜੇ ਹੋ ਗਈ, ਲੋਕਾਈ ਅਸਹਿ ਪੀੜਾ ਨਾਲ ਤੜਪ ਰਹੀ ਸੀ। ਚੀਖ ਦੀ ਪੁਕਾਰ ਦੀ ਜੰਤਾ ਅਤੀ ਨੇੜੇ ਚਲੀ ਗਈ। ਮੁਗਲ-ਸਿਪਾਹੀ ਰੋਕਦੇ ਰਹੇ ਜੰਤਾ ਉਪਰ ਝੁਕ ਗਈ। ਅਕਾਸ਼ ਵਿਚ ਭਿਆਨਕ ਅੰਧਕਾਰ ਛਾ ਗਿਆ। ਕਾਲੀ ਬੋਲੀ ਅਤੇ ਭਿਆਨਕ ਰੇਤ ਨੇ ਅਕਾਸ਼ ਢਕ ਲਿਆ। ਤੇਜ ਹਵਾ, ਰੇਤੇ ਅਤੇ ਹਨੇਰੀ ਨਾਲ ਜੰਤਾ ਵਿਚ ਹਫੜਾ-ਦਫੜੀ ਪੈ ਗਈ, ਹਨੇਰੀ ਵਿਚ ਕੁਝ ਵੀ ਦਿਸ ਨਹੀਂ ਸੀ ਰਿਹਾ। ਇਸ ਸਮੇਂ ਭਾਈ ਜੈਤੇ ਨੇ ਬੜੀ ਤੇਜੀ ਤੇ ਸਾਵਧਾਨੀ ਨਾਲ ਗੁਰੂ ਜੀ ਦਾ ਪਵਿੱਤਰ ਸੀਸ ਚੁੱਕ ਕੇ ਚਾਦਰ ਵਿਚ ਵਲ੍ਹੇਟ ਲਿਆ ਅਤੇ ਤੇਜੀ ਨਾਲ ਹਨੇਰੀ ਦੇ ਅੰਧਕਾਰ ਵਿਚ ਗੁੰਮ ਹੋ ਗਿਆ। ਕੇਸਰ ਸਿੰਘ ਛਿੱਬਰ ਨੇ ਲਿਖਿਆ ਹੈ 'ਤਿਸ ਦਿਨ ਅੰਧੇਰੀ ਗਰਬ ਗੁਬਾਰੀ ਰਹੀ।'

ਹਨੇਰੀ ਤੇਜੀ ਨਾਲ ਚੱਲ ਰਹੀ ਸੀ, ਜੰਤਾ ਅੰਤਹਕਰਣ ਪੀੜਾ ਨਾਲ ਸਹਿਮੀ ਖੜ੍ਹੀ ਸੀ। ਗੁਰੂ ਜੀ ਦੇ ਸਿੱਖ ਹਿੰਝੂ ਕੇਰ ਰਹੇ ਸਨ। ਲਾਲ ਕਿਲ੍ਹੇ ਵਲੋਂ ਗੱਡਿਆ ਤੇ ਘੋੜਿਆ ਦਾ ਕਾਫਲਾ ਆ ਰਿਹਾ ਸੀ। ਸਖਤ ਆਵਾਜ਼ ਆ ਰਹੀ ਸੀ, 'ਸ਼ਾਹੀ ਕਾਫਲੇ ਤੋਂ ਪਿਛੇ ਹਟ ਜਾਓ।' ਇਹ ਭੀੜ ਬੜੀ ਤੇਜ ਦੋੜੀ ਆ ਰਹੀ ਸੀ। ਇਹ ਕਾਫਲਾ ਲੱਖੀ ਸ਼ਾਹ ਤੇ ਉਸ ਦੇ ਪੁੱਤਰਾਂ ਦਾ ਸੀ ਜੋ ਸਰਕਾਰੀ ਠੇਕੇਦਾਰ ਸਨ। ਹਨੇਰਾ ਹੋਰ ਛਾ ਗਿਆ। ਗੁਰੂ ਜੀ ਲੋਥ ਦੇ ਬਰਾਬਰ ਆ ਕੇ ਲੱਖੀ ਸ਼ਾਹ ਦੇ ਨੌਜਵਾਨ ਘੋੜ ਸਵਾਰ ਪੁੱਤਰ ਨਗਾਹੀਏ (ਅੰਮ੍ਰਿਤ ਛਕ ਕੇ ਨਗਾਹੀਆ ਸਿੰਘ) ਨੇ ਗੁਰੂ ਜੀ ਦੀ ਲੋਥ ਨੂੰ ਫੁਰਤੀ ਨਾਲ ਚੁੱਕ ਲਿਆ ਅਤੇ ਘੋੜੇ ਉਤੇ ਆਪਣੇ ਅਗੇ ਰੱਖਕੇ ਪੱਤਰਾ ਵਾਚ ਗਿਆ। ਬਾਕੀ ਗੱਡੇ ਅਤੇ ਘੋੜਿਆਂ ਦਾ ਕਾਫਲਾ ਚਲਦਾ ਰਿਹਾ। ਭਾਈ ਲੱਖੀ ਸ਼ਾਹ, ਉਸ ਦੇ ਸਪੁੱਤਰ ਭਾਈ ਨਗਾਹੀਏ ਬਾਰੇ ਸਮਕਾਲੀ ਭੱਟ ਕੇਸੋ (ਸ਼ਹੀਦ ਬਲਾਸ ਭਾਈ ਮਨੀ ਸਿੰਘ ਪੰਨਾ ੨੨) ਨੇ ਇਸ ਤਰ੍ਹਾਂ ਅੰਕਿਤ ਕੀਤਾ ਹੈ।

ਚਲਾ ਚਲਾਈ ਹੋ ਰਹੀ ਗਢ ਗਢ ਉਖਰੇ ਮੇਖ

73 ਇਹ ਖੂਹੀ ਵਰਤਮਾਨ ਸਮੇਂ ਗੁਰਦੁਵਾਰਾ ਸੀਸ ਗੰਜ ਦੇ ਅੰਦਰ ਮਗਰਲੇ ਪਾਸੇ ਹੈ।

ਲਖੀ ਨਗਾਹੀਆ ਲੈ ਚਲੇ ਤੂੰ ਖਰਾ ਤਮਾਸਾ ਬੇਖ।
ਧਨ ਪਾਰਾਂ ਦੇਈਂ ਗ੍ਰਾਂਬਨੀ ਪੂਤ ਜਨਮਿਆ ਨਗਾਹੀਆਂ
ਪਾਂਚ ਸੈ ਹੇੜੀ ਮਾਰਿ ਭਗਾਇ।
ਗੁਰੂ ਕੀ ਲੋਥ ਉਠਾਇ ਲਿਆਨੀ ਜੱਸ ਜਗ ਮੇਂ ਪਾਇਆ
ਪਿਤਾ ਪੂਤ ਰੋਸ਼ਨ ਭਏ ਆਇ।

ਰਕਾਬ ਗੰਜ ਆਪਣੇ ਪਿੰਡ ਪਹੁੰਚ ਕੇ ਸਤਿਕਾਰ ਨਾਲ ਗੁਰੂ ਜੀ ਦੇ ਸਰੀਰ ਨੂੰ ਇਸਨਾਨ ਕਰਵਾ ਕੇ, ਪਲੰਘ 'ਤੇ ਪਾ ਕੇ ਲੱਖਾਂ ਰੁਪਿਆਂ ਦੇ ਸਮਾਨ ਸਮੇਤ, ਆਪਣੇ ਸੁੰਦਰ ਘਰ ਨੂੰ ਹੀ ਅੱਗ ਲਾ ਦਿਤੀ। ਇਸ ਤਰ੍ਹਾਂ ਗੁਰੂ ਜੀ ਦੇ ਪਾਵਨ ਸਰੀਰ ਦਾ ਦਾਹ-ਸੰਸਕਾਰ ਕਰਕੇ, ਅਸਤੀਆਂ ਇਕ ਕਲਸ ਵਿਚ ਪਾ ਕੇ ਉਥੇ ਹੀ ਦਬ ਦਿਤੀਆਂ ਪਰ ਮੁਗਲ ਸਰਕਾਰ ਨੂੰ ਖਬਰ ਨਹੀਂ ਹੋਣ ਦਿਤੀ, 'ਧੰਨ ਸਿੱਖੀ'।

**ਉਪਸੰਹਾਰ**: ਸਤਿਗੁਰੂ ਤੇਗ ਬਹਾਦਰ ਜੀ ਦਾ ਸ੍ਵਯੰ ਬਲੀਦਾਨ ਬਾਰੇ ਵਿਸ੍ਵਾਸ਼ ਕ੍ਰਿਆਤਮਿਕ ਰੂਪ ਵਿਚ ਪ੍ਰਗਟ ਹੋਇਆ। ਕੌਮ ਵਿਚ ਨਵੀਂ ਰੂਹ ਫੂਕੀ ਗਈ, ਸ੍ਵੈਮਾਨ ਜਾਗ ਪਿਆ, ਸ੍ਵੈ ਆਤਮ ਵਿਸ੍ਵਾਸ਼ ਪੈਦਾ ਹੋ ਗਿਆ। ਅਣਖ ਅਤੇ ਗੈਰਤ ਰਗ-ਰਗ ਵਿਚ ਸਮਾ ਗਈ। ਬਲੀਦਾਨ ਦੀ ਘੋਸ਼ਨਾ ਨਾਲ ਹੀ ਸਿੱਖ ਦ੍ਰਿੜ੍ਹ ਤੇ ਸੰਗਠਤ ਹੋ ਗਏ। ਸਮਰਾਟ ਦੇ ਵਿਸ਼ੇਸ਼ ਅਧਿਕਾਰੀਆਂ 'ਤੇ ਲੱਖਾਂ ਵਿਅਕਤੀਆਂ ਵਿਚੋਂ ਸਤਿਗੁਰੂ ਜੀ ਦਾ ਸੀਸ ਰਾਜਧਾਨੀ (ਦਿੱਲੀ) ਵਿਚੋਂ ਚੁੱਕ ਕੇ ਅਨੰਦਪੁਰ ਨੂੰ ਤੁਰ ਪੈਣਾ, ਅਸਾਧਾਰਨ ਘਟਨਾ ਹੈ। ਦੂਸਰਾ ਸਤਿਗੁਰੂ ਜੀ ਦੇ ਪੂਰੇ ਧੜ ਨੂੰ ਉਸੇ ਇਕੱਠ ਵਿਚੋਂ ਨਿਰਭੈ ਚੁੱਕ ਕੇ ਕੇਵਲ ਗੁਰੂ ਜੀ ਦੇ ਦਾਹ ਸੰਸਕਾਰ ਨੂੰ ਮੁਖ ਰੱਖਕੇ ਆਪਦੇ ਸੁੰਦਰ ਘਰ ਨੂੰ ਹੀ ਅੱਗ ਲਗਾ ਦੇਣੀ ਛੋਟੀ ਜੇਹੀ ਗੱਲ ਨਹੀਂ। ਰਾਜਕੀ ਕਰਮਚਾਰੀਆਂ ਨੂੰ ਪਤਾ ਲੱਗਣ 'ਤੇ ਇਹ ਵਿਅਕਤੀ ਵੀ ਤਲਵਾਰ ਦੇ ਘਾਟ ਉਤਾਰੇ ਜਾ ਸਕਦੇ ਸਨ।

ਪਰ ਹੁਣ ਗੈਰਤ ਪੈਦਾ ਹੋ ਚੁੱਕੀ ਸੀ। ਸਿੱਖਾਂ ਨੇ ਕਈ ਵਾਰ ਔਰੰਗਜੇਬ ਨੂੰ ਕਤਲ ਕਰਨ ਦਾ ਯਤਨ ਵੀ ਕੀਤਾ। ੧੬੭੬ ਵਿਚ ਇਕ ਸਿੱਖ ਨੇ ਦਰਬਾਰ ਵਿਚ ਬੈਠੇ ਔਰੰਗਜੇਬ ਨੂੰ ਇਟ ਮਾਰੀ ਸੀ। ਇਸੀ ਤਰ੍ਹਾਂ ੨੭ ਅਕਤੂਬਰ ੧੬੭੬ ਨੂੰ ਜਦੋਂ ਔਰੰਗਜੇਬ ਜਾਮਾ ਮਸਜ਼ਦ ਨੂੰ ਜਾ ਰਿਹਾ ਸੀ ਇਕ ਸਿੱਖ ਨੇ ਬੜੀ ਤੇਜੀ ਨਾਲ ਡਾਂਗ ਦਾ ਵਾਰ ਕੀਤਾ। ਇਹ ਦੋਨੋ ਸਿੱਖ ਤੁਰਤ ਕਤਲ ਕੀਤੇ ਗਏ।

ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਹਾਜ਼ਰ ਹੋਣ ਵਾਲੇ ਕਸ਼ਮੀਰੀ ਬ੍ਰਾਹਮਣਾਂ ਵਿਚ ਵੀ ਸ੍ਵੈਮਾਨ ਜਾਗ ਪਿਆ। ਪੰਜ ਸੌ ਬ੍ਰਾਹਮਣਾਂ ਦਾ ਅਧਿਸ਼ਟਾਤਾ ਪੰਡਿਤ ਭਾਈ ਕ੍ਰਿਪਾ ਰਾਮ ਕਈ ਬ੍ਰਾਹਮਣਾਂ ਸਮੇਤ ਸਦਾ ਵਾਸਤੇ ਗੁਰੂ ਕੇ ਦਰਬਾਰ (ਅਨੰਦਪੁਰ) ਵਿਚ ਰਹਿਣ ਲੱਗ ਪਿਆ। ਕਲਗੀਧਰ ਸ੍ਵਾਮੀ ਦਾ ਅਧਿਆਪਕ ਬਨਣ ਦਾ ਇਸ ਨੂੰ ਮਾਣ ਪ੍ਰਾਪਤ ਹੋਇਆ। ਜਿਥੇ ਇਹ ਸ਼ਾਸਤ੍ਰਾਂ ਦਾ ਆਚਾਰਯ ਸੀ। ਉਥੇ ਸ਼ਾਸਤ੍ਰਾਂ ਦਾ ਵੀ ਧਨੀ ਬਣ ਚੁੱਕਾ ਸੀ। ਅੰਮ੍ਰਿਤ ਛਕਕੇ ਭਾਈ ਕ੍ਰਿਪਾ ਸਿੰਘ ਬਣਿਆ ਤੇ ਚਮਕੌਰ ਦੇ ਯੁੱਧ ਵਿਚ ਵੀਰਗਤੀ ਪ੍ਰਾਪਤ ਕੀਤੀ। ਇਸ ਤੋਂ ਮਗਰੋਂ ਤਾਂ ਗੁਰੂ ਤੇਗ ਬਹਾਦਰ ਜੀ ਦੇ ਪੈਰੋਕਾਰਾਂ ਨੇ ਆਪਣੇ ਲੱਖਾਂ ਸਿਰ ਗੁਰੂ ਦੇ

ਸਮਰਪਣ ਕਰਕੇ ਇਸ ਧਰਤੀ ਨੂੰ ਹੀ ਧਰਮਸ਼ਾਲਾ ਬਣਾ ਲਿਆ ਸੀ। ਧਰਮ ਅਤੇ ਦੇਸ ਦੀ ਖਾਤ੍ਰ ਹਕੂਮਤ ਨਾਲ ਮੱਥੇ ਲਾ ਕੇ ਬੈਠ ਗਏ ਭਾਈ ਮਨੀ ਸਿੰਘ ਜੀ ਵਰਗੇ ਬ੍ਰਹਮ ਗਿਆਨੀ ਸ੍ਵਯੰ ਬੰਦ-ਬੰਦ ਕਟਵਾਉਦੇ ਰਹੇ। ਭਾਈ ਤਾਰੂ ਸਿੰਘ ਵਰਗੇ ਖੋਪੜੀਆਂ ਉਤਰਵਾਉਂਦੇ ਰਹੇ, ਭਾਈ ਦਿਆਲ ਜੀ ਵਰਗੇ ਦੇਗਾਂ ਵਿਚ ਉਬਲਦੇ ਰਹੇ ਅਤੇ ਭਾਈ ਮਤੀ ਦਾਸ ਵਰਗੇ ਪ੍ਰਸੰਨਤਾ ਪੂਰਬਕ ਆਪਣੇ ਸਿਰਾਂ ਉੱਤੇ ਆਰੇ ਚਲਵਾਉਦੇ ਰਹੇ। ਭਾਈ ਸੁਬੇਗ ਸਿੰਘ ਅਤੇ ਭਾਈ ਸਹਿਬਾਜ ਸਿੰਘ ਵਰਗੇ ਚਰਖੜੀਆਂ ਤੇ ਚੜ੍ਹਦੇ ਰਹੇ। ਮਹਾਂਬਲੀ ਬੰਦਾ ਬਹਾਦਰ ਵਰਗੇ ਜ਼ਮੂਰਾਂ ਨਾਲ ਮਾਸ ਕਟਵਾਉਂਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ ਗੁਰੂ ਦੇਵ ਦੀ ਇਛਾ ਨੂੰ ਸਿਰੋਧਾਰਯ ਕਰਕੇ ਸੰਘਰਸ ਹੋਰ ਵੀ ਤਿੱਖਾ ਤੋਰਿਆ। ਆਪਣੇ ਸਪੁੱਤਰਾਂ ਨੂੰ ਚਮਕੌਰ ਵਿਚ ਤਲਵਾਰਾਂ ਨਾਲ ਅਤੇ ਸਰਹੰਦ ਵਿਚ ਦੀ੍ਵਾਰਾਂ ਵਿਚ ਚਿਣਵਾਕੇ ਸ਼ਹੀਦ ਕਰਵਾਇਆ ਅਤੇ ਸ੍ਰੀ ਜੀ ਦੇ ਅਨਨਯ ਸਿੱਖ ਆਪਣੇ ਸਿਰਾਂ ਦੀ ਅਸੀ-ਅਸੀ ਰੁਪੈ ਕੀਮਤ ਪਵਾਉਦੇ ਰਹੇ। ਇਸ ਸਮੇਂ ਸਿਦਕਵਾਨ ਸਿੱਖ ਬੀਬੀਆਂ ਸ੍ਵਰਨ ਹਾਰਾਂ ਦੀ ਥਾਂਅ ਆਪਣੇ ਬਚਿਆਂ ਦੇ ਟੋਟੇ-ਟੋਟੇ ਕਰਵਾ ਕੇ ਗਲਾਂ ਵਿਚ ਹਾਰ ਪਵਾਉਦੀਆਂ ਰਹੀਆਂ। ਮਹਿਲਾਂ ਦੀ ਵਜਾਏ ਜੇਲ੍ਹਾਂ ਵਿਚ ਆਸਨ ਲਾਉਦੀਆਂ ਰਹੀਆਂ। ਸੀਸਿਆਂ ਵਾਲੀਆਂ ਪੱਖੀਆਂ ਝੱਲਣ ਦੀ ਥਾਂ ਸਵਾ-ਸਵਾ ਮਣ ਪੀਸਣੇ ਪੀਸ ਦੀਆਂ ਰਹੀਆਂ।

ਜਿਸ ਸ੍ਵਰਗ ਵਰਗੀ ਪਿਆਰੀ 'ਜਨਨੀ ਜਨਮ ਭੂਮੀ ਸਚ ਸ੍ਵਰਗਾ ਦਪਿ ਗਰੀਯਸੀ' ਦੀ ਬਾਬਰ ਵਰਗਿਆਂ ਨੇ ਸ੍ਵਤੰਤ੍ਰਤਾ ਹਰ ਲਈ ਸੀ। ਜਿਸ ਜਮਾਂ ਵਰਗੇ ਮੁਗਲ ਨੇ ਪਾਪ ਦੀ ਜੰਞ ਲਿਆਕੇ ਹਿੰਦੁਸਤਾਨ ਨੂੰ ਡਰਾਕੇ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਪਿਆਰੀ ਭੂਮੀ ਨੂੰ ਬੰਧਨ-ਮੁਕਤਿ ਕਰਨ ਵਾਸਤੇ, ਸਤਿਗੁਰੂ ਤੇਗ ਬਹਾਦਰ ਜੀ ਦੇ ਸਿਦਕਵਾਨ ਇਕ ਸ਼ਤਾਬਦੀ ਤੱਕ ਸੰਘਰਸ਼ ਕਰਦੇ ਰਹੇ ਜਿਨ੍ਹਾਂ ਨੇ ਭਾਰਤੀ ਇਤਿਹਾਸ ਦੇ ਨਵੇਂ-ਨਵੇਂ ਕਾਂਡ ਉਲੀਕ ਕੇ ਇਕ ਹਜ਼ਾਰ ਵਰਸ਼ ਤੋਂ ਚੱਲਿਆ ਆ ਰਿਹਾ ਗਜ਼ਨਵੀਆਂ, ਸਯਦਾਂ, ਲੋਧੀਆਂ, ਖਿਲਜ਼ੀਆਂ, ਪਠਾਣਾਂ ਅਤੇ ਮੁਗਲਾਂ ਦਾ ਰਾਜਨੀਤਿਕ ਗਲਬਾ ਤੋੜ ਕੇ ਜਨਮ ਭੂਮੀ ਬੰਧਨ ਮੁਕਤਿ ਕਰ ਦਿਤੀ। ਇਸ ਸਾਰੀ ਘਾਲਣਾ, ਕ੍ਰਾਂਤੀ ਅਤੇ ਸੰਘਰਸ਼ ਪਿਛੇ, ਸਤਿਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਪ੍ਰਮ ਆਦਰਸ਼ਯ ਹੀ ਕੰਮ ਕਰ ਰਿਹਾ ਸੀ। ਸੱਚ ਹੈ:

"ਏਕ ਵੁਹ ਹੈ ਜੋ ਚਲਤੇ ਹੈਂ ਜ਼ਮਾਨੇ ਕੇ ਸਾਥ ਸਾਥ
ਮਗਰ ਮਰਦ ਵੁਹ ਹੈਂ ਜੋ ਜ਼ਮਾਨੇ ਕੋ ਬਦਲ ਦੇਤੇ ਹੈਂ।"

**੧ੴ ਸਤਿਗੁਰ ਪ੍ਰਸਾਦਿ॥**

ਦੇਗ ਤੇਗ ਜਗ ਮਹਿ ਦੋਊ ਚਲੈ

ਦੇਗ ਤੇਗ ਫਤਹ

# ਦੇਗ ਦੇ ਧਨੀ

ਜਿਸ ਵਿਚ ਅਨੰਤ ਸ੍ਰੀ ਵਿਭੂਸ਼ਤ ਪੂਜਯ ਭਾਈ ਸਾਹਿਬ ਭਾਈ ਰੂਪ ਚੰਦ ਜੀ ਦਾ

ਚਰਿਤ੍ਰ, ਨਾਮ ਸਿਮਰਨ, ਸੇਵਾ, ਸਿੱਖੀ ਪ੍ਰਚਾਰ, ਲੰਗਰ ਦੀ ਟਕਸਾਲ

ਸਤਿਗੁਰੂਆਂ ਦੇ ਅਸ਼ੀਰਵਾਦ, ਵਰਦਾਨ/ਬਖਸ਼ਸ਼ਾਂ, ਪੂਰਬ ਵੰਸ਼ ਪ੍ਰੀਚਯ

ਅਤੇ ਸੰਤਾਨ ਦੀ ਮਹਾਨ ਘਾਲਣਾ ਦਾ ਪੂਰਨ ਇਤਿਹਾਸ।

**ਲੇਖਕ**

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ

## ਲੇਖਕ ਵਲੋਂ ਦੋ ਸ਼ਬਦ

ਅਨੰਤ ਸ੍ਰੀ ਵਿਭੂਸ਼ਤ ਪ੍ਰਮ ਮਾਨਨੀਯ ਪੂਜਯ-ਪਾਦ ਬ੍ਰਹਮ ਸ੍ਰੋਤ੍ਰੀਯ, ਬ੍ਰਹਮ ਨਿਸ਼ਠ, ਬ੍ਰਹਮ ਗਿਆਨੀ ਭਾਈ ਸਾਹਿਬ ਭਾਈ ਰੂਪ ਚੰਦ ਜੀ ਦਾ ਵਿਅਕਤੀਤ੍ਵ ਗੁਰਸਿਖੀ ਵਿਚ ਮਹਾਨ ਅਤੇ ਆਦਰਸ਼ਯਕ ਪ੍ਰਭਾਵ ਰਖਦਾ ਸੀ। ਭਾਈ ਰੂਪ ਚੰਦ ਜੀ ਨੇ ਨਾਮ ਬਾਣੀ ਸਿਮਰਨ ਸੇਵਾ ਕਰਕੇ ਅਤੇ ਲੰਗਰ ਚਲਾਕੇ ਗੁਰੂ-ਘਰ ਵਿਚ ਉਚ-ਸਥਾਨ ਪ੍ਰਾਪਤ ਕੀਤਾ ਸੀ। ਜਿਵੇਂ ਵਯੋਵ੍ਰਿਧ ਅਨੰਤ ਸ੍ਰੀ ਵਿਭੂਸ਼ਤ ਪ੍ਰਮ ਪੂਜਨੀਯ ਬਾਬਾ ਬੁੱਢਾ ਜੀ ਨੇ ਸੇਵਾ ਭਗਤੀ ਸਿਮਰਨ ਨਾਲ ਸ੍ਰੋਤ੍ਰੀਯਤ੍ਵ ਅਤੇ ਬ੍ਰਹਮ ਨਿਸ਼ਠਤਾ ਪ੍ਰਾਪਤ ਕਰਕੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਸਤਿਗੁਰੂ ਹਰਿਗੋਬਿੰਦ ਜੀ ਮਹਾਰਾਜ ਤੱਕ ਦਰਸ਼ਨ ਕਰਕੇ ਪੰਚ ਗੁਰੂ ਸਾਹਿਬਾਨ (ਸਤਿਗੁਰੂ ਅੰਗਦ ਦੇਵ ਜੀ ਤੋਂ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ) ਨੂੰ ਗੁਰਿਆਈ ਦਾ ਤਿਲਕ ਲਾਉਣ ਦਾ ਮਾਣ ਪ੍ਰਾਪਤ ਕੀਤਾ ਅਤੇ ਗੁਰਸਿਖੀ ਵਿਚ ਪ੍ਰਮ ਪੂਜਨੀਯ ਪਦ ਪ੍ਰਾਪਤ ਕੀਤਾ।

ਇਸੀ ਤਰ੍ਹਾਂ ਭਾਈ ਰੂਪ ਚੰਦ ਜੀ ਨੇ ਵੀ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਤੋਂ ਲੈ ਕੇ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੱਕ ਦਰਸ਼ਨ ਕਰਕੇ ਅਤੇ ਸੇਵਾ ਸਿਮਰਨ ਦੁਆਰਾ ਮਾਨਨੀਯ ਪਦ ਕੀਤਾ ਜਿਨ੍ਹਾਂ ਦੀ ਮਹਾਨ ਕਰਣੀ ਘਾਲਣਾ ਅਤੇ ਚਰਿਤ੍ਰ ਨੂੰ ਅਸੀਂ ਇਸ ਨਿਬੰਧ ਵਿਚ ਅੰਕਤ ਕਰਦੇ ਹਾਂ।

ਬਲਵੰਤ ਸਿੰਘ ਕੋਠਾ ਗੁਰੂ

**ਪੂਰਬ ਵੰਸ਼:** ਭਾਈ ਰੂਪ ਚੰਦ ਜੀ ਦੇ ਵਡਾਰੂਆਂ ਦਾ ਪੂਰਬ ਵੰਸ਼ ਪ੍ਰੀਚਯ ਮਹਾਨ ਅਤੇ ਅਦ੍ਵਿਤੀਯ ਹੈ ਜੋ ਭਾਰਤ ਦੀ ਮਾਨਨੀਯ ਜਾਤੀ ਰਾਜਪੂਤਾਂ ਨਾਲ ਜਾ ਮਿਲਦਾ ਹੈ। ਭਾਈ ਸਾਹਿਬ ਜੀ ਦੀ ਜਾਤੀ ਦਾ ਇਤਿਹਾਸ ਭੱਟਾਂ ਦੀਆਂ ਵਹੀਆਂ ਵਿਚ ਕਰਮਵਾਰ ਵਿਆਖਿਆ ਨਾਲ ਲਿਖਿਆ ਮਿਲਦਾ ਹੈ। ਇਤਿਹਾਸ ਵਿਚ ਜਿਸ ਆਦ ਪੁਰਸ਼ ਦਾ ਪਹਿਲਾ ਨਾਂਉ ਮਿਲਦਾ ਹੈ, ਉਹ ਸਨ ਸ੍ਰੀ ਸੇਖਰ ਜੀ ਮਹਾਰਾਜ ਜਿਨ੍ਹਾਂ ਦਾ ਗੋਤ ਖੇਖਰ ਅਤੇ ਰਾਜਧਾਨੀ ਦਾ ਨਾਂਉ 'ਸੇਖਾਵਾਦ' ਪ੍ਰਸਿੱਧ ਸੀ। ਸਮਾਂ ਪਾ ਕੇ ਰਿਆਸਤ ਦਾ ਆਕਾਰ ਛੋਟਾ ਹੋ ਗਿਆ। ਇਸ ਸਮੇਂ ਰਾਜ ਉੱਤੇ 'ਭਗਤੂ' ਦਾ ਸ਼ਾਸਨ ਸੀ ਜਿਸ ਨੇ ਆਪਣੇ ਨਾਂਉ ਉਤੇ 'ਭਗਤਗੜ੍ਹ' ਨਗਰ ਵਸਾਕੇ ਰਾਜਧਾਨੀ ਦਾ ਕੇਂਦਰ ਬਣਾਇਆ। ਭਗਤੂ ਦੇ ਘਰ 'ਸਾਂਧਰ' ਨਾਂਉ ਦਾ ਸੂਰਬੀਰ ਪੁੱਤਰ ਪੈਦਾ ਹੋਇਆ ਤੇ ਸਾਂਧਰ ਦੇ ਘਰ 'ਰਤਨਪਾਲ' ਜਨਮਿਆ। ਰਤਨ ਪਾਲ ਆਪਣੇ ਸਮੇਂ ਨੀਤੀ ਵੀਚਾਰ ਕੇ ਦਿੱਲੀਪਤੀ ਮੁਸਲਮਾਨ ਬਾਦਸ਼ਾਹ ਦੇ ਅਧੀਨ ਰਾਜ ਕਰਨ ਲੱਗਾ। ਰਤਨਪਾਲ ਦੇ ਘਰ 'ਬੁਧਨ' ਜਨਮਿਆ, ਜਿਸ ਦੇ ਸੰਤਾਨ ਨ ਹੋਈ। ਜੋਤਸ਼ੀਆਂ ਨੇ ਦੱਸਿਆ ਕਿ ਜੇਕਰ ਆਪ ਰਾਜਪੂਤ ਕੰਨਿਆ ਦੀ ਵਜਾਏ ਕਿਸੀ ਨੀਂਵੀ ਸ਼੍ਰੇਣੀ ਦੀ ਇਸਤ੍ਰੀ ਨਾਲ ਵਿਵਾਹ ਕਰ ਲਵੋਂ ਤਾਂ ਆਵੱਸ਼ਯ ਪੁੱਤਰ ਪੈਦਾ ਹੋਵੇਗਾ। ਬੁਧਨ ਨੀਂਵੀ ਜਾਤੀ ਦੀ ਸੁਸ਼ੀਲ ਸੁਨਿਮਰ, ਸਿਆਣੀ, ਸੁੰਦਰ ਕੰਨਿਆ ਦੀ ਤਲਾਸ਼ ਵਿਚ ਰਹਿਣ ਲੱਗਾ।

ਇਕ ਦਿਨ ਸ਼ਿਕਾਰ ਗਿਆ ਤਾਂ ਇਕ ਪਿੰਡ ਵਿਚ ਖੋੜਸੀ ਸੁਸ਼ੀਲ ਸੁੰਦਰ 'ਚੰਦ੍ਰਕਾਂਤਾ' ਨਾਮੇਂ ਕੰਨਿਆ ਵੇਖੀ ਜੋ ਬੰਸੀਧਰ ਤ੍ਰਖਾਣ ਦੀ ਧੀ ਸੀ। ਬੁਧਨ ਨੇ ਬੰਸੀਧਰ ਨੂੰ ਬਲਾਕੇ ਕੰਨਿਆ ਦਾ ਰਿਸ਼ਤਾ ਮੰਗਿਆ ਅਤੇ ਬੰਸੀਧਰ ਇਸ ਸ਼ਰਤ ਤੇ ਮੰਨ ਗਿਆ ਕਿ ਰਿਆਸਤ ਦਾ ਸ਼ਾਸਕ ਕੇਵਲ ਮੇਰਾ ਦੋਹਤਰਾ ਹੀ ਮੰਨਿਆ ਜਾਵੇਗਾ। ਬੁਧਨ ਨੇ ਸ਼ਰਤ ਪ੍ਰਵਾਨ ਕਰਕੇ ਚੰਦ੍ਰਕਾਂਤਾਂ ਨਾਲ ਵਿਵਾਹ ਕਰ ਲਿਆ। ਨੀਂਵੀ ਸ਼੍ਰੇਣੀ ਵਿਚ ਵਿਵਾਹ ਹੋਣ ਕਰਕੇ ਰਾਜਪੂਤਾਂ ਨੇ ਬੁਧਨ ਦਾ ਪ੍ਰੀਤਿਆਗ ਕਰ ਦਿਤਾ ਅਤੇ ਬੁਧਨ ਨੇ ਰਾਜਪੂਤਾਂ ਦਾ ਤਿਆਗ ਕਰਕੇ ਤਰਖਾਣਾਂ ਨਾਲ ਪੱਕਾ ਸੰਪਰਕ ਜੋੜ ਲਿਆ। ਬੁਧਨ ਦੇ ਘਰ ਰਾਣੀ ਚੰਦ੍ਰਕਾਤਾਂ ਦੇ ਪੇਟੋਂ 'ਪੁੰਨੀਪਾਲ' ਜਨਮਿਆ। ਇਨ੍ਹਾਂ ਦਿਨ੍ਹਾਂ ਵਿਚ ਰਾਜਪੂਤਾਂ ਨੇ ਬੁਧਨ ਨੂੰ ਪਤਤ ਹੋਇਆ ਸਮਝ ਕੇ, ਇਸ ਕਾਰਣ ਆਕ੍ਰਮਣ ਕਰ ਦਿਤਾ ਕਿ ਬੁਧਨ ਨ ਸ੍ਵਯੰ ਰਾਜਪੂਤ ਰਿਹਾ ਹੈ ਨ ਹੀ ਰਾਜਪੂਤਾਂ ਦੀ ਰਿਆਸਤ ਦਾ ਅਧਿਕਾਰੀ ਹੈ। ਜਾਤੀ ਪਰਿਵਰਤਨ ਕਰਕੇ ਬੁਧਨ ਨੀਚ ਜਾਤੀ ਵਿਚ ਸ਼ਾਮਲ ਹੋ ਗਿਆ। ਭਿਆਨਕ ਲੜਾਈ ਹੋਈ ਜਿਸ ਵਿਚ ਬੁਧਨ ਸ਼ਹੀਦ ਹੋ ਗਿਆ। ਰਾਣੀ ਚੰਦ੍ਰਕਾਂਤਾਂ ਸਤੀ ਹੋ ਗਈ ਕਿੰਤੂ ਤ੍ਰਖਾਣ ਬੰਸੀਧਰ ਨੇ ਆਪਦੇ ਦੋਹਤਰੇ ਪੁੰਨੀਪਾਲ ਦੀ ਸਰਪ੍ਰਸਤੀ ਦ੍ਰਿੜ੍ਹਤਾ ਨਾਲ ਨਿਭਾਈ। ਦੇਸ ਦੇ ਤ੍ਰਖਾਣ ਇੱਕਠੇ ਕਰਕੇ ਜੰਗ ਜਾਰੀ ਰੱਖਿਆ ਅਤੇ ਰਾਜਪੂਤਾਂ ਨੂੰ ਬੁਰੀ ਤਰ੍ਹਾਂ ਹਾਰ ਦਿਤੀ। ਰਿਆਸਤ ਵਿਚ ਅਮਨ ਸਥਾਪਨ ਕਰਕੇ ਪੁੰਨੀਪਾਲ ਦਾ ਰਾਜ ਸੰਗਠਤ ਕੀਤਾ।

ਪੁੰਨੀਪਾਲ ਵੱਡਾ ਹੋਇਆ। ਨਾਨੇ ਬੰਸੀਧਰ ਨੇ ਤ੍ਰਖਾਣਾਂ ਦੇ ਘਰ ਬੜੀ ਸ਼ਾਨ ਨਾਲ ਵਿਵਾਹਿਆ ਅਤੇ ਪੁੰਨੀਪਾਲ ਨੂੰ ਵਿਧੀਵਤ ਰਾਜਾ ਘੋਸ਼ਤ ਕਰਕੇ ਬੰਸੀਧਰ ਸਰੀਰ ਛੱਡ ਗਿਆ।

ਰਾਜਪੂਤ ਫਿਰ ਦਿੱਲੀ ਜਾਕੇ ਬਾਦਸ਼ਾਹ ਅਗੇ ਫਰਿਆਦੀ ਹੋਏ ਕਿ ਰਾਜਪੂਤਾਂ ਦੀ ਸਦੀਵੀ ਰਿਆਸਤ 'ਤੇ ਤ੍ਰਖਾਣ ਨੂੰ ਰਾਜ ਕਰਨ ਦਾ ਕੋਈ ਅਧਿਕਾਰ ਨਹੀਂ। ਵਜ਼ੀਰ ਨੇ ਰਿਸ਼ਵਤ ਲੈ ਕੇ ਰਾਜਪੂਤਾਂ ਦਾ ਸਮਰਥਨ

ਕੀਤਾ। ਇਸ ਤਰ੍ਹਾਂ ਰਾਜਕੀਯ ਸਹਾਇਤਾ ਨਾਲ ਰਾਜਪੂਤਾਂ ਨੇ ਮੁੜ ਪੁੰਨੀਪਾਲ ਤੇ ਆਕ੍ਰਮਣ ਕਰ ਦਿਤਾ। ਪੁੰਨੀਪਾਲ ਨੂੰ ਹਾਰ ਹੋਈ ਤੇ ਦੋ ਪਿੰਡ 'ਕਾਲਖੱਤਾ' ਤੇ 'ਕਾਨਵੀ' ਗੁਜਾਰੇ ਵਾਸਤੇ ਸਤਿਲੁਜ ਤੋਂ ਪਛਮ ਵੱਲ ਮਿਲੇ। ਇਥੇ ਵੀ ਉਸ ਦਾ ਪੁਰਾਤਨ ਰਾਜਪੂਤਾਂ ਵਾਲਾ ਖਾਨਦਾਨੀ ਸੁਭਾਅ ਕਾਇਮ ਰਿਹਾ। ਡਾਕੇ, ਲੜਾਈਆਂ, ਖ਼ੂਨ ਤੇ ਦੰਗੇ ਫਸਾਦ ਕਰਦਾ ਰਿਹਾ। ਪੁੰਨੀਪਾਲ ਦਾ ਪੁੱਤਰ 'ਗੰਗੜ' ਅਤੇ ਪੋਤਰਾ 'ਵਿਜੈ' ਵੀ ਸੂਰਵੀਰ ਅਤੇ ਡਾਕੂਆਂ ਦੇ ਜਥਿਆਂ ਦੇ ਸਰਦਾਰ ਰਹੇ।

ਇਨ੍ਹਾਂ ਪਿੰਡਾਂ ਵਿਚ ਵਿਰਕ ਜੱਟਾਂ ਨਾਲ ਕਈ ਵਾਰ ਮੁਕਾਬਲਾ ਹੋਇਆ। ਇਕ ਵਾਰ ਵਿਰਕਾਂ ਦਾ ਸ੍ਰੋਮਣੀ ਆਗੂ ਮਾਰਿਆ ਗਿਆ ਜਿਸ ਕਾਰਣ ਸਾਰੇ ਤਪੇ ਦੇ ਵਿਰਕਾਂ ਨੇ ਇਨ੍ਹਾਂ ਉੱਤੇ ਹਮਲਾ ਕਰ ਦਿੱਤਾ। ਭਿਆਨਕ ਲੜਾਈ ਹੋਈ। ਭਾਵੇਂ ਵਿਰਕਾਂ ਦਾ ਵੀ ਨੁਕਸਾਨ ਹੋਇਆ, ਫਿਰ ਵੀ ਦੋਨੋ ਗੰਗੜ ਤੇ ਵਿਜੈ ਸ਼ਹੀਦ ਹੋ ਗਏ। ਬਾਕੀ ਵੰਸ਼ਜ ਵਿਗਾੜ ਪੈਣ ਕਰਕੇ ਇਲਾਕਾ ਛੱਡ ਕੇ ਬਠਿੰਡੇ ਦੇ ਨੇੜੇ ਪਿੰਡ ਕਾਲ ਝਰਾਣੀ ਜਾ ਰਹੇ। ਇਥੇ ਹੀ ਸਿੱਧੂ ਚੱਕਰ ਬੰਨ੍ਹ ਕੇ ਬੈਠੇ ਹੋਏ ਸਨ। ਇਥੇ ਖੋਖਰਾਂ ਤੇ ਸਿੱਧੂਆਂ ਦਾ ਦੀਰਘ ਸੰਪਰਕ ਹੋ ਗਿਆ, ਮਿਲ ਕੇ ਡਾਕੇ ਮਾਰਦੇ ਰਹੇ। ਦੋਨੋਂ (ਸਿੱਧੂ ਅਤੇ ਖੋਖਰ) ਸੂਰਮੇਂ ਸਨ। ਜੰਗਾਂ/ਜੁੱਧਾਂ/ਡਾਕਿਆਂ ਦਾ ਜ਼ਮਾਨਾ ਸੀ। ਇਸ ਤਰ੍ਹਾਂ ਸਮਾਂ ਲੰਘਦਾ ਗਿਆ, ਗੰਗੜ ਤੋਂ 'ਸੁਲਤਾਨ' ਤੱਕ ਚੌਥੀ ਪੀਹੜੀ ਹੋ ਗਈ। ਸੁਲਤਾਨ ਦਾ ਪੁਤਰ 'ਤੋਲਾ' ਹੋਇਆ। ਤੋਲੇ ਦੇ 'ਬਸਾਵਾ' ਜਨਮਿਆ ਅਤੇ ਬਸਾਵੇ ਦੇ ਸੁੱਧੂ ਹੋਇਆ। ਬਸਾਵੇ ਦੇ ਸਮੇਂ ਸਿੱਧੂਆਂ ਨਾਲ ਵੀ ਵਿਗਾੜ ਪੈ ਗਿਆ, ਇਸ ਵਾਸਤੇ ਕਾਲ ਝਰਾਣੀ ਵੀ ਛੱਡਣੀ ਪਈ ਅਤੇ ਪਿੰਡ ਤੁਕਲਾਣੀ ਆਣ ਵਸੇ। ਤੁਕਲਾਣੀ ਦੇ ਵਸਨੀਕ ਸੁਲਤਾਨੀਏ ਸਨ। ਇਸ ਵਾਸਤੇ ਇਹ ਵੀ ਸੁਲਤਾਨੀਏ ਬਣ ਗਏ। ਡਾਕੇ ਚੋਰੀਆ ਛੱਡ ਕੇ ਕੰਮ ਜ਼ਿਮੀਦਾਰਾਂ (ਕ੍ਰਿਸਾਣੀ) ਕਰਨ ਲੱਗ ਪਏ। ਇਸ ਵਾਰਤਾ ਨੂੰ ਗਿਆਨੀ ਗਿਆਨ ਸਿੰਘ ਜੀ ਇਸ ਤਰ੍ਹਾਂ ਅੰਕਤ ਕਰਦੇ ਹਨ:

> ਤੁਕੋਲਾਣੀ ਜਬ ਆ ਬਸੇ। ਕਾਂਮ ਜ਼ਿਮੀਦਾਰੇ ਮੈ ਰਸੇ।
> ਕਾਂਮ ਤਖਾਣਾਂ ਸਿਖਿਓਨ ਕੀਆ। ਅਰਪਸਿੰਦ ਭੀ ਨਹਿ ਥਾ ਥੀਆ।
> ਲੋਗ ਤਹਾਂ ਕੇ ਬਸਨੇ ਵਾਰੇ। ਥੇ ਸੁਲਤਾਨੀ ਮਾਨੀ ਭਾਰੇ
> ਉਨਕੀ ਸੰਗਤ ਕਰਨੇ ਤੈਹੈ। ਮਾਨਨ ਲਗੇ ਸਰਵਰੈ ਏਹੈ। (ਇਤਿਹਾਸ ਰਿਆਸਤ ਬਾਗੜੀਆਂ ਪੰਨਾ ੭)

**ਸੁੱਧੂ-ਗੁਰੂ ਸ਼ਰਣ ਵਿਚ:** ਸੁੱਧੂ ਦਾ ਵਿਵਾਹ ਇਕ ਗੁਰਸਿੱਖ ਪਰਵਾਰ ਵਿਚ ਭਾਈ ਆਕਲ ਦੇ ਪਿੰਡ ਵੱਡਾ ਘਰ (ਤਰਨ ਤਾਰਨ) ਵਿਖੇ ਹੋਇਆ। ਭਾਈ ਆਕਲ ਅਤੇ ਉਸ ਦਾ ਸਾਰਾ ਪਰਵਾਰ ਗੁਰਸਿਖੀ ਦਾ ਧਾਰਨੀ ਸੀ। ਇਸ ਵਾਸਤੇ ਭਾਈ ਆਕਲ ਦੀ ਸਪੁਤ੍ਰੀ ਬੀਬੀ ਸੂਰਤੀ ਦੀ ਵਿਵਾਹ ਸਮੇਂ ਆਯੂ ਭਾਵੇਂ ਸੱਤ ਵਰਸ਼ ਦੀ ਸੀ ਪਰ ਇਸ ਬੀਬੀ ਨੂੰ ਇਸ ਗੱਲ ਦਾ ਕਸ਼ੋਭ ਸੀ ਕਿ ਉਸ ਦਾ ਵਿਵਾਹ ਇਕ ਸੁਲਤਾਨੀਏ ਨਾਲ ਹੋ ਗਿਆ ਹੈ। ਇਸ ਕਲੇਸ਼ ਨੇ ਬੀਬੀ ਜੀ ਦੇ ਮਨ ਨੂੰ ਅਸ਼ਾਂਤ ਕੀਤਾ ਹੋਇਆ ਸੀ।

ਬੀਬੀ ਸੂਰਤੀ ਦੀ ਡੋਲੀ ਕਹਾਰਾਂ ਦੇ ਮੋਢਿਆਂ ਉੱਤੇ ਸੀ। ਬਰਾਤ ਵਾਪਸ ਤੁਕਲਾਣੀ ਆ ਰਹੀ ਸੀ ਪਰ ਬੀਬੀ ਸੂਰਤੀ ਦੀ ਸੁਰਤੀ ਸਤਿਗੁਰੂ ਜੀ ਦੇ ਚਰਨਾਂ ਵਿਚ ਲੱਗੀ ਹੋਈ ਸੀ। ਸੁਭਾਵਿਕ ਹੀ ਅਰਦਾਸ ਹੋ ਰਹੀ ਸੀ ਕਿ "ਸਚੇ ਪਾਤਸ਼ਾਹ! ਮੈਂ ਸੁਲਤਾਨੀਏ ਦੇ ਘਰ ਜਾ ਰਹੀ ਹਾਂ ਜੋ ਗੁਰਮਤਿ ਤੋਂ ਅਗਿਆਤ ਹੈ ਕ੍ਰਿਪਾ ਕਰਕੇ ਮੈਨੂੰ ਦਰਸ਼ਨ ਬਖਸ਼ੋ ਅਤੇ ਮੇਰੇ ਪਤੀ ਨੂੰ ਸੁਮੱਤ ਬਖਸ਼ੋ।"

ਰਸਤੇ ਵਿਚ ਪਿੰਡ ਡਰੋਲੀ ਵਿਖੇ ਸਤਿਗੁਰੂ ਹਰਿਗੋਬਿੰਦ ਜੀ ਮਹਾਰਾਜ ਸੰਗਤ ਨੂੰ ਤਾਰ ਰਹੇ ਸਨ। ਬੀਬੀ ਜੀ ਨੂੰ ਪਤਾ ਲੱਗ ਗਿਆ ਕਿ ਸਤਿਗੁਰੂ ਜੀ ਇਸ ਨਗਰ ਵਿਚ ਵਿਰਾਜ ਕੇ ਇਲਾਕੇ ਨੂੰ ਤਾਰ ਰਹੇ ਹਨ। ਬੀਬੀ ਨੇ ਕਹਾਰਾਂ ਨੂੰ ਅਧੀਨਗੀ ਨਾਲ ਬੇਨਤੀ ਕੀਤੀ ਕਿ "ਵੀਰ! ਮੈਨੂੰ ਸਤਿਗੁਰੂ ਦੇ ਦਰਸ਼ਨ ਕਰ ਲੈਣ ਦਿਉ। ਮੈਂ ਸ਼ੀਘਰ ਹੀ ਆ ਜਾਵਾਂਗੀ ਅਤੇ ਤੁਸੀਂ ਵੀ ਆਰਾਮ ਕਰ ਲਵੋ।" ਕੁਝ ਚਿਰ ਤੋਂ ਮਗਰੋਂ ਕਹਾਰ ਮੰਨ ਗਏ। ਬੀਬੀ ਸ਼ੀਘਰਤਾ ਨਾਲ ਤੁਰਕੇ, ਸਤਿਗੁਰੂ ਸਚੇ ਪਾਤਸ਼ਾਹ ਦੇ ਦੀਵਾਨ ਵਿਚ ਹਾਜਰ ਹੋ ਕੇ, ਗੁਰੂ ਦੇਵ ਦੇ ਪਾਵਨ ਚਰਨਾਂ ਵਿਚ ਡਿੱਗ ਪਈ। ਸਤਿਗੁਰੂ ਜੀ ਨੇ ਆਪਣੇ ਪਾਵਨ ਕਰ ਕਮਲਾਂ ਦ੍ਵਾਰਾ ਅਤੇ ਸ੍ਰੀ ਮੁਖ ਵਾਕ ਤੋਂ ਨਾਮ ਦਾਨ ਤੇ ਪਰਵਾਰ ਨੂੰ ਸਿੱਖੀ ਸਿਦਕ ਨਿਭਣ ਦਾ ਅਸ਼ੀਰਵਾਦ ਦਿਤਾ।

ਬੀਬੀ ਜੀ ਨੇ ਹੱਥ ਜੋੜਕੇ ਰੁਧਾ ਕੰਠ ਹੋ ਕੇ ਸੁਲਤਾਨੀ ਪਰਵਾਰ ਨਾਲ ਰਿਸ਼ਤਾ ਹੋਣ ਦੀ ਸਾਰੀ ਕਹਾਣੀ ਸੁਨਾਈ ਅਤੇ ਪ੍ਰਾਰਥਨਾ ਕੀਤੀ ਕਿ "ਸਚੇ ਪਾਤਸ਼ਾਹ ਮੇਰੇ ਪਤੀ ਨੂੰ ਗੁਰਸਿਖੀ ਬਖਸ਼ੋ।" ਸਤਿਗੁਰੂ ਜੀ ਨੇ ਬੀਬੀ ਨੂੰ ਸ਼ਾਂਤਵਨਾ ਦਿਤੀ ਬੀਬੀ ਦਾ ਸਿੱਖੀ ਸਿਦਕ ਵੇਖਕੇ ਗੁਰ ਸੰਗਤ ਪ੍ਰਸੰਨਤਾ ਨਾਲ ਅਸ਼ਚਰਜ ਹੋ ਗਈ।

ਇਨ੍ਹੇ ਚਿਰ ਨੂੰ ਬਰਾਤ ਵੀ ਪਿਛੋਂ ਚੱਲ ਕੇ ਕਹਾਰਾਂ ਕੋਲ ਪਹੁੰਚ ਗਈ ਅਤੇ ਉਨ੍ਹਾਂ ਨੂੰ ਬੈਠੇ ਵੇਖਕੇ, ਸਾਰੀ ਗੱਲ ਸੁਣ-ਸਮਝਕੇ, ਸਾਰੀ ਜੰਞ ਅਸ਼ਚਰਜ ਹੋ ਗਈ ਨਾਲ ਹੀ ਸੁੱਧੂ ਕ੍ਰੋਧ ਨਲ ਅੱਗ-ਭੰਬੂਲਾ ਹੋ ਗਿਆ। ਕਹਾਰਾਂ ਦੇ ਦੱਸੇ ਅਨੁਸਾਰ ਤਲਵਾਰ ਲੈ ਕੇ ਇਕੱਲਾ ਹੀ ਗੁਰੂ ਦਰਬਾਰ ਵੱਲ ਚੱਲ ਪਿਆ।

ਗੁਰੂ-ਦਰਬਾਰ ਦੀ ਸ਼ੋਭਾ ਵੇਖਕੇ ਅਸ਼ਚਰਜ ਹੋ ਗਿਆ। ਭਾਈ ਬਿਧੀ ਚੰਦ ਜੀ ਵਰਗੇ ਧਨੁਰਧਾਰੀ ਪਹਿਰਾ ਦੇ ਰਹੇ ਸਨ। ਕੀਰਤਨ ਦੀ ਅੰਮ੍ਰਿਤ ਵਰਸ਼ਾ ਹੋ ਰਹੀ ਸੀ। ਗੁਰਸਿੱਖ ਹੰਸ ਸਰੋਤੇ ਸ਼ਾਂਤ ਚਿੱਤ ਬੈਠੇ ਨਾਮ ਅੰਮ੍ਰਿਤਪਾਨ ਕਰਕੇ 'ਲੋਕ ਸੁਖੀ ਪ੍ਰਲੋਕ ਸੁਹੇਲੇ' ਬਣ ਰਹੇ ਸਨ। ਸੰਗਤ ਵਿਚ ਤਰ੍ਹਾਂ-ਤਰ੍ਹਾਂ ਦੀ ਸੇਵਾ ਹੋ ਰਹੀ ਸੀ। ਕੋਈ ਜਲ ਛਕਾ ਰਿਹਾ ਸੀ, ਕੋਈ ਲੰਗਰ ਵਰਤਾ ਰਿਹਾ ਸੀ, ਕੋਈ ਬਰਤਨ ਸਾਫ ਕਰ ਰਿਹਾ ਸੀ, ਕੋਈ ਪਖਾ ਝਲ ਰਿਹਾ ਸੀ, ਕੋਈ ਆਈ ਸੰਗਤ ਦੇ ਜੁੱਤੇ ਸੰਭਾਲ ਰਿਹਾ ਸੀ। ਬੀਬੀ ਸੂਰਤੀ ਨਿਮਰਤਾ ਸ਼ਰਧਾ ਅਤੇ ਸਤਿਕਾਰ ਪੂਰਬਕ ਗੁਰੂ ਜੀ ਦੇ ਸਮੁਖ ਹੱਥ ਜੋੜ ਕੇ ਬੈਠੀ ਹੋਈ ਸੀ। ਗੁਰੂ ਦਰਬਾਰ ਦੀ ਸ਼ੋਭਾ ਵੇਖ ਕੇ ਸੁੱਧੂ ਦਾ ਕ੍ਰੋਧ ਸ਼ਾਂਤ ਹੋ ਗਿਆ। ਦੂਰੋਂ ਹੀ ਨਮਸ਼ਕਾਰ ਕਰਕੇ ਪਿੱਛੇ ਜੇਹੇ ਬੈਠ ਗਿਆ। ਕੀਰਤਨ ਤੋਂ ਮਗਰੋਂ ਸਤਿਗੁਰੂ ਜੀ ਨੇ ਪਵਿੱਤਰ ਸ੍ਰੀ ਮੁਖ ਵਾਕ ਤੋਂ ਸਰਬੱਤ ਸੰਗਤ ਨੂੰ ਸਦ-ਉਪਦੇਸ਼ ਦੇ ਕੇ ਭੁਗਤ-ਮੁਕਤਿ ਦੀਆਂ ਬਖਸ਼ਸ਼ਾਂ ਕੀਤੀਆਂ।

ਸਤਿਗੁਰ ਸੂਰਮੇਂ ਤੋਂ ਸਦ- ਉਪਦੇਸ਼ ਸੁਣ ਕੇ ਸੁੱਧੂ ਦਾ ਵੀ ਕਾਇਆ ਕਲਪ ਹੋ ਗਿਆ। ਪੁਰਾਣੇ ਸੰਸਕਾਰ ਮਿਟ ਗਏ। ਪੂਰਬ ਕਰਮ ਅੰਕਰ ਪ੍ਰਗਟ ਹੋ ਗਏ ਅਤੇ ਪੂਰਨ ਪੁਰਸ਼ ਦੀ ਭੇਟ ਹੋ ਗਈ। ਸਤਿਗੁਰੂ ਸੂਰਮੇ ਦਾ ਵਾਹਿਆ ਵਾਕ ਬਾਣ ਰੋਮ-ਰੋਮ ਵਿਚ ਛੇਕ ਕਰ ਗਿਆ। ਇਕ ਮਨ ਇਕ ਚਿੱਤ ਨਾਲ ਕੀਤੀ ਹੋਈ

ਬੀਬੀ ਸੂਰਤੀ ਦੀ ਅਰਦਾਸ ਪ੍ਰਵਾਨ ਹੋ ਗਈ। ਸੁੱਧੂ ਵੀ ਸਮੂਹ ਲੋਕ-ਲਾਜ ਦਾ ਪ੍ਰੀਤਿਆਗ ਕਰਕੇ ਬੀਬੀ ਸੂਰਤੀ ਜੀ ਤਰ੍ਹਾਂ ਸਤਿਗੁਰੂ ਜੀ ਦੇ ਚਰਨਾਂ ਵਿਚ ਡਿੱਗ ਪਿਆ ਅਤੇ ਲੱਗਾ ਬੇਨਤੀਆਂ ਕਰਨ ਕਿ **ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ॥ ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ॥** ਦੇ ਵਾਕ ਅਨੁਸਾਰ ਬਖਸ਼ ਲਵੋ। ਨਾਲ ਹੀ ਹੀ ਬੀਬੀ ਸੂਰਤੀ ਵੀ ਸਤਿਗੁਰੂ ਜੀ ਦੀ ਕ੍ਰਿਤਯਗਯਤਾ ਲਈ ਮੁੜ ਚਰਨਾਂ ਵਿਚ ਨਤਯ ਮਸਤਕ ਹੋ ਗਈ। ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ:

ਸੁੱਧੂ ਦੀਨ ਅਧੀਨ ਹੋਇ ਕੈ
ਗੁਰ ਕੇ ਚਰਨਾ ਓਰ ਜੋਇ ਕੈ
ਮਾਂਗਯੋ ਨਾਮ ਦਾਨ ਗੁਰ ਘਰ ਤੈਂ
ਜਾਂਤੈ ਦੇਵ ਬਨੈ ਹਮ ਨਰ ਤੈ
ਖੁਸ਼ੀ ਹੋਇ ਗੁਰ ਸਿਖ ਤਿਹ ਕੀਓ
ਗੁਰਮੰਤ੍ਰ ਚਰਨਾਂਮ੍ਰਿਤ ਦੀਓ (ਇਤਿਹਾਸ ਰਿਆਸਤ ਬਾਗੜੀਆ, ਪੰਨਾ ੧੧)

ਗੁਰੂ ਜੀ ਨੇ ਸੁੱਧੂ ਨੂੰ ਵੀ ਸਿੱਖੀ ਸਿਦਕ ਬਖਸ਼ ਕੇ ਨਦਰੀਂ ਨਦਰ ਨਿਹਾਲ ਕਰ ਦਿਤਾ। ਅਸ਼ੀਰਵਾਦ ਦੇ ਕੇ ਫੁਰਮਾਇਆ, "ਗੁਰਮੁਖਾ! ਇਹ ਬੀਬੀ ਬੜੀ ਧਰਮਸ਼ੀਲ ਤੇ ਧਰਮ ਦੀ ਮੂਰਤਿ ਹੈ। ਇਸ ਬੀਬੀ ਦੇ ਕਾਰਣ ਤੇਰਾ ਨਾਂਉ ਤੇ ਵੰਸ਼ ਵਿਸ਼ਵ ਵਿਖਿਆਤ ਹੋ ਜਾਵੇਗਾ। ਇਸ ਬੀਬੀ ਦੇ ਪੇਟੋਂ ਤੇਰੇ ਘਰ ਮਹਾਨ ਬ੍ਰਹਮ ਗਿਆਨੀ ਪ੍ਰਗਟ ਹੋਵੇਗਾ ਜੋ ਦੇਸ ਵਿਚ ਨਾਮ ਬਾਣੀ ਕੀਰਤਨ ਦਵਾਰਾ ਸਦ-ਉਪਦੇਸ਼ ਦੇ ਕੇ ਲੱਖਾਂ ਨੂੰ ਤਾਰੇਗਾ।"

ਚਿਰ ਲੱਗ ਜਾਣ ਕਰਕੇ ਉਡੀਕ ਕੇ ਜਾਂਞੀ ਵੀ ਮਗਰ ਗੁਰ-ਦਰਬਾਰ ਵਿਚ ਪੁੱਜ ਕੇ, ਸਹਿਮੇ ਜੇਹੇ ਬੈਠੇ ਹੋਏ ਸਭ ਕੁਝ ਵੇਖ ਰਹੇ ਸਨ ਜੋ ਸੁਧੂ ਦੇ ਨਾਲ ਹੀ ਗੁਰਸਿਖੀ ਦੇ ਧਾਰਨੀ ਬਣ ਗਏ ਅਤੇ ਸਾਰੀ ਬਰਾਤ ਪ੍ਰਸੰਨਤਾ ਪੂਰਬਕ ਤੁਕਲਾਣੀ ਪਹੁੰਚੀ।

ਭਾਈ ਸੁੱਧੂ ਨੂੰ ਗੁਰਸਿਖੀ ਦਾ ਅਜੇਹਾ ਰੰਗ ਲੱਗਿਆ ਕਿ ਅੱਠੇ ਪਹਿਰ ਨਾਮ ਬਾਣੀ ਦੇ ਸਿਮਰਨ ਵਿਚ ਤੱਤਪਰ ਰਹਿਣ ਲੱਗਾ। ਬਿਨਾਂ ਸਤਿਗੁਰੂ ਜੀ ਦੇ ਕਿਸੇ ਦੇਵੀ-ਦੇਵਤੇ, ਮੜ੍ਹੀ-ਮਸਾਣੀ, ਪੀਰ-ਫਕੀਰ, ਸਖੀ-ਸਰਵਰ ਕੇਵਲ ਸਭ ਦਾ ਕ੍ਰਿਆਤਮਿਕ ਤੌਰ 'ਤੇ ਤਿਆਗ ਕਰ ਦਿਤਾ। ਆਪ ਜੀ ਦੀ ਕਰਣੀ ਆਦ੍ਰਸ਼ਯਕ ਬਣ ਗਈ। ਰਹਿਤ ਮਰਯਾਦਾ ਤੋਂ ਸੈਂਕੜੇ ਪ੍ਰਭਾਵਤ ਹੋਏ ਤੇ ਗੁਰੂ ਕੇ ਸਿੱਖ ਬਣੇ।

ਦੰਪਤੀ ਗੁਰਮਤਿ ਅਨੁਸਾਰ ਜੀਵਨ ਜਿਉਂਦੇ ਹੋਏ ਦਸਾਂ ਨਵਾਂ ਦੀ ਕ੍ਰਿਤ ਕਰਦੇ ਆਏ। ਅਤਿਥੀ ਸੰਤ, ਸਿੱਖ ਦੀ ਸੇਵਾ ਪ੍ਰੇਮ ਅਤੇ ਸਤਿਕਾਰ ਨਾਲ ਕਰਦੇ। ਇਨ੍ਹਾਂ ਦੀ ਕਰਣੀ ਇਲਾਕੇ ਵਿਚ ਪ੍ਰਮਾਣ ਬਣ ਗਈ। ਸੈਂਕੜੇ ਨਰ ਨਾਰੀ ਦੰਪਤੀ ਦੀ ਸ਼ੁੱਭ ਪ੍ਰੇਰਨਾ ਨਾਲ ਗੁਰੂ ਕੇ ਸਿੱਖ ਬਣੇ।

**ਭਾਈ ਰੂਪਚੰਦ ਜੀ ਦਾ ਅਵਤਾਰ:** ਸਤਿਗੁਰੂ ਜੀ ਭਵਿਸ਼ਯਤ ਅਸ਼ੀਰਵਾਦ ਅਨੁਸਾਰ ਤਿਥੀ ਵਿਸਾਖ ੧੫ ਸੰਮਤ ੧੬੭੧ ਬਿ. ਨੂੰ ਭਾਈ ਰੂਪ ਚੰਦ ਜੀ ਦਾ ਅਵਤਾਰ ਹੋਇਆ ਜਿਸ ਨਾਲ ਪਿੰਡ ਵਿਚ ਪ੍ਰਸੰਨਤਾ ਦੀ ਲਹਿਰ ਦੌੜ ਗਈ। ਘਰ-ਘਰ ਤੋਂ ਵਧਾਈਆਂ ਆਉਣ ਲਗੀਆਂ। ਭਾਈ ਸੁੱਧੂ ਜੀ ਅਤੇ ਹੋਰ ਸੰਗਤ ਗੁਰਬਾਣੀ

ਦਾ ਪਾਠ ਕਰਨ ਲੱਗੀ, ਕੀਰਤਨ ਹੋਣ ਲੱਗਾ ਜੋ ਕਈ ਦਿਨ ਜਾਰੀ ਰਿਹਾ। ਭਾਈ ਸੁੱਧੂ ਨਿੱਤ ਪੰਜ ਗ੍ਰੰਥੀ ਪੋਥੀ ਦਾ ਪਾਠ ਬਾਲਕ ਦੇ ਕੋਲ ਬੈਠ ਕੇ ਕਰਦੇ ਅਤੇ ਮਾਤਾ ਸੂਰਤੀ ਜੀ ਆਪਣੀ ਗੋਦ ਵਿਚ ਬਾਲਕ ਨੂੰ ਲੈ ਕੇ ਜਪੁ ਜੀ ਦਾ ਪਾਠ ਕਰਦੀ ਜਿਸ ਦਾ ਬਾਲਕ ਦੀ ਵਿਕਾਸ ਹੋ ਰਹੀ ਕੋਮਲ ਆਤਮਾ ਉੱਤੇ ਸੁਭਾਵਕ ਹੀ ਪ੍ਰਭਾਵ ਪੈਂਦਾ। ਗਿਆਨੀ ਗਿਆਨ ਸਿੰਘ ਜੀ ਅੰਕਤ ਕਰਦੇ ਹਨ:

ਸੰਮਤ ਸੋਲਾਂ ਸੈ ਕਹਤ੍ਰੇ ਤੀਜ ਬਸਾਖ ਸੁਦੀ ਕੋ।
ਪੈਦਾ ਹੋਣ ਸਮੇਂ ਘਰ ਚਾਨਣ ਭਯੋ ਅਚਰਜ ਬੁਧੀ ਕੋ।
ਜੱਚਾ ਦੇ ਮੰਜੇ ਪਰ ਸ਼ਸਤ੍ਰ ਧਰ ਵਰ ਧੁਪ ਧੁਖੈ ਹੈ।
ਗੁਰਬਾਨੀ ਕਾ ਪਾਠ ਸਿਆਣੀ ਮਾਈ ਦਾਨੀ ਕੈ ਹੈ।
ਕੀਰਤਨ ਕੀਨ ਰਵਾਬੀ ਰਾਗੀ ਗੁਰਬਾਨੀ ਸੁਖ ਦਾਨੀ।
ਬਧੀ ਬੇਲ ਬਹੁ ਪੀੜੀ ਚਾਲੀ ਧਰਮ ਕਲਾ ਬੰਧ ਆਨੀ।
ਕੈ ਗੁਰ ਸਾਚੇ ਭੇਜ ਦਯੋ ਹੈ ਚਿਰ ਜੀਵੀ ਕੁਲ ਬਰਧਕ।
ਗਾਇ ਸਬਦ ਪ੍ਰਸਾਦਿ ਬ੍ਰਤਾਯੋ ਖੁਸ਼ਿਥਾਏ ਸਿਖ ਸਰਧਕ (ਇਤਿਹਾਸ ਰਿਆਸਤ ਬਾਗੜੀਆਂ, ਪੰਨੇ ੧੩/੧੪)

**ਗੁਰੂ ਜੀ ਦਾ ਅਸ਼ੀਰਵਾਦ:** ਬਾਲਕ ਦਾ ਰੂਪ ਸੁੰਦਰ ਅਤੇ ਅਕਥਨੀਯ ਸੀ। ਚੇਹਰਾ ਪ੍ਰਭਾਵਸ਼ਾਲੀ ਅਤੇ ਗੰਭੀਰ ਸੀ। ਇਕ ਵਰਸ਼ ਤੱਕ ਦੰਪਤੀ ਬਾਲਕ ਦੇ ਲਾਲਨ-ਪਾਲਨ ਵਿਚ ਲੱਗੀ ਰਹੀ। ਇਸ ਤੋਂ ਬਾਅਦ ਸਤਿਗੁਰੂ ਹਰਿਗੋਬਿੰਦ ਜੀ ਦੀ ਹਜੂਰੀ ਵਿਚ ਨਵ- ਬਾਲਕ ਨੂੰ ਨਮਸਕਾਰ ਕਰਵਾਉਣ, ਨਾਮਕਰਣ ਅਤੇ ਦਰਸ਼ਨ ਕਰਣ ਵਾਸਤੇ ਹਾਜ਼ਰ ਹੋਈ। ਸਤਿਗੁਰੂ ਜੀ ਦੇ ਪਾਵਨ ਚਰਨਾਂ ਵਿਚ ਨਤਯ ਮਸਤਕ ਹੋਕੇ ਬਾਲਕ ਨੂੰ ਵੀ ਚਰਨਾਂ ਵਿਚ ਹੀ ਰੱਖ ਦਿਤਾ। ਸਤਿਗੁਰੂ ਜੀ ਨੇ ਬਾਲਕ ਨੂੰ ਚਰਨਾਂ ਵਿਚੋਂ ਚਕ ਕੇ ਆਪਣੀ ਗੋਦ ਵਿਚ ਲੈ ਲਿਆ। ਅਸ਼ੀਰਵਾਦ ਦਿਤਾ ਅਤੇ ਸਿਰ ’ਤੇ ਆਪਣਾ ਪਾਵਨ ਕਰ ਕਮਲ ਰੱਖਿਆ ਜਿਸ ਨੂੰ ਵੇਖ ਕੇ ਦੰਪਤੀ ਰੁਧਾ ਕੰਠ ਹੋ ਗਈ। ਮੁੜ ਸਤਿਗੁਰੂ ਜੀ ਦੇ ਚਰਨਾਂ ਵਿਚ ਪ੍ਰਣਾਮ ਕਰਕੇ ਪ੍ਰਾਰਥਨਾ ਕੀਤੀ, “ਸਚੇ ਪਾਤਸ਼ਾਹ! ਬਾਲਕ ਦੇ ਪ੍ਰਗਟ ਹੋਣ ਸਾਰ ਹੀ ਸੰਕਲਪ ਧਾਰ ਲਿਆ ਸੀ ਕਿ ਬਾਲਕ ਨੂੰ ਆਪ ਜੀ ਦੇ ਚਰਨਾਂ ਵਿਚ ਰੱਖਕੇ ਨਾਮਕਰਣ ਕਰਣਾ ਹੈ। ਆਪ ਜੀ ਨੇ ਤਾ ਬਾਲਕ ਨੂੰ ਆਪਣੀ ਪਾਵਨ ਗੋਦ ਵਿਚ ਲੈ ਕੇ, ਸਾਨੂੰ ਹੋਰ ਵੀ ਮਾਣ ਬਖਸ਼ ਕੇ ਵਡਭਾਗੇ ਬਣਾ ਦਿਤਾ। ਸੋ ਦਯਾ ਕਰੋ ਇਸ ਬਾਲਕ ਦਾ ਨਾਮਕਰਣ ਆਪਣੇ ਪਵਿੱਤਰ ਸ੍ਰੀ ਮੁੱਖ ਵਾਕ ਤੋਂ ਫੁਰਮਾਕੇ ਹੋਰ ਵੀ ਪ੍ਰਸੰਨਤਾ ਬਖਸ਼ੋ।”

ਸਤਿਗੁਰੂ ਜੀ ਨੇ ਮੁਸਕਰਾ ਕੇ ਫੁਰਮਾਇਆ, “ਬਾਲਕ ਦਾ ਰੂਪ, ਚੰਦ ਨਾਲੋ ਵੀ ਸੁੰਦਰ ਹੈ। ਇਹ ਬਾਲਕ ਗੁਰੂ ਘਰ ਦਾ ਮਹਾਨ ਪ੍ਰਚਾਰਕ, ਸਿੱਖੀ ਦਾ ਬੋਹਥ ਬਣੇਗਾ। ਇਹ ਮਹਾਨ ਬ੍ਰਹਮ ਗਿਆਨੀ, ਬ੍ਰਹਮ ਸ੍ਰੋਤ੍ਰੀਯ, ਬ੍ਰਹਮ ਨਿਸ਼ਠ ਆਤਮਾ ਹੈ, ਇਸ ਦੀ ਛੋਹ ਨਾਲ ਲੱਖਾਂ ਪ੍ਰਾਣੀਆਂ ਦਾ ਉਧਾਰ ਹੋਣਾ ਹੈ। ਇਸ ਵਾਸਤੇ ਇਸ ਰੂਪ ਵਾਲੇ, ਚੰਦ ਵਰਗੇ ਬਾਲਕ ਦਾ ਨਾਂਉ ‘ਭਾਈ ਰੂਪ ਚੰਦ’ ਰਖਦੇ ਹਾਂ। ਨਾਲ ਹੀ ਅੱਜ ਤੋਂ ਗੁਰੂ ਘਰ

ਦਾ ਸਭ ਤੋਂ ਵੱਡਾ ਸਨਮਾਨ 'ਭਾਈ' ਦਾ ਖਤਾਬ ਵੀ ਪ੍ਰਦਾਨ ਕਰਦੇ ਹਾਂ। ਆਪਣੇ ਪਿਆਰੇ ਸਪੁੱਤਰ ਦਾ ਇਨ੍ਹਾਂ ਸੁੰਦਰ ਤੇ ਉਜਲ ਭਵਿਸ਼ਯ ਸੁਣ ਕੇ ਮਾਤਾ-ਪਿਤਾ ਅਤਿਅੰਤ ਪ੍ਰਸੰਨ ਹੋਏ ਅਤੇ ਪਤਾ ਨਹੀਂ ਕਿੰਨ੍ਹਾਂ ਚਿਰ ਸਤਿਗੁਰੂ ਜੀ ਦੇ ਚਰਨਾਂ ਵਿਚ ਨਤਯ ਮਸਤਕ ਹੋ ਕੇ ਪਏ ਰਹੇ।

**ਪੂਤਾ ਮਾਤਾ ਕੀ ਅਸੀਸ:** ਕੁਝ ਚਿਰ ਸਤਿਗੁਰੂ ਜੀ ਦੇ ਦਰਬਾਰ ਵਿਚ ਰਹਿ ਕੇ, ਕਥਾ ਕੀਰਤਨ ਸੁਣ, ਸਤਿਸੰਗ ਕਰਕੇ, ਤੇ ਖੁਸ਼ੀਆਂ ਲੈ ਕੇ ਵਾਪਸ ਤੁਕਲਾਣੀ ਆ ਗਏ ਅਤੇ ਬਾਲਕ ਰੂਪ ਚੰਦ ਦੀ ਪਰਵਰਿਸ਼ ਕਰਨ ਲੱਗੇ। ਮਾਤਾ ਸੂਰਤੀ ਨੂੰ ਸਤਿਗੁਰੂ ਜੀ ਦੇ ਵਰਦਾਨ ਅਤੇ ਅਸ਼ੀਰਵਾਦ ਯਾਦ ਸਨ ਮਾਤਾ ਇਨ੍ਹਾਂ ਵਰਦਾਨਾ ਨੂੰ ਕ੍ਰਿਆਤਮਿਕ ਰੂਪ ਵਿਚ ਵੇਖਣਾ ਲੋਚਦੀ ਸੀ। ਇਸ ਵਾਸਤੇ ਮਾਤਾ ਭਾਈ ਰੂਪ ਚੰਦ ਜੀ ਨੂੰ ਸ਼ੁਭ ਗੁਣਾਂ ਦਾ ਭੰਡਾਰ ਬਨਾਉਣ ਵਾਸਤੇ ਤੁਲ ਗਈ ਅਤੇ ਮਾਤਾ ਸੂਰਤੀ ਵੀ ਮਾਤਾ ਮੁਦਾਲਸਾ ਦੀ ਤਰ੍ਹਾਂ ਗੁਰਬਾਣੀ ਦੇ ਸ਼ਬਦਾਂ ਰਾਹੀਂ ਹੀ ਬਾਲਕ ਰੂਪ ਚੰਦ ਨੂੰ ਲੋਰੀਆਂ ਦਿਆ ਕਰਦੀ ਸੀ। ਦੈਨਕ ਅੰਮ੍ਰਿਤ ਵੇਲੇ ਬਾਲਕ ਦੇ ਨਿੰਦ੍ਰਾ ਤੋਂ ਉਠਣ ਸਮੇਂ ਕਿਸੇ ਅਜੇਹੇ ਸ਼ਬਦ ਦਾ ਪਾਠ ਕਰਦੀ।

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥
ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ॥੧॥
ਪੂਤਾ ਮਾਤਾ ਕੀ ਆਸੀਸ॥੧॥
ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ ਰਹਾਉ॥
ਸਤਿਗੁਰੁ ਤੁਮ੍ ਕਉ ਹੋਇ ਦਇਆਲਾ ਸੰਤਸੰਗਿ ਤੇਰੀ ਪ੍ਰੀਤਿ॥
ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ॥੨॥
ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥
ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥੩॥
ਭਵਰੁ ਤੁਮਾਰਾ ਇਹੁ ਮਨੁ ਹੋਵਹੁ ਹਰਿ ਚਰਣਾ ਹੋਹੁ ਕਉਲਾ॥
ਨਾਨਕ ਦਾਸੁ ਉਨ ਸੰਗ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ॥੪॥ (ਪੰਨਾ ੪੯੬)

ਇਸ ਤਰ੍ਹਾਂ ਸਤਿਗੁਰਾਂ ਦੇ ਵਰਦਾਨ ਅਤੇ ਮਾਤਾ ਦੀ ਸੁਭਕਾਮਨਾ ਨਾਲ ਭਾਈ ਰੂਪ ਚੰਦ ਦਿਨ ਪ੍ਰਤੀ ਦਿਨ ਗੁਣਾਂ ਦਾ ਭੰਡਾਰ ਬਣਦੇ ਗਏ। ਮਾਤਾ ਪਿਤਾ ਦੇ ਸਤਿਸੰਗ ਕਾਰਣ ਬਚਪਨ ਤੋਂ ਹੀ ਨਾਮ ਬਾਣੀ ਦੇ ਰਸੀਏ ਨਿਤਨੇਮੀ ਬਣ ਗਏ। ਗੁਰੂ-ਘਰ ਦੀ ਮਰਯਾਦਾ ਤੇ ਸਾਖੀਆਂ ਜੁਬਾਨੀ ਜਾਦ ਹੋ ਗਈਆਂ। ਹਰ ਵਰਸ਼ ਜਿਥੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨ ਕਰਦੇ ਸਨ; ਨਾਲ ਵਯੋਵ੍ਰਿਧ ਅਨੰਤ ਸ੍ਰੀ ਵਿਭੂਸ਼ਤ ਬ੍ਰਹਮ ਗਿਆਨੀ ਪੂਜਯ ਬਾਬਾ ਬੁੱਢਾ ਜੀ; ਧੁਰੰਧਰ ਵਿਦਵਾਨ ਗੁਰਮਤਿ ਦਰਸ਼ਨਾਚਾਰਯ ਭਾਈ ਗੁਰਦਾਸ ਜੀ ਗੁਰਬਾਣੀ ਵਾਚਸਪਤੀ; ਮਹਾਂਬਲੀ ਭਾਈ ਬਿਧੀ ਚੰਦ ਜੀ ਵਰਗੇ ਅਨਨਯ ਗੁਰਸਿੱਖਾਂ ਤੋਂ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਛੇਵੇਂ ਪਾਤਸ਼ਾਹ ਤਕ ਚਰਿਤ੍ਰ ਸੁਣ-ਸੁਣ ਕੇ ਗਦ-ਗਦ ਹੁੰਦੇ ਸਨ। ਸਤਿਗੁਰੂ ਜੀ ਦਾ ਅਸ਼ੀਰਵਾਦ ਕਿ 'ਭਾਈ ਰੂਪ ਚੰਦ ਗੁਰਸਿੱਖੀ ਦਾ ਬੋਹਥ ਹੋਵੇਗਾ' ਦਿਨ ਪ੍ਰਤੀ ਦਿਨ ਕ੍ਰਿਆਤਮਿਕ ਰੂਪ

ਧਾਰਨ ਕਰ ਰਿਹਾ ਸੀ। ਬਾਣੀ ਦੇ ਪਠਨ-ਪਾਠਨ ਅਤੇ ਅਧਿਐਨ ਵਾਸਤੇ ਆਪ ਜੀ ਨੇ ਗੁਰਮੁਖੀ ਅੱਖਰ ਸਤਿਗੁਰਾਂ ਦੀ ਹਜ਼ੂਰੀ ਵਿਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਿਧੀ ਚੰਦ ਵਰਗੇ ਮਹਾਨ ਵਿਅਕਤੀਆਂ ਤੋਂ ਸਿਖੇ।

ਗੁਰੂ-ਦਰਬਾਰ ਵਿਚ, ਘਰ ਵਿਚ ਸਿੱਖੀ ਦੀ ਮੁੱਖ-ਸੇਵਾ ਲੰਗਰ ਛਕਾਉਣਾ, ਪੱਖਾ ਫੇਰਨਾ, ਜਲ ਛਕਾਉਣਾ, ਜੋੜਿਆਂ ਦੀ ਸੇਵਾ ਕਰਨੀ, ਆਏ ਅਤਿਥੀ ਨੂੰ ਆਰਾਮ, ਨੰਗੇ ਨੂੰ ਬਸਤ੍ਰ, ਗੱਲ ਕੀ ਹਰ ਤਰ੍ਹਾਂ ਦੀ ਸੇਵਾ ਕਰਨਾ ਆਪ ਜੀ ਦਾ ਮੁੱਖ ਲਕਸ਼ ਸੀ। ਇਹ ਸੇਵਾ ਦੀ ਭਾਵਨਾ ਆਪ ਜੀ ਨੂੰ ਮਾਤਾ-ਪਿਤਾ ਕੋਲੋ ਵਿਰਸੇ ਵਿਚ ਪ੍ਰਾਪਤ ਹੋਈ ਸੀ। ਸਿੱਖੀ ਵਿਚ ਇੰਨ੍ਹੀ ਪੂਰਣਤਾ ਪ੍ਰਾਪਤ ਕੀਤੀ ਕਿ ਆਪ ਸਤਿਗੁਰੂ ਜੀ ਨੂੰ **ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥** ਦੇ ਵਾਕ ਅਨੁਸਾਰ ਹਰ ਸਮੇਂ ਹਾਜ਼ਰ-ਨਾਜ਼ਰ ਸਮਝਦੇ ਸਨ।

**ਸੇਵਕ ਕਉ ਨਿਕਟੀ ਹੋਇ ਦਿਖਾਵੈ:** ਜਿਥੇ ਆਪ ਅਧਿਕ ਸਮਾਂ ਸੇਵਾ ਸਿਮਰਨ ਵਿਚ ਲਾਉਂਦੇ ਸਨ ਨਾਲ ਹੀ ਗਊਆਂ, ਮੱਝਾਂ, ਘੋੜੇ-ਘੋੜੀਆਂ ਦੀ ਸੰਭਾਲ ਵੀ ਖੂਬ ਕਰਦੇ ਸਨ। ਤ੍ਰਖਾਣਾਂ ਕੰਮ ਆਪ ਜੀ ਦੇ ਬਜ਼ੁਰਗਾਂ ਨੇ ਆਦਿ ਕਾਲ ਤੋਂ ਹੀ ਨਹੀਂ ਸੀ ਕੀਤਾ ਕੇਵਲ ਜਾਤੀ ਪਰਿਵਰਤਨ ਹੋਇਆ ਸੀ। ਇਸ ਵਾਸਤੇ ਪਰੰਪਰਾ ਅਨੁਸਾਰ ਭਾਈ ਰੂਪ ਚੰਦ ਜੀ ਵੀ ਕੇਵਲ ਆਪਣੇ ਪਿਤਾ ਸਮੇਤ ਖੇਤੀ ਕਰਦੇ ਸਨ। ਹਾਲੀ ਭਾਈ ਸੁੱਧੂ ਦਾ ਸ੍ਵਾਸਥ ਵੀ ਚੰਗਾ ਸੀ, ਖੇਤੀ ਕਰਨ ਦੀ ਸਾਰੀ ਜ਼ਿੰਮੇਦਾਰੀ ਸੁੱਧੂ ਦੀ ਹੀ ਸੀ। ਫਿਰ ਵੀ ਭਾਈ ਰੂਪ ਚੰਦ ਜੀ ਪਿਤਾ ਨਾਲ ਪੂਰਾ- ਪੂਰਾ ਹੱਥ ਵਟਾਉਣ ਲੱਗ ਪਏ ਸਨ।

ਸੰਮਤ ੧੬੮੩ ਬਿ. ਵਿਚ ਭਾਈ ਰੂਪ ਚੰਦ ਜੀ ਆਪਣੇ ਪਿਤਾ ਸੁੱਧੂ ਸਮੇਤ ਖੇਤ ਵਿਚ ਹਾੜ੍ਹੀ ਦੀ ਫਸਲ ਦੀ ਕਟਾਈ ਕਰ ਰਹੇ ਸਨ। ਵਿਸਾਖ ਦੇ ਦਿਨ ਸਨ, ਮਾਲਵੇ ਦੀ ਧਰਤੀ ਰੇਗਸਤਾਨ ਹੋਣ ਕਰਕੇ ਧੁੱਪ ਵੀ ਬੜੀ ਤਿੱਖੀ ਪੈਂਦੀ ਸੀ। ਖੇਤ ਪਿੰਡ ਤੋਂ ਦੂਰ ਸੀ, ਪੀਣ ਵਾਸਤੇ ਜਲ ਦਾ ਕੋਰਾ (ਨਵਾਂ) ਘੜਾ ਨਾਲ ਲੈ ਗਏ ਅਤੇ ਖੇਤ ਵਿਚ ਜਾਕੇ ਘੜੇ ਨੂੰ ਜੰਡ ਦੀ ਛਾਂ ਹੇਠ ਰੱਖਕੇ, ਫਸਲ ਦੀ ਕਟਾਈ ਕਰਨ ਲੱਗ ਪਏ।

ਕੰਮ ਕਰਦਿਆਂ ਨੂੰ ਕਾਫੀ ਸਮਾਂ ਹੋ ਗਿਆ ਸੀ; ਤ੍ਰਿਖਾ ਨੇ ਆਪਣਾ ਪ੍ਰਭਾਵ ਪਉਣਾ ਸ਼ੁਰੂ ਕੀਤਾ। ਪਿਤਾ-ਪੁੱਤਰ ਕੰਮ ਛੱਡ ਕੇ ਜਲ ਛਕਣ ਵਾਸਤੇ ਜੰਡ ਹੇਠ ਪੁੱਜੇ। ਘੜੇ ਨੂੰ ਹਾਲੀ ਹੱਥ ਹੀ ਲਾਇਆ ਸੀ, ਜਲ ਅਤਿਅੰਤ ਠੰਡਾ ਸੀ, ਸੀਤਲ ਜਲ ਨੂੰ ਵੇਖਕੇ ਭਾਈ ਰੂਪ ਚੰਦ ਜੀ ਅਸ਼ਚਰਜ ਹੋ ਗਏ ਅਤੇ ਕਹਿਣ ਲਗੇ, "ਪਿਤਾ ਜੀ! ਜਲ ਅਤੀ ਸੀਤਲ ਹੈ, ਮੈਂ ਕੁਦਰਤ ਦੀ ਕਰਣੀ ਤੇ ਅਸ਼ਚਰਜ ਹਾਂ ਇਕ ਪਾਸੇ ਸੂਰਜ ਦੀ ਤਪਸ਼ ਨਾਲ ਭਿਆਨਕ ਗਰਮੀ (ਅੱਗ) ਵਰਸ ਰਹੀ ਹੈ। ਲੂੰ ਸਰੀਰ ਲੂਹ ਰਹੀ ਹੈ। ਇਕ ਪਾਸੇ ਪਾਣੀ ਇਨ੍ਹਾਂ ਸੀਤਲ ਹੈ ਘੜੇ ਨੂੰ ਹੱਥ ਲੈਣਾ ਵੀ ਕਠਿਨ ਹੈ। ਇਹ ਵਾਹਿਗੁਰੂ ਦਾ ਅਦਭੁਤ ਚਮਤਕਾਰ ਹੈ। ਇਨ੍ਹਾਂ ਠੰਡਾ ਪਾਣੀ ਮੈ ਕਦੀ ਨਹੀਂ ਵੇਖਿਆ। ਵੇਖੋ! ਨੇੜੇ ਹੋ ਕੇ ਤੱਕੋ ਤਾਂ ਸਹੀ ਹਾਲੀ ਘੜੇ ਨੂੰ ਹੱਥ ਹੀ ਲਾਇਆ ਹੈ ਜੋ ਸੁੰਨ ਹੋ ਰਿਹਾ ਹੈ। ਇਨ੍ਹਾਂ ਸੀਤਲ ਜਲ ਤਾਂ ਸਤਿਗੁਰੂ ਜੀ ਦੇ ਹੀ ਛਕਣਯੋਗ ਹੈ। ਹਰ ਚੰਗੀ ਵਸਤੂ ਸਤਿਗੁਰੂ ਜੀ ਦੇ ਸਮਰਪਣ ਹੀ ਹੋਣੀ ਚਾਹੀਦੀ ਹੈ।"

ਭਾਈ ਸੁੱਧੂ ਨੇ ਆਖਿਆ, "ਪੁੱਤਰ ਤੇਰੀ ਸਿੱਖੀ ਸਿਦਕ ਤੇ ਵਿਸ਼ਵਾਸ਼ ਧੰਨ ਹੈ। ਸਿੱਖ ਦੀ ਸ਼ਰਧਾ ਅਜੇਹੀ ਹੀ ਹੋਣੀ ਚਾਹੀਦੀ ਹੈ ਪਰ ਸਤਿਗੁਰੂ ਜੀ ਅਜੇਹੀ ਗਰਮੀ ਵਿਚ ਇਸ ਜੰਗਲ ਦੇ ਇਲਾਕੇ ਵਿਚ ਕਿਵੇਂ ਆ ਸਕਦੇ ਹਨ? ਪਤਾ ਨਹੀਂ ਇਸ ਵੇਲੇ ਕਿਥੇ ਹੋਣ?"

ਭਾਈ ਰੂਪ ਚੰਦ ਜੀ ਨੇ ਆਖਿਆ, "ਪਿਤਾ ਜੀ! ਮਨ ਨ ਡਲਾਉ ਦ੍ਰਿੜ੍ਹਤਾ ਨਾਲ ਵਿਸ਼ਵਾਸ਼ ਕਰੋ, ਭਰੋਸਾ ਕਰੋ ਸਤਿਗੁਰੂ ਜੀ ਆਵਸ਼ਯ ਦਰਸ਼ਨ ਦੇ ਕੇ ਕ੍ਰਿਤਾਰਥ ਕਰਨਗੇ। ਉਹ ਅੰਤਰਜ਼ਾਮੀ ਹਨ। **ਘਟ ਘਟ ਕੇ ਪਟ ਪਟ ਕੀ ਜਾਨੈ** ਦੇ ਵਾਕ ਅਨੁਸਾਰ ਸਾਰੇ ਵਿਸ਼ਵ ਦੀ ਉਨ੍ਹਾਂ ਨੂੰ ਅੰਤ੍ਰਜ਼ਾਮਤਾ ਹੈ। ਸਤਿਗੁਰੂ ਕਦੇ ਵੀ ਦੂਰ ਨਹੀਂ ਹੁੰਦੇ, **ਗੁਰ ਮੇਰੈ ਸੰਗਿ ਸਦਾ ਹੈ ਨਾਲੇ** ਦੇ ਕਥਨ ਅਨੁਸਾਰ ਉਹ ਹੁਣ **ਕਿ ਜ਼ਾਹਰ ਜ਼ਹੂਰ ਹੈਂ॥ ਕਿ ਹਾਜ਼ਰ ਹਜ਼ੂਰ ਹੈਂ॥ ਸਦਾ ਅੰਗ ਸੰਗੇ ਅਭੰਗੰ ਬਿਭੂਤੇ** ਹੋ ਕੇ ਸਦੈਵ ਹੀ ਅੰਗ ਸੰਗ ਰਹਿੰਦੇ ਹਨ। ਉਹ ਹੁਣੇ ਹੀ ਪ੍ਰਗਟ ਹੋਣਗੇ। ਬਸ! ਜਲ ਤਾਂ ਸਤਿਗੁਰੂ ਜੀ ਨੂੰ ਛਕਾ ਕੇ ਛਕਾਂਗੇ।

ਦੋਨੋ ਪਿਤਾ ਪੁੱਤਰ ਪ੍ਰਣ ਕਰਕੇ, ਕੰਮ ਛੱਡ ਕੇ ਅੱਖਾਂ ਮੀਟ ਕੇ ਬੈਠ ਗਏ। ਮਨ ਸਤਿਗੁਰਾਂ ਦੇ ਚਰਨਾਂ ਨਾਲ ਜੁੜ ਗਏ, ਸਮਾਧੀਆਂ ਲੱਗ ਗਈਆਂ। **ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥ ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ॥** ਸੁਭਾਵਿਕ ਹੀ ਅਰਦਾਸ ਹੋ ਰਹੀ ਹੈ। **ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥** ਵਾਲੀ ਦਸ਼ਾ ਬਣ ਗਈ।

ਇਧਰ ਸਤਿਗੁਰੂ ਜੀ ਦੁਪਹਿਰ ਹੋਣ ਕਰਕੇ ਡਰੋਲੀ ਵਿਖੇ ਵਿਰਾਜੇ ਹੋਏ ਸਨ। ਕਮਰੇ ਪਾਣੀ ਛਿੜਕੇ ਠੰਡੇ ਕੀਤੇ ਹੋਏ ਸਨ। ਸਿੱਖ ਸੇਵਕ ਪੱਖਾ ਝੱਲ ਰਹੇ ਸਨ।

ਸਤਿਗੁਰੂ ਜੀ ਅਨੰਦ ਵਿਚ ਵਿਰਾਜੇ ਹੋਏ ਇਕਦਮ ਉਠ ਕੇ ਬੈਠ ਜਾਂਦੇ ਹਨ। ਸ਼ੀਘਰ ਹੀ ਘੋੜਾ ਮੰਗਾਉਣ ਦਾ ਆਦੇਸ਼ ਦਿੰਦੇ ਹਨ। ਭਾਈ ਬਿਧੀ ਚੰਦ ਆਦਿਕ ਸਿੱਖਾਂ ਨੂੰ ਸਤਿਗੁਰੂ ਜੀ ਦੇ ਉਦੇਸ਼ ਨੂੰ ਪੁੱਛਣ ਦਾ ਵੀ ਸਾਹਸ ਨਹੀਂ ਹੁੰਦਾ। ਘੋੜਾ ਆਉਣ ਤੇ ਸ਼ੀਘਰਤਾ ਨਾਲ ਸਵਾਰ ਹੋ ਕੇ ਪੂਰਬ ਨੂੰ ਦੌੜ ਜਾਂਦੇ ਹਨ। ਭਾਈ ਬਿਧੀ ਚੰਦ ਆਦਿਕ ਸਿੱਖ ਵੀ ਆਪਣੇ ਘੋੜਿਆਂ ਤੇ ਸਵਾਰ ਹੋ ਕੇ ਖੁਰੇ ਦੇ ਮਗਰ ਚੱਲ ਪੈਂਦੇ ਹਨ।

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ (ਪੰਨਾ ੪੦੩)

ਅਸਵ ਵਾਯੂ ਦੀ ਤਰ੍ਹਾਂ ਸੇਵਕਾਂ ਕੋਲ ਪਹੁੰਚ ਗਿਆ। ਸੇਵਕ ਸਮਾਧੀਆਂ ਵਿਚ ਲੀਨ ਹਨ, ਅੰਤਰਜ਼ਾਮੀ ਸਤਿਗੁਰੂ ਜੀ ਸਾਮੁਖ ਖੜ੍ਹੇ ਹਨ। ਮੰਦ-ਮੰਦ ਮੁਸਕਰਾਉਦੇ ਹੋਏ ਫਰਮਾ ਰਹੇ ਹਨ, "ਗੁਰਮੁਖੋ ਸਾਵਧਾਨ ਹੋਵੋ, ਨਾਲ ਹੀ ਆਪਣੇ ਪਾਵਨ ਕਰ ਕਮਲਾ ਦੀ ਛੋਹ ਨਾਲ ਸੁਚੇਤ ਕਰ ਰਹੇ ਹਨ।" ਦੋਨਾਂ ਨੇ ਅੱਖਾਂ ਖੋਲ੍ਹੀਆਂ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਦੋਨੋਂ ਪ੍ਰਸੰਨਤਾ ਅਤੇ ਵਿਸਮਾਦ ਵਿਚ ਸਤਿਗੁਰੂ ਜੀ ਦੇ ਪਾਵਨ ਚਰਨਾਂ ਵਿਚ ਡਿੱਗ ਕੇ ਆਨੰਦ ਅਤੇ ਪ੍ਰਸੰਨਤਾ ਨਾਲ ਗਦ-ਗਦ ਹੋਕੇ ਚਰਨਾਂ ਵਿਚ ਹੀ ਪਏ ਰਹੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ:

ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ,
ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ।

ਸੁਰਤਿ ਮੈ ਨ ਸੁਰਤਿ ਅਉ ਧਿਆਨ ਮੈ ਨ ਧਿਆਨੁ ਰਹਓ,
ਗਿਆਨ ਮੈ ਨ ਗਿਆਨ ਰਹਿਓ ਗਤਿ ਮੈ ਨ ਗਤਿ ਹੈ।
ਧੀਰਜ ਕੋ ਧੀਰਜ ਗਰਬ ਕੋ ਗਰਬੁ ਗਇਓ,
ਰਤਿ ਮੈ ਨ ਰਤਿ ਰਹੀ ਪਤਿ ਰਤਿ ਪਤਿ ਹੈ।
ਅਦਭੁਤ ਪਰਮਦਭੁਤ ਬਿਸਮੈ ਬਿਸਮ,
ਅਸਚਰਜੈ ਅਸਚਰਜ ਅਤਿ ਅਤਿ ਹੈ। (ਭਾਈ ਗੁਰਦਾਸ ਕਬਿੱਤ ਸਵੱਯੇ)

ਇਹ ਅਦਭੁਤ ਸਮਾਂ ਕਿੰਨਾਂ ਹੀ ਚਿਰ ਬਣਿਆ ਰਿਹਾ, ਅੰਤ ਦੋਨ੍ਹਾਂ ਗੁਰਮੁਖ ਪਿਆਰਿਆਂ ਦੇ ਸਿਰ ਉੱਤੇ ਆਪਣਾ ਦੈਵੀ ਹੱਥ ਰੱਖਕੇ ਚੋਜੀ ਸਤਿਗੁਰੂ ਜੀ ਨੇ ਫੁਰਮਾਇਆ, "ਉਠੋ! ਗੁਰਮੁਖੋ!! ਸਾਵਧਾਨ ਹੋਵੋ, ਧੁੱਪ ਅਤੇ ਗਰਮੀ ਹੋਣ ਕਰਕੇ ਤ੍ਰਿਖਾ ਬੜੀ ਲੱਗੀ ਹੈ ਜਲ ਛਕਾਉ।"

ਦੋਨੋ ਸ਼ੀਘਰਤਾ ਨਾਲ ਉਠੇ। ਭਾਈ ਰੂਪ ਚੰਦ ਜੀ ਠੰਡੇ ਜਲ ਦਾ ਕਟੋਰਾ ਭਰਕੇ ਲੈ ਆਇਆ ਸਤਿਕਾਰ ਨਾਲ ਸ੍ਰੀ ਗੁਰੂ ਜੀ ਨੂੰ ਸਮਰਪਣ ਕੀਤਾ। ਜਲ ਸ੍ਰੀ ਗੁਰੂ ਜੀ ਨੇ ਪ੍ਰੇਮ ਨਾਲ ਛਕਿਆ। ਮੁੜ ਸਤਿਗੁਰੂ ਜੀ ਦੀ ਆਗਿਆ ਨਾਲ ਪਿਤਾ ਨੂੰ ਜਲ ਛਕਾ ਕੇ ਭਾਈ ਰੂਪ ਚੰਦ ਜੀ ਨੇ ਸ੍ਵਯੰ ਛਕਿਆ।

ਭਾਈ ਸੁਧੂ ਨੇ ਸਤਿਗੁਰੂ ਜੀ ਵਾਸਤੇ ਜੰਡੀ ਹੇਠ ਹੀ ਚਾਦਰ ਵਿਛਾ ਦਿਤੀ ਜਿਸ ਉਤੇ ਸਤਿਗੁਰੂ ਜੀ ਆਸਨ ਲਾਕੇ ਬੈਠ ਗਏ। ਜਲ ਛਕ ਕੇ ਪਿਤਾ ਪੁੱਤਰ ਵੀ ਪ੍ਰਮ ਪ੍ਰਸੰਨਤਾ ਨਾਲ ਸਤਿਗੁਰੂ ਜੀ ਦੇ ਚਰਨਾਂ ਵਿਚ ਹੱਥ ਜੋੜ ਕੇ ਬੈਠ ਗਏ। ਸ੍ਰੀ ਗੁਰੂ ਜੀ ਨੇ ਦੋਨ੍ਹਾਂ ਦੀ ਭਾਵਨਾ ਦੀ ਅਤਿਅੰਤ ਪ੍ਰਸ਼ੰਸਾ ਕੀਤੀ।

ਜਲ ਐਸੋ ਕਬਿ ਪੀਯੋ ਨ ਆਗੇ।
ਕਿਨ ਹੂੰ ਨ ਦੀਨਸਿ ਕਰਿ ਅਨੁਰਾਗੇ।
ਅਧਿਕ ਤ੍ਰਿਖਾ ਕਰਿ ਪਾਨ ਮਿਟਾਈ।
ਅਬਿ ਤੁਮ ਪੀਯਹੁ  ਜਿਯਹੁ ਸੁਖਦਾਈ। (ਸੂਰਜ ਪ੍ਰਕਾਸ਼, ਰਾਸ ੭ਵੀਂ, ਅੰਸੂ ੧੯)

ਭਾਈ ਸੁੱਧੂ ਤੇ ਭਾਈ ਰੂਪ ਚੰਦ ਜੀ ਨਿਮਰਤਾ ਨਾਲ ਉਸਤਤੀ ਕਰਨ ਲੱਗੇ ਕਿ ਕ੍ਰਿਪਾ ਨਿਧਾਨ ਆਪ ਜੀ ਨੇ ਬੜੀ ਕ੍ਰਿਪਾ ਕੀਤੀ ਸਾਡੀ ਤੁੱਛ ਜੇਹੀ ਭਾਵਨਾ ਕੇਵਲ ਪਾਣੀ ਪੀਣ ਵਾਸਤੇ ਆਪਣੇ ਵ੍ਰਿਧ-ਬਾਣੇ ਦੀ ਲਾਜ ਰਖੀ। ਸਤਿਗੁਰੂ ਜੀ ਨੇ ਦੋਨ੍ਹਾਂ ਗੁਰਸਿੱਖਾਂ ਨੂੰ ਸਿੱਖੀ-ਸਿਦਕ, ਨਾਮ ਦਾਨ ਤੇ ਬ੍ਰਹਮ ਗਿਆਨ ਦੀ ਬਖਸ਼ਸ਼ ਕੀਤੀ ਅਤੇ ਇਹ ਵੀ ਫੁਰਮਾਇਆ ਕਿ ਕੋਈ ਹੋਰ ਇੱਛਾ ਹੈ ਤਾਂ ਉਹ ਵੀ ਪੂਰੀ ਕੀਤੀ ਜਾਵੇ। ਇਨੇ ਚਿਰ ਨੂੰ ਮਗਰੋਂ ਭਾਈ ਬਿਧੀ ਚੰਦ ਜੀ ਆਦਿਕ ਸਿੱਖ ਸੇਵਕ ਅਤੇ ਸੈਨਕ ਵੀ ਸ੍ਰੀ ਗੁਰੂ ਜੀ ਦੀ ਹਜੂਰੀ ਵਿਚ ਪਹੁੰਚ ਗਏ।

**ਪਿੰਡ ਭਾਈ ਰੂਪਾ ਦਾ ਨਿਰਮਾਣ:** ਭਾਈ ਸੁੱਧੂ ਜੀ ਨੇ ਹੱਥ ਜੋੜ ਕੇ ਪ੍ਰਾਰਥਨਾ ਕੀਤੀ:

ਆਨਿ ਆਪਨੇ ਦਾਸ ਉਧਾਰੇ।
ਦੇਹੁ ਨਿਜ ਸਿੱਖੀ ਕੋ ਅਬ ਦਾਨ।
ਜਿਸ ਤੇ ਜਨਮ ਮਰਨ ਦੁਖ ਹਾਨਿ।
ਤੁਮਰੇ ਚਰਨਨ ਕੋ ਹੋਇ ਪ੍ਰੇਮ।

ਬਿਸਰਹਿ ਨਹਿਂ ਕਬਿ ਦਾਤਾ ਛੇਮ। (ਸੂਰਜ ਪ੍ਰਕਾਸ਼, ਰਾਸ ੭ਵੀਂ, ਅੰਸੂ ੨੦)

ਸੱਚੇ ਪਾਤਸ਼ਾਹ! ਪਰ ਸਾਡਾ ਪਿੰਡ ਸੁਲਤਾਨੀਆਂ ਦਾ ਹੈ। ਗੁਰਸਿੱਖੀ ਤੋਂ ਦੂਰ ਹੈ ਮਨ ਨੂੰ ਏਹੀ ਕਸ਼ੋਭ ਹੈ।

ਪੁਨਾਂ ਪ੍ਰਭੂ ਇਸ ਪਿੰਡ ਮਝਾਰਾ।
ਕੇਰ ਬੇਰ ਸਮ ਬਸਨ ਹਮਾਰਾ।
ਕਯੋਂ ਕੇ ਗੁਰਮੁਖ ਸਿੱਖ ਹੈਂ ਥੋਰੇ।
ਪੰਜ ਪੀਰੀਏ ਸਬ ਹੈਂ ਹੋਰੇ।
ਜਨ ਸਲਤਾਂਨੀ ਮੜੀ ਮਸਾਂਨੀ।
ਪੂਜਤ ਲੂਝਤ ਮਹਾਂ ਅਗਿਯਾਨੀ। (ਇਤਿਹਾਸ ਰਿਆਸਤ ਬਾਗੜੀਆਂ, ਪੰਨਾ ੧੯)

ਸੁਣ ਕੇ ਸਤਿਗੁਰੂ ਜੀ ਗੰਭੀਰ ਹੋ ਗਏ ਅਤੇ ਸਾਰੀ ਸੰਗਤ ਨੂੰ ਨਾਲ ਲੈ ਕੇ ਪੂਰਬ ਨੂੰ ਤੁਰ ਪਏ ਜਿਥੇ ਪਿੰਡ ਭਾਈ ਰੂਪਾ ਦੀ ਮੋਹੜੀ ਗੱਡੀ ਹੈ। ਇਸ ਥਾਂਅ ਤੇ ਘੋੜੇ ਨੇ ਪੌੜ (ਖੁਰ) ਮਾਰਿਆ। ਸਤਿਗੁਰੂ ਜੀ ਨੇ ਇਸ ਸਥਾਨ 'ਤੇ ਪਿੰਡ ਬਸਾਉਣ ਦੀ ਆਗਿਆ ਕਰੀ।

ਤੁਮ ਅਪਨਾ ਪਿੰਡ ਅਨਤ ਬਸਾਵੋ
ਦੇਗ ਚਲਾਵਹੁ ਸਿਖੀ ਬਢਾਵੋ। (ਇਤਿਹਾਸ ਰਿਆਸਤ ਬਾਗੜੀਆਂ, ਪੰਨਾ ੧੯)

ਸੁਣ ਕੇ ਭਾਈ ਸੁੱਧੂ ਜੀ ਨੇ ਪ੍ਰਾਰਥਨਾ ਕੀਤੀ, "ਸਚੇ ਪਾਤਸ਼ਾਹ! ਸਾਡੇ ਵਿਚ ਪਿੰਡ ਬੰਨਣ ਦੀ ਸਮਰਥਾ ਕਿਥੇ ਹੈ? ਗੁਰੂ ਜੀ ਨੇ ਕਿਹਾ, "ਅਜੇਹਾ ਨ ਸੋਚੋ ਇਹ ਪਿੰਡ ਭਾਈ ਰੂਪ ਚੰਦ ਦੇ ਨਾਂਉ ਤੇ ਪ੍ਰਸਿਧ ਹੋਵੇਗਾ। ਇਥੇ ਗੁਰਮਤਿ ਦੀ ਟਕਸਾਲ ਚਲੇਗੀ, ਲੰਗਰ ਚੱਲੇਗਾ ਸਿੱਖੀ ਦਾ ਕੇਂਦਰ ਬਣੇਗਾ। ਤੁਰਕਾਂ ਦੀ ਤੁਕਲਾਣੀ ਢਹਿ ਜਾਵੇਗੀ। ਸੰਸਾਰ ਵਿਚ ਭਾਈ ਰੂਪਾ ਪ੍ਰਸਿਧ ਹੋਵੇਗਾ। ਇਹ ਵਰਦਾਨ ਦੇ ਕੇ ਸਤਿਗੁਰੂ ਜੀ ਨੇ ਮੋਹੜਾ ਗੱਡ ਕੇ ਪਿੰਡ ਦਾ ਸ਼ਿਲਾ-ਨਿਆਸ ਰੱਖ ਦਿੱਤਾ। ਸ੍ਰੀ ਮੁਖ ਵਾਕ ਤੋਂ ਪਿੰਡ ਦਾ ਨਾਂਉ 'ਭਾਈ ਰੂਪਾ' ਰੱਖਿਆ ਅਤੇ ਭਾਈ ਰੂਪ ਚੰਦ ਨੂੰ ਘੋੜਾ ਫੇਰਨ ਦੀ ਆਗਿਆ ਕੀਤੀ। ਜੂਹ ਉਤੋਂ ਹੀ ਘੋੜਾ ਫੇਰ ਕੇ ਤੁਰਤ ਆਗਿਆ ਦਾ ਪਾਲਣ ਕੀਤਾ ਗਿਆ। ਇਸ ਤਰ੍ਹਾਂ ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਵਿਸਾਖ ਸੰਮਤ ੧੬੮੩ ਵਿਚ ਅਤੇ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਕਥਨ ਅਨੁਸਾਰ ੧੬੮੮ ਬਿ. (੧੯੩੧ਈ.) ਵਿਚ ਪਿੰਡ ਦੀ ਨੀਂਹ ਰਖੀ।[74] ਮਾਤਾ ਸੂਰਤੀ ਜੀ ਨੂੰ ਪਿੰਡ ਪਤਾ ਲੱਗ ਗਿਆ। ਸ਼ੀਘਰਤਾ ਨਾਲ ਸਤਿਗੁਰੂ ਜੀ ਵਾਸਤੇ ਬਣਾਇਆ ਚੋਗਾ ਲੈ ਕੇ ਅਤੇ ਦੁੱਧ ਦੀ ਕਾਹੜਨੀ ਸਿਰ ਤੇ ਚੁੱਕ ਕੇ ਮਗਰ ਭੱਜ ਤੁਰੀ। ਸਭ ਕੁਝ ਸਤਿਗੁਰੂ ਜੀ ਦੇ ਚਰਨਾਂ ਵਿਚ ਸਮਰਪਣ ਕਰ ਦਿਤਾ।

ਲੈ ਕਰ ਮਟਕੀ ਦੁਧ ਕੀ ਸਬੈ ਹੀ।
ਦੌਰ ਸੂਰਤੀ ਅਈ ਤਬੈ ਹੀ।
ਸਤਿਗੁਰ ਕੇ ਚਰਨਨ ਲਪਟਾਈ।

---

74 ਦੇਖੋ ਮਹਾਨ ਕੋਸ਼ ਪੰਨਾ ੭੮੩ ਕਾਲਮ ੧.

ਕਹੂੰ ਰੰਕ ਜੈਸ ਨਿਧ ਪਾਈ।(ਇਤਿਹਾਸ ਰਿਆਸਤ ਬਾਗੜੀਆਂ, ਪੰਨਾ ੧੮)

ਸਤਿਗੁਰੂ ਜੀ ਨੇ ਪ੍ਰੇਮ ਪ੍ਰਸੰਨਤਾ ਨਾਲ ਚੋਗਾ ਇਕ ਵਾਰ ਪਹਿਰ ਕੇ ਭਾਈ ਰੂਪ ਚੰਦ ਜੀ ਨੂੰ ਸੰਭਾਲ ਦਿਤਾ ਅਤੇ ਦੁੱਧ ਸਾਰੀ ਸੰਗਤ ਵਿਚ ਵਰਤਾਇਆ ਗਿਆ। ਇਸ ਵਾਰਤਾ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਬਸਥਾਰ ਨਾਲ ਅੰਕਤ ਕੀਤਾ ਹੈ:

ਟਕ ਲਗਾਯੋ ਗੁਰ ਨਿਜ ਕਰ ਤੈਂ।
ਮੌੜਾ ਗਾਡ ਕਹਯੋ ਇਸ ਧਰਤੈਂ।
ਭਾਈ ਰੂਪ ਚੰਦ ਕੇ ਨਾਂਮ।
ਪਿੰਡ ਬਸੈ ਹੈ ਭਲ ਸੁਖ ਧਾਂਮ।
ਭਾਈ ਰੂਪਾ ਨਾਂਮ ਧਰਯੋ ਹੈ।
ਲੰਗਰ ਦੇਵੋ ਹੁਕਮ ਕਰਯੋ ਹੈ।
ਸ੍ਰੀ ਗੁਰ ਨਾਨਕ ਰਿਧਿ ਸਿਧਿ ਪਠ ਹੈਂ।
ਖਰਚਨ ਭੈ ਅਨਿ ਧੰਨ ਨ ਘਟ ਹੈਂ।

ਦੋਹਰਾ

ਸੋਲਾਂ ਸੈਇ (੧੬੮੩) ਤਿਰਾਸੀਏ, ਭਾਈ ਰੂਪਾ ਗਾਂਮ।
ਖਸ੍ਰਮ ਗੁਰੁ ਬਸਵਾਇਓ ਸਬਨ ਹੇਤ ਸੁਖ ਧਾਂਮ।
(ਇਤਿਹਾਸ ਰਿਆਸਤ ਬਾਗੜੀਆਂ, ਪੰਨਾ ੧੯-੨੦)

**ਉਪਹਾਰ**: ਪਿੰਡ ਦੀ ਬੁਨਿਆਦ ਤੋਂ ਬਾਅਦ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਚੋਗੇ ਦੀ ਤਰ੍ਹਾਂ ਆਪਣੇ ਸ਼ਸਤ੍ਰ ਵੀ ਬਖਸ਼ ਕੇ ਨਿਹਾਲ ਕੀਤਾ। ਭਾਈ ਰੂਪ ਚੰਦ ਜੀ ਨੇ ਇਹ ਉਪਹਾਰ ਪ੍ਰਾਪਤ ਕਰਕੇ ਸਤਿਕਾਰ ਸਹਿਤ ਆਪਣੇ ਸਿਰ ਉਤੇ ਰੱਖ ਲਏ। ਸ੍ਰੀ ਜੀ ਨੇ ਫਰਮਾਇਆ, "ਇਹ ਬਸਤ੍ਰ ਤੇ ਸ਼ਸਤ੍ਰ ਤੁਹਾਨੂੰ ਪਹਿਰਨ ਵਾਸਤੇ ਦਿਤੇ ਹਨ, ਤੁਸੀਂ ਸਿਰ ਤੇ ਕਿਉਂ ਰਖੀਂ ਫਿਰਦੇ ਹੋ?"

ਭਾਈ ਸਾਹਿਬ ਜੀ ਨੇ ਨਿਮਰਤਾ ਨਾਲ ਹੱਥ ਜੋੜ ਕੇ ਪ੍ਰਾਰਥਨਾ ਕੀਤੀ, "ਸਚੇ ਪਾਤਸ਼ਾਹ ਆਪ ਜੀ ਦੇ ਪਾਵਨ ਪੂਜਯ ਸ਼ਸਤ੍ਰਾਂ ਅਤੇ ਬਸਤ੍ਰਾਂ ਨੂੰ ਅਸੀਂ ਅਧਮ (ਨੀਚ) ਸਰੀਰ ਉਤੇ ਧਾਰਨ ਦਾ ਕੀ ਅਧਿਕਾਰ ਰਖਦੇ ਹਾਂ ਸਾਡੇ ਵਾਸਤੇ ਤਾਂ ਇਹ ਪੂਜਨਯੋਗ ਹਨ। ਸਾਨੂੰ ਅਜੇਹੀ ਬੁੱਧੀ ਬਖਸ਼ੋ ਅਸੀਂ ਆਪ ਜੀ ਦੇ ਸ਼ਸਤ੍ਰਾਂ ਤੇ ਬਸਤ੍ਰਾਂ ਦਾ ਸਦੈਵ ਹੀ ਸਤਿਕਾਰ ਕਰਦੇ ਰਹੀਏ।"

ਨਿਮਰਤਾ ਦੇ ਵਾਕ ਸੁਣ ਕੇ ਸ੍ਰੀ ਜੀ ਪ੍ਰੇਮ ਪ੍ਰਸੰਨ ਹੋਏ। ਗੁਰੂ ਜੀ ਨੇ ਫਰਮਾਇਆਂ, "ਤੁਹਾਨੂੰ ਗੁਰੂ ਘਰ ਵਿਚੋਂ ਦੇਗ ਤੇ ਤੇਗ ਦੋਨ੍ਹਾਂ ਦੀ ਹੀ ਬਖਸ਼ਸ਼ ਹੋਈ ਹੈ। ਜੇਕਰ ਤੇਗ ਨ ਵੀ ਧਾਰਨ ਕਰੋਂ, ਤਾਂ ਵੀ ਤੁਹਾਡਾ ਮਹਾਨ ਸਤਿਕਾਰ ਰਹੇਗਾ। ਦੇਗ ਨੂੰ ਸ਼ਰਧਾ ਤੇ ਪ੍ਰੇਮ ਨਾਲ ਚਲਾਓ ਜੋ ਕੇਵਲ ਤੁਹਾਡੇ ਹੀ ਹਿੱਸੇ ਆਈ ਹੈ। ਦੇਗ ਵੀ ਅਤੇ ਤੇਗ ਵੀ ਦੋਨੋਂ ਹੀ ਸਰਬ ਲੋਹ ਦੇ ਹਨ। ਤੇਗ ਦਾ ਕੰਮ ਤਾਂ ਤੁਹਾਡੀ ਜ਼ੁਬਾਨ ਹੀ ਕਰੇਗੀ। ਜਦੋਂ ਤੱਕ ਵੰਸ਼ ਵਿਚ ਦੇਗ ਚਲੇਗੀ ਤਦੋਂ ਤਕ ਹੀ ਵਾਕ-ਸਿਧੀ ਤੇ ਜ਼ੁਬਾਨ ਤੇਗ ਦੀ ਤਰ੍ਹਾਂ ਚੱਲੇਗੀ ਅਤੇ ਵੰਸ਼ ਦੀ ਮਹਾਨ

ਵ੍ਰਿਧੀ ਹੋਵੇਗੀ। ਸਤਿਗੁਰੂ ਜੀ ਵਰਦਾਨ ਬਖਸ਼ਦੇ ਗਏ, ਭਾਈ ਰੂਪ ਚੰਦ ਜੀ ਕ੍ਰਿਤਯਗਯਤਾ ਅਧੀਨ ਚਰਨਾਂ ਵਿਚ ਲੇਟੇ ਰਹੇ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

'ਦੇਗ ਤੇਗ ਗੁਰੁ ਘਰ ਤੈਂ ਤੁਮਕੋ ਬੇਗ ਮਿਲੀ ਸੁਖਦਾਨੀ।
ਜੇ ਤੁਮ ਤੇਗ ਨ ਧਾਰਨ ਚੈਹੋ ਤੌ ਭੀ ਥੈਹੋ ਮਾਨੀ।
ਤੇਗ ਲੋਹਿ ਨਹਿ ਜੰਤੁ ਪਹੁੰਚਹਿ ਦੇਗ ਲੋਹ ਚਲਵੈਹੈ।
ਤੌਲੌ ਤੇਗ ਜਬਾਨ ਤੁਮਾਰੀ ਤੇਜ ਮਿਆਨ ਮੁਖ ਰੈਹੈ।
ਬਢੈ ਕੁਟੰਬ ਬਿਲੰਬ ਬਿਨਾਂ ਤੁਵ ਥੰਭ ਧਰਮ ਜਨ ਕਾ ਹੈ।
ਤਬ ਲੈ ਤੇਗ ਜਬਾਨ ਚਲੇਗੀ ਜਬਲੌ ਦੇਗ ਚਲਾ ਹੈ।
(ਇਤਿਹਾਸ ਰਿਆਸਤ ਬਾਗੜੀਆ, ਪੰਨਾ ੨੧)

**ਭਾਈ ਰੂਪ ਚੰਦ ਜੀ ਦਾ ਪਰਮ ਸਤਿਕਾਰ:** ਸਤਿਗੁਰੂ ਜੀ ਭਾਈ ਰੂਪ ਚੰਦ ਜੀ ਦੀ ਸ਼ਰਧਾ ਭਾਵਨਾ 'ਤੇ ਅਤੀ ਪ੍ਰਸੰਨ ਹੋਏ। ਭਾਈ ਜੀ ਨੇ ਅਨਨਯ ਸਿੱਖੀ ਨੂੰ ਪ੍ਰਾਪਤ ਕਰ ਲਿਆ ਸੀ। ਇਸ ਵਾਸਤੇ ਸ੍ਰੀ ਗੁਰੂ ਜੀ ਭਾਈ ਰੂਪ ਚੰਦ 'ਤੇ ਹੋਰ ਵੀ ਪ੍ਰਸੰਨ ਹੋ ਗਏ। ਜਿਸ ਥਾਂਅ ਪਿੰਡ ਦੀ ਮੋਹੜੀ ਗੱਡੀ ਸੀ ਉਸ ਥਾਂਅ ਵਿਖੇ ਆਪਣੀ ਨਵੀਂ ਚਾਦਰ ਵਿਛਾ ਕੇ, ਭਾਈ ਰੂਪ ਚੰਦ ਜੀ ਨੂੰ ਆਪਣੇ ਪਾਵਨ ਕਰ ਕਮਲਾ ਨਾਲ ਮੋਹਢਿਆਂ ਤੋਂ ਫੜ੍ਹਕੇ, ਚਾਦਰ ਉਪਰ ਬੈਠਾ ਕੇ ਮਾਲਵੇ ਦੀ ਗੁਰਸਿਖੀ ਦਾ ਜਥੇਦਾਰ ਨਿਯੁਕਤ ਕੀਤਾ। ਪਿੰਡ ਦੀ ਧਰਮਸ਼ਾਲਾ ਦਾ ਪਹਿਲਾ ਮਹੰਤ ਵੀ ਭਾਈ ਸਾਹਿਬ ਜੀ ਨੂੰ ਹੀ ਨੀਯਤ ਕੀਤਾ। ਪਿੰਡ ਦੀ ਪਹਿਲੀ ਧਰਮਸ਼ਾਲਾ ਵਾਲਾ ਉਹੀ ਸਥਾਨ ਹੈ ਜਿਥੇ ਛੇਵੇਂ ਪਾਤਸ਼ਾਹ ਜੀ ਦਾ ਵਰਤਮਾਨ ਗੁਰ ਸਥਾਨ ਹੈ।

ਸ੍ਰੀ ਗੁਰੂ ਜੀ ਨੇ ਭਾਈ ਜੀ ਨੂੰ ਅਨੇਕ ਵਰਦਾਨ ਬਖਸ਼ੇ ਅਤੇ ਫਰਮਾਇਆ ਤੁਹਾਡਾ ਅਧਕਾਰ/ਸਨਮਾਨ ਵੀ ਤ੍ਰੇਹਣ, ਭੱਲੇ, ਬੇਦੀ ਅਤੇ ਸੋਢੀਆਂ ਦੀ ਤਰ੍ਹਾਂ ਹੀ ਹੋਵੇਗਾ। ਜਨ ਸਧਾਰਨ ਤੇ ਰਾਜੇ ਮਹਾਰਾਜੇ ਪੂਜਾ ਕਰਨਗੇ। 'ਗੁਰੂ ਕਾ ਖੀਸਾ ਅਤੇ ਤੁਹਾਡਾ ਹੱਥ' ਹੋਵੇਗਾ ਜਿਨ੍ਹਾਂ ਮਰਜੀ ਹੈ ਵਰਤੋ। ਖੁਲੀ ਦੇਗ (ਲੰਗਰ) ਚਲਾਵੋ। ਨਾਲ ਹੀ ਸ੍ਰੀ ਗੁਰੂ ਜੀ ਨੇ ਲੰਗਰ ਵਾਸਤੇ 'ਲੋਹ' ਤੇ 'ਕੜਛਾ' ਵੀ ਬਖਸ਼ ਦਿਤੇ।

ਦੇਸ ਮਾਲਵੇ ਕੀ ਗੁਰ ਸਿੱਖੀ ਤਿੱਖੀ ਬਖਸ਼ੀ ਵੈਹੈ।
ਰਾਉ ਰੰਕ ਸਬ ਹੀ ਮਾਨੇਗੇ ਬਚਨ ਕਰਯੋ ਗੁਰ ਐਹੈ।
ਬੇਦੀ ਤੇਹਣ ਭੱਲੇ ਸੋਢੀ ਚਾਰ ਭਏ ਇਹੁ ਜੈਸੇ।
ਸਾਚੇ ਗੁਰੁ ਘਰ ਕੇ ਸਿੱਖ ਸਿਦਕੀ ਮਾਨਯੋਗ ਤੁਮ ਤੈਸੇ।
ਕੜਛਾ ਲੋਹ ਗੁਰੂ ਘਰ ਕੇ ਇਹ ਬਖਸ਼ਸ਼ ਗੁਰੁ ਕੀ ਲੈਹੋ।
ਖੀਸਾ ਗੁਰੂ ਕਾ ਹਾਥ ਤੁਮਾਰਾ ਨੀਤ ਸਾਫ ਬਰਤੈ ਹੋ।
ਦੇਗ ਚਲਾਵੋ ਸਿਖੀ ਬਢਾਵੋ ਗੁਰੂ ਸਹਾਇਕ ਰੈਹੈਂ।
ਨੀਚੋਂ ਊਚ ਕਰੇ ਮੇਰਾ ਗੋਬਿੰਦ ਕਾਹੂੰ 'ਤੇ ਨ ਡਰੈ ਹੈਂ।'
(ਇਤਿਹਾਸ ਰਿਆਸਤ ਬਾਗੜੀਆਂ, ਪੰਨਾ ੨੨)

**ਪਿੰਡ ਕਾਂਗੜ ਵਿਚ:** ਸਤਿਗੁਰੂ ਜੀ ਇਲਾਕੇ ਨੂੰ ਤਾਰਨ ਵਾਸਤੇ ਇਥੇ ਹੀ ਟਿਕ ਗਏ। ਭਾਈ ਬਿਧੀ ਚੰਦ ਜੀ ਆਦਿਕ ਚੁਣਵੇਂ ਸੂਰਮੇਂ ਨਾਲ ਹੀ ਮਗਰ ਆ ਗਏ ਸਨ। ਬਾਕੀ ਵਹੀਰ ਵੀ ਦੂਸਰੇ ਦਿਨ ਸਮੂਹ ਸਮਾਨ ਲੈ ਕੇ ਆ ਪਹੁੰਚਿਆ ਸੀ। ਹੁਣ ਕੇਂਦਰ ਭਾਈ ਰੂਪਾ ਹੀ ਸੀ। ਮਕਾਨ ਹਾਲੀ ਤਿਆਰ ਨਹੀਂ ਸਨ ਹੋਏ। ਸਾਰੇ ਵਹੀਰ ਗੁਰੂ ਜੀ ਸਮੇਤ ਤੰਬੂ ਤਮੋਟੀਆਂ ਲਾਕੇ ਹੀ ਰਹਿ ਰਿਹਾ ਸੀ। ਸਭ ਤੋਂ ਪਹਿਲੀ ਜੋ ਇਮਾਰਤ ਬਣੀ ਉਹ ਧਰਮਸ਼ਾਲਾ ਸੀ। ਭਾਈ ਰੂਪ ਚੰਦ ਜੀ ਇਸ ਨੂੰ ਸ਼ੀਘਰ ਸੰਪੂਰਨ ਕਰਨ ਵਾਸਤੇ ਪ੍ਰਯਤਨਸ਼ੀਲ ਸਨ।

ਇਕ ਦਿਨ ਕਾਂਗੜ ਦੇ ਚੌਧਰੀ ਜੋਧ ਰਾਏ ਅਤੇ ਸਲੇਮ ਸ਼ਾਹ ਨਿਮਰਤਾ ਨਾਲ ਬੇਨਤੀ ਕਰਕੇ ਕਾਂਗੜ ਵਿਚ ਲੈ ਗਏ। ਕਈ ਦਿਨ ਰਿਹਾਇਸ਼ ਰੱਖਕੇ ਇਸ ਨਗਰ ਨੂੰ ਤਾਰਿਆ। ਮਾਲਵੇ ਦੇ ਲੋਕ ਸਲਤਾਨੀਏ ਸਨ। ਵਹਿਮੀ-ਭਰਮੀ ਸਿਧੇ-ਸਾਧੇ ਜੱਟ ਸਨ ਜਿਨ੍ਹਾਂ ਨੂੰ ਧਰਮ, ਜਾਤੀ ਤੇ ਸਭਯਾਚਾਰ ਦਾ ਕੋਈ ਗਿਆਨ ਨਹੀਂ ਸੀ। ਇਸ ਇਲਾਕੇ ਵਿਚ ਪਿੰਡ-ਪਿੰਡ ਪਹੁੰਚ ਕੇ ਸਤਿਗੁਰੂ ਜੀ ਨੇ ਸੁਲਤਾਨੀ ਪੀਰਾਂ-ਫਕੀਰਾਂ ਦੀ ਅਗਿਆਨਤਾ ਦਾ ਪਰਦਾ ਲਾਹਿਆ। ਘਰ- ਘਰ ਵਿਚ ਸਿੱਖੀ ਦੇ ਧਾਰਨੀ ਬਣਾਏ।

ਚੌਧਰੀ ਜੋਧ ਸ਼ਾਹ ਤੇ ਸਲੇਮ ਸ਼ਾਹ ਨੇ ਸਿੱਖੀ ਨੂੰ ਧਾਰਨ ਕੀਤਾ। ਇਨ੍ਹਾਂ ਦੇ ਬਜੁਰਗ ਚੌਧਰੀ ਡਫਰ ਨੇ ਆਪਣੀ ਪੋਤਰੀ ਭਾਗਭਰੀ ਦਾ ਅਕਬਰ ਨਾਲ ਵਿਵਾਹ ਕਰਕੇ 'ਮੀਏ' ਦਾ ਖਤਾਬ ਪ੍ਰਾਪਤ ਕੀਤਾ ਸੀ ਪਰ ਜੋਧ ਰਾਏ ਨੇ ਇਸਲਾਮੀ ਦਾਸਤਾ ਦਾ ਪ੍ਰੀਤਿਆਗ ਕਰਕੇ ਸਤਿਗੁਰੂ ਜੀ ਦੀ ਸ਼ਰਣ ਪ੍ਰਾਪਤ ਕੀਤੀ। ਸਾਰਾ ਵੰਸ਼ ਗੁਰਸਿੱਖੀ ਦਾ ਧਾਰਨੀ ਬਣਿਆ। ਸ੍ਰੀ ਗੁਰੂ ਜੀ ਨੇ ਭਾਈ ਜੋਧ ਰਾਏ 'ਭਾਈ ਦਾ ਖਤਾਬ' ਅਤੇ 'ਕਟਾਰ' ਬਖਸ਼ੀ ਜੋ ਹੁਣ ਤੱਕ ਪਿੰਡ ਕਾਂਗੜ ਵਿਚ ਸਤਿਕਾਰ ਨਾਲ ਰੱਖੀ ਹੋਈ ਹੈ।

**ਸਿੱਧੂਆਂ ਦੀ ਸਹਾਇਤਾ ਅਤੇ ਪਿੰਡ ਮਰਾਝ ਦਾ ਨਿਰਮਾਣ:** ਇਕ ਦਿਨ ਸਤਿਗੁਰੂ ਜੀ ਨਥਾਣੇ, ਭੈਣੀ, ਮਾੜੀ ਆਦਿਕ ਪਿੰਡਾਂ ਨੂੰ ਤਾਰਨ ਗਏ। ਭਾਈ ਬਿਧੀ ਚੰਦ, ਭਾਈ ਰੂਪ ਚੰਦ ਆਦਿਕ ਗੁਰਸਿਖ ਸਨ ਇਸ ਸਮੇਂ ਸਿੱਧੂ ਇਸ ਇਲਾਕੇ ਵਿਚ ਚੱਕਰ ਲਾ ਕੇ ਬੈਠੇ ਸਨ। ਕੋਈ ਕੋਲ ਜਾਇਦਾਦ (ਜ਼ਮੀਨ) ਨ ਹੋਣ ਕਰਕੇ ਚਾਰ ਦਿਨ ਕਿਤੇ, ਚਾਰ ਦਿਨ ਕਿਤੇ, ਇਸ ਤਰ੍ਹਾਂ ਤੁਰ ਫਿਰ ਕੇ ਦਿਨ ਪੂਰੇ ਕਰਦੇ ਸਨ। ਕਿਸੇ ਸਮੇਂ ਭਾਈ ਰੂਪ ਚੰਦ ਜੀ ਅਤੇ ਸਿੱਧੂਆਂ ਦੇ ਵਡੇਰੇ ਕਾਲ ਝਰਾਣੀ ਵਿਚ ਇਕੱਠੇ ਰਹਿ ਚੁੱਕੇ ਸਨ। ਇਸ ਪੁਰਾਤਨ ਨੂੰ ਮੁੱਖ ਰੱਖ ਕੇ ਸਿੱਧੂਆਂ ਦੇ ਆਗੂ ਕਾਲਾ, ਕਰਮਾ, ਸਾਵਲ, ਸੇਮਾ, ਆਦਿਕ ਭਾਈ ਰੂਪ ਚੰਦ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ ਅਤੇ ਬੇਨਤੀ ਕੀਤੀ ਕਿ ਕਿਸੇ ਸਮੇਂ ਸਾਡੇ ਤੇ ਤੁਹਾਡੇ ਵਡੇਰੇ ਇਕੱਠੇ ਰਹੇ ਹਨ ਉਸ ਭਰੱਪਣ ਨੂੰ ਮੁੱਖ ਰਖ ਕੇ ਸਾਡੇ 'ਤੇ ਵੀ ਕ੍ਰਿਪਾ ਕਰੋ ਸਾਨੂੰ ਵੀ ਬੈਠਣ ਵਾਸਤੇ ਥਾਂਅ ਦਵਾਉ। ਅਸੀਂ ਅਤੀ ਦੁਖੀ ਹਾਂ। ਇਸ ਸਮੇਂ ਕਾਲੇ ਨੇ ਭਾਈ ਸਾਹਿਬ ਜੀ ਨੂੰ ਦੁੱਖਾਂ ਦੀਆਂ ਸੈਂਕੜੇ ਕਹਾਣੀਆਂ ਸੁਣਾਈਆਂ। ਜਿਨ੍ਹਾਂ ਨੂੰ ਸੁਣ ਕੇ ਭਾਈ ਸਾਹਿਬ ਜੀ ਦਾ ਹਿਰਦਾ ਦ੍ਰਵ ਗਿਆ। ਭਾਈ ਸਾਹਿਬ ਜੀ ਨੇ ਸ਼ਾਂਤਵਨਾ ਦਿਤੀ ਅਤੇ ਕਿਹਾ, "ਸਤਿਗੁਰੂ ਭਲੀ ਕਰਨਗੇ ਪਰ ਤੁਸੀਂ ਸੁਲਤਾਨਪੁਣਾ, ਯੋਗੀਆਂ, ਨਾਥਾਂ, ਪੀਰਾਂ, ਫਕੀਰਾਂ ਨੂੰ ਮੰਨਣਾ ਛੱਡ ਕੇ ਗੁਰਸਿਖੀ ਨੂੰ ਧਾਰਨ ਕਰੋ ਸਤਿਗੁਰੂ ਆਵਾਸ਼ਯ ਸਹਾਇਤਾ ਕਰਨਗੇ।" ਕਾਲਾ, ਕਰਮਾਂ, ਸਾਉਲ, ਸੇਮਾ ਆਦਿਕ ਸਾਰੇ ਸਿੱਧੂ ਗੁਰਸਿਖੀ ਧਾਰਨ ਕਰਨੀ ਮੰਨ ਗਏ। ਭਾਈ ਰੂਪ ਚੰਦ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਕਰਕੇ ਗੁਰਮਤਿ ਦੇ ਧਾਰਨੀ ਬਣਾਏ।

ਇਕ ਦਿਨ ਯੋਗ ਸਮਾ ਵੇਖ ਕੇ ਭਾਈ ਰੂਪ ਚੰਦ ਜੀ ਨੇ ਮੋਹਨ ਕੇ ਸਿੱਧੂਆਂ ਦੀ ਦੁੱਖ ਭਰੀ ਹਾਲਤ ਦੱਸ ਕੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਇਨ੍ਹਾਂ ਵਿਚਾਰਿਆਂ ਦਾ ਕੋਈ ਸਤਿਕਾਰ ਮਾਣ ਨਹੀਂ, ਦੁਖੀਏ ਹਨ। ਗੁਰੂ ਦੁਖਾਂ ਦੀ ਨਵਿਰਤੀ ਕਰਦਾ ਆਇਆ ਹੈ। ਇਨ੍ਹਾਂ ਨੂੰ ਵੀ ਇਕ ਪਿੰਡ ਵਸਣ ਵਾਸਤੇ ਦਿਵਾਉ। ਇਨ੍ਹਾਂ ਵਿਚਾਰਿਆਂ ਕੋਲ ਕੋਈ ਥਾਂਉ ਨਹੀਂ ਹੈ। ਭਾਈ ਰੂਪ ਚੰਦ ਜੀ ਨੇ ਵਿਆਖਿਆ ਨਾਲ ਸਤਿਗੁਰੂ ਜੀ ਨੂੰ ਦੱਸਿਆ ਕਿ "ਆਪ ਸਿੱਧੂ 'ਨਾਗੇ ਦੀ ਸਰ੍ਹਾਂ' ਵਿਚ ਰਿਹਾ ਕਰਦਾ ਸੀ। ਸਿੱਧੂ ਤੋਂ ਕਈ ਪੀੜ੍ਹੀਆਂ ਮਗਰੋਂ ਵੈਰਾਗ ਹੋਇਆ ਜੋ ਸਾਰੇ ਕਬੀਲੇ ਨੂੰ ਲੈ ਕੇ ਕੱਖਾ ਵਾਲੀ ਜਾ ਕੇ ਰਹਿਣ ਲੱਗਾ। ਇਹ ਲੋਕ ਗਰੀਬੀ ਦੀ ਦਸ਼ਾ ਵਿਚ ਸਾਰਾ ਸਾਲ ਇਸੀ ਤਰ੍ਹਾਂ ਘੁੰਮਦੇ ਫਿਰਦੇ ਸਨ। ਮਰਾਝ ਦੇ ਸਮੇਂ ਤੋਂ ਲੈ ਕੇ ਪੱਖੋ ਦੇ ਸਮੇਂ ਤੱਕ ਭੋਡੀਪੁਰੇ ਰਹੇ। ਫਿਰ ਬੀਦੋਵਾਲੀ ਛੰਨਾ ਲਾਈ, ਕੁੱਝ ਸਮਾਂ ਅਬਲੂ ਮਹਿਮੇ ਰਹੇ ਅਤੇ ਕੁਝ ਸਮਾਂ ਕਾਲ ਝਰਾਣੀ ਵਿਚ ਕੱਟਿਆ। ਇਹ ਚੱਕਰਾਂ ਦੀ ਤਰ੍ਹਾਂ ਘੁੰਮਦੇ ਰਹਿੰਦੇ ਹਨ। ਹੁਣ ਭੁੱਲਰ ਗੋਤ ਦੇ ਸਿੱਧ ਕਲੰਦਰ ਦੀ ਮਾੜੀ ਵਿਚ ਚੱਕਰ ਬੰਨ੍ਹਿਆ ਹੈ। ਇਥੇ ਲੱਖੀ ਬਣਜਾਰੇ ਦੇ ਲਾਏ ਖੂਹ ਦੇ ਸਹਾਰੇ ਬੈਠਣ ਵਾਸਤੇ ਆਏ ਸਨ ਪਰ ਲਾਲੇ ਭੁੱਲਰ ਨੇ ਕਈ ਈਨਾਂ ਮੰਨਾਕੇ ਪਾਣੀ ਦੇਣਾ ਮੰਨਿਆ ਹੈ। ਇਲਾਕੇ ਵਿਚ ਪਾਣੀ ਦੀ ਬੜੀ ਤੰਗੀ ਹੈ ਇਸ ਵਾਸਤੇ ਅਸੀਂ ਪਾਣੀ ਨੂੰ ਦੁਰੱਲਭ ਸਮਝਦੇ ਹਾਂ। ਇਨ੍ਹਾਂ ਨੂੰ ਇਹ ਵੀ ਪਤਾ ਹੀ ਹੈ ਕਿ ਜਿਸ ਚੌਧਰੀ ਦੇ ਇਲਾਕੇ ਵਿਚ ਵੀ ਬੈਠਾਂਗੇ ਈਨ ਮੰਨਾ ਕੇ ਹੀ ਬੈਠਣ ਦੇਵੇਗਾ। ਇਹ ਕਈ ਪੀੜ੍ਹੀਆਂ ਦਾ ਤਜ਼ਰਬਾ ਹੈ। ਕਾਲੇ ਦੇ ਵਡੇਰੇ ਕਈ ਪੀੜ੍ਹੀਆਂ ਤੋਂ ਤਰ੍ਹਾਂ-ਤਰ੍ਹਾਂ ਦੀਆਂ ਈਨਾਂ ਤੇ ਸ਼ਰਤਾਂ ਮੰਨਦੇ ਆਏ ਹਨ। ਇਸੇ ਨੀਤੀ ਨਾਲ ਕਾਲਾ ਆਪਣੇ ਦਿਨ ਕੱਟ ਰਿਹਾ ਹੈ। ਹੁਣ ਸਤਿਗੁਰੂ ਦੀ ਸ਼ਰਣ ਆਏ ਹਨ। ਇਨ੍ਹਾਂ ਵੀਚਾਰਿਆਂ ਤੇ ਕਿਰਪਾ ਕਰੋ। ਗੁਰੂ ਘਰ ਨਿਮਾਣਿਆ ਨੂੰ ਮਾਣ, ਨਿਉਟਿਆਂ ਨੂੰ ਓਟ, ਨਿਗਤਿਆਂ ਨੂੰ ਗਤ, ਨਿਪਤਿਆਂ ਨੂੰ ਪਤ, ਨਿਆਸਰਿਆਂ ਨੂੰ ਆਸਰਾ, ਨਿਥਾਵਿਆਂ ਨੂੰ ਥਾਨ ਬਖਸ਼ਦਾ ਆਇਆ ਹੈ। **ਜੋ ਸਰਣਿ ਆਵੈ ਤਿਸੁ ਕੰਠ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥** ਦੇ ਵਾਕ ਅਨੁਸਾਰ ਸ਼ਰਣ ਆਇਆ 'ਤੇ ਕ੍ਰਿਪਾ ਕਰਕੇ ਇਨ੍ਹਾਂ ਦੇ ਦੁਖਾਂ ਦੀ ਨਵਿਰਤੀ ਕਰੋ। ਆਪ ਸਰਬ ਸਮਰਥ ਹੋਂ। ਭਾਈ ਸਾਹਿਬ ਜੀ ਹੱਥ ਜੋੜਕੇ ਅਧੀਨਗੀ ਨਾਲ ਮੁੜ-ਮੁੜ ਪ੍ਰਾਰਥਨਾ ਕਰਦੇ ਹੀ ਰਹੇ।

ਇਸ ਸਮੇਂ ਕਾਲਾ, ਕਰਮਾ, ਸਾਉਲ, ਸੇਮਾਂ ਵੀ ਸਤਿਗੁਰੂ ਜੀ ਦੇ ਚਰਨਾਂ ਵਿਚ ਹੱਥ ਜੋੜ ਕੇ ਬੈਠੇ ਸਨ। ਸਤਿਗੁਰੂ ਜੀ ਨੂੰ ਦਯਾ ਆਈ, ਤੁਰਤ ਹੀ ਇਲਾਕੇ ਦੇ ਮਾਲਕ ਲਾਲਾ, ਬਾਲਾ, ਕੌਲਾ, ਸੀਹਾਂ, ਕੌੜੇ, ਗਿੱਲ, ਢਿਲੋ ਅਤੇ ਭੁੱਲਰਾਂ ਨੂੰ ਬੁਲਾ ਕੇ ਮੋਹਨ ਕਿਆਂ ਦੀ ਸਹਾਇਤਾ ਲਈ ਆਖਿਆ ਪਰ ਇਹ ਸਾਰੇ ਇਕ ਜ਼ੁਬਾਨ ਜਵਾਬ ਦੇ ਕੇ ਉਠ ਕੇ ਖੜ੍ਹੇ ਹੋ ਗਏ।

ਗੁਰੂ ਜੀ ਨੇ ਫਿਰ ਆਖਿਆ ਤੁਸੀਂ ਧੀਰਜ ਨਾਲ ਗੱਲ ਸੁਣੋ, "ਇਹ ਦੁਖੀਏ ਹਨ, ਕੇਵਲ ਪੰਜ ਹੱਲ ਦੀ ਜ਼ਮੀਨ ਦੇ ਦੇਵੋ। ਇਹ ਤੁਹਾਡੇ ਅਧੀਨ ਹੀ ਰਹਿਣਗੇ।" ਪਰ ਲਾਲਾ, ਬਾਲਾ, ਸੀਹਾਂ, ਕੌਲਾ, ਸਾਰੇ ਭੁੱਲਰ, ਕੌੜੇ, ਗਿੱਲ, ਢਿਲੋ, ਕੋਰਾ ਜਵਾਬ ਦੇ ਕੇ ਗੁਰੂ ਜੀ ਕੋਲੋਂ ਉਠ ਕੇ ਚਲੇ ਗਏ।

ਕੌੜੇ ਭੁੱਲਰਾਂ ਦੇ ਆਗੂ ਲਾਲੇ ਬਾਲੇ ਵਰਗਿਆਂ ਦਾ ਅਜੇਹਾ ਅਹੰਕਾਰ ਭਰਿਆ ਵਰਤਾਉ ਤੇ ਜਵਾਬ ਸੁਣ ਕੇ ਸਤਿਗੁਰੂ ਜੀ ਸਮਾਧੀ ਲਾ ਕੇ ਬੈਠ ਗਏ। ਭਾਈ ਰੂਪ ਚੰਦ ਜੀ ਹੱਥ ਜੋੜ ਕੇ ਆਗਿਆ ਵਿਚ ਖੜ੍ਹਾ ਰਿਹਾ। ਕਾਲਾ, ਕਰਮਾ, ਸਾਵਲ, ਸੇਮਾ ਹਿੰਝੂਆਂ ਦੀ ਝੜੀ ਕੇਰਦੇ ਇਕ ਪਾਸੇ ਨਿਰਾਸ਼ਾ ਦੀ ਹਾਲਤ ਵਿਚ ਬੈਠੇ

ਰਹਿ ਗਏ। ਵਿਚਾਰੇ ਵਿਪਤਾ ਦੇ ਗ੍ਰਸੇ ਹੋਏ ਸਨ ਜੋ ਸ਼ਤਾਬਦੀਆਂ ਤੋਂ ਖੈਹੜਾ ਨਹੀਂ ਸੀ ਛੱਡ ਰਹੀ। ਹੁਣ ਵੀ ਅਧੀਰਜ ਹੋਏ ਸੋਚ ਰਹੇ ਸਨ ਕਿ ਸਾਡੇ ਦੁੱਖ ਇਨੇ ਲੰਮੇ ਹਨ ਜੋ ਮੁਕ ਨਹੀਂ ਸਕਦੇ। ਹਰ ਨਵੇਂ ਸੂਰਜ ਨਵੀਂ ਵਿਪਤਾ ਸਿਰ ਉੱਤੇ ਖੜ੍ਹੀ ਰਹਿੰਦੀ ਹੈ। ਮੁਗਲਾਂ ਦੇ ਕਟਕਾਂ ਨੇ 'ਨਾਂਗੇ ਦੀ ਸਰ੍ਹਾਂ' ਛਡਵਾਈ। ਦੁੱਖਾਂ ਦੇ ਕਾਰਣ ਭੋਡੀਪੁਰਾ ਛੱਡਿਆ। ਕਾਲ ਝਰਾਣੀ ਅਤੇ ਅਬਲੂ ਮਹਿਮੇ ਟਿਕ ਨ ਸਕੇ, ਕੱਖਾਂ ਵਾਲੀ ਰਾਸ ਨ ਆਈ। ਬੀਦੋਵਾਲੀ ਵਿਚ ਵੀ ਵਿਪਤਾ ਨੇ ਖਹਿੜਾ ਨ ਛਡਿਆ। ਹੁਣ ਭੁੱਲਰਾਂ ਦੀ ਸ਼ਰਣ ਲਈ ਸੀ। ਅੱਜ ਭੁੱਲਰ ਵੀ ਇਲਾਕੇ ਵਿਚੋਂ ਕੱਢਣ ਵਾਸਤੇ ਤੁਲੇ ਬੈਠੇ ਹਨ। ਕਾਲੇ ਦੇ ਪੈਰਾਂ ਹੇਠੋਂ ਧਰਤੀ ਨਿਕਲਣ ਲੱਗੀ। ਅਪਮਾਨ ਅਤੇ ਗਲਿਆਨੀ ਨਾਲ ਕਾਲਾ ਮੂਰਛਤ ਜੇਹਾ ਹੋਣ ਵਾਲਾ ਹੋ ਗਿਆ। ਉਸ ਦੀਆਂ ਅੱਖਾਂ ਅਗੇ ਸੰਸਾਰ ਭਿਆਨਕ ਨਗਨ ਨਾਚ ਨਚਦਾ ਹੋਇਆ ਦਿਸਿਆ। ਪਿਆਰ, ਹਮਦਰਦੀ ਅਤੇ ਸ਼ਾਂਤਵਨਾ ਦੀ ਕੋਈ ਕਿਰਣ ਦ੍ਰਿਸ਼ਟੀਗੋਚਰ ਨਹੀਂ ਸੀ ਹੋ ਰਹੀ।

ਇਨੇ ਚਿਰ ਨੂੰ ਸਤਿਗੁਰੂ ਜੀ ਨੇ ਨੇਤ੍ਰ ਖੋਲ੍ਹੇ, ਭਾਈ ਰੂਪ ਚੰਦ ਸਤਰਕ ਹੋ ਗਏ ਅਤੇ ਸਾਹ ਰੋਕ ਕੇ ਆਗਿਆ ਸੁਨਣ ਲੱਗੇ। ਸਤਿਗੁਰੂ ਜੀ ਨੇ ਫੁਰਮਾਇਆ, "ਭਾਈ ਰੂਪ ਚੰਦ! ਇਨ੍ਹਾਂ ਦੁਖੀਆਂ ਦਾ ਦੁੱਖ ਤਾਂ ਨਵਿਰਤ ਕਰਨਾ ਹੀ ਪਵੇਗਾ। ਇਨ੍ਹਾਂ ਦੇ ਡੇਰੇ ਨੂੰ ਲੈ ਕੇ ਤੁਰ ਪਵੋ, ਜਿੱਥੇ ਵੀ ਦਿਨ ਛਿਪ ਜਾਵੇ ਮੋਹੜੀ ਗੱਡ ਦੇਵੋ ਸਤਿਗੁਰੂ ਨਾਨਕ ਦੇਵ ਭਲੀ ਕਰਨਗੇ।"

ਭਾਈ ਰੂਪ ਚੰਦ ਜੀ ਪ੍ਰਸੰਨ ਹੋ ਗਏ ਅਤੇ ਸਾਰਿਆਂ ਨੂੰ ਉਠਾ ਕੇ ਸਤਿਗੁਰੂ ਜੀ ਨੂੰ ਨਮਸ਼ਕਾਰ ਕਰਕੇ ਤੁਰ ਪਏ। ਰਸਤੇ ਵਿਚ ਸਾਰੀ ਗੱਲ ਸਮਝਾਈ ਕਿ ਸਤਿਗੁਰੂ ਜੀ ਤੁਹਾਡੀ ਸਹਾਇਤਾ ਵਾਸਤੇ ਡਟ ਗਏ ਹਨ। ਅੱਜ ਤੋਂ ਤੁਹਾਡੀ ਵਿਪਤਾ ਦੇ ਦਿਨ ਮੁਕ ਗਏ। ਸੁਣਕੇ ਕਾਲਾ ਪ੍ਰਸੰਨ ਹੋ ਗਿਆ ਤੇ ਡੇਰੇ ਨੂੰ ਤੁਰਨ ਦਾ ਆਦੇਸ਼ ਦੇ ਕੇ ਸਮਾਨ ਇਕੱਠਾ ਕਰਨ ਲੱਗਾ। ਚੱਕਰਾ ਦਾ ਥੋਹੜਾ-ਥੋਹੜਾ ਸਮਾਨ ਸੀ ਜੋ ਗਧੀਆਂ 'ਤੇ ਤੁਰਤ ਹੀ ਲੱਦ ਦਿੱਤਾ ਗਿਆ ਅਤੇ ਚਾਲੇ ਪਾ ਦਿਤੇ। ਜਿਥੇ ਵਰਤਮਾਨ ਪਿੰਡ ਮਰਾਝ ਹੈ ਇਥੇ ਦਿਨ ਛਿਪ ਗਿਆ ਤੇ ਆਸਨ ਲਾ ਦਿਤੇ।

ਦੂਸਰੇ ਦਿਨ ਨਿਤਨੇਮ ਤੋਂ ਉਪਰੰਤ ਭਾਈ ਰੂਪ ਚੰਦ ਜੀ ਨੇ ਛੱਪੜ ਦੇ ਕਿਨਾਰੇ ਆਪਣੇ ਹਥ ਨਾਲ ਟੱਕ ਲਾਕੇ ਪਿੰਡ ਦੀ ਮੋਹੜੀ ਗੱਡ ਦਿਤੀ। ਅਰਦਾਸ ਕਰਕੇ ਗੁੜ ਵੰਡ ਦਿਤਾ ਅਤੇ ਪਿੰਡ ਦਾ ਨਾਂਉ ਸਾਰਿਆਂ ਦੇ ਵਡੇਰੇ ਬਜੁਰਗ ਦੇ ਨਾਂਉ ਉੱਤੇ 'ਮਰਾਝ' ਰੱਖਿਆ। ਇਸ ਵਾਰਤਾ ਨੂੰ ਗਿਆਨੀ ਗਿਆਨ ਸਿੰਘ ਜੀ ਇਸ ਤਰ੍ਹਾਂ ਅੰਕਤ ਕਰਦੇ ਹਨ।

ਮੋਹਨ, ਕਾਲਾ, ਕਰਮਾ, ਸਾਵਲ।
ਸੋਮੇ ਆਦਿਕ ਮਿਲੇ ਉਤਾਵਲ।
ਭਾਈ ਰੂਪ ਚੰਦ ਕੇ ਚਰਨੀ।
ਹਾਥ ਲਗਾਇ ਬੇਨਤੀ ਬਰਨੀ।
ਕਰ ਅਰਦਾਸ ਆਪ ਟਕ ਲਾਵੋ।
ਪੇਖਠੋਰ ਮਮ ਪਿੰਡ ਬਸਵਾਵੋ।
ਮਾਨ ਬਚਨ ਤਬ ਭਾਈ ਸਾਹਿਬ।

ਨਿਜ਼ ਆਤਮ ਸ਼ਕਤੀ ਬਲ ਚਾਹਿਬ।
ਨਿਮਨ ਠੌਰ ਪਿਖ ਕੈ ਇਕ ਛੱਪੜ।
ਜਿਮੀਂ ਸੁਭਾਗ ਨੀਕ ਢਿਗ ਅੱਪੜ।
ਜਿਸ ਕੀ ਅਬ ਲੌ ਆਹਿ ਨਿਸਾਨੀ।
ਬਤਲਾਵਤ ਜਾਨਤ ਬ੍ਰਿਧ ਗਯਾਨੀ।
ਤਹਿ ਥਿਰਹੋ ਚੌਘੜੀਆ ਹੇਰ।
ਲਗਨ ਸਥਿਰ ਮੰਗਲ ਦਾ ਢੇਰ।
ਕਰਿ ਅਰਦਾਸ ਖਸ੍ਰ ਗੁਰੁ ਧਿਆਕੇ।
ਸਭ ਸੰਗਤ ਦੀ ਆਗਯਾ ਪਾਕੇ।
ਫਤੇ ਗਜਾਕੇ ਲਾਇਓ ਟੱਕ।
ਮੋੜ੍ਹਾ ਗਾਡਿਓ ਮੋਹਨ ਪੱਕ।
ਗੁੜ ਪ੍ਰਸਾਦ ਅਧਕ ਬਰਤਾਯੋ।
ਨਾਂ ਮੁਕਿਓ ਸਗੋਂ ਥਿਰਧਾਇਓ।
ਇਨ ਕਾ ਬਡਾ ਭਯੋ ਮਹਿਰਾਜ।
ਤਾਹਿ ਨਾਮ ਪਰ ਨਾਮ ਦ੍ਰਾਜ।
ਪਿੰਡ ਮਰਾਝ ਬਸਿਓ ਇਸ ਭਾਂਤ।
ਅਬ ਲੌ ਜਾਨਤ ਲੋਗ ਬਖਯਾਤ।

ਦੋਹਰਾ

ਸੋਲਾ ਸੈ ਚੌਰਾਸੀਏ ਚੇਤ ਸੁਦੀ ਤਿਥਿ ਆਦਿ।
ਪਿੰਡ ਮਰਾਝ ਬਸਾ ਲਾਇਓ ਮੋਹਨ ਗੁਰੁ ਪ੍ਰਸਾਦਿ।[75]
(ਇਤਿਹਾਸ ਰਿਆਸਤ ਬਾਗੜੀਆ, ਪੰਨਾ ੩੧)

75 ਵਾਸਤਵ ਵਿਚ ਗਿਆਨੀ ਗਿਆਨ ਸਿੰਘ ਜੀ ਨੂੰ ਮੋਹਨ ਬਾਰੇ ਭੁਲੇਖਾ ਲਗਾ ਹੈ। ਮੋਹਨ ਪਿੰਡ ਬੀਦੋਵਾਲੀ ਵਿਚ ਇਕ ਲੜਾਈ ਵਿਚ ਆਪਣੇ ਪੁੱਤਰ ਰੂਪ ਚੰਦ ਸਮੇਤ ਮਾਰਿਆ ਗਿਆ ਸੀ। ਇਸ ਵਾਸਤੇ ਮੋਹਨ ਛੇਵੇਂ ਸਤਿਗੁਰੂ ਜੀ ਨੂੰ ਨਹੀਂ ਮਿਲਿਆ। ਮੋਹਨ ਦੇ ਵੰਸਜ਼ ਮੋਹਨ ਦੇ ਮਰਨ ਤੋਂ ਬਹੁਤ ਚਿਰ ਪਿਛੋਂ ਸਤਿਗੁਰੂ ਜੀ ਦੀ ਸਰਣ ਵਿਚ ਆਏ ਹਨ। ਬੀਦੋਵਾਲੀ ਵਿਚੋਂ ਜੋ ਕਾਫਲਾ ਨਿਕਲ ਕੇ ਲਖੀ ਬਣਜਾਰੇ ਦੇ ਖੂਹ ਉੱਤੇ (ਵਰਤਮਾਨ ਬਾਹੀਏ ਵਿਚ) ਆਇਆ ਸੀ। ਉਸ ਵਿਚ ਕੇਵਲ ਸੰਦਲੀ ਤੇ ਫੂਲ (ਪੁਤਰ ਰੂਪ ਚੰਦ) ਸਾਊਲ (ਪੁਤਰ ਕੁਲਚੰਦ) ਸੇਮਾਂ, ਸਰਦੂਲ, ਕਰਮ ਚੰਦ, ਬਿਆ ਚੰਦ ਉਰਫ ਕਾਲਾ ਅਤੇ ਇਨ੍ਹਾਂ ਦੀਆਂ ਇਸਤ੍ਰੀਆਂ ਤੇ ਬੱਚੇ ਸਨ। (ਦੇਖੋ ਬਾਬਾ ਆਲਾ ਸਿੰਘ ਪੰਨਾ ੪੧ ਸ੍ਰ. ਕਰਮ ਸਿੰਘ ਹਿਸਟੋਰੀਅਨ) ਨੋਟ- ਮੋਹਨ ਦੀਆਂ ਦੋ ਸ਼ਾਦੀਆਂ ਸਨ ਪਹਿਲੀ ਤੋਂ ਰੂਪ ਚੰਦ, ਕਰਮ ਚੰਦ, ਬਿਆ ਚੰਦ (ਕਾਲਾ) ਤੇ ਕੁਲ ਚੰਦ ਸਨ। ਦੂਸਰੀ ਤੋਂ ਸੇਮਾ ਤੇ ਸਰਦੂਲ ਹੋਏ। (ਦੇਖੋ ਬਾਬਾ ਆਲਾ ਸਿੰਘ ਪੰਨਾ ੪੧ ਸ੍ਰ. ਕਰਮ ਸਿੰਘ ਹਿਸਟੋਰੀਅਨ)

ਲਾਲਾ, ਬਾਲਾ, ਸੀਂਹਾਂ, ਕੌਲਾ, ਕੋੜੇ, ਗਿੱਲ, ਢਿਲੋਂ, ਭੁੱਲਰ, ਸਤਿਗੁਰੂ ਜੀ ਤੋਂ ਡਰਦੇ ਕੋਈ ਵਿਰੋਧ ਨ ਕਰ ਸਕੇ ਅਤੇ ਮੋਹਨ ਕੇ ਸਤਿਗੁਰੂ ਜੀ ਦੀ ਕ੍ਰਿਪਾ ਦ੍ਰਿਸਟੀ ਨਾਲ ਦ੍ਰਿੜ੍ਹਤਾ ਅਤੇ ਫ਼ਖਰ ਨਾਲ ਰਹਿਣ ਲੱਗੇ। ਭਾਈ ਰੂਪ ਚੰਦ ਜੀ ਦੀ ਕਿਰਪਾ ਨਾਲ ਜਿਥੇ ਗੁਰਸਿੱਖੀ ਦੇ ਧਾਰਨੀ ਬਣ ਗਏ ਨਾਲ ਹੀ ਪਿੰਡ ਦੇ ਵੀ ਮਾਲਕ ਬਣ ਗਏ।

**ਗੁਰੂ ਜੀ ਮੁੜ ਭਾਈ ਰੂਪਾ ਵਿਚ**: ਗੁਰੂ ਜੀ ਨੇ ਮਾਲਵੇ ਦੀ ਕਈ ਵਾਰ ਯਾਤ੍ਰਾ ਕੀਤੀ ਸੀ। ਇਸ ਤਰ੍ਹਾਂ ਸੰਮਤ ੧੬੮੮ ਵਿਚ ਸ੍ਰੀ ਗੁਰੂ ਜੀ ਨੇ ਭਾਈ ਰੂਪੇ ਨੂੰ ਆਣ ਤਾਰਿਆ ਕਿਉਂਕਿ ਇਸ ਇਲਾਕੇ ਵਿਚ ਕੌੜੇ ਭੁੱਲਰ, ਸਿੱਧੂ, ਗਿੱਲ, ਧਾਲੀਵਾਲ, ਮਾਨ, ਚੀਮੇ, ਢਿਲੋਂ, ਚਾਹਲ ਆਦਿਕ ਜੱਟਾਂ ਦਾ ਬਹੁਤ ਜੋਰ ਸੀ ਕਿੰਤੂ ਸੰਗਠਨ ਨ ਹੋਣ ਕਰਕੇ ਇਨ੍ਹਾਂ ਦਾ ਕੋਈ ਪ੍ਰਭਾਵ ਨਹੀਂ ਸੀ। ਇਹ ਲੋਕ ਗੁੱਗੇ, ਸਰਵਰ, ਨਾਥਾਂ ਯੋਗੀਆਂ ਪੀਰਾਂ ਫਕੀਰਾਂ ਦੇਵੀਆਂ ਸੁਲਤਾਨ ਭੈਰੋਂ ਅਤੇ ਭੂਤਾਂ ਮੜ੍ਹੀਆਂ, ਕਬਰਾਂ ਨੂੰ ਮੰਨਕੇ ਜੀਵਨ ਨਿਰਾਰਥਕ ਗਵਾ ਰਹੇ ਸਨ ਜਿਨ੍ਹਾਂ ਦੇਸ ਕੌਮ ਅਤੇ ਜਾਤੀ ਨੂੰ ਕੋਈ ਲਾਭ ਨਹੀਂ ਸੀ। ਸਤਿਗੁਰੂ ਜੀ ਇਨ੍ਹਾਂ ਨੂੰ ਅਣਖ, ਗੈਰਤ ਸ੍ਵੈਮਾਨ ਤੇ ਸੰਗਠਣ ਦੇ ਸੂਤ੍ਰ ਵਿਚ ਬੰਨ ਕੇ ਇਕ ਕੌਮ ਦੇ ਰੂਪ ਵਿਚ ਪਰਿਵਰਤਨ ਕਰਨਾ ਚਾਹੁੰਦੇ ਸਨ।

ਭਾਈ ਰੂਪਾ ਵਿਖੇ ਸਤਿਗੁਰੂ ਜੀ ਦਾ ਆਗਮਨ ਸੁਣ ਕੇ ਇਲਾਕੇ ਦੀ ਸੰਗਤ ਵਿਸ਼ੇਸ਼ ਕਰਕੇ ਸੰਗਤਪੁਰਾ, ਬਾਘਾ ਪੁਰਾਣਾ, ਪੰਜ ਗਰਾਂਈ ਕਲ੍ਹਾਂ, ਕੋਠਾ ਗੁਰੂ, ਕਾਂਗੜ, ਭਦੌੜ ਬਠਿੰਡਾ ਅਤੇ ਨਥਾਣੇ ਆਦਿਕ ਪਿੰਡਾਂ ਦੇ ਗੁਰਸਿੱਖ ਦਰਸ਼ਨ ਕਰਕੇ ਭੇਟਾ ਸਮਰਪਣ ਕਰਕੇ ਨਦਰੀ ਨਦਰ ਨਿਹਾਲ ਹੋਏ।

ਭਾਈ ਰੂਪੇ ਵਿਚ ਹੀ ਕਾਬਲ ਦੀ ਸੰਗਤ ਦਰਸ਼ਨ ਕਰਨ ਆਈ। ਜਿੱਥੇ ਸਾਰੀ ਸੰਗਤ ਦਰਸ਼ਨ ਕਰਕੇ ਪ੍ਰਸੰਨ ਹੋਈ ਉਥੇ ਇਕ ਗੁਰਸਿੱਖ ਨੇ ਪ੍ਰਾਰਥਨਾ ਕੀਤੀ, "ਸਚੇ ਪਾਤਸ਼ਾਹ! ਮੈਂ ਦੋ ਕੀਮਤੀ ਘੋੜੇ ਸ੍ਰੀ ਗੁਰੂ ਜੀ ਦੀ ਸਵਾਰੀ ਵਾਸਤੇ ਲੈ ਕੇ ਆ ਰਿਹਾ ਸਾਂ ਜੋ ਰਸਤੇ ਵਿਚ ਲਾਹੌਰ ਦੇ ਸੂਬੇ ਨੇ ਮੇਰੇ ਕੋਲੋ ਜਬਰੀ ਖੋਹ ਲਏ। ਮੇਰਾ ਮਨ ਬਹੁਤ ਅਸ਼ਾਂਤ ਹੈ।" ਭਾਵੇਂ ਸਤਿਗੁਰੂ ਜੀ ਨੇ ਇਸ ਸਿੱਖ ਨੂੰ ਸਮੂਹ ਸੰਗਤ ਨਾਲੋਂ ਵੱਧ ਖੁਸ਼ੀਆਂ ਬਖਸ਼ੀਆਂ ਪਰ ਸਿੱਖ ਦਾ ਮਨ ਸ਼ਾਂਤ ਨਹੀਂ ਹੋਇਆ। ਇਸ ਵਾਸਤੇ ਗੁਰੂ ਘਰ ਦਾ ਜਰਨੈਲ ਮਹਾਂਬਲੀ ਭਾਈ ਬਿਧੀ ਚੰਦ ਜੀ ਦੋ ਚਕਰ ਲਾਕੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚੋਂ ਘੋੜੇ ਕੱਢ ਲਿਆਇਆ ਅਤੇ ਨਾਲ ਹੀ ਦੱਸ ਵੀ ਆਇਆ ਕਿ ਘੋੜੇ ਛੇਵੇਂ ਸਤਿਗੁਰਾਂ ਦੇ ਸਨ ਮੈਂ ਉਨ੍ਹਾਂ ਦੀ ਆਗਿਆ ਨਾਲ ਹੀ ਲੈ ਚੱਲਿਆ ਹਾਂ। ਜੇ ਤੁਸੀਂ ਆਉਣਾ ਹੋਵੇ ਤਾਂ ਮਾਲਵੇ ਵਿਚ ਪਿੰਡ ਭਾਈ ਰੂਪੇ ਪਹੁੰਚ ਜਾਵੋ। ਇਧਰ ਸਤਿਗੁਰੂ ਜੀ ਨੂੰ ਵੀ ਆਕੇ ਦਸ ਦਿਤਾ ਕਿ ਸ਼ਾਹੀ ਫੌਜ ਆਵੇਗੀ। ਮੈਂ ਦੱਸ ਆਇਆ ਹਾਂ। ਗੁਰੂ ਜੀ ਨੇ ਤਿਆਰੀ ਕਰਕੇ ਗੁਰੂਸਰ ਨਥਾਣੇ ਦੀ ਪਾਣੀ ਵਾਲੀ ਢਾਬ ਰੋਕ ਲਈ। ਇਸ ਸਮੇਂ ਭਦੌੜ, ਸੰਗਤਪੁਰਾ, ਕੋਠਾ ਗੁਰੂ, ਗਿੱਲ ਅਤੇ ਬਠਿੰਡਾ ਆਦਿਕ ਪਿੰਡਾਂ ਦੀ ਸੰਗਤ ਗੁਰੂ ਜੀ ਦੇ ਜੱਥੇ ਵਿਚ ਸ਼ਾਮਲ ਹੋ ਗਈ। ਇਸ ਸਮੇਂ ਸਾਰੀ ਫੌਜ ਦੇ ਲੰਗਰ ਦਾ ਪ੍ਰਬੰਧ ਭਾਈ ਰੂਪ ਚੰਦ ਜੀ ਨੂੰ ਸੌਂਪਿਆ ਗਿਆ। ਸਹਾਇਤਾ ਵਾਸਤੇ ਭਾਈ ਨਾਨੋ ਬਹਿਲੋ ਕੇ ਦੀ ਸੇਵਾ ਲਾਈ ਗਈ। ਮੁਗਲੀਆਂ ਫੌਜ ਕਮਰਬੇਗ, ਲਲਾ ਬੇਗ ਆਦਿਕ ਸਰਦਾਰਾਂ ਦੀ ਸਰਪ੍ਰਸਤੀ ਹੇਠ ਆਈ ਅਤੇ ਹਾਰ ਖਾ ਕੇ ਵਾਪਸ ਮੁੜੀ। ਇਸ ਸਮੇਂ ਭਾਈ ਰੂਪ ਚੰਦ ਨੇ ਲੰਗਰ ਦੀ ਅਤੇ ਭਾਈ ਜੋਧ ਰਾਏ ਨੇ ਜੰਗ ਲੜਨ ਦੀ ਅਕਥਨੀਯ ਸੇਵਾ ਕੀਤੀ।

**ਲੰਗਰ:** ਇਸ ਤਰ੍ਹਾਂ ਗੁਰੂ- ਘਰ ਵਿਚ ਭਾਈ ਰੂਪ ਚੰਦ ਜੀ ਦਾ ਸਨਮਾਨ ਬਣਿਆ ਰਿਹਾ ਅਤੇ ਭਾਈ ਰੂਪ ਚੰਦ ਜੀ ਵੀ ਗੁਰਮਤਿ ਦਾ ਪ੍ਰਚਾਰ, ਸਦ ਉਪਦੇਸ਼ ਅਤੇ ਸੇਵਾ ਕਰਦੇ ਰਹੇ। ਭਾਈ ਰੂਪ ਚੰਦ ਜੀ ਦੀਆਂ ਦੋ ਸ਼ਾਦੀਆਂ ਸਨ। ਇਕ ਮਹਿਲ ਜਿਨ੍ਹਾਂ ਦਾ ਨਾਂਉ ਮਾਤਾ ਮਾਲੀ ਜੀ ਸੀ[76] ਪਿੰਡ ਲੋਂਗੋਵਾਲ ਦੇ ਸਨ ਅਤੇ ਦੂਸਰੇ ਮਾਤਾ ਜੀਤੋ ਜੀ ਪਿੰਡ ਧੌਲੇ ਦੇ ਸਨ। ਭਾਈ ਸਾਹਿਬ ਜੀ ਦੇ ਸੱਤ ਸਪੁੱਤਰ ਭਾਈ ਮਹਾਂ ਨੰਦ, ਭਾਈ ਨੰਦ, ਭਾਈ ਸੁਖੀਆਂ, ਭਾਈ ਧਰਮ ਸਿੰਘ, ਭਾਈ ਪਰਮ ਸਿੰਘ, ਭਾਈ ਕਰਮ ਚੰਦ, ਭਾਈ ਸੂਰਤੀਆਂ ਅਤੇ ਸਤ ਹੀ ਨੂੰਹਾਂ ਸਨ। ਸਾਰਾ ਪਰਵਾਰ ਆਗਿਆਕਾਰੀ ਸੀ। ਮਾਲਵੇ ਦੀ ਬੇਅੰਤ ਸਿਖੀ ਸੇਵਕੀ ਸੀ। ਬਹੁਤ ਉਚਾ ਆਤਮਿਕ ਪਰਭਾਵ ਸੀ। ਸਾਰਾ ਪਰਵਾਰ ਅੰਮ੍ਰਿਤ ਵੇਲੇ ਨਾਮ ਸਿਮਰਨ ਕਰਕੇ ਬਾਣੀ ਦਾ ਨਿੱਤਨੇਮ ਕਰਕੇ ਮੁੜ ਆਸਾ ਜੀ ਦੀ ਵਾਰ ਦਾ ਕੀਰਤਨ ਕਰਦਾ ਸੀ। ਉਪਰੰਤ ਸਾਰੇ ਕਿਰਤ ਵਿਚ ਲੱਗ ਜਾਂਦੇ ਸਨ। ਜੋ ਕੁਝ ਵੀ ਖੇਤੀ ਵਿਚੋਂ ਪੈਦਾ ਹੁੰਦਾ ਸਾਰਾ ਲੰਗਰ ਵਿਚ ਖਰਚ ਕੀਤਾ ਜਾਂਦਾ। ਸਭ ਨੂੰ ਬਿਨ੍ਹਾਂ ਵਿਤਕਰੇ ਦੇ ਭੋਜਨ ਦੁੱਧ, ਦਹੀਂ, ਘਿਉ ਵਰਤਦਾ। ਭਾਈ ਜੀ ਦਾ ਸਿੱਖੀ ਵਿਚ ਅਤੀ ਪ੍ਰਭਾਵ ਪੈ ਗਿਆ। ਮਾਲਵੇ ਦੇ ਘਰ-ਘਰ ਵਿਚ ਪ੍ਰਸ਼ੰਸਾ ਹੋਣ ਲੱਗੀ ਅਤੇ ਸਾਰਾ ਮਾਲਵਾ ਦੇਸ ਭਾਈ ਰੂਪ ਚੰਦ ਜੀ ਦੀ ਮਾਨਤਾ ਕਰਨ ਲੱਗਾ। ਭਾਈ ਜੀ ਜਿਸ ਨੂੰ ਵੀ ਵਰ/ਸਰਾਪ ਦਿੰਦੇ ਕ੍ਰਿਆਤਮਿਕ ਰੂਪ ਧਾਰਨ ਕਰਦਾ। ਗੁਰੂ ਜੀ ਦੇ ਵਰਦਾਨ ਨਾਲ ਇਨ੍ਹਾਂ ਦੀ ਜ਼ੁਬਾਨ ਵਿਚ ਇਹ ਸ਼ਕਤੀ ਪੈਦਾ ਹੋ ਗਈ। ਇਲਾਕਾ ਨਿਵਾਸੀ ਜਨ ਸਧਾਰਨ ਅਵੱਗਿਆ ਤੋਂ ਬਹੁਤ ਡਰਦੇ ਸਨ ਅਤੇ ਗੁਰ-ਪੁਰਬਾਂ ਤੇ ਸਤਿਸੰਗ ਸਮੇਂ ਸੇਵਾ ਵਿਚ ਤਤਪਰ ਰਹਿੰਦੇ ਸਨ ਤਾਂ ਕਿ ਭਾਈ ਸਾਹਿਬ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਜਾ ਸਕੇ। ਹਰ ਇਕ ਵਿਅਕਤੀ ਆਪਣੀ ਕਮਾਈ ਵਿਚੋਂ ਦਸਵੰਧ ਦਿੰਦਾ ਸੀ। ਆਪ ਭਾਈ ਜੀ ਖੇਤੀ ਕਰਦੇ ਸਨ, ਇਲਾਕੇ ਵਿਚੋਂ ਬਹੁਤ ਜਿਆਦੇ ਰਸਦ ਆਉਦੀ ਸੀ। ਭਾਈ ਸਾਹਿਬ ਜੀ ਦੇ ਪਿਤਾ (ਭਾਈ ਸੁੱਧੂ ਜੀ) ਕੇਵਲ ਸਿਮਰਨ ਵਿਚ ਲਗੇ ਰਹਿੰਦੇ, ਬਾਣੀ ਪੜ੍ਹਦੇ ਰਹਿੰਦੇ। ਸਾਰੇ ਪਰਵਾਰ ਸਮੇਤ ਭਾਈ ਰੂਪ ਚੰਦ ਜੀ ਦੀ ਆਗਿਆ ਅਨੁਸਾਰ ਸੇਵਾ ਵਿਚ ਲੱਗੇ ਰਹਿੰਦੇ। ਇਸ ਪਰਵਾਰ ਨੇ ਗੁਰੂ ਜੀ ਦਾ ਇਹ ਵਾਕ ਕ੍ਰਿਆਤਮਿਕ ਰੂਪ ਵਿਚ ਧਾਰਨ ਕੀਤਾ ਹੋਇਆ ਸੀ।

ਸੇਵਕ ਕਉ ਸੇਵਾ ਬਨਿ ਆਈ॥
ਹੁਕਮੁ ਬੂਝਿ ਪਰਮ ਪਦੁ ਪਾਈ॥ (ਪੰਨਾ ੨੯੨)
ਸੇਵਾ ਕਰਤ ਹੋਇ ਨਿਹਕਾਮੀ॥
ਤਿਸ ਕਉ ਹੋਤ ਪਰਾਪਤਿ ਸੁਆਮੀ॥ (ਪੰਨਾ ੨੮੬)

ਇਸ ਤਰ੍ਹਾਂ ਭਾਈ ਰੂਪ ਚੰਦ ਜੀ ਦੀ ਸੇਵਾ-ਭਾਵਨਾ ਨੂੰ ਵੇਖਕੇ ਸੰਗਤ ਹੋਰ ਵੀ ਸ਼ਰਧਾ ਭਾਵਨਾ ਨਾਲ ਸਤਿਕਾਰ ਕਰਦੀ ਸੀ। ਲੰਗਰ ਦਾ ਜਸ ਸਾਰੇ ਮਾਲਵੇ ਵਿਚ ਫੈਲ ਗਿਆ। ਲੰਗਰ ਵਾਸਤੇ ਸਾਰਾ ਇਲਾਕਾ ਨਿਰਮਾਣਤਾ ਨਾਲ ਰਸਦ ਲਿਆਉਣ ਲੱਗਾ। ਜੋ ਵੀ ਅਤਿਥੀ ਆਉਦਾ, ਸਭ ਨੂੰ ਜੱਥਾ ਸ਼ਕਤਿ ਆਰਾਮ, ਲੰਗਰ ਦੁੱਧ, ਘਿਉ, ਦਹੀਂ, ਬਸਤਰ, ਠੰਡਾ-ਗਰਮ ਜਲ ਮਿਲਦਾ ਸੀ। ਲੰਗਰ ਦੀ ਸੇਵਾ ਮਾਈਆਂ ਦੇ ਜ਼ਿਮੇ

76 ਮਾਤਾ ਮਾਲੀ ਜੀ ਦੇ ਇਕੋ ਸਪੁਤਰ ਬਾਬਾ ਧਰਮ ਸਿੰਘ ਜੀ ਸਨ। ਬਾਕੀ ਛੇ ਪੁਤਰ ਮਾਤਾ ਜੀਤੋ ਜੀ ਦੇ ਸਨ।

ਸੀ। ਆਟਾ ਪੀਸਣਾ, ਪਾਣੀ ਭਰਨਾ, ਪ੍ਰਸ਼ਾਦੇ ਬਨਾਉਣੇ, ਦਾਲਾ ਰਿੰਨਣਾ, ਜੂਠੇ ਬਰਤਨ ਸਾਫ ਕਰਨੇ। ਜੋ ਵੀ ਅਤਿਥੀ ਆਉਦਾ, ਹੱਥ ਜੋੜ ਕੇ ਉਸ ਦਾ ਆਦਰ ਕੀਤਾ ਜਾਂਦਾ ਅਤੇ ਨਿਮਰਤਾ ਨਾਲ ਉਸ ਦੇ ਮਨ ਨੂੰ ਮੋਹ ਲਿਆ ਜਾਂਦਾ। ਸਭ ਨੂੰ ਚੰਗਾ ਗਰਮ ਪ੍ਰਸ਼ਾਦ ਛਕਾ ਕੇ ਆਪ ਰੁੱਖੇ ਸੁੱਕੇ ਬਚੇ ਪ੍ਰਸ਼ਾਦੇ ਛਕਦੇ। ਉਤਸ਼ਾਹ ਨਾਲ ਇਕ ਦੂਸਰੇ ਤੋਂ ਅਗੇ ਹੋ ਕੇ ਸੇਵਾ ਕਰਦੇ। ਜੋ ਵੀ ਸਾਧ/ਸੰਤ/ਸਿੱਖ ਆਉਦਾ, ਸਮੇਂ ਅਨੁਸਾਰ ਉਸ ਨੂੰ ਠੰਡਾ ਤੱਤਾ ਜਲ ਦਿੰਦੇ, ਚਰਨ ਧੋਂਦੇ, ਮੰਜਾ ਬਿਸਤਰਾ ਦਿੰਦੇ। ਇਸ ਤਰ੍ਹਾਂ ਅਨੇਕ ਤਰ੍ਹਾਂ ਦੀ ਸੇਵਾ ਕਰਦੇ, ਸੇਵਾ ਭਾਵਨਾ ਪ੍ਰਚਾਰ ਤੇ ਲੰਗਰ ਨਾਲ ਗੁਰਸਿੱਖੀ ਦੀ ਮਹਾਨ ਵ੍ਰਿਧੀ ਹੋਈ। ਜੋ ਵੀ ਆ ਕੇ ਕਥਾ ਕੀਰਤਨ ਸੁਣ ਕੇ ਲੰਗਰ ਛਕ ਜਾਂਦਾ ਤੇ ਗੁਰਸਿੱਖ ਬਣ ਜਾਂਦਾ। ਅਗੇ ਪਿੰਡ-ਪਿੰਡ ਭਾਈ ਜੀ ਅਤੇ ਸਤਿਗੁਰੂ ਜੀ ਦੇ ਉਪਕਾਰਾਂ ਦਾ ਵਰਨਨ ਕਰਦਾ ਹੋਇਆ ਗੁਰਮਤਿ ਦਾ ਪ੍ਰਚਾਰ ਕਰਦਾ ਜਾਂਦਾ। ਇਸ ਤਰ੍ਹਾਂ ਮੜ੍ਹੀਆਂ, ਮਸਾਣੀਆਂ, ਗੁੱਗੇ, ਭੈਰੋ ਸਰਵਰ ਸੁਲਤਾਨ ਆਦਿਕ ਦੀ ਨਿਰਾਰਥਕ ਮਾਨਤਾ ਦਾ ਤਿਆਗ ਹੋਣ ਲੱਗ ਪਿਆ। ਪਿੰਡ-ਪਿੰਡ ਪੀਰ ਖਾਨਿਆਂ ਦਾ ਸਫਾਇਆ ਹੋ ਗਿਆ।

**ਪੂਜਯ ਮਾਤਾ ਸੂਰਤੀ ਜੀ:** ਪੂਜਯ ਮਾਤਾ ਸੂਰਤੀ ਜੀ ਦਯਾ, ਸ਼ਰਧਾ, ਗੁਰਸਿਖੀ ਦੀ ਸਾਖਿਆਤ ਮੂਰਤਿ ਸਨ। ਇਸ ਪਰਵਾਰ ਵਿਚ ਗੁਰਸਿਖੀ ਦਾ ਪ੍ਰਵੇਸ਼ ਮਾਤਾ ਸੂਰਤੀ ਜੀ ਦੀ ਪ੍ਰਮ ਕ੍ਰਿਪਾਲਤਾ ਨਾਲ ਹੀ ਹੋਇਆ ਸੀ। ਮਾਤਾ ਜੀ ਦਾ ਸਾਰੇ ਪਰਵਾਰ ਉਪਰ ਪੂਰਨ ਨਿਯੰਤਰਨ ਸੀ। ਮਾਤਾ ਜੀ ਸ੍ਵਯੰ ਬੜੀ ਕਠਿਨ ਘਾਲਣਾ ਘਾਲਦੇ ਸਨ। ਲੰਗਰ ਲਈ ਆਟਾ ਪੀਂਹਦੇ ਨਾਲ ਹੀ ਗੁਰਬਾਣੀ ਦਾ ਨਿਤਨੇਮ ਵੀ ਕਰੀਂ ਜਾਂਦੇ ਸਨ। ਇਸ ਘਾਲਣਾ ਨਾਲ ਆਪ ਜੀ ਦਾ ਸਰੀਰ ਬੱਜ਼ਰ ਦੀ ਤਰ੍ਹਾਂ ਬਣ ਗਿਆ। ਡੇਢ ਪਹਿਰ ਰਾਤ ਰਹਿੰਦੀ ਤੋਂ ਸਾਰੇ ਲੰਗਰ ਵਿਚ ਝਾੜੂ ਫੇਰਦੇ, ਲੰਗਰ ਦੇ ਬਰਤਨ ਸਾਫ ਕਰਦੇ ਜਲ ਭਰਦੇ। ਸੇਵਾ ਦੇ ਬਾਵਜੂਦ ਵੀ ਖਾਣ ਵਾਸਤੇ ਕੋਈ ਉਚੇਚਾ ਪਦਾਰਥ ਨਹੀਂ ਚਾਹੁੰਦੇ ਸਨ। ਸਾਰਾ ਦਿਨ ਸਦ-ਮਾਰਗ ਦਾ ਉਪਦੇਸ਼ ਕਰਦੇ। ਗੁਰਮਤਿ ਦੇ ਧਾਰਨੀ ਬਨਾਉਦੇ, ਸਾਰਾ ਪਰਵਾਰ ਮਾਤਾ ਜੀ ਦੀ ਆਗਿਆ ਨੂੰ ਪ੍ਰੇਮ, ਸਤਿਕਾਰ ਤੇ ਸ਼ਰਧਾ ਨਾਲ ਧਾਰਨ ਕਰਦਾ। ਮਾਤਾ ਜੀ ਦੀਆਂ ਸਾਰੀਆਂ ਨੂੰਹਾਂ, (ਦੋ ਭਾਈ ਰੂਪ ਚੰਦ ਜੀ ਦੇ ਮਹਿਲ ਅਤੇ ਸੱਤ ਉਨ੍ਹਾਂ ਦੇ ਸਪੁਤਰਾਂ ਦੇ ਮਹਿਲ) ਲੰਗਰ ਤਿਆਰ ਕਰਦੀਆਂ। ਮਾਤਾ ਜੀ ਕੋਲ ਬੈਠ ਕੇ ਜਪੁ ਜੀ ਸਾਹਿਬ ਦਾ ਪਾਠ ਕਰਦੇ ਰਹਿੰਦੇ। ਲੰਗਰ ਵਰਤਾਉਣ ਤੋਂ ਪਹਿਲਾ ਭਾਈ ਰੂਪ ਚੰਦ ਜੀ ਅਰਦਾਸ ਕਰਦੇ, ਕ੍ਰਿਪਾਨ ਭੇਟ ਕਰਕੇ ਗੁਰੂ ਸਮਰਪਣ ਕਰਦੇ। ਇਸ ਤੋਂ ਮਗਰੋਂ ਮਾਤਾ ਸੂਰਤੀ ਜੀ ਨਗਾਰਾ ਬਜਾਉਣ ਦੀ ਆਗਿਆ ਦਿੰਦੇ। ਨਾਲ ਹੀ ਆਵਾਜ਼ ਵੀ ਦਿਤੀ ਜਾਂਦੀ ਕਿ ਭੋਜਨ ਛਕਣ ਵਾਲੀ ਸੰਗਤ ਪੰਗਤ ਵਿਚ ਆਕੇ ਬੈਠ ਜਾਵੇ। ਜਿਸ ਦਿਨ ਜਿਨ੍ਹਾਂ ਜ਼ਿਆਦਾ (ਵੱਡੀ) ਪੰਗਤ ਲੱਗਦੀ ਉਸ ਦਿਨ ਸਾਰਾ ਪਰਵਾਰ ਵੱਧ ਪ੍ਰਸੰਨ ਹੁੰਦਾ। ਮਾਤਾ ਜੀ ਲੰਗਰ ਵਿਚ ਬੈਠਕੇ ਪ੍ਰਸ਼ਾਦ ਵਰਤਾਉਣ ਲਈ ਦੇਈ ਜਾਂਦੇ। ਇਸ ਤਰ੍ਹਾਂ ਮਾਤਾ ਜੀ ਦੀਆਂ ਸਾਰੀਆਂ ਨੂੰਹਾਂ ਲੰਗਰ ਵਿਚ ਤਨ ਮਨ ਨਾਲ ਦਿਨ ਰਾਤ ਸੇਵਾ ਕਰਦੀਆਂ। ਚੱਕੀਆਂ ਨਾਲ ਆਟਾ ਪੀਸਦੀਆਂ, ਬਰਤਨ ਮਾਂਜਦੀਆਂ, ਜਲ ਢੋਂਹਦੀਆਂ, ਪ੍ਰਸ਼ਾਦੇ ਤਿਆਰ ਕਰਦੀਆਂ। ਸੇਵਾ ਵਲੋਂ ਕਦੀ ਵੀ ਆਲਸ ਨਹੀਂ ਸਨ ਕਰਦੀਆਂ। ਸਾਰਾ ਪਰਵਾਰ ਹੀ ਸੇਵਾ ਵਾਸਤੇ ਇਕ ਦੂਸਰੇ ਤੋਂ ਪਹਿਲ ਕਰਦਾ ਸੀ। ਇਸ ਤਰ੍ਹਾਂ ਸਾਰਾ ਪਰਵਾਰ ਮਾਤਾ ਸੂਰਤੀ ਜੀ ਦੀ ਆਗਿਆ ਵਿਚ ਰਾਤ ਦਿਨ ਲੱਗਾ ਰਹਿੰਦਾ। ਭਾਈ ਸੁੱਧੂ ਜੀ ਕੇਵਲ ਸਿਮਰਨ ਕਰਦੇ ਹੋਏ ਪਰਵਾਰ ਦੀ ਸੇਵਾ

ਭਾਵਨਾ ਨੂੰ ਵੇਖ-ਵੇਖ ਕੇ ਪ੍ਰਸੰਨ ਹੁੰਦੇ ਸਨ। ਖੇਤੀ ਵਿਚੋਂ ਬੇ-ਅੰਤ ਅੰਨ ਪੈਦਾ ਹੁੰਦਾ। ਸਿੱਖੀ ਸੇਵਕੀ ਵਿਚੋਂ ਗੱਡਿਆ ਦੇ ਗੱਡੇ ਅਨਾਜ ਆਉਂਦੇ। ਕਾਰ ਭੇਟਾ ਦਸਵੰਧ ਆਉਦਾ, ਭਾਈ ਰੂਪ ਚੰਦ ਜੀ ਸਭ ਦਾ ਵਖ-ਵਖ ਹਿਸਾਬ ਰਖਦੇ। ਲੰਗਰ ਦਾ ਲੰਗਰ ਵਿਚ ਖਰਚ ਹੁੰਦਾ ਅਤੇ ਗੁਰੂ ਜੀ ਦੀ ਕਾਰ ਭੇਟ ਹਰ ਛੇਮਾਹੀ ਸਤਿਗੁਰੂ ਜੀ ਦੀ ਹਜੂਰੀ ਵਿਚ ਪਹੁੰਚਾਉਂਦੇ। ਇਸ ਤਰ੍ਹਾਂ ਗੁਰਮਤਿ ਦਾ ਪ੍ਰਚਾਰ ਕਰਨਾ, ਸੇਵਾ ਕਰਨੀ, ਨਾਮ ਜਪਣਾ ਅਤੇ ਜਪਾਉਣਾ, ਭਾਈ ਰੂਪ ਚੰਦ ਜੀ ਦੇ ਪਰਵਾਰ ਦਾ ਜੀਵਨ ਲਕਸ਼ ਬਣ ਗਿਆ।

**ਭਾਈ ਰੂਪ ਚੰਦ ਜੀ ਮਾਲਵੇ ਦੇ ਪੂਜਯ:** ਇਸ ਤਰ੍ਹਾਂ ਭਾਈ ਰੂਪ ਚੰਦ ਜੀ ਦੀ ਸੇਵਾ ਪ੍ਰੇਮ ਭਾਵਨਾ ਵੇਖਕੇ ਸਤਿਗੁਰੂ ਛੇਵੇਂ ਪਾਤਸ਼ਾਹ ਨੇ ਸ੍ਵਯੰ ਆਸਨ ਵਿਛਾਕੇ ਆਪਣੇ ਪਾਵਨ ਕਰ ਕਮਲਾ ਨਾਲ ਭਾਈ ਜੀ ਨੂੰ ਉਪਰ ਬੈਠਾ ਕੇ ਪੂਰੇ ਮਾਲਵੇ ਦੇਸ ਦੇ ਪੂਜਯ ਬਣਾ ਦਿਤਾ ਅਤੇ ਸੰਗਤ ਨੂੰ ਇਥੋਂ ਤੱਕ ਫੁਰਮਾ ਦਿਤਾ ਕਿ ਭਾਈ ਰੂਪ ਚੰਦ ਜੀ ਅਸਾਡਾ ਰੂਪ ਹਨ। ਜੋ ਇਨ੍ਹਾਂ ਦੀ ਆਗਿਆ ਮੰਨੇਗਾ ਉਹ ਲੋਕ ਸੁਖੀ ਪਰਲੋਕ ਸੁਹੇਲੇ ਦਾ ਅਧਿਕਾਰੀ ਬਣੇਗਾ ਅਤੇ ਸਤਿਗੁਰੂ ਨਾਨਕ ਦੇਵ ਜੀ ਉਸ ਦੀ ਸ੍ਵਯੰ ਰੱਖਿਆ ਕਰਨਗੇ।

ਭਾਈ ਜੀ ਨੂੰ ਵੀ ਸਤਿਗੁਰੂ ਜੀ ਨੇ ਬ੍ਰਹਮ ਵਿਦਿਆ ਦਾ ਭੰਡਾਰ ਬਖਸ਼ ਕੇ ਬ੍ਰਹਮ ਸ਼੍ਰੋਤ੍ਰੀਯ, ਬ੍ਰਹਮ ਨਿਸ਼ਠ ਬ੍ਰਹਮ ਗਿਆਨ, ਗੁਰਸਿੱਖੀ ਗੁਰ ਭਗਤੀ ਦਾ ਤਤ੍ਵ ਗਿਆਨੀ ਬਣਾ ਦਿਤਾ। ਅੰਤ੍ਰਜ਼ਾਮਤਾ, ਰਿਧੀ-ਸਿਧੀ ਸਭ ਫੁਰਨ ਲੱਗੀ। ਰਾਜੇ-ਮਹਾਰਾਜੇ, ਗਰੀਬ-ਅਮੀਰ ਸਭ ਚਰਨੀ ਪੈਣ ਲੱਗੇ। ਮਾਲਵੇ ਵਿਚ ਗੁਰਮਤਿ ਬ੍ਰਹਮ ਵਿਦਿਆ ਦੀ ਸਰਸ੍ਵਤੀ ਵਹਿ ਤੁਰੀ, ਨਿੱਤ ਹੀ ਹਜ਼ਾਰਾਂ ਲੋਕ ਗੁਰਮਤਿ ਦੇ ਧਾਰਨੀ ਬਣਦੇ। ਮਾਲਵਾ ਗੁਰੂ ਕਾ ਮਾਲਵਾ ਬਣ ਕੇ ਧਰਮ ਭੂਮੀ ਬਣ ਗਿਆ। ਜਨ ਸਧਾਰਨ ਸਿੱਖੀ ਦੇ ਧਾਰਨੀ ਬਣ ਕੇ ਦੇਵਤਿਆਂ ਦੀ ਤਰ੍ਹਾਂ ਧਰਮ ਕਿਰਤ ਕਰਨ ਲੱਗੇ। ਸਮੂਹ ਵਿਅਸਨਾਂ ਦੇ ਤਿਆਗੀ ਬਣ ਗਏ, ਨਾਮ ਜਪਣ ਲਗੇ, ਬਾਣੀ ਦੇ ਨਿੱਤਨੇਮੀ ਬਣ ਗਏ, ਗਮੀ ਸ਼ਾਦੀ ਸਭ ਗੁਰਮਰਯਾਦਾ ਅਨੁਸਾਰ ਕਰਨ ਲੱਗੇ। ਇਸ ਤਰ੍ਹਾਂ ਸਤਿਗੁਰੂ ਛੇਵੇਂ ਪਾਤਸ਼ਾਹ ਦੀ ਨਦਰ ਨਿਹਾਲਤਾ ਅਤੇ ਭਾਈ ਜੀ ਦੀ ਪਰਮ ਕਰਨੀ, ਘਾਲਣਾ ਦੇ ਕਾਰਣ ਮਾਲਵਾ ਸਿੱਖੀ ਦਾ ਕੇਂਦਰ ਬਣ ਗਿਆ। ਗੁਰਸਿਖੀ ਦਾ ਮਾਲਵੇ ਵਿਚ ਦੂਰ-ਦੂਰ ਵਿਸਤਾਰ ਹੋ ਗਿਆ ਸੀ। ਭਾਈ ਜੀ ਹਰ ਵਰਸ਼ ਗੁਰਮਤਿ ਪ੍ਰਚਾਰ ਵਾਸਤੇ ਮਾਲਵੇ ਵਿਚ ਦੌਰਾ ਕਰਿਆ ਕਰਦੇ ਸਨ। ਸਿੱਖ-ਸੇਵਕ, ਪ੍ਰਚਾਰਕ, ਰਾਗੀ, ਪੁੱਤਰ, ਪੋਤਰੇ ਨਾਲ ਹੁੰਦੇ ਸਨ। ਇਕ ਪਿੰਡ ਤੋਂ ਦੂਸਰੇ ਪਿੰਡ ਉਪਦੇਸ਼ ਕਰਦੇ ਹੋਏ ਜਨ ਸਧਾਰਨ ਨੂੰ ਸਿੱਖੀ ਵਿਚ ਦ੍ਰਿੜ੍ਹ ਰੱਖਦੇ ਸਨ।

ਸਿੱਖੀ ਪ੍ਰਚਾਰ ਤੋਂ ਪਹਿਲਾ ਮਾਲਵੇ ਦੇ ਲੋਕ ਭੂਤਾਂ-ਪ੍ਰੇਤਾਂ, ਨਾਥਾ-ਜੋਗੀਆਂ, ਗੁੱਗਾ-ਸਰਵਰ ਅਤੇ ਸੁਲਤਾਨ ਨੂੰ ਮੰਨਣ ਵਾਲੇ ਸਨ ਪਰ ਨਿਸ਼ਕਪਟ, ਨਿਰਛਲ ਸਾਫ ਮਨ ਵਾਲੇ ਸਨ। ਸਿਧੇ-ਸਾਧੇ, ਨਿਰਛਲ ਹੋਣ ਕਰਕੇ ਹੀ ਗੁਰਮਤਿ ਵੱਲ ਪ੍ਰੇਰੇ ਗਏ। ਭਾਈ ਜੀ ਦੇ ਆਚਰਨ, ਨਾਮ-ਤੇਜ, ਆਤਮਿਕ ਪ੍ਰਭਾਵ ਤੇ ਸੇਵਾ ਭਾਵਨਾ ਜਨ ਸਧਾਰਨ ਉਪਰ ਅਸਰ ਪਾਉਂਦੇ ਸਨ। ਇਨ੍ਹਾਂ ਆਦ੍ਰਸ਼ਯਕ ਗੁਣਾਂ ਦੇ ਕਾਰਣ ਗੁਰਸਿੱਖੀ ਵਿਚ ਮਹਾਨ ਵਾਧਾ ਹੋਇਆ। ਅੱਜ ਵੀ ਮਾਲਵੇ ਦੇ ਜਨ ਸਧਾਰਨ ਮਨਾਂ ਵਿਚ ਭਾਈ ਦਾ ਦੀਰਘੁ ਪ੍ਰਭਾਵ ਹੈ। ਹਰ ਕਾਰਜ ਆਰੰਭ ਕਰਨ ਤੋਂ ਪਹਿਲਾ ਭਾਈ ਰੂਪ ਚੰਦ ਜੀ ਦਾ ਨਾਂਉ ਲਿਆ ਜਾਂਦਾ ਹੈ।

**ਗੁਰੂ ਦਰਬਾਰ ਵਿਚ:** ਹਰ ਛਿਮਾਹੀ ਸਤਿਗੁਰੂ ਜੀ ਦੇ ਦਰਸ਼ਨ ਕਰਨੇ ਭਾਈ ਜੀ ਆਪਣੇ ਜੀਵਨ ਦਾ ਮੁਖ ਲਕਸ਼ ਮੰਨਦੇ ਸਨ। ਇਸ ਨਿਯਮ ਅਧੀਨ ਸਤਿਗੁਰੂ ਹਰਿਰਾਏ ਸਾਹਿਬ ਜੀ, ਸਤਿਗੁਰੂ ਹਰਿਕ੍ਰਿਸ਼ਨ ਸਾਹਿਬ

ਜੀ ਦੀ ਸੇਵਾ ਵਿਚ ਕੀਰਤਪੁਰ ਪਹੁੰਚਦੇ ਰਹੇ। ਸਤਿਗੁਰੂ ਤੇਗ ਬਹਾਦਰ ਜੀ ਨਾਲ ਦਿੱਲੀ, ਆਗਰਾ, ਬਨਾਰਸ, ਪ੍ਰਯਾਗ ਰਾਜ, ਪਟਨਾ, ਮੁੰਗੇਰ, ਢਾਕਾ, ਅਸਾਮ ਤੱਕ ਦੀ ਯਾਤ੍ਰਾ ਕੀਤੀ। ਇਸ ਯਾਤਰਾ ਸਮੇਂ ਸਤਿਗੁਰੂ ਜੀ ਨੇ ਖਜ਼ਾਨਚੀ ਦੀ ਸੇਵਾ ਬਖਸ਼ੀ। ਸਤਿਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਿਆਈ ਦੇ ਤਿਲਕ ਸਮੇਂ ਤਾਂ ਆਪ ਬਹੁਤ ਹੀ ਦਿਨ ਪਹਿਲੇ ਸ੍ਰੀ ਅਨੰਦਪੁਰ ਪਹੁੰਚ ਗਏ ਸਨ। ਆਪ ਜੀ ਦਾ ਗੁਰੂ ਘਰ ਵਿਚ ਪਰਮ ਸਤਿਕਾਰ ਸੀ।

**ਭਾਈ ਸੁੱਧੂ ਤਥਾ ਮਾਤਾ ਸੂਰਤੀ ਜੀ ਦਾ ਪ੍ਰਲੋਕ ਗਮਨ:** ਭਾਈ ਸੁੱਧੂ ਤਥਾ ਮਾਤਾ ਸੂਰਤੀ ਜੀ ਸੰਮਤ ੧੭੨੩ ਬਿ. ਵਿਚ ਬ੍ਰਹਮਲੀਨ ਹੋ ਗਏ। ਭਾਈ ਰੂਪ ਚੰਦ ਜੀ ਨੇ ਗੁਰਬਾਣੀ ਦਾ ਪਾਠ ਕਰਨਾ ਆਰੰਭ ਕਰ ਦਿਤਾ। ਸੁਣ ਕੇ ਇਲਾਕੇ ਦੀ ਸੰਗਤ ਵੀ ਇਕੱਤਰ ਹੋ ਗਈ। ਅੰਤਮ ਅਰਦਾਸ ਵਿਚ ਸ਼ਾਮਲ ਹੋਣ ਵਾਸਤੇ ਖਟ ਦਰਸ਼ਨ ਸਾਧੂ ਸਮਾਜ, ਸਿੱਖ ਸੰਗਤਾਂ ਇਕੱਤਰ ਹੋਈਆਂ। ਭਾਈ ਰੂਪੇ ਦੇ ਚਾਰ ਚੁਫੇਰੇ ਸੰਤ-ਮਹੰਤ ਤੇ ਜ਼ਮਾਤਾਂ ਉਤਰੀਆਂ ਸਨ। ਅਖਾੜੇ, ਜ਼ਮਾਤਾਂ, ਊਠ, ਘੋੜੇ, ਸੰਖ, ਘੜਿਆਲ, ਰਣ ਸਿੰਘਿਆਂ ਨੇ ਮਿਲ ਕੇ ਅਦੁਭੁਤ ਵਾਤਾਵਰਨ ਬਣਾਇਆ ਹੋਇਆ ਸੀ। ਇਸ ਸਮੇਂ ਕੀਰਤਪੁਰ ਤੋਂ ਵੀ ਸਤਿਗੁਰੂ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਗੁਰੂ ਕਾ ਪ੍ਰੀਤਿਨਿਧ ਬਣਾ ਕੇ ਭੇਜਿਆ। ਇਲਾਕੇ ਦੀ ਸੰਗਤ ਸੇਵਾ ਵਾਸਤੇ ਤੱਤਪਰ ਹੋਈ। ਦੁੱਧ, ਦਹੀਂ, ਘਿਉ, ਆਟਾ-ਦਾਲ, ਲੂਣ, ਮਿਰਚ ਅਤੇ ਬਸਤਰ ਆਦਿਕ ਬੇ-ਅੰਤ ਸਮਾਨ ਇਲਾਕੇ ਵਿਚੋਂ ਇਕੱਤਰ ਹੋਇਆ। ਮਾਲਵੇ ਦੇ ਮੁਖੀ ਸਿੱਖ ਉਚੇਚੇ ਪੁੱਜੇ ਹੋਏ ਸਨ। ਭਾਈ ਬਹਿਲੋ ਕੇ, ਭਾਈ ਭਗਤੂ ਕੇ, ਜੋਧ ਰਾਏ ਕਾਂਗੜ ਤੋਂ ਪਹੁੰਚੇ ਹੋਏ ਸਨ। ਇਸੀ ਤਰ੍ਹਾਂ ਨਥਾਣਾ, ਭਦੌੜ, ਕੋਠਾ ਗੁਰੂ ਦੇ ਸਿੱਖਾਂ ਨੇ ਦਿਨ ਰਾਤ ਇਕ ਕਰਕੇ ਸੇਵਾ ਕੀਤੀ। ਦੁਸਹਿਰੇ ਤੱਕ ਸਰਬੱਤ ਨੂੰ ਕੜਾਹ ਪ੍ਰਸ਼ਾਦ ਵਰਤਿਆ। ਅੰਤਮ ਦਿਨ ਗੁਰਬਾਣੀ ਦਾ ਪਾਠ ਅਤੇ ਕੀਰਤਨ ਹੋਇਆ। ਅੰਤਮ ਅਰਦਾਸ ਹੋਈ ਅਤੇ ਸਮੂਹ ਪੁੱਜੇ ਸਿੱਖਾਂ ਸੰਤਾਂ ਨੂੰ ਇਕ-ਇਕ ਚਾਦਰ ਭੇਂਟ ਕੀਤੀ ਗਈ।

**ਸਤਿਗੁਰੂ ਹਰਿਰਾਏ ਸਾਹਿਬ ਜੀ:** ਸਤਿਗੁਰੂ ਹਰਿ ਰਾਏ ਸਾਹਿਬ ਜੀ ਨੇ ਮਾਲਵੇ ਦੀ ਸੰਗਤ ਨੂੰ ਦਰਸ਼ਨ ਦੇ ਕੇ ਨਦਰੀ ਨਦਰ ਨਿਹਾਲ ਕੀਤਾ। ਇਸ ਸਮੇਂ ਸਮੂਹ ਮਾਲਵੇ ਦੀ ਸੰਗਤ ਦਰਸ਼ਨ ਕਰਨ ਵਾਸਤੇ ਇਕੱਤਰ ਹੋਈ। ਇਹ ਦੌਰਾ ਭਾਈ ਰੂਪ ਚੰਦ ਜੀ ਦੀ ਪ੍ਰਾਰਥਨਾ ਨਾਲ ਹੀ ਹੋਇਆ ਸੀ। ਇਸ ਸਮੇਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਪੁੱਜੀ ਸੰਗਤ ਚੋਂ ਬਾਘਾ ਪੁਰਾਣਾ, ਸੰਗਤਪੁਰਾ, ਥਰਾਜ, ਗਿੱਲ, ਕੋਠਾ ਗੁਰੂ ਅਤੇ ਨਥਾਣੇ ਆਦਿਕ ਪਿੰਡਾਂ ਦਾ ਗਿਆਨੀ ਗਿਆਨ ਸਿੰਘ ਜੀ ਨੇ ਵਿਸ਼ੇਸ਼ ਜ਼ਿਕਰ ਕੀਤਾ ਹੈ:

ਦੇਸ ਮਾਲਵੇ ਗੁਰ ਕੇ ਸਿੱਖ। ਉਨਕੀ ਸਰਧਾ ਅਧਕੈ ਪਿੱਖ।
ਬਾਘਾ ਪਰਾਣਾ ਸੰਗਤ ਪੁਰਾ। ਪਿੰਡ ਥਰਾਜ ਕੋਠਾ ਗੁਰੁ ਢੁਰਾ।
ਗਿੱਲ ਨਥਾਣਾ ਆਦਿਕ ਨਗ੍ਰ। ਸੁਨ ਜਸ ਇਨੈ ਮਿਲੈ ਆ ਸਗ੍ਰ।
ਜਥਾ ਯੋਗ ਸੇਵਾ ਗੁਰ ਕੇਰੀ। ਹਰ ਇਕੋ ਪਿੰਡੋਂ ਭਈ ਬਧੇਰੀ। (ਇਤਿਹਾਸ ਰਿਆਸਤ ਬਾਗੜੀਆ, ਪੰਨਾ ੫੩)

ਇਸ ਦੌਰੇ ਸਮੇਂ ਸਤਿਗੁਰੂ ਜੀ ਨੇ ਭਾਈ ਰੂਪ ਚੰਦ ਜੀ ਦੀ ਪਰਮ ਪ੍ਰਸ਼ੰਸ਼ਾ ਕੀਤੀ। ਸਿੱਧੂਆਂ ਦੇ ਫੂਲ ਤੇ ਸੰਦਲੀ ਨੂੰ ਰਾਜ ਕਰਨ ਦੇ ਵਰਦਾਨ ਬਖਸ਼ੇ ਅਤੇ ਨਾਲ ਹੀ ਫੂਲ ਦੇ ਨਾਂਉ ਤੇ ਪਿੰਡ ਵਸਾਉਣ ਦੀ ਵੀ ਆਗਿਆ ਕੀਤੀ।

'ਉਸੀ ਸਮੇਂ ਗੁਰੁ-ਦਯਾ ਤੈਂ ਪਿੰਡ ਬਸਾਇਓ ਫੂਲ।

ਸਤ੍ਰਾ ਸੈ ਏਕਾਦਸੈ ਮੋੜੀ ਗਾਡੀ ਝੂਲ। (ਇਤਿਹਾਸ ਰਿਆਸਤ ਬਾਗੜੀਆ,ਪੰਨੇ ੬੨/੬੩)

**ਦਸਮ ਗੁਰੂ ਜੀ ਦਾ ਅਨੰਦ ਕਾਰਜ:** ਕਲਗੀਧਰ ਸ੍ਵਾਮੀ ਦਾ ਪਹਿਲਾ ਵਿਵਾਹ ਗੁਰੂ ਕੇ ਲਾਹੌਰ ਮਾਤਾ ਜੀਤੋ ਜੀ ਨਾਲ ਹੋਇਆ। ਇਸ ਸਮੇਂ ਗੁਰਮਤਿ ਮਰਯਾਦਾ ਅਨੁਸਾਰ ਆਪਣੇ ਅਨੰਦ ਕਾਰਜ ਨੂੰ ਸਪੰਨ ਕਰਨ ਦੀ ਆਗਿਆ ਭਾਈ ਰੂਪ ਚੰਦ ਜੀ ਨੂੰ ਕੀਤੀ। ਆਪ ਛੇਵੇਂ ਸਤਿਗੁਰੂ ਜੀ ਦੇ ਸਤਿਕਾਰੇ ਮਾਨ ਯੋਗ ਵਿਅਕਤੀ ਸਨ। ਗੁਰੂ ਘਰ ਵਿਚ ਆਪ ਜੀ ਦਾ ਮਹਾਨ ਸਤਿਕਾਰ ਸੀ। ਆਗਿਆ ਮੰਨ ਕੇ ਭਾਈ ਰੂਪ ਚੰਦ ਜੀ ਨੇ ਲਾਵਾਂ ਤੇ ਅਨੰਦ ਸਾਹਿਬ ਜੀ ਦੇ ਪਾਠ ਦੁਆਰਾ ਅਨੰਦ ਕਾਰਜ ਦੀ ਰਸਮ ਸਪੰਨ ਕੀਤੀ। ਗਿਆਨੀ ਗਿਆਨ ਸਿੰਘ ਜੀ ਨੇ ਇਸ ਵਾਰਤਾ ਨੂੰ ਵਿਆਖਿਆ ਨਾਲ ਅੰਕਤ ਕੀਤਾ ਹੈ:

ਜਿਸ ਕੋ ਛੀਵੇਂ ਸਤਿਗੁਰੂ ਆਸਨ ਖੁਦ ਦੀਆ।
ਸਮ ਬੇਦੀ ਸੋਢੀਅਨ ਕੇ ਪਦ ਉੱਚਾ ਕੀਆ।
ਇਸ ਹਿਤ ਜੋਗ ਅਨੰਦ ਦੇ ਪੜ੍ਹਾਵਨ ਇਹੈ।
ਮਾਨ ਸਰਬ ਨੇ ਸੰਮਤੀ ਦੀਨੀ ਏ ਤੈ ਹੈ।
ਇਸ ਹਿਤ ਭਾਈ ਰੂਪ ਸਸਿ ਦਸਮੇਂ ਗੁਰ ਕੇਰਾ।
ਗੁਰੂ ਗ੍ਰੰਥ ਗੁਰੁ ਨੇਮ ਕਾ ਮੰਨ ਹੁਕਮ ਉਚੇਰਾ।
ਪੂਰਨ ਗੁਰ ਮ੍ਰਯਾਦ ਸੈਂ ਅਨੰਦ ਪੜ੍ਹਾਇਓ।
ਗੁਰ ਸਿੱਖਨ ਮੈ ਭਾਈ ਕਾ ਜਸ ਘਰ ਘਰ ਮੈ ਛਾਇਓ।
ਤਬ ਤੇ ਗੁਰ ਸਿੰਘਨ ਬਿਖੇ ਮਰਯਾਦਾ ਏਹਾ।
ਦੇਸ ਮਾਲਵੇ ਮੈ ਭਈ ਪਰਵਿਰਤ ਅਛੇਹਾ।
(ਇਤਿਹਾਸ ਰਿਆਸਤ ਬਾਗੜੀਆ, ਪੰਨੇ ੮੧-੮੨)

**ਜੰਗ ਦੇ ਮੈਦਾਨ ਵਿਚ ਵੀ ਲੰਗਰ:** ਗੁਰੂ ਕਲਗੀਧਰ ਜੀ ਦੇ ਸਮੇਂ ਵਿਚ ਜਦੋਂ-ਜਦੋਂ ਵੀ ਅਨੰਦਪੁਰ ਘਮਸਾਨ ਦੀ ਜੰਗ ਲੱਗਦੀ ਭਾਈ ਰੂਪ ਚੰਦ ਜੀ ਦੇ ਪੁੱਤਰ ਪੋਤਰੇ ਮੋਰਚੇ ਉੱਤੇ ਹਾਜ਼ਰ ਹੁੰਦੇ ਪਰ ਸਤਿਗੁਰੂ ਜੀ ਸਮਰ ਭੂਮੀ ਦੀ ਵਜਾਏ ਸਿੱਖ-ਸੈਨਾ ਦੇ ਲੰਗਰ ਦਾ ਪ੍ਰਬੰਧ ਸੰਭਾਲ ਦੇ। ਇਹ ਸਦੀਵੀ ਸੇਵਾ ਛੇਵੇਂ ਸਤਿਗੁਰੂ ਜੀ ਨੇ ਬਖਸ਼ੀ ਸੀ ਜਿਸਨੂੰ ਭਾਈ ਜੀ ਦੇ ਵੰਸਜ਼ ਪਰੰਪਰਾ ਤੋਂ ਪ੍ਰੇਮ ਨਾਲ ਨਿਭਾਉਂਦੇ ਆ ਰਹੇ ਸਨ। ਦਸਮ ਗੁਰੂ ਜੀ ਨੇ ਵੀ ਇਸੀ ਉਦੇਸ਼ ਨੂੰ ਮੁਖ ਰੱਖਕੇ ਤੇਗ ਦੀ ਵਜਾਏ ਦੇਗ ਦੀ ਸੇਵਾ ਕਰਨ ਦੀ ਆਗਿਆ ਕੀਤੀ ਗੁਰੂ ਘਰ ਵਿਚ ਕੇਵਲ ਇਹ ਘਰਾਣਾ ਦੇਗ ਦਾ ਧਨੀ ਸੀ। ਆਗਿਆ ਅਨੁਸਾਰ ਭਾਈ ਧਰਮ ਚੰਦ ਭਾਈ ਦਿਆਲ ਚੰਦ ਆਦਿਕ ਨੇ ਲੰਗਰ ਦੀ ਸੇਵਾ ਉਤਸ਼ਾਹ ਨਾਲ ਸੰਭਾਲ ਲਈ। ਜਿਥੇ-ਜਿਥੇ ਵੀ ਸਿੰਘ ਮੋਰਚਿਆਂ ਵਿਚ ਲੜਦੇ ਸਨ, ਭਾਈ ਕੇ ਉਥੇ-ਉਥੇ ਹੀ ਜਲ-ਪਾਣੀ, ਲੰਗਰ, ਦਾਰੂ-ਸਿੱਕਾ, ਮਲ੍ਹਮ-ਪੱਟੀ, ਸ਼ਸਤ੍ਰ-ਬਸਤ੍ਰ ਸਭ ਵਸਤੂਆਂ ਪਹੁੰਚਾਉਂਦੇ ਸਨ।

# ਸਾਰ

ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਦਾ ਸਿੱਖ ਇਤਿਹਾਸ ਵਿਚ ਉਲੇਖਯੋਗ ਸਥਾਨ ਹੈ। ਉਨ੍ਹਾਂ ਦੀਆਂ ਰਚਨਾਵਾਂ ਦਾ ਵਿਸ਼ਾ ਵਿਸ਼ੇਸ਼ ਕਰਕੇ ਨਿਰਮਲ ਸੰਪ੍ਰਦਾਇ ਦਾ ਇਤਿਹਾਸ ਰਿਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਸੰਤਾਂ ਮਹਾਂਪੁਰਖਾਂ ਦੇ ਜੀਵਨ ਅਤੇ ਮਾਲਵੇ ਦੇ ਗੁਰਦੁਆਰਿਆਂ ਦਾ ਇਤਿਹਾਸ ਅੰਕਿਤ ਕੀਤਾ। ਆਪ ਨੇ ਆਪਣੀਆਂ ਰਚਨਾਵਾਂ ਰਾਹੀਂ ਸਿੱਖ ਚਿੰਤਨ ਅਤੇ ਗੁਰਬਾਣੀ ਵਿਆਖਿਆਕਾਰੀ ਵਿਚ ਵੀ ਯੋਗਦਾਨ ਪਾਇਆ। ਗਿਆਨੀ ਜੀ ਸਿੱਖ ਜਗਤ ਵਿਚ ਨਿਰਮਲੇ ਵਿਦਵਾਨ ਕਰਕੇ ਜਾਣੇ ਜਾਂਦੇ ਹਨ। ਉਹ ਜੀਵਨ ਭਰ ਨਿਸ਼ਕਾਮ ਸਾਹਿਤਕ ਸੇਵਾ ਕਰਦੇ ਰਹੇ। ਨਿਰਮਲੇ ਵਿਦਵਾਨ ਹੋਣ ਕਰਕੇ ਆਪ ਨੂੰ ਨਿਰਮਲ ਸੰਪ੍ਰਦਾਇ ਬਾਰੇ ਵਿਸ਼ਾਲ ਗਿਆਨ ਸੀ ਜਿਸ ਦਾ ਨਤੀਜਾ ਉਨ੍ਹਾਂ ਦੀ ਪ੍ਰਸਿੱਧ ਰਚਨਾ *ਸ੍ਰੀ ਨਿਰਮਲ ਪੰਥ ਬੋਧ* ਹੈ ਜਿਸ ਨੂੰ ਨਿਮਰਲ ਪੰਥ ਦਾ ਕੋਸ਼ ਆਖ ਦਿਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਗਿਆਨੀ ਜੀ ਨੇ ਮੁੱਢਲੇ ਅਤੇ ਸਹਾਇਕ ਸ੍ਰੋਤਾਂ ਦੇ ਅਧਾਰ 'ਤੇ ਸਿੱਖ ਪਰੰਪਰਾ ਅਤੇ ਰਵਾਇਤਾਂ ਨਾਲ ਜੁੜੇ ਰਹਿ ਕੇ ਸਿੱਖ ਇਤਿਹਾਸ ਬਾਰੇ ਵਡਮੁੱਲੀ ਜਾਣਕਾਰੀ ਮੁਹੱਈਆ ਕਰਵਾਈ।

ਹਥਲੇ ਖੋਜ ਕਾਰਜ ਵਿਚ ਗਿਆਨੀ ਬਲਵੰਤ ਸਿੰਘ ਜੀ ਦੁਆਰਾ ਸਿੱਖ ਸਾਹਿਤ ਵਿਚ ਪਾਏ ਯੋਗਦਾਨ ਨੂੰ ਬਿਆਨਣ ਲਈ ਖੋਜ ਕਾਰਜ ਨੂੰ ਚਾਰ ਅਧਿਆਇਆਂ ਵਿਚ ਵੰਡਿਆਂ ਗਿਆ ਹੈ। ਪਹਿਲਾਂ ਅਧਿਆਇ *ਗਿਆਨੀ ਬਲਵੰਤ ਸਿੰਘ ਕੋਠਾ ਗੁਰੂ: ਜੀਵਨ ਤੇ ਸ਼ਖ਼ਸੀਅਤ* ਹੈ ਜਿਸ ਵਿਚ ਗਿਆਨੀ ਜੀ ਦੇ ਵੰਸ਼ ਪਿਛੋਕੜ, ਜਨਮ ਤੇ ਮਾਤਾ-ਪਿਤਾ, ਵਿਦਿਆ, ਪਰਿਵਾਰ, ਮਾਨ-ਸਨਮਾਨ, ਸੇਵਾਵਾਂ ਤੇ ਅਹੁਦੇ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਚਾਨਣਾ ਪਾਇਆ ਗਿਆ ਹੈ। ਗਿਆਨੀ ਜੀ ਇਤਿਹਾਸਕ ਵੰਸ਼ ਨਾਲ ਸੰਬੰਧਿਤ ਸਨ। ਉਨ੍ਹਾਂ ਦੇ ਪੁਰਖੇ ਮਾਨ ਗੋਤ ਦੇ ਇਕ ਬਜ਼ੁਰਗ 'ਬਾਬਾ ਖੁਮਾਰੀ' ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਸਨ ਅਤੇ ਸਿੱਖੀ ਧਾਰਨ ਕੀਤੀ। ਗਿਆਨੀ ਜੀ ਬਾਬਾ ਖੁਮਾਰੀ ਦੀ ਗਿਆਰ੍ਹਵੀ ਪੀੜ੍ਹੀ ਸਨ।

ਆਪ ਰਸਮੀ ਸਿੱਖਿਆ ਪਖੋਂ ਲਗਭਗ ਕੋਰੇ ਹੀ ਰਹੇ। ਉਨ੍ਹਾਂ ਨੇ ਉਦਾਸੀ ਅਤੇ ਨਿਰਮਲੇ ਸੰਤਾਂ ਦੇ ਡੇਰਿਆਂ ਵਿਚੋਂ ਵਿਦਿਆ ਪ੍ਰਾਪਤ ਕੀਤੀ। ਉਹ ਹਿੰਦੀ, ਸੰਸਕ੍ਰਿਤ, ਗੁਰਮੁਖੀ ਅਤੇ ਬ੍ਰਜ ਭਾਸ਼ਾ ਦੇ ਗਿਆਤਾ ਸਨ। ਗਿਆਨੀ ਜੀ ਨੇ ਗੁਰਮਤਿ ਪ੍ਰਚਾਰ ਵਿਚ ਵੀ ਯੋਗਦਾਨ ਪਾਇਆ। ਆਪ ਗੁਰਮਤਿ ਪ੍ਰਚਾਰ ਲਈ ਵੱਖ-ਵੱਖ ਡੇਰਿਆਂ ਵਿਚ ਵਿਸ਼ੇਸ਼ ਪਰਵਾਂ 'ਤੇ ਕਥਾ ਕਰਨ ਜਾਂਦੇ। ਗਿਆਨੀ ਜੀ ਦੇ ਜੀਵਨ ਤੇ ਸ਼ਖ਼ਸੀਅਤ ਦੇ ਅਧਿਐਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦਾ ਜੀਵਨ ਜਿਥੇ ਸਾਹਿਤਕ ਸੇਵਾ ਨੂੰ ਸਮਰਪਿਤ ਸੀ ਉਥੇ ਉਹ ਆਪਣੇ ਸਰਪੰਚੀ ਦੇ ਕਾਰਜਕਾਲ ਦੌਰਾਨ ਸਮਾਜਿਕ ਸੇਵਾ ਵੀ ਕਰਦੇ ਰਹੇ। ਉਹ ਨਿਮਰ ਸੁਭਾਅ ਵਾਲੇ ਸਾਧੂ ਵਿਦਵਾਨ ਸਨ। ਉਨ੍ਹਾਂ ਦੀ ਰਹਿਣੀ-ਬਹਿਣੀ ਗੁਰਮਤਿ ਅਨੁਸਾਰੀ ਸੀ। ਗਿਆਨੀ ਜੀ ਦੇ ਜੀਵਨ ਦਾ ਉਦੇਸ਼ ਸਿੱਖ ਪੰਥ ਦੀ ਸੇਵਾ ਕਰਨਾ ਸੀ। ਨਿਰਮਲ ਸੰਪ੍ਰਦਾਇ ਦਾ ਇਤਿਹਾਸ ਲਿਖਣ ਪਿਛੇ ਕਈ ਵਰ੍ਹਿਆਂ ਦੀ ਅਣਥੱਕ ਮਿਹਨਤ ਅਤੇ ਨਿਸ਼ਕਾਮ ਘਾਲ ਦੀ ਭਾਵਨਾ ਕ੍ਰਿਆਸ਼ੀਲ ਸੀ। ਇਸ ਘਾਲ ਪਿਛੇ ਨਿਸ਼ਕਾਮ ਸਿੱਖੀ ਹਿਰਦਾ ਧੜਕ ਰਿਹਾ ਸੀ। ਉਨ੍ਹਾਂ ਨੂੰ ਨਾ ਨਾਮਣਾ ਖੱਟਣ ਦੀ ਲੋਚਾ ਸੀ ਅਤੇ ਨਾ

ਹੀ ਮਾਇਕ ਪ੍ਰਾਪਤੀ ਦੀ ਲਾਲਸਾ ਸੀ। ਸਾਹਿਤਕ ਕਾਰਜ ਦੌਰਾਨ ਆਈਆਂ ਔਕੜਾਂ ਦਾ ਸਾਹਮਣਾ ਦ੍ਰਿੜ੍ਹਤਾ ਨਾਲ ਕਰਦੇ ਹੋਏ ਸਾਹਿਤਕ ਕਾਰਜਾਂ ਵਿਚ ਜੁਟੇ ਰਹੇ।

ਗਿਆਨੀ ਜੀ ਨੂੰ ਉਨ੍ਹਾਂ ਦੁਆਰਾ ਕੀਤੇ ਸਾਹਿਤਕ ਕਾਰਜਾਂ ਲਈ ਅਨੇਕਾਂ ਸਨਮਾਨ ਵੀ ਪ੍ਰਾਪਤ ਹੋਏ ਜਿਵੇਂ ਪੰਜਾਬੀ ਯੂਨੀਵਰਸਿਟੀ ਦੀ ਸਿਲਵਰ ਜੁਬਲੀ ਅਤੇ ਪੰਜਾਬੀ ਕਾਨਫਰੰਸ ਸਮੇਂ 30 ਅਪ੍ਰੈਲ 2012 ਈ. ਨੂੰ ਟਕਸਾਲੀ ਵਿਦਵਾਨ ਦਾ ਖਿਤਾਬ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਵਲੋਂ ਪ੍ਰਸੰਸਾ ਪੱਤਰ ਅਤੇ ਪੰਜ ਲੱਖ ਰੁਪਏ ਦਾ ਨਗਦ ਇਨਾਮ ਦਿੱਤਾ ਗਿਆ। ਇਸ ਤੋਂ ਇਲਾਵਾ ਗਿਆਨੀ ਜੀ ਨੂੰ ਸਾਹਿਤਕ, ਸੱਭਿਆਚਾਰਕ ਅਤੇ ਧਾਰਮਿਕ ਸੰਸਥਾਵਾਂ ਵਲੋਂ ਵੱਖ-ਵੱਖ ਸਮਿਆਂ ’ਤੇ ਸਨਮਾਨਿਤ ਕੀਤਾ ਗਿਆ।

ਗਿਆਨੀ ਜੀ ਆਪਣੇ ਜੀਵਨ ਕਾਲ ਦੌਰਾਨ ਵੱਖ-ਵੱਖ ਅਹੁਦਿਆਂ ’ਤੇ ਨਿਸ਼ਕਾਮ ਸੇਵਾਵਾਂ ਨਿਭਾਉਂਦੇ ਰਹੇ ਜਿਵੇਂ ਮਾਲਵਾ ਚੱਕਰਵਰਤੀ ਖਾਲਸਾ ਦੀਵਾਨ ਬਿੰਡ੍ਹੂਕੇ (ਅਮਰਗੜ੍ਹ) ਦੇ ਪ੍ਰਧਾਨ, ਮਾਲਵਾ ਇਤਿਹਾਸ ਖੋਜ ਕੇਂਦਰ ਬਠਿੰਡਾ ਦੇ ਪ੍ਰਧਾਨ, ਪੰਚ ਖਾਲਸਾ ਦੀਵਾਨ ਪੰਚ ਖੰਡ ਦੇ ਮੀਤ ਸਕੱਤਰ ਅਤੇ ਨਿਰਮਲ ਮਹਾਂ ਮੰਡਲ ਦੇ ਜਨਰਲ ਸਕੱਤਰ ਅਤੇ ਮੀਤ ਪ੍ਰਧਾਨ ਰਹੇ। ਇਸ ਤੋਂ ਇਲਾਵਾ ਇਸ ਅਧਿਆਇ ਵਿਚ ਗਿਆਨੀ ਜੀ ਲਈ ਉਨ੍ਹਾਂ ਦੇ ਸਮਕਾਲੀ ਵਿਦਵਾਨਾਂ ਦੇ ਵਿਚਾਰ ਅਤੇ ਵੱਖ-ਵੱਖ ਵਿਦਵਾਨਾਂ ਵਲੋਂ ਉਨ੍ਹਾਂ ਨੂੰ ਲਿਖੇ ਚਿੱਠੀ ਪੱਤਰ ਪੇਸ਼ ਕੀਤੇ ਗਏ ਹਨ।

ਦੂਜੇ ਅਧਿਆਇ *ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ) ਦਾ ਰਚਨਾ ਸੰਸਾਰ: ਵਰਗੀਕਰਨ ਤੇ ਸਰਵੇਖਣ* ਹੈ ਜਿਸ ਵਿਚ ਗਿਆਨੀ ਜੀ ਦੀਆਂ ਪ੍ਰਕਾਸ਼ਿਤ, ਅਪ੍ਰਕਾਸ਼ਿਤ, ਲੇਖ ਸੰਗ੍ਰਹਿ, ਸੰਪਾਦਿਤ ਰਚਨਾਵਾਂ ਅਤੇ ਵੱਖ-ਵੱਖ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਛਪੇ ਲੇਖਾਂ ਦੀ ਸੂਚੀ ਦਿੱਤੀ ਗਈ ਹੈ। ਉਨ੍ਹਾਂ ਨੇ ਲਗਭਗ 18 ਪੁਸਤਕਾਂ, 12 ਕਿਤਾਬਚਿਆਂ ਦੀ ਰਚਨਾ ਕੀਤੀ। ਉਨ੍ਹਾਂ 13 ਦੇ ਕਰੀਬ ਅਪ੍ਰਕਾਸ਼ਿਤ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਉਨ੍ਹਾਂ ਨੇ ਲਗਭਗ 7 ਦੁਰਲੱਭ ਗ੍ਰੰਥਾਂ ਨੂੰ ਸੰਪਾਦਿਤ ਕੀਤਾ ਹੈ। ਵੱਖ-ਵੱਖ ਅਖ਼ਬਾਰਾਂ, ਮੈਗਜ਼ੀਨਾਂ ਅਤੇ ਪੁਸਤਕਾਂ ਵਿਚ ਛਪੇ ਲੇਖਾਂ ਦੀ ਗਿਣਤੀ 50 ਦੇ ਕਰੀਬ ਹੈ। ਉਨ੍ਹਾਂ ਦੀਆਂ ਰਚਨਾਵਾਂ ਦਾ ਵਰਗੀਕਰਨ ਕਰਨ ਉਪਰੰਤ ਪ੍ਰਕਾਸ਼ਿਤ ਪੁਸਤਕਾਂ ਅਤੇ ਕਿਤਾਬਚਿਆਂ ਦਾ ਸਰਵੇਖਣ ਕੀਤਾ ਗਿਆ ਹੈ। ਇਸ ਅਧਿਆਇ ਵਿਚ ਗਿਆਨੀ ਜੀ ਦੀਆਂ ਰਚਨਾਵਾਂ ਵਿਚਲੇ ਤੱਥਾਂ ’ਤੇ ਘਟਨਾਵਾਂ ਨੂੰ ਪੇਸ਼ ਕੀਤਾ ਗਿਆ ਹੈ ਜਿਸ ਵਿਚੋਂ ਨਿਰਮਲ ਸੰਪ੍ਰਦਾਇ, ਸੰਤ ਅਤਰ ਸਿੰਘ ਜੀ ਦੇ ਜੀਵਨ, ਸ੍ਰੀ ਦਮਦਮਾ ਸਾਹਿਬ, ਪਿੰਡ ਕੋਠਾ ਗੁਰੂ ਦੇ ਇਤਿਹਾਸ ਬਾਰੇ ਅਹਿਮ ਜਾਣਕਾਰੀ ਮਿਲਦੀ ਹੈ।

ਗਿਆਨੀ ਜੀ ਦੁਆਰਾ ਰਚੇ ਸਾਹਿਤ ਦੀ ਲੰਮੀ ਸੂਚੀ ਇਹ ਸਪਸ਼ਟ ਕਰ ਦਿੰਦੀ ਹੈ ਕਿ ਉਨ੍ਹਾਂ ਨੇ ਦਰਸ਼ਨ, ਧਰਮ, ਇਤਿਹਾਸ, ਵੇਦਾਂਤ, ਸਾਹਿਤ, ਕਾਵਿ ਅਤੇ ਗੁਰਬਾਣੀ ਦਾ ਡੂੰਘਾ ਅਧਿਐਨ ਕੀਤਾ। ਗਿਆਨੀ ਜੀ ਇਕ ਇਤਿਹਾਸਕਾਰ, ਦਾਰਸ਼ਨਿਕ, ਵਿਆਖਿਆਕਾਰ, ਕਵੀ ਅਤੇ ਸੁਘੜ ਸੰਪਾਦਕ ਸਨ। ਗਿਆਨੀ ਜੀ ਦੀਆਂ ਰਚਨਾਵਾਂ ਕਿੰਤੂ-ਮੁਕਤ ਸਿੱਖ ਸਾਹਿਤ ਵਿਚ ਸ਼ਾਲਾਘਾਯੋਗ ਵਾਧਾ ਕਰਦੀਆਂ ਹਨ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਸਿੱਖ ਇਤਿਹਾਸਕਾਰੀ, ਵਿਆਖਿਆਕਾਰੀ ਅਤੇ ਦਾਰਸ਼ਨਿਕ ਖੇਤਰ ਵਿਚ ਵਡਮੁੱਲਾ ਯੋਗਦਾਨ

ਪਾਇਆ। ਆਪਣੀਆਂ ਸਿਰਜਣਾਵਾਂ ਰਾਹੀਂ ਜਿਥੇ ਸਿੱਖ ਸਾਹਿਤ ਨੂੰ ਅਮੀਰ ਕੀਤਾ ਉਥੇ ਦੁਰਲੱਭ ਗ੍ਰੰਥਾਂ ਦੀ ਸੰਪਾਦਨਾ ਕਰਕੇ ਸਿੱਖ ਸਾਹਿਤ ਨੂੰ ਸੰਭਾਲਿਆ ਵੀ ਹੈ।

ਤੀਜਾ ਅਧਿਆਇ *ਰਚਨਾ-ਵਿਸ਼ਲੇਸ਼ਣ* ਹੈ ਜਿਸ ਵਿਚ ਗਿਆਨੀ ਜੀ ਦੀਆਂ ਰਚਨਾਵਾਂ ਨੂੰ ਵਿਸ਼ੇ ਅਨੁਸਾਰ ਵੰਡ ਕੇ ਉਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਵਿਆਖਿਆਕਾਰੀ ਸਿਰਲੇਖ ਅਧੀਨ ਗਿਆਨੀ ਜੀ ਦੁਆਰਾ ਰਚਿਤ *ਜਪੁ ਜੀ ਸਾਹਿਬ ਸਟੀਕ* ਨੂੰ ਅਧਾਰ ਬਣਾ ਕੇ ਉਨ੍ਹਾਂ ਦੀ ਵਿਆਖਿਆਕਾਰੀ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਕੋਠਾ ਗੁਰੂ ਜੀ, ਪ੍ਰੋ. ਸਾਹਿਬ ਸਿੰਘ ਅਤੇ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੀ ਜਪੁ ਬਾਣੀ ਦੀ ਵਿਆਖਿਆ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਪ੍ਰੋ. ਸਾਹਿਬ ਸਿੰਘ ਅਤੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਜੀ ਦੁਆਰਾ ਕੀਤੀ ਜਪੁ ਬਾਣੀ ਦੀ ਵਿਆਖਿਆ ਵਿਚ ਭਿੰਨਤਾ ਵੇਖਣ ਨੂੰ ਮਿਲਦੀ ਹੈ। ਇਹ ਭਿੰਨਤਾ ਲਗਭਗ ਇਕੀ ਪੰਕਤੀਆਂ ਵਿਚ ਪਾਈ ਗਈ ਹੈ। ਗਿਆਨੀ ਜੀ ਨੇ ਗੁਰਪ੍ਰਸਾਦਿ, ਸੋਚੈ ਸੋਚਿ, ਕਪੜਾ, ਗੁਰਮੁਖਿ, ਈਸਰੁ, ਗੋਰਖ, ਪਾਰਬਤੀ ਮਾਈ, ਨਵਾ ਖੰਡਾ, ਸਿਧ ਪੀਰ, ਦੀਪ ਲੋਅ, ਮਾਰਗ, ਪੰਥ, ਕੇਹਾ, ਚਿਤੁ ਗੁਪਤੁ, ਸੰਜੋਗੁ, ਵਿਜੋਗੁ, ਜੋਰੁ, ਬਾਣੀ, ਸੀਤੋ ਸੀਤਾ ਆਦਿ ਸ਼ਬਦਾਂ ਦੇ ਅਰਥ ਪ੍ਰੋ. ਸਾਹਿਬ ਸਿੰਘ ਨਾਲੋਂ ਵਿਲੱਖਣ ਕੀਤੇ ਹਨ। ਗਿਆਨੀ ਜੀ ਨੇ ਪ੍ਰੋ. ਸਾਹਿਬ ਸਿੰਘ ਵਾਂਗ ਇਕ ਤੁਕ ਦਾ ਇਕ ਹੀ ਅਰਥ ਕੀਤਾ ਹੈ। ਉਹ ਨਿਰਮਲੇ ਅਤੇ ਸੰਪ੍ਰਦਾਈ ਵਿਦਵਾਨਾਂ ਵਾਂਗ ਇਕ ਤੁਕ ਦੇ ਕਈ-ਕਈ ਅਰਥ ਨਹੀਂ ਕਰਦੇ। ਪ੍ਰੋ. ਸਾਹਿਬ ਸਿੰਘ ਅਰਥ ਕਰਦੇ ਸਮੇਂ ਮੂਲ ਪਾਠ ਦੇਣ ਉਪਰੰਤ ਪਦ ਅਰਥ ਅਤੇ ਫਿਰ ਅਰਥ ਦਿੰਦੇ ਹਨ ਪਰ ਗਿਆਨੀ ਜੀ ਨੇ ਪਉੜੀਵਾਰ ਮੂਲ ਪਾਠ ਦੇ ਕੇ ਅਰਥ ਦਿੱਤੇ ਹਨ। ਦੋਨੋਂ ਵਿਦਵਾਨ ਪਦਛੇਦ ਕਰ ਕੇ ਮੂਲ ਪਾਠ ਦਿੰਦੇ ਹਨ। ਉਦਾਸੀ, ਨਿਰਮਲੇ ਤੇ ਸੰਪ੍ਰਦਾਈ ਟੀਕਾਕਾਰ ਬਾਣੀ ਨੂੰ ਪਦ ਛੇਦ ਕਰਕੇ ਲਿਖਣ ਦੇ ਹਾਮੀ ਨਹੀਂ ਸਨ ਪਰ ਗਿਆਨੀ ਜੀ ਨੇ ਆਧੁਨਿਕ ਵਿਦਵਾਨਾਂ ਵਾਂਗ ਪਦ ਛੇਦ ਦੀ ਧਾਰਨਾ ਦੇ ਹਾਮੀ ਹਨ। ਉਨ੍ਹਾਂ ਨੇ ਆਪਣੇ ਟੀਕੇ ਵਿਚ ਪਦ ਛੇਦ ਕਰਕੇ ਪਾਠ ਦਿਤਾ ਹੈ।

ਪ੍ਰੋ. ਸਾਹਿਬ ਸਿੰਘ ਵਿਆਕਰਣ ਨਿਯਮਾਂ ਅਨੁਸਾਰ ਅਰਥ ਦਿੰਦੇ ਹਨ ਪਰ ਗਿਆਨੀ ਜੀ ਦੀ ਟੀਕਾਕਾਰੀ ਵਿਚ ਅਜਿਹਾ ਨਜ਼ਰ ਨਹੀਂ ਆਉਂਦਾ। ਦੋਨਾਂ ਵਿਦਵਾਨਾਂ ਦੀ ਬੋਲੀ ਸਰਲ ਪੰਜਾਬੀ ਹੈ। ਕੋਠਾ ਗੁਰੂ ਜੀ ਬ੍ਰਜ ਭਾਸ਼ਾ ਅਤੇ ਸੰਸਕ੍ਰਿਤ ਦੇ ਵਿਦਵਾਨ ਸਨ ਪਰ ਟੀਕੇ ਵਿਚ ਉਨ੍ਹਾਂ ਨੇ ਪੰਜਾਬੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਕਿਤੇ-ਕਿਤੇ ਹਿੰਦੀ ਭਾਸ਼ਾ ਦੇ ਸ਼ਬਦ ਆਏ ਹਨ ਜਿਨ੍ਹਾਂ ਦੇ ਅਰਥ ਟੀਕੇ ਦੇ ਅਖੀਰ ਵਿਚ ਦਰਜ ਸ਼ਬਦਕੋਸ਼ ਵਿਚ ਦਿਤੇ ਹਨ। ਗਿਆਨੀ ਜੀ ਦੀ ਬੋਲੀ ਸ਼ੈਲੀ ਨਿਰਮਲੇ ਵਿਦਵਾਨਾਂ ਵਾਂਗ ਕਠਿਨ ਤੇ ਗੁੰਝਲਦਾਰ ਨਹੀਂ ਸਗੋਂ ਸਰਲ ਹੈ।

ਗਿਆਨੀ ਜੀ ਦੁਆਰਾ ਕੀਤੇ ਅਰਥ ਗਿ. ਹਰਬੰਸ ਸਿੰਘ ਦੁਆਰਾ ਕੀਤੇ ਅਰਥ ਨਾਲ ਵਧੇਰੇ ਮਿਲਦੇ ਹਨ ਪਰ ਕਈ ਸ਼ਬਦਾਂ ਜਿਵੇਂ ਗੁਰਪ੍ਰਸਾਦਿ, ਕੋ, ਵਡਿਆਈਆਚਾਰ, ਭਾਖਿਆ ਭਾਉ ਅਪਾਰ, ਗੁਣ, ਸਤੁ, ਪੰਥ, ਸਰਮੁ, ਕੇਹਾ, ਚਿਤੁ ਗੁਪਤੁ, ਘਾੜਤ, ਸੀਤੋ ਸੀਤਾ ਆਦਿ ਦੇ ਅਰਥ ਗਿਆਨੀ ਹਰਬੰਸ ਸਿੰਘ ਤੋਂ ਵੱਖਰੇ ਕੀਤੇ ਹਨ। ਗਿਆਨੀ ਹਰਬੰਸ ਸਿੰਘ ਅਰਥ ਕਰਦੇ ਸਮੇਂ ਮੂਲ ਪਾਠ, ਉਚਾਰਨ ਸੇਧ, ਪਦ ਅਰਥ, ਅਰਥ, ਅਰਥ ਭੇਦ ਅਤੇ ਨਿਰਣੈ ਦਿੰਦੇ ਹਨ ਪਰ ਕੋਠਾ ਗੁਰੂ ਜੀ ਨੇ ਸੰਪ੍ਰਦਾਇ ਵਿਦਵਾਨਾਂ ਵਾਂਗ ਮੂਲ ਪਾਠ ਦੇਣ

ਉਪਰੰਤ ਟੀਕਾ ਦਿਤਾ ਹੈ ਅਤੇ ਅਖੀਰ ਵਿਚ ਔਖੇ ਸ਼ਬਦਾਂ ਦੇ ਅਰਥ ਦਸਣ ਲਈ ਸ਼ਬਦ ਕੋਸ਼ ਅੰਕਿਤ ਕੀਤਾ ਹੈ। ਗਿਆਨੀ ਹਰਬੰਸ ਸਿੰਘ ਨੇ ਟੀਕਾ ਤੁਲਨਾਤਮਕ ਅਧਿਐਨ ਦੁਆਰਾ ਪੇਸ਼ ਕੀਤਾ ਹੈ। ਉਹ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਪੇਸ਼ ਕਰਨ ਉਪਰੰਤ ਨਿਰਣੈ ਪੇਸ਼ ਕਰਦੇ ਹਨ ਪਰ ਕੋਠਾ ਗੁਰੂ ਜੀ ਦੀ ਟੀਕਾਕਾਰੀ ਵਿਚ ਅਜਿਹਾ ਵੇਖਣ ਨੂੰ ਨਹੀਂ ਮਿਲਦਾ। ਦੋਨਾਂ ਵਿਦਵਾਨਾਂ ਨੇ ਇਕ ਤੁਕ ਦਾ ਇਕ ਹੀ ਅਰਥ ਕੀਤਾ ਹੈ।

ਗਿਆਨੀ ਜੀ ਦੀ ਟੀਕਾਕਾਰੀ ਪੁਰਾਤਨ ਟੀਕਾਕਾਰਾਂ ਦੇ ਵਧੇਰੇ ਨੇੜੇ ਹੈ ਜਦੋਂ ਕਿ ਦੂਜੇ ਵਿਦਵਾਨਾਂ ਦੀ ਟੀਕਾਕਾਰੀ ਆਧੁਨਿਕ ਹੈ। ਕੋਠਾ ਗੁਰੂ ਜੀ, ਪ੍ਰੋ. ਸਾਹਿਬ ਸਿੰਘ ਅਤੇ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੀ ਵਿਆਖਿਆ ਵਿਚ ਕੁਝ ਸੁਮੇਲਤਾ ਅਤੇ ਵਖਰੇਵਾਂ ਵੇਖਣ ਨੂੰ ਮਿਲਦਾ ਹੈ। ਤਿੰਨੋਂ ਵਿਦਵਾਨਾਂ ਨੇ ਗੁਰਮਤਿ ਆਸ਼ੇ ਅਨੁਸਾਰ ਵਿਆਖਿਆ ਕੀਤੀ ਹੈ। ਇਕ ਤੁਕ ਦਾ ਇਕੋ ਅਰਥ ਕਰਦੇ ਹਨ। ਪ੍ਰੋ. ਸਾਹਿਬ ਸਿੰਘ ਅਤੇ ਗਿ. ਹਰਬੰਸ ਸਿੰਘ ਨੇ ਵਿਆਕਰਣ ਨਿਯਮਾਂ ਅਨੁਸਾਰ ਅਰਥ ਕੀਤੇ ਹਨ ਜਦੋਂ ਕਿ ਗਿਆਨੀ ਜੀ ਨੇ ਸੰਪ੍ਰਦਾਇ ਵਿਦਵਾਨਾਂ ਵਾਂਗ ਅਰਥ ਕੀਤੇ ਹਨ। ਗਿਆਨੀ ਜੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਦੀ ਟੀਕਾਕਾਰੀ ਵਿਚ ਨਿਰਮਲੇ ਵਿਦਵਾਨਾਂ ਵਾਂਗ ਵੇਂਦਾਂਤੀ ਵਿਚਾਰਾਂ ਦਾ ਰੰਗ ਵੇਖਣ ਨੂੰ ਨਹੀਂ ਮਿਲਦਾ। ਗਿਆਨੀ ਜੀ ਨੇ ਆਧੁਨਿਕ ਵਿਦਵਾਨਾਂ ਵਾਂਗ ਮੂਲ ਪਾਠ ਪਦ-ਛੇਦ ਕਰ ਕੇ ਦਿਤਾ ਹੈ। ਗਿਆਨੀ ਜੀ ਸੰਪ੍ਰਦਾਇ ਵਿਦਵਾਨ ਸਨ। ਉਨ੍ਹਾਂ ਦੀ ਟੀਕਾਕਾਰੀ ਪੁਰਾਤਨ ਟੀਕਾਕਾਰਾਂ ਦੇ ਵਧੇਰੇ ਨੇੜੇ ਹੈ ਕਿਉਂਕਿ ਉਨ੍ਹਾਂ ਨੇ ਆਧੁਨਿਕ ਵਿਦਵਾਨਾਂ ਵਾਂਗ ਵਿਆਕਰਣ ਨਿਯਮ, ਨਿਰੁਕਤ, ਵਿਆਖਿਆ ਆਦਿ ਨਹੀਂ ਦਿੰਦੇ ਸਗੋਂ ਮੂਲ ਪਾਠ ਦੇ ਕੇ ਸਰਲ ਟੀਕਾ ਕੀਤਾ ਹੈ। ਉਨ੍ਹਾਂ ਦੁਆਰਾ ਕੀਤੇ ਟੀਕੇ ਦੀ ਸ਼ੈਲੀ ਭਾਈ ਮਨੀ ਸਿੰਘ ਦੇ ਟੀਕੇ ਵਰਗੀ ਜਾਪਦੀ ਹੈ। ਗਿਆਨੀ ਜੀ ਨੇ ਭਾਈ ਮਨੀ ਸਿੰਘ ਵਾਂਗ ਪਉੜੀਵਾਰ ਮੂਲ ਪਾਠ ਦੇ ਕੇ ਸਰਲ, ਸੰਖੇਪ ਟੀਕਾ ਕੀਤਾ ਹੈ। ਇਸ ਤਰ੍ਹਾਂ ਗਿਆਨੀ ਜੀ ਨੇ ਸਰਲ ਰੂਪ ਵਿਚ ਗੁਰੂ ਆਸ਼ੇ ਅਨੁਸਾਰ ਅਰਥ ਦਿਤੇ ਹਨ। ਆਪ ਅਰਥ ਨੂੰ ਸਪੱਸ਼ਟ ਕਰਨ ਲਈ ਕਈ ਥਾਈਂ ਗੁਰਬਾਣੀ ਵਿਚੋਂ ਪ੍ਰਮਾਣ ਵੀ ਦਿੰਦੇ ਹਨ ਜਿਸ ਨੂੰ ਤਾਰਨ ਸਿੰਘ ਨੇ ਸਹਿਜ ਵਿਆਖਿਆ ਦਾ ਨਾਂ ਦਿੱਤਾ ਹੈ। ਗਿਆਨੀ ਜੀ ਕਠਨ ਪਦ ਦਾ ਅਰਥ ਬਰੈਕਟ ਵਿਚ ਦਿੰਦੇ ਹਨ। ਹਰ ਮੂਲ ਪਾਠ ਦੀ ਪੰਕਤੀ ਨਾਲ ਹਿੰਦਸੇ ਦਿਤੇ ਹਨ ਜਿਨ੍ਹਾਂ ਦਾ ਸੰਬੰਧ ਅਰਥ ਨਾਲ ਹੈ। ਇਸ ਨਾਲ ਪਾਠਕ ਨੂੰ ਹਰ ਤੁਕ ਲਭਣ ਵਿਚ ਅਸਾਨੀ ਹੁੰਦੀ ਹੈ। ਗਿਆਨੀ ਜੀ ਨੇ ਸਟੀਕ ਦੇ ਅਖੀਰ ਵਿਚ ਔਖੇ ਸ਼ਬਦਾਂ ਦੇ ਅਰਥ ਦਸਣ ਲਈ ਕੋਸ਼ ਅੰਕਿਤ ਕੀਤਾ ਹੈ ਜਿਸ ਵਿਚ 242 ਦੇ ਕਰੀਬ ਕਠਨ ਸ਼ਬਦਾਂ ਦੇ ਅਰਥ ਦਿੱਤੇ ਹਨ। ਉਨ੍ਹਾਂ ਦੀ ਭਾਸ਼ਾ ਸਰਲ ਪੰਜਾਬੀ ਹੈ ਪਰ ਕਿਤੇ-ਕਿਤੇ ਹਿੰਦੀ ਦੇ ਸ਼ਬਦ ਵੀ ਆਏ ਹਨ।

ਸਿਧਾਂਤਕਾਰੀ ਸਿਰਲੇਖ ਅਧੀਨ ਗਿਆਨੀ ਜੀ ਦੁਆਰਾ ਕੀਤੀ ਸਿੱਖ ਸਿਧਾਂਤਾਂ ਦੀ ਵਿਆਖਿਆ ਨੂੰ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਨੇ ਦਾਰਸ਼ਨਿਕ ਸਿਧਾਂਤਾਂ (ਪਰਮਾਤਮਾ, ਸ੍ਰਿਸ਼ਟੀ, ਮਨੁਖ ਆਦਿ) ਦੀ ਵਿਆਖਿਆ *ਗੁਰਬਾਣੀ-ਵੇਦਾਂਤ ਨਿਰਣੈ* ਪੁਸਤਕ ਵਿਚ ਕੀਤੀ ਹੈ। ਇਸ ਤੋਂ ਇਲਾਵਾ ਧਾਰਮਿਕ ਅਤੇ ਸੰਸਥਾਗਤ ਸਿਧਾਂਤਾਂ ਦੀ ਵਿਆਖਿਆ ਨੂੰ ਵਖ-ਵਖ ਪੁਸਤਕਾਂ ਵਿਚ ਪੇਸ਼ ਕੀਤਾ ਹੈ। ਗਿਆਨੀ ਜੀ ਨੇ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਪਰੰਪਰਾ ਦੇ ਅਧਾਰ ’ਤੇ ਸਿੱਖ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ। ਗਿਆਨੀ ਜੀ ਨੇ ਇਨ੍ਹਾਂ ਸਿਧਾਂਤਾਂ ਦੀ ਤੁਲਨਾਤਮਕ ਵਿਆਖਿਆ ਕਰਕੇ ਹੋਰਨਾਂ ਮਤਾਂ ਨਾਲੋਂ ਸਿੱਖ ਧਰਮ ਨੂੰ

ਨਿਖੇੜਿਆ ਹੈ। ਉਨ੍ਹਾਂ ਦੁਆਰਾ ਕੀਤੀ ਸਿਧਾਂਤਾਂ ਦੀ ਵਿਆਖਿਆ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਹ ਸਿੱਖ ਧਰਮ ਦੇ ਨਿਆਰੇਪਨ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਗਿਆਨੀ ਜੀ ਨੇ ਦਸਿਆ ਹੈ ਕਿ ਬਹੁਤ ਸਾਰੇ ਹਿੰਦੂ ਪ੍ਰਚਾਰਕ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਅੰਗ ਕਹਿ ਕੇ ਪ੍ਰਚਾਰਦੇ ਰਹੇ। ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਦੁਆਰਾ ਕੀਤੀ ਵਿਆਖਿਆ ਵਿਚ ਵੇਦਾਂਤਕ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਗਿਆਨੀ ਜੀ ਨਿਰਮਲੇ ਵਿਦਵਾਨ ਹੋ ਕੇ ਵੀ ਸਿੱਖ ਸਿਧਾਂਤਾਂ ਦੇ ਨਿਆਰੇਪਨ ਨੂੰ ਪੂਰੀ ਦ੍ਰਿੜ੍ਹਤਾ ਨਾਲ ਉਜਾਗਰ ਕਰਦੇ ਨਜ਼ਰ ਆਉਂਦੇ ਹਨ।

ਇਤਿਹਾਸਕਾਰੀ ਸਿਰਲੇਖ ਵਿਚ ਗਿਆਨੀ ਜੀ ਦੁਆਰਾ ਸਿੱਖ ਇਤਿਹਾਸਕਾਰੀ ਵਿਚ ਪਾਏ ਯੋਗਦਾਨ ਬਾਰੇ ਦਸਿਆ ਗਿਆ ਹੈ। ਗਿਆਨੀ ਜੀ ਦੀਆਂ ਇਤਿਹਾਸ ਨਾਲ ਸੰਬੰਧਿਤ 12 ਪੁਸਤਕਾਂ ਮਿਲਦੀਆਂ ਹਨ ਜਿਨ੍ਹਾਂ ਵਿਚ *ਅਦੁੱਤੀ ਸੇਵਕ, ਵਿਦਿਆਸਰ ਦਾ ਵਿਦਿਆਸਾਗਰ, ਅਗਮ ਅਗਾਧ ਪੁਰਖ, ਸੰਤ ਬਾਬਾ ਬਲਵੰਤ ਸਿੰਘ ਧਲੇਰ ਵਾਲੇ, ਸੂਰਬੀਰ ਬਚਨ ਕੇ ਬਲੀ, ਕਲਾਧਾਰੀ ਪੁਰਖ* ਆਦਿ ਜੀਵਨੀਆਂ ਹਨ। ਨਿਰਮਲ ਭੇਖ ਦਾ ਇਤਿਹਾਸ ਸ੍ਰੀ ਨਿਰਮਲ ਪੰਥ ਬੋਧ ਅਤੇ ਨਿਰਮਲ ਪੰਥ ਦੀ ਗੌਰਵ ਗਾਥਾ ਪੁਸਤਕਾਂ ਵਿਚ ਅੰਕਿਤ ਕੀਤਾ ਹੈ। ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਸ੍ਰੀ ਦਮਦਮਾ ਗੁਰੂ ਕੀ ਕਾਸ਼ੀ ਪੁਸਤਕ ਵਿਚ ਅਤੇ ਆਪਣੇ ਜੱਦੀ ਪਿੰਡ ਕੋਠਾ ਗੁਰੂ ਦਾ ਇਤਿਹਾਸ ਕੋਠਾ ਗੁਰੂ ਦੀ ਗੌਰਵ ਗਾਥਾ ਵਿਚ ਲਿਖਿਆ ਹੈ।

ਖੋਜ ਕਾਰਜ ਵਿਚ ਗਿਆਨੀ ਜੀ ਦੀਆਂ ਇਤਿਹਾਸਕ ਰਚਨਾਵਾਂ ਵਿਚੋਂ ਵਿਅਕਤੀਆਂ ਦੇ ਜੀਵਨ, ਘਟਨਾਵਾਂ ਅਤੇ ਹਵਾਲਾ ਗ੍ਰੰਥਾਂ ਬਾਰੇ ਦਸਿਆ ਗਿਆ ਹੈ ਜਿਸ ਤੋਂ ਪਤਾ ਚਲਦਾ ਹੈ ਕਿ ਗਿਆਨੀ ਜੀ ਨੇ ਵਧੇਰੇ ਕਰਕੇ ਜੀਵਨੀਮੂਲਕ ਇਤਿਹਾਸ ਲਿਖਿਆ। ਉਨ੍ਹਾਂ ਨੇ ਲਗਭਗ 498 ਵਿਅਕਤੀਆਂ ਦੇ ਜੀਵਨ ਅੰਕਿਤ ਕੀਤੇ ਹਨ ਜਿਵੇਂ ਸੰਤ ਅਤਰ ਸਿੰਘ ਜੀ ਮਸਤੂਆਣਾ, ਸੰਤ ਬਾਬਾ ਬਲਵੰਤ ਸਿੰਘ ਜੀ ਧਲੇਰ ਵਾਲੇ, ਭਾਈ ਫੁੰਮਣ ਸਿੰਘ ਅਮਰਗੜ੍ਹ, ਜਥੇਦਾਰ ਦਿਆਲ ਸਿੰਘ ਪਰਵਾਨਾ ਆਦਿ। ਇਸ ਤੋਂ ਇਲਾਵਾ ਨਿਰਮਲ ਭੇਖ ਦਾ ਇਤਿਹਾਸ ਅੰਕਿਤ ਕਰਦੇ ਹੋਏ *ਸ੍ਰੀ ਨਿਰਮਲ ਪੰਥ ਬੋਧ* ਵਿਚ ਨਿਰਮਲੇ ਵਿਦਵਾਨਾਂ, ਸ੍ਰੀ ਮਹੰਤਾਂ ਅਤੇ ਵਖ-ਵਖ ਡੇਰਿਆਂ ਅਤੇ ਸੰਪ੍ਰਦਾਵਾਂ ਦੇ ਮੁਖੀਆਂ ਦੇ ਜੀਵਨ ਅੰਕਿਤ ਕੀਤੇ ਹਨ। ਸੰਤਾਂ ਮਹਾਂਪੁਰਖਾਂ ਦੇ ਜੀਵਨ ਲਿਖਦੇ ਸਮੇਂ ਉਹ ਸ਼ਰਧਾ ਤੇ ਸਤਿਕਾਰ ਵਾਲੀ ਸ਼ਬਦਾਵਲੀ ਦਾ ਪ੍ਰਯੋਗ ਕਰਦੇ ਹਨ ਜਿਸ ਦਾ ਅੰਦਾਜ਼ਾ ਉਨ੍ਹਾਂ ਦੁਆਰਾ ਸੰਤਾਂ ਮਹੰਤਾਂ ਦੇ ਨਾਮ ਅੱਗੇ ਲਗਾਏ ਵਿਸ਼ੇਸ਼ਣਾਂ ਤੋਂ ਲਗਾਇਆ ਜਾ ਸਕਦਾ ਹੈ।

ਗਿਆਨੀ ਜੀ ਨੇ ਵਧੇਰੇ ਧਾਰਮਿਕ ਵਿਅਕਤੀਆਂ ਦੇ ਜੀਵਨ ਲਿਖੇ ਹਨ। ਇਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਗਿਆਨੀ ਜੀ ਵਧੇਰੇ ਸਮਾਂ ਸੰਤਾਂ-ਮਹਾਂਪੁਰਖਾਂ ਦੀ ਸੰਗਤ ਵਿਚ ਰਹੇ। ਉਨ੍ਹਾਂ ਨੇ ਵਿਦਿਆ ਵੀ ਨਿਰਮਲੇ ਅਤੇ ਉਦਾਸੀ ਸੰਤਾਂ ਦੇ ਡੇਰਿਆਂ ’ਚੋਂ ਹਾਸਲ ਕੀਤੀ। ਗਿਆਨੀ ਜੀ ਨੇ ਜਿਨ੍ਹਾਂ ਵਿਅਕਤੀਆਂ ਦੇ ਜੀਵਨ ਲਿਖੇ ਹਨ ਉਨ੍ਹਾਂ ਦਾ ਗੁਰਮਤਿ ਪ੍ਰਚਾਰ ਅਤੇ ਵਿਦਿਆ ਪ੍ਰਚਾਰ, ਸਾਹਿਤਕ ਅਤੇ ਸਮਾਜਿਕ ਖੇਤਰ ਵਿਚ ਵਿਸ਼ੇਸ਼ ਯੋਗਦਾਨ ਰਿਹਾ ਹੈ। ਜੀਵਨੀਆਂ ਲਿਖਦੇ ਸਮੇਂ ਗਿਆਨੀ ਜੀ ਵਿਅਕਤੀ ਵਿਸ਼ੇਸ਼ ਨਾਲ ਸੰਬੰਧਿਤ ਜ਼ਿਆਦਾ ਤੋਂ ਜ਼ਿਆਦਾ ਜਾਣਕਾਰੀ ਦੇਣ ਦਾ ਯਤਨ ਕਰਦੇ ਹਨ। ਉਹ ਸੰਬੰਧਿਤ ਵਿਅਕਤੀ ਦੇ ਦੇ ਵੰਸ਼ ਪਿਛੋਕੜ, ਜਨਮ, ਪਿੰਡ ਅਤੇ ਵਿਸ਼ੇਸ਼ ਖੇਤਰ ਵਿਚ ਪਾਏ ਯੋਗਦਾਨ ਬਾਰੇ ਬਿਆਨ ਕਰਦੇ ਹਨ। ਜੀਵਨੀਆਂ

ਲਿਖਣ ਲਈ ਉਨ੍ਹਾਂ ਨੇ ਜਿਥੇ ਆਪਣੇ ਤੋਂ ਪਹਿਲਾਂ ਹੋਏ ਕਾਰਜਾਂ ਨੂੰ ਅਧਾਰ ਬਣਾਇਆ ਉਥੇ ਮੌਖਿਕ ਪਰੰਪਰਾ ਨੂੰ ਵੀ ਅਧਾਰ ਬਣਾਇਆ ਹੈ। ਉਹ ਪਿੰਡ ਦੇ ਬਜ਼ੁਰਗਾਂ, ਡੇਰਿਆਂ 'ਚੋਂ ਜਾਣਕਾਰੀ ਇਕੱਤਰ ਕਰਦੇ ਹਨ। ਉਨ੍ਹਾਂ ਨੂੰ ਮੌਖਿਕ ਪਰੰਪਰਾ ਦਾ ਵਿਸ਼ਾਲ ਗਿਆਨ ਸੀ। ਇਤਿਹਾਸ ਲਿਖਦੇ ਸਮੇਂ ਉਹ ਤਿੱਥਾਂ ਵੀ ਦਿੰਦੇ ਹਨ ਅਤੇ ਕਾਲਕ੍ਰਮ ਦਾ ਖਿਆਲ ਵੀ ਰਖਦੇ ਹਨ ਪਰ ਇਤਿਹਾਸ ਪ੍ਰਤੀ ਗਿਆਨੀ ਜੀ ਦਾ ਦ੍ਰਿਸ਼ਟੀਕੋਣ ਵਧੇਰੇ ਕਰਕੇ ਪਰੰਪਰਾ ਮੂਲਕ ਹੈ। ਗਿਆਨੀ ਜੀ ਦੀ ਸ਼ਬਦਾਵਲੀ ਸਰਲ ਪੰਜਾਬੀ ਹੈ ਪਰ ਸੰਸਕ੍ਰਿਤ, ਹਿੰਦੀ ਅਤੇ ਬ੍ਰਿਜ ਭਾਸ਼ਾ ਦਾ ਅਸਰ ਵੀ ਵੇਖਣ ਨੂੰ ਮਿਲਦਾ ਹੈ। ਅਜਿਹਾ ਹੋਣਾ ਸੁਭਾਵਿਕ ਸੀ ਕਿਉਂਕਿ ਗਿਆਨੀ ਜੀ ਇਨ੍ਹਾਂ ਭਾਸ਼ਾਵਾਂ ਦੇ ਵਿਦਵਾਨ ਸਨ। ਗਿਆਨੀ ਜੀ ਦੁਆਰਾ ਕੀਤਾ ਇਹ ਕਾਰਜ ਜਿਥੇ ਸਿੱਖ ਅਧਿਐਨ ਦੇ ਵਿਦਵਾਨਾਂ ਅਤੇ ਖੋਜਾਰਥੀਆਂ ਲਈ ਸਹਾਇਕ ਸਿੱਧ ਹੋਵੇਗਾ ਉਥੇ ਇਹੋ ਜਿਹੇ ਜੀਵਨੀਮੂਲਕ ਖੋਜ ਕਾਰਜ ਕਰਨ ਲਈ ਪ੍ਰੇਰਨਾ ਸ੍ਰੋਤ ਵੀ ਬਣੇਗਾ।

ਗਿਆਨੀ ਜੀ ਨਿਰਮਲੇ ਵਿਦਵਾਨ ਸਨ ਅਤੇ ਉਨ੍ਹਾਂ ਨੇ ਨਿਰਮਲ ਸੰਪ੍ਰਦਾਇ ਦਾ ਇਤਿਹਾਸ ਲਿਖ ਕੇ ਸਿੱਖ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ। ਗਿਆਨੀ ਜੀ ਤੋਂ ਪਹਿਲਾਂ ਨਿਰਮਲ ਭੇਖ ਦਾ ਇਤਿਹਾਸ ਗਿਆਨੀ ਗਿਆਨ ਸਿੰਘ, ਮਹੰਤ ਗਣੇਸ਼ਾ ਸਿੰਘ ਅਤੇ ਮਹੰਤ ਦਿਆਲ ਸਿੰਘ ਨੇ ਅੰਕਿਤ ਕੀਤਾ ਪਰ ਇਹ ਸਾਹਿਤ ਬਹੁਤ ਦੁਰਲੱਭ ਹੋ ਗਿਆ ਸੀ ਅਤੇ ਇਤਿਹਾਸ ਵਿਚ ਕਈ ਤਬਦੀਲੀਆਂ ਆ ਚੁੱਕੀਆਂ ਸਨ ਜਿਸ ਕਾਰਨ ਗਿਆਨੀ ਜੀ ਨੇ ਇਹ ਗ੍ਰੰਥ ਲਿਖਣ ਦੀ ਲੋੜ ਮਹਿਸੂਸ ਕੀਤੀ। ਗਿਆਨੀ ਜੀ ਨੇ ਨਿਰਮਲ ਭੇਖ ਦਾ ਇਤਿਹਾਸ ਅੰਕਿਤ ਕਰਦੇ ਹੋਏ ਨਿਰਮਲ ਭੇਖ ਦੇ ਆਰੰਭ, ਵਿਕਾਸ, ਉਪ-ਸੰਪ੍ਰਦਾਵਾਂ ਅਤੇ ਡੇਰਿਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ। ਗਿਆਨੀ ਜੀ ਨੇ ਇਨ੍ਹਾਂ ਸੰਪ੍ਰਦਾਵਾਂ ਦਾ ਵਰਗੀਕਰਨ ਕਰ ਕੇ ਤਰਤੀਬ ਵਿਚ ਪੇਸ਼ ਕੀਤਾ ਹੈ ਜਿਵੇਂ ਪਹਿਲਾਂ ਭਾਈ ਦਇਆ ਸਿੰਘ ਅਤੇ ਫਿਰ ਭਾਈ ਧਰਮ ਸਿੰਘ ਨਾਲ ਸੰਬੰਧਿਤ ਸੰਪ੍ਰਦਾਵਾਂ ਬਾਰੇ ਦਸਿਆ ਹੈ। ਗਿਆਨੀ ਜੀ ਤੋਂ ਪਹਿਲੀਆਂ ਲਿਖਤਾਂ ਵਿਚ ਅਜਿਹਾ ਵੇਖਣ ਨੂੰ ਨਹੀਂ ਮਿਲਦਾ। ਮਹੰਤ ਗਣੇਸ਼ਾ ਸਿੰਘ ਨੇ ਨਿਰਮਲ ਭੇਖ ਦੀਆਂ ਸੰਪ੍ਰਦਾਵਾਂ ਦੀ ਗਿਣਤੀ 17 ਅਤੇ ਮਹੰਤ ਦਿਆਲ ਸਿੰਘ ਨੇ 33 ਦਸੀ ਹੈ ਜਦੋਂ ਕਿ ਗਿਆਨੀ ਜੀ ਨੇ ਇਨ੍ਹਾਂ ਦੀ ਗਿਣਤੀ 35 ਦਸੀ ਹੈ। ਉਨ੍ਹਾਂ ਨੇ ਦੋ ਨਵੀਆਂ ਸੰਪ੍ਰਦਾਵਾਂ ਸੰਪ੍ਰਦਾਇ ਮਸਤੂਆਣਾ ਅਤੇ ਸੰਪ੍ਰਦਾਇ ਸੰਤ ਕੋਇਰ ਸਿੰਘ ਨੂੰ ਵੱਖਰੇ ਰੂਪ ਵਿਚ ਮੰਨਿਆ ਹੈ। ਜਦੋਂ ਕਿ ਮਹੰਤ ਦਿਆਲ ਸਿੰਘ ਨੇ ਇਨ੍ਹਾਂ ਸੰਪ੍ਰਦਾਵਾਂ ਨੂੰ ਵੱਖਰੇ ਤੌਰ 'ਤੇ ਪੇਸ਼ ਨਹੀਂ ਕੀਤਾ ਬਲਕਿ ਹੋਰਨਾਂ ਸੰਪ੍ਰਦਾਵਾਂ ਦੇ ਵਿਚ ਹੀ ਇਨ੍ਹਾਂ ਦਾ ਸੰਖੇਪ ਇਤਿਹਾਸ ਅੰਕਿਤ ਕੀਤਾ ਹੈ। ਨਿਰਮਲ ਸੰਪ੍ਰਦਾਇ ਅਤੇ ਡੇਰਿਆਂ ਦਾ ਇਤਿਹਾਸ ਲਿਖਦੇ ਸਮੇਂ ਆਪ ਵਿਅਕਤੀਆਂ ਦੇ ਜੀਵਨ ਨੂੰ ਵਧੇਰੇ ਉਜਾਗਰ ਕਰਦੇ ਹਨ ਉਦਾਹਰਣ ਵਜੋਂ ਕਿਸੇ ਵੀ ਡੇਰੇ ਦੇ ਸੰਸਥਾਪਕ ਦਾ ਜੀਵਨ ਉਨ੍ਹਾਂ ਦੇ ਉਤਰਾਧਿਕਾਰੀਆਂ ਦੇ ਜੀਵਨ ਦਿੰਦੇ ਹਨ।

ਗਿਆਨੀ ਜੀ ਨੇ ਆਪਣੇ ਤੋਂ ਪਹਿਲੇ ਵਿਦਵਾਨਾਂ ਦੁਆਰਾ ਕੀਤੇ ਸਰਵੇਖਣ ਨਾਲੋਂ ਕਈ ਨਵੇਂ ਤੱਥ ਪੇਸ਼ ਕੀਤੇ ਹਨ ਜਿਵੇਂ ਡੇਰਿਆਂ ਦੇ ਪ੍ਰਬੰਧ ਵਿਚ ਹੋਇਆ ਫੇਰਬਦਲ, ਨਵੀਆਂ ਬਣੀਆਂ ਸੰਪ੍ਰਦਾਵਾਂ ਅਤੇ ਡੇਰਿਆਂ ਬਾਰੇ ਜਾਣਕਾਰੀ ਅੰਕਤ ਕੀਤੀ ਹੈ। ਗਿਆਨੀ ਜੀ ਨੇ ਕਈ ਡੇਰਿਆਂ ਦੇ ਪ੍ਰਬੰਧ ਵਿਚ ਆਈ ਤਬਦੀਲੀ ਅਤੇ ਨਵੇਂ ਬਣੇ ਮਹੰਤਾਂ ਦੇ ਜੀਵਨ ਅੰਕਿਤ ਕੀਤੇ ਹਨ। ਇਹ ਡੇਰੇ ਡੇਰਾ ਬਾਬਾ ਖੜਗ ਸਿੰਘ ਵਾਲਾ, ਡੇਰਾ ਬੰਗਾ,

ਡੇਰਾ ਕਰਮਸਰ, ਡੇਰਾ ਸੰਗਤ ਲਾਹੌਰੀ ਟੋਲਾ, ਡੇਰਾ ਗਲੀ ਬਾਗ ਵਾਲੀ ਅੰਮ੍ਰਿਤਸਰ, ਡੇਰਾ ਸ੍ਰੀ ਮੁਕਤਸਰ ਸਾਹਿਬ, ਡੇਰਾ ਨੈਣੇ ਵਾਲਾ, ਡੇਰਾ ਭੋਲੇ ਨਾਰਾਇਣ ਭਗਤਾ ਭਾਈ, ਡੇਰਾ ਪਿੰਡ ਲੋਹਗੜ੍ਹ, ਡੇਰਾ ਪਿੰਡ ਦੌਧਰ, ਡੇਰਾ ਸ੍ਰੀ ਹਰਿਗੋਬਿੰਦਪੁਰ, ਡੇਰਾ ਫਤਿਆਬਾਦ, ਡੇਰਾ ਪਿੰਡ ਸੇਖਵਾਂ, ਡੇਰਾ ਪਿੰਡ ਹਰੀ ਕੇ ਕਲ੍ਹਾਂ, ਡੇਰਾ ਪੰਜ ਗਰਾਂਈ ਕਲਾਂ, ਡੇਰਾ ਰਿਸ਼ੀ ਆਸ਼ਰਮ ਜਗਰਾਉ, ਡੇਰਾ ਭਾਈ ਬਖਤੌਰ, ਡੇਰਾ ਭਾਈ ਦਿਆਲਾ ਜੀ, ਡੇਰਾ ਪਿੰਡ ਜਲਾਲ, ਚੇਤਨ ਮਠ, ਡੇਰਾ ਬਾਬਾ ਦਰਗਾਹਾ ਸਿੰਘ ਕਨਖਲ, ਹਰਿਦਵਾਰ, ਡੇਰਾ ਟੂਟੋ ਮਾਜਰਾ, ਡੇਰਾ ਸਿੰਘ ਪੁਰਾ, ਗੁਰਦੁਆਰਾ ਅਖੰਡ ਪ੍ਰਕਾਸ਼, ਡੇਰਾ ਬਰਨਾਲਾ, ਵੱਡਾ ਡੇਰਾ ਠਾਕੁਰਾਂ, ਡੇਰਾ ਨਗਾਲੀ ਸਾਹਿਬ, ਡੇਰਾ ਸੰਤ ਜੋਗਾ ਸਿੰਘ ਅੰਮ੍ਰਿਤਸਰ, ਡੇਰਾ ਹੰਸਲੀਵਾਲਾ, ਅੰਮ੍ਰਿਤਸਰ, ਡੇਰਾ ਠੀਕਰੀਵਾਲਾ ਪਟਿਆਲਾ, ਡੇਰਾ ਭਜਨਗੜ੍ਹ, ਡੇਰਾ ਬਿਬੇਕਸਰ ਅੰਮ੍ਰਿਤਸਰ, ਡੇਰਾ ਪ੍ਰੇਮਸਰ ਬਾੜੀਆਂ ਕਲ੍ਹਾਂ, ਨਿਰਮਲ ਤਖ਼ਤ ਰਾਮਦਾਸ ਅੰਮ੍ਰਿਤਸਰ, ਡੇਰਾ ਪਿੰਡ ਗੋਲੇਵਾਲਾ ਬਠਿੰਡਾ ਅਤੇ ਡੇਰਾ ਪਿੰਡ ਧੁਲੇਤਾ ਹਨ। ਗਿਆਨੀ ਜੀ ਨੇ ਕਈ ਖਤਮ ਹੋ ਚੁੱਕੇ ਡੇਰਿਆਂ ਬਾਰੇ ਵੀ ਜਾਣਕਾਰੀ ਦਿੱਤੀ ਹੈ ਜਿਵੇਂ ਡੇਰਾ ਦੁਭੇਰਨ, ਡੇਰਾ ਡਰੋਲੀ, ਡੇਰਾ ਕੋਰੇਵਾਲਾ, ਡੇਰਾ ਸਕਰੋਂਦੀ, ਡੇਰਾ ਕਬੇਰ ਵਾਲਾ ਆਦਿ।

ਗਿਆਨੀ ਜੀ ਦੁਆਰਾ ਰਚਿਤ ਗ੍ਰੰਥ*ਸ੍ਰੀ ਨਿਰਮਲ ਪੰਥ ਬੋਧ* ਨਿਰਮਲ ਸੰਪ੍ਰਦਾਇ ਦਾ ਕੋਸ਼ ਪ੍ਰਤੀਤ ਹੁੰਦਾ ਹੈ ਜਿਸ ਵਿਚ ਆਪਣੇ ਤੋਂ ਪਹਿਲੇ ਇਤਿਹਾਸਕਾਰਾਂ ਨਾਲੋਂ ਕਈ ਨਵੇਂ ਵਾਧੇ ਕੀਤੇ ਹਨ। ਉਨ੍ਹਾਂ ਨੇ ਨਿਰਮਲ ਸੰਪ੍ਰਦਾਇ ਦਾ ਇਤਿਹਾਸ ਲਿਖਣ ਲਈ ਕਈ ਇਤਿਹਾਸਕ ਸ੍ਰੋਤਾਂ ਨੂੰ ਅਧਾਰ ਬਣਾਇਆ ਹੈ। ਇਹ ਕਾਰਜ ਵਧੇਰੇ ਉਪਯੋਗੀ ਨਾ ਹੁੰਦਾ ਜੇਕਰ ਗਿਆਨੀ ਜੀ ਇਸ ਨੂੰ ਕਿਤਾਬੀ ਗਿਆਨ ਤਕ ਸੀਮਿਤ ਰੱਖਦੇ। ਉਨ੍ਹਾਂ ਨੇ ਨਿਰਮਲਿਆਂ ਦੇ ਡੇਰਿਆਂ ਵਿਚ ਜਾ ਕੇ ਜਾਣਾਕਾਰੀ ਇਕੱਤਰ ਕੀਤੀ ਅਤੇ ਇਕ ਤਰਤੀਬ ਵਿਚ ਇਸ ਨੂੰ ਪੇਸ਼ ਕੀਤਾ ਹੈ। ਵਰਤਮਾਨ ਸਮੇਂ ਵਿਚ ਜੇਕਰ ਕਿਸੇ ਨੇ ਨਿਰਮਲ ਸੰਪ੍ਰਦਾਇ ’ਤੇ ਖੋਜ ਕਰਨੀ ਹੋਵੇ ਤਾਂ ਗਿਆਨੀ ਜੀ ਦੀਆਂ ਨਿਰਮਲ ਭੇਖ ਨਾਲ ਸੰਬੰਧਿਤ ਰਚਨਾਵਾਂ ਨੂੰ ਅਧਾਰ ਬਣਾਏ ਬਿਨਾ ਅਸੰਭਵ ਜਾਪਦਾ ਹੈ। ਗਿਆਨੀ ਜੀ ਦੁਆਰਾ ਨਿਰਮਲ ਭੇਖ ’ਤੇ ਕੀਤਾ ਇਹ ਕਾਰਜ ਮਹੱਤਵਪੂਰਨ ਹੈ। ਇਹ ਕਾਰਜ ਭਵਿੱਖ ਵਿਚ ਨਿਰਮਲ ਸੰਪ੍ਰਦਾਇ ’ਤੇ ਖੋਜ ਕਾਰਜ ਕਰਨ ਵਾਲੇ ਵਿਦਿਆਰਥੀਆਂ ਲਈ ਸਹਾਇਕ ਸਿੱਧ ਹੋਵੇਗਾ।

ਗਿਆਨੀ ਜੀ ਘਟਨਾਵਾਂ ਪੇਸ਼ ਕਰਦੇ ਹੋਏ ਆਪਣੇ ਤੋਂ ਪਹਿਲੇ ਇਤਿਹਾਸਕਾਰਾਂ ਨਾਲ ਸਹਿਮਤੀ ਪ੍ਰਗਟਾਉਂਦੇ ਨਜ਼ਰ ਆਉਂਦੇ ਹਨ ਅਤੇ ਆਪਣੇ ਵਿਚਾਰ ਦੀ ਪ੍ਰੋੜ੍ਹਤਾ ਲਈ ਵੱਖ-ਵੱਖ ਸ੍ਰੋਤਾਂ ਦੇ ਹਵਾਲੇ ਦਿੰਦੇ ਹਨ ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਪਰੰਪਰਾ ਵਿਚ ਚਲੇ ਆ ਰਹੇ ਵਿਚਾਰਾਂ ਨੂੰ ਅਪਣਾਉਂਦੇ ਹਨ ਉਦਾਹਰਣ ਵਜੋਂ ਗਿਆਨੀ ਜੀ ਨਿਰਮਲ ਸੰਪ੍ਰਦਾਇ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਮੰਨਦੇ ਹਨ। ਗਿਆਨੀ ਜੀ ਤੋਂ ਪਹਿਲੇ ਨਿਰਮਲੇ ਵਿਦਵਾਨ ਵੀ ਇਸੇ ਵਿਚਾਰ ਨੂੰ ਪੇਸ਼ ਕਰਦੇ ਹਨ ਜਦੋਂ ਕਿ ਆਧੁਨਿਕ ਵਿਦਵਾਨਾਂ ਜਿਵੇਂ ਪ੍ਰੋ. ਪਿਆਰਾ ਸਿੰਘ ਪਦਮ, ਭਾਈ ਕਾਨ੍ਹ ਸਿੰਘ ਨਾਭਾ ਨੇ ਨਿਰਮਲ ਸੰਪ੍ਰਦਾਇ ਦਾ ਆਰੰਭ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਮੰਨਿਆ ਹੈ। ਇਸ ਤਰ੍ਹਾਂ ਗਿਆਨੀ ਜੀ ਪਰੰਪਰਾ ਦੇ ਅਧਾਰ ’ਤੇ ਗੱਲ ਕਰਦੇ ਹਨ।

ਗਿਆਨੀ ਜੀ ਨੇ ਆਪਣੇ ਇਲਾਕੇ ਦੇ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ ਦਾ ਇਤਿਹਾਸ ਵੀ ਅੰਕਿਤ ਕੀਤਾ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਗਿਆਨੀ ਜੀ ਦਾ ਜਿਥੇ ਆਪਣੇ ਇਲਾਕੇ ਲਈ ਮੋਹ ਸੀ ਉਥੇ

ਉਹ ਆਪਣੇ ਇਲਾਕੇ ਵਿਚ ਹੋਏ ਇਤਿਹਾਸਕ ਕਾਰਨਾਮਿਆਂ ਨੂੰ ਅੰਕਿਤ ਕਰਨ ਲਈ ਤਤਪਰ ਸਨ। ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਇਹ ਅਸਥਾਨ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਰੱਖਦੇ ਹਨ। ਤਖ਼ਤ ਸ੍ਰੀ ਦਮਦਮਾ ਸਾਹਿਬ ਸਿੱਖ ਪੰਥ ਦਾ ਚੌਥਾ ਤਖਤ ਹੈ। ਗਿਆਨੀ ਜੀ ਨੇ ਦਮਦਮਾ ਸਾਹਿਬ ਦਾ ਇਤਿਹਾਸ ਤਿੱਥਾਂ ਦੇ ਅਧਾਰ 'ਤੇ ਕਾਲਕ੍ਰਮ ਅਨੁਸਾਰ ਲਿਖਿਆ ਹੈ। ਗਿਆਨੀ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਬਾਰੇ ਪਹਿਲੀ ਵਾਰ ਉਦੋਂ ਲਿਖਿਆ ਜਦੋਂ ਤਖ਼ਤ ਸਾਹਿਬ ਦੀ ਮਾਨਤਾ 'ਤੇ ਮਹੰਤਾਂ ਦੇ ਪ੍ਰਬੰਧ ਕਾਰਨ ਪ੍ਰਸ਼ਨ ਚਿੰਨ੍ਹ ਲੱਗ ਰਹੇ ਸਨ। ਉਸ ਸਮੇਂ ਗਿਆਨੀ ਜੀ ਨੇ ਤਖਤ ਸ੍ਰੀ ਦਮਦਮਾ ਸਾਹਿਬ ਟਰੈਕਟ ਛਾਪਿਆ ਜਿਸ ਵਿਚ ਦਲੀਲਾਂ ਸਹਿਤ ਤਖ਼ਤ ਸਾਹਿਬ ਦੀ ਮਾਨਤਾ ਨੂੰ ਸਿੱਧ ਕੀਤਾ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਦਮਦਮਾ ਸਾਹਿਬ ਦਾ ਵਿਸਤਾਰ ਨਾਲ ਇਤਿਹਾਸ ਅੰਕਿਤ ਕੀਤਾ ਜੋ ਕਿ ਬਹੁਤ ਮਹੱਤਵਪੂਰਨ ਹੈ। ਇਸ ਵਿਚ ਗਿਆਨੀ ਜੀ ਨੇ ਸ੍ਰੋਤਾਂ ਦੇ ਅਧਾਰ ਦੇ ਇਤਿਹਾਸ ਪੇਸ਼ ਕੀਤਾ ਹੈ ਜੋ ਕਿ ਗੁਰਦੁਆਰਿਆਂ 'ਤੇ ਕਾਰਜ ਕਰਨ ਵਾਲੇ ਖੋਜਾਰਥੀਆਂ ਲਈ ਬਹੁਤ ਉਪਯੋਗੀ ਹੈ। ਇਸ ਤੋਂ ਇਲਾਵਾ ਗੁਰਦੁਆਰਾ ਗੁੰਗਸਰ, ਗੁਰਦੁਆਰਾ ਕੌਲਸਰ, ਲੋਹਗੜ ਸਾਹਿਬ ਦੀਨਾ ਆਦਿ ਗੁਰਦੁਆਰਿਆਂ ਬਾਰੇ ਵੀ ਲਿਖਿਆ ਹੈ। ਉਨ੍ਹਾਂ ਨੇ ਇਨ੍ਹਾਂ ਅਸਥਾਨਾਂ ਦੀ ਭੂਗੋਲਿਕ ਸਥਿਤੀ, ਇਤਿਹਾਸ, ਵਰਤਮਾਨ ਪ੍ਰਬੰਧ, ਨਿਸ਼ਾਨੀਆਂ, ਪੁਰਾਤਾਨ ਅਤੇ ਵਰਤਮਾਨ ਸਥਿਤੀ ਬਾਰੇ ਵਿਸਤਾਰ ਨਾਲ ਦਸਿਆ ਹੈ। ਗਿਆਨੀ ਜੀ ਦੁਆਰਾ ਕੀਤਾ ਇਹ ਕਾਰਜ ਗੁਰਅਸਥਾਨਾਂ 'ਤੇ ਕਾਰਜ ਕਰਨ ਵਾਲੇ ਖੋਜਾਥੀਆਂ ਅਤੇ ਵਿਦਵਾਨਾਂ ਲਈ ਸਹਾਇਕ ਸਿੱਧ ਹੋਵੇਗਾ।

ਗਿਆਨੀ ਜੀ ਦੁਆਰਾ ਲਿਖੇ ਪਿੰਡਾਂ ਦੇ ਇਤਿਹਾਸ ਵਿਚ ਮਹੱਤਵਪੂਰਨ ਕਾਰਜ ਉਨ੍ਹਾਂ ਦੇ ਜੱਦੀ ਪਿੰਡ ਕੋਠਾ ਗੁਰੂ ਦਾ ਇਤਿਹਾਸ ਹੈ ਜਿਸ ਵਿਚ ਕੋਠਾ ਗੁਰੂ ਦੇ ਪ੍ਰਾਚੀਨ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਦਾ ਇਤਿਹਾਸ ਅੰਕਿਤ ਕੀਤਾ ਗਿਆ ਹੈ। ਪਿੰਡ ਕੋਠਾ ਗੁਰੂ ਇਸ ਕਰਕੇ ਵਿਸ਼ੇਸ਼ ਮਹੱਤਤਾ ਰੱਖਦਾ ਹੈ ਕਿਉਂਕਿ ਇਸ ਇਤਿਹਾਸਕ ਪਿੰਡ ਦੀ ਮਿੱਟੀ ਵਿਚੋਂ ਕਈ ਵਿਦਵਾਨਾਂ ਨੇ ਜਨਮ ਲਿਆ ਜਿਵੇਂ ਬਾਬਾ ਮਿਹਰਵਾਨ ਜੀ, ਬਾਬਾ ਹਰਿ ਜੀ, ਭਾਈ ਕੇਸ਼ੋ ਦਾਸ, ਕੁਸ਼ਲਦਾਸ, ਹਰੀਆ, ਦਰਬਾਰੀ ਦਾਸ, ਪ੍ਰੋ. ਹਰਬੰਸ ਸਿੰਘ ਆਦਿ। ਉਨ੍ਹਾਂ ਨੇ ਪਿੰਡ ਕੋਠਾ ਗੁਰੂ ਦੇ ਹਰ ਪਹਿਲੂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਉਹ ਜਿਥੇ ਪਿੰਡ ਦਾ ਇਤਿਹਾਸ ਲਿਖਦੇ ਹਨ ਉਥੇ ਰਾਜਨੀਤਿਕ ਸਥਿਤੀ, ਸੱਭਿਆਚਾਰਕ, ਧਾਰਮਿਕ ਅਤੇ ਭੂਗੋਲਿਕ ਪੱਖ ਬਾਰੇ ਵੀ ਦਿੰਦੇ ਹਨ। ਉਨ੍ਹਾਂ ਨੇ ਪਿੰਡ ਕੋਠਾ ਗੁਰੂ ਵਿਚ ਚੰਗੀ ਕਾਰਗੁਜ਼ਾਰੀ ਕਰਨ ਵਾਲੇ ਵਿਅਕਤੀਆਂ ਦੇ ਜੀਵਨ ਵੀ ਦਿੱਤੇ ਹਨ। ਗਿਆਨੀ ਜੀ ਨੇ ਤੱਥਾਂ ਦੇ ਅਧਾਰ 'ਤੇ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਪਿੰਡ ਦੇ ਬਜ਼ੁਰਗਾਂ ਕੋਲੋਂ ਪ੍ਰਾਚੀਨ ਮੌਖਿਕ ਘਟਨਾਵਾਂ ਪ੍ਰਾਪਤ ਕੀਤੀਆਂ ਹਨ। ਪਿੰਡ ਨਾਲ ਸੰਬੰਧਿਤ ਪੁਰਾਤਨ ਅਤੇ ਨਵੀਨ ਤਸਵੀਰਾਂ ਅਤੇ ਸਾਬਕਾ ਰਿਆਸਤ ਪਟਿਆਲਾ ਦੇ ਪਿੰਡ ਕੋਠਾ ਗੁਰੂ ਨਾਲ ਸੰਬੰਧਿਥ ਨਕਸ਼ੇ ਵੀ ਦਿੱਤੇ ਹਨ। ਇਸ ਪੁਸਤਕ ਵਿਚ ਗੁਰੂ ਸਾਹਿਬਾਨ ਅਤੇ ਮੀਇਆਂ ਦੁਆਰਾ ਰਚੇ ਸਾਹਿਤ ਬਾਰੇ ਵੀ ਮਹੱਤਵਪੂਰਨ ਜਾਣਕਰੀ ਮਿਲਦੀ ਹੈ। ਗਿਆਨੀ ਜੀ ਦੀ ਇਸ ਪੁਸਤਕ ਤੋਂ ਪਤਾ ਲਗਦਾ ਹੈ ਕਿ ਪਿੰਡ ਕੋਠਾ ਗੁਰੂ ਆਪਣੇ ਵਿਚ ਵਡਮੁੱਲਾ ਇਤਿਹਾਸ ਸਮੋਈ ਬੈਠਾ ਹੈ। ਪਿੰਡ ਦੇ ਨਾਮਕਰਣ, ਗੁਰੂ ਸਾਹਿਬਾਨ ਦੇ ਆਉਣ, ਮੀਇਆਂ ਦੁਆਰਾ ਇਸ ਸਥਾਨ 'ਤੇ ਸਾਹਿਤ ਰਚਨਾ, ਪਿੰਡ ਦੇ ਵਿਕਾਸ, ਪਿੰਡ ਦੇ ਧਾਰਮਿਕ ਸਥਾਨਾਂ, ਮੇਲਿਆਂ ਅਤੇ

ਪ੍ਰਸਿਧ ਵਿਅਕਤੀਆਂ ਬਾਰੇ ਵਿਸਤਾਰ ਨਾਲ ਬਿਆਨ ਕੀਤਾ ਹੈ। ਗਿਆਨੀ ਜੀ ਦੁਆਰਾ ਕੀਤਾ ਇਹ ਕਾਰਜ ਜਿਥੇ ਪਿੰਡ ਕੋਠਾ ਗੁਰੂ ਬਾਰੇ ਖੋਜ ਭਰਪੂਰ ਜਾਣਾਕਰੀ ਮੁਹੱਈਆਂ ਕਰਵਾਉਂਦਾ ਹੈ ਉਥੇ ਖੋਜਾਰਥੀਆਂ ਨੂੰ ਅਜਿਹੇ ਕਾਰਜ ਕਰਨ ਲਈ ਪ੍ਰੇਰਨਾ ਵੀ ਦਿੰਦਾ ਹੈ। ਮਾਲਵੇ ਦੇ ਅਨੇਕਾਂ ਪਿੰਡ ਇਤਿਹਾਸ ਸਾਂਭੀ ਬੈਠੇ ਹਨ। ਅਜਿਹੇ ਕਾਰਜ ਹੋਰਨਾਂ ਲਈ ਪ੍ਰੇਰਨਾ ਸ੍ਰੋਤ ਬਣਦੇ ਹਨ। ਇਸ ਤੋਂ ਇਲਾਵਾ ਬਾਕੀ ਪਿੰਡਾਂ ਦਾ ਇਤਿਹਾਸ ਸੰਬੰਧਿਤ ਵਿਅਕਤੀਆਂ ਦੇ ਜੀਵਨ ਲਿਖਣ ਸਮੇਂ ਸੰਖੇਪ ਵਿਚ ਅੰਕਿਤ ਕੀਤਾ ਗਿਆ ਹੈ ਜਿਵੇਂ ਮਸਤੂਆਣਾ, ਅਮਰਗੜ੍ਹੀ, ਚੀਮਾ ਆਦਿ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗਿਆਨੀ ਜੀ ਜੀਵਨੀ ਲਿਖਦੇ ਸਮੇਂ ਉਸ ਵਿਅਕਤੀ ਦੇ ਪਿਛੋਕੜ ਬਾਰੇ ਵੀ ਭਰਪੂਰ ਜਾਣਕਾਰੀ ਅੰਕਿਤ ਕਰਦੇ ਹਨ।

ਗਿਆਨੀ ਜੀ ਮਿਤੀਆਂ ਦੇਣ ਲਈ ਵਧੇਰੇ ਪੁਰਾਣੀਆਂ ਘਟਨਾਵਾਂ ਲਈ ਸੰਮਤ ਅਤੇ ਕਈ ਥਾਂਵਾਂ ’ਤੇ ਸੰਮਤ ਅਤੇ ਸੰਨ ਅਤੇ ਆਧੁਨਿਕ ਘਟਨਾਵਾਂ ਲਈ ਸੰਨ ਦਿੰਦੇ ਹਨ। ਗਿਆਨੀ ਜੀ ਨੇ ਸ੍ਰੋਤਾਂ ਅਤੇ ਪਰੰਪਰਾ ਦੇ ਅਧਾਰ ’ਤੇ ਇਤਿਹਾਸ ਲਿਖਿਆ ਹੈ। ਉਨ੍ਹਾਂ ਦੀ ਇਤਿਹਾਸਕਾਰੀ ਦੀ ਇਹ ਵਿਲੱਖਣਤਾ ਹੈ ਕਿ ਉਹ ਕੇਵਲ ਕਿਤਾਬੀ ਗਿਆਨ ਤੱਕ ਸੀਮਿਤ ਨਹੀਂ ਰਹੇ ਸਗੋਂ ਮੌਖਿਕ ਪਰੰਪਰਾ ਦਾ ਵੀ ਵਿਸ਼ਾਲ ਗਿਆਨ ਰੱਖਦੇ ਸਨ। ਉਨ੍ਹਾਂ ਨੇ ਜਿਸ ਸਥਾਨ ਬਾਰੇ ਲਿਖਿਆ ਉਥੇ ਜਾ ਕੇ ਸੰਬੰਧਿਤ ਵਿਅਕਤੀਆਂ ਅਤੇ ਪਿੰਡ ਦੇ ਬਜ਼ੁਰਗਾਂ ਤੋਂ ਵੀ ਜਾਣਕਾਰੀ ਇਕੱਤਰ ਕਰਦੇ ਉਦਾਹਰਣ ਵਜੋਂ ਨਿਰਮਲਿਆਂ ਦੇ ਡੇਰਿਆਂ ਵਿਚ ਜਾ ਕੇ ਜਾਣਕਾਰੀ ਇਕੱਤਰ ਕੀਤੀ। ਉਹ ਹਰੇਕ ਪੁਸਤਕ ਵਿਚ ਇਤਿਹਾਸਕ ਤਸਵੀਰਾਂ ਵੀ ਦਿੰਦੇ ਹਨ ਜਿਵੇਂ ਸੰਬੰਧਿਤ ਸਥਾਨ ਦੇ ਨਵੇਂ ਅਤੇ ਪੁਰਾਤਨ ਚਿੱਤਰ, ਨਕਸ਼ੇ ਆਦਿ।

ਗਿਆਨੀ ਜੀ ਨੇ ਮੁੱਢਲੇ, ਸਹਾਇਕ ਸ੍ਰੋਤਾਂ ਅਤੇ ਮੌਖਿਕ ਪਰੰਪਰਾ ਦੇ ਅਧਾਰ ’ਤੇ ਸਿੱਖ ਇਤਿਹਾਸਕਾਰੀ ਦੀ ਸਿਰਜਣਾ ਕੀਤੀ ਹੈ। ਗਿਆਨੀ ਜੀ ਦਾ ਇਤਿਹਾਸ ਪ੍ਰਤੀ ਦ੍ਰਿਸ਼ਟੀਕੋਣ ਵਧੇਰੇ ਕਰ ਕੇ ਪਰੰਪਰਾ ਮੂਲਕ ਹੈ। ਭਾਵੇਂ ਉਹ ਤੱਥਾਂ ਦਾ ਸਹਾਰਾ ਵੀ ਲੈਂਦੇ ਹਨ ਪਰ ਉਨ੍ਹਾਂ ਨੇ ਸਿੱਖ ਇਤਿਹਾਸ ਨੂੰ ਵਿਧੀਵਧ ਰੂਪ ਵਿਚ ਨਹੀਂ ਲਿਖਿਆ ਬਲਕਿ ਸ਼ਖ਼ਸੀਅਤ ਮੂਲਕ ਦ੍ਰਿਸ਼ਟੀ ਨਾਲ ਵਧੇਰੇ ਲਿਖਿਆ ਹੈ ਜਿਵੇਂ ਸੰਤ ਅਤਰ ਸਿੰਘ ਜੀ ਮਸਤੂਆਣਾ, ਜਥੇਦਾਰ ਦਿਆਲ ਸਿੰਘ ਪਰਵਾਨਾ, ਭਾਈ ਫੁੰਮਣ ਸਿੰਘ ਅਮਰਗੜ੍ਹ, ਸੰਤ ਬਾਬਾ ਬਲਵੰਤ ਸਿੰਘ ਧਲੇਰ ਵਾਲੇ ਆਦਿ ਦੇ ਜੀਵਨ। ਉਨ੍ਹਾਂ ਨੇ ਵਧੇਰੇ ਧਾਰਮਿਕ ਵਿਅਕਤੀਆਂ ਜਿਵੇਂ ਸੰਤਾਂ-ਮਹਾਂਪੁਰਖਾਂ ਦੇ ਜੀਵਨ ਲਿਖੇ ਹਨ। ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਹ ਵਧੇਰੇ ਸਮਾਂ ਸਾਧੂ-ਸੰਤਾਂ ਦੀ ਸੰਗਤ ਵਿਚ ਰਹੇ। ਗਿਆਨੀ ਜੀ ਆਪ ਨਿਰਮਲੇ ਵਿਦਵਾਨ ਸਨ ਜਿਸ ਕਰਕੇ ਉਨ੍ਹਾਂ ਨੇ ਨਿਰਮਲੇ ਸੰਪ੍ਰਦਾਇ, ਨਿਰਮਲੇ ਵਿਦਵਾਨਾਂ ਅਤੇ ਸੰਤਾਂ-ਮਹੰਤਾਂ ਬਾਰੇ ਲਿਖਿਆ। ਗਿਆਨੀ ਜੀ ਦੀ ਇਤਿਹਾਸ ਲਿਖਦੇ ਸਮੇਂ ਭਾਵੇਂ ਮਹੱਤਵਪੂਰਨ ਘਟਨਾਵਾਂ ਨੂੰ ਤੱਥਾਂ ਦੇ ਅਧਾਰ ’ਤੇ ਬਿਆਨ ਕਰਦੇ ਹਨ ਪਰ ਉਨ੍ਹਾਂ ਦੀ ਇਤਿਹਾਸਕਾਰੀ ਵਿਚ ਵਿਅਕਤੀਆਂ ਦੇ ਜੀਵਨ ਦੇ ਵੇਰਵੇ ਵਧੇਰੇ ਮਿਲਦੇ ਹਨ।

ਗਿਆਨੀ ਜੀ ਨੇ ਸਾਰਾ ਕੰਮ ਗੁਰਮੁਖੀ ਵਿਚ ਕੀਤਾ ਹੈ। ਕੁਝ ਕੁ ਕੰਮ ਹਿੰਦੀ ਵਿਚ ਵੀ ਮਿਲਦਾ ਹੈ। ਉਨ੍ਹਾਂ ਦੀ ਬੋਲੀ ਸ਼ੈਲੀ ਉਤੇ ਭਾਵੇਂ ਮੂਲ ਰੂਪ ਵਿਚ ਪੰਜਾਬੀ ਰੰਗ ਹੀ ਹੈ ਪਰ ਪੁਰਾਤਨ ਸ਼ਾਸਤ੍ਰਾਂ ਦੇ ਮਾਹਰ ਹੋਣ ਕਾਰਣ ਉਨ੍ਹਾਂ ਦੀ ਬੋਲੀ ਸ਼ੈਲੀ ਉਤੇ ਥੋੜ੍ਹਾ ਸ਼ਾਸਤ੍ਰੀ ਰੰਗ ਵੀ ਮਿਲਦਾ ਹੈ ਜਿਵੇਂ ਕਿ ਉਨ੍ਹਾਂ ਦੁਆਰਾ ਵਰਤੀ

ਸ਼ਬਦਾਵਲੀ ਦੇਖੀ ਜਾ ਸਕਦੀ ਹੈ ਜਿਵੇਂ ਆਵਰਭਾਵ, ਅਨਿਰਵਚਨੀਯ, ਸਰਬੱਗ, ਸ੍ਰੋਤ੍ਰੀਯ, ਪਿਪਾਸਾ, ਸਰਵਮਾਨਯ, ਸ਼ਸ਼ਟਾਂਗ, ਕਸ਼ੋਭ, ਆਕਸ਼ੇਪ, ਅਤਿੰਦ੍ਰਯ, ਅਧਿਸ਼ਠਾਨ, ਅਧਿਆਸ, ਅਨਿਰੁੱਧ, ਅਨੁਗ੍ਰਹ, ਅਪੂਰਵ ਆਦਿ। ਗਿਆਨੀ ਜੀ ਨੇ ਆਪਣੀ ਗੱਲ ਨੂੰ ਸਰਲ ਅਤੇ ਕਥਾ ਸ਼ੈਲੀ ਵਿਚ ਪੇਸ਼ ਕੀਤਾ ਹੈ। ਉਹ ਹਰੇਕ ਗੱਲ ਦਾ ਤੱਥ ਲੱਭਣ ਦੀ ਕੋਸ਼ਿਸ਼ ਨਹੀਂ ਕਰਦੇ ਬਲਕਿ ਬਹੁਤ ਕੁਝ ਪਰੰਪਰਾ ਦੇ ਅਧਾਰ ’ਤੇ ਵੀ ਪੇਸ਼ ਕਰਦੇ ਹਨ। ਪਰੰਪਰਾ ਭਾਰੂ ਹੋਣ ਕਾਰਨ ਉਨ੍ਹਾਂ ਦੀਆਂ ਲਿਖਤਾਂ ਵਿਚ ਲੋਕ ਮੁਹਾਵਰੇ ਅਤੇ ਲੋਕ ਸ਼ੈਲੀ ਵਾਲਾ ਰੰਗ ਮਿਲਦਾ ਹੈ।

ਚੌਥੇ ਅਧਿਆਇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਦਾ ਸੰਪਾਦਨ ਵਿਚ ਉਨ੍ਹਾਂ ਦੀਆਂ ਸਿੱਖ ਧਰਮ ਨਾਲ ਸੰਬੰਧਿਤ ਅਪ੍ਰਕਾਸ਼ਿਤ ਰਚਨਾਵਾਂ (*ਗੁਰ ਅੰਗਦ ਦੀ ਦੋਹੀ ਫਿਰੀ, ਬਾਲਾ ਠਾਕੁਰ, ਧਰਮ ਪ੍ਰਭਾਕਰ ਜਯੋਤੀ, ਦੇਗ ਦੇ ਧਨੀ*) ਨੂੰ ਸੰਪਾਦਿਤ ਕਰਕੇ ਮੂਲ ਰੂਪ ਵਿਚ ਛਾਪਿਆ ਗਿਆ ਹੈ। ਗਿਆਨੀ ਜੀ ਨੇ ਆਪਣੀਆਂ ਲਿਖਤਾਂ ਰਾਹੀਂ ਜਿਥੇ ਸਿੱਖ ਸਾਹਿਤ ਵਿਚ ਵਡਮੁਲਾ ਯੋਗਦਾਨ ਪਾਇਆ ਹੈ ਉਥੇ ਉਨ੍ਹਾਂ ਦੀਆਂ ਕਈ ਰਚਨਾਵਾਂ ਸਮੇਂ ਤੇ ਸਾਧਨਾਂ ਦੀ ਘਾਟ ਕਰਕੇ ਪ੍ਰਕਾਸ਼ਿਤ ਨਾ ਹੋ ਸਕੀਆਂ।

ਗਿਆਨੀ ਜੀ ਦੀਆਂ ਰਚਨਾਵਾਂ ਦੀ ਸੰਪਾਦਨਾ ਕਰਦਿਆਂ ਉਨ੍ਹਾਂ ਨੂੰ ਮੂਲ ਰੂਪ ਵਿਚ ਹੀ ਰੱਖਿਆ ਗਿਆ ਹੈ। ਸ਼ਬਦ-ਜੋੜਾਂ ਦੀ ਥੋੜ੍ਹੀ ਬਹੁਤ ਸੋਧ ਕੀਤੀ ਗਈ ਹੈ। ਗੁਰਬਾਣੀ ਦੀਆਂ ਪੰਕਤੀਆਂ ਅਤੇ ਸ੍ਰੋਤ ਗ੍ਰੰਥਾਂ (ਜਿਵੇਂ ਭਾਈ ਗੁਰਦਾਸ, ਗੁਰਪ੍ਰਤਾਪ ਸੂਰਜ ਗ੍ਰੰਥ, ਪ੍ਰਾਚੀਨ ਪੰਥ ਪ੍ਰਕਾਸ਼, ਮਹਿਮਾ ਪ੍ਰਕਾਸ਼ ਆਦਿ) ਦੇ ਹਵਾਲੇ ਸੋਧ ਕੇ ਲਿਖੇ ਗਏ ਹਨ। ਕਿਤੇ-ਕਿਤੇ ਵਿਆਕਰਣਕ ਸ਼ੋਧ ਜਿਵੇਂ ਬਿੰਦੀਆਂ, ਟਿੱਪੀਆਂ ਅਤੇ ਡੰਡੀਆਂ ਆਦਿ ਲਗਾਈਆਂ ਗਈਆਂ ਹਨ। ਰਚਨਾਵਾਂ ਵਿਚ ਫੁਟਨੋਟ ਦੇਣ ਲਈ ਗਿਆਨੀ ਜੀ ਨੇ ਜਿਹੜੇ ਚਿੰਨ੍ਹਾਂ ਦਾ ਪ੍ਰਯੋਗ ਕੀਤਾ ਹੈ ਉਹ ਕੰਪਿਊਟਰ ਵਿਚ ਨਾ ਹੋਣ ਕਾਰਨ ਪਦ-ਟਿੱਪਣੀਆਂ 1,2,3...ਅੰਕਾਂ ਨਾਲ ਦਿਤੀਆਂ ਗਈਆਂ ਹਨ।

ਗਿਆਨੀ ਜੀ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਤੋਂ ਸਿਧ ਹੁੰਦਾ ਹੈ ਕਿ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਭਾਈ ਰੂਪ ਚੰਦ ਜੀ ਦੇ ਜੀਵਨ ਨਾਲ ਸੰਬੰਧਿਤ ਨਿਬੰਧ ਲਿਖ ਕੇ ਸਿੱਖ ਇਤਿਹਾਸਕਾਰੀ ਵਿਚ ਯੋਗਦਾਨ ਪਾਇਆ। ਉਨ੍ਹਾਂ ਨੇ ਵਧੇਰੇ ਕਾਰਜ ਵਾਰਤਕ ਰੂਪ ਵਿਚ ਕੀਤਾ ਹੈ ਪਰ ਬਾਲਾ ਠਾਕੁਰ ਰਚਨਾ ਵਿਚ ਨਾਵਲ ਵਿਧਾ ਦਾ ਪ੍ਰਯੋਗ ਕੀਤਾ ਹੈ। ਉਨ੍ਹਾਂ ਨੇ ਸ੍ਰੋਤਾਂ ਅਤੇ ਪਰੰਪਰਾਂ ਦੇ ਅਧਾਰ ’ਤੇ ਇਤਿਹਾਸ ਦਿਤਾ ਹੈ। ਇਨ੍ਹਾਂ ਰਚਨਾਵਾਂ ਦੇ ਛਪਣ ਨਾਲ ਜਿਥੇ ਗਿਆਨੀ ਜੀ ਬਹੁਮੁਲਾ ਅਪ੍ਰਕਾਸ਼ਿਤ ਕਾਰਜ ਸਾਹਮਣੇ ਆਵੇਗਾ ਉਥੇ ਇਹ ਰਚਨਾਵਾਂ ਸਿੱਖ ਅਧਿਐਨ ਦੇ ਵਿਦਵਾਨਾਂ ਅਤੇ ਖੋਜਾਰਥੀਆਂ ਲਈ ਵੀ ਲਾਭਕਾਰੀ ਸਿਧ ਹੋਣਗੀਆਂ।

ਇਸ ਖੋਜ-ਪ੍ਰਬੰਧ ਰਾਹੀਂ ਗਿਆਨੀ ਜੀ ਸਿੱਖ ਸਾਹਿਤ ਵਿਚ ਦੇਣ ਦੀ ਅਕਾਦਮਿਕ ਖੇਤਰ ਵਿਚ ਜਾਣ-ਪਛਾਣ ਕਰਵਾਈ ਗਈ ਹੈ। ਇਹ ਖੋਜ ਕਾਰਜ ਭਵਿੱਖ ਵਿਚ ਆਉਣ ਵਾਲੇ ਵਿਦਿਆਰਥੀਆਂ ਲਈ ਲਾਹੇਵੰਦ ਸਿਧ ਹੋਵੇਗਾ। ਇਸ ਖੋਜ ਕਾਰਜ ਦੌਰਾਨ ਇਸ ਗੱਲ ਨੂੰ ਮਹਿਸੂਸ ਕੀਤਾ ਗਿਆ ਹੈ ਕਿ ਸਿੱਖ ਪੰਥ ਦੇ ਵਿਦਵਾਨਾਂ ਦੀਆਂ ਬਹੁਮੁੱਲੀਆਂ ਰਚਨਾਵਾਂ ਨੂੰ ਸੰਭਾਲਣਾ ਸਮੇਂ ਦੀ ਲੋੜ ਹੈ।

# ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ) ਦੀ ਸਿੱਖ ਸਾਹਿਤ ਨੂੰ ਦੇਣ: ਸਿਧਾਂਤਕ ਤੇ ਇਤਿਹਾਸਕ ਪਰਿਪੇਖ

## (ਨਿਰਮਲ ਸਾਹਿਤ ਦੇ ਵਿਸ਼ੇਸ਼ ਹਵਾਲੇ ਨਾਲ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ
ਸ਼ੋਸਲ-ਸਾਇੰਸਜ਼ ਫ਼ੈਕਲਟੀ ਅਧੀਨ ਧਰਮ ਅਧਿਐਨ
ਵਿਭਾਗ ਵਿਚ ਪੀਐਚ.ਡੀ ਦੀ ਉਪਾਧੀ ਲਈ ਪੇਸ਼ ਕੀਤਾ

**ਖੋਜ-ਪ੍ਰਬੰਧ**

**2021**


**ਨਿਗਰਾਨ**

ਡਾ. ਮੁਹੰਮਦ ਹਬੀਬ
ਪ੍ਰੋਫ਼ੈਸਰ ਅਤੇ ਮੁਖੀ
ਧਰਮ ਅਧਿਐਨ ਵਿਭਾਗ

**ਖੋਜਾਰਥਣ**

ਜਸਪ੍ਰੀਤ ਕੌਰ
ਜਸਪ੍ਰੀਤ ਕੌਰ


PUNJABI UNIVERSITY PATIALA

**(Established Under Punjab Act No. 35 of 1961)**


**ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸਾਰ

ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਦਾ ਸਿੱਖ ਇਤਿਹਾਸ ਵਿਚ ਉਲੇਖਯੋਗ ਸਥਾਨ ਹੈ। ਉਨ੍ਹਾਂ ਦੀਆਂ ਰਚਨਾਵਾਂ ਦਾ ਵਿਸ਼ਾ ਵਿਸ਼ੇਸ਼ ਕਰਕੇ ਨਿਰਮਲ ਸੰਪ੍ਰਦਾਇ ਦਾ ਇਤਿਹਾਸ ਰਿਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਸੰਤਾਂ ਮਹਾਂਪੁਰਖਾਂ ਦੇ ਜੀਵਨ ਅਤੇ ਮਾਲਵੇ ਦੇ ਗੁਰਦੁਆਰਿਆਂ ਦਾ ਇਤਿਹਾਸ ਅੰਕਿਤ ਕੀਤਾ। ਆਪ ਨੇ ਆਪਣੀਆਂ ਰਚਨਾਵਾਂ ਰਾਹੀਂ ਸਿੱਖ ਚਿੰਤਨ ਅਤੇ ਗੁਰਬਾਣੀ ਵਿਆਖਿਆਕਾਰੀ ਵਿਚ ਵੀ ਯੋਗਦਾਨ ਪਾਇਆ। ਗਿਆਨੀ ਜੀ ਸਿੱਖ ਜਗਤ ਵਿਚ ਨਿਰਮਲੇ ਵਿਦਵਾਨ ਕਰਕੇ ਜਾਣੇ ਜਾਂਦੇ ਹਨ। ਉਹ ਜੀਵਨ ਭਰ ਨਿਸ਼ਕਾਮ ਸਾਹਿਤਕ ਸੇਵਾ ਕਰਦੇ ਰਹੇ। ਨਿਰਮਲੇ ਵਿਦਵਾਨ ਹੋਣ ਕਰਕੇ ਆਪ ਨੂੰ ਨਿਰਮਲ ਸੰਪ੍ਰਦਾਇ ਬਾਰੇ ਵਿਸ਼ਾਲ ਗਿਆਨ ਸੀ ਜਿਸ ਦਾ ਨਤੀਜਾ ਉਨ੍ਹਾਂ ਦੀ ਪ੍ਰਸਿੱਧ ਰਚਨਾ *ਸ੍ਰੀ ਨਿਰਮਲ ਪੰਥ ਬੋਧ* ਹੈ ਜਿਸ ਨੂੰ ਨਿਮਰਲ ਪੰਥ ਦਾ ਕੋਸ਼ ਆਖ ਦਿਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਗਿਆਨੀ ਜੀ ਨੇ ਮੁੱਢਲੇ ਅਤੇ ਸਹਾਇਕ ਸ੍ਰੋਤਾਂ ਦੇ ਅਧਾਰ ’ਤੇ ਸਿੱਖ ਪਰੰਪਰਾ ਅਤੇ ਰਵਾਇਤਾਂ ਨਾਲ ਜੁੜੇ ਰਹਿ ਕੇ ਸਿੱਖ ਇਤਿਹਾਸ ਬਾਰੇ ਵਡਮੁੱਲੀ ਜਾਣਕਾਰੀ ਮੁਹੱਈਆ ਕਰਵਾਈ।

ਹਥਲੇ ਖੋਜ ਕਾਰਜ ਵਿਚ ਗਿਆਨੀ ਬਲਵੰਤ ਸਿੰਘ ਜੀ ਦੁਆਰਾ ਸਿੱਖ ਸਾਹਿਤ ਵਿਚ ਪਾਏ ਯੋਗਦਾਨ ਨੂੰ ਬਿਆਨਣ ਲਈ ਖੋਜ ਕਾਰਜ ਨੂੰ ਚਾਰ ਅਧਿਆਇਆਂ ਵਿਚ ਵੰਡਿਆਂ ਗਿਆ ਹੈ। ਪਹਿਲਾਂ ਅਧਿਆਇ *ਗਿਆਨੀ ਬਲਵੰਤ ਸਿੰਘ ਕੋਠਾ ਗੁਰੂ: ਜੀਵਨ ਤੇ ਸ਼ਖ਼ਸੀਅਤ* ਹੈ ਜਿਸ ਵਿਚ ਗਿਆਨੀ ਜੀ ਦੇ ਵੰਸ਼ ਪਿਛੋਕੜ, ਜਨਮ ਤੇ ਮਾਤਾ-ਪਿਤਾ, ਵਿਦਿਆ, ਪਰਿਵਾਰ, ਮਾਨ-ਸਨਮਾਨ, ਸੇਵਾਵਾਂ ਤੇ ਅਹੁਦੇ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਚਾਨਣਾ ਪਾਇਆ ਗਿਆ ਹੈ। ਗਿਆਨੀ ਜੀ ਇਤਿਹਾਸਕ ਵੰਸ਼ ਨਾਲ ਸੰਬੰਧਿਤ ਸਨ। ਉਨ੍ਹਾਂ ਦੇ ਪੁਰਖੇ ਮਾਨ ਗੋਤ ਦੇ ਇਕ ਬਜ਼ੁਰਗ ‘ਬਾਬਾ ਖੁਮਾਰੀ’ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਸਨ ਅਤੇ ਸਿੱਖੀ ਧਾਰਨ ਕੀਤੀ। ਗਿਆਨੀ ਜੀ ਬਾਬਾ ਖੁਮਾਰੀ ਦੀ ਗਿਆਰ੍ਹਵੀ ਪੀੜ੍ਹੀ ਸਨ।

ਆਪ ਰਸਮੀ ਸਿੱਖਿਆ ਪਖੋਂ ਲਗਭਗ ਕੋਰੇ ਹੀ ਰਹੇ। ਉਨ੍ਹਾਂ ਨੇ ਉਦਾਸੀ ਅਤੇ ਨਿਰਮਲੇ ਸੰਤਾਂ ਦੇ ਡੇਰਿਆਂ ਵਿਚੋਂ ਵਿਦਿਆ ਪ੍ਰਾਪਤ ਕੀਤੀ। ਉਹ ਹਿੰਦੀ, ਸੰਸਕ੍ਰਿਤ, ਗੁਰਮੁਖੀ ਅਤੇ ਬ੍ਰਜ ਭਾਸ਼ਾ ਦੇ ਗਿਆਤਾ ਸਨ। ਗਿਆਨੀ ਜੀ ਨੇ ਗੁਰਮਤਿ ਪ੍ਰਚਾਰ ਵਿਚ ਵੀ ਯੋਗਦਾਨ ਪਾਇਆ। ਆਪ ਗੁਰਮਤਿ ਪ੍ਰਚਾਰ ਲਈ ਵੱਖ-ਵੱਖ ਡੇਰਿਆਂ ਵਿਚ ਵਿਸ਼ੇਸ਼ ਪਰਵਾਂ ’ਤੇ ਕਥਾ ਕਰਨ ਜਾਂਦੇ। ਗਿਆਨੀ ਜੀ ਦੇ ਜੀਵਨ ਤੇ ਸ਼ਖ਼ਸੀਅਤ ਦੇ ਅਧਿਐਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦਾ ਜੀਵਨ ਜਿਥੇ ਸਾਹਿਤਕ ਸੇਵਾ ਨੂੰ ਸਮਰਪਿਤ ਸੀ ਉਥੇ ਉਹ ਆਪਣੇ ਸਰਪੰਚੀ ਦੇ ਕਾਰਜਕਾਲ ਦੌਰਾਨ ਸਮਾਜਿਕ ਸੇਵਾ ਵੀ ਕਰਦੇ ਰਹੇ। ਉਹ ਨਿਮਰ ਸੁਭਾਅ ਵਾਲੇ ਸਾਧੂ ਵਿਦਵਾਨ ਸਨ। ਉਨ੍ਹਾਂ ਦੀ ਰਹਿਣੀ-ਬਹਿਣੀ ਗੁਰਮਤਿ ਅਨੁਸਾਰੀ ਸੀ। ਗਿਆਨੀ ਜੀ ਦੇ ਜੀਵਨ ਦਾ ਉਦੇਸ਼ ਸਿੱਖ ਪੰਥ ਦੀ ਸੇਵਾ ਕਰਨਾ ਸੀ। ਨਿਰਮਲ ਸੰਪ੍ਰਦਾਇ ਦਾ ਇਤਿਹਾਸ ਲਿਖਣ ਪਿਛੇ ਕਈ ਵਰ੍ਹਿਆਂ ਦੀ ਅਣਥੱਕ ਮਿਹਨਤ ਅਤੇ ਨਿਸ਼ਕਾਮ ਘਾਲ ਦੀ ਭਾਵਨਾ ਕ੍ਰਿਆਸ਼ੀਲ ਸੀ। ਇਸ ਘਾਲ ਪਿਛੇ ਨਿਸ਼ਕਾਮ ਸਿੱਖੀ ਹਿਰਦਾ ਧੜਕ ਰਿਹਾ ਸੀ। ਉਨ੍ਹਾਂ ਨੂੰ ਨਾ ਨਾਮਣਾ ਖੱਟਣ ਦੀ ਲੋਚਾ ਸੀ ਅਤੇ ਨਾ

ਹੀ ਮਾਇਕ ਪ੍ਰਾਪਤੀ ਦੀ ਲਾਲਸਾ ਸੀ। ਸਾਹਿਤਕ ਕਾਰਜ ਦੌਰਾਨ ਆਈਆਂ ਔਕੜਾਂ ਦਾ ਸਾਹਮਣਾ ਦ੍ਰਿੜ੍ਹਤਾ ਨਾਲ ਕਰਦੇ ਹੋਏ ਸਾਹਿਤਕ ਕਾਰਜਾਂ ਵਿਚ ਜੁਟੇ ਰਹੇ।

ਗਿਆਨੀ ਜੀ ਨੂੰ ਉਨ੍ਹਾਂ ਦੁਆਰਾ ਕੀਤੇ ਸਾਹਿਤਕ ਕਾਰਜਾਂ ਲਈ ਅਨੇਕਾਂ ਸਨਮਾਨ ਵੀ ਪ੍ਰਾਪਤ ਹੋਏ ਜਿਵੇਂ ਪੰਜਾਬੀ ਯੂਨੀਵਰਸਿਟੀ ਦੀ ਸਿਲਵਰ ਜੁਬਲੀ ਅਤੇ ਪੰਜਾਬੀ ਕਾਨਫਰੰਸ ਸਮੇਂ 30 ਅਪ੍ਰੈਲ 2012 ਈ. ਨੂੰ ਟਕਸਾਲੀ ਵਿਦਵਾਨ ਦਾ ਖਿਤਾਬ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਵਲੋਂ ਪ੍ਰਸੰਸਾ ਪੱਤਰ ਅਤੇ ਪੰਜ ਲੱਖ ਰੁਪਏ ਦਾ ਨਗਦ ਇਨਾਮ ਦਿੱਤਾ ਗਿਆ। ਇਸ ਤੋਂ ਇਲਾਵਾ ਗਿਆਨੀ ਜੀ ਨੂੰ ਸਾਹਿਤਕ, ਸੱਭਿਆਚਾਰਕ ਅਤੇ ਧਾਰਮਿਕ ਸੰਸਥਾਵਾਂ ਵਲੋਂ ਵੱਖ-ਵੱਖ ਸਮਿਆਂ 'ਤੇ ਸਨਮਾਨਿਤ ਕੀਤਾ ਗਿਆ।

ਗਿਆਨੀ ਜੀ ਆਪਣੇ ਜੀਵਨ ਕਾਲ ਦੌਰਾਨ ਵੱਖ-ਵੱਖ ਅਹੁਦਿਆਂ 'ਤੇ ਨਿਸ਼ਕਾਮ ਸੇਵਾਵਾਂ ਨਿਭਾਉਂਦੇ ਰਹੇ ਜਿਵੇਂ ਮਾਲਵਾ ਚੱਕਰਵਰਤੀ ਖਾਲਸਾ ਦੀਵਾਨ ਬਿੰਝੂਕੇ (ਅਮਰਗੜ੍ਹ) ਦੇ ਪ੍ਰਧਾਨ, ਮਾਲਵਾ ਇਤਿਹਾਸ ਖੋਜ ਕੇਂਦਰ ਬਠਿੰਡਾ ਦੇ ਪ੍ਰਧਾਨ, ਪੰਚ ਖਾਲਸਾ ਦੀਵਾਨ ਪੰਚ ਖੰਡ ਦੇ ਮੀਤ ਸਕੱਤਰ ਅਤੇ ਨਿਰਮਲ ਮਹਾਂ ਮੰਡਲ ਦੇ ਜਨਰਲ ਸਕੱਤਰ ਅਤੇ ਮੀਤ ਪ੍ਰਧਾਨ ਰਹੇ। ਇਸ ਤੋਂ ਇਲਾਵਾ ਇਸ ਅਧਿਆਇ ਵਿਚ ਗਿਆਨੀ ਜੀ ਲਈ ਉਨ੍ਹਾਂ ਦੇ ਸਮਕਾਲੀ ਵਿਦਵਾਨਾਂ ਦੇ ਵਿਚਾਰ ਅਤੇ ਵੱਖ-ਵੱਖ ਵਿਦਵਾਨਾਂ ਵਲੋਂ ਉਨ੍ਹਾਂ ਨੂੰ ਲਿਖੇ ਚਿੱਠੀ ਪੱਤਰ ਪੇਸ਼ ਕੀਤੇ ਗਏ ਹਨ।

ਦੂਜੇ ਅਧਿਆਇ *ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ) ਦਾ ਰਚਨਾ ਸੰਸਾਰ: ਵਰਗੀਕਰਨ ਤੇ ਸਰਵੇਖਣ* ਹੈ ਜਿਸ ਵਿਚ ਗਿਆਨੀ ਜੀ ਦੀਆਂ ਪ੍ਰਕਾਸ਼ਿਤ, ਅਪ੍ਰਕਾਸ਼ਿਤ, ਲੇਖ ਸੰਗ੍ਰਹਿ, ਸੰਪਾਦਿਤ ਰਚਨਾਵਾਂ ਅਤੇ ਵੱਖ-ਵੱਖ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਛਪੇ ਲੇਖਾਂ ਦੀ ਸੂਚੀ ਦਿੱਤੀ ਗਈ ਹੈ। ਉਨ੍ਹਾਂ ਨੇ ਲਗਭਗ 18 ਪੁਸਤਕਾਂ, 12 ਕਿਤਾਬਚਿਆਂ ਦੀ ਰਚਨਾ ਕੀਤੀ। ਉਨ੍ਹਾਂ 13 ਦੇ ਕਰੀਬ ਅਪ੍ਰਕਾਸ਼ਿਤ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਉਨ੍ਹਾਂ ਨੇ ਲਗਭਗ 7 ਦੁਰਲੱਭ ਗ੍ਰੰਥਾਂ ਨੂੰ ਸੰਪਾਦਿਤ ਕੀਤਾ ਹੈ। ਵੱਖ-ਵੱਖ ਅਖ਼ਬਾਰਾਂ, ਮੈਗਜ਼ੀਨਾਂ ਅਤੇ ਪੁਸਤਕਾਂ ਵਿਚ ਛਪੇ ਲੇਖਾਂ ਦੀ ਗਿਣਤੀ 50 ਦੇ ਕਰੀਬ ਹੈ। ਉਨ੍ਹਾਂ ਦੀਆਂ ਰਚਨਾਵਾਂ ਦਾ ਵਰਗੀਕਰਨ ਕਰਨ ਉਪਰੰਤ ਪ੍ਰਕਾਸ਼ਿਤ ਪੁਸਤਕਾਂ ਅਤੇ ਕਿਤਾਬਚਿਆਂ ਦਾ ਸਰਵੇਖਣ ਕੀਤਾ ਗਿਆ ਹੈ। ਇਸ ਅਧਿਆਇ ਵਿਚ ਗਿਆਨੀ ਜੀ ਦੀਆਂ ਰਚਨਾਵਾਂ ਵਿਚਲੇ ਤੱਥਾਂ 'ਤੇ ਘਟਨਾਵਾਂ ਨੂੰ ਪੇਸ਼ ਕੀਤਾ ਗਿਆ ਹੈ ਜਿਸ ਵਿਚੋਂ ਨਿਰਮਲ ਸੰਪ੍ਰਦਾਇ, ਸੰਤ ਅਤਰ ਸਿੰਘ ਜੀ ਦੇ ਜੀਵਨ, ਸ੍ਰੀ ਦਮਦਮਾ ਸਾਹਿਬ, ਪਿੰਡ ਕੋਠਾ ਗੁਰੂ ਦੇ ਇਤਿਹਾਸ ਬਾਰੇ ਅਹਿਮ ਜਾਣਕਾਰੀ ਮਿਲਦੀ ਹੈ।

ਗਿਆਨੀ ਜੀ ਦੁਆਰਾ ਰਚੇ ਸਾਹਿਤ ਦੀ ਲੰਮੀ ਸੂਚੀ ਇਹ ਸਪਸ਼ਟ ਕਰ ਦਿੰਦੀ ਹੈ ਕਿ ਉਨ੍ਹਾਂ ਨੇ ਦਰਸ਼ਨ, ਧਰਮ, ਇਤਿਹਾਸ, ਵੇਦਾਂਤ, ਸਾਹਿਤ, ਕਾਵਿ ਅਤੇ ਗੁਰਬਾਣੀ ਦਾ ਡੂੰਘਾ ਅਧਿਐਨ ਕੀਤਾ। ਗਿਆਨੀ ਜੀ ਇਕ ਇਤਿਹਾਸਕਾਰ, ਦਾਰਸ਼ਨਿਕ, ਵਿਆਖਿਆਕਾਰ, ਕਵੀ ਅਤੇ ਸੁਘੜ ਸੰਪਾਦਕ ਸਨ। ਗਿਆਨੀ ਜੀ ਦੀਆਂ ਰਚਨਾਵਾਂ ਕਿੰਤੂ-ਮੁਕਤ ਸਿੱਖ ਸਾਹਿਤ ਵਿਚ ਸ਼ਾਲਾਘਾਯੋਗ ਵਾਧਾ ਕਰਦੀਆਂ ਹਨ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਸਿੱਖ ਇਤਿਹਾਸਕਾਰੀ, ਵਿਆਖਿਆਕਾਰੀ ਅਤੇ ਦਾਰਸ਼ਨਿਕ ਖੇਤਰ ਵਿਚ ਵਡਮੁੱਲਾ ਯੋਗਦਾਨ

ਪਾਇਆ। ਆਪਣੀਆਂ ਸਿਰਜਣਾਵਾਂ ਰਾਹੀਂ ਜਿਥੇ ਸਿੱਖ ਸਾਹਿਤ ਨੂੰ ਅਮੀਰ ਕੀਤਾ ਉਥੇ ਦੁਰਲੱਭ ਗ੍ਰੰਥਾਂ ਦੀ ਸੰਪਾਦਨਾ ਕਰਕੇ ਸਿੱਖ ਸਾਹਿਤ ਨੂੰ ਸੰਭਾਲਿਆ ਵੀ ਹੈ।

ਤੀਜਾ ਅਧਿਆਇ *ਰਚਨਾ-ਵਿਸ਼ਲੇਸ਼ਣ* ਹੈ ਜਿਸ ਵਿਚ ਗਿਆਨੀ ਜੀ ਦੀਆਂ ਰਚਨਾਵਾਂ ਨੂੰ ਵਿਸ਼ੇ ਅਨੁਸਾਰ ਵੰਡ ਕੇ ਉਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਵਿਆਖਿਆਕਾਰੀ ਸਿਰਲੇਖ ਅਧੀਨ ਗਿਆਨੀ ਜੀ ਦੁਆਰਾ ਰਚਿਤ *ਜਪੁ ਜੀ ਸਾਹਿਬ ਸਟੀਕ* ਨੂੰ ਅਧਾਰ ਬਣਾ ਕੇ ਉਨ੍ਹਾਂ ਦੀ ਵਿਆਖਿਆਕਾਰੀ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਕੋਠਾ ਗੁਰੂ ਜੀ, ਪ੍ਰੋ. ਸਾਹਿਬ ਸਿੰਘ ਅਤੇ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੀ ਜਪੁ ਬਾਣੀ ਦੀ ਵਿਆਖਿਆ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਪ੍ਰੋ. ਸਾਹਿਬ ਸਿੰਘ ਅਤੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਜੀ ਦੁਆਰਾ ਕੀਤੀ ਜਪੁ ਬਾਣੀ ਦੀ ਵਿਆਖਿਆ ਵਿਚ ਭਿੰਨਤਾ ਵੇਖਣ ਨੂੰ ਮਿਲਦੀ ਹੈ। ਇਹ ਭਿੰਨਤਾ ਲਗਭਗ ਇਕੀ ਪੰਕਤੀਆਂ ਵਿਚ ਪਾਈ ਗਈ ਹੈ। ਗਿਆਨੀ ਜੀ ਨੇ ਗੁਰਪ੍ਰਸਾਦਿ, ਸੋਚੈ ਸੋਚਿ, ਕਪੜਾ, ਗੁਰਮੁਖਿ, ਈਸਰੁ, ਗੋਰਖ, ਪਾਰਬਤੀ ਮਾਈ, ਨਵਾ ਖੰਡਾ, ਸਿਧ ਪੀਰ, ਦੀਪ ਲੋਅ, ਮਾਰਗ, ਪੰਥ, ਕੇਹਾ, ਚਿਤੁ ਗੁਪਤੁ, ਸੰਜੋਗੁ, ਵਿਜੋਗੁ, ਜੋਰੁ, ਬਾਣੀ, ਸੀਤੋ ਸੀਤਾ ਆਦਿ ਸ਼ਬਦਾਂ ਦੇ ਅਰਥ ਪ੍ਰੋ. ਸਾਹਿਬ ਸਿੰਘ ਨਾਲੋਂ ਵਿਲੱਖਣ ਕੀਤੇ ਹਨ। ਗਿਆਨੀ ਜੀ ਨੇ ਪ੍ਰੋ. ਸਾਹਿਬ ਸਿੰਘ ਵਾਂਗ ਇਕ ਤੁਕ ਦਾ ਇਕ ਹੀ ਅਰਥ ਕੀਤਾ ਹੈ। ਉਹ ਨਿਰਮਲੇ ਅਤੇ ਸੰਪ੍ਰਦਾਈ ਵਿਦਵਾਨਾਂ ਵਾਂਗ ਇਕ ਤੁਕ ਦੇ ਕਈ-ਕਈ ਅਰਥ ਨਹੀਂ ਕਰਦੇ। ਪ੍ਰੋ. ਸਾਹਿਬ ਸਿੰਘ ਅਰਥ ਕਰਦੇ ਸਮੇਂ ਮੂਲ ਪਾਠ ਦੇਣ ਉਪਰੰਤ ਪਦ ਅਰਥ ਅਤੇ ਫਿਰ ਅਰਥ ਦਿੰਦੇ ਹਨ ਪਰ ਗਿਆਨੀ ਜੀ ਨੇ ਪਉੜੀਵਾਰ ਮੂਲ ਪਾਠ ਦੇ ਕੇ ਅਰਥ ਦਿੱਤੇ ਹਨ। ਦੋਨੋਂ ਵਿਦਵਾਨ ਪਦਛੇਦ ਕਰ ਕੇ ਮੂਲ ਪਾਠ ਦਿੰਦੇ ਹਨ। ਉਦਾਸੀ, ਨਿਰਮਲੇ ਤੇ ਸੰਪ੍ਰਦਾਈ ਟੀਕਾਕਾਰ ਬਾਣੀ ਨੂੰ ਪਦ ਛੇਦ ਕਰਕੇ ਲਿਖਣ ਦੇ ਹਾਮੀ ਨਹੀਂ ਸਨ ਪਰ ਗਿਆਨੀ ਜੀ ਨੇ ਆਧੁਨਿਕ ਵਿਦਵਾਨਾਂ ਵਾਂਗ ਪਦ ਛੇਦ ਦੀ ਧਾਰਨਾ ਦੇ ਹਾਮੀ ਹਨ। ਉਨ੍ਹਾਂ ਨੇ ਆਪਣੇ ਟੀਕੇ ਵਿਚ ਪਦ ਛੇਦ ਕਰਕੇ ਪਾਠ ਦਿਤਾ ਹੈ।

ਪ੍ਰੋ. ਸਾਹਿਬ ਸਿੰਘ ਵਿਆਕਰਣ ਨਿਯਮਾਂ ਅਨੁਸਾਰ ਅਰਥ ਦਿੰਦੇ ਹਨ ਪਰ ਗਿਆਨੀ ਜੀ ਦੀ ਟੀਕਾਕਾਰੀ ਵਿਚ ਅਜਿਹਾ ਨਜ਼ਰ ਨਹੀਂ ਆਉਂਦਾ। ਦੋਨਾਂ ਵਿਦਵਾਨਾਂ ਦੀ ਬੋਲੀ ਸਰਲ ਪੰਜਾਬੀ ਹੈ। ਕੋਠਾ ਗੁਰੂ ਜੀ ਬ੍ਰਜ ਭਾਸ਼ਾ ਅਤੇ ਸੰਸਕ੍ਰਿਤ ਦੇ ਵਿਦਵਾਨ ਸਨ ਪਰ ਟੀਕੇ ਵਿਚ ਉਨ੍ਹਾਂ ਨੇ ਪੰਜਾਬੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਕਿਤੇ-ਕਿਤੇ ਹਿੰਦੀ ਭਾਸ਼ਾ ਦੇ ਸ਼ਬਦ ਆਏ ਹਨ ਜਿਨ੍ਹਾਂ ਦੇ ਅਰਥ ਟੀਕੇ ਦੇ ਅਖੀਰ ਵਿਚ ਦਰਜ ਸ਼ਬਦਕੋਸ਼ ਵਿਚ ਦਿਤੇ ਹਨ। ਗਿਆਨੀ ਜੀ ਦੀ ਬੋਲੀ ਸ਼ੈਲੀ ਨਿਰਮਲੇ ਵਿਦਵਾਨਾਂ ਵਾਂਗ ਕਠਿਨ ਤੇ ਗੁੰਝਲਦਾਰ ਨਹੀਂ ਸਗੋਂ ਸਰਲ ਹੈ।

ਗਿਆਨੀ ਜੀ ਦੁਆਰਾ ਕੀਤੇ ਅਰਥ ਗਿ. ਹਰਬੰਸ ਸਿੰਘ ਦੁਆਰਾ ਕੀਤੇ ਅਰਥ ਨਾਲ ਵਧੇਰੇ ਮਿਲਦੇ ਹਨ ਪਰ ਕਈ ਸ਼ਬਦਾਂ ਜਿਵੇਂ ਗੁਰਪ੍ਰਸਾਦਿ, ਕੋ, ਵਡਿਆਈਆਚਾਰ, ਭਾਖਿਆ ਭਾਉ ਅਪਾਰ, ਗੁਣ, ਸਤੁ, ਪੰਥ, ਸਰਮੁ, ਕੇਹਾ, ਚਿਤੁ ਗੁਪਤੁ, ਘਾੜਤ, ਸੀਤੋ ਸੀਤਾ ਆਦਿ ਦੇ ਅਰਥ ਗਿਆਨੀ ਹਰਬੰਸ ਸਿੰਘ ਤੋਂ ਵੱਖਰੇ ਕੀਤੇ ਹਨ। ਗਿਆਨੀ ਹਰਬੰਸ ਸਿੰਘ ਅਰਥ ਕਰਦੇ ਸਮੇਂ ਮੂਲ ਪਾਠ, ਉਚਾਰਨ ਸੇਧ, ਪਦ ਅਰਥ, ਅਰਥ, ਅਰਥ ਭੇਦ ਅਤੇ ਨਿਰਣੈ ਦਿੰਦੇ ਹਨ ਪਰ ਕੋਠਾ ਗੁਰੂ ਜੀ ਨੇ ਸੰਪ੍ਰਦਾਇ ਵਿਦਵਾਨਾਂ ਵਾਂਗ ਮੂਲ ਪਾਠ ਦੇਣ

ਉਪਰੰਤ ਟੀਕਾ ਦਿਤਾ ਹੈ ਅਤੇ ਅਖੀਰ ਵਿਚ ਔਖੇ ਸ਼ਬਦਾਂ ਦੇ ਅਰਥ ਦਸਣ ਲਈ ਸ਼ਬਦ ਕੋਸ਼ ਅੰਕਿਤ ਕੀਤਾ ਹੈ। ਗਿਆਨੀ ਹਰਬੰਸ ਸਿੰਘ ਨੇ ਟੀਕਾ ਤੁਲਨਾਤਮਕ ਅਧਿਐਨ ਦੁਆਰਾ ਪੇਸ਼ ਕੀਤਾ ਹੈ। ਉਹ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਪੇਸ਼ ਕਰਨ ਉਪਰੰਤ ਨਿਰਣੈ ਪੇਸ਼ ਕਰਦੇ ਹਨ ਪਰ ਕੋਠਾ ਗੁਰੂ ਜੀ ਦੀ ਟੀਕਾਕਾਰੀ ਵਿਚ ਅਜਿਹਾ ਵੇਖਣ ਨੂੰ ਨਹੀਂ ਮਿਲਦਾ। ਦੋਨਾਂ ਵਿਦਵਾਨਾਂ ਨੇ ਇਕ ਤੁਕ ਦਾ ਇਕ ਹੀ ਅਰਥ ਕੀਤਾ ਹੈ।

ਗਿਆਨੀ ਜੀ ਦੀ ਟੀਕਾਕਾਰੀ ਪੁਰਾਤਨ ਟੀਕਾਕਾਰਾਂ ਦੇ ਵਧੇਰੇ ਨੇੜੇ ਹੈ ਜਦੋਂ ਕਿ ਦੂਜੇ ਵਿਦਵਾਨਾਂ ਦੀ ਟੀਕਾਕਾਰੀ ਆਧੁਨਿਕ ਹੈ। ਕੋਠਾ ਗੁਰੂ ਜੀ, ਪ੍ਰੋ. ਸਾਹਿਬ ਸਿੰਘ ਅਤੇ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੀ ਵਿਆਖਿਆ ਵਿਚ ਕੁਝ ਸੁਮੇਲਤਾ ਅਤੇ ਵਖਰੇਵਾਂ ਵੇਖਣ ਨੂੰ ਮਿਲਦਾ ਹੈ। ਤਿੰਨੋਂ ਵਿਦਵਾਨਾਂ ਨੇ ਗੁਰਮਤਿ ਆਸ਼ੇ ਅਨੁਸਾਰ ਵਿਆਖਿਆ ਕੀਤੀ ਹੈ। ਇਕ ਤੁਕ ਦਾ ਇਕੋ ਅਰਥ ਕਰਦੇ ਹਨ। ਪ੍ਰੋ. ਸਾਹਿਬ ਸਿੰਘ ਅਤੇ ਗਿ. ਹਰਬੰਸ ਸਿੰਘ ਨੇ ਵਿਆਕਰਣ ਨਿਯਮਾਂ ਅਨੁਸਾਰ ਅਰਥ ਕੀਤੇ ਹਨ ਜਦੋਂ ਕਿ ਗਿਆਨੀ ਜੀ ਨੇ ਸੰਪ੍ਰਦਾਇ ਵਿਦਵਾਨਾਂ ਵਾਂਗ ਅਰਥ ਕੀਤੇ ਹਨ। ਗਿਆਨੀ ਜੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਦੀ ਟੀਕਾਕਾਰੀ ਵਿਚ ਨਿਰਮਲੇ ਵਿਦਵਾਨਾਂ ਵਾਂਗ ਵੇਦਾਂਤੀ ਵਿਚਾਰਾਂ ਦਾ ਰੰਗ ਵੇਖਣ ਨੂੰ ਨਹੀਂ ਮਿਲਦਾ। ਗਿਆਨੀ ਜੀ ਨੇ ਆਧੁਨਿਕ ਵਿਦਵਾਨਾਂ ਵਾਂਗ ਮੂਲ ਪਾਠ ਪਦ-ਛੇਦ ਕਰ ਕੇ ਦਿਤਾ ਹੈ। ਗਿਆਨੀ ਜੀ ਸੰਪ੍ਰਦਾਇ ਵਿਦਵਾਨ ਸਨ। ਉਨ੍ਹਾਂ ਦੀ ਟੀਕਾਕਾਰੀ ਪੁਰਾਤਨ ਟੀਕਾਕਾਰਾਂ ਦੇ ਵਧੇਰੇ ਨੇੜੇ ਹੈ ਕਿਉਂਕਿ ਉਨ੍ਹਾਂ ਨੇ ਆਧੁਨਿਕ ਵਿਦਵਾਨਾਂ ਵਾਂਗ ਵਿਆਕਰਣ ਨਿਯਮ, ਨਿਰੁਕਤ, ਵਿਆਖਿਆ ਆਦਿ ਨਹੀਂ ਦਿੰਦੇ ਸਗੋਂ ਮੂਲ ਪਾਠ ਦੇ ਕੇ ਸਰਲ ਟੀਕਾ ਕੀਤਾ ਹੈ। ਉਨ੍ਹਾਂ ਦੁਆਰਾ ਕੀਤੇ ਟੀਕੇ ਦੀ ਸ਼ੈਲੀ ਭਾਈ ਮਨੀ ਸਿੰਘ ਦੇ ਟੀਕੇ ਵਰਗੀ ਜਾਪਦੀ ਹੈ। ਗਿਆਨੀ ਜੀ ਨੇ ਭਾਈ ਮਨੀ ਸਿੰਘ ਵਾਂਗ ਪਉੜੀਵਾਰ ਮੂਲ ਪਾਠ ਦੇ ਕੇ ਸਰਲ, ਸੰਖੇਪ ਟੀਕਾ ਕੀਤਾ ਹੈ। ਇਸ ਤਰ੍ਹਾਂ ਗਿਆਨੀ ਜੀ ਨੇ ਸਰਲ ਰੂਪ ਵਿਚ ਗੁਰੂ ਆਸ਼ੇ ਅਨੁਸਾਰ ਅਰਥ ਦਿਤੇ ਹਨ। ਆਪ ਅਰਥ ਨੂੰ ਸਪੱਸ਼ਟ ਕਰਨ ਲਈ ਕਈ ਥਾਈਂ ਗੁਰਬਾਣੀ ਵਿਚੋਂ ਪ੍ਰਮਾਣ ਵੀ ਦਿੰਦੇ ਹਨ ਜਿਸ ਨੂੰ ਤਾਰਨ ਸਿੰਘ ਨੇ ਸਹਿਜ ਵਿਆਖਿਆ ਦਾ ਨਾਂ ਦਿੱਤਾ ਹੈ। ਗਿਆਨੀ ਜੀ ਕਠਨ ਪਦ ਦਾ ਅਰਥ ਬਰੈਕਟ ਵਿਚ ਦਿੰਦੇ ਹਨ। ਹਰ ਮੂਲ ਪਾਠ ਦੀ ਪੰਕਤੀ ਨਾਲ ਹਿੰਦਸੇ ਦਿਤੇ ਹਨ ਜਿਨ੍ਹਾਂ ਦਾ ਸੰਬੰਧ ਅਰਥ ਨਾਲ ਹੈ। ਇਸ ਨਾਲ ਪਾਠਕ ਨੂੰ ਹਰ ਤੁਕ ਲਭਣ ਵਿਚ ਅਸਾਨੀ ਹੁੰਦੀ ਹੈ। ਗਿਆਨੀ ਜੀ ਨੇ ਸਟੀਕ ਦੇ ਅਖੀਰ ਵਿਚ ਔਖੇ ਸ਼ਬਦਾਂ ਦੇ ਅਰਥ ਦਸਣ ਲਈ ਕੋਸ਼ ਅੰਕਿਤ ਕੀਤਾ ਹੈ ਜਿਸ ਵਿਚ 242 ਦੇ ਕਰੀਬ ਕਠਨ ਸ਼ਬਦਾਂ ਦੇ ਅਰਥ ਦਿੱਤੇ ਹਨ। ਉਨ੍ਹਾਂ ਦੀ ਭਾਸ਼ਾ ਸਰਲ ਪੰਜਾਬੀ ਹੈ ਪਰ ਕਿਤੇ-ਕਿਤੇ ਹਿੰਦੀ ਦੇ ਸ਼ਬਦ ਵੀ ਆਏ ਹਨ।

ਸਿਧਾਂਤਕਾਰੀ ਸਿਰਲੇਖ ਅਧੀਨ ਗਿਆਨੀ ਜੀ ਦੁਆਰਾ ਕੀਤੀ ਸਿੱਖ ਸਿਧਾਂਤਾਂ ਦੀ ਵਿਆਖਿਆ ਨੂੰ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਨੇ ਦਾਰਸ਼ਨਿਕ ਸਿਧਾਂਤਾਂ (ਪਰਮਾਤਮਾ, ਸ੍ਰਿਸ਼ਟੀ, ਮਨੁਖ ਆਦਿ) ਦੀ ਵਿਆਖਿਆ *ਗੁਰਬਾਣੀ-ਵੇਦਾਂਤ ਨਿਰਣੈ* ਪੁਸਤਕ ਵਿਚ ਕੀਤੀ ਹੈ। ਇਸ ਤੋਂ ਇਲਾਵਾ ਧਾਰਮਿਕ ਅਤੇ ਸੰਸਥਾਗਤ ਸਿਧਾਂਤਾਂ ਦੀ ਵਿਆਖਿਆ ਨੂੰ ਵਖ-ਵਖ ਪੁਸਤਕਾਂ ਵਿਚ ਪੇਸ਼ ਕੀਤਾ ਹੈ। ਗਿਆਨੀ ਜੀ ਨੇ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਪਰੰਪਰਾ ਦੇ ਅਧਾਰ 'ਤੇ ਸਿੱਖ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ। ਗਿਆਨੀ ਜੀ ਨੇ ਇਨ੍ਹਾਂ ਸਿਧਾਂਤਾਂ ਦੀ ਤੁਲਨਾਤਮਕ ਵਿਆਖਿਆ ਕਰਕੇ ਹੋਰਨਾਂ ਮਤਾਂ ਨਾਲੋਂ ਸਿੱਖ ਧਰਮ ਨੂੰ

ਨਿਖੇੜਿਆ ਹੈ। ਉਨ੍ਹਾਂ ਦੁਆਰਾ ਕੀਤੀ ਸਿਧਾਂਤਾਂ ਦੀ ਵਿਆਖਿਆ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਹ ਸਿੱਖ ਧਰਮ ਦੇ ਨਿਆਰੇਪਨ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਗਿਆਨੀ ਜੀ ਨੇ ਦਸਿਆ ਹੈ ਕਿ ਬਹੁਤ ਸਾਰੇ ਹਿੰਦੂ ਪ੍ਰਚਾਰਕ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਅੰਗ ਕਹਿ ਕੇ ਪ੍ਰਚਾਰਦੇ ਰਹੇ। ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਦੁਆਰਾ ਕੀਤੀ ਵਿਆਖਿਆ ਵਿਚ ਵੇਦਾਂਤਕ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਗਿਆਨੀ ਜੀ ਨਿਰਮਲੇ ਵਿਦਵਾਨ ਹੋ ਕੇ ਵੀ ਸਿੱਖ ਸਿਧਾਂਤਾਂ ਦੇ ਨਿਆਰੇਪਨ ਨੂੰ ਪੂਰੀ ਦ੍ਰਿੜ੍ਹਤਾ ਨਾਲ ਉਜਾਗਰ ਕਰਦੇ ਨਜ਼ਰ ਆਉਂਦੇ ਹਨ।

ਇਤਿਹਾਸਕਾਰੀ ਸਿਰਲੇਖ ਵਿਚ ਗਿਆਨੀ ਜੀ ਦੁਆਰਾ ਸਿੱਖ ਇਤਿਹਾਸਕਾਰੀ ਵਿਚ ਪਾਏ ਯੋਗਦਾਨ ਬਾਰੇ ਦਸਿਆ ਗਿਆ ਹੈ। ਗਿਆਨੀ ਜੀ ਦੀਆਂ ਇਤਿਹਾਸ ਨਾਲ ਸੰਬੰਧਿਤ 12 ਪੁਸਤਕਾਂ ਮਿਲਦੀਆਂ ਹਨ ਜਿਨ੍ਹਾਂ ਵਿਚ *ਅਦੁੱਤੀ ਸੇਵਕ, ਵਿਦਿਆਸਰ ਦਾ ਵਿਦਿਆਸਾਗਰ, ਅਗਮ ਅਗਾਧ ਪੁਰਖ, ਸੰਤ ਬਾਬਾ ਬਲਵੰਤ ਸਿੰਘ ਧਲੇਰ ਵਾਲੇ, ਸੂਰਬੀਰ ਬਚਨ ਕੇ ਬਲੀ, ਕਲਾਧਾਰੀ ਪੁਰਖ* ਆਦਿ ਜੀਵਨੀਆਂ ਹਨ। ਨਿਰਮਲ ਭੇਖ ਦਾ ਇਤਿਹਾਸ ਸ੍ਰੀ ਨਿਰਮਲ ਪੰਥ ਬੋਧ ਅਤੇ ਨਿਰਮਲ ਪੰਥ ਦੀ ਗੌਰਵ ਗਾਥਾ ਪੁਸਤਕਾਂ ਵਿਚ ਅੰਕਿਤ ਕੀਤਾ ਹੈ। ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਸ੍ਰੀ ਦਮਦਮਾ ਗੁਰੂ ਕੀ ਕਾਸ਼ੀ ਪੁਸਤਕ ਵਿਚ ਅਤੇ ਆਪਣੇ ਜੱਦੀ ਪਿੰਡ ਕੋਠਾ ਗੁਰੂ ਦਾ ਇਤਿਹਾਸ ਕੋਠਾ ਗੁਰੂ ਦੀ ਗੌਰਵ ਗਾਥਾ ਵਿਚ ਲਿਖਿਆ ਹੈ।

ਖੋਜ ਕਾਰਜ ਵਿਚ ਗਿਆਨੀ ਜੀ ਦੀਆਂ ਇਤਿਹਾਸਕ ਰਚਨਾਵਾਂ ਵਿਚੋਂ ਵਿਅਕਤੀਆਂ ਦੇ ਜੀਵਨ, ਘਟਨਾਵਾਂ ਅਤੇ ਹਵਾਲਾ ਗ੍ਰੰਥਾਂ ਬਾਰੇ ਦਸਿਆ ਗਿਆ ਹੈ ਜਿਸ ਤੋਂ ਪਤਾ ਚਲਦਾ ਹੈ ਕਿ ਗਿਆਨੀ ਜੀ ਨੇ ਵਧੇਰੇ ਕਰਕੇ ਜੀਵਨੀਮੂਲਕ ਇਤਿਹਾਸ ਲਿਖਿਆ। ਉਨ੍ਹਾਂ ਨੇ ਲਗਭਗ 498 ਵਿਅਕਤੀਆਂ ਦੇ ਜੀਵਨ ਅੰਕਿਤ ਕੀਤੇ ਹਨ ਜਿਵੇਂ ਸੰਤ ਅਤਰ ਸਿੰਘ ਜੀ ਮਸਤੂਆਣਾ, ਸੰਤ ਬਾਬਾ ਬਲਵੰਤ ਸਿੰਘ ਜੀ ਧਲੇਰ ਵਾਲੇ, ਭਾਈ ਫੁੰਮਣ ਸਿੰਘ ਅਮਰਗੜ੍ਹ, ਜਥੇਦਾਰ ਦਿਆਲ ਸਿੰਘ ਪਰਵਾਨਾ ਆਦਿ। ਇਸ ਤੋਂ ਇਲਾਵਾ ਨਿਰਮਲ ਭੇਖ ਦਾ ਇਤਿਹਾਸ ਅੰਕਿਤ ਕਰਦੇ ਹੋਏ *ਸ੍ਰੀ ਨਿਰਮਲ ਪੰਥ ਬੋਧ* ਵਿਚ ਨਿਰਮਲੇ ਵਿਦਵਾਨਾਂ, ਸ੍ਰੀ ਮਹੰਤਾਂ ਅਤੇ ਵਖ-ਵਖ ਡੇਰਿਆਂ ਅਤੇ ਸੰਪ੍ਰਦਾਵਾਂ ਦੇ ਮੁਖੀਆਂ ਦੇ ਜੀਵਨ ਅੰਕਿਤ ਕੀਤੇ ਹਨ। ਸੰਤਾਂ ਮਹਾਂਪੁਰਖਾਂ ਦੇ ਜੀਵਨ ਲਿਖਦੇ ਸਮੇਂ ਉਹ ਸ਼ਰਧਾ ਤੇ ਸਤਿਕਾਰ ਵਾਲੀ ਸ਼ਬਦਾਵਲੀ ਦਾ ਪ੍ਰਯੋਗ ਕਰਦੇ ਹਨ ਜਿਸ ਦਾ ਅੰਦਾਜ਼ਾ ਉਨ੍ਹਾਂ ਦੁਆਰਾ ਸੰਤਾਂ ਮਹੰਤਾਂ ਦੇ ਨਾਮ ਅੱਗੇ ਲਗਾਏ ਵਿਸ਼ੇਸ਼ਣਾਂ ਤੋਂ ਲਗਾਇਆ ਜਾ ਸਕਦਾ ਹੈ।

ਗਿਆਨੀ ਜੀ ਨੇ ਵਧੇਰੇ ਧਾਰਮਿਕ ਵਿਅਕਤੀਆਂ ਦੇ ਜੀਵਨ ਲਿਖੇ ਹਨ। ਇਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਗਿਆਨੀ ਜੀ ਵਧੇਰੇ ਸਮਾਂ ਸੰਤਾਂ-ਮਹਾਂਪੁਰਖਾਂ ਦੀ ਸੰਗਤ ਵਿਚ ਰਹੇ। ਉਨ੍ਹਾਂ ਨੇ ਵਿਦਿਆ ਵੀ ਨਿਰਮਲੇ ਅਤੇ ਉਦਾਸੀ ਸੰਤਾਂ ਦੇ ਡੇਰਿਆਂ 'ਚੋਂ ਹਾਸਲ ਕੀਤੀ। ਗਿਆਨੀ ਜੀ ਨੇ ਜਿਨ੍ਹਾਂ ਵਿਅਕਤੀਆਂ ਦੇ ਜੀਵਨ ਲਿਖੇ ਹਨ ਉਨ੍ਹਾਂ ਦਾ ਗੁਰਮਤਿ ਪ੍ਰਚਾਰ ਅਤੇ ਵਿਦਿਆ ਪ੍ਰਚਾਰ, ਸਾਹਿਤਕ ਅਤੇ ਸਮਾਜਿਕ ਖੇਤਰ ਵਿਚ ਵਿਸ਼ੇਸ਼ ਯੋਗਦਾਨ ਰਿਹਾ ਹੈ। ਜੀਵਨੀਆਂ ਲਿਖਦੇ ਸਮੇਂ ਗਿਆਨੀ ਜੀ ਵਿਅਕਤੀ ਵਿਸ਼ੇਸ਼ ਨਾਲ ਸੰਬੰਧਿਤ ਜ਼ਿਆਦਾ ਤੋਂ ਜ਼ਿਆਦਾ ਜਾਣਕਾਰੀ ਦੇਣ ਦਾ ਯਤਨ ਕਰਦੇ ਹਨ। ਉਹ ਸੰਬੰਧਿਤ ਵਿਅਕਤੀ ਦੇ ਦੇ ਵੰਸ਼ ਪਿਛੋਕੜ, ਜਨਮ, ਪਿੰਡ ਅਤੇ ਵਿਸ਼ੇਸ਼ ਖੇਤਰ ਵਿਚ ਪਾਏ ਯੋਗਦਾਨ ਬਾਰੇ ਬਿਆਨ ਕਰਦੇ ਹਨ। ਜੀਵਨੀਆਂ

ਲਿਖਣ ਲਈ ਉਨ੍ਹਾਂ ਨੇ ਜਿਥੇ ਆਪਣੇ ਤੋਂ ਪਹਿਲਾਂ ਹੋਏ ਕਾਰਜਾਂ ਨੂੰ ਅਧਾਰ ਬਣਾਇਆ ਉਥੇ ਮੌਖਿਕ ਪਰੰਪਰਾ ਨੂੰ ਵੀ ਅਧਾਰ ਬਣਾਇਆ ਹੈ। ਉਹ ਪਿੰਡ ਦੇ ਬਜ਼ੁਰਗਾਂ, ਡੇਰਿਆਂ 'ਚੋਂ ਜਾਣਕਾਰੀ ਇਕੱਤਰ ਕਰਦੇ ਹਨ। ਉਨ੍ਹਾਂ ਨੂੰ ਮੌਖਿਕ ਪਰੰਪਰਾ ਦਾ ਵਿਸ਼ਾਲ ਗਿਆਨ ਸੀ। ਇਤਿਹਾਸ ਲਿਖਦੇ ਸਮੇਂ ਉਹ ਤਿੱਥਾਂ ਵੀ ਦਿੰਦੇ ਹਨ ਅਤੇ ਕਾਲਕ੍ਰਮ ਦਾ ਖਿਆਲ ਵੀ ਰਖਦੇ ਹਨ ਪਰ ਇਤਿਹਾਸ ਪ੍ਰਤੀ ਗਿਆਨੀ ਜੀ ਦਾ ਦ੍ਰਿਸ਼ਟੀਕੋਣ ਵਧੇਰੇ ਕਰਕੇ ਪਰੰਪਰਾ ਮੂਲਕ ਹੈ। ਗਿਆਨੀ ਜੀ ਦੀ ਸ਼ਬਦਾਵਲੀ ਸਰਲ ਪੰਜਾਬੀ ਹੈ ਪਰ ਸੰਸਕ੍ਰਿਤ, ਹਿੰਦੀ ਅਤੇ ਬ੍ਰਿਜ ਭਾਸ਼ਾ ਦਾ ਅਸਰ ਵੀ ਵੇਖਣ ਨੂੰ ਮਿਲਦਾ ਹੈ। ਅਜਿਹਾ ਹੋਣਾ ਸੁਭਾਵਿਕ ਸੀ ਕਿਉਂਕਿ ਗਿਆਨੀ ਜੀ ਇਨ੍ਹਾਂ ਭਾਸ਼ਾਵਾਂ ਦੇ ਵਿਦਵਾਨ ਸਨ। ਗਿਆਨੀ ਜੀ ਦੁਆਰਾ ਕੀਤਾ ਇਹ ਕਾਰਜ ਜਿਥੇ ਸਿੱਖ ਅਧਿਐਨ ਦੇ ਵਿਦਵਾਨਾਂ ਅਤੇ ਖੋਜਾਰਥੀਆਂ ਲਈ ਸਹਾਇਕ ਸਿੱਧ ਹੋਵੇਗਾ ਉਥੇ ਇਹੋ ਜਿਹੇ ਜੀਵਨੀਮੂਲਕ ਖੋਜ ਕਾਰਜ ਕਰਨ ਲਈ ਪ੍ਰੇਰਨਾ ਸ੍ਰੋਤ ਵੀ ਬਣੇਗਾ।

ਗਿਆਨੀ ਜੀ ਨਿਰਮਲੇ ਵਿਦਵਾਨ ਸਨ ਅਤੇ ਉਨ੍ਹਾਂ ਨੇ ਨਿਰਮਲ ਸੰਪ੍ਰਦਾਇ ਦਾ ਇਤਿਹਾਸ ਲਿਖ ਕੇ ਸਿੱਖ ਸਾਹਿਤ ਵਿਚ ਵਡਮੁੱਲਾ ਯੋਗਦਾਨ ਪਾਇਆ। ਗਿਆਨੀ ਜੀ ਤੋਂ ਪਹਿਲਾਂ ਨਿਰਮਲ ਭੇਖ ਦਾ ਇਤਿਹਾਸ ਗਿਆਨੀ ਗਿਆਨ ਸਿੰਘ, ਮਹੰਤ ਗਣੇਸ਼ਾ ਸਿੰਘ ਅਤੇ ਮਹੰਤ ਦਿਆਲ ਸਿੰਘ ਨੇ ਅੰਕਿਤ ਕੀਤਾ ਪਰ ਇਹ ਸਾਹਿਤ ਬਹੁਤ ਦੁਰਲੱਭ ਹੋ ਗਿਆ ਸੀ ਅਤੇ ਇਤਿਹਾਸ ਵਿਚ ਕਈ ਤਬਦੀਲੀਆਂ ਆ ਚੁੱਕੀਆਂ ਸਨ ਜਿਸ ਕਾਰਨ ਗਿਆਨੀ ਜੀ ਨੇ ਇਹ ਗ੍ਰੰਥ ਲਿਖਣ ਦੀ ਲੋੜ ਮਹਿਸੂਸ ਕੀਤੀ। ਗਿਆਨੀ ਜੀ ਨੇ ਨਿਰਮਲ ਭੇਖ ਦਾ ਇਤਿਹਾਸ ਅੰਕਿਤ ਕਰਦੇ ਹੋਏ ਨਿਰਮਲ ਭੇਖ ਦੇ ਆਰੰਭ, ਵਿਕਾਸ, ਉਪ-ਸੰਪ੍ਰਦਾਵਾਂ ਅਤੇ ਡੇਰਿਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿਤੀ ਹੈ। ਗਿਆਨੀ ਜੀ ਨੇ ਇਨ੍ਹਾਂ ਸੰਪ੍ਰਦਾਵਾਂ ਦਾ ਵਰਗੀਕਰਨ ਕਰ ਕੇ ਤਰਤੀਬ ਵਿਚ ਪੇਸ਼ ਕੀਤਾ ਹੈ ਜਿਵੇਂ ਪਹਿਲਾਂ ਭਾਈ ਦਇਆ ਸਿੰਘ ਅਤੇ ਫਿਰ ਭਾਈ ਧਰਮ ਸਿੰਘ ਨਾਲ ਸੰਬੰਧਿਤ ਸੰਪ੍ਰਦਾਵਾਂ ਬਾਰੇ ਦਸਿਆ ਹੈ। ਗਿਆਨੀ ਜੀ ਤੋਂ ਪਹਿਲੀਆਂ ਲਿਖਤਾਂ ਵਿਚ ਅਜਿਹਾ ਵੇਖਣ ਨੂੰ ਨਹੀਂ ਮਿਲਦਾ। ਮਹੰਤ ਗਣੇਸ਼ਾ ਸਿੰਘ ਨੇ ਨਿਰਮਲ ਭੇਖ ਦੀਆਂ ਸੰਪ੍ਰਦਾਵਾਂ ਦੀ ਗਿਣਤੀ 17 ਅਤੇ ਮਹੰਤ ਦਿਆਲ ਸਿੰਘ ਨੇ 33 ਦਸੀ ਹੈ ਜਦੋਂ ਕਿ ਗਿਆਨੀ ਜੀ ਨੇ ਇਨ੍ਹਾਂ ਦੀ ਗਿਣਤੀ 35 ਦਸੀ ਹੈ। ਉਨ੍ਹਾਂ ਨੇ ਦੋ ਨਵੀਆਂ ਸੰਪ੍ਰਦਾਵਾਂ ਸੰਪ੍ਰਦਾਇ ਮਸਤੂਆਣਾ ਅਤੇ ਸੰਪ੍ਰਦਾਇ ਸੰਤ ਕੋਇਰ ਸਿੰਘ ਨੂੰ ਵੱਖਰੇ ਰੂਪ ਵਿਚ ਮੰਨਿਆ ਹੈ। ਜਦੋਂ ਕਿ ਮਹੰਤ ਦਿਆਲ ਸਿੰਘ ਨੇ ਇਨ੍ਹਾਂ ਸੰਪ੍ਰਦਾਵਾਂ ਨੂੰ ਵੱਖਰੇ ਤੌਰ 'ਤੇ ਪੇਸ਼ ਨਹੀਂ ਕੀਤਾ ਬਲਕਿ ਹੋਰਨਾਂ ਸੰਪ੍ਰਦਾਵਾਂ ਦੇ ਵਿਚ ਹੀ ਇਨ੍ਹਾਂ ਦਾ ਸੰਖੇਪ ਇਤਿਹਾਸ ਅੰਕਿਤ ਕੀਤਾ ਹੈ। ਨਿਰਮਲ ਸੰਪ੍ਰਦਾਇ ਅਤੇ ਡੇਰਿਆਂ ਦਾ ਇਤਿਹਾਸ ਲਿਖਦੇ ਸਮੇਂ ਆਪ ਵਿਅਕਤੀਆਂ ਦੇ ਜੀਵਨ ਨੂੰ ਵਧੇਰੇ ਉਜਾਗਰ ਕਰਦੇ ਹਨ ਉਦਾਹਰਣ ਵਜੋਂ ਕਿਸੇ ਵੀ ਡੇਰੇ ਦੇ ਸੰਸਥਾਪਕ ਦਾ ਜੀਵਨ ਉਨ੍ਹਾਂ ਦੇ ਉਤਰਾਧਿਕਾਰੀਆਂ ਦੇ ਜੀਵਨ ਦਿੰਦੇ ਹਨ।

ਗਿਆਨੀ ਜੀ ਨੇ ਆਪਣੇ ਤੋਂ ਪਹਿਲੇ ਵਿਦਵਾਨਾਂ ਦੁਆਰਾ ਕੀਤੇ ਸਰਵੇਖਣ ਨਾਲੋਂ ਕਈ ਨਵੇਂ ਤੱਥ ਪੇਸ਼ ਕੀਤੇ ਹਨ ਜਿਵੇਂ ਡੇਰਿਆਂ ਦੇ ਪ੍ਰਬੰਧ ਵਿਚ ਹੋਇਆ ਫੇਰਬਦਲ, ਨਵੀਆਂ ਬਣੀਆਂ ਸੰਪ੍ਰਦਾਵਾਂ ਅਤੇ ਡੇਰਿਆਂ ਬਾਰੇ ਜਾਣਕਾਰੀ ਅੰਕਤ ਕੀਤੀ ਹੈ। ਗਿਆਨੀ ਜੀ ਨੇ ਕਈ ਡੇਰਿਆਂ ਦੇ ਪ੍ਰਬੰਧ ਵਿਚ ਆਈ ਤਬਦੀਲੀ ਅਤੇ ਨਵੇਂ ਬਣੇ ਮਹੰਤਾਂ ਦੇ ਜੀਵਨ ਅੰਕਿਤ ਕੀਤੇ ਹਨ। ਇਹ ਡੇਰੇ ਡੇਰਾ ਬਾਬਾ ਖੜਗ ਸਿੰਘ ਵਾਲਾ, ਡੇਰਾ ਬੰਗਾ,

ਡੇਰਾ ਕਰਮਸਰ, ਡੇਰਾ ਸੰਗਤ ਲਾਹੌਰੀ ਟੋਲਾ, ਡੇਰਾ ਗਲੀ ਬਾਗ ਵਾਲੀ ਅੰਮ੍ਰਿਤਸਰ, ਡੇਰਾ ਸ੍ਰੀ ਮੁਕਤਸਰ ਸਾਹਿਬ, ਡੇਰਾ ਨੈਣੇ ਵਾਲਾ, ਡੇਰਾ ਭੋਲੇ ਨਾਰਾਇਣ ਭਗਤਾ ਭਾਈ, ਡੇਰਾ ਪਿੰਡ ਲੋਹਗੜ੍ਹ, ਡੇਰਾ ਪਿੰਡ ਦੌਧਰ, ਡੇਰਾ ਸ੍ਰੀ ਹਰਿਗੋਬਿੰਦਪੁਰ, ਡੇਰਾ ਫਤਿਆਬਾਦ, ਡੇਰਾ ਪਿੰਡ ਸੇਖਵਾਂ, ਡੇਰਾ ਪਿੰਡ ਹਰੀ ਕੇ ਕਲ੍ਹਾਂ, ਡੇਰਾ ਪੰਜ ਗਰਾਂਈ ਕਲਾਂ, ਡੇਰਾ ਰਿਸ਼ੀ ਆਸ਼ਰਮ ਜਗਰਾਉ, ਡੇਰਾ ਭਾਈ ਬਖਤੌਰ, ਡੇਰਾ ਭਾਈ ਦਿਆਲਾ ਜੀ, ਡੇਰਾ ਪਿੰਡ ਜਲਾਲ, ਚੇਤਨ ਮਠ, ਡੇਰਾ ਬਾਬਾ ਦਰਗਾਹਾ ਸਿੰਘ ਕਨਖਲ, ਹਰਿਦਵਾਰ, ਡੇਰਾ ਟੂਟੋ ਮਾਜਰਾ, ਡੇਰਾ ਸਿੰਘ ਪੁਰਾ, ਗੁਰਦੁਆਰਾ ਅਖੰਡ ਪ੍ਰਕਾਸ਼, ਡੇਰਾ ਬਰਨਾਲਾ, ਵੱਡਾ ਡੇਰਾ ਠਾਕੁਰਾਂ, ਡੇਰਾ ਨਗਾਲੀ ਸਾਹਿਬ, ਡੇਰਾ ਸੰਤ ਜੋਗਾ ਸਿੰਘ ਅੰਮ੍ਰਿਤਸਰ, ਡੇਰਾ ਹੰਸਲੀਵਾਲਾ, ਅੰਮ੍ਰਿਤਸਰ, ਡੇਰਾ ਠੀਕਰੀਵਾਲਾ ਪਟਿਆਲਾ, ਡੇਰਾ ਭਜਨਗੜ੍ਹ, ਡੇਰਾ ਬਿਬੇਕਸਰ ਅੰਮ੍ਰਿਤਸਰ, ਡੇਰਾ ਪ੍ਰੇਮਸਰ ਬਾੜੀਆਂ ਕਲ੍ਹਾਂ, ਨਿਰਮਲ ਤਖ਼ਤ ਰਾਮਦਾਸ ਅੰਮ੍ਰਿਤਸਰ, ਡੇਰਾ ਪਿੰਡ ਗੋਲੇਵਾਲਾ ਬਠਿੰਡਾ ਅਤੇ ਡੇਰਾ ਪਿੰਡ ਧੁਲੇਤਾ ਹਨ। ਗਿਆਨੀ ਜੀ ਨੇ ਕਈ ਖਤਮ ਹੋ ਚੁੱਕੇ ਡੇਰਿਆਂ ਬਾਰੇ ਵੀ ਜਾਣਕਾਰੀ ਦਿੱਤੀ ਹੈ ਜਿਵੇਂ ਡੇਰਾ ਦੁਭੇਰਨ, ਡੇਰਾ ਡਰੋਲੀ, ਡੇਰਾ ਕੋਰੇਵਾਲਾ, ਡੇਰਾ ਸਕਰੋਂਦੀ, ਡੇਰਾ ਕਬੇਰ ਵਾਲਾ ਆਦਿ।

ਗਿਆਨੀ ਜੀ ਦੁਆਰਾ ਰਚਿਤ ਗ੍ਰੰਥ*ਸ੍ਰੀ ਨਿਰਮਲ ਪੰਥ ਬੋਧ* ਨਿਰਮਲ ਸੰਪ੍ਰਦਾਇ ਦਾ ਕੋਸ਼ ਪ੍ਰਤੀਤ ਹੁੰਦਾ ਹੈ ਜਿਸ ਵਿਚ ਆਪਣੇ ਤੋਂ ਪਹਿਲੇ ਇਤਿਹਾਸਕਾਰਾਂ ਨਾਲੋਂ ਕਈ ਨਵੇਂ ਵਾਧੇ ਕੀਤੇ ਹਨ। ਉਨ੍ਹਾਂ ਨੇ ਨਿਰਮਲ ਸੰਪ੍ਰਦਾਇ ਦਾ ਇਤਿਹਾਸ ਲਿਖਣ ਲਈ ਕਈ ਇਤਿਹਾਸਕ ਸ੍ਰੋਤਾਂ ਨੂੰ ਅਧਾਰ ਬਣਾਇਆ ਹੈ। ਇਹ ਕਾਰਜ ਵਧੇਰੇ ਉਪਯੋਗੀ ਨਾ ਹੁੰਦਾ ਜੇਕਰ ਗਿਆਨੀ ਜੀ ਇਸ ਨੂੰ ਕਿਤਾਬੀ ਗਿਆਨ ਤਕ ਸੀਮਿਤ ਰੱਖਦੇ। ਉਨ੍ਹਾਂ ਨੇ ਨਿਰਮਲਿਆਂ ਦੇ ਡੇਰਿਆਂ ਵਿਚ ਜਾ ਕੇ ਜਾਣਾਕਾਰੀ ਇਕੱਤਰ ਕੀਤੀ ਅਤੇ ਇਕ ਤਰਤੀਬ ਵਿਚ ਇਸ ਨੂੰ ਪੇਸ਼ ਕੀਤਾ ਹੈ। ਵਰਤਮਾਨ ਸਮੇਂ ਵਿਚ ਜੇਕਰ ਕਿਸੇ ਨੇ ਨਿਰਮਲ ਸੰਪ੍ਰਦਾਇ ’ਤੇ ਖੋਜ ਕਰਨੀ ਹੋਵੇ ਤਾਂ ਗਿਆਨੀ ਜੀ ਦੀਆਂ ਨਿਰਮਲ ਭੇਖ ਨਾਲ ਸੰਬੰਧਿਤ ਰਚਨਾਵਾਂ ਨੂੰ ਅਧਾਰ ਬਣਾਏ ਬਿਨਾ ਅਸੰਭਵ ਜਾਪਦਾ ਹੈ। ਗਿਆਨੀ ਜੀ ਦੁਆਰਾ ਨਿਰਮਲ ਭੇਖ ’ਤੇ ਕੀਤਾ ਇਹ ਕਾਰਜ ਮਹੱਤਵਪੂਰਨ ਹੈ। ਇਹ ਕਾਰਜ ਭਵਿੱਖ ਵਿਚ ਨਿਰਮਲ ਸੰਪ੍ਰਦਾਇ ’ਤੇ ਖੋਜ ਕਾਰਜ ਕਰਨ ਵਾਲੇ ਵਿਦਿਆਰਥੀਆਂ ਲਈ ਸਹਾਇਕ ਸਿੱਧ ਹੋਵੇਗਾ।

ਗਿਆਨੀ ਜੀ ਘਟਨਾਵਾਂ ਪੇਸ਼ ਕਰਦੇ ਹੋਏ ਆਪਣੇ ਤੋਂ ਪਹਿਲੇ ਇਤਿਹਾਸਕਾਰਾਂ ਨਾਲ ਸਹਿਮਤੀ ਪ੍ਰਗਟਾਉਂਦੇ ਨਜ਼ਰ ਆਉਂਦੇ ਹਨ ਅਤੇ ਆਪਣੇ ਵਿਚਾਰ ਦੀ ਪ੍ਰੋੜ੍ਹਤਾ ਲਈ ਵੱਖ-ਵੱਖ ਸ੍ਰੋਤਾਂ ਦੇ ਹਵਾਲੇ ਦਿੰਦੇ ਹਨ ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਪਰੰਪਰਾ ਵਿਚ ਚਲੇ ਆ ਰਹੇ ਵਿਚਾਰਾਂ ਨੂੰ ਅਪਣਾਉਂਦੇ ਹਨ ਉਦਾਹਰਣ ਵਜੋਂ ਗਿਆਨੀ ਜੀ ਨਿਰਮਲ ਸੰਪ੍ਰਦਾਇ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਮੰਨਦੇ ਹਨ। ਗਿਆਨੀ ਜੀ ਤੋਂ ਪਹਿਲੇ ਨਿਰਮਲੇ ਵਿਦਵਾਨ ਵੀ ਇਸੇ ਵਿਚਾਰ ਨੂੰ ਪੇਸ਼ ਕਰਦੇ ਹਨ ਜਦੋਂ ਕਿ ਆਧੁਨਿਕ ਵਿਦਵਾਨਾਂ ਜਿਵੇਂ ਪ੍ਰੋ. ਪਿਆਰਾ ਸਿੰਘ ਪਦਮ, ਭਾਈ ਕਾਨ੍ਹ ਸਿੰਘ ਨਾਭਾ ਨੇ ਨਿਰਮਲ ਸੰਪ੍ਰਦਾਇ ਦਾ ਆਰੰਭ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਮੰਨਿਆ ਹੈ। ਇਸ ਤਰ੍ਹਾਂ ਗਿਆਨੀ ਜੀ ਪਰੰਪਰਾ ਦੇ ਅਧਾਰ ’ਤੇ ਗੱਲ ਕਰਦੇ ਹਨ।

ਗਿਆਨੀ ਜੀ ਨੇ ਆਪਣੇ ਇਲਾਕੇ ਦੇ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ ਦਾ ਇਤਿਹਾਸ ਵੀ ਅੰਕਿਤ ਕੀਤਾ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਗਿਆਨੀ ਜੀ ਦਾ ਜਿਥੇ ਆਪਣੇ ਇਲਾਕੇ ਲਈ ਮੋਹ ਸੀ ਉਥੇ

ਉਹ ਆਪਣੇ ਇਲਾਕੇ ਵਿਚ ਹੋਏ ਇਤਿਹਾਸਕ ਕਾਰਨਾਮਿਆਂ ਨੂੰ ਅੰਕਿਤ ਕਰਨ ਲਈ ਤਤਪਰ ਸਨ। ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਇਹ ਅਸਥਾਨ ਸਿੱਖ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਰੱਖਦੇ ਹਨ। ਤਖ਼ਤ ਸ੍ਰੀ ਦਮਦਮਾ ਸਾਹਿਬ ਸਿੱਖ ਪੰਥ ਦਾ ਚੌਥਾ ਤਖਤ ਹੈ। ਗਿਆਨੀ ਜੀ ਨੇ ਦਮਦਮਾ ਸਾਹਿਬ ਦਾ ਇਤਿਹਾਸ ਤਿੱਥਾਂ ਦੇ ਅਧਾਰ 'ਤੇ ਕਾਲਕ੍ਰਮ ਅਨੁਸਾਰ ਲਿਖਿਆ ਹੈ। ਗਿਆਨੀ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਬਾਰੇ ਪਹਿਲੀ ਵਾਰ ਉਦੋਂ ਲਿਖਿਆ ਜਦੋਂ ਤਖ਼ਤ ਸਾਹਿਬ ਦੀ ਮਾਨਤਾ 'ਤੇ ਮਹੰਤਾਂ ਦੇ ਪ੍ਰਬੰਧ ਕਾਰਨ ਪ੍ਰਸ਼ਨ ਚਿੰਨ੍ਹ ਲੱਗ ਰਹੇ ਸਨ। ਉਸ ਸਮੇਂ ਗਿਆਨੀ ਜੀ ਨੇ ਤਖਤ ਸ੍ਰੀ ਦਮਦਮਾ ਸਾਹਿਬ ਟਰੈਕਟ ਛਾਪਿਆ ਜਿਸ ਵਿਚ ਦਲੀਲਾਂ ਸਹਿਤ ਤਖ਼ਤ ਸਾਹਿਬ ਦੀ ਮਾਨਤਾ ਨੂੰ ਸਿੱਧ ਕੀਤਾ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਦਮਦਮਾ ਸਾਹਿਬ ਦਾ ਵਿਸਤਾਰ ਨਾਲ ਇਤਿਹਾਸ ਅੰਕਿਤ ਕੀਤਾ ਜੋ ਕਿ ਬਹੁਤ ਮਹੱਤਵਪੂਰਨ ਹੈ। ਇਸ ਵਿਚ ਗਿਆਨੀ ਜੀ ਨੇ ਸ੍ਰੋਤਾਂ ਦੇ ਅਧਾਰ ਦੇ ਇਤਿਹਾਸ ਪੇਸ਼ ਕੀਤਾ ਹੈ ਜੋ ਕਿ ਗੁਰਦੁਆਰਿਆਂ 'ਤੇ ਕਾਰਜ ਕਰਨ ਵਾਲੇ ਖੋਜਾਰਥੀਆਂ ਲਈ ਬਹੁਤ ਉਪਯੋਗੀ ਹੈ। ਇਸ ਤੋਂ ਇਲਾਵਾ ਗੁਰਦੁਆਰਾ ਗੁੰਗਸਰ, ਗੁਰਦੁਆਰਾ ਕੌਲਸਰ, ਲੋਹਗੜ ਸਾਹਿਬ ਦੀਨਾ ਆਦਿ ਗੁਰਦੁਆਰਿਆਂ ਬਾਰੇ ਵੀ ਲਿਖਿਆ ਹੈ। ਉਨ੍ਹਾਂ ਨੇ ਇਨ੍ਹਾਂ ਅਸਥਾਨਾਂ ਦੀ ਭੂਗੋਲਿਕ ਸਥਿਤੀ, ਇਤਿਹਾਸ, ਵਰਤਮਾਨ ਪ੍ਰਬੰਧ, ਨਿਸ਼ਾਨੀਆਂ, ਪੁਰਾਤਾਨ ਅਤੇ ਵਰਤਮਾਨ ਸਥਿਤੀ ਬਾਰੇ ਵਿਸਤਾਰ ਨਾਲ ਦਸਿਆ ਹੈ। ਗਿਆਨੀ ਜੀ ਦੁਆਰਾ ਕੀਤਾ ਇਹ ਕਾਰਜ ਗੁਰਅਸਥਾਨਾਂ 'ਤੇ ਕਾਰਜ ਕਰਨ ਵਾਲੇ ਖੋਜਾਥੀਆਂ ਅਤੇ ਵਿਦਵਾਨਾਂ ਲਈ ਸਹਾਇਕ ਸਿੱਧ ਹੋਵੇਗਾ।

ਗਿਆਨੀ ਜੀ ਦੁਆਰਾ ਲਿਖੇ ਪਿੰਡਾਂ ਦੇ ਇਤਿਹਾਸ ਵਿਚ ਮਹੱਤਵਪੂਰਨ ਕਾਰਜ ਉਨ੍ਹਾਂ ਦੇ ਜੱਦੀ ਪਿੰਡ ਕੋਠਾ ਗੁਰੂ ਦਾ ਇਤਿਹਾਸ ਹੈ ਜਿਸ ਵਿਚ ਕੋਠਾ ਗੁਰੂ ਦੇ ਪ੍ਰਾਚੀਨ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਦਾ ਇਤਿਹਾਸ ਅੰਕਿਤ ਕੀਤਾ ਗਿਆ ਹੈ। ਪਿੰਡ ਕੋਠਾ ਗੁਰੂ ਇਸ ਕਰਕੇ ਵਿਸ਼ੇਸ਼ ਮਹੱਤਤਾ ਰੱਖਦਾ ਹੈ ਕਿਉਂਕਿ ਇਸ ਇਤਿਹਾਸਕ ਪਿੰਡ ਦੀ ਮਿੱਟੀ ਵਿਚੋਂ ਕਈ ਵਿਦਵਾਨਾਂ ਨੇ ਜਨਮ ਲਿਆ ਜਿਵੇਂ ਬਾਬਾ ਮਿਹਰਵਾਨ ਜੀ, ਬਾਬਾ ਹਰਿ ਜੀ, ਭਾਈ ਕੇਸ਼ੋ ਦਾਸ, ਕੁਸ਼ਲਦਾਸ, ਹਰੀਆ, ਦਰਬਾਰੀ ਦਾਸ, ਪ੍ਰੋ. ਹਰਬੰਸ ਸਿੰਘ ਆਦਿ। ਉਨ੍ਹਾਂ ਨੇ ਪਿੰਡ ਕੋਠਾ ਗੁਰੂ ਦੇ ਹਰ ਪਹਿਲੂ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਉਹ ਜਿਥੇ ਪਿੰਡ ਦਾ ਇਤਿਹਾਸ ਲਿਖਦੇ ਹਨ ਉਥੇ ਰਾਜਨੀਤਿਕ ਸਥਿਤੀ, ਸੱਭਿਆਚਾਰਕ, ਧਾਰਮਿਕ ਅਤੇ ਭੂਗੋਲਿਕ ਪੱਖ ਬਾਰੇ ਵੀ ਦਿੰਦੇ ਹਨ। ਉਨ੍ਹਾਂ ਨੇ ਪਿੰਡ ਕੋਠਾ ਗੁਰੂ ਵਿਚ ਚੰਗੀ ਕਾਰਗੁਜ਼ਾਰੀ ਕਰਨ ਵਾਲੇ ਵਿਅਕਤੀਆਂ ਦੇ ਜੀਵਨ ਵੀ ਦਿੱਤੇ ਹਨ। ਗਿਆਨੀ ਜੀ ਨੇ ਤੱਥਾਂ ਦੇ ਅਧਾਰ 'ਤੇ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਪਿੰਡ ਦੇ ਬਜ਼ੁਰਗਾਂ ਕੋਲੋਂ ਪ੍ਰਾਚੀਨ ਮੌਖਿਕ ਘਟਨਾਵਾਂ ਪ੍ਰਾਪਤ ਕੀਤੀਆਂ ਹਨ। ਪਿੰਡ ਨਾਲ ਸੰਬੰਧਿਤ ਪੁਰਾਤਨ ਅਤੇ ਨਵੀਨ ਤਸਵੀਰਾਂ ਅਤੇ ਸਾਬਕਾ ਰਿਆਸਤ ਪਟਿਆਲਾ ਦੇ ਪਿੰਡ ਕੋਠਾ ਗੁਰੂ ਨਾਲ ਸੰਬੰਧਿਥ ਨਕਸ਼ੇ ਵੀ ਦਿੱਤੇ ਹਨ। ਇਸ ਪੁਸਤਕ ਵਿਚ ਗੁਰੂ ਸਾਹਿਬਾਨ ਅਤੇ ਮੀਣਿਆਂ ਦੁਆਰਾ ਰਚੇ ਸਾਹਿਤ ਬਾਰੇ ਵੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਗਿਆਨੀ ਜੀ ਦੀ ਇਸ ਪੁਸਤਕ ਤੋਂ ਪਤਾ ਲਗਦਾ ਹੈ ਕਿ ਪਿੰਡ ਕੋਠਾ ਗੁਰੂ ਆਪਣੇ ਵਿਚ ਵਡਮੁੱਲਾ ਇਤਿਹਾਸ ਸਮੋਈ ਬੈਠਾ ਹੈ। ਪਿੰਡ ਦੇ ਨਾਮਕਰਣ, ਗੁਰੂ ਸਾਹਿਬਾਨ ਦੇ ਆਉਣ, ਮੀਣਿਆਂ ਦੁਆਰਾ ਇਸ ਸਥਾਨ 'ਤੇ ਸਾਹਿਤ ਰਚਨਾ, ਪਿੰਡ ਦੇ ਵਿਕਾਸ, ਪਿੰਡ ਦੇ ਧਾਰਮਿਕ ਸਥਾਨਾਂ, ਮੇਲਿਆਂ ਅਤੇ

ਪ੍ਰਸਿਧ ਵਿਅਕਤੀਆਂ ਬਾਰੇ ਵਿਸਤਾਰ ਨਾਲ ਬਿਆਨ ਕੀਤਾ ਹੈ। ਗਿਆਨੀ ਜੀ ਦੁਆਰਾ ਕੀਤਾ ਇਹ ਕਾਰਜ ਜਿਥੇ ਪਿੰਡ ਕੋਠਾ ਗੁਰੂ ਬਾਰੇ ਖੋਜ ਭਰਪੂਰ ਜਾਣਾਕਰੀ ਮੁਹੱਈਆਂ ਕਰਵਾਉਂਦਾ ਹੈ ਉਥੇ ਖੋਜਾਰਥੀਆਂ ਨੂੰ ਅਜਿਹੇ ਕਾਰਜ ਕਰਨ ਲਈ ਪ੍ਰੇਰਨਾ ਵੀ ਦਿੰਦਾ ਹੈ। ਮਾਲਵੇ ਦੇ ਅਨੇਕਾਂ ਪਿੰਡ ਇਤਿਹਾਸ ਸਾਂਭੀ ਬੈਠੇ ਹਨ। ਅਜਿਹੇ ਕਾਰਜ ਹੋਰਨਾਂ ਲਈ ਪ੍ਰੇਰਨਾ ਸ੍ਰੋਤ ਬਣਦੇ ਹਨ। ਇਸ ਤੋਂ ਇਲਾਵਾ ਬਾਕੀ ਪਿੰਡਾਂ ਦਾ ਇਤਿਹਾਸ ਸੰਬੰਧਿਤ ਵਿਅਕਤੀਆਂ ਦੇ ਜੀਵਨ ਲਿਖਣ ਸਮੇਂ ਸੰਖੇਪ ਵਿਚ ਅੰਕਿਤ ਕੀਤਾ ਗਿਆ ਹੈ ਜਿਵੇਂ ਮਸਤੂਆਣਾ, ਅਮਰਗੜ੍ਹੀ, ਚੀਮਾ ਆਦਿ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗਿਆਨੀ ਜੀ ਜੀਵਨੀ ਲਿਖਦੇ ਸਮੇਂ ਉਸ ਵਿਅਕਤੀ ਦੇ ਪਿਛੋਕੜ ਬਾਰੇ ਵੀ ਭਰਪੂਰ ਜਾਣਕਾਰੀ ਅੰਕਿਤ ਕਰਦੇ ਹਨ।

ਗਿਆਨੀ ਜੀ ਮਿਤੀਆਂ ਦੇਣ ਲਈ ਵਧੇਰੇ ਪੁਰਾਣੀਆਂ ਘਟਨਾਵਾਂ ਲਈ ਸੰਮਤ ਅਤੇ ਕਈ ਥਾਂਵਾਂ ’ਤੇ ਸੰਮਤ ਅਤੇ ਸੰਨ ਅਤੇ ਆਧੁਨਿਕ ਘਟਨਾਵਾਂ ਲਈ ਸੰਨ ਦਿੰਦੇ ਹਨ। ਗਿਆਨੀ ਜੀ ਨੇ ਸ੍ਰੋਤਾਂ ਅਤੇ ਪਰੰਪਰਾ ਦੇ ਅਧਾਰ ’ਤੇ ਇਤਿਹਾਸ ਲਿਖਿਆ ਹੈ। ਉਨ੍ਹਾਂ ਦੀ ਇਤਿਹਾਸਕਾਰੀ ਦੀ ਇਹ ਵਿਲੱਖਣਤਾ ਹੈ ਕਿ ਉਹ ਕੇਵਲ ਕਿਤਾਬੀ ਗਿਆਨ ਤੱਕ ਸੀਮਿਤ ਨਹੀਂ ਰਹੇ ਸਗੋਂ ਮੌਖਿਕ ਪਰੰਪਰਾ ਦਾ ਵੀ ਵਿਸ਼ਾਲ ਗਿਆਨ ਰੱਖਦੇ ਸਨ। ਉਨ੍ਹਾਂ ਨੇ ਜਿਸ ਸਥਾਨ ਬਾਰੇ ਲਿਖਿਆ ਉਥੇ ਜਾ ਕੇ ਸੰਬੰਧਿਤ ਵਿਅਕਤੀਆਂ ਅਤੇ ਪਿੰਡ ਦੇ ਬਜ਼ੁਰਗਾਂ ਤੋਂ ਵੀ ਜਾਣਕਾਰੀ ਇਕੱਤਰ ਕਰਦੇ ਉਦਾਹਰਣ ਵਜੋਂ ਨਿਰਮਲਿਆਂ ਦੇ ਡੇਰਿਆਂ ਵਿਚ ਜਾ ਕੇ ਜਾਣਕਾਰੀ ਇਕੱਤਰ ਕੀਤੀ। ਉਹ ਹਰੇਕ ਪੁਸਤਕ ਵਿਚ ਇਤਿਹਾਸਕ ਤਸਵੀਰਾਂ ਵੀ ਦਿੰਦੇ ਹਨ ਜਿਵੇਂ ਸੰਬੰਧਿਤ ਸਥਾਨ ਦੇ ਨਵੇਂ ਅਤੇ ਪੁਰਾਤਨ ਚਿੱਤਰ, ਨਕਸ਼ੇ ਆਦਿ।

ਗਿਆਨੀ ਜੀ ਨੇ ਮੁੱਢਲੇ, ਸਹਾਇਕ ਸ੍ਰੋਤਾਂ ਅਤੇ ਮੌਖਿਕ ਪਰੰਪਰਾ ਦੇ ਅਧਾਰ ’ਤੇ ਸਿੱਖ ਇਤਿਹਾਸਕਾਰੀ ਦੀ ਸਿਰਜਣਾ ਕੀਤੀ ਹੈ। ਗਿਆਨੀ ਜੀ ਦਾ ਇਤਿਹਾਸ ਪ੍ਰਤੀ ਦ੍ਰਿਸ਼ਟੀਕੋਣ ਵਧੇਰੇ ਕਰ ਕੇ ਪਰੰਪਰਾ ਮੂਲਕ ਹੈ। ਭਾਵੇਂ ਉਹ ਤੱਥਾਂ ਦਾ ਸਹਾਰਾ ਵੀ ਲੈਂਦੇ ਹਨ ਪਰ ਉਨ੍ਹਾਂ ਨੇ ਸਿੱਖ ਇਤਿਹਾਸ ਨੂੰ ਵਿਧੀਵਧ ਰੂਪ ਵਿਚ ਨਹੀਂ ਲਿਖਿਆ ਬਲਕਿ ਸ਼ਖ਼ਸੀਅਤ ਮੂਲਕ ਦ੍ਰਿਸ਼ਟੀ ਨਾਲ ਵਧੇਰੇ ਲਿਖਿਆ ਹੈ ਜਿਵੇਂ ਸੰਤ ਅਤਰ ਸਿੰਘ ਜੀ ਮਸਤੂਆਣਾ, ਜਥੇਦਾਰ ਦਿਆਲ ਸਿੰਘ ਪਰਵਾਨਾ, ਭਾਈ ਫੁੰਮਣ ਸਿੰਘ ਅਮਰਗੜ੍ਹ, ਸੰਤ ਬਾਬਾ ਬਲਵੰਤ ਸਿੰਘ ਧਲੇਰ ਵਾਲੇ ਆਦਿ ਦੇ ਜੀਵਨ। ਉਨ੍ਹਾਂ ਨੇ ਵਧੇਰੇ ਧਾਰਮਿਕ ਵਿਅਕਤੀਆਂ ਜਿਵੇਂ ਸੰਤਾਂ-ਮਹਾਂਪੁਰਖਾਂ ਦੇ ਜੀਵਨ ਲਿਖੇ ਹਨ। ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਹ ਵਧੇਰੇ ਸਮਾਂ ਸਾਧੂ-ਸੰਤਾਂ ਦੀ ਸੰਗਤ ਵਿਚ ਰਹੇ। ਗਿਆਨੀ ਜੀ ਆਪ ਨਿਰਮਲੇ ਵਿਦਵਾਨ ਸਨ ਜਿਸ ਕਰਕੇ ਉਨ੍ਹਾਂ ਨੇ ਨਿਰਮਲੇ ਸੰਪ੍ਰਦਾਇ, ਨਿਰਮਲੇ ਵਿਦਵਾਨਾਂ ਅਤੇ ਸੰਤਾਂ-ਮਹੰਤਾਂ ਬਾਰੇ ਲਿਖਿਆ। ਗਿਆਨੀ ਜੀ ਦੀ ਇਤਿਹਾਸ ਲਿਖਦੇ ਸਮੇਂ ਭਾਵੇਂ ਮਹੱਤਵਪੂਰਨ ਘਟਨਾਵਾਂ ਨੂੰ ਤੱਥਾਂ ਦੇ ਅਧਾਰ ’ਤੇ ਬਿਆਨ ਕਰਦੇ ਹਨ ਪਰ ਉਨ੍ਹਾਂ ਦੀ ਇਤਿਹਾਸਕਾਰੀ ਵਿਚ ਵਿਅਕਤੀਆਂ ਦੇ ਜੀਵਨ ਦੇ ਵੇਰਵੇ ਵਧੇਰੇ ਮਿਲਦੇ ਹਨ।

ਗਿਆਨੀ ਜੀ ਨੇ ਸਾਰਾ ਕੰਮ ਗੁਰਮੁਖੀ ਵਿਚ ਕੀਤਾ ਹੈ। ਕੁਝ ਕੁ ਕੰਮ ਹਿੰਦੀ ਵਿਚ ਵੀ ਮਿਲਦਾ ਹੈ। ਉਨ੍ਹਾਂ ਦੀ ਬੋਲੀ ਸ਼ੈਲੀ ਉਤੇ ਭਾਵੇਂ ਮੂਲ ਰੂਪ ਵਿਚ ਪੰਜਾਬੀ ਰੰਗ ਹੀ ਹੈ ਪਰ ਪੁਰਾਤਨ ਸ਼ਾਸਤ੍ਰਾਂ ਦੇ ਮਾਹਰ ਹੋਣ ਕਾਰਣ ਉਨ੍ਹਾਂ ਦੀ ਬੋਲੀ ਸ਼ੈਲੀ ਉਤੇ ਥੋੜ੍ਹਾ ਸ਼ਾਸਤ੍ਰੀ ਰੰਗ ਵੀ ਮਿਲਦਾ ਹੈ ਜਿਵੇਂ ਕਿ ਉਨ੍ਹਾਂ ਦੁਆਰਾ ਵਰਤੀ

ਸ਼ਬਦਾਵਲੀ ਦੇਖੀ ਜਾ ਸਕਦੀ ਹੈ ਜਿਵੇਂ ਆਵਰਭਾਵ, ਅਨਿਰਵਚਨੀਯ, ਸਰਬੱਗ, ਸ੍ਰੋਤ੍ਰੀਯ, ਪਿਪਾਸਾ, ਸਰਵਮਾਨਯ, ਸ਼ਸ਼ਟਾਂਗ, ਕਸ਼ੋਭ, ਆਕਸ਼ੇਪ, ਅਤਿੰਦ੍ਰਯ, ਅਧਿਸ਼ਠਾਨ, ਅਧਿਆਸ, ਅਨਿਰੁੱਧ, ਅਨੁਗ੍ਰਹ, ਅਪੂਰਵ ਆਦਿ। ਗਿਆਨੀ ਜੀ ਨੇ ਆਪਣੀ ਗੱਲ ਨੂੰ ਸਰਲ ਅਤੇ ਕਥਾ ਸ਼ੈਲੀ ਵਿਚ ਪੇਸ਼ ਕੀਤਾ ਹੈ। ਉਹ ਹਰੇਕ ਗੱਲ ਦਾ ਤੱਥ ਲੱਭਣ ਦੀ ਕੋਸ਼ਿਸ਼ ਨਹੀਂ ਕਰਦੇ ਬਲਕਿ ਬਹੁਤ ਕੁਝ ਪਰੰਪਰਾ ਦੇ ਅਧਾਰ 'ਤੇ ਵੀ ਪੇਸ਼ ਕਰਦੇ ਹਨ। ਪਰੰਪਰਾ ਭਾਰੂ ਹੋਣ ਕਾਰਨ ਉਨ੍ਹਾਂ ਦੀਆਂ ਲਿਖਤਾਂ ਵਿਚ ਲੋਕ ਮੁਹਾਵਰੇ ਅਤੇ ਲੋਕ ਸ਼ੈਲੀ ਵਾਲਾ ਰੰਗ ਮਿਲਦਾ ਹੈ।

ਚੌਥੇ ਅਧਿਆਇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਦਾ ਸੰਪਾਦਨ ਵਿਚ ਉਨ੍ਹਾਂ ਦੀਆਂ ਸਿੱਖ ਧਰਮ ਨਾਲ ਸੰਬੰਧਿਤ ਅਪ੍ਰਕਾਸ਼ਿਤ ਰਚਨਾਵਾਂ (*ਗੁਰ ਅੰਗਦ ਦੀ ਦੋਹੀ ਫਿਰੀ, ਬਾਲਾ ਠਾਕੁਰ, ਧਰਮ ਪ੍ਰਭਾਕਰ ਜਯੋਤੀ, ਦੇਗ ਦੇ ਧਨੀ*) ਨੂੰ ਸੰਪਾਦਿਤ ਕਰਕੇ ਮੂਲ ਰੂਪ ਵਿਚ ਛਾਪਿਆ ਗਿਆ ਹੈ। ਗਿਆਨੀ ਜੀ ਨੇ ਆਪਣੀਆਂ ਲਿਖਤਾਂ ਰਾਹੀਂ ਜਿਥੇ ਸਿੱਖ ਸਾਹਿਤ ਵਿਚ ਵਡਮੁਲਾ ਯੋਗਦਾਨ ਪਾਇਆ ਹੈ ਉਥੇ ਉਨ੍ਹਾਂ ਦੀਆਂ ਕਈ ਰਚਨਾਵਾਂ ਸਮੇਂ ਤੇ ਸਾਧਨਾਂ ਦੀ ਘਾਟ ਕਰਕੇ ਪ੍ਰਕਾਸ਼ਿਤ ਨਾ ਹੋ ਸਕੀਆਂ।

ਗਿਆਨੀ ਜੀ ਦੀਆਂ ਰਚਨਾਵਾਂ ਦੀ ਸੰਪਾਦਨਾ ਕਰਦਿਆਂ ਉਨ੍ਹਾਂ ਨੂੰ ਮੂਲ ਰੂਪ ਵਿਚ ਹੀ ਰੱਖਿਆ ਗਿਆ ਹੈ। ਸ਼ਬਦ-ਜੋੜਾਂ ਦੀ ਥੋੜ੍ਹੀ ਬਹੁਤ ਸੋਧ ਕੀਤੀ ਗਈ ਹੈ। ਗੁਰਬਾਣੀ ਦੀਆਂ ਪੰਕਤੀਆਂ ਅਤੇ ਸ੍ਰੋਤ ਗ੍ਰੰਥਾਂ (ਜਿਵੇਂ ਭਾਈ ਗੁਰਦਾਸ, ਗੁਰਪ੍ਰਤਾਪ ਸੂਰਜ ਗ੍ਰੰਥ, ਪ੍ਰਾਚੀਨ ਪੰਥ ਪ੍ਰਕਾਸ਼, ਮਹਿਮਾ ਪ੍ਰਕਾਸ਼ ਆਦਿ) ਦੇ ਹਵਾਲੇ ਸੋਧ ਕੇ ਲਿਖੇ ਗਏ ਹਨ। ਕਿਤੇ-ਕਿਤੇ ਵਿਆਕਰਣਕ ਸ਼ੋਧ ਜਿਵੇਂ ਬਿੰਦੀਆਂ, ਟਿੱਪੀਆਂ ਅਤੇ ਡੰਡੀਆਂ ਆਦਿ ਲਗਾਈਆਂ ਗਈਆਂ ਹਨ। ਰਚਨਾਵਾਂ ਵਿਚ ਫੁਟਨੋਟ ਦੇਣ ਲਈ ਗਿਆਨੀ ਜੀ ਨੇ ਜਿਹੜੇ ਚਿੰਨ੍ਹਾਂ ਦਾ ਪ੍ਰਯੋਗ ਕੀਤਾ ਹੈ ਉਹ ਕੰਪਿਊਟਰ ਵਿਚ ਨਾ ਹੋਣ ਕਾਰਨ ਪਦ-ਟਿੱਪਣੀਆਂ 1,2,3...ਅੰਕਾਂ ਨਾਲ ਦਿਤੀਆਂ ਗਈਆਂ ਹਨ।

ਗਿਆਨੀ ਜੀ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਤੋਂ ਸਿਧ ਹੁੰਦਾ ਹੈ ਕਿ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਭਾਈ ਰੂਪ ਚੰਦ ਜੀ ਦੇ ਜੀਵਨ ਨਾਲ ਸੰਬੰਧਿਤ ਨਿਬੰਧ ਲਿਖ ਕੇ ਸਿੱਖ ਇਤਿਹਾਸਕਾਰੀ ਵਿਚ ਯੋਗਦਾਨ ਪਾਇਆ। ਉਨ੍ਹਾਂ ਨੇ ਵਧੇਰੇ ਕਾਰਜ ਵਾਰਤਕ ਰੂਪ ਵਿਚ ਕੀਤਾ ਹੈ ਪਰ ਬਾਲਾ ਠਾਕੁਰ ਰਚਨਾ ਵਿਚ ਨਾਵਲ ਵਿਧਾ ਦਾ ਪ੍ਰਯੋਗ ਕੀਤਾ ਹੈ। ਉਨ੍ਹਾਂ ਨੇ ਸ੍ਰੋਤਾਂ ਅਤੇ ਪਰੰਪਰਾਂ ਦੇ ਅਧਾਰ 'ਤੇ ਇਤਿਹਾਸ ਦਿਤਾ ਹੈ। ਇਨ੍ਹਾਂ ਰਚਨਾਵਾਂ ਦੇ ਛਪਣ ਨਾਲ ਜਿਥੇ ਗਿਆਨੀ ਜੀ ਬਹੁਮੁਲਾ ਅਪ੍ਰਕਾਸ਼ਿਤ ਕਾਰਜ ਸਾਹਮਣੇ ਆਵੇਗਾ ਉਥੇ ਇਹ ਰਚਨਾਵਾਂ ਸਿੱਖ ਅਧਿਐਨ ਦੇ ਵਿਦਵਾਨਾਂ ਅਤੇ ਖੋਜਾਰਥੀਆਂ ਲਈ ਵੀ ਲਾਭਕਾਰੀ ਸਿਧ ਹੋਣਗੀਆਂ।

ਇਸ ਖੋਜ-ਪ੍ਰਬੰਧ ਰਾਹੀਂ ਗਿਆਨੀ ਜੀ ਸਿੱਖ ਸਾਹਿਤ ਵਿਚ ਦੇਣ ਦੀ ਅਕਾਦਮਿਕ ਖੇਤਰ ਵਿਚ ਜਾਣ-ਪਛਾਣ ਕਰਵਾਈ ਗਈ ਹੈ। ਇਹ ਖੋਜ ਕਾਰਜ ਭਵਿੱਖ ਵਿਚ ਆਉਣ ਵਾਲੇ ਵਿਦਿਆਰਥੀਆਂ ਲਈ ਲਾਹੇਵੰਦ ਸਿਧ ਹੋਵੇਗਾ। ਇਸ ਖੋਜ ਕਾਰਜ ਦੌਰਾਨ ਇਸ ਗੱਲ ਨੂੰ ਮਹਿਸੂਸ ਕੀਤਾ ਗਿਆ ਹੈ ਕਿ ਸਿੱਖ ਪੰਥ ਦੇ ਵਿਦਵਾਨਾਂ ਦੀਆਂ ਬਹੁਮੁੱਲੀਆਂ ਰਚਨਾਵਾਂ ਨੂੰ ਸੰਭਾਲਣਾ ਸਮੇਂ ਦੀ ਲੋੜ ਹੈ।

# CONTRIBUTION OF GYANI BALWANT SINGH (KOTHAGURU) TO SIKH LITERATURE: DOCTRINAL AND HISTORICAL PERSPECTIVES (WITH SPECIAL REFERENCE TO NIRMALAS LITERATURE)


Gyani Balwant Singh (Kothaguru) was a prominent historian, philosopher and interpreter. He was born in Kothaguru, bathinda on the 25 june, 1933. He contributed a lot in field of sikh thought, interpretation and sikh history especially the history of Nirmala sect. He provided the readers with an invaluable treasure of his high quality works. He was a scholar of religion, history, Vedanta, poetry and literature. He studied nirmala sect in depth and gained popularity in the sikh world as a nirmala scholar. His life was totally dedicated towards the service of literature. Because of his multidisciplinary works he is supposed to be an institution not a person.

He made several contributions in writings of nirmala sect, history of Thkhat Sri Damdma Sahib and biographies of saints. Only few articles about Gyani ji have been published in various newspapers, magazines and books but no academic work has been done on his life and writings yet. To bring his contributions into limelight, he is chosen for the present research topic.

In order to analyze his life and contribution towards sikh literature, this research project is divided into four chapters. In the first chapter, his life and personality has been discussed in detail. In the second chapter, his published, unpublished and edited books have been listed. After the classification of his works, this research has reviewed only published books. In the third chapter, the research analyzes his contribution towards sikh historiography, interpretation and philosophy. In the fourth chapter, his unpublished literature, which has not been academically analyzed, has been edited.

A study of Gyani ji's life and personality reveals that he had multi-faceted personality. While his life was dedicated to literary service, he also did social works during the tenure of his sarpanchi. The long list of literature written by him makes it clear that he was a historian, philosopher, interpreter, playwrite, poet and editor. He highlighted the uniqueness of Sikhism in explaning sikh doctrines. The vedic influence can be seen in the interpretation given by the nirmala scholars but Gyani ji, being a nirmala scholar, firmly emphasizes the uniqueness of sikh doctrines. In this research work, a modest effort has been made to describe the contribution of Gyani Balwant Singh kothaguru to sikh literature. This research work will be useful for the future researchers.

# ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ) ਦੀ ਸਿੱਖ ਸਾਹਿਤ ਨੂੰ ਦੇਣ: ਸਿਧਾਂਤਕ ਤੇ ਇਤਿਹਾਸਕ ਪਰਿਪੇਖ (ਨਿਰਮਲ ਸਾਹਿਤ ਦੇ ਵਿਸ਼ੇਸ਼ ਹਵਾਲੇ ਨਾਲ)

## ਐਬਸਟਰੈਕਟ


ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਪ੍ਰਸਿਧ ਇਤਿਹਾਸਕਾਰ, ਵਿਆਖਿਆਕਾਰ ਅਤੇ ਦਾਰਸ਼ਨਿਕ ਸਨ। ਉਨ੍ਹਾਂ ਨੇ ਸਿੱਖ ਚਿੰਤਨ, ਗੁਰਬਾਣੀ ਵਿਆਖਿਆ, ਸਿੱਖ ਇਤਿਹਾਸ, ਵਿਸ਼ੇਸ਼ ਕਰਕੇ ਨਿਰਮਲ ਸੰਪ੍ਰਦਾਇ ਦੇ ਇਤਿਹਾਸ ਦੇ ਖੇਤਰ ਵਿਚ ਪਾਠਕ ਜਗਤ ਨੂੰ ਆਪਣੀਆਂ ਉਚ ਪੱਧਰੀ ਰਚਨਾਵਾਂ ਦਾ ਵਡਮੁਲਾ ਖਜ਼ਾਨਾ ਪ੍ਰਦਾਨ ਕੀਤਾ। ਗਿਆਨੀ ਜੀ ਦੀ ਬਹੁਪੱਖੀ ਦੀ ਪ੍ਰਤਿਭਾ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਉਹ ਇਕ ਵਿਅਕਤੀ ਨਾ ਹੋ ਕੇ ਇਕ ਸੰਸਥਾ ਰੂਪ ਸਨ। ਉਹ ਧਰਮ, ਇਤਿਹਾਸ, ਦਰਸ਼ਨ, ਵੇਦਾਂਤ, ਕਾਵਿ ਅਤੇ ਸਾਹਿਤ ਦੇ ਪ੍ਰਸਿਧ ਵਿਦਵਾਨ ਸਨ। ਉਨ੍ਹਾਂ ਦਾ ਜੀਵਨ ਸਾਹਿਤਕ ਸੇਵਾ ਨੂੰ ਸਮਰਪਿਤ ਸੀ। ਆਪਣੀ ਜ਼ਿੰਦਗੀ ਦੇ ਲਗਪਗ ਅੱਠ ਦਹਾਕੇ ਅਧਿਐਨ ਦੇ ਖੇਤਰ ਨਾਲ ਜੁੜੇ ਰਹੇ। ਨਿਰਮਲ ਸੰਪ੍ਰਦਾਇ, ਤਖਤ ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਅਤੇ ਸੰਤਾਂ ਮਹਾਂਪੁਰਖਾਂ ਦੇ ਜੀਵਨ ਲਿਖਣ ਵਿਚ ਉਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ।

ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਬਾਰੇ ਵਖ-ਵਖ ਅਖ਼ਬਾਰਾਂ, ਪਤ੍ਰਿਕਾਵਾਂ ਅਤੇ ਪੁਸਤਕਾਂ ਵਿਚ ਕੇਵਲ ਲੇਖ ਛਪੇ ਮਿਲਦੇ ਹਨ ਪ੍ਰਤੂੰ ਉਨ੍ਹਾਂ ਦੇ ਵਿਅਕਤੀਤਵ ਅਤੇ ਉਨ੍ਹਾਂ ਦੁਆਰਾ ਰਚਿਤ ਸਾਹਿਤ ਨੂੰ ਉਜਾਗਰ ਕਰਨ ਹਿੱਤ ਅਜੇ ਤੱਕ ਕੋਈ ਅਕਾਦਮਿਕ ਕਾਰਜ ਨਹੀਂ ਹੋਇਆ। ਇਸ ਹਵਾਲੇ ਨਾਲ ਹਥਲੇ ਖੋਜ ਕਾਰਜ ਵਿਚ ਗਿਆਨੀ ਜੀ ਦੀ ਦੇਣ ਨੂੰ ਖੋਜ ਵਿਸ਼ੇ ਲਈ ਚੁਣਿਆ ਗਿਆ।

ਗਿਆਨੀ ਜੀ ਦੇ ਜੀਵਨ ਅਤੇ ਉਨ੍ਹਾਂ ਦੇ ਸਿੱਖ ਸਾਹਿਤ ਵਿਚ ਪਾਏ ਯੋਗਦਾਨ ਦਾ ਅਧਿਐਨ ਕਰਨ ਲਈ ਖੋਜ ਪ੍ਰਬੰਧ ਨੂੰ ਚਾਰ ਅਧਿਆਇਆਂ ਵਿਚ ਵੰਡਿਆਂ ਗਿਆ ਹੈ। ਪਹਿਲੇ ਅਧਿਆਇ ਵਿਚ ਉਨ੍ਹਾਂ ਦੇ ਜੀਵਨ ਅਤੇ ਸ਼ਖ਼ਸੀਅਤ ’ਤੇ ਚਾਨਣਾ ਪਾਉਣ ਦਾ ਯਤਨ ਕੀਤਾ ਗਿਆ ਹੈ। ਦੂਜੇ ਅਧਿਆਇ ਵਿਚ ਵਿਚ ਉਨ੍ਹਾਂ ਦੀਆਂ ਪ੍ਰਕਾਸ਼ਿਤ, ਅਪ੍ਰਕਾਸ਼ਿਤ, ਸੰਪਾਦਿਤ ਰਚਨਾਵਾਂ ਅਤੇ ਕਿਤਾਬਚਿਆਂ ਦੀ ਸੂਚੀ ਦਿਤੀ ਗਈ ਹੈ। ਵਖ-ਵਖ ਅਖ਼ਬਾਰਾਂ, ਰਸਾਲਿਆਂ, ਪੁਸਤਕਾਂ ਅਤੇ ਕੋਸ਼ਾਂ ਵਿਚ ਛਪੇ ਲੇਖਾਂ ਦਾ ਵੇਰਵਾ ਦਿਤਾ ਗਿਆ ਹੈ। ਰਚਨਾਵਾਂ ਦਾ ਵਰਗੀਕਰਣ ਕਰਨ ਉਪਰੰਤ ਪ੍ਰਕਾਸ਼ਿਤ ਰਚਨਾਵਾਂ ਅਤੇ ਕਿਤਾਬਚਿਆਂ ਦਾ ਸਰਵੇਖਣ ਕੀਤਾ ਗਿਆ ਹੈ ਜਿਸ ਵਿਚ 18 ਪੁਸਤਕਾਂ ਅਤੇ 13 ਕਿਤਾਬਚੇ ਸ਼ਾਮਲ ਕੀਤੇ ਗਏ ਹਨ। ਤੀਜੇ ਅਧਿਆਇ ਵਿਚ ਉਨ੍ਹਾਂ ਦੁਆਰਾ ਰਚੇ ਸਿੱਖ ਸਾਹਿਤ ਦਾ ਮੁਲੰਕਣ ਕੀਤਾ ਗਿਆ ਹੈ ਜਿਸ ਵਿਚ ਉਨ੍ਹਾਂ ਦੇ ਸਿੱਖ ਇਤਿਹਾਸਕਾਰੀ, ਵਿਆਖਿਆਕਾਰੀ ਅਤੇ ਸਿਧਾਂਤਕਾਰੀ ਵਿਚ ਪਾਏ ਯੋਗਦਾਨ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਚੌਥੇ ਅਧਿਆਇ ਵਿਚ ਗਿਆਨੀ ਜੀ ਦੇ ਬਹੁਮੱਲੇ ਅਪ੍ਰਕਾਸ਼ਿਤ ਕਾਰਜ ਦਾ ਵਿਧੀਵਧ ਤਰੀਕੇ ਨਾਲ ਸੰਪਾਦਨ ਕੀਤਾ ਗਿਆ ਹੈ ਜਿਸ ਵਿਚ ਉਨ੍ਹਾਂ ਦੇ ਸਿੱਖ ਧਰਮ ਨਾਲ ਸੰਬੰਧਿਤ ਚਾਰ ਨਿਬੰਧ, ਦੋ ਨਾਟਕ, ਧੱਮਪਦ ਦਾ ਗੁਰਮੁਖੀ ਅਨੁਵਾਦ ਅਤੇ ਪ੍ਰਸਿਧ ਵਿਦਵਾਨਾਂ ਦੇ ਜੀਵਨ ’ਤੇ ਲਿਖੇ ਲੇਖ ਸ਼ਾਮਲ ਕੀਤੇ ਗਏ ਹਨ।

## ਅੰਤਿਕਾ-1

### ਔਖੇ ਸ਼ਬਦਾਂ ਦੇ ਅਰਥ

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦੀਆਂ ਰਚਨਾਵਾਂ ਵਿਚ ਆਏ ਔਖੇ ਸ਼ਬਦਾਂ ਦੇ ਅਰਥ ਨਿਮਨਲਿਖਤ ਹਨ:

- ਉਛਿੰਨ- ਭੰਗ ਕਰਨਾ, ਤੋੜਨਾ, ਕੱਟਣਾ,
- ਉਦਯੋਗੀ- ਉਦਮੀ, ਮਿਹਨਤੀ
- ਉਪਸੰਹਾਰ- ਸਮਾਪਤੀ, ਲਯ (ਲੈ)
- ਉਪਸਥਿਤ- ਹਾਜ਼ਰੀ, ਹੋਂਦ, ਨੇੜਤਾ
- ਉਪਦਿਸ਼ਟ- ਉਪਦੇਸ਼ ਧਾਰਨ ਕਰਨਾ
- ਉਪਾਸਨਾ- ਸੇਵਾ, ਟਹਿਲ, ਪੂਜਾ, ਭਗਤਿ
- ਉਪਾਸਨਾ- ਪੂਜਾ, ਆਦਰ, ਅਰਾਧਨਾ, ਅਭਿਆਸ, ਧਾਰਮਿਕ ਚਿੰਤਨ
- ਅਸਤ ਹੋਣਾ- ਖਤਮ ਹੋਣਾ, ਛਿਪਣਾ
- ਅਸਤਿ- ਝੂਠ
- ਅਸਮਾਹਿਤ- ਅਸੰਜਮੀ
- ਅਸਰਮੁਖ- ਹਿੰਝੂਆਂ ਨਾਲ ਭਿੱਜਿਆ ਮੁੱਖ
- ਅਸਾਰ- ਅਸੱਤ
- ਅਕਸਮਾਤ- ਅਚਨਚੇਤ, ਅਚਾਨਕ, ਚਾਣਚੱਕ
- ਆਕਸ਼ੇਪ- ਫੈਂਕਣ ਦੀ ਕ੍ਰਿਆ, ਸਿੱਟਣਾ, ਕਲੰਕ ਲਾਉਣਾ, ਨਿੰਦਾ ਕਰਨੀ, ਦੋਸ਼ ਆਰੋਪਣ
- ਅਕਹਿ- ਅਕਥ, ਜੋ ਕਹਿਣ ਵਿਚ ਨਾ ਆਵੇ
- ਅਕਾਰਣ- ਕਾਰਨ ਰਹਿਤ, ਬੇਵਜ੍ਹਾ, ਬੇਮਤਲਬ
- ਅਗ੍ਰਗਾਮੀ- ਆਗੂ, ਪ੍ਰਧਾਨ
- ਅਜੇਯ- ਜੋ ਜਿੱਤਿਆ ਨਾ ਜਾ ਸਕੇ, ਅਪ੍ਰਾਜਿਤ
- ਅਤਿਕਰਮਣ-ਜਿੱਤ ਚੁੱਕਾ, ਪਾਰ ਜਾ ਚੁੱਕਾ, ਮਰਿਯਾਦਾ ਉਲੰਘ ਚੁੱਕਾ
- ਅਤਿਥਿ- ਮਹਿਮਾਨ
- ਅਤਿੰਦ੍ਰਯ- ਜੋ ਇੰਦ੍ਰੀਆਂ ਦ੍ਵਾਰਾ ਗ੍ਰਹਿਣ ਨਾ ਕੀਤਾ ਜਾ ਸਕੇ, ਇਦ੍ਰਯਗਯਾਨ ਤੋਂ ਪਰੇ
- ਅਤੀਸਾਰ-ਦਸਤ, ਪੇਚਿਸ, ਮਰੋੜ

- ਅਦੁੱਤੀ- ਅਨੁਪਮ, ਜਿਸਦੇ ਸਮਾਨ ਕੋਈ ਦੂਜਾ ਨਾ ਹੋਵੇ, ਬੇਮਿਸਾਲ, ਲਾਸਾਨੀ
- ਅਧਿਆਸ- ਮਿਥਿਆ ਗਿਆਨ, ਕਿਸੇ ਵਸਤੂ ਵਿਚ ਕਿਸੇ ਹੋਰ ਵਸਤੂ ਦੀ ਕਲਪਣਾ
- ਅਧਿਸ਼ਠਾਨ- ਆਧਾਰ, ਸਹਾਰਾ
- ਅਧਿਕ- ਬਹੁਤ, ਜ਼ਿਆਦਾ, ਵਧਿਆ ਹੋਇਆ
- ਅਨੰਤ- ਰਹਿਤ, ਅਸੀਮ, ਕਦੇ ਨਾ ਖਤਮ ਹੋਣ ਵਾਲਾ) ਸ੍ਰੀ ਵਿਭੂਸ਼ਤ
- ਅਨਯ- ਅਨਿਆਂ, ਬੇਇਨਸਾਫੀ, ਦੁਰਾਚਾਰ, ਅਭਾਗ
- ਅਨਾਦੀ- ਜਿਸਦਾ ਆਦਿ ਨਾ ਹੋਵੇ
- ਅਨਿਤਯ- ਜਿਹੜਾ ਨਿੱਤ ਨਾ ਰਹੇ, ਛਿਣ-ਭੰਗੁਰ, ਅਸਥਿਰ, ਚੰਚਲ
- ਅਨਿਰਵਚਨੀਯ- ਜਿਸਨੂੰ ਬਿਆਨ ਨਾ ਕੀਤਾ ਜਾ ਸਕੇ, ਅਕਹਿ, ਅਕੱਥ
- ਅਨਿਰੁੱਧ- ਜੋ ਰੁੱਧ (ਰੁਕਿਆ) ਨਾ ਹੋਵੇ, ਅਮੋੜ
- ਅਨੁਗਮਨ- ਅਸਵਾਰੀ, ਪਿੱਛਾ
- ਅਨੁਗ੍ਰਹ- ਕ੍ਰਿਪਾ, ਦਇਆ, ਮਿਹਰਬਾਨੀ
- ਅਪੂਰਵ- ਜੋ ਪਹਿਲਾਂ ਨਹੀਂ ਹੋਇਆ, ਅਨੋਖਾ, ਅਦਭੁਤ
- ਅਪ੍ਰਸਤਤ- ਆਪ੍ਰਸੰਗਿਕ, ਅਣਉਚਿਤ
- ਅਭਾਵਿਤ- ਸੰਜਮ
- ਅਭਿਨੈ- ਨਾਟਕ ਖੇਡਣਾ, ਸੁਆਂਗ, ਨਾਟਕ ਦੀ ਕ੍ਰੀੜਾ, ਅਦਾਕਾਰੀ
- ਅਭੀਵਾਦਨ- ਸਤਿਕਾਰ ਭਾਵਨਾ ਯੁਕਤ ਨਮਸ਼ਕਾਰ
- ਅਲੰਕ੍ਰਿਤ- ਅੱਛੇ ਗਹਿਣੇ (ਆਭੂਸ਼ਨ) ਕੱਪੜੇ ਪਹਿਨੇ ਹੋਏ
- ਅਲਪਗ- ਅਲਪ (ਥੋੜਾ) ਜਾਣਨ ਵਾਲਾ, ਜੋ ਘੱਟ ਇਲਮ ਰੱਖਦਾ ਹੋਵੇ।
- ਅਲਿਪਤ- ਅਲੇਪ, ਨਾ ਲਿਬੜਿਆ ਹੋਇਆ, ਅਸੰਗ
- ਅਵਸਥਿਤ- ਅਸਥਿਰ, ਚੰਚਲ
- ਅਵਸ਼ਯ- ਜਰੂਰ, ਨਿਰਸੰਦੇਹ, ਬਿਨਾ ਸੰਸੇ
- ਅਵਕਾਸ ਰਹਿਤ- ਬਿਨਾ ਮੌਕੇ, ਬਿਨਾ ਅਵਸਰ ਦਿਤੇ
- ਅਵਰਣ- ਜੋ ਵਰਣਨ ਨਾ ਕੀਤਾ ਜਾ ਸਕੇ,
- ਅਵਿਅਕਤ- ਦੇਹ ਬਿਨਾ, ਨਿਰਾਕਾਰ, ਪਾਰਬ੍ਰਹਮ, ਜੀਵਾਤਮਾ

- ਆਸ਼ਕਤਯੁਕਤ- ਪਿਆਰ, ਪ੍ਰੇਮ, ਲੀਨਤਾ, ਮੋਹ
- ਆਸ੍ਰਿਵ- ਮਨ ਦੀ ਮੈਲ, ਚਿਤ ਦੇ ਵਿਕਾਰ
- ਆਕ੍ਰਮਣ- ਹਮਲਾ ਕਰਨਾ, ਟੁੱਟ ਪੈਣਾ,
- ਆਕ੍ਰਿਤਿ- ਸ਼ਕਲ, ਮੂਰਤ, ਮੁਹਾਂਦਰਾ, ਬਨਾਵਟ, ਨਮੂਨਾ
- ਆਪੱਤੀ- ਇਤਰਾਜ਼, ਮੁਸੀਬਤ, ਆਫਤ, ਸੰਕਟ
- ਆਭਾਸ- ਪ੍ਰਤਿਬਿੰਬ, ਅਕਸ, ਪ੍ਰਕਾਸ਼
- ਆਯੂ- ਉਮਰ, ਜੀਵਨ,
- ਆਵਰਣ- ਅਗਿਆਨ ਰੂਪੀ ਪਰਦਾ
- ਆਵਿਰਭਾਵ- ਪ੍ਰਗਟ ਹੋਣ ਦੀ ਕ੍ਰਿਆ, ਜਨਮ, ਉਤਪਤਿ
- ਐਸ੍ਵਰਜ- ਈਸ਼੍ਵਰਪੁਣਾ, ਮਾਲਿਕ ਹੋਣ ਦਾ ਭਾਵ, ਧਨ, ਵਭੂਤਿ, ਸੰਪਦਾ
- ਇਕਾਗਰ ਚਿਤਤਾ ਵਿਰਹਤਿ- ਅਸੰਜਮੀ, ਬਿਨਾ ਇਕਾਗਰ ਚਿੱਤ
- ਸ਼ਸਟਾਂਗ- ਅਸ਼ਟਾਂਗ, ਅੱਠ ਅੰਗਾਂ ਨਾਲ ਕੀਤੀ ਨਮਸਕਾਰ
- ਸਹਾਨਭੂਤੀ- ਹਮਦਰਦੀ, ਅਨੁਭੂਤਿ, ਸਾਥ ਅਨੁਭਵ ਕਰਨ ਦੀ ਕ੍ਰਿਯਾ
- ਸਹੋਦਰ- ਸਕਾ ਭਾਈ, ਉਸੇ ਉਦਰ (ਪੇਟ) ਤੋਂ ਜਨਮਿਆ
- ਸਕ੍ਰਿਤਯ- ਕ੍ਰਿਆਸ਼ੀਲ, ਕਰਮਸ਼ੀਲ
- ਸਗਾਈ- ਰਿਸ਼ਤਾ, ਸੰਬੰਧ
- ਸੰਗ੍ਰਾਮ- ਜੰਗ, ਯੁੱਧ
- ਸੰਘਾਰ- ਵਿਨਾਸ਼ ਕਰਨਾ
- ਸੰਚਯ- ਜਮਾ ਕਰਨਾ ਜੋੜਨਾ
- ਸਜਗ- ਸੁਚੇਤ
- ਸਜਦਾ- ਨਮਸਕਾਰ
- ਸਤਿ- ਸੱਚ, ਯਥਾਰਥ, ਠੀਕ, ਵਾਸਤਵਿਕ
- ਸ਼ਤ੍ਰੂ- ਵਿਰੋਧੀ, ਦੁਸ਼ਮਣ
- ਸਥਾਵਰ- ਠਹਿਰਨ ਵਾਲਾ, ਜੜ੍ਹ, ਅਚਲ
- ਸ਼ਪਥ- ਸੌਂਹ, ਕਸਮ

- ਸਪ੍ਰਿਹਾ- ਚਾਹ, ਇੱਛਾ
- ਸਬਲ- ਪ੍ਰਬਲ, ਬਲ ਵਾਲਾ, ਜ਼ੋਰਾਵਰ
- ਸਮਸਟੀ- ਸਾਰਾਪਨ, ਸਮਸ੍ਤਤਾ
- ਸਮਸਤ- ਸਭ, ਤਮਾਮ
- ਸਮਵਿੰਤ- ਮਿਲ ਕੇ, ਇਕ ਰੂਪ ਹੋ ਕੇ
- ਸਮੀਪ- ਪਾਸ, ਨੇੜੇ, ਕੋਲ
- ਸਰਵਗਯਤਾ- ਸਭ ਕੁਝ ਜਾਣਨ ਵਾਲਾ
- ਸਰਵਮਾਨਯ- ਸਭ ਕਰਕੇ ਮੰਨਣਯੋਗ, ਸਰਵਪੂਜਯ
- ਸਰਵਾਂਗ- ਸੰਪੂਰਣ ਦੇਹ, ਸਾਰੇ ਅੰਗ
- ਸਰਵੋਪਰੀ- ਜੋ ਸਭ ਤੋ ਉੱਪਰ ਹੈ
- ਸਵੀਕ੍ਰਿਤੀ- ਪ੍ਰਵਾਨਗੀ, ਮਨਜ਼ੂਰੀ
- ਸਵੇਤ- ਚਿੱਟਾ
- ਸਾਸ਼ਵਤ- ਨਿਰੰਤਰ, ਲਗਾਤਾਰ, ਇਕ ਰਸ
- ਸਾਂਨਿਧਯ- ਨਜ਼ਦੀਕ (ਕੋਲ) ਹੋਣ ਦਾ ਭਾਵ, ਮੁਕਤਿ ਦਾ ਇਕ ਭੇਦ, ਆਪਣੇ ਪੂਜਯ ਦੇਵ ਦੇ ਪਾਸ ਪਹੁੰਚ ਜਾਣਾ
- ਸਾਯੁਜਯ- ਸਾਥ ਜੁੜਨ ਦਾ ਭਾਵ, ਉਪਾਸਨਾ ਕਾਂਡ ਅਨੁਸਾਰ ਇਕ ਮੁਕਤਿ ਜੋ ਉਪਾਸਕ ਨੂੰ ਉਪਾਸਯ ਨਾਲ ਜੋੜ ਦਿੰਦੀ ਹੈ। ਇਸ ਮੁਕਤਿ ਨਾਲ ਅਭੇਦਤਾ ਨਹੀਂ ਹੁੰਦੀ, ਭੇਦ ਬਣਿਆ ਰਹਿੰਦਾ ਹੈ।
- ਸਾਰ- ਸੱਤ
- ਸ਼ਿਸ਼ੂ ਅਵਸਥਾ- ਬਚਪਨ
- ਸਿਮ੍ਰਨੀ- ਮਾਲਾ ਅਠੋਤਰੀ ਦਾ ਚੌਥਾ ਹਿੱਸਾ, ਮੇਰੁ ਸਮੇਤ 28 ਮਣਕਿਆਂ ਦੀ ਮਾਲਾ
- ਸ਼ਿਲਾ-ਨਿਆਸ- ਨੀਂਹ ਪੱਥਰ
- ਸ਼ੀਘਰਗਾਮੀ- ਜਲਦੀ ਨਾਲ
- ਸ਼ੀਘਰ-ਤੁਰੰਤ, ਜਲਦ, ਛੇਤੀ, ਕਾਹਲੀ
- ਸੁਸਪਤਿ- ਨਿੰਦ੍ਰਾ
- ਸ਼ੁਕਲ- ਸਫੇਦ, ਚਮਕੀਲਾ, ਸਵੱਛ, ਸ਼ੁੱਧ
- ਸੁਦਾਂਤ- ਸਿਖੇ ਹੋਏ

- ਸੁਨਿਗਧ- ਸਨੇਹ ਵਾਲਾ, ਚਿਕਨਾ, ਥੰਧਾ
- ਸੁਭਾਵਿਤ- ਸੰਜਮ ਰਹਿਤ
- ਸੂਰਯ- ਸੂਰਜ
- ਸ਼ੋਕ- ਸੋਗ
- ਸ਼੍ਰਮਣ- ਸੰਨਿਆਸੀ
- ਸ੍ਵੇਸ਼ਵਰ- ਈਸ਼੍ਵਰ, ਸਭ ਦਾ ਸ੍ਵਾਮੀ, ਸਾਰਿਆਂ ਦਾ ਮਾਲਕ
- ਸ੍ਰੋਤ੍ਰੀਯ- ਜਿਸ ਨੇ ਸ਼੍ਰਵਣ ਕੀਤਾ ਹੈ, ਪੰਡਿਤ, ਵਿਦਵਾਨ, ਜਿਸ ਨੇ ਵੇਦਾਂ ਨੂੰ ਕੰਠ ਕੀਤਾ ਹੈ।
- ਸ੍ਵਯੰ- ਖੁਦ
- ਸ੍ਵਾਸਤ- ਅਰੋਗਤਾ, ਤੰਦਰੁਸਤੀ
- ਹਰਸ਼- ਪ੍ਰਸੰਨਤਾ
- ਕਸ਼ੀਣ- ਖਤਮ, ਕਮਜ਼ੋਰ, ਪਤਲਾ, ਦੁਬਲਾ, ਮੋਇਆ
- ਕਸ਼ੋਭ- ਦੁੱਖ
- ਕਛੁਦਰ- ਗੰਦੇ
- ਕਛੁਭ- ਅਸਥਿਰ, ਡਾਵਾਂਡੋਲ, ਬੇ-ਚੈਨ, ਚੰਚਲ
- ਕਰਦਮ- ਚਿੱਕੜ
- ਕਾਮਨਾ- ਇੱਛਾ, ਚਾਹ, ਅਭਿਲਾਖਾ
- ਕਾਰਯ-ਕਰਮ- ਪ੍ਰੋਗਰਾਮ
- ਕ੍ਰਿਸ਼ੀ- ਖੇਤੀ, ਕਿਸਾਨੀ, ਕਾਸ਼ਤਕਾਰੀ
- ਕ੍ਰਿਤਗਯਤਾ- ਕੀਤੇ ਨੂੰ ਜਾਣਨ ਵਾਲਾ, ਜੋ ਕਿਸੇ ਦੇ ਉਪਕਾਰ ਨੂੰ ਜਾਣਦਾ ਹੈ ਵਿਸਾਰਦਾ ਨਹੀਂ
- ਕ੍ਰਿਤਾਰਥ- ਸਫਲ ਮਨੋਰਥ, ਜਿਸਦਾ ਪ੍ਰਯੋਜਨ ਪੂਰਾ ਹੋ ਗਿਆ ਹੈ।
- ਕ੍ਰਿਪਨ- ਕੰਜੂਸ
- ਖਿਮਾ- ਮਾਫ
- ਖੁਸ਼ਖਤ- ਸੁੰਦਰ ਲਿਖਾਈ
- ਖੇਦ- ਦੁੱਖ, ਸ਼ੋਕ
- ਗਰਬ- ਹੰਕਾਰ

- ਗੁਹਾਸ਼ਾਯੀ- ਪਰ ਮਨ ਵਾਲੇ
- ਗੌਰਵ- ਵਡਾਈ, ਮਹਤ੍ਵ, ਸਨਮਾਨ, ਇੱਜ਼ਤ
- ਗ੍ਰਾਮ- ਪਿੰਡ, ਸਮੂਹ, ਸਮੁਦਾਯ
- ਛਾਤ੍ਰਾਵਾਸ- ਹੋਸਟਲ
- ਜਹੱਨਮ- ਨਰਕ, ਦੋਜ਼ਖ
- ਜਾਗ੍ਰਤ- ਜਾਗਦਾ, ਜਾਗਿਆ ਹੋਇਆ
- ਤਤਿਕਸ਼ਾ- ਕਠਨ ਤਪੱਸਿਆ
- ਤਲਬ- ਖੋਜ, ਢੂੰਢ, ਚਾਹ, ਇੱਛਾ
- ਤਾਲ- ਸਰੋਵਰ
- ਤਿਰੋਹਿਤ- ਢਕਿਆ ਹੋਇਆ, ਅਦ੍ਰਿਸ਼ਟ
- ਦਮਨ ਕਰਨਾ- ਕਾਬੂ ਕਰਨਾ
- ਦਿਵਯ- ਜਿਸਦਾ ਸਵਰਗ ਨਾਲ ਸੰਬੰਧ ਹੈ, ਸ੍ਵਰਗੀਯ, ਚਮਕੀਲਾ, ਰੌਸ਼ਨ, ਬਹੁਤ ਉਤਮ
- ਦੁਰਭਿਖ- ਕਾਲ
- ਦੁਰਮੇਧ- ਦੁਰਬੁੱਧੀ
- ਦੈਨਿਕ- ਰੋਜ਼ਾਨਾ
- ਦੋਜ਼ਖ਼- ਦੁੱਖ, ਰੰਜ, ਨਰਕ
- ਦ੍ਰਿਸ਼ਯ- ਦੇਖਣਯੋਗ, ਸੁੰਦਰ, ਜੋ ਨੇਤ੍ਰਾਂ ਨਾਲ ਦੇਖਿਆ ਜਾ ਸਕੇ
- ਨਯੂਨ- ਕਮ, ਘੱਟ, ਪਾਪੀ, ਨੀਚ, ਛੋਟਾ
- ਨਿਸ਼ਕਰਸ਼- ਨਿਚੋੜ, ਤਤਸਾਰ
- ਨਿਸ਼ਕਰਮ- ਬਿਨਾ ਕਰ, ਵੈਰਾਗ ਆਦਿ
- ਨਿਸ਼ਠ- ਠਹਿਰਿਆ ਹੋਇਆ, ਸਥਿਤ, ਤਤਪਰ, ਲੱਗਿਆ ਹੋਇਆ
- ਨਿਗ੍ਰਹਿ- ਕਾਬੂ ਕਰਨਾ
- ਨਿੰਮਤ੍ਰਣ: ਸੱਦਾ ਪੱਤਰ


- ਨਿਮਿਤ- ਕਾਰਣ, ਹੇਤੁ, ਸਬਬ
- ਨਿਰਵਿਕਾਰੀ- ਜਿਸ ਵਿਚ ਕੋਈ ਐਬ ਨਹੀਂ, ਇਕ ਰਸ ਰਹਿਣ ਵਾਲਾ
- ਨਿਵ੍ਰਿਤੀ- ਛੁਟਕਾਰਾ, ਰਿਹਾਈ, ਉਪਰਾਮਤਾ, ਖਾਤਮਾ
- ਪਸਚਾਤਾਪ- ਪਛਤਾਵਾ
- ਪਖਾਣਮਯ- ਚੂਰਣ ਕੀਤੇ ਪੱਥਰ ਦੀ ਤਰ੍ਹਾਂ
- ਪੰਡਿਤ- ਬੁੱਧੀਮਾਨ, ਵਿਦਵਾਨ
- ਪਰਪਾਕ- ਪਰਿਪਕ, ਨਿਪੁੰਨਤਾ, ਅੱਛੀ ਤਰ੍ਹਾਂ ਪਕਿਆ ਹੋਇਆ
- ਪਰਿਸ਼੍ਰਮ- ਮਿਹਨਤ
- ਪਰਿਚਯ- ਜਾਣ-ਪਛਾਣ
- ਪਰਿਣਾਮ- ਨਤੀਜਾ
- ਪਰੀਚੈ- ਜਾਣਕਾਰੀ, ਗਯਾਨ
- ਪਿਪਾਸਾ- ਤ੍ਰਿਖਾ, ਪਿਆਸ, ਤਮਾ
- ਪੁਸਤਕਾਲਯ- ਲਾਇਬ੍ਰੇਰੀ
- ਪੁਸ਼ਪ- ਫੁੱਲ
- ਪ੍ਰਸਤੁਤ- ਪੇਸ਼ ਕਰਨਾ
- ਪ੍ਰਕਸ਼ਾਲਿਤ- ਧੋਣਾ
- ਪ੍ਰਕਾਂਡ- ਉਤਕ੍ਰਿਸ਼ਟ, ਸਰਵੋਤਮ, ਬਹੁਤ ਸ੍ਰੇਸ਼ਠ
- ਪ੍ਰਕ੍ਰਿਤੀ- ਕੁਦਰਤ
- ਪ੍ਰਗਯਾਚਕਸ਼ੁ- ਬੁਧਿ ਰੂਪ ਨੇਤ੍ਰ ਵਾਲਾ, ਅੰਨ੍ਹਾ, ਗਯਾਨ ਰੂਪ ਨੇਤ੍ਰਾਂ ਵਾਲਾ ਪੂਰਣ ਵਿਦਵਾਨ
- ਪ੍ਰਗਿਆਵਾਨ- ਗਿਆਨਵਾਨ
- ਪ੍ਰਣੀਤ- ਬਦਲਿਆ ਹੋਇਆ, ਰਚਿਆ ਹੋਇਆ, ਬਣਾਇਆ ਹੋਇਆ
- ਪ੍ਰਤਯਕਸ਼- ਜੋ ਅੱਖ ਦੇ ਸਾਹਮਣੇ ਹੋਵੇ
- ਪ੍ਰਤਿਸ਼ਠ- ਇੱਜ਼ਤਦਾਰ, ਪ੍ਰਸਿਧ, ਮਸ਼ਹੂਰ

- ਪ੍ਰਤਿਦਿਨ- ਹਰ ਰੋਜ਼, ਰੋਜ਼ਾਨਾ
- ਪ੍ਰਤੇਯਕ-ਹਰ ਯਕ, ਹਰ ਇਕ
- ਪ੍ਰਮਾਦ- ਆਲਸ
- ਪ੍ਰਮੇਯ- ਜੋ ਪ੍ਰਮਾਣ ਦਾ ਵਿਸ਼ਯ ਹੋਵੇ, ਜਿਸ ਦਾ ਤੋਲ ਮਾਪ ਦੱਸਿਆ ਜਾ ਸਕੇ।
- ਪ੍ਰਵਿਸ਼ਟ- ਪ੍ਰਵੇਸ਼ ਹੋਇਆ, ਘੁਸਿਆ ਹੋਇਆ
- ਪ੍ਰਾਤਯ- ਅੰਮ੍ਰਿਤ ਵੇਲਾ, ਸੂਰਜ ਉਦੈ ਹੋਣ ਤੋਂ ਪਹਿਲਾਂ
- ਬਟ- ਬੋਹੜ
- ਬਰਾਇਨਾਮ- ਬਹੁਤ ਥੋੜ੍ਹੀ
- ਬਾਢ- ਹਾੜ੍ਹ
- ਬਾਧਕ- ਰੋਕ, ਪ੍ਰਤਿਬੰਧ
- ਬੁਹਾਰੀ- ਬੁਹਕਰ, ਝਾੜੂ
- ਭਵਿਸ਼ਯ- ਭਵਿੱਖ
- ਭੂਸ਼ਨ- ਗਹਿਣਾ
- ਭ੍ਰਾਂਤੀ- ਸ਼ੱਕ, ਸੰਸਾ
- ਮਸਾਣਾ- ਸਿਵਿਆ
- ਮਹੂਰਤ- ਇਕ ਪਲ
- ਮਧੂਕੜੀ- ਭਿਖਸ਼ਾ, ਡਾਲੀ
- ਮਨੁਸ਼- ਮਨੁਖ
- ਮਨੋਹਰ- ਮਿੱਠੀ
- ਮਰੀਚਕਾ- ਮ੍ਰਿਗ ਤ੍ਰਿਸ਼ਨਾ
- ਮਾਰ- ਕਾਮ, ਮੌਤ
- ਮਿਥਿਆ- ਅਸੱਤ, ਝੂਠ
- ਮੁਮੁਕਸ਼ੂ- ਮੋਕਸ਼ ਦੀ ਇੱਛਾ, ਮੁਕਤਿ ਪ੍ਰਾਪਤ ਕਰਨ ਦੀ ਚਾਹ

- ਮੇਧਾਵੀ- ਵਿਵੇਕੀ
- ਮੋਕਸ਼- ਮੁਕਤੀ
- ਮ੍ਰਿਖਾਵਾਦੀ- ਅਸੱਤਵਾਦੀ
- ਮ੍ਰਿਤਯੂ- ਮੌਤ
- ਮ੍ਰਿਤੁ ਗ੍ਰਹੀਤ: ਮੌਤ ਦਾ ਰਾਜ (ਰਹੱਸਯ)
- ਯਸ਼- ਵਡਿਆਈ, ਨੇਕਨਾਮੀ
- ਯੁਕਤ- ਮਿਲਿਆ ਹੋਇਆ, ਜੁੜਿਆ ਹੋਇਆ
- ਯੁਵਾ ਅਵਸਥਾ- ਜਵਾਨੀ
- ਰਸ਼ਕ- ਰੀਸ, ਦੂਜੇ ਜਿਹਾ ਹੋਣ ਦੀ ਇੱਛਾ
- ਰਾਜ ਅਭਿਸ਼ੇਕ- ਰਾਜ-ਤਿਲਕ
- ਲਕਸ਼ਣ- ਲੱਛਣ
- ਲੂਨੀ- ਨਦੀ
- ਵੰਸ਼ ਵ੍ਰਿਕਸ਼- ਵੰਸਾਵਲੀ, ਕੁਰਸੀਨਾਮਾ, ਸਜ਼ਰਾ
- ਵਣ- ਜੰਗਲ
- ਵਯਹੂ- ਸਮੂਹ, ਹਜੂਮ, ਸਰੀਰ, ਦੇਹ
- ਵਰਸ਼- ਸਾਲ
- ਵਿਸ਼- ਜ਼ਹਿਰ
- ਵਿਸਿਮ੍ਰਿਤ- ਭੁਲਿਆ ਹੋਇਆ, ਗੁੰਮ
- ਵਿਹਰਤਾ- ਵਿਚਰਦਾ
- ਵਿਕਸ਼ੇਪ- ਫੈਂਕਣਾ, ਵਗਾਹੁਣਾ, ਤਿਆਗਣਾ
- ਵਿਜਯ- ਜਿੱਤ
- ਵਿਦਿਆ ਵਾਚਸਪਤੀ- ਵਾਣੀ ਦਾ ਪਤੀ, ਭਾਸ਼ਾ (ਬੋਲੀ) ਦਾ ਪੂਰਾ ਪੰਡਿਤ, ਸੰਸਕ੍ਰਿਤ ਦਾ ਇਕ ਖਿਤਾਬ

- ਵਿਪਕਸ਼ੀ- ਵਿਰੋਧੀ
- ਵਿਪ੍ਰੀਤ- ਉਲਟਾ, ਵਿਰੋਧੀ
- ਵਿਭੂ- ਸਰਵਵਿਆਪਕ, ਪ੍ਰਭੂ, ਆਤਮਾ
- ਵਿਭੂਤੀ- ਸਵਾਹ, ਰਾਖ, ਭਸਮ
- ਵਿਯਸਟੀ- ਵੱਖ, ਜੁਦਾ
- ਵਿਯੋਵ੍ਰਿਧ- ਜੋ ਉਮਰ ਵਿਚ ਵੱਡਾ ਹੋਵੇ
- ਵਿਰੱਕਤ- ਰੰਗ ਬਿਨਾ, ਬਿਨਾ ਮੁਹੱਬਤ
- ਵਿਲੱਕਸ਼ਣ- ਨਿਰਾਲਾ, ਜੁਦਾ, ਅਜੀਬ
- ਵਿਵਰਤ- ਆਪਣੇ ਸ੍ਵਰੂਪ ਨੂੰ ਨਾ ਛੱਡ ਕੇ ਦੂਸਰੀ ਸ਼ਕਲ ਦਾ ਭਾਸਣਾ ਜਿਵੇਂ ਰੱਸੀ ਤੋਂ ਸੱਪ, ਬ੍ਰਹਮ ਤੋਂ ਜਗਤ
- ਵੇਸ਼ਿਠਤਸ਼ਾਲ- ਲਪੇਟੀ ਹੋਈ ਸ਼ਾਲ
- ਵ੍ਰਿਸ਼ਿਟ- ਵਰਖਾ

## ਅਤਿੰਕਾ-2



**ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ**

**(1933-2019)**



ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਆਪਣੇ ਸਪੁੱਤਰ ਗਿਆਨੀ ਕੌਰ ਸਿੰਘ
ਅਤੇ ਆਪਣੀ ਪਤਨੀ ਜਾਗੀਰ ਕੌਰ ਨਾਲ




ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਆਪਣੇ ਸਪੁੱਤਰਾਂ ਗਿਆਨੀ ਕੌਰ ਸਿੰਘ, ਭਾਈ ਰਣਬੀਰ ਸਿੰਘ,
ਡਾ. ਬਰਜਿੰਦਰ ਸਿੰਘ ਅਤੇ ਸ. ਨਰਪਾਲ ਸਿੰਘ ਨਾਲ





**ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਵਿਖਿਆਨ ਦਿੰਦੇ ਸਮੇਂ**




**ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਵੱਲੋਂ 12 ਮਾਰਚ, 2016 ਨੂੰ ਸਨਮਾਨ ਪ੍ਰਾਪਤ ਕਰਦੇ ਸਮੇਂ**


ਸਤਿਗੁਰੂ ਤੇਗ ਬਹਾਦਰ ਜੀ ਦੇ ਇਹ ਸ਼ਬਦ ਹੀ
ਦੀਰਘ-ਧਿਆਨ ਮੰਗਦੇ ਹਨ ਕਿ 'ਕਿਸੀ ਮਹਾਂ ਪੁਰਸ਼ ਦੇ ਬਲੀਦਾਨ
ਦਿੱਤੇ ਬਿਨੁ ਧਰਮ ਬਚਣਾ ਕਠਨ ਹੈ।' ਇਸ ਦਾ ਅਰਥ ਸਪਸ਼ਟ ਸੀ;
ਕਿ ਦੇਸ਼ ਦੀ ਜਨਤਾ ਦਾ ਲਹੂ ਚਿੱਟਾ ਹੋ ਚੁਕਾ ਸੀ, ਅਣਖ ਮਰ ਚੁਕੀ ਸੀ,
ਕਾਇਰਤਾ ਛਾ ਚੁਕੀ ਸੀ, ਗੁਰੂ ਜੀ ਚਾਹੁੰਦੇ ਸਨ ਕਿ ਆਪਣੇ ਸਰੀਰ ਦੀ
ਆਹੂਤੀ ਦੇ ਕੇ ਦੇਸ਼ ਦਾ ਪੁਨਰ ਜਨਮ ਕੀਤਾ ਜਾਵੇ; ਆਤਮ ਵਿਸ਼ਵਾਸ
ਜਗਾਇਆ ਜਾਵੇ; ਸ੍ਵੈ ਮਾਨ ਪੈਦਾ ਕੀਤਾ ਜਾਵੇ, ਚੇਤਨਤਾ ਪ੍ਰਗਟ ਕੀਤੀ
ਜਾਵੇ, ਅਣਖ ਤੇ ਗੌਰਵ ਨੂੰ ਭੜਕਾਇਆ ਜਾਵੇ; ਬਸ! ਇਹ ਉਦੇਸ਼ ਸੀ
ਗੁਰੂ ਜੀ ਦਾ ਸ੍ਵੈ ਬਲੀਦਾਨ ਕਰਨ ਦਾ।
ਸਤਿਗੁਰੂ ਜੀ ਦੀ ਸ਼ਹੀਦੀ ਸ਼ਾਨਦਾਰ ਤੇ ਮਹਾਨ ਸੀ
ਮੁਗਲਾਂ ਦੇ ਪਾਪ-ਰਾਜ ਉੱਤੇ ਕਰਾਰੀ ਸੱਟ ਸੀ। ਇਹ ਸ਼ਹਾਦਤ ਹਰ
ਅਧਰਮੀ-ਰਾਜ ਅਤੇ ਅਨਿਆਇ ਵਾਸਤੇ ਪਥ-ਪ੍ਰਦਰਸ਼ਕ ਰਹੀ ਹੈ
ਅਤੇ ਰਹੇਗੀ।

**ਗਿਆਨੀ ਜੀ ਦੀ ਹੱਥ ਲਿਖਤ ਦਾ ਨਮੂਨਾ**



Serial No. 56 Roll No. 51

# Panjab University

## Vidwan

Certified that Balvant Singh, Registered No. 66.es.6727, son/daughter of Shri Bugha Singh, and of the Bhatinda District, has passed the Examination for High Proficiency in Panjabi (ਵਿਦਵਾਨ) of this University, held in October, 1966, obtaining 306 marks in the Second Division.

Detail of Marks


| Paper | Marks obtained | Maximum marks |
|---|---|---|
| Paper I | 50 | 100 |
| Paper II | 45 | 100 |
| Paper III | 59 | 100 |
| Paper IV | 41 | 100 |
| Paper V | 52 | 100 |
| Paper VI | 50 | 100 |
| Total .. | 306 | 600 |
| Grace marks given in aggregate, if entitled | xx | |
| Grand Total .. | 306 | 600 |

(Three Hundred and six only)

Chandigarh
December 30, 1966

Registrar

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਦਾ ਗਿਆਨੀ ਦਾ ਸਰਟੀਫਿਕੇਟ



ਸਿਨ ੧੯੩ ਈ:	4366.

ਨੰਬਰ 6

ਧਾਰਮਿਕ ਮਹਾਂ ਵਿਦਿਆਲਯ ਸਕੂਲ ਅਮਰਗੜ੍ਹ, ਇਸ ਦੇ ਦੇ ਪਰਤ ਜਾਰੀ ਕੀਤੇ ਜਾਨ

ਜ਼ਿਲਾ ਬਠਿੰਡਾ (ਪੈਪਸੂ)

## ਸਕੂਲ (ਪਾਠਸ਼ਾਲਾ) ਛੱਡਣ ਦਾ ਸਾਰਟੀਫ਼ਿਕੇਟ

ਵਿਦਿਆਰਥੀ ਦਾ ਨਾਮ ਬਲਵੰਤ ਸਿੰਘ ਨੰਬਰ ਫ਼ਾਇਲ 1

ਜਨਮ ਦੀ ਤ੍ਰੀਕ 31 25 ਜੂਨ ਸੰਨ 1933 ਈ.

ਨੰਬਰ ਰਜਿਸਟਰ ਦਾਖ਼ਲਾ 68

ਸਹੀ ਕੀਤਾ ਜਾਂਦਾ ਹੈ ਕਿ ਬਲਵੰਤ ਸਿੰਘ ਪੁਤ੍ਰ ਸ. ਬੂਘਾ ਸਿੰਘ ਦੇ ਨੇ ਜੋ ਇਸ ਸਕੂਲ (ਪਾਠਸ਼ਾਲਾ) ਵਿਚ ਤ੍ਰੀਕ 31/3/1953 ਤਕ ਪੜ੍ਹਦਾ ਰਿਹਾ ਹੈ, ਪਾਠਸ਼ਾਲਾ ਦੀਆਂ ਕੁਲ ਰਕਮਾਂ ਜੋ ਇਸਦੇ ਜ਼ਿਮੇ ਵਾਜਬ ਸਨ ਦੇ ਦਿੱਤੀਆਂ ਹਨ, ਅਤੇ ਇਸ ਨੂੰ ਉੱਪਰ ਲਿਖੀ ਤ੍ਰੀਕ ਤੇ ਅਪਣਾ ਨਾਮ ਕਟਾਨ ਦੀ ਆਗਿਆ ਦਿੱਤੀ ਗਈ, ਏਹ ਸ਼੍ਰੇਣੀ ਸਿਧਾਂਤਿ ਗਿਆਨੀ ਭਾਗ ਅਖੀਰ ਵਿਚ ਪੜ੍ਹਦਾ ਸੀ ਅਤੇ

ਉਨ੍ਹਾਂ ਵਿਦਿਆਰਥੀਆਂ ਦੀ ਦਸ਼ਾ ਵਿਚ ਜੋ ਪਾਠਸ਼ਾਲਾ ਕਿਸੇ ਭਾਗ ਦੀ ਮੁਕੱਰਰਾ ਪੜ੍ਹਾਈ ਦੇ ਮੁੱਕਨ ਤੇ ਛੱਡਣ। { ਇਸ ਦਾ ਇਮਤਿਹਾਨ × ਵਿਚ × ਦਰਜੇ ਦੇ ਮੁਤਾਬਕ ਲੀਤਾ ਗਿਆ ਸੀ, ਜਿਸ ਵਿਚ ਏਹ ਪਾਸ ਹੋਇਆ। / ਫੇਲ੍ਹ ਹੋਇਆ।

ਵਿਸ਼ਯ (ਮਜ਼ਮੂਨ) ਜਿਨ੍ਹਾਂ ਵਿਚ ਵਿਦਿਆਰਥੀ ਫੇਲ ਹੋਇਆ ×

ਉਨ੍ਹਾਂ ਵਿਦਿਆਰਥੀਆਂ ਦੀ ਦਸ਼ਾ ਵਿਚ ਜੋ ਪਾਠਸ਼ਾਲਾ ਕਿਸੇ ਭਾਗ ਦੀ ਮੁਕੱਰਰਾ ਪੜ੍ਹਾਈ ਦੇ ਮੁੱਕਨ ਤੇ ਨਾ ਛੱਡਣ। { ਇਸਦਾ ਇਮਤਿਹਾਨ ਤ੍ਰੱਕੀ ਦੇਣ ਦੇ ਲਈ × ਵਿਚ ਲੀਤਾ ਗਿਆ ਸੀ ਜੋ ਇਹਨੂੰ ਦਿੱਤੀ ਗਈ। / ਜਿਸਦਾ ਇਨਕਾਰ ਕੀਤਾ ਗਿਆ। ×

ਸਹੀ ਕੀਤਾ ਜਾਂਦਾ ਹੈ ਕਿ ਹੇਠ ਲਿਖੇ ਲੇਖ ਇਸ ਪਾਠਸ਼ਾਲਾ ਦੇ ਰਜਿਸਟਰਾਂ ਅਤੇ ਉਨ੍ਹਾਂ ਸਾਰਟੀਫ਼ਿਕੇਟਾਂ ਦੇ ਅਨੁਸਾਰ ਜੋ ਇਸ ਨੇ ਉਨ੍ਹਾਂ ਪਾਠਸ਼ਾਲਾ ਵਿਚੋਂ ਪ੍ਰਾਪਤ ਕੀਤੇ ਹਨ, ਜਿੱਥੇ ਇਸ ਨੇ ਪਾਠਸ਼ਾਲਾ ਦੇ ਸਾਲ ਵਿਚ ਇਸਤੋਂ ਪਹਿਲਾਂ ਵਿਦਿਆ ਪਾਈ ਹੈ, ਠੀਕ ਹਨ:—

| ਨੰਬਰ | ਪਾਠਸ਼ਾਲਾ | ਦਾਖ਼ਲ ਹੋਣ ਦੀ ਤ੍ਰੀਕ | ਨਾਮ ਕੱਟਣ ਦੀ ਤ੍ਰੀਕ | ਪਾਠਸ਼ਾਲਾ ਦੇ ਸਾਲ ਵਿਚ ਹਾਜ਼ਰੀ ਦਾ ਸਮਾਂ: ਤੋਂ | ਤਕ | ਹਾਜ਼ਰੀਆਂ ਜਿੰਨੀਆਂ ਕਿ ਪਾਠਸ਼ਾਲਾ ਦੇ ਸਾਲ ਵਿਚ ਹੋਣੀਆਂ ਚਾਹੀਦੀਆਂ ਸਨ | ਹਾਜ਼ਰੀਆਂ ਜਿੰਨੀਆਂ ਕਿ ਪਾਠਸ਼ਾਲਾ ਦੇ ਸਾਲ ਵਿਚ ਹੋਈਆਂ | ਰੁਖ਼ਸਤ ਜੋ ਪਾਠਸ਼ਾਲਾ ਦੇ ਸਾਲ ਵਿਚ ਲਈ |
|---|---|---|---|---|---|---|---|---|
| 1 | ਹੋਰ ਪਾਠਸ਼ਾਲਾ | | | | | | | |
| 2 | ਧਾਰਮਿਕ | | | | | | | |
| 3 | ਮਹਾਂ ਵਿਦਿਆਲਯ | 1/4/1951 | 31/3/1953 | × | × | × | × | × |
| 4 | ਅਮਰਗੜ੍ਹ | | | | | | | |
| | ਜੋੜ .... | | | × | × | × | × | × |

ਜਾਰੀ ਹੋਣ ਦੀ ਤਾਰੀਖ਼ 15/4/1953

ਹੈਡ ਮਾਸਟਰ

ਮਹਾਂ ਵਿਦਿਆਲਯ ਅਮਰਗੜ੍ਹ

### ਕੇਵਲ ਸਕਾਲਰਸ਼ਿਪ (ਵਜ਼ੀਫ਼ੇ) ਪਾਨ ਵਾਲਿਆਂ ਦੀ ਦਸ਼ਾ ਵਿਚ

ਸਕਾਲਰਸ਼ਿਪ ਦੀ ਕਿਸਮ ― ਸਕਾਲਰਸ਼ਿਪ ਦੀ ਮਿਕਦਾਰ ―

ਕਿਸ ਸਾਲ ਮਿਲਿਆ ― ਕਿਸ ਤ੍ਰੀਕ ਤਕ ਬਹਾਲ ਕਰਾਇਆ ਗਿਆ ―

ਕੌਣ ਦਿੰਦਾ ਹੈ ― ਹੁੰਦੀ ਜੇ ਕਰ ਇਕ ਪਾਠਸ਼ਾਲਾ ਵਿਚ ਲੈ ਚੁੱਕਾ ਹੋਵੇ ―

੧ ―

੨ ―

੩ ―

੪ ―

ਹੈਡ ਮਾਸਟਰ

**ਧਾਰਮਿਕ ਗੁਰਮੁਖੀ ਮਹਾਂਵਿਦਿਆਲਾਯ ਅਮਰਗੜ੍ਹ ਦਾ ਸਰਟੀਫਿਕੇਟ**

# ਪੁਸਕਤ ਸੂਚੀ


**ਪੰਜਾਬੀ ਪੁਸਤਕਾਂ**

ਆਰ.ਡੀ. ਨਿਰਾਕਾਰੀ, *ਵਿਸ਼ਵ ਚਿੰਤਕ ਸ਼ੰਕਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.

---, *ਭਾਰਤੀ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017 (ਦੂਜੀ ਵਾਰ).

ਐਸ.ਡੀ. ਗਜਰਾਨੀ (ਡਾ.), *ਇਤਿਹਾਸ ਲੇਖਣ ਧਾਰਨਾਵਾਂ ਅਤੇ ਤਰੀਕੇ*, ਮਦਾਨ ਪਬਲੀਸ਼ਿੰਗ ਹਾਊਸ, ਪਟਿਆਲਾ, 2012.

ਐਲ. ਐਮ. ਜੋਸ਼ੀ (ਸੰਪਾ.), *ਧੱਮਪਦ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

ਈ.ਐਚ. ਕਾਰ, *ਇਤਿਹਾਸ ਕੀ ਹੈ?*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.

ਈਸ਼ਵਰ ਸਿੰਘ ਗ੍ਰੰਥਾਵਲੀ (ਪੰ.), ਗਿਆਨੀ ਬਲਵੰਤ ਸਿੰਘ ਕੋਠਾ ਗੁਰੂ (ਸੰਪਾ.), *ਮਹੰਤ ਪ੍ਰੀਤਮ ਸਿੰਘ ਡੇਰਾ ਪ੍ਰੇਮਸਰ,* ਬਾੜੀਆਂ ਕਲਾਂ (ਹੁਸ਼ਿਆਰਪੁਰ), 2010.

ਏ.ਸੀ ਅਰੋੜਾ, *ਪੰਜਾਬ ਦੀਆਂ ਲੋਕ ਲਹਿਰਾਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਸ. ਸ. ਅਮੋਲ, *ਪ੍ਰੋ. ਤੇਜਾ ਸਿੰਘ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977.

ਸ਼ਮਸ਼ੇਰ ਸਿੰਘ, *ਸਿਖ ਧਰਮ ਵਿਚ ਆਦਰਸ਼ ਮਨੁਖ ਦਾ ਸੰਕਲਪ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼ (ਭਾਗ ਪਹਿਲਾ)*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

ਸਾਹਿਬ ਸਿੰਘ (ਪ੍ਰੋ.), *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਭਾਗ ਪਹਿਲਾ)*, ਰਾਜ ਪਬਲਿਸ਼ਰਜ, ਜਲੰਧਰ, 1972 (ਤੀਜੀ ਵਾਰ)।

ਸੁਖਦਿਆਲ ਸਿੰਘ (ਡਾ.), *ਖਾਲਸਾ ਪੰਥ ਦੇ ਪੰਜ ਤਖਤ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਸੁਖਦਿਆਲ ਸਿੰਘ (ਡਾ.), ਗੁਰੂ ਅੰਗਦ ਦੇਵ ਜੀ, ਗੁਰਮਤਿ ਪ੍ਰਕਾਸ਼ਨ, ਦਲੀ, 2004.

ਸ਼ੇਰ ਸਿੰਘ (ਪ੍ਰੋ.), *ਗੁਰਮਤਿ ਦਰਸ਼ਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2010.

ਹਰਸਿਮਰਨਜੀਤ ਕੌਰ (ਡਾ.), *ਸਿੱਖ ਇਤਿਹਾਸਕਾਰੀ ਉਤਪਤੀ ਤੇ ਵਿਕਾਸ*, ਲਾਹੌਰ ਬੁਕਸ, ਲੁਧਿਆਣਾ, 2012.

ਹਰਦਿਲਜੀਤ ਸਿੰਘ ਗੋਸਲ, *ਭਾਰਤੀ ਦਰਸ਼ਨ: ਦਾਰਸ਼ਨਿਕਤਾ ਅਤੇ ਸੰਕਲਪ*, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.

ਹਰਪਾਲ ਸਿੰਘ ਪੰਨੂ, *ਗੁਰੂ ਨਾਨਕ ਦਾ ਕੁਦਰਤ- ਸਿਧਾਂਤ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 2002.

ਹਰਬੰਸ ਸਿੰਘ (ਗਿ.), *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ (ਭਾਗ ਪਹਿਲਾ)*, ਪਟਿਆਲਾ, 1980.

ਹੁਸ਼ਿਆਰ ਸਿੰਘ ਦੁਲੇਹ, *ਜੱਟਾਂ ਦਾ ਇਤਿਹਾਸ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2001.

ਕੁਇਰ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), *ਗੁਰਬਿਲਾਸ ਪਾਤਸ਼ਾਹੀ 10*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਕੇਸਰ ਸਿੰਘ ਛਿੱਬਰ, ਪਿਆਰਾ ਸਿੰਘ ਪਦਮ (ਸੰਪਾ.), ਬੰਸਾਵਲੀਨਾਮਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997.

ਗੰਡਾ ਸਿੰਘ (ਸੰਪਾ.), *ਸ੍ਰੀ ਗੁਰ ਸੋਭਾ-ਕਵੀ ਸੈਨਾਪਤਿ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

ਗੁਰਬਚਨ ਸਿੰਘ ਰਾਹੀ (ਡਾ.), *ਗੁਰੂ ਨਾਨਕ ਬਾਣੀ ਵਿਵੇਚਨ*, ਸੰਗਮ ਪਬਲੀਕੇਸ਼ਨਜ਼, ਪਟਿਆਲਾ, 2015.

ਗੁਰਮੇਲ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਵਤ੍ਰਿਤ ਅਧਿਆਤਮਕਤਾ*, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ ਪਟਿਆਲਾ, 2003.

ਗੁਰਮੇਲ ਸਿੰਘ (ਸੰਪਾ.), ਗੁਰੂ ਅੰਗਦ ਦੇਵ ਸ੍ਰੋਤ ਪੁਸਤਕ, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ ਪਟਿਆਲਾ, 2006.

ਜਸਵੰਤ ਸਿੰਘ ਨੇਕੀ, *ਸਦਾ ਵਿਗਾਸ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007.

ਜਗਜੀਤ ਸਿੰਘ (ਪ੍ਰਿੰ.), *ਚੰਦਨ ਰੁੱਖ*, ਡਾ. ਜਸਵੰਤ ਸਿੰਘ, ਹਵਾਈ ਆਈਲੈਂਡ, ਅਮਰੀਕਾ, 2013.

ਠਾਣਾ ਸਿੰਘ ਨਥਾਣਾ, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ (ਸੰਪਾ.), *ਬਾਬਾ ਕਾਲੂ ਨਾਥ ਜੀ*, ਜਸਵੀਰ ਸਿੰਘ, ਨਥਾਣਾ (ਬਠਿੰਡਾ), 2014.

ਤਾਰਨ ਸਿੰਘ (ਡਾ.), *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਤੇਜਵੰਤ ਮਾਨ (ਡਾ.), *ਪੰਚ ਖਾਲਸਾ ਦੀਵਾਨ ਭਸੌੜ ਦੀ ਪੰਜਾਬੀ ਸਾਹਿਤ ਨੂੰ ਦੇਣ*, ਲਿਟਰੇਚਰ ਹਾਊਸ, ਅੰਮ੍ਰਿਤਸਰ, 1997.

ਦਿਆਲ ਸਿੰਘ (ਮਹੰਤ), *ਨਿਰਮਲ ਪੰਥ ਦਰਸ਼ਨ ( ਦੋ ਭਾਗ)*, ਡਾ. ਪਰਮਜੀਤ ਸਿੰਘ (ਸੰਪਾ.), ਭਾਈ ਚਤਰ ਸਿੰਘ ਭਾਈ ਜੀਵਨ ਸਿੰਘ, ਅੰਮ੍ਰਿਤਸਰ, 2010.

ਦਿਆਲ ਸਿੰਘ ਪਰਵਾਨਾ, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ (ਸੰਪਾ.), *ਹਸਦਾ ਬਾਦਸ਼ਾਹ*, ਭੁੱਲਰ ਏਕਤਾ ਪ੍ਰਕਾਸ਼ਨ, ਗੋਨਿਆਣਾ ਮੰਡੀ, 1981.

ਦੇਵਾ ਸਿੰਘ ਜੀ (ਪੰ.), *ਅਧਯਾਤਮ ਅਨੁਭਵ ਵਿਵੇਕ*, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ (ਸੰਪਾ.), ਮਹੰਤ ਪ੍ਰਧਾਨ ਸਿੰਘ ਜੀ ਨਿਰਮਲ ਆਸ਼੍ਰਮ, ਹੁਸ਼ਿਆਰਪੁਰ, 2007.

ਦੇਵਿੰਦਰ ਸੈਫੀ (ਡਾ.), *ਸਿੱਧਾਂਤਕਾਰੀ ਅਤੇ ਪੰਜਾਬੀ ਸਿੱਧਾਂਤਕਾਰ*,ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012.

ਧਰਮ ਸਿੰਘ ਕੋਠਾ ਗੁਰੂ (ਸ੍ਰੀਮਾਨ ਸੰਤ), ਗਿਆਨੀ ਬਲਵੰਤ ਸਿੰਘ ਕੋਠਾ ਗੁਰੂ (ਸੰਪਾ.), *ਆਤਮ ਬੋਧ*, ਜਥੇਦਾਰ ਭਾਈ ਹਾਕਮ ਸਿੰਘ, ਕੋਠਾ ਗੁਰੂ (ਬਠਿੰਡਾ), 2005.

ਪਿਆਰਾ ਸਿੰਘ ਪਦਮ (ਪ੍ਰੋ.) (ਸੰਪਾ.), *ਗੁਰੂ ਗ੍ਰੰਥ ਵਿਚਾਰ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਪਿਆਰਾ ਸਿੰਘ ਪਦਮ (ਪ੍ਰੋ.), *ਸਿੱਖ ਸੰਪ੍ਰਦਾਵਲੀ,* ਕਲਗੀਧਰ ਕਲਮ ਫਾਊਂਡੇਸ਼ਨ, ਪਟਿਆਲਾ, 2000.

ਪਿਆਰਾ ਸਿੰਘ ਪਦਮ, *ਤੇਗ ਬਹਾਦਰ ਸਿਮਰੀਐ,* ਕਲਮ ਮੰਦਿਰ ਲੋਯਰ ਮਾਲ, ਪਟਿਆਲਾ, 1994.

ਪ੍ਰੀਤਮ ਸਿੰਘ (ਸੰਪਾ.), *ਨਿਰਮਲ ਸੰਪ੍ਰਦਾਇ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981.

ਬਲਵੰਤ ਸਿੰਘ ਕੋਠਾ ਗੁਰੂ (ਗਿ.), *ਅਦੁਤੀ ਸੇਵਕ,* ਪੰਜਾਬੀ ਪਰਵਾਨਾ ਪੁਸਤਕ ਭੰਡਾਰ, ਕੋਟਕਪੂਰਾ (ਬਠਿੰਡਾ), 1956.

---, *ਅਗਮ ਅਗਾਧ ਪੁਰਖ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 1983.

---, *ਏਕ ਪੁਰਖ ਅਪਾਰ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 1983.

---, *ਰੂਪ ਦੀਪ ਸਟੀਕ,* ਭਾਈ ਕੰਵਰ ਕੌਰ ਸਿੰਘ, ਕੋਠਾ ਗੁਰੂ (ਬਠਿੰਡਾ), 1993.

---, *ਸੰਤ ਮਹਾਰਾਜ ਬਾਬਾ ਬਲਵੰਤ ਸਿੰਘ ਜੀ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 1994.

---, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 1997.

---, *ਸ੍ਰੀ ਨਿਰਮਲ ਪੰਥ ਬੋਧ,* ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ (ਹਰਿਦੁਆਰ), 1998.

---, *ਵਿਦਿਆਸਰ ਦਾ ਵਿਦਿਆਸਾਗਰ,* ਭਾਈ ਸਾਹਿਬ ਭਾਈ ਅਮਰਜੀਤ ਸਿੰਘ, ਅਮਰਗੜ੍ਹ (ਬਠਿੰਡਾ), 2000.

---, *ਕੋਠਾ ਗੁਰੂ ਦੀ ਗੌਰਵ ਗਾਥਾ,* ਗਿਆਨੀ ਕੌਰ ਸਿੰਘ, ਕੋਠਾ ਗੁਰੂ (ਬਠਿੰਡਾ), 2004.

---, *ਨਿਰਮਲ ਪੰਥ ਦੀ ਗੌਰਵ ਗਾਥਾ,* ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ, ਕਨਖਲ (ਹਰਿਦੁਆਰ), 2009.

---, *ਸੂਰਬੀਰ ਬਚਨ ਕੇ ਬਲੀ,* ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ, ਕਨਖਲ (ਹਰਿਦੁਆਰ), 2010.

---, *ਕਲਾਧਾਰੀ ਪੁਰਖ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 2012.

---, *ਸੰਪ੍ਰਦਾਇ ਮਸਤੂਆਣਾ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 2015.

---, *ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਅਤੇ ਸ੍ਰੀਮਾਨ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਉਪਕਾਰ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 2017.

---, *ਗੁਰਬਾਣੀ-ਵੇਦਾਂਤ ਨਿਰਣੈ,* ਗਿਆਨੀ ਕੌਰ ਸਿੰਘ ਵੈਦਯ ਵਿਸ਼ਾਰਦ, ਕੋਠਾ ਗੁਰੂ (ਬਠਿੰਡਾ), 2017.

---,*ਜਪੁ ਜੀ ਸਾਹਿਬ ਸਟੀਕ,* ਗਿਆਨੀ ਕੌਰ ਸਿੰਘ ਵੈਦਯ ਵਿਸ਼ਾਰਦ, ਕੋਠਾ ਗੁਰੂ (ਬਠਿੰਡਾ), 2020.

ਭੂਪਿੰਦਰ ਸਿੰਘ ਗਰੋਵਰ, *ਕਰਮ ਸਿੰਘ ਹਿਸਟੋਰੀਅਨ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਮੱਘਰ ਸਿੰਘ ਜੀ ਸ਼ਾਂਤ, ਗਿਆਨੀ ਬਲਵੰਤ ਸਿੰਘ ਕੋਠਾ ਗੁਰੂ (ਸੰਪਾ.), *ਸ਼ਾਂਤ ਸੰਗੀਤ*, ਭੁੱਲਰ ਏਕਤਾ ਪ੍ਰਕਾਸ਼ਨ, 1982.

ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼*, ਭਾਈ ਵੀਰ ਸਿੰਘ (ਸੰਪਾ.),ਖਾਲਸਾ ਸਮਾਚਾਰ, ਅੰਮ੍ਰਿਤਸਰ, 1982.

ਰੂਪ ਸਿੰਘ (ਸੰਪਾ.), *ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ*, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 2015.

ਲਾਲ ਸਿੰਘ ਸੰਗਰੂਰ (ਗਿ.), *ਇਤਿਹਾਸ ਪੰਚ ਖਾਲਸਾ ਦੀਵਾਨ ਸਬੰਧੀ ਸੂਚਨਾਵਾਂ*, ਪੰਚ ਖਾਲਸਾ ਦੀਵਾਨ, 1960.

ਵਜ਼ੀਰ ਸਿੰਘ (ਡਾ.), *ਨਾਨਕ ਬਾਣੀ ਚਿੰਤਨ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1979.

ਵਜ਼ੀਰ ਸਿੰਘ, *ਸਿਖ ਦਰਸ਼ਨਧਾਰਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

**ਹਿੰਦੀ ਪੁਸਤਕਾਂ**

ਬਲਵੰਤ ਸਿੰਘ ਕੋਠਾ ਗੁਰੂ (ਗਿ.), *ਗੁਰੂ ਵੰਸ਼-ਖਾਲਸਾ ਪੰਥ*, ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ (ਹਰਿਦੁਆਰ), 1999.

---, *ਸੁਧਾਸਰ ਕੇ ਰਤਨ*, ਸ੍ਰੀਮਾਨ ਮਹੰਤ ਭੁਪਿੰਦਰ ਸਿੰਘ, ਅੰਮ੍ਰਿਤਸਰ, 2001.

---, *ਪੂਜਯ ਸੰਤ ਅਤਰ ਸਿੰਘ ਜੀ (ਕਿਤਾਬਚਾ)*, ਗੰਭੀਰ ਪ੍ਰਿਟਿੰਗ ਪ੍ਰੈਸ, ਅੰਮ੍ਰਿਤਸਰ, 1987.

ਰਾਧਾਕ੍ਰਿਸ਼ਨਨ (ਡਾ.), *ਭਾਰਤੀਯ ਦਰਸ਼ਨ (ਭਾਗ ਪਹਿਲਾ)*, ਰਾਜਪਾਲ ਐਂਡ ਸੰਨਜ਼, ਦਿੱਲੀ, 2017.

**ਅੰਗਰੇਜ਼ੀ ਪੁਸਤਕਾਂ ਅਤੇ ਕੋਸ਼**

R.G. Collingwood, *The idea of History*, Oxford University Press, London, 1976.

W.H.Walsh, *An introduction of Philosophy of History*, Hutchinson, London, 1979.

Harbans Singh (ed.), *Encyclopedia of Sikhism (vol. 1-4)*, Punjabi university Patiala, 2012.

**ਕਿਤਾਬਚੇ/ਟਰੈਕਟ**

ਬਲਵੰਤ ਸਿੰਘ ਕੋਠਾ ਗੁਰੂ (ਗਿ.), *ਤਖਤ ਦਮਦਮਾ ਸਾਹਿਬ*, ਆਲ ਇੰਡੀਆ ਸ੍ਰੋਮਣੀ ਨਿਆਰਾ ਖਾਲਸਾ ਦਲ, ਕੋਟਕਪੂਰਾ (ਬਠਿੰਡਾ), 1959.

---, *ਬਾਬਾ ਕੌਲ ਸਾਹਿਬ,* ਸਕੱਤਰ ਗੁਰਦਵਾਰਾ ਕੌਲਸਰ ਸਾਹਿਬ, ਕੋਠਾ ਗੁਰੂ (ਬਠਿੰਡਾ) 1965.

---, *ਲੋਹਗੜ੍ਹ ਸਾਹਿਬ ਦੀਨਾ,* ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਲੋਹਗੜ੍ਹ ਦੀਨਾ, ਮੋਗਾ, 1968.

---, *ਗੁਰਦੁਆਰਾ ਗੁਰੂਸਰ ਨਥਾਣਾ,* ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ, ਨਥਾਣਾ (ਬਠਿੰਡਾ), 2000.

---, *ਗੁਰੂ ਗ੍ਰੰਥ ਸਾਹਿਬ ਜੀ ਦੀ ਤ੍ਰਿਤੀਯਾ ਸ਼ਤਾਬਦੀ ਪੂਰਣਤਾ ਦਿਵਸ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 2000.

---, *ਸੰਖੇਪ ਇਤਿਹਾਸ ਸ੍ਰੀ ਦਮਦਮਾ ਸਾਹਿਬ ਗੁਰੂ ਕਾਸ਼ੀ,* ਸੰਤ ਸੇਵਕ ਜੱਥਾ ਬੁੰਗਾ ਮਸਤੂਆਣਾ, ਤਲਵੰਡੀ ਸਾਬੋ (ਬਠਿੰਡਾ), 2003.

---, *ਡੇਰਾ ਬਾਬਾ ਦਲ ਸਿੰਘ ਜੀ ਭੁਚੋ ਕਲਾਂ,* ਗੁਰਦੁਆਰਾ ਡੇਰਾ ਬਾਬਾ ਦਲ ਸਿੰਘ ਜੀ, ਭੁਚੋ ਕਲਾਂ (ਬਠਿੰਡਾ), 2007.

---, *ਨਿਰਮਲ ਭੇਖ ਭਾਸ਼ਕਰ,* ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ, ਕਨਖਲ (ਹਰਿਦੁਆਰ), 2009.

---, *ਨਿਰਭੈ ਯੋਧਾ ਬਾਬਾ ਬੰਦਾ ਸਿੰਘ,* ਸ੍ਰੀਮਾਨ ਮਹੰਤ ਬਲਵੰਤ ਸਿੰਘ ਸੈਕਟਰੀ, ਕਨਖਲ (ਹਰਿਦੁਆਰ), 2009.

---, *ਗੁਰਦਵਾਰਾ ਗੁੰਗਸਰ ਸਾਹਿਬ*, ਗਿਆਨੀ ਕੌਰ ਸਿੰਘ ਵੈਦਯਵਿਸ਼ਾਰਦ, ਕੋਠਾ ਗੁਰੂ (ਬਠਿੰਡਾ), 2018.

*ਸਤਿਨਾਮ ਵਾਹਿਗੁਰੂ,* ਗਿਆਨੀ ਕੌਰ ਸਿੰਘ ਵੈਦਯਵਿਸ਼ਾਰਦ, ਕੋਠਾ ਗੁਰੂ (ਬਠਿੰਡਾ), 2018.

**ਅਖ਼ਬਾਰ/ ਪਤ੍ਰਿਕਾਵਾਂ**:

*ਖਾਲਸਾ ਪਾਰਲੀਮੈਂਟ ਗਜ਼ਟ,* ਪੰਚਖੰਡ, ਦਸੰਬਰ, 1959.

*ਗੁਰਮਤਿ ਪ੍ਰਕਾਸ਼*, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਜੂਨ, 1961.

---, ਦਸੰਬਰ, 1962.

---,ਫਰਵਰੀ, 2008.

*ਪੈਨਸ਼ਨਰ,* ਬੁਢਲਾਡਾ, ਅਕਤੂਬਰ, 1958.

*ਪੰਜਾਬੀ ਪਰਵਾਨਾ,* ਕੋਟਕਪੂਰਾ, ਅਕਤੂਬਰ-ਨਵੰਬਰ, 1954.

---, ਅਕਤੂਬਰ-ਨਵੰਬਰ, 1954.

---, ਜਨਵਰੀ, 1955.

*ਪੰਜਾਬੀ ਟ੍ਰਿਬਿਊਨ*, ਚੰਡੀਗੜ੍ਹ, 26 ਫਰਵਰੀ, 1988.

---, 19 ਦਸੰਬਰ 1994.

*ਸਿੰਘ ਸਭਾ ਪਤ੍ਰਿਕਾ*, ਸ੍ਰੀ ਅੰਮ੍ਰਿਤਸਰ, ਮਾਰਚ, 1978.

*ਦੇਸ਼ ਸੇਵਕ*, 30 ਦਸੰਬਰ, 1998.

*ਪੰਜਾਬੀ ਰਤਨ*, 25 ਦਸੰਬਰ 1958.

*ਨਾਨਕ ਪ੍ਰਕਾਸ਼ ਪਤ੍ਰਿਕਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ, 2005.

---,ਦਸੰਬਰ, 2005.

---,ਦਸੰਬਰ, 2006.

---,ਜੂਨ, 2007.

---,ਦਸੰਬਰ, 2007.

---,ਜੂਨ, 2008.

---, ਜੂਨ-ਦਸੰਬਰ, 2009.

*ਨਿਰਮਲ ਉਦੇਸ਼*, ਅੰਮ੍ਰਿਤਸਰ, 17 ਦਸੰਬਰ, 1980.

*ਨਿਰਮਲ ਚਿੰਤਾਮਣੀ*, ਕੋਠਾ ਗੁਰੂ, ਮਈ, 1996.

*ਮਹਾਤਮਾ*, ਅੰਮ੍ਰਿਤਸਰ, 19 ਫਰਵਰੀ, 1959.

*ਰੋਜ਼ਾਨਾ ਕੌਮੀ ਦਰਦ*, ਜਲੰਧਰ, 1 ਨਵੰਬਰ, 1971.

*ਰੋਜ਼ਾਨਾ ਅਜੀਤ*, ਜਲੰਧਰ, 31 ਜਨਵਰੀ, 1985.

---,23 ਸਤੰਬਰ, 1987.

---,7 ਜਨਵਰੀ, 1995.

*ਰੋਜ਼ਾਨਾ ਅਕਾਲੀ-ਪੱਤ੍ਰਕਾ*, ਜਲੰਧਰ, 1 ਫਰਵਰੀ 1983.

*ਗੁਰਦੁਆਰਾ ਗਜ਼ਟ*, ਅੰਮ੍ਰਿਤਸਰ, ਨਵੰਬਰ 1965.

*ਵਿਸ਼ਾਲ ਮਾਲਵਾ*, ਪਟਿਆਲਾ, 9 ਮਈ 1963.

*ਨਿਰਮਲ ਪ੍ਰਕਾਸ਼*, ਜਗਰਾਉਂ, 5 ਫਰਵਰੀ 1993.

**ਕੋਸ਼:**

ਸੁਰਿੰਦਰ ਸਿੰਘ ਕੋਹਲੀ (ਸੰਪਾ.), *ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ)*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972.

ਰਤਨ ਸਿੰਘ ਜੱਗੀ (ਡਾ.), *ਸਿੱਖ ਪੰਥ ਵਿਸ਼ਵਕੋਸ਼ (ਭਾਗ ਪਹਿਲਾ)*, ਗੁਰਰਤਨ ਪਬਲਿਸ਼ਰਜ਼, ਪਟਿਆਲਾ, 2005.

ਕਾਨ੍ਹ ਸਿੰਘ ਨਾਭਾ (ਭਾ.), *ਮਹਾਨ ਕੋਸ਼*, ਲਾਹੌਰ ਬੁੱਕਸ, ਲੁਧਿਆਣਾ, 2013.

ਪ੍ਰੇਮ ਪ੍ਰਕਾਸ਼ ਸਿੰਘ (ਡਾ.), *ਸੰਸਕ੍ਰਿਤ ਪੰਜਾਬੀ ਕੋਸ਼*, ਪੰਜਾਬੀ ਯੂਨੀਵਿਰਸਟੀ, ਪਟਿਆਲਾ, 2002.

ਪ੍ਰੀਤਮ ਸਿੰਘ (ਪ੍ਰੋ.), *ਪੰਜਾਬੀ ਲੇਖਕ ਕੋਸ਼*, ਯੂਨੀਸਟਾਰ ਬੁਕਸ, ਚੰਡੀਗੜ੍ਹ, 2003.

**ਹੱਥ ਲਿਖਤਾਂ:**

ਬਲਵੰਤ ਸਿੰਘ ਕੋਠਾ ਗੁਰੂ (ਗਿ.), *ਬਾਲਾ ਠਾਕੁਰ (ਲਘੂ ਉਪਨਿਆਸ)*, 1966.

---, *ਗੁਰ ਅੰਗਦ ਦੀ ਦੋਹੀ ਫਿਰੀ (ਕਿਤਾਬਚਾ)*, 1969.

---, *ਧਰਮ ਪ੍ਰਭਾਕਰ ਜਯੋਤੀ (ਕਿਤਾਬਚਾ)*, 1975.

---, *ਦੇਗ ਦੇ ਧਨੀ (ਕਿਤਾਬਚਾ)*, ਮਿਤੀਹੀਣ.

## PUBLICATIONS

1. **'ਗਿਆਨੀ ਬਲਵੰਤ ਸਿੰਘ (ਕੋਠਾ ਗੁਰੂ) ਦੀ ਇਤਿਹਾਸਕਾਰੀ (ਦਮਦਮਾ ਸਾਹਿਬ ਦੇ ਵਿਸ਼ੇਸ਼ ਹਵਾਲੇ ਨਾਲ)'** ਸਿਰਲੇਖ ਹੇਠ *ਪੰਜਾਬੀ ਦੁਨੀਆ* ਜੁਲਾਈ-ਅਗਸਤ 2019 (PB/PTA/064(2017-2019) ਰਸਾਲੇ ਵਿਚ ਪੰਨਾ ਨੰ. 7 ਤੋਂ 12 'ਤੇ ਪ੍ਰਕਾਸ਼ਤ ਹੈ।
2. **ਸ੍ਰਿਸ਼ਟੀ ਰਚਨਾ: ਗੁਰੂ ਨਾਨਕ ਬਾਣੀ ਦੇ ਵਿਸ਼ੇਸ਼ ਹਵਾਲੇ ਨਾਲ ਸਿਰਲੇਖ** ਹੇਠ *ਜਗਤ ਗੁਰ ਬਾਬਾ (ਲੇਖ-ਸੰਗ੍ਰਹਿ)* (ISBN 978-93-85648-11-3) ਪੁਸਤਕ ਵਿਚ ਪੰਨਾ ਨੰ. 133 ਤੋਂ 140 'ਤੇ 2019 ਨੂੰ ਛਪਿਆ ਹੈ।

# ਪੰਜਾਬੀ ਦੁਨੀਆ

ਜੁਲਾਈ-ਅਗਸਤ 2019

ਭਾਸ਼ਾ ਵਿਭਾਗ, ਪੰਜਾਬ

Scanned with CamScanner

# ਪੰਜਾਬੀ ਦੁਨੀਆ

ਸਾਲ : 70 ਜੁਲਾਈ-ਅਗਸਤ 2019 ਅੰਕ : 07-08

ਮੁੱਖ ਸੰਪਾਦਕ
ਕਰਮਜੀਤ ਕੌਰ
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

ਸੰਪਾਦਕ
ਡਾ. ਵੀਰਪਾਲ ਕੌਰ
ਡਿਪਟੀ ਡਾਇਰੈਕਟਰ
ਹਰਜੀਤ ਕੌਰ
ਸਹਾਇਕ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਰਾਹੀਂ
ਕੰਟਰੋਲਰ
ਛਪਾਈ ਤੇ ਲਿਖਣ ਸਮੱਗਰੀ
ਵਿਭਾਗ, ਪੰਜਾਬ

ਪ੍ਰਕਾਸ਼ਕ
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

ਫੋਟੋ ਕੰਪੋਜ਼ਿੰਗ
ਕੰਪਿਊਟਰ ਵਿੰਗ
ਭਾਸ਼ਾ ਵਿਭਾਗ, ਪੰਜਾਬ

ਸਾਲਾਨਾ ਚੰਦਾ : 36 ਰੁਪਏ
ਇਹ ਅੰਕ : 06 ਰੁਪਏ

ਪਰਚੇ ਵਿਚ ਲੇਖਕਾਂ ਵਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਪੰਜਾਬ ਸਰਕਾਰ/ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰ ਦੇਣ ਦਾ ਪੂਰਾ ਅਧਿਕਾਰ ਹੈ।

1. ਸੰਪਾਦਕੀ 05

2. ਵਿਸ਼ਵੀਕਰਨ ਅਤੇ ਪੰਜਾਬੀ ਨਾਵਲ
- ਡਾ. ਅਸ਼ਵਨੀ ਸ਼ਰਮਾ 06

3. ਗਿਆਨੀ ਬਲਵੰਤ ਸਿੰਘ ਕੋਠਾਗੁਰੂ ਦੀ ਇਤਿਹਾਸਕਾਰੀ (ਦਮਦਮਾ ਸਾਹਬਿ ਦੇ ਵਿਸ਼ੇਸ਼ ਹਵਾਲੇ ਨਾਲ)
- ਜਸਪ੍ਰੀਤ ਕੌਰ 12

4. ਕਰਤਾਰ ਸਿੰਘ ਦੁੱਗਲ ਦੇ ਸਾਹਿਤਿਕ ਸਫ਼ਰ ਦਾ ਦੂਜਾ ਪੜਾਅ
(ਕਹਾਣੀ ਸੰਗ੍ਰਹਿ- ਅੱਗ ਖਾਣ ਵਾਲੇ ਅਤੇ ਡੰਗਰ ਦੇ ਵਿਸ਼ੇਸ਼ ਸੰਦਰਭ ਵਿਚ)
- ਰਮਨਦੀਪ ਕੌਰ 26

5. ਸ੍ਰੀ ਦਸਮ ਗ੍ਰੰਥ ਸਾਹਿਬ : ਇਕ ਜਾਣ-ਪਛਾਣ
- ਗੁਰਪ੍ਰੀਤ ਕੌਰ 38

6. ਪੰਜਾਬੀ ਨਾਟਕ ਅਤੇ ਲਘੂ ਨਾਟਕ
- ਕੁਲਦੀਪ ਕੌਰ 51

7. ਚੰਗੇਜ਼ ਆਇਤਮਤੋਵ ਦੇ ਨਾਵਲ 'ਪਹਿਲਾ ਅਧਿਆਪਕ' ਦਾ ਵਿਸ਼ਾਗਤ ਅਧਿਐਨ
- ਡਾ. ਅਮਨਪ੍ਰੀਤ ਸਿੰਘ 67

Scanned with CamScanner

# ਗਿਆਨੀ ਬਲਵੰਤ ਸਿੰਘ ਕੋਠਾਗੁਰੂ ਦੀ ਇਤਿਹਾਸਕਾਰੀ

## (ਦਮਦਮਾ ਸਾਹਿਬ ਦੇ ਵਿਸ਼ੇਸ਼ ਹਵਾਲੇ ਨਾਲ)

-ਜਸਪ੍ਰੀਤ ਕੌਰ

ਇਤਿਹਾਸ ਨੂੰ ਜਾਣਨ ਵੱਲ ਮਨੁੱਖ ਦਾ ਸ਼ੁਰੂ ਤੋਂ ਹੀ ਝੁਕਾਅ ਰਿਹਾ ਹੈ। ਸ਼ੁਰੂ ਵਿਚ ਇਹ ਇਤਿਹਾਸ ਆਮ ਹੀ ਪੁਰਾਣੀਆਂ ਗੱਲਾਂ ਦਾ ਦੁਹਰਾਉ ਸੀ। ਪਰੰਤੂ ਜਿਵੇਂ-ਜਿਵੇਂ ਮਨੁੱਖੀ ਸੋਚ ਇਤਿਹਾਸ ਨੂੰ ਇਕ ਅਨੁਸ਼ਾਸ਼ਨੀ ਰੂਪ ਦੇਣ ਲੱਗੀ ਤਾਂ ਆਮ ਕੀਤੀਆਂ ਜਾਣ ਵਾਲੀਆਂ ਗੱਲਾਂ ਨੇ ਪੂਰਨ ਰੂਪ ਵਿਚ ਇਕ ਸਿਧਾਂਤ ਦਾ ਰੂਪ ਧਾਰ ਲਿਆ ਜੋ ਕਿ ਇਤਿਹਾਸਕਾਰੀ ਵਜੋਂ ਜਾਣਿਆ ਗਿਆ। ਇਨਸਾਈਕਲੋਪੀਡੀਆ ਆਫ਼ ਰਿਲਿਜਨ ਅਨੁਸਾਰ ਅੰਗਰੇਜ਼ੀ ਸ਼ਬਦ 'History' ਫਰੈਂਚ ਸ਼ਬਦ 'Histoire' ਅਤੇ ਇਟਾਲੀਅਨ ਸ਼ਬਦ 'Storia', ਪਹਿਲਾਂ ਆਮ ਪੁੱਛ-ਗਿੱਛ ਲਈ ਵਰਤੇ ਗਏ ਸਨ ਪਰੰਤੂ ਸਮਾਂ ਲੰਘਣ ਤੇ ਇਹ ਸਭ ਇਤਿਹਾਸ ਸ਼ਬਦ ਨਾਲ ਜਾਣਿਆ ਜਾਣ ਲੱਗਿਆ। ਇਤਿਹਾਸ ਲਈ ਜਰਮਨ ਵਿਚ 'Geschichte' ਵਰਤਿਆ ਜਾਂਦਾ ਹੈ, ਜਿਸ ਦਾ ਭਾਵ ਵਾਪਰਨਾ ਹੈ। ਚੀਨੀ ਸ਼ੀਹ ਸ਼ਬਦ, ਜਿਸ ਦਾ ਭਾਵ ਤੱਥ ਅਤੇ ਇਤਿਹਾਸ ਦੋਵਾਂ ਤੋਂ ਲਿਆ ਜਾਂਦਾ ਹੈ। ਪੁਰਾਣ (ਪਰਾਚੀਨ ਇਤਿਹਾਸ) ਅਤੇ ਅਰਬੀ ਵਿਚ ਤਾਰੀਖ (ਘਟਨਾ ਦਾ ਦਿਨ ਸਿੱਧ ਕਰਨ ਲਈ), ਖਬਰ (ਰਿਪੋਰਟ) ਅਤੇ ਇਬਾਰ ਸ਼ਬਦ ਦਾ ਭਾਵ ਬੀਤ ਚੁੱਕੇ ਜਾਂ ਪਰ੍ਹੇ ਤੋਂ ਲਿਆ ਜਾਂਦਾ ਹੈ। ਇਨ੍ਹਾਂ ਸ਼ਬਦਾਂ ਦਾ ਵਿਉਂਤਕਾਰੀ ਵਿਸ਼ਲੇਸ਼ਣ ਇਤਿਹਾਸ ਲਿਖਣ ਦੀ ਵਿਆਪਕਤਾ ਲਈ ਇਕ ਤਿਆਰ ਸਪੱਸ਼ਟੀਕਰਨ ਨਹੀਂ ਮਿਲਦਾ ਕਿਉਂਕਿ ਇਨ੍ਹਾਂ ਸ਼ਬਦਾਂ ਦਾ ਭਾਵ ਸਭਿਆਚਾਰ ਅਤੇ ਸਮੇਂ ਨਾਲ ਜੁੜਿਆ ਹੋਇਆ ਹੈ।[1] ਸੋ ਆਖ ਸਕਦੇ ਹਾਂ ਕਿ ਇਤਿਹਾਸ ਗਿਆਨ ਦਾ ਇਕ ਅਜਿਹਾ ਰੂਪ ਹੈ ਜੋ ਬੀਤ ਚੁੱਕੀਆਂ ਮਨੁੱਖੀ ਘਟਨਾਵਾਂ ਨਾਲ ਸਬੰਧਿਤ ਹੁੰਦਾ ਹੈ। ਇਤਿਹਾਸ ਲਿਖਣ ਦੀ ਕਲਾ ਨੂੰ ਇਤਿਹਾਸਕਾਰੀ ਕਿਹਾ ਜਾਂਦਾ ਹੈ। ਇਸ ਵਿਚ ਮੁੱਖ ਤੌਰ ਤੇ ਗਿਆਨੀ ਬਲਵੰਤ ਸਿੰਘ ਕੋਠਾਗੁਰੂ ਦੀ ਇਤਿਹਾਸਕਾਰੀ ਨੂੰ ਦਸਦਿਆਂ

ਮਕਾਨ ਨੰ. 5, ਗਲੀ ਨੰ. 25, ਅਨੰਦ ਨਗਰ, ਬੀ, ਪਟਿਆਲਾ, ਮੋਬਾ. 99141-26286

ਦਮਦਮਾ ਸਾਹਿਬ ਦੇ ਇਤਿਹਾਸ ਨੂੰ ਅਧਾਰ ਬਣਾਇਆ ਜਾਵੇਗਾ।

ਗਿਆਨੀ ਬਲਵੰਤ ਸਿੰਘ ਜੀ ਕੋਠਾਗੁਰੁ ਵਾਲੇ ਵਰਤਮਾਨ ਸਮੇਂ ਦੇ ਪ੍ਰਸਿੱਧ ਲੇਖਕ, ਖੋਜੀ ਅਤੇ ਇਤਿਹਾਸਕਾਰ ਸਨ। ਗਿਆਨੀ ਜੀ ਨੇ ਪ੍ਰਾਚੀਨ ਸਾਧੂ ਡੇਰਿਆਂ ਵਿੱਚੋਂ ਪੁਰਾਤਨ ਸ਼ੈਲੀ ਦੀ ਵਿਦਿਆ, ਬ੍ਰਿਜ ਭਾਸ਼ਾ ਅਤੇ ਧਾਰਮਿਕ ਵਿੱਦਿਆ ਪ੍ਰਾਪਤ ਕੀਤੀ। ਉਨ੍ਹਾਂ ਨੇ ਧਾਰਮਿਕ ਇਤਿਹਾਸ, ਮਿਥਿਹਾਸ ਦਾ ਅਧਿਐਨ ਕੀਤਾ। ਗਿਆਨੀ ਜੀ ਦੀਆਂ ਸਾਰੀਆਂ ਰਚਨਾਵਾਂ ਵਿਗਿਆਨਕ ਸ਼ੈਲੀ ਵਿਚ, ਅੰਧ ਵਿਸ਼ਵਾਸ ਨੂੰ ਦੂਰ ਕਰਨ ਵਾਲੀਆਂ ਵਿਵੇਕਪੂਰਨ ਹਨ। ਉਨ੍ਹਾਂ ਨੇ ਨਿਰਮਲ ਭੇਖ ਦਾ ਗੰਭੀਰ ਅਧਿਐਨ ਕੀਤਾ ਅਤੇ 1998 ਈ: ਵਿਚ ਨਿਰਮਲ ਭੇਖ ਬਾਰੇ 1100 ਪੰਨਿਆਂ ਦੇ ਖੋਜਪੂਰਤ ਗ੍ਰੰਥ 'ਸ੍ਰੀ ਨਿਰਮਲ ਪੰਥ ਬੋਧ' ਪ੍ਰਕਾਸ਼ਿਤ ਕੀਤਾ। ਇਸ ਨੂੰ ਲਿਖਣ ਲਈ ਗਿਆਨੀ ਜੀ ਨੇ ਬਹੁਤ ਮਿਹਨਤ ਕੀਤੀ। 1959 ਈ: ਵਿਚ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਬਾਰੇ ਗ੍ਰੰਥ ਦਾ 'ਤਖ਼ਤ ਦਮਦਮਾ ਸਾਹਿਬ' ਪ੍ਰਕਾਸ਼ਿਤ ਕੀਤਾ। ਜਿਸ ਵਿਚ ਅਨੇਕ ਇਤਿਹਾਸਕ ਪ੍ਰਮਾਣ ਦੇ ਕੇ ਦਮਦਮਾ ਸਾਹਿਬ ਨੂੰ ਤਖ਼ਤ ਸਿੱਧ ਕੀਤਾ ਹੈ। ਸਿੱਖ ਇਤਿਹਾਸ ਵਿਚ ਉਨ੍ਹਾਂ ਦਾ ਯੋਗਦਾਨ ਉਲੇਖਨੀਯ ਹੈ। ਇਤਿਹਾਸ ਤੋਂ ਬਿਨਾਂ ਗਿਆਨੀ ਜੀ ਨੇ ਸੰਤਾਂ ਮਹਾਂਪੁਰਖਾਂ ਦੀਆਂ ਜੀਵਨੀਆਂ ਅਤੇ ਵਿਆਖਿਆਕਾਰੀ ਤੇ ਵੀ ਕਾਰਜ ਕੀਤਾ ਹੈ। ਗਿਆਨੀ ਜੀ ਦੀਆਂ ਸਿੱਖ ਇਤਿਹਾਸ ਨਾਲ ਸਬੰਧਿਤ ਪੁਸਤਕਾਂ : ਤਖ਼ਤ ਦਮਦਮਾ ਸਾਹਿਬ (1959), ਅਗਮ ਅਗਾਧ ਪੁਰਖ (1983), ਦਮਦਮਾ ਗੁਰੂ ਕੀ ਕਾਸ਼ੀ (1995), ਸ੍ਰੀ ਨਿਰਮਲ ਪੰਥ ਬੋਧ (1998), ਗੁਰੂ ਵੰਸ਼ ਖਾਲਸਾ ਪੰਥ (1999), ਗੁਰਦੁਆਰਾ ਗੁਰੂਸਰ ਨਥਾਣਾ (2000), ਸ੍ਰੀ ਦਮਦਮਾ ਸਾਹਿਬ ਗੁਰੂ ਕੀ ਕਾਸ਼ੀ (2003), ਕੋਠਾਗੁਰੂ ਦੀ ਗੌਰਵ ਗਾਥਾ (2004), ਮਾਤਾ ਦੇਸਾ ਦਾ ਬੁਰਜ (2005), ਨਿਰਮਲ ਭੇਖ ਭਾਸ਼ਕਰ (2009), ਨਿਰਮਲ ਪੰਥ ਦੀ ਗੌਰਵ ਗਾਥਾ (2009), ਸੰਪ੍ਰਦਾਇ ਮਸਤੂਆਣਾ (2015), ਸ੍ਰੀ ਦਮਦਮਾ ਸਾਹਿਬ ਦਾ ਇਤਿਹਾਸ ਅਤੇ ਸ੍ਰੀਮਾਨ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਉਪਕਾਰ (2017) ਆਦਿ ਹਨ।

---



Scanned with CamScanner

ਗਿਆਨੀ ਬਲਵੰਤ ਸਿੰਘ ਜੀ ਨੂੰ ਦਮਦਮਾ ਸਾਹਿਬ ਨਾਲ ਅਥਾਹ ਪ੍ਰੇਮ ਸੀ। ਇਸਦਾ ਇੱਕੋ ਇਕ ਪ੍ਰਮਾਣ ਹੈ ਕਿ ਉਨ੍ਹਾਂ ਨੇ ਜੀਵਨ ਵਿਚ ਬਹੁਤ ਸਮਾਂ ਦਮਦਮਾ ਸਾਹਿਬ ਬਾਰੇ ਹੀ ਲਿਖਿਆ। 1959 ਈ. ਵਿਚ ਖੋਜ ਪੂਰਤ ਗ੍ਰੰਥ 'ਤਖ਼ਤ ਦਮਦਮਾ ਸਾਹਿਬ', 1981 ਵਿਚ ਸੰਖੇਪ ਇਤਿਹਾਸ ਵਿਚ 'ਦਮਦਮਾ ਗੁਰੂ ਕੀ ਕਾਸ਼ੀ' ਪ੍ਰਕਾਸ਼ਿਤ ਕੀਤਾ। ਗਿਆਨੀ ਜੀ ਨੇ ਆਪਣੀਆਂ ਹੋਰ ਰਚਨਾਵਾਂ ਜਿਵੇਂ ਅਗਮ ਅਗਾਧ ਪੁਰਖ, ਸੰਪ੍ਰਦਾਇ ਮਸਤੂਆਣਾ, ਕਲਾਧਾਰੀ ਪੁਰਖ, ਨਿਰਮਲ ਪੰਥ ਬੋਧ, ਕੋਠਾਗੁਰੂ ਦੀ ਗੌਰਵ ਗਾਥਾ ਵਿਚ ਵੀ ਦਮਦਮਾ ਸਾਹਿਬ ਬਾਰੇ ਜ਼ਿਕਰ ਕੀਤਾ ਹੈ। ਇਸ ਤੋਂ ਬਿਨਾਂ 'ਵਿਸ਼ਾਲ ਮਾਲਵਾ', 'ਮਲਵਈ ਸ਼ੇਰ', ਪੰਥ, ਖਾਲਸਾ ਪਾਰਲੀਮੈਂਟ ਗਜ਼ਟ, ਪੈਨਸ਼ਨਰ, ਸੇਵਾ ਜੋਤੀ ਅਤੇ ਗੁਰਮਤਿ ਪ੍ਰਕਾਸ਼ ਪੱਤ੍ਰਾਂ ਵਿਚ 30-35 ਲੇਖ ਦਮਦਮਾ ਸਾਹਿਬ ਬਾਰੇ ਛਪੇ ਹਨ। ਸ੍ਰੀ ਦਮਦਮਾ ਗੁਰੂ ਕੀ ਕਾਸ਼ੀ ਦਾ ਦੂਜਾ ਸੰਸਕਰਣ 2007 ਅਤੇ ਤੀਜਾ ਸੰਸਕਰਣ 2017 ਵਿਚ ਪ੍ਰਕਾਸ਼ਿਤ ਕੀਤਾ ਗਿਆ। ਗਿਆਨੀ ਜੀ ਦੀ ਦਮਦਮਾ ਸਾਹਿਬ ਬਾਰੇ ਪ੍ਰਥਮ ਪੁਸਤਕ 'ਤਖ਼ਤ ਦਮਦਮਾ ਸਾਹਿਬ' ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਵਲੋਂ ਪ੍ਰਸੰਸਾ ਪੱਤਰ ਦੇ ਕੇ ਪ੍ਰਮਾਣਿਕ ਗ੍ਰੰਥ ਘੋਸ਼ਿਤ ਕੀਤਾ ਗਿਆ। ਇਹ ਪ੍ਰਸੰਸਾ ਪੱਤਰ 'ਤਖ਼ਤ ਦਮਦਮਾ ਸਾਹਿਬ' ਪੁਸਤਕ ਦੇ ਅਰੰਭ ਵਿਚ ਛਪਿਆ ਮਿਲਦਾ ਹੈ। ਇਸ ਪੁਸਤਕ ਲਈ ਤਖ਼ਤ ਦਮਦਮਾ ਸਾਹਿਬ ਵਲੋਂ ਵਿਸਾਖੀ ਪਰਵ ਤੇ 13 ਅਪ੍ਰੈਲ 1967 ਨੂੰ ਗਿਆਨੀ ਬਲਵੰਤ ਸਿੰਘ ਜੀ ਨੂੰ ਸਿਰੋਪਾਉ ਅਤੇ 'ਸਾਹਿਤਯ ਸ਼ਾਸਤ੍ਰੀ' ਪੁਰਸਕਾਰ ਦੀ ਬਖਸ਼ਿਸ਼ ਕੀਤੀ ਗਈ।

ਗਿਆਨੀ ਜੀ ਨੇ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਇਤਿਹਾਸ ਦੀ ਖੋਜ ਲਈ ਬਹੁਤ ਲੰਮਾ ਸਮਾਂ ਕੰਮ ਕੀਤਾ। ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਸਿੱਖ ਪੰਥ ਦਾ ਪਵਿੱਤਰ ਇਤਿਹਾਸਕ ਸਥਾਨ ਹੈ। ਇਸ ਤੀਰਥ ਨੂੰ ਗੁਰੂ ਨਾਨਕ ਦੇਵ ਜੀ, ਗੁਰੂ ਹਰਿ ਰਾਏ ਜੀ, ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਧਰਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੌਵੇਂ ਗੁਰੂ ਸਾਹਿਬ ਦੀ ਬਾਣੀ ਸ਼ਾਮਿਲ ਕਰਕੇ ਬੀੜ ਨੂੰ ਸੰਪੂਰਨਤਾ



Scanned with CamScanner

ਬਖਸ਼ੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੀ ਸੰਪ੍ਰਦਾਇ ਤੋਰੀ, ਬੀੜਾਂ ਦੇ ਉਤਾਰੇ ਵੱਖ-ਵੱਖ ਤਖ਼ਤਾਂ ਤੇ ਭੇਜੇ। ਸ੍ਰੀ ਦਮਦਮਾ ਸਾਹਿਬ ਦੇ ਨਾਮ 'ਤੇ ਕਈ ਸੰਸਥਾਵਾਂ ਸਿੱਖ ਧਰਮ ਵਿਚ ਪ੍ਰਚੱਲਤ ਹਨ ਜਿਵੇਂ:

1.ਦਮਦਮੀ ਬੀੜ

2.ਦਮਦਮੀ ਅਰਥਾਂ ਦੀ ਸੰਪ੍ਰਦਾਇ (ਦਮਦਮੀ ਟਕਸਾਲ)

3.ਦਮਦਮੀ ਸੰਪ੍ਰਦਾਇ (ਨਿਰਮਲ ਪੰਥ ਵਿਚ ਇਕ ਪਧਤਿ)

4.ਦਮਦਮੀ ਟਕਸਾਲ

ਗਿਆਨੀ ਜੀ ਨੇ 1959 ਈ. ਵਿਚ ਦਮਦਮਾ ਸਾਹਿਬ ਤੇ 47 ਪੰਨਿਆਂ ਦੀ ਪੁਸਤਕ ਪ੍ਰਕਾਸ਼ਿਤ ਕੀਤੀ ਜਿਸ ਵਿਚ ਉਨ੍ਹਾਂ ਨੇ ਲਿਖਿਆ ਹੈ ਕਿ ਦਮਦਮਾ ਸਾਹਿਬ ਨੂੰ ਤਖ਼ਤ ਹੋਣ ਦੇ ਬਾਵਜ਼ੂਦ ਉਹ ਸਹੂਲਤਾਂ ਮੁਹੱਈਆਂ ਨਹੀਂ ਕਰਵਾਈਆਂ ਗਈਆਂ ਜੋ ਬਾਕੀ ਤਖ਼ਤਾਂ ਨੂੰ ਕਰਵਾਈਆਂ ਹਨ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਪੱਖੋਂ ਅਵੇਸਲੇ ਹੋਣ ਦਾ ਵੀ ਜ਼ਿਕਰ ਕੀਤਾ ਹੈ। ਉਸ ਸਮੇਂ ਦੇ ਲੋਕਾਂ ਦੀ ਧਾਰਨਾ ਦਮਦਮਾ ਸਾਹਿਬ ਨੂੰ ਤਖ਼ਤ ਮੰਨਣ ਤੋਂ ਇਨਕਾਰੀ ਸੀ ਜਦੋਂ ਕਿ ਇਸ ਤਖ਼ਤ ਤੇ ਪੰਥ ਦੇ ਮਹਾਨ ਕਾਰਜ ਹੋਏ ਅਤੇ ਅਹਿਮ ਫ਼ੈਸਲੇ ਵੀ ਲਏ ਗਏ। ਗਿਆਨੀ ਜੀ ਨੇ ਤਖ਼ਤ ਦਮਦਮਾ ਸਾਹਿਬ ਬਾਰੇ ਇਤਿਹਾਸਕ ਪ੍ਰਮਾਣ ਦੇ ਕੇ ਤਖ਼ਤ ਦੀ ਮਹਾਨਤਾ ਦਰਸਾਈ ਹੈ। ਇਹ ਪ੍ਰਮਾਣ ਇਸ ਤਰ੍ਹਾਂ ਹਨ:

1. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਇੱਥੇ ਸੰਪੂਰਨ ਹੋਈ।

2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੀ ਵਿਧੀ ਵੀ ਇੱਥੋਂ ਪ੍ਰਚਲਿਤ ਹੋਈ।

3. ਨਿਤਨੇਮ ਦੀ ਬਾਣੀ ਦਾ ਫ਼ੈਸਲਾ ਵੀ ਇੱਥੇ ਹੋਇਆ।

4. ਦਸਮ ਗ੍ਰੰਥ ਦੀ ਬੀੜ ਦੇ ਸੰਗ੍ਰਹਿ ਦਾ ਫ਼ੈਸਲਾ ਵੀ ਇੱਥੇ ਹੋਇਆ।

5. ਸੂਰਜ ਪ੍ਰਕਾਸ਼ ਨੂੰ ਪ੍ਰਮਾਣਿਕ ਮੰਨ ਕੇ ਕਥਾ ਕਰਨ ਦਾ ਫ਼ੈਸਲਾ ਵੀ ਇੱਥੇ ਹੋਇਆ।

6. ਮੱਸੇ ਰੰਗੜ ਨੂੰ ਗੁਰੂ ਘਰ ਦੀ ਬੇ-ਅਦਬੀ ਬਾਰੇ ਸਜਾ ਦੇਣ ਦਾ ਫ਼ੈਸਲਾ ਵੀ ਇੱਥੇ ਹੋਇਆ। ਇਸ ਕੰਮ ਲਈ ਦੋ ਸਿੰਘ (ਭਾਈ ਮਹਿਤਾਬ ਸਿੰਘ ਜੀ ਅਤੇ ਭਾਈ ਸੁੱਖਾ



Scanned with CamScanner

ਸਿੰਘ ਜੀ) ਤਖ਼ਤ ਦਮਦਮਾ ਸਾਹਿਬ ਤੋਂ ਅਰਦਾਸਾ ਸੋਧ ਕੇ ਚੱਲੇ।

7.ਇੱਥੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੀ ਸੰਪ੍ਰਦਾਇ ਚਾਲੂ ਹੋਈ।

8.ਇੱਥੋਂ ਹੀ ਗਿਆਨੀ ਮਨੀ ਸਿੰਘ ਸ਼ਹੀਦ ਨੂੰ ਹਰਿਮੰਦਰ ਅੰਮ੍ਰਿਤਸਰ ਜੀ ਦੇ ਗ੍ਰੰਥੀ ਨਿਯਤ ਕਰਕੇ ਭੇਜਿਆ।

9.ਇੱਥੇ ਬੈਠ ਕੇ ਹੀ ਸਿੰਘ ਸਾਹਿਬ ਬਾਬਾ ਦੀਪ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੰਜ ਬੋਲੀਆਂ ਅਰਬੀ, ਫਾਰਸੀ, ਉਰਦੂ, ਗੁਜਰਾਤੀ ਅਤੇ ਹਿੰਦੀ ਵਿਚ ਭਾਸ਼ਨ ਕੀਤੇ।

10.ਜਿੰਨੇ ਸਿੰਘ ਜੰਗ ਵਾਸਤੇ ਲੜਾਈਆਂ ਕਰਦੇ ਪਹਿਲਾਂ ਤਖ਼ਤ ਦਮਦਮਾ ਸਾਹਿਬ ਅਰਦਾਸ ਕਰਦੇ।

11.ਜੰਗਾਂ ਯੁਧਾਂ ਦੇ ਜ਼ਮਾਨੇ ਚ ਖਾਲਸਾ ਪੰਥ ਇੱਥੇ ਹੀ ਆਰਾਮ ਕਰਦਾ ਸੀ। ਤਖ਼ਤ ਵਲੋਂ ਸਮੂਹ ਪ੍ਰਬੰਧ ਸਨ।

12.ਬਾਕੀ ਚਾਰ ਤਖ਼ਤਾਂ ਦਾ ਐਲਾਨ ਵੀ ਤਖ਼ਤ ਦਮਦਮਾ ਸਾਹਿਬ ਤੋਂ ਕੀਤਾ ਗਿਆ।

13.ਤਖ਼ਤ ਦਮਦਮਾ ਸਾਹਿਬ ਤੋਂ ਹੀ ਚੌਹਾਂ ਤਖ਼ਤਾਂ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਭੇਜੀਆਂ ਗਈਆਂ।[2]

ਗਿਆਨੀ ਜੀ ਨੇ ਦਮਦਮਾ ਸਾਹਿਬ ਤੋਂ ਜਾਰੀ ਹੋਏ ਹੁਕਮਨਾਮਿਆਂ ਦਾ ਜ਼ਿਕਰ ਕੀਤਾ ਜਿਨ੍ਹਾਂ ਵਿਚ ਦਮਦਮਾ ਸਾਹਿਬ ਲਈ ਤਖ਼ਤ ਸ਼ਬਦ ਵਰਤਿਆ ਗਿਆ ਹੈ। ਇਕ ਹੁਕਮਨਾਮਾ 20 ਕਤਕ 1763 ਪਿੰਡ ਭਾਈ ਰੂਪੇ ਦੀ ਸੰਗਤ ਅਤੇ ਬੈਰਾੜਾ ਦੇ ਨਾਮ ਲਿਖਿਆ। ਜਿਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਹਜ਼ੂਰ ਸਾਹਿਬ ਜਾਣ ਦੀ ਤਿਆਰੀ ਵਿਚ ਸਨ। ਜਿਸਦਾ ਹੂਬਹੂ ਉਤਾਰਾ ਇਸ ਤਰ੍ਹਾਂ ਹੈ: "ਹੁਕਮ ਨਾਮਾ ਸ੍ਰੀ ਗੁਰੂ ਗੋਬਿੰਦ ਜੀ ਦਾ ਸਰਬਤ ਸੰਗਤ ਬੈਰਾੜਾ ਕੀ ਦੇ ਨਾਮ ਸੰਮਤ 1763 ਮਿਤੀ ਕਤਕੋਂ 20 (ਨਸ਼ਾਨ ਗੁਰੂ ਸਾਹਿਬ)

ੴ ਸਿਰੀ ਸਤਿਗੁਰ ਜੀ

ਸਿਰੀ ਗੁਰੂ ਜੀ ਕੀ ਆਗਿਆ ਹੈ, ਸਰਬਤਿ ਸੰਗਤ ਬੈਰਾੜਾ ਕੀ ਗੁਰੂ ਰਖੇਗਾ। ਗੁਰੂ ਗੁਰੂ



Scanned with CamScanner

ਜਪਣਾ ਜਨਮ ਸਉਰੇਗਾ ਫੁਰਮਾਇਸ਼ ਹੁਕਮ ਦੇਖ ਦਿਆ ਭੇਜਣੀ।੧ ਬੈਲ ਹਛਾ ਇਕੁ, ਭਾਈ ਬਿਰਾਜ ਸਿੰਘ।੧ ਬੈਲ ਹਛਾ ਭਾਈ ਬੁਲਾਕੀ ਸਿੰਘ।੧ ਹਛਾ ਇਕ, ਭਾਈ ਬਾਜ ਸਿੰਘ।੧ ਬੈਲ ਇਕ, ਭਾਈ ਧਰਮ ਸਿੰਘ ਰੂਪੇ ਕਾ।ਸਰਬਤਿ ਸੰਗਤਿ ਬੈਰਾੜਾ ਕੀ ਭਾਈ ਰੂਪੇ ਕੀ ਵੰਸ ਦੀ ਭੀ ਗੁਰੂ ਰਖੇਗਾ ੪ ਬੈਲ ਚਾਰ ਹਛੇ ਬਹਲ ਨੇ ਭੇਜਣੇ ਹੁਕਮ ਦੇ ਖਦਿਆਂ ਮੇਰੀ ਤੁਸਾਂ ਉਪਰ ਖੁਸ਼ੀ ਹੈ। ਅਸਾ ਦਖਣ ਨੋ ਕੂਚ ਕੀਤਾ ਹੈ, ਜਿਨਿ ਸਿਖ ਸਾਡੇ ਨਾਲ ਚਲਣਾ ਹੋਵੇ ਤਿਨਿ ਹੁਕਮ ਦੇਖਿਦਿਆਂ ਹਜੂਰਿ ਆਵਣਾ ਮੇਰੀ ਤੁਸਾਂ ਉਪਰਿ ਖੁਸ਼ੀ ਹੈ। ਤੁਸਾਡੀ ਗੁਰੂ ਜੀ ਤੁਸਾਡੀ ਰਖੇਗਾ। (ਸੰਮਤ 1763 ਮਿਤੀ ਕਤਕੋਂ 20/ਸਤਾਰਾਂ 10)[3]

ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਤੋਂ ਬਿਨਾਂ 1875 ਬਿ: ਤੋਂ ਪਹਿਲਾਂ ਦੇ ਨਿਕਲੇ ਹੁਕਮਨਾਮਿਆਂ ਦਾ ਜ਼ਿਕਰ ਵੀ ਗਿਆਨੀ ਜੀ ਨੇ ਕੀਤਾ ਹੈ ਜੋ ਤਖ਼ਤ ਦਮਦਮਾ ਸਾਹਿਬ ਤੋਂ ਨਿਕਲੇ। ਮੋਹਰ ਸਹਿਤ ਇੰਨੇ ਪੁਰਾਣੇ ਹੁਕਮਨਾਮੇ ਕਿਸੇ ਹੋਰ ਤਖ਼ਤ ਤੋਂ ਨਿਕਲੇ ਨਹੀਂ ਮਿਲਦੇ, ਨਾ ਹੀ ਕਿਸੇ ਤਖ਼ਤ ਦੀ ਪ੍ਰਾਚੀਨ ਮੋਹਰ ਮਿਲਦੀ ਹੈ।

ਗੁਰੂ ਗੋਬਿੰਦ ਸਿੰਘ ਜੀ
ਕੀ ਜਗ੍ਹਾ ਤਖ਼ਤ
ਦਮਦਮਾ ਜੀ

ੴ ਸਤਿ ਨਾਮ ਕਰਤਾ ਪੁਰਖ ਨਿਰਭਉ ਨਿਰਵੈਰ।
ਅਕਾਲ ਮੂਰਤ ਅਜੂਨੀ ਸੈਭੰ ਗੁਰਪ੍ਰਸਾਦਿ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ ਤਖ਼ਤ ਸ੍ਰੀ ਦਮਦਮਾ ਜੀ ਤਹਾ ਬੈਠ ਕੇ ਸੁਖ ਪਾਇਆ ਸਮੂਹ ਸੰਗਤ ਉਪਰਿ ਖੁਸ਼ੀ ਹੋਈ ਤੇ ਬਖਸ਼ੀਸ਼ਾਂ ਕੀਤੀਆਂ ਤੇ ਕਹਿਆ ਜੋ ਹੁਕਮਨਾਮਾ ਲਿਖੇ ਸਰਬਤਿ ਨੂੰ ਜੋ ਸਮੂਹ ਖਾਲਸਾ ਜੀ ਮੇਰੀ ਸੰਗਤ ਹੈ ਜੋ ਹੁਕਮਨਾਮਾ ਸ੍ਰੀ ਦਮਦਮਾ ਜੀ ਦਾ ਸ੍ਰਬਤ ਚੌਂਕੀ ਮਿਲ ਕੇ ਲਿਖਿਆ ਹੈ। ਗੁਰਾਂ ਕੇ ਬਚਨ ਮੁਖਵਾਕਿ ਸੁਣਿਕੇ ਕਹਿਆ ਜੋ ਹੁਕਮ ਨਾਵਾਂ ਮੰਨੇਗਾ ਸੋ ਮੈਨੂੰ ਮੰਨੇਗਾ। ਮੈਂ ਤਿਸ ਕਾ ਵਾਲੀ ਹੋਵਾਂਗਾ। ਐਥੇ ਦਰਗਹ ਵਿਚਿ ਹੋਵਾਂਗਾ। ਜੋ ਹੁਕਮਨਾਮਾਂ ਦੇਖ ਕੇ ਮੰਨੇਗਾ ਤਿਸਦਾ



Scanned with CamScanner

ਬੀਜਿਆ ਹਰਿਆ ਹੋਵੇਗਾ। ਕਿਰਤਿ ਵਿਚ ਬਰਕਤਿ ਹੋਵੇਗੀ। ਗੁਰੂ ਅੰਗ ਸੰਗ ਹੋਵੇਗਾ। ਸਰਬਤ ਦੀ ਮਥਾ ਟੇਕਣ ਦੀ ਜਾਗਾ ਹੈ। ਜੋ ਮੰਨੇਗਾ ਤਿਸ ਦਾ ਭਲਾ ਹੋਵੇਗਾ।[4] ਇਨ੍ਹਾਂ ਹੁਕਮਨਾਮਿਆਂ ਵਿਚ ਦਮਦਮਾ ਸਾਹਿਬ ਨਾਲ ਤਖਤ ਸ਼ਬਦ ਦੀ ਵਰਤੋਂ ਕੀਤੀ ਗਈ ਹੈ।

ਗਿਆਨੀ ਜੀ ਨੇ ਅਨੇਕਾ ਪ੍ਰਮਾਣਿਕ ਹਵਾਲੇ ਦੇ ਕੇ ਦਮਦਮਾ ਸਾਹਿਬ ਨੂੰ ਤਖ਼ਤ ਸਿੱਧ ਕੀਤਾ ਹੈ। ਗਿਆਨੀ ਜੀ ਨੇ 1959 ਵਿਚ 50 ਸਾਲ ਪੁਰਾਣੀ ਚਿੱਠੀ ਦਾ ਜ਼ਿਕਰ ਕੀਤਾ ਹੈ ਜੋ ਗੁਰਦੁਆਰਾ ਲਿਖਣਸਰ (ਦਮਦਮਾ ਸਾਹਿਬ) ਦੇ ਮਹੰਤ ਭਾਈ ਜਵਾਹਿਰ ਸਿੰਘ ਜੀ ਨੂੰ ਤਖ਼ਤ ਹਜ਼ੂਰ ਸਾਹਿਬ ਦੇ ਮਹੰਤ ਭਾਈ ਹੀਰਾ ਸਿੰਘ ਜੀ ਨੇ ਲਿਖੀ। "ਸ੍ਰੀ 108 ਤਖ਼ਤ ਦਮਦਮਾ ਸਾਹਿਬ ਦੇ ਗੁਰਦੁਆਰਾ ਲਿਖਣਸਰ ਦੇ ਜਥੇਦਾਰ ਨਿਹੰਗ ਸਿੰਘ ਜਵਾਹਰ ਸਿੰਘ ਸ੍ਰੀ ਹਜ਼ੂਰ ਸਾਹਿਬ ਤਖ਼ਤ ਪੁਜਾਰੀ ਹੀਰਾ ਸਿੰਘ ਵਲੋਂ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ ਪ੍ਰਵਾਨ ਹੋਵੇ।[5]

ਇਕ ਚਿੱਠੀ ਸਰੋਵਰ ਵਿਚ ਜਲ (ਪਾਣੀ) ਪਾਣ ਵਾਸਤੇ ਰਾਜ ਪਟਿਆਲਾ ਦਰਬਾਰ ਨੂੰ 11 ਹਾੜ 1673 ਬਿ. ਨੂੰ ਤਖ਼ਤ ਦਮਦਮਾ ਸਾਹਿਬ ਦੇ ਪ੍ਰਬੰਧਕਾਂ ਨੇ ਲਿਖੀ, 'ਜਨਾਮ ਆਲੀ ਦਰਬਾਰ ਦਮਦਮਾ ਸਾਹਿਬ ਤਲਵੰਡੀ ਸਾਬੋ ਸਿੱਖੋਂ ਕਾ ਬੜਾ ਭਾਗ ਪਵਿਤ੍ਰ ਧਾਮ ਹੈ। ਔਰ ਇਸ ਮੇਂ ਤਖ਼ਤ ਦਮਦਮਾ ਸਾਹਿਬ ਖਾਲਸਾ ਪੰਥ ਕਾ ਮੁਖ ਅਸਥਾਨ ਹੈ।"[6]

ਇਸ ਤੋਂ ਇਲਾਵਾ ਗਿਆਨੀ ਜੀ ਨੇ ਹੋਰ ਪ੍ਰਮਾਣ ਦੇ ਕੇ ਦਮਦਮਾ ਸਾਹਿਬ ਨੂੰ ਤਖ਼ਤ ਸਿੱਧ ਕੀਤਾ ਹੈ ਜਿਵੇਂ ਇਸ ਤਖ਼ਤ ਦੀ ਦੋ ਸੌ ਵਰਸ਼ ਪੁਰਾਣੀ ਆਪਣੀ ਮੋਹਰ ਹੈ ਜੋ ਤਖ਼ਤ ਦੇ ਤੋਸ਼ਖਾਨੇ ਵਿਚ ਪਈ ਹੈ। ਇਸ ਮੋਹਰ ਤੇ ਲਿਖਿਆ ਹੈ:

**"ਅਕਾਲ ਸਹਾਏ**

**ਗੁਰੂ ਗੋਬਿੰਦ ਸਿੰਘ ਜੀ ਕੀ ਜਗ੍ਹਾ**

**ਤਖ਼ਤ ਦਮਦਮਾ ਜੀ"**[7]

ਗਿਆਨੀ ਜੀ ਨੇ ਤਖ਼ਤ ਸਾਹਿਬ ਤੇ ਪਈ ਭਾਦਰੋਂ ਸੁਦੀ ਪਵੀਂ 1766 ਪੁਰਾਣੀ ਹੱਥ ਲਿਖਤ 'ਦੌਰਾ ਸਾਖੀ' ਜੋ ਭਾਈ ਦਿਆਲ ਸਿੰਘ ਜੀ ਦੁਆਰਾ ਲਿਖੀ ਹੈ

ਉਸ ਵਿੱਚੋਂ ਹਵਾਲੇ ਦੇ ਕੇ ਦਮਦਮਾ ਸਾਹਿਬ ਨੂੰ ਤਖ਼ਤ ਸਿੱਧ ਕੀਤਾ ਹੈ। "...ਹੁਕਮ ਗੁਰਾਂ ਦੇ ਨਾਲ ਉਸ ਜਗਾ ਦਾ 'ਤਖ਼ਤ ਸਾਹਿਬ' ਨਾਮ ਪ੍ਰਸਿੱਧ ਹੋਇਆ ਚੌਥਾ... ਤਾਂ ਬੜੇ ਬਰ ਦੀਨੇ ਇਸ ਅਸਥਾਨ ਕਉ...ਬੀੜਾ ਹੋਰਨੀ ਥਾਈਂ ਘਲੀਆਂ ਗੁਰਧਾਮਾਂ ਨੂੰ ਹਜ਼ੂਰ ਨੇ...ਭਾਈ ਦੀਪ ਸਿੰਘ ਨੂੰ ਹੁਕਮ ਕੀਤਾ...ਈਹਾ ਸੇਵਾ ਕਰਨੀ ਗੁਰਧਾਮ ਦੀ ਗੁਰੂ ਕਾਸੀ... ਕੀ"[8] ਗਿਆਨੀ ਜੀ ਨੇ ਪੰਡਿਤ ਤਾਰਾ ਸਿੰਘ ਨਰੋਤਮ ਦੇ ਗੁਰੂ ਤੀਰਥ ਸੰਗ੍ਰਹਿ ਦੀ ਪਹਿਲੀ ਪੱਥਰ ਛਾਪ ਦਾ ਹਵਾਲਾ ਦਿੱਤਾ ਹੈ ਜਿਸ ਵਿਚ ਤਾਰਾ ਸਿੰਘ ਨਰੋਤਮ ਲਿਖਦੇ ਹਨ, 'ਤਖ਼ਤ ਸਾਹਿਬ: ਜਹਾਂ ਗ੍ਰੰਥ ਸਾਹਿਬ ਕੀ ਬੀੜ ਤਿਆਰ ਕਰੀ। ਇਸ ਜਗ੍ਹਾ ਤੰਬੂ ਰਹਿਤਾ ਥਾ ਬੜੇ ਦਰਬਾਰ ਸੇ ਬੀਸ ਕਦਮ ਦਖਣ ਹੈ।"[9] ਇਸ ਤੋਂ ਇਲਾਵਾ ਗਿਆਨੀ ਜੀ ਨੇ ਸੋਢੀ ਰਾਮ ਨਾਰਾਇਣ ਸਿੰਘ ਜੀ ਅਨੰਦਪੁਰ ਵਾਲਿਆਂ ਦੇ ਗ੍ਰੰਥ 'ਖਾਲਸਾ ਧਰਮ ਸ਼ਾਸਤ੍ਰ' ਦਾ ਹਵਾਲਾ ਦਿੱਤਾ ਹੈ ਜਿਸ ਵਿਚ ਦਮਦਮਾ ਸਾਹਿਬ ਲਈ ਤਖ਼ਤ ਸ਼ਬਦ ਦੀ ਵਰਤੋਂ ਕੀਤੀ ਹੈ: 'ਏਨਾ ਚੌਹੁੰ ਤਖਤਾਂ ਦੇ ਨਾਲ ਪੰਜਵਾਂ ਤਖ਼ਤ ਦਮਦਮਾ ਸਾਹਿਬ ਭੀ ਮੰਨਿਆ ਪ੍ਰਮੰਨਿਆ ਹੋਇਆ ਹੈ। ਜੋ ਮਾਲਵੇ ਦੇਸ਼ ਵਿਚ ਸ੍ਰੀ ਗੁਰੂ ਜੀ ਦੀ ਧਰਮ ਦੀ ਰਾਜਧਾਨੀ ਗੁਰੂ ਕੀ ਕਾਸ਼ੀ ਵਿਖੇ ਹੈ।"[10] ਗਿਆਨੀ ਬਲਵੰਤ ਸਿੰਘ ਜੀ ਨੇ ਅਜਿਹੀਆਂ ਹੋਰ ਦਲੀਲਾਂ ਬਾਰੇ ਵੀ ਜ਼ਿਕਰ ਕੀਤਾ ਹੈ ਜਿਹਨਾਂ ਵਿਚ ਤਖ਼ਤ ਦਮਦਮਾ ਸਾਹਿਬ ਨੂੰ ਤਖ਼ਤ ਵਜੋਂ ਵਿਚਾਰਿਆ ਗਿਆ ਹੈ ਜਿਵੇਂ ਕਿ ਗਿਆਨੀ ਭਾਈ ਠਾਕਰ ਸਿੰਘ ਜੀ ਅੰਮ੍ਰਿਤਸਰ ਵਾਲੇ ਗੁਰਦੁਆਰੇ ਦਰਸ਼ਨ ਵਿਚ ਦਮਦਮਾ ਸਾਹਿਬ ਲਈ ਤਖ਼ਤ ਸਾਹਿਬ ਦਾ ਪ੍ਰਯੋਗ ਕਰਦੇ ਹਨ। ਸੰਤ ਵਿਸਾਖਾ ਸਿੰਘ ਜੀ 'ਮਾਲਵਾ ਇਤਿਹਾਸ' ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਲਿਖਦੇ ਹਨ। ਪੰਡਿਤ ਕਰਤਾਰ ਸਿੰਘ ਦਾਖਾ ਵੀ ਦਮਦਮਾ ਸਾਹਿਬ ਨੂੰ ਤਖ਼ਤ ਲਿਖਦੇ ਹਨ।

ਗਿਆਨੀ ਬਲਵੰਤ ਸਿੰਘ ਦੀ ਇਤਿਹਾਸਕਾਰੀ ਦੀ ਵਿਸ਼ੇਸ਼ਤਾ ਦੀ ਗੱਲ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਗਿਆਨੀ ਜੀ ਸ਼ੁੱਧ ਤੇ ਵਿਗਿਆਨਕ ਰੂਪ ਵਿਚ ਹੀ ਤੱਥਾਂ ਨੂੰ ਅਪਨਾਉਣ ਲਈ ਤਿਆਰ ਹਨ ਨਾ ਕਿ ਪਰੰਪਰਾ ਅਨੁਸਾਰ ਪ੍ਰਚਲਿਤ ਹੋਈ ਜਾਂ ਸੁਣੀ ਸੁਣਾਈ ਗੱਲ ਨੂੰ ਅੱਖਾਂ ਮੀਟ ਕੇ ਮੰਨ ਲੈਂਦੇ ਹਨ। ਹਰ ਗੱਲ ਦਲੀਲ



Scanned with CamScanner

ਨਾਲ ਕੀਤੀ ਹੈ ਅਤੇ ਅੰਧਵਿਸ਼ਵਾਸ ਤੋਂ ਬਚਿਆ ਗਿਆ ਹੈ। ਸ੍ਰੀ ਦਮਦਮਾ ਸਾਹਿਬ ਗੁਰੂ ਕੀ ਕਾਸ਼ੀ ਵਿਚ ਗਿਆਨੀ ਜੀ ਲਿਖਦੇ ਹਨ ਕਿ ਦਮਦਮੀ ਬੀੜ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਵਿਖੇ ਲਿਖੀ ਗਈ ਹੈ। ਇਸ ਇਤਿਹਾਸਕ ਤੱਥ ਨੂੰ ਸਰਬ ਸੰਪ੍ਰਦਾਵਾਂ ਇਕ ਮੱਤ ਮੰਨਦੀਆਂ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਟੀਕਾਕਾਰ/ ਕੋਸ਼ਕਾਰ ਸੰਤ ਗਿਆਨੀ ਬਦਨ ਸਿੰਘ ਸੇਖਵਾਂ ਵਾਲੇ, ਪ੍ਰੋ. ਸਾਹਿਬ ਸਿੰਘ, ਗਿਆਨੀ ਕ੍ਰਿਪਾਨ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ, ਗਿਆਨੀ ਗਿਆਨ ਸਿੰਘ, ਭਾਈ ਵੀਰ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰੋ. ਜੋਧ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਡਾ. ਗੰਡਾ ਸਿੰਘ ਆਦਿ ਇਤਿਹਾਸਕਾਰ ਅਤੇ ਧਰੁੰਧਰ ਵਿਦਵਾਨ ਵੀ ਇਕ ਮੱਤ ਮੰਨਦੇ ਹਨ ਕਿ ਦਮਦਮੀ ਬੀੜ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਵਿਚ ਲਿਖੀ ਗਈ ਸੀ। ਪਰ ਹੁਣ (1947 ਈ: ਤੋਂ ਬਾਅਦ) ਕੁਝ ਅਪ੍ਰਸਿੱਧ ਕ੍ਰਾਂਤੀਵਾਦੀ ਵਿਅਕਤੀ ਨਵੀਂ ਖੋਜ ਦੇ ਨਾਮ ਹੇਠ ਸੱਤ ਅਤੇ ਅਸੱਤ ਦਾ ਪੜਦਾ ਪਾਉਣ ਵਾਲੀਆਂ ਆਪਣੀਆਂ ਲਿਖਤਾਂ ਵਿਚ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਬਜਾਏ ਸ੍ਰੀ ਅਨੰਦਪੁਰ ਸਾਹਿਬ ਵਾਲੇ ਦਮਦਮਾ ਸਾਹਿਬ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਦਾ ਪ੍ਰਚਾਰ ਕਰ ਰਹੇ ਹਨ, ਜੋ ਸਰਾਸਰ ਗਲਤ ਹੈ। ਗਿਆਨੀ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਲਿਖੀ ਹੋਣ ਦੇ ਪੱਖ ਵਿਚ ਹੇਠ ਲਿਖੀਆਂ ਦਲੀਲਾਂ ਦਿਤੀਆਂ ਹਨ:

1. ਜੇਕਰ ਬੀੜ ਸ੍ਰੀ ਅਨੰਦਪੁਰ ਸਾਹਿਬ ਵਾਲੇ ਦਮਦਮੇ ਦੇ ਸਥਾਨ 'ਤੇ ਲਿਖੀ ਹੁੰਦੀ ਤਾਂ ਬੀੜ ਦਾ ਨਾਮ 'ਦਮਦਮੀ ਬੀੜ' ਦੀ ਬਜਾਏ 'ਅਨੰਦਪੁਰੀ ਬੀੜ' ਹੋਣਾ ਸੀ। ਸ੍ਰੀ ਅਨੰਦਪੁਰ ਵਾਲਾ ਦਮਦਮਾ ਕੋਈ ਪ੍ਰਸਿਧ ਸਥਾਨ ਨਹੀਂ ਹੈ।

2. ਜੇਕਰ ਅਨੰਦਪੁਰ ਬੀੜ ਲਿਖੀ ਵੀ ਮੰਨ ਲਈਏ ਤਾਂ ਸਿਆਹੀ ਅਤੇ ਕਲਮਾਂ ਵਾਲਾ ਪ੍ਰਸਿੱਧ ਪੁਰਾਤਨ ਗੁਰਦੁਆਰਾ 'ਲਿਖਣਸਰ' ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਕਿਵੇਂ ਬਣ ਗਿਆ। ਜਿਸ ਦੀ ਤਿੰਨ ਸੋ ਸਾਲ ਤੋਂ ਪੰਥ ਵਿਚ ਪ੍ਰਸਿੱਧੀ ਹੈ। ਕੀ ਸਤਿਗੁਰੂ ਜੀ ਅਨੰਦਪੁਰ ਤੋਂ ਸਿਆਹੀ ਤੇ ਕਲਮਾਂ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਚ

ਪਾਉਣ ਆਏ ਸਨ। ਗੁਰੂ ਜੀ ਨੇ ਗੁਰਬਾਣੀ ਲਿਖਣ ਵਾਲੀ ਸਿਆਹੀ ਅਤੇ ਕਲਮਾਂ ਅਨੰਦਪੁਰ ਦੇ ਕਿਸੀ ਸਥਾਨ ਤੇ ਪ੍ਰਵਾਹ ਕੇ ਉੱਥੇ ਲਿਖਣਸਰ ਬਣਾਉਣਾ ਚਾਹੀਦਾ ਸੀ।

3. ਸ੍ਰੀ ਅਨੰਦਪੁਰ ਦੇ ਸੋਢੀ ਰਾਮ ਨਾਰਾਇਣ ਸਿੰਘ ਜੀ ਨੇ ਸੰਮਤ 1973 ਬਿ. ਵਿਚ ਦੋ ਗ੍ਰੰਥ 'ਖਾਲਸਾ ਧਰਮ ਸ਼ਾਸਤ੍ਰ' ਅਤੇ 'ਗੁਰ ਦਰਸ਼ਨ ਸ਼ਾਸਤ੍ਰ' ਭਾਈ ਅਵਤਾਰ ਸਿੰਘ ਵਹੀਰੀਏ ਤੋਂ ਲਿਖਵਾ ਕੇ ਪ੍ਰਕਾਸ਼ਤ ਕੀਤੇ ਹਨ, ਜਿਨ੍ਹਾਂ ਵਿਚ ਦਸਮ ਗੁਰੂ ਜੀ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਲਵੰਡੀ ਸਾਬੋ ਵਿਚ ਲਿਖੀ ਮੰਨੀ ਹੈ। ਜੇਕਰ ਬੀੜ ਅਨੰਦਪੁਰ ਵਿਚ ਲਿਖੀ ਹੁੰਦੀ ਤਾਂ ਅਨੰਦਪੁਰ ਦੇ ਸੋਢੀ ਸਾਹਿਬ ਨੂੰ ਤਾਂ ਮਾਣ ਹੋਣਾ ਚਾਹੀਦਾ ਸੀ। ਉਹ ਇਸ ਪ੍ਰਕਰਣ ਨੂੰ ਵਿਸ਼ੇਸ਼ ਉਤਸ਼ਾਹ ਨਾਲ ਲਿਖਦੇ ਕਿ ਬੀੜ ਅਨੰਦਪੁਰ ਲਿਖੀ ਗਈ ਹੈ ਪਰ ਸੋਢੀ ਰਾਮ ਨਾਰਾਇਣ ਸਿੰਘ ਜੀ ਅਤੇ ਭਾਈ ਅਵਤਾਰ ਸਿੰਘ ਵਹੀਰੀਏ ਨੇ ਬੀੜ ਦਾ ਲਿਖਣਾ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਚ ਹੀ ਮੰਨਿਆ ਹੈ।

ਅਨੰਦਪੁਰੀ ਦਮਦਮੇ ਦੇ ਹਿਮਾਇਤੀ ਇਹ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਤਲਵੰਡੀ ਸਾਬੋ ਜਾਣ ਤੋਂ ਪਹਿਲਾਂ ਦੀਆਂ ਅਜਿਹੀਆਂ ਕਈ ਬੀੜਾਂ ਗ਼ਮਿਲਦੀਆਂ ਹਨ, ਜਿਨ੍ਹਾਂ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਰਜ ਹੈ। ਖੋਜ ਦੇ ਨਾਮ 'ਤੇ ਭ੍ਰਾਂਤੀ ਪੈਦਾ ਕਰਨ ਵਾਲੇ ਇਨ੍ਹਾਂ ਅਖੋਤੀ ਖੋਜੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਮਿਸਲਾਂ ਦੇ ਸਮੇਂ ਬਹੁਤੇ ਲਿਖਾਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਲਿਖ ਕੇ, ਗੁਰੂ ਗੋਬਿੰਦ ਸਿੰਘ ਜੀ ਦੇ ਹਸਤਾਖਰਾਂ ਦੀ ਤਰ੍ਹਾਂ ਅੱਖਰ ਪਾ ਕੇ, ਸਰਦਾਰਾਂ ਅਤੇ ਰਾਜਿਆਂ ਨੂੰ ਇਹ ਦੱਸ ਕੇ, ਕਿ ਬੀੜ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਤੋਸ਼ਖਾਨੇ ਦੀ ਹੈ, ਮੋਟਾ ਧਨ ਪ੍ਰਾਪਤ ਕਰਦੇ ਰਹੇ ਹਨ। ਪ੍ਰਕਾਸ਼ਤ ਅਤੇ ਅਪ੍ਰਕਾਸ਼ਤ ਬੀੜਾਂ ਦੇ ਇਤਿਹਾਸ ਨੂੰ ਪੜ੍ਹਨ ਨਾਲ ਅਸਚਰਜ ਗਿਆਨ ਪ੍ਰਾਪਤ ਹੁੰਦਾ ਹੈ। ਜਿਸ ਨਾਲ ਦਮਦਮਾ ਸਾਹਿਬ ਤਲਵੰਡੀ ਸਾਬੋ ਬਾਰੇ ਪ੍ਰਾਚੀਨ ਅਤੇ ਨਵੀਨ ਸਿੱਖ ਇਤਿਹਾਸ ਦੇ ਪੰਨੇ ਭਰੇ ਪਏ ਹਨ। ਇਸਦੇ ਵਿਪਰੀਤ ਅਨੰਦਪੁਰ ਦਮਦਮੇ ਦਾ ਇਤਿਹਾਸ ਵਿਚ ਕੇਵਲ ਨਾਮ ਮਾਤੱਰ ਜ਼ਿਕਰ ਆਉਂਦਾ ਹੈ। ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਦੀ ਬਾਣੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ



Scanned with CamScanner

ਕੀਤੀ। ਦਮਦਮਾ ਸਾਹਿਬ ਨੂੰ ਗੁਰੂ ਕੀ ਕਾਸ਼ੀ ਦਾ ਵਰਦਾਨ ਪ੍ਰਾਪਤ ਹੋਣ ਕਰਕੇ ਇੱਥੇ ਬੀੜਾਂ ਦੀ ਲਿਖਾਈ ਹੋਣ ਦੀ ਪਰੰਪਰਾ ਕਾਇਮ ਹੋਈ। ਛਾਪੇਖਾਨੇ (ਪ੍ਰੈੱਸ) ਦੀ ਹੋਂਦ ਵਿਚ ਆਉਣ ਤੋਂ ਪਹਿਲਾਂ ਗੁਰੂ ਕੀ ਕਾਸ਼ੀ ਦੇ ਇਕ-ਇਕ ਬੁੰਗੇ ਵਿਚ ਕਈ-ਕਈ ਲਿਖਾਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਖਦੇ ਸਨ। ਇਸ ਤਰ੍ਹਾਂ ਬੀੜਾਂ ਲਿਖਣ ਦਾ ਕਾਰਜ ਸ੍ਰੀ ਅੰਮ੍ਰਿਤਸਰ ਪਟਨਾ ਸਾਹਿਬ, ਪਾਉਂਟਾ ਸਾਹਿਬ, ਖੰਡੂਰ ਸਾਹਿਬ ਅਤੇ ਅਨੰਦਪੁਰ ਸਾਹਿਬ ਵਿਚ ਕਿਤੇ ਵੀ ਨਹੀਂ ਸੀ। ਦਮਦਮਾ ਸਾਹਿਬ ਗੁਰੂ ਕੀ ਕਾਸ਼ੀ ਵਿਚ ਹਰ ਸਾਲ ਸੈਂਕੜੇ ਬੀੜਾਂ ਲਿਖੀਆਂ ਜਾਂਦੀਆਂ ਸਨ। ਆਪਣੇ ਇਸ ਕਥਨ ਦੀ ਪ੍ਰੋੜਤਾ ਲਈ ਗਿਆਨੀ ਜੀ ਨੇ ਇੱਥੇ ਸਰਕਾਰੀ ਰਿਕਾਰਡ ਰਿਆਸਤ ਪਟਿਆਲਾ ਦੀ ਉਰਦੂ ਦੀ ਛਪੀ ਤਖ਼ਸ਼ੀਸ਼ ਦਾ ਹਵਾਲਾ ਦਿੱਤਾ ਹੈ।

ਗੁਰਦੁਆਰਾ ਦਮਦਮਾ ਸਾਹਿਬ ਤਲਵੰਡੀ ਸਾਬੋ ਬੜਾ ਮਸ਼ਹੂਰ ਕਾਬਲ ਤੈਜੀਮ ਵਾ ਤਕਰੀਮ ਖ਼ਿਆਲ ਕੀਤਾ ਜਾਤਾ ਹੈ। ਯਹ ਉਸ ਜਗਾ ਬਣਾਇਆ ਗਿਆ ਥਾ ਯਹਾਂ ਸੰਗਤ 1762 ਮੈ ਵਾਹਿਦ ਸਰਦਾਰ ਡਲਾ ਰਈਸ ਤਲਵੰਡੀ ਸਾਬੋ ਕੇ ਗੁਰੂ ਮਹਾਰਾਜ ਨੇ 9 ਮਾਹ ਤਕ ਕਿਆਮ ਫਰਮਾਇਆ ਥਾ। ਔਰ ਉਸ ਵਕਤ ਅਦਿ ਗ੍ਰੰਥ ਲਿਖ ਕਰ ਤਹਿਹੀਰ ਫਰਮਾਇਆ। ਜਿਸ ਤਲਾਬ ਪਰ ਕਲਮ ਬਣਾਈ ਥੀ ਉਸ ਦਾ ਨਾਮ ਲਿਖਣਸਰ ਹੈ। ਔਰ ਅਬ ਭੀ ਜਹਾਂ ਕੇ ਬਹਿਜ ਬੁੰਗੋ ਕੇ ਮਹੰਤ ਖੁਸ਼ਨਵੀਸ ਹੈ। ਆਦਿ ਗ੍ਰੰਥ ਸਾਹਿਬ ਕੀ ਤਹਿਰੀਰ ਕਾ ਕਾਮ ਕਰਤੇ ਹੈ। ਜਹਾਂ ਕਾ ਲਿਖਾ ਹੂਆ ਯਾ ਮੁਜਮਾ ਕੀਆ ਹੂਆ ਦਰਬਾਰ ਸਾਹਿਬ ਦੂਸਰੀ ਜਗੋ ਮੇਂ ਮੁਸਤਨਿਦ ਖਿਆਲ ਕੀਤਾ ਜਾਂਦਾ ਹੈ।"

ਗਿਆਨੀ ਜੀ ਨੇ ਕਿਤੇ ਆਪਣੀ ਵਿਦਵਤਾ ਨੂੰ ਵਾਧੂ ਦਿਖਾਉਣ ਦਾ ਯਤਨ ਨਹੀਂ ਕੀਤਾ, ਸਗੋਂ ਨਿਮਰਤਾ ਤੇ ਨਿਰਮਾਣਤਾ ਨੂੰ ਆਪਣੀ ਲਿਖਤ ਦਾ ਅਧਾਰ ਬਣਾਇਆ ਹੈ। ਉਨ੍ਹਾਂ ਦੀ ਹਰ ਪੁਸਤਕ ਦੇ ਮੁਖ-ਬੰਦ ਪੜ੍ਹਨ ਤੇ ਇਹੀ ਨਜ਼ਰ ਆਉਂਦਾ ਹੈ ਕਿ ਉਨ੍ਹਾਂ ਨੇ ਸਾਰੀ ਮਿਹਨਤ ਦਾ ਹਵਾਲਾ ਦੇ ਕੇ ਇਹੀ ਲਿਖਿਆ ਹੋਵੇਗਾ ਕਿ ਉਹ ਕਿਸੇ ਵਿਸ਼ੇ ਬਾਰੇ ਅੰਤਿਮ ਸ਼ਬਦ ਹੋਣ ਦਾ ਦਾਅਵਾ ਨਹੀਂ ਕਰਦੇ। ਜਿਵੇਂ ਸ੍ਰੀ ਦਮਦਮਾ



Scanned with CamScanner

ਗੁਰੂ ਕੀ ਕਾਸ਼ੀ ਦੇ ਮੁਖ ਬੰਦ 'ਚ ਗਿਆਨੀ ਜੀ ਲਿਖਦੇ ਹਨ, "ਵਿਦਵਾਨਾਂ/ਖੋਜੀਆਂ ਦੇ ਭੇਜੇ ਸੁਝਾਵਾਂ ਨੂੰ ਅਗਲੇ ਸੰਸਕਰਣ ਵਿਚ ਸਥਾਨ ਦੇ ਕੇ ਰਿਣ ਉਤਾਰਾਂਗਾ। ਇਹ ਤਲਵੰਡੀ/ ਗੁਰੂ ਕਾਸ਼ੀ ਦਾ ਪੂਰਨ ਇਤਿਹਾਸ ਨਹੀਂ ਹੈ, ਕੇਵਲ ਨਿਮਾਣਾ ਜਿਹਾ ਯਤਨ ਹੈ। ਭਵਿਸ਼ਯਤ ਵਿਚ ਇਤਿਹਾਸ ਲਿਖਣ ਵਾਲੇ ਵਿਦਵਾਨਾਂ/ ਲੇਖਕਾਂ ਲਈ ਇਹ ਯਤਨ ਨੀਂਹ ਦਾ ਕੰਮ ਦੇ ਸਕੇ ਤਾਂ ਮੈਂ ਆਪਦਾ ਪਰਿਸ਼੍ਰਮ ਸਫ਼ਲ ਸਮਝਾਂਗਾ।"[12]

ਪ੍ਰਮਾਣਿਕਤਾ ਕਿਸੇ ਵੀ ਇਤਿਹਾਸਕ ਲਿਖਤ ਦਾ ਮੀਰੀ ਗੁਣ ਹੁੰਦੀ ਹੈ। ਗਿਆਨੀ ਜੀ ਨੇ ਇਕ-ਇਕ ਤੱਥ, ਮਿਤੀ ਜਾਂ ਵੇਰਵੇ ਦਾ ਬਹੁਤ ਬਰੀਕੀ ਨਾਲ ਅਧਿਐਨ ਕੀਤਾ ਹੈ। ਜਿੱਥੇ ਉਨ੍ਹਾਂ ਨੇ ਆਪਣੀ ਖੋਜ ਤੇ ਇੰਨੀ ਮਿਹਨਤ ਕੀਤੀ ਹੈ ਉੱਥੇ ਪਾਠਕਾਂ ਨੂੰ ਗਲਤੀਆਂ ਲੱਭਣ ਲਈ ਵੀ ਪ੍ਰੇਰਿਆ ਹੈ। ਇਤਿਹਾਸਕ ਤੱਥ ਇਕੱਠੇ ਕਰਨ ਲਈ ਗਿਆਨੀ ਜੀ ਲੋਕਾਂ ਨੂੰ ਮਿਲਦੇ, ਵੱਖ-ਵੱਖ ਇਤਿਹਾਸਕਾਰਾਂ ਨੂੰ ਮਿਲਦੇ, ਇਤਿਹਾਸਕ ਥਾਵਾਂ ਵੇਖਦੇ, ਲਾਇਬ੍ਰੇਰੀਆਂ ਵਿਚ ਪਈਆਂ ਲਿਖਤਾਂ, ਸਰਕਾਰੀ ਕਾਗਜ਼ਾਂ ਤੇ ਖਾਨਦਾਨੀ ਰਿਕਾਰਡਾਂ ਤੋਂ ਵੀ ਜਰੂਰੀ ਗੱਲਾਂ ਤਸਦੀਕ ਕਰਦੇ। ਸੰਨ 1959 ਵਿਚ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਬਾਰੇ 'ਤਖ਼ਤ ਦਮਦਮਾ ਸਾਹਿਬ' ਪ੍ਰਕਾਸ਼ਿਤ ਕੀਤਾ। ਜਿਸ ਵਿਚ ਤਖ਼ਤ ਦਮੰਦਮਾ ਸਾਹਿਬ ਨੂੰ ਤਖਤ ਸਿੱਧ ਕਰਨ ਲਈ ਇਤਿਹਾਸ ਦੇ ਅਨੇਕ ਪ੍ਰਮਾਣ ਦਿੱਤੇ।

ਗਿਆਨੀ ਜੀ ਦੀ ਇਤਿਹਾਸਕਾਰੀ ਦੀ ਇਹ ਵੀ ਵਿਲੱਖਣਤਾ ਹੈ ਕਿ ਉਹ ਆਪਣੀ ਹਰ ਪੁਸਤਕ ਵਿਚ ਖੋਜ ਨੂੰ ਪੁਖਤਾ ਅਧਾਰ ਪ੍ਰਦਾਨ ਕਰਨ ਲਈ ਇਤਿਹਾਸ ਨਾਲ ਸਬੰਧਤ ਪੁਰਾਤਨ ਚਿੱਤਰ ਵੀ ਦਰਜ ਕਰਦੇ ਹਨ ਜਿਵੇਂ ਦਮਦਮਾ ਸਾਹਿਬ ਦੇ ਇਤਿਹਾਸ ਵਿਚ ਦਮਦਮਾ ਸਾਹਿਬ ਦੀ ਪੁਰਾਤਨ ਇਮਾਰਤ, ਪੁਰਾਤਨ ਖੂਹ, ਗੁਰੂ ਸਾਹਿਬ ਦੇ ਚਿੱਤਰ ਵੀ ਪੇਸ਼ ਕੀਤੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਮਦਮਾ ਸਾਹਿਬ ਵਿਖੇ ਭਾਈ ਮਨੀ ਸਿੰਘ ਜੀ ਕੋਲੋਂ ਬੀੜ ਲਿਖਵਾ ਰਹੇ ਹਨ, ਬਾਬਾ ਦੀਪ ਸਿੰਘ ਜੀ ਦਾ ਬਣਵਾਇਆ ਹੋਇਆ ਪੁਰਾਤਨ ਖੂਹ ਦਾ ਚਿੱਤਰ। ਸ੍ਰੀ ਦਮਦਮਾ ਗੁਰੂ ਕੀ ਕਾਸ਼ੀ ਪੁਸਤਕ ਵਿਚ ਗਿਆਰਾਂ ਚਿੱਤਰ ਹਨ। ਗਿਆਨੀ ਦੀ ਜੀ ਹਰ ਪੁਸਤਕ ਦਾ ਆਰੰਭ



Scanned with CamScanner

'੧ੳ ਸਤਿਗੁਰ ਪ੍ਰਸਾਦਿ' ਨਾਲ ਹੁੰਦਾ ਹੈ।

ਉਪਰੋਕਤ ਵਿਚਾਰ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਗਿਆਨੀ ਬਲਵੰਤ ਸਿੰਘ ਕੋਠਾਗੁਰੂ ਦੀ ਇਤਿਹਾਸਕਾਰੀ ਬਹੁਤ ਵਿਲੱਖਣ ਅਤੇ ਤਾਰਕਿਕ ਹੈ। ਇਨ੍ਹਾਂ ਨੇ ਦਮਦਮਾ ਸਾਹਿਬ ਦੇ ਇਤਿਹਾਸ ਨੂੰ ਪੇਸ਼ ਕਰਨ ਸਮੇਂ ਅੰਧ-ਵਿਸ਼ਵਾਸਾਂ ਤੋਂ ਕੋਹਾਂ ਦੂਰ ਰਹਿ ਕੇ ਸੱਚ ਅਤੇ ਸਬੂਤਾਂ ਨੂੰ ਅਧਾਰ ਬਣਾਇਆ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਨੇ ਜ਼ਿੰਦਗੀ ਦਾ ਬਹੁਤ ਸਮਾਂ ਗੁਰਇਤਿਹਾਸ ਦੀ ਖੋਜ ਉੱਪਰ ਹੀ ਲਗਾਇਆ ਹੈ। ਵੱਡੀ ਗੱਲ ਇਹ ਹੈ ਕਿ ਦਮਦਮਾ ਸਾਹਿਬ ਨੂੰ ਤਖ਼ਤ ਸਿੱਧ ਕਰਨ ਦੀ ਵਡਿਆਈ ਗਿਆਨੀ ਜੀ ਦੇ ਹਿੱਸੇ ਆਈ ਹੈ।

## ਹਵਾਲੇ ਤੇ ਟਿੱਪਣੀਆਂ

1. The English word history, as well as the French histoire and the Italian storia, stems from greek historia, Which was used first to refer to a general inquiry into things and only later to refer to history as it as now understand Germans speak of geschichte (from geschehan, 'to happen) Chinese choose shih (meaning both fact and history) hindus use terms such as ithiasa (tradition it, verily thus it happened) and purana (ancient lore) and arabs alternate tarikh (derived from the word for dating events Khabar (report) and ibar derived from the verb meaning 'to pass on through, over or beyond.' Because the meaning of these terms are bound to cultures and periods, etymolog cal analysis does not provide a ready explanation for the universality of the writing of history. Mircea Eliade (ed.) *The Encyclopedia of Religion*, Macmillian publishing company, New York, 1986, p.371.



Scanned with CamScanner

2. ਗਿਆਨੀ ਬਲਵੰਤ ਸਿੰਘ ਕੋਠਾਗੁਰੂ, *ਤਖ਼ਤ ਦਮਦਮਾ ਸਾਹਿਬ*, ਆਲ ਇੰਡੀਆ ਸ਼੍ਰੋਮਣੀ ਨਿਆਰਾ ਖਾਲਸਾ ਦਲ, ਕੋਟਕਪੂਰਾ, 1959, ਪੰਨੇ 20-21.

3. ਉਹੀ, ਪੰਨੇ 23-24.

4. ਗਿਆਨੀ ਬਲਵੰਤ ਸਿੰਘ ਕੋਠਾਗੁਰੂ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ*, ਗਿਆਨੀ ਕੌਰ ਸਿੰਘ ਸਾਹਿਤਯ ਸ਼ਾਸਤ੍ਰੀ, ਕੋਠਾਗੁਰੂ (ਬਠਿੰਡਾ), 2017(ਤੀਜੀ ਵਾਰ), ਪੰਨੇ 76-77.

5. ਗਿਆਨੀ ਬਲਵੰਤ ਸਿੰਘ ਕੋਠਾਗੁਰੂ, ਤਖ਼ਤ ਦਮਦਮਾ ਸਾਹਿਬ, ਪੰਨੇ 26-27.

6. ਉਹੀ, ਪੰਨਾ 27.

7. ਮੋਹਰ.

8. ਉਹੀ, ਪੰਨਾ 27.

9. ਓਹੀ, ਪੰਨਾ 30.

10. ਉਹੀ, 32.

11. ਗਿਆਨੀ ਬਲਵੰਤ ਸਿੰਘ ਕੋਠਾਗੁਰੂ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ*, ਗਿਆਨੀ ਕੌਰ ਸਿੰਘ ਸਾਹਿਤਯ ਸ਼ਾਸਤ੍ਰੀ, ਕੋਠਾਗੁਰੂ (ਬਠਿੰਡਾ), 2017(ਤੀਜੀ ਵਾਰ), ਪੰਨੇ 27-29.

12. ਗਿਆਨੀ ਬਲਵੰਤ ਸਿੰਘ ਕੋਠਾਗੁਰੂ, *ਸ੍ਰੀ ਦਮਦਮਾ ਗੁਰੂ ਕੀ ਕਾਸ਼ੀ* ਪੰਨਾ 12


-0-



Scanned with CamScanner

# ਜਗਤ ਗੁਰ ਬਾਬਾ

(ਲੇਖ-ਸੰਗ੍ਰਹਿ)

ਯੂਰਪੀ ਪੰਜਾਬੀ ਸੱਥ
ਵਾਲਸਾਲ (ਯੂ.ਕੇ.)

ਮਲਵਈ ਪੰਜਾਬੀ ਸੱਥ
ਮੋ. 98768 50680
ਮੰਡੀ ਕਲਾਂ (ਬਠਿੰਡਾ)

prism
publishers

Scanned with CamScanner

20. ਸ੍ਰਿਸ਼ਟੀ ਰਚਨਾ : ਗੁਰੂ ਨਾਨਕ ਬਾਣੀ ਦੇ ਵਿਸ਼ੇਸ਼ ਹਵਾਲੇ ਨਾਲ
ਖੋਜ. ਜਸਪ੍ਰੀਤ ਕੌਰ 133
21. ਗੁਰੂ ਨਾਨਕ ਦੇ ਮੁਸਲਮਾਨ ਉਪਾਸਕ ਡਾ. ਜਸਬੀਰ ਸਿੰਘ ਸਰਨਾ 141
22. ਗੁਰੂ ਨਾਨਕ ਸੈਹਬ ਜੀ ਕੀ ਸ਼ਕਸ਼ੀਅਤ ਜਸਵਿੰਦਰ ਸ਼ਾਇਰ 154
23. ਲੋਕ ਭਾਸ਼ਾ ਦਾ ਅਧਿਆਤਮੀਕਰਨ ਖੋਜ. ਜਸਵਿੰਦਰ ਕੌਰ 157
24. ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ
ਜਸਵੀਰ ਸਿੰਘ 163
25. ਗੁਰੂ ਨਾਨਕ ਬਾਣੀ ਵਿੱਚ ਨਸ਼ਾਮੁਕਤ ਸਮਾਜ ਦਾ ਸੰਕਲਪ
ਜਗਮੋਹਨ ਸਿੰਘ 166
26. ਗੁਰੂ ਨਾਨਕ : ਜੀਵਨ ਅਤੇ ਧਰਮ ਤਰਲੋਚਨ ਕੌਰ 176
27. ਗੁਰੂ ਨਾਨਕ ਜਿਨ ਸੁਣਿਆ ਪੇਖਿਆ ਤਰਲੋਚਨ ਸਿੰਘ ਦੁਪਾਲਪੁਰ 185
28. ਨਾਨਕ ਬਾਣੀ 'ਚ ਵਿਗਿਆਨਕ ਤੱਥ ਦਲਜੀਤ ਕੌਰ ਦਾਊਂ 188
29. ਗੁਰਦੁਆਰਾ ਸ੍ਰੀ ਬੇਰ ਸਾਹਿਬ - ਸੁਲਤਾਨਪੁਰ ਲੋਧੀ
ਡਾ. ਨਰਿੰਦਰ ਸਿੰਘ ਬਾਂਸਲ 193
30. ਪੰਜਾਬੀ ਚਿੰਤਨ ਤੇ ਗੁਰੂ ਨਾਨਕ ਬਾਣੀ ਡਾ. ਨਰੇਸ਼ ਕੁਮਾਰ 195
31. ਅਰਬ ਇਰਾਕ ਦੀ ਧਰਤੀ 'ਤੇ ਗੁਰੂ ਨਾਨਕ ਦੇ ਪੈਰ-ਚਿੰਨ੍ਹ
ਨਰਿੰਜਨ ਸਿੰਘ ਸਾਥੀ 197
32. ਗੁਰੂ ਨਾਨਕ ਚਿੰਤਨ ਦੇ ਇਨਕਲਾਬੀ ਪਹਿਲ
ਜਸਵਿੰਦਰ ਸਿੰਘ ਰੁਪਾਲ 206
33. ਗੁਰੂ ਨਾਨਕ ਦੇ ਗੋਬਿੰਦ ਰੂਪ ਗਿਆਨੀ ਬਲਵੰਤ ਸਿੰਘ ਕੋਠਾਗੁਰੂ 215
34. ਐਸੇ ਗੁਰ ਕੋ ਬਲਿ ਬਲਿ ਜਾਈਐ ਬਲਜਿੰਦਰ ਸਿੰਘ ਚਾਹਲ ਮਾਧੋ ਝੰਡਾ 225
35. ਗੁਰੂ ਨਾਨਕ ਦੇਵ ਜੀ ਬਨਾਮ ਅੱਜ ਦਾ ਸਮਾਂ
ਮਨਜੀਤ ਕੌਰ ਧੀਮਾਨ 231
36. ਗੁਰੂ ਨਾਨਕ ਬਾਣੀ ਵਿੱਚ ਨਾਰੀ ਦਾ ਸਥਾਨ
ਡਾ. ਮਨਦੀਪ ਕੌਰ 234
37. 'ਪਟੀ' ਮਹਲਾ ੧ : ਇੱਕ ਅਧਿਐਨ ਮਨਿੰਦਰ ਸਿੰਘ (ਸ. ਪ੍ਰੋ.) 238
38. ਮਰਦਿ ਕਾਮਿਲ ਰਾਜਬੀਰ ਕੌਰ ਸੇਖੋਂ 242
39. ਗੁਰੂ ਨਾਨਕ ਬਾਣੀ ਅਤੇ ਸਮਾਜਕ ਸਰੋਕਾਰ
ਰੂਪ ਲਾਲ, ਰੂਪ 251
40. ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਕਾਵਿ-ਰੂਪ
ਰਵੀ ਨਾਗਪਾਲ (ਸ.ਪ੍ਰੋ.) 255
41. ਗੁਰੂ ਨਾਨਕ ਬਾਣੀ ਤੇ ਮਨੋ-ਵਿਗਿਆਨ ਡਾ. ਰਾਮ ਮੂਰਤੀ 259
42. ਬਾਬਾ ਹੋਰੁ ਖੁਸੀ ਖੁਆਰ...। ਡਾ. ਲਖਬੀਰ ਸਿੰਘ ਨਾਮਧਾਰੀ 266
43. ਸਤਿਗੁਰ ਨਾਨਕ ਪਰਗਟਿਆ...। ਸੰਤ ਨਿਸ਼ਾਨ ਸਿੰਘ 273



Scanned with CamScanner

# ਸ੍ਰਿਸ਼ਟੀ ਰਚਨਾ: ਗੁਰੂ ਨਾਨਕ ਬਾਣੀ ਦੇ ਵਿਸ਼ੇਸ਼ ਹਵਾਲੇ ਨਾਲ

- ਜਸਪ੍ਰੀਤ ਕੌਰ (ਖੋਜਾਰਥੀ)
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪਰਮਸਤ ਤੋਂ ਬਾਅਦ ਮਨੁੱਖੀ ਜ਼ਿਹਨ ਵਿੱਚ ਦੂਸਰਾ ਸਵਾਲ ਸ੍ਰਿਸ਼ਟੀ ਸੰਬੰਧੀ ਉਤਪੰਨ ਹੁੰਦਾ ਹੈ। ਸ੍ਰਿਸ਼ਟੀ ਕੀ ਹੈ ? ਇਸ ਦਾ ਕਰਤਾ ਕੌਣ ਹੈ ? ਇਸ ਦੀ ਰਚਨਾ ਕਿਸ ਤਰ੍ਹਾਂ ਹੋਈ? ਇਸ ਦਾ ਵਿਸਤਾਰ ਕਿਤਨਾ ਕੁ ਹੈ ? ਇਸ ਦਾ ਸਰੂਪ, ਕਾਰਨ, ਅੰਤ ਅਥਵਾ ਉਦੇਸ਼ ਬਾਰੇ ਅਨੇਕਾਂ ਸਵਾਲ ਮਨੁੱਖੀ ਮਨ ਵਿੱਚ ਉੱਠਦੇ ਰਹਿੰਦੇ ਹਨ। ਇਨ੍ਹਾਂ ਮੌਲਿਕ ਪ੍ਰਸ਼ਨਾਂ ਦੇ ਉੱਤਰ ਸਮੇਂ-ਸਮੇਂ 'ਤੇ ਵੱਖ-ਵੱਖ ਮਜ਼੍ਹਬਾਂ ਦੇ ਧਾਰਮਿਕ ਗ੍ਰੰਥਾਂ ਵਿੱਚ ਦਿੱਤੇ ਗਏ। ਭਾਰਤੀ ਸਾਹਿਤ ਵਿੱਚ ਸ੍ਰਿਸ਼ਟੀ ਰਚਨਾ ਸੰਬੰਧੀ ਸਭ ਤੋਂ ਪਹਿਲਾ ਉਲੇਖ ਵੈਦਿਕ ਸੂਕਤਾਂ ਵਿੱਚ ਮਿਲਦਾ ਹੈ। ਪਰ ਇਨ੍ਹਾਂ ਦੇ ਮਤ ਵਿੱਚ ਇਕਸਾਰਤਾ ਨਹੀਂ ਹੈ। ਕਿਤੇ ਅਗਨੀ, ਕਿਤੇ ਸੋਮ, ਕਿਤੇ ਇੰਦ੍ਰ, ਕਿਤੇ ਵਰੁਣ ਤੋਂ ਸ੍ਰਿਸ਼ਟੀ ਦੀ ਉਤਪਤੀ ਮੰਨੀ ਹੈ। ਰਿਗਵੇਦ ਦੇ ਨਾਸਦੀਯ ਸੂਕਤ ਵਿੱਚ ਵੀ ਸ੍ਰਿਸ਼ਟੀ ਰਚਨਾ ਸੰਬੰਧੀ ਧੁੰਦਲਾ ਜਿਹਾ ਚਿੱਤਰਨ ਮਿਲਦਾ ਹੈ। ਵੇਦਾਂ ਵਾਂਗ ਉਪਨਿਸ਼ਦਾਂ ਵਿੱਚ ਵੀ ਸ੍ਰਿਸ਼ਟੀ ਰਚਨਾ ਸੰਬੰਧੀ ਵਿਚਾਰਾਂ ਵਿੱਚ ਸਮਾਨਤਾ ਨਹੀਂ ਹੈ। ਜੈਨ ਮਤ ਵਾਲੇ ਵਿਭਿੰਨ ਪ੍ਰਕਾਰ ਦੇ ਦ੍ਰਵਾਂ ਦੇ ਸੰਜੋਗ ਨਾਲ ਸੰਸਾਰ ਦੀ ਉਤਪਤੀ ਹੋਈ ਮੰਨਦੇ ਹਨ। ਬੋਧ ਮਤ ਵਾਲੇ ਸੰਸਾਰ ਨੂੰ ਸੁਤੰਤਰ ਸੱਤਾ ਮੰਨਦੇ ਹੋਏ ਪਰਿਵਰਤਨਸ਼ੀਲ ਦੱਸਦੇ ਹਨ। ਚਾਰਵਾਕ ਦਰਸ਼ਨ ਅਨੁਸਾਰ ਜਗਤ ਦਾ ਨਿਰਮਾਣ ਚਾਰ ਭੌਤਿਕ ਤੱਤਾਂ(ਜਲ, ਪ੍ਰਿਥਵੀ, ਤੇਜ, ਵਾਯੂ) ਦੇ ਸੰਜੋਗ ਨਾਲ ਆਪਣੇ-ਆਪ ਹੁੰਦਾ ਹੈ। ਇਹ ਤਿੰਨੋ ਮਤ (ਜੈਨ, ਬੋਧ, ਚਾਰਵਾਕ) ਪਰਮਾਤਮਾ ਦੀ ਹੋਂਦ ਵਿੱਚ ਵਿਸ਼ਵਾਸ ਨਹੀਂ ਰੱਖਦੇ, ਇਸ ਲਈ ਪਰਮਾਤਮਾ ਦੁਆਰਾ ਸ੍ਰਿਸ਼ਟੀ ਉਤਪਤੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਛੇ ਸ਼ਾਸ਼ਤ੍ਰਾਂ ਵਿੱਚ ਨਿਆਇ ਅਤੇ ਵੈਸ਼ੇਸ਼ਿਕ ਜਗਤ ਦੀ ਰਚਨਾ ਪਰਮਾਣੂਆਂ ਤੋਂ ਹੋਈ ਮੰਨਦੇ ਹਨ। ਸਾਂਖ ਦਰਸ਼ਨ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਪੁਰਸ਼ ਅਤੇ ਪ੍ਰਿਤੀ ਦੇ ਸੰਜੋਗ ਨਾਲ ਹੁੰਦੀ ਹੈ। ਯੋਗ ਸ਼ਾਸ਼ਤ੍ਰ ਵੀ ਇਸੇ ਵਿਚਾਰ ਦੀ ਪ੍ਰੜ੍ਹੋਤਾ ਕਰਦਾ ਹੈ। ਮੀਮਾਂਸਾ ਦਰਸ਼ਨ ਵਾਲੇ ਭੌਤਿਕ ਜਗਤ ਨੂੰ ਮੰਨਦੇ ਹਨ, ਪਰ ਉਸ ਦੇ ਕਿਸੇ ਸਿਰਜਣਹਾਰ ਦੀ ਕਲਪਨਾ ਨਹੀਂ ਕਰਦੇ। ਜਗਤ ਨੂੰ ਅਨਾਦੀ ਮੰਨਦੇ ਹਨ। ਅਦੈਤ ਵੇਦਾਂਤ ਅਨੁਸਾਰ ਬ੍ਰਹਮ ਮਾਇਆ ਦੁਆਰਾ ਈਸ਼ਵਰ ਨੂੰ ਪੈਦਾ ਕਰ ਕੇ ਸ੍ਰਿਸ਼ਟੀ ਰਚਨਾ ਕਰਦਾ ਹੈ। ਇਸਲਾਮ ਅਨੁਸਾਰ ਅੱਲ੍ਹਾ ਨੇ 'ਕੁਨ' ਕਹਿ ਕੇ ਸ੍ਰਿਸ਼ਟੀ ਦੀ ਰਚਨਾ ਕੀਤੀ। ਹੋਰਨਾਂ ਧਰਮਾਂ ਵਾਂਗ ਗੁਰਬਾਣੀ ਨੇ ਵੀ ਸ੍ਰਿਸ਼ਟੀ ਰਚਨਾ ਸੰਬੰਧੀ ਆਪਣੀ ਧਾਰਨਾ ਪ੍ਰਗਟਾਈ ਹੈ। ਹਥਲੇ ਪਰਚੇ ਵਿੱਚ ਅਸੀਂ ਗੁਰੂ ਨਾਨਕ ਬਾਣੀ ਦੇ ਹਵਾਲੇ ਨਾਲ ਸ੍ਰਿਸ਼ਟੀ ਰਚਨਾ ਬਾਰੇ ਚਰਚਾ ਕਰਾਂਗੇ, ਜਿਸ ਦਾ ਅਧਾਰ ਗੁਰਬਾਣੀ ਤੋਂ ਇਲਾਵਾ ਉੱਘੇ ਲੇਖਕਾਂ ਦੀਆਂ ਲਿਖਤਾਂ ਨੂੰ ਬਣਾਇਆ ਜਾਵੇਗਾ।

ਗੁਰੂ ਨਾਨਕ ਦੇਵ ਜੀ ਨੇ ਬਾਣੀ ਦੇ ਰੂਪ ਵਿੱਚ ਵੱਡ-ਆਕਾਰੀ ਰਚਨਾ ਕੀਤੀ ਹੈ ਜੋ ਆਦਿ ਗ੍ਰੰਥ ਦੀ ਪਾਵਨ ਬੀੜ ਵਿੱਚ ਦਰਜ ਹੈ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 19 ਰਾਗਾਂ ਦੇ ਸਿਰਲੇਖ ਅਧੀਨ ਸ਼ਾਮਿਲ ਕੀਤੀ ਗਈ ਹੈ। ਇਸ ਵਿੱਚ ਲੰਮੇ ਆਕਾਰ ਦੀਆਂ ਮਹੱਤਵਪੂਰਨ ਬਾਣੀਆਂ ਜਪੁਜੀ, ਪਟੀ, ਥਿਤੀ, ਦਖਣੀ ਓਅੰਕਾਰ, ਸਿਧ ਗੋਸਟਿ, ਬਾਰਹ ਮਾਹ ਅਤੇ ਤਿੰਨ ਵਾਰਾਂ



Scanned with CamScanner

(ਰਾਗ ਆਸਾ, ਰਾਗ ਮਾਝ ਤੇ ਰਾਗ ਮਲਾਰ) ਹਨ। ਇਨ੍ਹਾਂ ਲੰਮੇਰੀਆਂ ਬਾਣੀਆਂ ਤੋਂ ਇਲਾਵਾ ਗੁਰੂ ਨਾਨਕ ਬਾਣੀ ਵਿੱਚ ਚੌਪਦੇ, ਅਸ਼ਟਪਦੀਆਂ, ਸੋਲਹੇ, ਛੰਤ, ਅਤੇ ਸਲੋਕ ਆਦਿ ਦੇ ਰੂਪ ਵਿੱਚ ਅਨੇਕਾਂ ਲਘੂ ਰਚਨਾਵਾਂ ਵੀ ਮਿਲਦੀਆਂ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਵਿਸ਼ਾ ਜਿੱਥੇ ਅਧਿਆਤਮਕ ਹੈ ਉੱਥੇ ਇਸ ਵਿੱਚ ਧਾਰਮਿਕ, ਸਮਾਜਿਕ, ਆਰਥਿਕ ਅਤੇ ਦਾਰਸ਼ਿਨਕ ਪੱਖਾਂ ਬਾਰੇ ਵੀ ਵਿਚਾਰ ਆਈ ਹੈ। ਗੁਰਮਤਿ ਦੇ ਵਿਦਵਾਨਾਂ ਨੇ ਗੁਰਬਾਣੀ ਨੂੰ ਆਧਾਰ ਬਣਾ ਕੇ, ਗੁਰਮਤਿ ਵਿਚਾਰ-ਪ੍ਰਬੰਧ ਵਿੱਚ ਰਹਿ ਕੇ 'ਵਿਸ਼ਵ ਦਾ ਸਿੱਖ ਸਿਧਾਂਤ' ਉਸਾਰਨ ਦੀ ਕੋਸ਼ਿਸ਼ ਕੀਤੀ ਹੈ।

**ਵਿਸ਼ਵ ਦਾ ਸਿੱਖ ਸਿਧਾਂਤ:** ਫ਼ਲਸਫੇ ਦਾ ਜਿਹੜਾ ਭਾਗ ਸ੍ਰਿਸ਼ਟੀ ਰਚਨਾ ਦਾ ਅਧਿਐਨ ਕਰਦਾ ਹੈ, ਉਸ ਨੂੰ ਵਿਸ਼ਵ ਵਿਗਿਆਨ (Cosmology) ਕਿਹਾ ਜਾਂਦਾ ਹੈ। ਗੁਰਬਾਣੀ ਵਿੱਚੋਂ ਜਦੋਂ ਵਿਸ਼ਵ ਸਬੰਧੀ ਵਿਚਾਰਾਂ ਦਾ ਵਿਧੀਬੱਧ, ਤਾਰਕਿਕ ਵਿਉਂਤ ਨਾਲ ਅਧਿਐਨ ਕੀਤਾ ਜਾਂਦਾ ਹੈ ਤਾਂ ਇਸ ਤਾਰਕਿਕ ਵਿਸ਼ਲੇਸ਼ਣ ਨੂੰ 'ਵਿਸ਼ਵ ਸਿੱਖ ਸਿਧਾਂਤ'(Sikh Cosmology) ਦਾ ਨਾਂ ਦਿੱਤਾ ਜਾਂਦਾ ਹੈ।

**ਸ੍ਰਿਸ਼ਟੀ ਦੇ ਕੋਸ਼ਗਤ ਅਰਥ:** ਪੰਜਾਬੀ ਕੋਸ਼ ਅਨੁਸਾਰ ਸ੍ਰਿਸ਼ਟੀ ਦਾ ਅਰਥ ਦੁਨੀਆਂ, ਰਚਨਾ, ਜਗਤ, ਸੰਸਾਰ, ਕਾਇਨਾਤ, ਮਖਲੂਕਾਤ ਹਨ।[1]

ਭਾਈ ਕਾਨ੍ਹ ਸਿੰਘ ਨਾਭਾ ਸਿਰਠੀ ਦੇ ਅਰਥ ਰਚਨਾ, ਬਨਾਵਟ, ਜਗਤ, ਸੰਸਾਰ ਕਰਦੇ ਹਨ।[2]

ਸ੍ਰੀ ਗੁਰੂ ਗ੍ਰੰਥ ਸੰਕੇਤ ਕੋਸ਼ ਅਨੁਸਾਰ ਸ੍ਰਿਸਟਿ ਦਾ ਅਰਥ ਰਚੀ ਹੋਈ ਰਚਨਾ, ਸ੍ਰਿਸ਼ਟੀ, ਜਗਤ ਹੈ।[3]

ਸ੍ਰਿਸ਼ਟੀ ਤੋਂ ਭਾਵ, ਜੋ ਸਿਰਜੀ ਗਈ ਹੈ, ਜੋ ਰਚੀ ਗਈ ਹੈ, ਸਮੁੱਚਾ ਭੌਤਿਕ ਪਸਾਰ, ਇਸ ਦੀਆਂ ਨਾਨਾ-ਪ੍ਰਕਾਰੀ ਕਿਰਿਆਵਾਂ, ਵਸਤੂਆਂ ਆਦਿ ਸਭ ਸ੍ਰਿਸ਼ਟੀ ਹੈ। ਗੁਰਬਾਣੀ ਅਨੁਸਾਰ ਅਕਾਲ ਦੀ ਕਾਲਗਤ ਸਥਿਤੀ, ਅਫੁਰ ਦਾ ਸਫੁਰ ਫੁਰਨਾ, ਨਿਰਗੁਣ ਦਾ ਸਰਗੁਣ ਸਰੂਪ ਸ੍ਰਿਸ਼ਟੀ ਹੈ। ਗੁਰਬਾਣੀ ਵਿੱਚ ਇਸ ਪ੍ਰਥਾਇ ਸੰਸਾਰ, ਭਵਸਾਗਰ, ਭਉ ਜਲ, ਭਉ ਨਿਧਿ, ਦੁਨੀਆਂ, ਜਗਤ, ਆਕਾਰ, ਸਰਗੁਣ, ਮਾਇਆ, ਸ੍ਰਿਸਟਿ, ਸਿਰਠੀ, ਪਸਾਰਾ, ਬ੍ਰਹਿਮੰਡ, ਬਣਤ, ਘਾੜਤ, ਪਸਾਉ, ਰਚਨਾ, ਜਗ, ਪਰਪੰਚ, ਲੀਲਾ, ਖੇਡ, ਬਾਜੀ, ਰੂਪ, ਵੇਸ ਆਦਿ ਕਈ ਸ਼ਬਦ ਵਰਤੇ ਗਏ ਹਨ।[4] ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਸ੍ਰਿਸ਼ਟੀ ਤੋਂ ਭਾਵ ਸਿਰਜਿਤ ਜਗਤ ਤੋਂ ਹੈ ਜੋ ਪਰਮਾਤਮਾ ਦਾ ਸਰਗੁਣ ਸਰੂਪ ਹੈ।

**ਸ੍ਰਿਸ਼ਟੀ ਰਚਨਾ ਤੋਂ ਪਹਿਲਾ ਦੀ ਸਥਿਤੀ:** ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਹਾਲਤ ਸੰਬੰਧੀ ਹਰੇਕ ਮੱਤ ਦੇ ਖਿਆਲ ਵੱਖ-ਵੱਖ ਹਨ। "ਰਿਗਵੇਦ ਵਿੱਚ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਤਦੋਂ ਅਰਥਾਤ ਸ਼ੁਰੂ ਸ਼ੁਰੂ ਵਿੱਚ ਨਾ ਸਤ ਸੀ ਅਤੇ ਨਾ ਹੀ ਅਸੱਤ ਸੀ। ਉਦੋਂ ਦ੍ਰਿਸ਼ਟਮਾਨ ਸ੍ਰਿਸ਼ਟੀ ਵੀ ਨਹੀਂ ਸੀ। ਰਾਤ ਦਿਨ ਦੇ ਗੇੜ ਨੂੰ ਸਮਝਣ ਦਾ ਕੋਈ ਸਾਧਨ ਵੀ ਨਹੀਂ ਸੀ। ਜੋ ਕੁਝ ਵੀ ਸੀ ਉਹ ਇਕੱਲਾ ਹੀ ਸੀ। ਇਸ ਤੋਂ ਛੁੱਟ ਜਾਂ ਇਸ ਤੋਂ ਪਰੇ ਹੋਰ ਕੁਝ ਵੀ ਨਹੀਂ ਸੀ।"[5]

ਗੁਰਬਾਣੀ ਵਿੱਚ ਵੀ ਸ੍ਰਿਸ਼ਟੀ ਰਚਨਾ ਸੰਬੰਧੀ ਸਾਨੂੰ ਅਜਿਹੇ ਵਿਚਾਰ ਮਿਲਦੇ ਹਨ। ਗੁਰੂ

Scanned with CamScanner

ਨਾਨਕ ਦੇਵ ਜੀ ਦੇ ਮਾਰੂ ਰਾਗ ਵਿੱਚ ਦਰਜ ਮਹਾਂਵਾਕ ਤੋਂ ਸਾਨੂੰ ਇਹ ਪਤਾ ਲਗਦਾ ਹੈ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਬ੍ਰਹਮ ਨਿਰਗੁਣ ਰੂਪ ਵਿੱਚ ਸੀ। ਸਭ ਬ੍ਰਹਮ ਹੀ ਬ੍ਰਹਮ ਸੀ। ਸਭ ਧੁੰਧੂਕਾਰ ਸੀ; ਉਦੋਂ ਨਾ ਪ੍ਰਿਥਵੀ ਸੀ, ਨਾ ਆਕਾਸ਼ , ਨਾ ਚੰਨ, ਨਾ ਸੂਰਜ, ਨਾ ਦਿਨ, ਨਾ ਰਾਤ, ਨਾ ਹਵਾ, ਨਾ ਪਾਣੀ ਤੇ ਨਾ ਵੇਦ, ਪੁਰਾਣ, ਸਿਮਰਤ ਸ਼ਾਸਤ੍ਰ, ਬ੍ਰਹਮਾ, ਵਿਸ਼ਣੂ, ਸ਼ਿਵ ਕੁਝ ਵੀ ਨਹੀਂ ਸੀ। ਬੱਸ ਕੇਵਲ ਅਕਾਲ ਹੀ ਸੀ। ਉਹ ਅਗਮ ਅਗੋਚਰ ਆਪਣੇ ਆਪ ਨੂੰ ਪ੍ਰਗਟ ਕਰ ਰਿਹਾ ਸੀ।

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥੧॥
ਖਾਣੀ ਨ ਬਾਣੀ ਪਉਣ ਨ ਪਾਣੀ॥ ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ॥੨॥[6]

ਗੁਰੂ ਨਾਨਕ ਦੇਵ ਜੀ ਸਪਸ਼ਟ ਸ਼ਬਦਾਂ ਵਿੱਚ ਕਹਿੰਦੇ ਹਨ ਕਿ ਉਹ ਇਕੱਲਾ ਹੀ ਆਪਣੇ-ਆਪ ਵਿੱਚ ਵਿਰਾਜਮਾਨ ਸੀ, ਉਸ ਸਮੇਂ ਦ੍ਰਿਸ਼ਟਮਾਨ ਸ੍ਰਿਸ਼ਟੀ ਦਾ ਵਿਸਥਾਰ ਨਹੀਂ ਸੀ ਹੋਇਆ। ਸ੍ਰਿਸ਼ਟੀ ਦੇ ਆਦਿ ਵਿੱਚ ਉਹ ਜੁਗਾਂ-ਜੁਗਾਂਤਰਾਂ ਤੋਂ ਧਿਆਨ ਲਗਾਈ ਬੈਠਾ, ਆਪਣੇ-ਆਪ ਵਿੱਚ ਸਥਿੱਤ ਹੈ। ਸ੍ਰਿਸ਼ਟੀ ਰਚਨਾ ਦੇ ਆਦਿ ਤੱਤ ਨੂੰ ਗੁਰੂ ਨਾਨਕ ਦੇਵ ਜੀ ਨੇ 'ਸੁੰਨ' ਦਾ ਨਾਮ ਦਿੱਤਾ ਹੈ। ਪਰਮਾਤਮਾ ਨੇ ਸੁੰਨ ਤੋਂ ਹੀ ਸਾਰੀ ਸ੍ਰਿਸ਼ਟੀ ਦੀ ਉਤਪਤੀ ਕੀਤੀ ਹੈ। ਪਉਣ, ਪਾਣੀ, ਸੂਰਜ, ਚੰਦ੍ਰਮਾ, ਆਕਾਸ਼, ਅੰਡਜ, ਜੇਰਜ, ਸੇਤਜ, ਉਤਭੁਜ ਆਦਿ ਸਭ ਦੀ ਉਤਪਤੀ ਸੁੰਨ ਤੋਂ ਹੋਈ ਹੈ।

**ਸੁੰਨ ਕਲਾ ਅਪਰੰਪਰਿ ਧਾਰੀ॥ ਆਪਿ ਨਿਰਾਲਮੁ ਅਪਰ ਅਪਾਰੀ॥**
**ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨ ਉਪਾਇਦਾ॥**

ਅਤੇ

**ਸੁੰਨਹੁ ਖਾਣੀ ਸੁੰਨਹੁ ਬਾਣੀ॥ ਸੁੰਨਹੁ ਉਪਜੀ ਸੁੰਨਿ ਸਮਾਣੀ॥**
**ਉਤਭੁਜ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ॥**[7]

ਪਰ ਇੱਥੇ ਸੁੰਨ ਦਾ ਅਰਥ 'ਕੁਝ ਨਹੀਂ' ਤੋਂ ਨਹੀਂ ਹੈ। ਸੁੰਨ ਤੋਂ ਭਾਵ ਉਸ ਸਥਿਤੀ ਤੋਂ ਹੈ ਜਦੋਂ ਪਰਮਾਤਮਾ ਨਿਰਗੁਣ ਸਰੂਪ ਵਿੱਚ ਸਮਾਧੀ ਦੀ ਅਵਸਥਾ ਵਿੱਚ ਸੀ।

**ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪ॥**
**ਆਪਨ ਕੀਆ ਨਾਨਕਾ ਆਪੇ ਹੀ ਫਿਰ ਜਾਪਿ॥**[8]

ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਬਾਰੇ ਡਾ. ਤਾਰਨ ਸਿੰਘ ਲਿਖਦੇ ਹਨ ਕਿ 'ਉਦੋਂ ਕੇਵਲ ਬ੍ਰਹਮ ਸੀ। ਉਸ ਵਿੱਚ ਉਦੋਂ ਪਰਮਾਤਮਾ ਬਨਣ ਦੀ ਤੇ ਫਿਰ ਪੁਰਸ਼ ਤੇ ਪ੍ਰਕ੍ਰਿਤੀ ਬਨਣ ਦੀ ਸੰਭਾਵਨਾ ਮੌਜੂਦ ਸੀ। ਅਰਬਾਂ-ਖਰਬਾਂ ਸਾਲ ਉਹ ਇਕੱਲਾ ਸੁੰਨ ਬ੍ਰਹਮ ਰੂਪ ਵਿੱਚ ਸਮਾਧ ਰੂਪ ਵਿੱਚ ਹੀ ਰਿਹਾ।[9]

ਸ੍ਰਿਸ਼ਟੀ ਰਚਨਾ ਸੰਬੰਧੀ ਦੂਜੇ ਮੱਤਾਂ ਵਿੱਚ ਵੀ ਅਜਿਹੇ ਹੀ ਖਿਆਲ ਆਏ ਹਨ। ਬਾਈਬਲ ਵਿੱਚ ਲਿਖਿਆ ਹੈ ਕਿ ਤਦੋਂ ਸ੍ਰਿਸ਼ਟੀ ਦੀ ਕੋਈ ਹੋਂਦ ਨਹੀਂ ਸੀ ਤੇ ਸੁੰਨ ਤੇ ਹਨੇਰ ਘੁੱਪ-ਘੋਰ ਪ੍ਰਧਾਨ ਸੀ। ਦਾਊਦ ਨੇ ਪੁਛਿਆ ਰੱਬ ਨੂੰ, "ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਤੂੰ ਕਿੱਥੇ ਸੈਂ?" ਰੱਬ ਨੇ

ਉੱਤਰ ਦਿੱਤਾ, "ਤਦੋਂ ਮੈਂ ਗੁਪਤ ਸਾਂ, ਮੈਂ ਜਾਣਿਆ ਜਾਣ ਦੀ ਇੱਛਾ ਕੀਤੀ ਤੇ ਇਹ ਸ੍ਰਿਸ਼ਟੀ ਰਚ ਦਿੱਤੀ।" ਇਸੇ ਤਰ੍ਹਾਂ ਕੁਰਾਨ ਸ਼ਰੀਫ਼ ਵਿੱਚ ਹੈ। ਕਿਸੇ ਅਬੀ ਜ਼ਰਾਰਾ ਨੇ ਪੈਗੰਬਰ ਨੂੰ ਪੁੱਛਿਆ-ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਰੱਬ ਕਿੱਥੇ ਸੀ ? ਉੱਤਰ ਮਿਲਿਆ-'ਉਹ ਇੱਕ ਧੁੰਦ (ਬੱਦਲ) ਵਿੱਚ ਸੀ, ਜਿਸ ਦੇ ਨਾ ਹੇਠਾਂ ਕੋਈ ਹਵਾ ਸੀ ਤੇ ਨਾ ਉੱਪਰ।'[10] ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕੋਈ ਹੋਂਦ ਨਹੀਂ ਸੀ। ਕੇਵਲ ਪਰਮਾਤਮਾ ਹੀ ਆਪਣੇ ਨਿਰਗੁਣ ਸਰੂਪ ਵਿੱਚ ਮੌਜੂਦ ਸੀ।

ਸ੍ਰਿਸ਼ਟੀ ਸੰਬੰਧੀ ਅਗਲਾ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਕਦੋਂ ਹੋਈ? ਭਾਵ ਉਹ ਕਿਹੜਾ ਦਿਨ, ਸਮਾਂ, ਤਾਰੀਖ ਸੀ ਜਦੋਂ ਸ੍ਰਿਸ਼ਟੀ ਦੀ ਸਿਰਜਣਾ ਕੀਤੀ ਗਈ। ਇਸ ਸੰਬੰਧੀ ਹਿੰਦੂ ਕਹਿੰਦੇ ਹਨ ਕਿ ਇੱਕ ਅਰਬ, ਛਿਆਨਵੇਂ ਕਰੋੜ ਅੱਠ ਲੱਖ, ਤ੍ਰਵੰਜਾ ਹਜ਼ਾਰ ਵਰ੍ਹੇ ਹੋ ਗਏ ਹਨ। ਈਸਾਈ ਛੇ ਹਜ਼ਾਰ ਅਤੇ ਮੁਸਲਮਾਨ ਚੌਦਾਂ ਹਜ਼ਾਰ ਵਰ੍ਹੇ ਇਸ ਸ੍ਰਿਸ਼ਟੀ ਨੂੰ ਬਣਿਆ ਦੱਸਦੇ ਹਨ। ਪੱਛਮੀ ਲੇਖਕਾਂ ਵਿੱਚੋਂ ਕਈਆਂ ਅਨੁਸਾਰ ਡੇਢ ਕਰੋੜ ਸਾਲ ਹੋਇਆ ਹੈ ਜਦ ਧਰਤੀ ਬਨਸਪਤੀ ਪੈਦਾ ਕਰਨ ਯੋਗ ਹੋਈ। ਪ੍ਰੋਫੈਸਰ ਕੇਰਲ ਦਾ ਖਿਆਲ ਹੈ ਕਿ ਸੱਤ ਕਰੋੜ ਸਾਲ ਇਸ ਨੂੰ ਬਣਿਆ ਹੋ ਗਏ ਹਨ। ਵਿਲੀਅਮ ਟਾਮਸ ਦਸ ਕਰੋੜ ਅਤੇ ਪ੍ਰੋਫੈਸਰ ਹਿਲਨਰ ਦੋ ਕਰੋੜ ਸਾਲ ਸ੍ਰਿਸ਼ਟੀ ਨੂੰ ਬਣਿਆ ਦੱਸਦੇ ਹਨ।[11] ਗੁਰੂ ਨਾਨਕ ਦੇਵ ਜੀ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਕਦੋਂ ਹੋਈ? ਮਨੁੱਖ ਇਸ ਪ੍ਰਸ਼ਨ ਦਾ ਉੱਤਰ ਦੇਣ ਦੇ ਸਮਰੱਥ ਨਹੀਂ ਹੈ। ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਆਪ ਹੀ ਜਾਣਦਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਦਾ ਸਮਾਂ ਕਿਹੜਾ ਹੈ। ਪੰਡਤ, ਕਾਜ਼ੀ ਅਤੇ ਜੋਗੀ ਇਸ ਸੰਬੰਧੀ ਕੁਝ ਨਹੀਂ ਜਾਣਦੇ। ਜੇ ਜਾਣਦੇ ਹੁੰਦੇ ਤਾਂ ਉਹ ਇਸ ਦਾ ਜ਼ਿਕਰ ਪੁਰਾਣ ਅਤੇ ਕੁਰਾਨ ਵਿੱਚ ਜ਼ਰੂਰ ਕਰਦੇ।

**ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤ ਕਵਣੁ ਵਾਰੁ॥**
**ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥**
**ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥**
**ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥**
**ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥**
**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਇ॥**[12]

ਮਨੁੱਖ ਦੀ ਸੀਮਿਤ ਬੁੱਧੀ ਉਸ ਸਮੇਂ ਬਾਰੇ ਨਹੀਂ ਜਾਣ ਸਕਦੀ ਜਦੋਂ ਇਹ ਸ੍ਰਿਸ਼ਟੀ ਸਿਰਜੀ ਗਈ। ਪਰਮਾਤਮਾ ਆਪਣੀ ਕਿਰਤ ਸੰਬੰਧੀ ਆਪ ਹੀ ਜਾਣਦਾ ਹੈ ਕਿ ਇਸ ਦੀ ਸਿਰਜਣਾ ਕਦੋਂ ਹੋਈ। ਦਸਮ ਪਾਤਸ਼ਾਹ ਜੀ ਨੇ ਬੇਨਤੀ ਚੌਪਈ ਵਿੱਚ ਇਸ ਬਾਬਤ ਲਿਖਿਆ ਹੈ:-

**ਤੁਮਰਾ ਲਖਾ ਨ ਜਾਇ ਪਸਾਰਾ॥**
**ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥ (ਸ੍ਰੀ ਦਸਮ ਗ੍ਰੰਥ)**

ਸ੍ਰਿਸ਼ਟੀ ਰਚਨਾ ਦੀ ਪ੍ਰਕ੍ਰਿਆ: ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਕਿਸ ਪ੍ਰਕ੍ਰਿਆ ਦੁਆਰਾ ਹੋਈ? ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਸ੍ਰਿਸ਼ਟੀ ਰਚਨਾ ਸੰਬੰਧੀ ਅਨੇਕਾਂ ਪ੍ਰਮਾਣ ਉਪਲਬਧ ਹਨ। ਜਿਨ੍ਹਾਂ ਤੋਂ ਸ੍ਰਿਸ਼ਟੀ ਰਚਨਾ ਦੀਆਂ ਵਿਧੀਆਂ ਬਾਰੇ ਪਤਾ ਲਗਦਾ ਹੈ। ਅਸਲ



Scanned with CamScanner

ਵਿੱਚ ਸ੍ਰਿਸ਼ਟੀ ਰਚਨਾ ਪਰਮਾਤਮਾ ਦੇ ਹੁਕਮ ਵਿੱਚ ਹੋਈ ਹੈ।

**ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥**[13]

'ਪਸਾਉ' ਦਾ ਭਾਵ ਇਹ ਨਹੀਂ ਕਿ ਸ੍ਰਿਸ਼ਟੀ ਝਟਪਟ ਹੀ ਅਣਹੋਂਦ ਤੋਂ ਹੋਂਦ ਵਿੱਚ ਆ ਗਈ। 'ਪਸਾਉ' ਦਾ ਧਾਤੂ ਹੈ: ਪਸਰਨਾ, ਫੈਲਣਾ, ਵਧਣਾ, ਫੁੱਲਣਾ। ਇਸ ਦਾ ਭਾਵ ਬਡਰ;ਚਵਜਰਅ (ਐਵੋਲਿਊਸ਼ਨ) ਤੋਂ ਹੈ। ਕਵਾਉ ਦੇ ਅਰਥ 'ਵਚਨ', 'ਸ਼ਬਦ' ਹਨ। ਹੁਕਮ ਦਾ ਭਾਵ ਹੈ। 'ਹੁਕਮ' ਤੋਂ 'ਕੁੰਨ' ਹੋ ਜਾ ਦਾ ਭਾਵ ਗੁਰੂ ਸਾਹਿਬ ਨਹੀਂ ਲੈਂਦੇ। 'ਹੁਕਮ' ਦੇ ਅਰਥ (ਰਗਦਕਗ) ਜਾਂ ( ਫ਼ਰਠਠ.ਅਦ) ਨਹੀਂ ਹਨ। ਹੁਕਮ ਦਾ ਭਾਵ ਇੱਛਾ ਜਾਂ ਇਰਾਦਾ ਹੈ। ਇਸ ਦਾ ਭਾਵ ਰੱਬੀ ਫੁਰਨਾ ਹੈ। ਇਹ ਈਸ਼ਵਰੀ ਫੁਰਨਾ ਹੀ ਸਾਰੇ ਸੰਸਾਰ ਦੀ ਹੋਂਦ ਦਾ ਕਾਰਨ ਹੈ।[14] ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਦੀ ਹੋਂਦ ਤੋਂ ਹੀ ਸਾਰੀ ਸ੍ਰਿਸ਼ਟੀ ਦ੍ਰਿਸ਼ਟ ਰੂਪ ਵਿੱਚ ਪ੍ਰਗਟ ਹੋਈ ਹੈ। ਪਰਮਾਤਮਾ ਨੇ ਬਿਨਾਂ ਕਿਸੇ ਹੋਰ ਕਾਰਨ ਦੇ ਆਪਣੇ-ਆਪ ਨੂੰ ਰਚਿਆ ਹੈ। 'ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥' ਸ੍ਰਿਸ਼ਟੀ ਦੀ ਰਚਨਾ ਪਰਮਾਤਮਾ ਦੇ ਹੁਕਮ ਵਿੱਚ ਹੋਈ ਹੈ।[14]

**ਹੁਕਮੀ ਸਹਜੇ ਸ੍ਰਿਸਟਿ ਉਪਾਈ॥**
**ਕਰਿ ਕਰਿ ਵੇਖੈ ਅਪਣੀ ਵਡਿਆਈ॥**[15]

ਸਾਰੇ ਆਕਾਰ ਹੁਕਮ ਤੋਂ ਹੋਏ ਹਨ। ਸਾਰੇ ਜੀਵਾਂ ਦੀ ਉਤਪਤੀ ਵੀ ਹੁਕਮ ਦੁਆਰਾ ਹੀ ਹੋਈ ਹੈ।

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥**[16]

ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿੱਚ ਦੱਸਦੇ ਹਨ ਕਿ ਇਹ ਸਾਰਾ ਪਸਾਰਾ 'ਸਾਚੇ' ਤੋਂ ਹੀ ਹੋਇਆ ਹੈ। ਪਰਮਾਤਮਾ ਤੋਂ ਪਉਣ ਉਪਜੀ, ਪਉਣ ਤੋਂ ਜਲ, ਜਲ ਤੋਂ ਹੀ ਤ੍ਰਿਭਵਣ ਦੀ ਸਿਰਜਨਾ ਕੀਤੀ ਗਈ ਅਤੇ ਪਰਮਾਤਮਾ ਆਪਣੀ ਰਚਨਾ ਵਿੱਚ ਆਪ ਸਮਾਇਆ ਹੋਇਆ ਹੈ।

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥**
**ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥**[17]

ਪਰਮਾਤਮਾ ਤੱਕ ਕਿਸੇ ਦੀ ਪਹੁੰਚ ਨਹੀਂ ਹੈ। ਉਹ ਆਪ ਹੀ ਸ੍ਰਿਸ਼ਟੀ ਦੀ ਰਚਨਾ ਕਰ ਕੇ ਇਸ ਵਿੱਚ ਵਿਆਪਕ ਹੈ। ਉਸ ਨੇ ਕਈ ਰੰਗਾਂ ਦੀ, ਕਈ ਕਿਸਮਾਂ ਦੀ ਤੇ ਕਈ ਤਰੀਕਿਆਂ ਨਾਲ ਸ੍ਰਿਸ਼ਟੀ ਬਣਾਈ ਹੈ।

**ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥**
**ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥**[18]

ਆਸਾ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਪਰਮਾਤਮਾ ਨੇ ਇਹ ਸੰਸਾਰ ਆਪ ਹੀ ਰਚਿਆ ਤਾਂ ਜੋ ਜੀਵ ਇਸ ਵਿੱਚੋਂ ਉਸ ਪਰਮਾਤਮਾ ਦਾ ਦੀਦਾਰ ਕਰਨ।

**ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ॥**[19]

ਸਪਸ਼ਟ ਹੈ ਕਿ ਸ੍ਰਿਸ਼ਟੀ ਦੀ ਰਚਨਾ ਪਰਮਾਤਮਾ ਦੇ ਹੁਕਮ ਵਿੱਚ ਹੋਈ ਹੈ। ਸਭ ਕੁਝ ਹੁਕਮ ਵਿੱਚ ਹੈ, ਹੁਕਮ ਤੋਂ ਬਾਹਰ ਕੁਝ ਵੀ ਨਹੀਂ ਹੈ।

**ਸ੍ਰਿਸ਼ਟੀ ਸਚੇ ਦੀ ਸਚੀ ਰਚਨਾ:** ਗੁਰੂ ਨਾਨਕ ਦੇਵ ਜੀ ਨੇ ਪੁਰਾਣੀ ਮਿਥਿਆਵਾਦੀ

ਪਰੰਪਰਾ(ਸ਼ੰਕਰ) ਨੂੰ ਤੋੜ ਕੇ ਜਗਤ ਨੂੰ ਸਚੇ ਦੀ ਕੋਠੜੀ ਕਿਹਾ ਹੈ। ਨਿਰਾਕਾਰ/ਪਾਰਬ੍ਰਹਮ ਸਤ ਹੈ ਤਾਂ ਸਤਿ ਦੀ ਰਚਨਾ ਵੀ ਸਤਿ ਹੈ। ਸਤਿ ਦੀ ਉਤਪਤੀ ਅਸੱਤ ਕਿਵੇਂ ਹੋ ਸਕਦੀ ਹੈ? ਜੇਕਰ ਮੂਲ ਸਤ ਹੈ ਉਸ ਤੋਂ ਉਤਪਤ ਹੋਣ ਵਾਲਾ ਪਦਾਰਥ(ਜਗਤ) ਵੀ ਸਤਿ ਹੈ। ਗੁਰੂ ਜੀ ਨੇ ਸਪੱਸ਼ਟ ਕੀਤਾ ਹੈ:-

**ਸਚੇ ਤੇਰੇ ਖੰਡ ਸਚੇ ਬ੍ਰਹਮੰਡ॥ ਸਚੇ ਤੇਰੇ ਲੋਅ ਸਚੇ ਆਕਾਰ॥**[21]

**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥**[22]

**ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥**[23]

**ਸਤਿ ਕਰਮੁ ਜਾ ਕੀ ਰਚਨਾ ਸਤਿ॥ ਮੂਲੁ ਸਤਿ ਸਤਿ ਉਤਪਤਿ॥**[24]

ਜਗਤ ਦੀ ਹੋਂਦ ਤਾਂ ਸਤ ਹੈ ਪਰ ਇਹ ਸਮੇਂ ਦੀ ਸੀਮਾ ਵਿੱਚ ਹੀ ਸਤ ਹੈ। ਜਿਸ ਤਰ੍ਹਾਂ ਅਕਾਲਪੁਰਖ ਸਤ ਹੈ ਉਸ ਤਰ੍ਹਾਂ ਸ੍ਰਿਸ਼ਟੀ ਸਤ ਨਹੀਂ ਹੈ ਕਿਉਂਕਿ ਇਸ ਦੀ ਸੱਤਤਾ ਸਮੇਂ ਅਤੇ ਸਥਾਨ ਦੇ ਬੰਧਨ ਵਿੱਚ ਹੈ। ਸਮੇਂ ਅਤੇ ਸਥਾਨ ਦੇ ਬੰਧਨ ਵਿੱਚ ਬੱਝੀ ਵਸਤੂ ਹੋਂਦ ਤਾਂ ਰੱਖਦੀ ਹੈ ਪਰ ਸਦੀਵੀ ਕਾਲ ਲਈ ਨਹੀਂ। ਦੂਜੇ ਪਾਸੇ ਅਕਾਲਪੁਰਖ ਸਮੇਂ, ਸਥਾਨ, ਅਕਾਰ ਤੋਂ ਪਰ੍ਹਾਂ ਦੀ ਸ਼ਕਤੀ ਇਸ ਲਈ ਇਹ ਸਦੀਵੀ ਹੈ।

ਗੁਰਬਾਣੀ ਵਿੱਚ ਜਗਤ ਲਈ ਪਾਣੀ ਦਾ ਬੁਦਬੁਦਾ, ਸਪਨਾ ਰੈਨਿ ਕਾ, ਧੂਏ ਕਾ ਧਵਲਹਰ, ਬਾਲੂ ਕੀ ਭੀਤਿ, ਮ੍ਰਿਗਤ੍ਰਿਸ਼ਨਾ, ਕੂੜ ਆਦਿ ਸ਼ਬਦ ਵਰਤੇ ਗਏ ਹਨ। ਜਗਤ ਭਾਵੇਂ ਪਾਣੀ ਦਾ ਬੁਦਬੁਦਾ ਹੈ ਪਰ ਇਸ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜਿਵੇਂ ਤਰੰਗ ਪਾਣੀ ਵਿੱਚੋਂ ਹੁੰਦੀ ਹੈ ਉਸ ਦੀ ਅਉਧ ਭਾਵੇਂ ਥੋੜਚਿਰੀ ਹੈ ਪਰ ਇਸ ਦੀ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਤਰੰਗ ਪਾਣੀ ਵਿੱਚੋਂ ਪੈਦਾ ਹੋ ਕੇ ਉਸ ਵਿੱਚ ਹੀ ਸਮਾ ਜਾਂਦੀ ਹੈ ਭਾਵ ਉਸ ਦਾ ਹੀ ਰੂਪ ਹੋ ਜਾਂਦੀ ਹੈ। ਜੇਕਰ ਮਨੁੱਖ ਤਰੰਗ ਨੂੰ ਹੀ ਸਭ ਕੁਝ ਸਮਝ ਲਵੇ ਫਿਰ ਉਸ ਦੇ ਹੱਥ ਕੁਝ ਵੀ ਨਹੀਂ ਆਉਂਦਾ। ਅਸਲ ਵਿੱਚ ਪਾਣੀ ਬਣ ਕੇ ਹੀ ਪਾਣੀ ਵਿੱਚ ਸਮਾਇਆ ਜਾ ਸਕਦਾ ਹੈ ਕਿਉਂਕਿ ਤਰੰਗ ਦੀ ਹੋਂਦ ਪਾਣੀ 'ਤੇ ਨਿਰਭਰ ਕਰਦੀ ਹੈ। ਇਸ ਤਰ੍ਹਾਂ ਜਗਤ ਦੀ ਸਤਾ ਪਰਮਸਤ 'ਤੇ ਨਿਰਭਰ ਕਰਦੀ ਹੈ। ਅਨੇਕਾਂ ਤਰੰਗਾਂ ਪਾਣੀ ਵਿੱਚ ਉਪਜਦੀਆਂ ਤੇ ਫਿਰ ਉਸੇ ਵਿੱਚ ਸਮਾ ਜਾਂਦੀਆਂ ਹਨ। ਇਸੇ ਕਰਕੇ ਗੁਰਬਾਣੀ ਨੇ ਜਗਤ ਨੂੰ ਧੂਏ ਕਾ ਧਵਲਹਰ ਕਿਹਾ ਹੈ। ਚਲਾਇਮਾਨ ਜਗਤ ਅਤੇ ਇਸ ਦੀ ਹਰ ਚੀਜ਼ ਬਿਨਸਨਹਾਰ ਹੈ। ਫਿਰ ਇਸ ਦੇ ਨਾਲ ਪ੍ਰੀਤ ਕਿਉਂ ਪਾਈ ਜਾਵੇ? ਜਗਤ ਨੂੰ ਸਚੇ ਦੀ ਸਾਚੀ ਕਾਰ ਕਿਹਾ ਗਿਆ ਹੈ ਇਸ ਕਰਕੇ ਗੁਰਮਤਿ ਇਸ ਨੂੰ ਤਿਆਗਣ ਲਈ ਵੀ ਨਹੀਂ ਕਹਿੰਦੀ। ਜਗਤ ਸੱਚ ਹੈ ਕਿਉਂਕਿ ਇਸ ਵਿੱਚ ਪਰਮਾਤਮਾ ਹਰ ਥਾਂ ਵਿਆਪਕ ਹੈ। ਪਰਮਾਤਮਾ ਨੂੰ ਵਿਸਾਰ ਕੇ ਇਸ ਜਗਤ ਵਿੱਚ ਲਿਪਤ ਹੋਣਾ ਜਗਤ ਦੇ ਕੂੜ ਜਾਂ ਮਿਥਿਆ ਹੋਣ ਦਾ ਲਖਾਇਕ ਹੈ। (ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ॥ (703) ਡਾ. ਤਾਰਨ ਸਿੰਘ ਲਿਖਦੇ ਹਨ, ਇਹ ਜਗਤ ਧੂੰਆ, ਕਲਪਨਾ ਜਾਂ ਛਾਈ ਮਾਈ ਨਹੀਂ ਹੈ। ਇਹ ਉਸ ਤਰ੍ਹਾਂ ਦਾ 'ਸਚੁ' ਵੀ ਨਹੀਂ ਹੈ ਜਿਵੇਂ 'ਬ੍ਰਹਮ' ਆਪ ਹੈ ਜੋ ਆਦਿ, ਜੁਗਾਦਿ, ਹੈਭੀ ਤੇ ਹੋਸੀ ਸਚੁ ਹੈ। ਇਹ ਪਰਮਾਤਮਾ ਦੇ ਭਾਣੇ ਅਧੀਨ ਹੈ ਪਰ ਇਸ ਦਾ ਭਾਵ ਇਹ ਨਹੀਂ ਕਿ ਇਸ ਦੀ ਹੋਂਦ ਨਹੀਂ ਹੈ। ਹੋਂਦ ਹੈ, ਕੇਵਲ ਸਮੇਂ, ਸਥਾਨ ਤੇ ਕਾਰਜ ਕਾਰਨ ਕਰਕੇ ਸੀਮਤ ਹੈ। ਇਹ ਸੀਮਤ ਸਚੁ ਹੈ। ਪਰਮਾਤਮਾ ਦਾ ਕੀਤਾ ਸਭ ਕੁਝ ਸਚੁ ਹੈ। ਡਾ. ਵਜ਼ੀਰ ਸਿੰਘ ਨੇ ਉਪਰੋਕਤ ਵਿਚਾਰ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਸਮਝਾਇਆ ਹੈ ਕਿ ਬਾਣੀ ਦੀ ਭਾਵਨਾ ਦਾ ਸਾਰ

ਇਹ ਹੈ ਕਿ ਜਗਤ ਹਕੀਕੀ ਤਦ ਹੈ, ਜੇਕਰ ਇਸ ਦੇ ਹਰ ਭਾਗ ਤੇ ਕੋਨੇ ਵਿੱਚ ਦੈਵੀ ਵਿਆਪਕਤਾ ਨੂੰ ਪ੍ਰਵਾਨ ਕੀਤਾ ਜਾਵੇ, ਉਹੀ ਜਗਤ ਕੂੜ ਤੇ ਅਸਤਿ ਹੈ, ਜੇਕਰ ਕੁਦਰਤਿ ਦੇ ਖੰਡਾਂ-ਮੰਡਲਾਂ ਵਿੱਚ ਅਸੀਂ ਕਾਦਰ ਨੂੰ ਵਸਿਆ-ਰਸਿਆ ਅਨੁਭਵ ਨਾ ਕਰੀਏ। (ਨਾਨਕ ਵਖਾਣੈ ਬੇਨਤੀ ਤੁਝ ਬਾਝੁ ਕੂੜੋ ਕੂੜੁ॥(468) ਸਪੱਸ਼ਟ ਹੈ ਕਿ ਇਹ ਜਗਤ ਸੱਚ ਹੈ, ਜੇਕਰ ਜੀਵ ਪਰਮਾਤਮਾ ਨੂੰ ਸਭ ਵਿੱਚ ਵਿਆਪਕ ਮੰਨਦਾ ਹੈ। ਪਰਮਾਤਮਾ ਨੂੰ ਵਿਸਾਰ ਕੇ ਵਿਕਾਰਾਂ ਵਿੱਚ ਗ੍ਰਸਤ ਹੋਣ ਵਾਲੇ ਲਈ ਇਹ ਸੰਸਾਰ ਕੂੜ ਹੈ।

**ਸ੍ਰਿਸ਼ਟੀ ਦਾ ਪਸਾਰਾ:** ਗੁਰੂ ਨਾਨਕ ਦੇਵ ਜੀ ਅਨੁਸਾਰ ਸ੍ਰਿਸ਼ਟੀ ਦਾ ਪਸਾਰਾ ਅਸੀਮ ਹੈ। ਲੱਖਾਂ ਆਕਾਸ਼ ਅਤੇ ਲੱਖਾਂ ਪਾਤਾਲ ਹਨ। ਪ੍ਰਭੂ ਦੀ ਰਚਨਾ ਦਾ ਲੇਖਾ ਨਹੀਂ ਹੋ ਸਕਦਾ ਹੈ ਅਤੇ ਨਾ ਹੀ ਉਸ ਦਾ ਅੰਤ ਪਾਇਆ ਜਾ ਸਕਦਾ ਹੈ। ਜਿਸ ਬ੍ਰਹਿਮੰਡ ਵਿੱਚ ਸਾਡਾ ਨਿਵਾਸ ਹੈ, ਅਜਿਹੇ ਅਸੰਖ ਬ੍ਰਹਿਮੰਡ ਪਰਮਾਤਮਾ ਦੇ ਸਿਰਜੇ ਹੋਏ ਹਨ।

**ਅਨਿਕ ਪੁਰੀਆ ਅਨਿਕ ਤਹ ਖੰਡ॥**
**ਅਨਿਕ ਰੂਪ ਰੰਗ ਬ੍ਰਹਮੰਡ॥**[25]

ਨਿਰੰਕਾਰ ਦੀ ਬੇਅੰਤਤਾ ਬਾਰੇ ਭਾਈ ਗੁਰਦਾਸ ਜੀ ਨੇ 'ਗੁਲਰ ਦੇ ਬ੍ਰਿਛ' ਦਾ ਦ੍ਰਿਸ਼ਟਾਂਤ ਦੇ ਕੇ ਵਿਸਤਾਰ ਨਾਲ ਸਮਝਾਇਆ ਹੈ।

**ਗੁਲਰ ਅੰਦਰਿ ਭੁਣਹਣਾ ਗੁਲਰ ਨੋਂ ਬ੍ਰਹਮੰਡੁ ਵਖਾਣੈ।**
**ਗੁਲਰ ਲਗਨਿ ਲਖ ਫਲ ਇਕਦੂ ਲਖ ਅਲਖ ਨ ਜਾਣੈ।**
**ਲਖ ਲਖ ਬਿਰਖ ਬਗੀਚਿਅਹੁ ਲਖ ਬਗੀਚੇ ਬਾਗ ਵਖਾਣੈ।**
**ਲਖ ਬਾਗ ਬ੍ਰਹਮੰਡ ਵਿਚਿ ਲਖ ਬ੍ਰਹਮੰਡ ਲੂੰਅ ਵਿਚਿ ਆਣੈ।**[26]

ਭਾਈ ਗੁਰਦਾਸ ਜੀ ਇਸ ਪਉੜੀ ਵਿੱਚ 'ਗੁਲਰ ਬ੍ਰਿਛ' ਦੇ ਫ਼ਲ ਦਾ ਪ੍ਰਮਾਣ ਦੇ ਕੇ ਪਰਮਾਤਮਾ ਦੀ ਬੇਅੰਤਤਾ ਦਾ ਵਰਣਨ ਕਰਦੇ ਹਨ। ਗੁਲਰ ਨੂੰ ਜੋ ਫ਼ਲ ਲਗਦੇ ਹਨ, ਉਸ ਫਲ ਵਿੱਚ ਬਹੁਤ ਸਾਰੇ ਕੀੜੇ ਹੁੰਦੇ ਹਨ। ਭਾਈ ਸਾਹਿਬ ਪ੍ਰਮਾਣ ਦਿੰਦੇ ਹੋਏ ਕਹਿੰਦੇ ਹਨ, ਕੀੜੇ ਇਸ ਫਲ ਵਿੱਚ ਬੈਠੇ ਇਸ ਫ਼ਲ ਨੂੰ ਹੀ ਬ੍ਰਹਿਮੰਡ ਸਮਝਦੇ ਹਨ। ਇੱਕ ਬ੍ਰਿਛ ਨੂੰ ਸੈਂਕੜੇ ਫਲ ਲਗਦੇ ਹਨ। ਇੱਕ ਬਾਗ ਵਿੱਚ ਅਨੇਕ ਬ੍ਰਿਛ ਹੁੰਦੇ ਹਨ। ਇੱਕ ਪਿੰਡ/ਸ਼ਹਿਰ ਵਿੱਚ ਕਈ-ਕਈ ਬਾਗ ਹੁੰਦੇ ਹਨ। ਸਾਰੇ ਸੰਸਾਰ ਵਿੱਚ ਲੱਖਾਂ ਕਰੋੜਾਂ ਗੁਲਰ ਦੇ ਬ੍ਰਿਛ ਹਨ। ਬ੍ਰਿਛਾਂ ਦੇ ਅਰਬਾਂ ਫਲ ਬਣਦੇ ਹਨ। ਜੋ ਇਨ੍ਹਾਂ ਕੀੜਿਆਂ ਦੀ ਸਥਿਤੀ ਹੈ, ਮਨੁੱਖ ਦੀ ਵੀ ਬ੍ਰਹਿਮੰਡ ਸੰਬੰਧੀ ਅਜਿਹੀ ਸਥਿਤੀ ਹੈ।

ਗੁਰਬਾਣੀ ਵਿੱਚ ਇਸ ਭੌਤਿਕ ਪਸਾਰੇ ਨੂੰ ਅਸੀਮਤਾ ਦੇ ਰੂਪ ਵਿੱਚ ਵੇਖਿਆ ਗਿਆ ਹੈ। ਇਸ ਅਸੀਮਤਾ ਨੂੰ ਦਰਸਾਉਣ ਲਈ ਗੁਰਬਾਣੀ ਵਿੱਚ ਅਸੰਖ, ਲਖ, ਸਹਸ, ਅਣਗਿਣਤ, ਕੇਤੇ, ਕਈ, ਕੋਟਿ, ਬੇਅੰਤ, ਅਨੰਤ, ਨਾ ਪਾਰਾਵਾਰ, ਅਮੁਲ ਆਦਿ ਕਈ ਸ਼ਬਦ ਵਰਤੇ ਗਏ ਹਨ। ਜਪੁਜੀ ਸਾਹਿਬ ਦੀ 35ਵੀਂ ਪਉੜੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਬੇਅੰਤ ਪਸਾਰੇ ਅਤੇ ਇਸ ਦੇ ਅਣਗਿਣਤ ਲੋਆਂ, ਕਿਰਿਆਵਾਂ, ਜੀਆਂ, ਆਕਾਰਾਂ ਨੂੰ ਕੇਤੇ ਸ਼ਬਦ ਵਰਤ ਕੇ ਦਰਸਾਇਆ ਹੈ।

**ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥**

..............



Scanned with CamScanner

ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥[27]

ਗੁਰੂ ਨਾਨਕ ਦੇਵ ਜੀ ਦੇ ਸ੍ਰਿਸ਼ਟੀ ਰਚਨਾ ਸੰਬੰਧੀ ਦ੍ਰਿਸ਼ਟੀਕੋਣ ਤੋਂ ਸਮੁੱਚੇ ਰੂਪ ਵਿੱਚ ਸਪੱਸ਼ਟ ਹੈ ਕਿ ਉਨ੍ਹਾਂ ਨੇ ਸ੍ਰਿਸ਼ਟੀ ਅਤੇ ਕਰਤੇ ਨੂੰ ਵੱਖ-ਵੱਖ ਨਹੀਂ ਦਰਸਾਇਆ ਸਗੋਂ ਕਰਤਾ ਅਤੇ ਉਸ ਦੀ ਕਿਰਤ ਵਿੱਚ ਇੱਕਰੂਪਤਾ ਪੇਸ਼ ਕੀਤੀ ਹੈ। ਕਰਤਾ ਅਤੇ ਉਸ ਦੀ ਰਚਨਾ ਦੋ ਨਹੀਂ ਬਲਕਿ ਇੱਕ ਹੀ ਹੈ। ਸ੍ਰਿਸ਼ਟੀ ਨਿਰਗੁਣ ਪਰਮਾਤਮਾ ਦਾ ਸਰਗੁਣ ਰੂਪ ਹੈ। ਭਾਰਤੀ ਪਰੰਪਰਾ ਬ੍ਰਹਮ ਨੂੰ ਸ੍ਰਿਸ਼ਟੀ ਤੋਂ ਵੱਖਰਾ ਮੰਨਦੀ ਹੈ ਪਰ ਗੁਰਮਤਿ ਵਿੱਚ ਅਜਿਹਾ ਨਹੀਂ ਹੈ ਸਗੋਂ ਵਾਹਿਗੁਰੂ ਨੂੰ ਸ੍ਰਿਸ਼ਟੀ ਵਿੱਚ ਵਿਆਪਕ ਮੰਨਿਆ ਹੈ।

## ਹਵਾਲੇ ਤੇ ਟਿੱਪਣੀਆਂ


1. ਪੰਜਾਬੀ ਕੋਸ਼, ਭਾਸ਼ਾ ਵਿਭਾਗ, ਪੰਜਾਬ, 1990 (ਤੀਜੀ ਵਾਰ), ਪੰਨਾ - 185
2. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਜਲੰਧਰ, ਪੰਨਾ - 199
3. ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995, ਪੰਨਾ-199
4. ਰੂਪ ਸਿੰਘ (ਸੰਪਾ.), ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ - 119
5. ਡਾ. ਮਨਮੋਹਨ ਸਿੰਘ, ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1970, ਪੰਨਾ - 55
6. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - 1035
7. ਉਹੀ, ਪੰਨਾ - 1037
8. ਉਹੀ, ਪੰਨਾ - 290
9. ਡਾ. ਤਾਰਨ ਸਿੰਘ, ਗੁਰੂ ਨਾਨਕ: ਚਿੰਤਨ ਤੇ ਕਲਾ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1963, ਪੰਨਾ - 200
10. ਡਾ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨਾ - 231
11. ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਪੰਨਾ - 57
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - 4
13. ਉਹੀ, ਪੰਨਾ - 3
14. ਗੁਰਮਤਿ ਦਰਸ਼ਨ, ਪੰਨਾ - 319
15. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - 1043
16. ਉਹੀ, ਪੰਨਾ - 1
17. ਉਹੀ, ਪੰਨਾ - 19
18. ਉਹੀ, ਪੰਨਾ - 138
19. ਉਹੀ, ਪੰਨਾ - 433
20. ਗਿਆਨੀ ਬਲਵੰਤ ਸਿੰਘ ਕੋਠਾਗੁਰੂ, ਗੁਰਬਾਣੀ- ਵੇਦਾਂਤ ਨਿਰਣੈ, ਗਿਆਨੀ ਕੌਰ ਸਿੰਘ ਵੈਦਯ ਵਿਸ਼ਾਰਦ, ਕੋਠਾ ਗੁਰੂ, 2017, ਪੰਨਾ - 146
21. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - 463
22. ਉਹੀ, ਪੰਨਾ - 463
23. ਉਹੀ, ਪੰਨਾ - 294
24. ਉਹੀ, ਪੰਨਾ - 284
25. ਉਹੀ, ਪੰਨਾ - 1236
26. ਵਾਰਾਂ ਭਾਈ ਗੁਰਦਾਸ, 4/19
27. ਉਹੀ, ਪੰਨਾ - 7




Scanned with CamScanner

# [Ouriginal] 14% similarity - kjaspreet760@gmail.com

From: noreply@urkund.com

To: drmohdhabib@yahoo.com

Date: Wednesday, 13 October 2021, 02:01 pm GMT+5:30

---

Document sent by: kjaspreet760@gmail.com
Document received: 10/13/2021 9:11:00 AM
Report generated 10/13/2021 10:31:10 AM by Ouriginal's system for automatic control.

Student message: Dear Sir

Good afternoon

---------------------------------------------------------------------------------

Document : Jaspreet Kaur.doc[D115095673]
IMPORTANT! The analysis contains 1 warning(s).
About 14% of this document consists of text similar to text found in 82 sources. The largest marking is 519 words long and is 31% similar to its primary source.

PLEASE NOTE that the above figures do not automatically mean that there is plagiarism in the document. There may be good reasons as to why parts of a text also appear in other sources. For a reasonable suspicion of academic dishonesty to present itself, the analysis, possibly found sources and the original document need to be examined closely.

Click here to open the analysis:
https://secure.urkund.com/view/109662185-718089-795168

Click here to download the document:
https://secure.ouriginal.com/archive/download/115095673-961259-348459

ਮੁਖੀ
ਗੁਰੂ ਗੋਬਿੰਦ ਸਿੰਘ
ਧਰਮ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ,
ਪਟਿਆਲਾ-147002